ਨਕਲੀ ਨਿਰੰਕਾਰੀ ਪ੍ਰਪੰਚ ਦੇ ਵਿਰੋਧ ਵਿਚ ਵਾਪਰੇ

# 1978 ਦੇ ਸ਼ਹੀਦੀ ਸਾਕੇ



*ਸੰਪਾਦਕ:*

**ਭਾਈ ਗੁਰਦੀਪ ਸਿੰਘ**

www.AKJ.Org



**ਸ਼ਹੀਦ ਭਾਈ ਫ਼ੌਜਾ ਸਿੰਘ ਜੀ**

(17.5.1936 - 13.4.1978)

ਜਿਨ੍ਹਾਂ ਨੇ ਨਕਲੀ ਨਿਰੰਕਾਰੀਆਂ ਦੇ ਪ੍ਰਪੰਚ ਖ਼ਿਲਾਫ਼ ਅੰਮ੍ਰਿਤਸਰ ਵਿਖੇ ਰੋਸ ਜਥੇ ਦੀ ਅਗਵਾਈ ਕੀਤੀ ਅਤੇ ਖ਼ਾਲਸਈ ਜ਼ਹੂਰ ਦਾ ਪ੍ਰਗਟਾਵਾ ਕਰਦਿਆਂ ਸ਼ਹਾਦਤ ਦਾ ਜਾਮ ਪੀਤਾ।

*ਫ਼ਰੰਟ ਟਾਈਟਲ ਫੋਟੋ :* ***ਗੁਰਦੁਆਰਾ ਸ਼ਹੀਦ ਗੰਜ***
*ਬੀ-ਬਲਾਕ, ਰੇਲਵੇ ਕੁਆਰਟਰਜ਼, ਅੰਮ੍ਰਿਤਸਰ*
*(ਸ਼ਹੀਦੀ ਸਾਕੇ ਦੀ ਯਾਦਗਾਰ)*

www.AKJ.Org

ਨਕਲੀ ਨਿਰੰਕਾਰੀ ਪ੍ਰਪੰਚ ਦੇ ਵਿਰੋਧ ਵਿਚ ਵਾਪਰੇ

# 1978 ਦੇ ਸ਼ਹੀਦੀ ਸਾਕੇ

www.AKJ.Org

www.AKJ.Org

ਨਕਲੀ ਨਿਰੰਕਾਰੀ ਪ੍ਰਪੰਚ ਦੇ ਵਿਰੋਧ ਵਿਚ ਵਾਪਰੇ

# 1978 ਦੇ ਸ਼ਹੀਦੀ ਸਾਕੇ

*ਸੰਪਾਦਕ*
**ਭਾਈ ਗੁਰਦੀਪ ਸਿੰਘ**

**ਸਿੰਘ ਬ੍ਰਦਰਜ਼**
ਅੰਮ੍ਰਿਤਸਰ

www.AKJ.Org

1978 DE SHAHEEDEE SAAKE
(Massacres of the Sikhs by Pseudo Nirankaris in 1978)

*Edited by*
BHAI GURDEEP SINGH
Retd. Chief Manager, Punjab & Sind Bank
209, Ajit Nagar, Amritsar-143006.
Mob.: 94638 27597
Email : cmgurdipsingh@gmail.com

ISBN 81-7205-648-6

ਪਹਿਲੀ ਵਾਰ ਅਕਤੂਬਰ 2020

**ਮੁੱਲ : 160-00 ਰੁਪਏ**

*ਪ੍ਰਕਾਸ਼ਕ :*
**ਸਿੰਘ ਬ੍ਰਦਰਜ਼**
•
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006
ਫੋਨ : 0183-2545787, ਮੋਬਾਇਲ : 99150-48005
•
S.C.O. 223-224, ਸਿਟੀ ਸੈਂਟਰ, ਅੰਮ੍ਰਿਤਸਰ - 143 001
ਫੋਨ : 0183-2543965, 2550739
*E-mail :* singhbro1@yahoo.co.in
*Website :* www.singhbrothers.com

*ਛਾਪਕ :*
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

www.AKJ.Org

# ਤਤਕਰਾ


*ਮੁੱਢਲੀ ਬੇਨਤੀ* —*ਪ੍ਰਕਾਸ਼ਕ* 7

*ਪੁਸਤਕ ਬਾਰੇ ਦੋ ਹਰ.ਫ* —*ਭਾਈ ਗੁਰਦੀਪ ਸਿੰਘ* 9

*ਆਤਮ-ਤਰੰਗੀ ਮਰਜੀਵੜਿਆਂ ਦੀ ਸ਼ਹੀਦੀ* —*ਭਾ.ਸ. ਰਣਧੀਰ ਸਿੰਘ ਜੀ* 12

**ਭਾਗ ਪਹਿਲਾ : ਨਕਲੀ ਨਿਰੰਕਾਰੀਆਂ ਦਾ ਪਿਛੋਕੜ**

- ਸਿੱਖੀ ਦੀਆਂ ਸ਼ਾਖ਼ਾਂ ਅਤੇ ਗੱਦੀਦਾਰੀ —*ਗੁਰਪੁਰਵਾਸੀ ਗਿ. ਗੁਰਦਿੱਤ ਸਿੰਘ ਜੀ* 13
- ਅਸਲੀ ਤੇ ਨਕਲੀ ਨਿਰੰਕਾਰੀ ਮਤਾਂ 'ਤੇ ਪੰਛੀ-ਝਾਤ —*ਗੁਰਪੁਰਵਾਸੀ ਡਾ. ਮਾਨ ਸਿੰਘ ਨਿਰੰਕਾਰੀ* 31
- ਸੱਚੋ-ਸੱਚ —*'ਸੂਰਾ' ਪਰਿਵਾਰ* 40

**ਭਾਗ ਦੂਜਾ : ਅੰਮ੍ਰਿਤਸਰ ਦਾ ਸਾਕਾ (ਵੈਸਾਖੀ 1978)**

- ਵੈਸਾਖੀ 1978 ਦੇ ਸਾਕੇ ਦਾ ਪਿਛੋਕੜ —*ਭਾਈ ਗੁਰਦੀਪ ਸਿੰਘ ਜੀ* 56
- ਵੈਸਾਖੀ 1978 ਦੇ ਖ਼ੂਨੀ ਸਾਕੇ ਦਾ ਬਿਰਤਾਂਤ —*ਭਾਈ ਗੁਰਦੀਪ ਸਿੰਘ ਜੀ* 60
- ਨਕਲੀ ਨਿਰੰਕਾਰੀਆਂ ਵੱਲੋਂ 13 ਸਿੰਘ ਸ਼ਹੀਦ ਕਰਨ ਦੀ ਕਹਾਣੀ ਪ੍ਰਤੱਖ ਦਰਸ਼ੀਆਂ ਦੀ ਜ਼ੁਬਾਨੀ —*ਗੁਰਪੁਰਵਾਸੀ ਸ. ਹਰਚਰਨ ਸਿੰਘ ਜੀ* 69
- 13 ਸ਼ਹੀਦ ਸਿੰਘਾਂ ਦੇ ਪਾਵਨ ਨਾਮ 84
- ਜ਼ਖ਼ਮੀ ਸਿੰਘਾਂ ਵਿੱਚੋਂ ਕੁਝ ਨਾਮ 85
- ਸ਼ਹੀਦ ਭਾਈ ਫ਼ੌਜਾ ਸਿੰਘ ਜੀ —*ਭਾਈ ਗੁਰਦੀਪ ਸਿੰਘ ਜੀ* 87
- ਸ਼ਹੀਦ ਭਾਈ ਅਵਤਾਰ ਸਿੰਘ ਜੀ ਕੁਰਾਲਾ —*ਭਾਈ ਇਕਬਾਲ ਸਿੰਘ ਜੀ* 125
- ਸ਼ਹੀਦ ਭਾਈ ਰਘਬੀਰ ਸਿੰਘ ਜੀ ਭੱਗੂਪੁਰ —*ਭਾਈ ਕਿਰਪਾਲ ਸਿੰਘ ਜੀ ਸ਼ਾਹਪੁਰ* 131
- ਸ਼ਹੀਦ ਭਾਈ ਕੇਵਲ ਸਿੰਘ ਜੀ, ਹੁਸ਼ਿਆਰਪੁਰ —*ਭਾਈ ਹਰਮਿੰਦਰ ਸਿੰਘ ਜੀ* 137


www.AKJ.Org

- ਰੰਗ-ਰੱਤੜਾ ਸ਼ਹੀਦ ਭਾਈ ਪਿਆਰਾ ਸਿੰਘ ਜੀ ਭੁੰਗਰਨੀ
  *—ਸ਼ਹੀਦ ਭਾਈ ਗੁਰਚਰਨਜੀਤ ਸਿੰਘ ਜੀ* 143
- ਸ਼ਹੀਦ ਭਾਈ ਗੁਰਚਰਨ ਸਿੰਘ ਜੀ, ਲੁਧਿਆਣਾ
  *—ਭਾਈ ਗੁਰਦੀਪ ਸਿੰਘ ਜੀ* 155
- ਸ਼ਹੀਦ ਭਾਈ ਹਰਭਜਨ ਸਿੰਘ ਜੀ ਭੱਟੀਆਂ
  *—ਗੁਰਪੁਰਵਾਸੀ ਭਾਈ ਬਲਦੇਵ ਸਿੰਘ ਜੀ* 161
- ਸ਼ਹੀਦ ਭਾਈ ਧਰਮਬੀਰ ਸਿੰਘ ਜੀ, ਅੰਮ੍ਰਿਤਸਰ
  *—ਗੁਰਪੁਰਵਾਸੀ ਮਾਸਟਰ ਜਸਵੰਤ ਸਿੰਘ ਜੀ* 167
- ਸ਼ਹੀਦ ਗਿਆਨੀ ਹਰੀ ਸਿੰਘ ਜੀ, ਅੰਮ੍ਰਿਤਸਰ
  *—ਜਸਬੀਰ ਸਿੰਘ ਪੁੱਤਰ ਸ਼ਹੀਦ ਭਾਈ ਹਰੀ ਸਿੰਘ ਜੀ* 173
- ਸ਼ਹੀਦ ਜਥੇਦਾਰ ਰਣਬੀਰ ਸਿੰਘ ਫ਼ੌਜੀ, ਮਹਿਤਾ
  *—ਭਾਈ ਅਮਰੀਕ ਸਿੰਘ ਜੀ, ਮਹਿਤਾ* 177
- ਸ਼ਹੀਦ ਜਥੇਦਾਰ ਅਮਰੀਕ ਸਿੰਘ ਖੁਜਾਲਾ
  *—ਗੁਰਪੁਰਵਾਸੀ ਮਾਸਟਰ ਜਸਵੰਤ ਸਿੰਘ ਜੀ* 179
- ਸ਼ਹੀਦ ਭਾਈ ਗੁਰਦਿਆਲ ਸਿੰਘ ਮੋਦੇ
  *—ਗੁਰਪੁਰਵਾਸੀ ਮਾਸਟਰ ਜਸਵੰਤ ਸਿੰਘ ਜੀ* 185
- ਸ਼ਹੀਦ ਬਾਬਾ ਦਰਸ਼ਨ ਸਿੰਘ ਜੀ, ਮਹਿਤਾ
  *—ਭਾਈ ਅਮਰੀਕ ਸਿੰਘ ਜੀ, ਮਹਿਤਾ* 189
- ਸਾਕਾ ਵਰਤਨ ਦੇ ਪਿੱਛੋਂ ਦਾ ਘਟਨਾਕ੍ਰਮ *—ਭਾਈ ਗੁਰਦੀਪ ਸਿੰਘ ਜੀ* 191

**ਭਾਗ ਤੀਜਾ : ਕਾਨ੍ਹਪੁਰ ਦਾ ਸਾਕਾ**

- ਕਾਨ੍ਹਪੁਰ ਖ਼ੂਨੀ ਸਾਕੇ ਦੀ ਕਹਾਣੀ *—ਭਾਈ ਗੁਰਦੀਪ ਸਿੰਘ ਜੀ* 203
- ਕਾਨ੍ਹਪੁਰ ਦੇ ਸ਼ਹੀਦਾਂ ਦਾ ਜੀਵਨ *—'ਸੂਰਾ' ਪਰਿਵਾਰ* 208

**ਭਾਗ ਚੌਥਾ : ਦਿੱਲੀ ਦਾ ਸਾਕਾ**

- ਦਿੱਲੀ ਦਾ ਖ਼ੂਨੀ ਸਾਕਾ ਅਤੇ ਉਸ ਤੋਂ ਪਿੱਛੋਂ 224
- ਦਿੱਲੀ ਦੇ ਸਿੱਖ ਸ਼ਹੀਦ *—ਗੁਰਪੁਰਵਾਸੀ ਗਿ. ਭਜਨ ਸਿੰਘ ਜੀ* 228

**ਭਾਗ ਪੰਜਵਾਂ : ਪਾਪਾਂ ਦਾ ਨਿਬੇੜਾ**

- ਦਿਲਵਾਲੀ ਨਕਲੀ ਬਾਬੇ ਦਾ ਅੰਤ
  *—ਗੁਰਪੁਰਵਾਸੀ ਗਿ. ਪ੍ਰਤਾਪ ਸਿੰਘ ਜੀ* 231
- ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ
  *—ਭਾਈ ਗੁਰਦੀਪ ਸਿੰਘ ਜੀ* 233

*ਅੰਤਿਕਾ* 240


www.AKJ.Org

# ਮੁੱਢਲੀ ਬੇਨਤੀ

'ਪਰਮਾਤਮ ਕੀ ਮਉਜ' ਵਿਚ ਖ਼ਾਲਸੇ ਦਾ ਪ੍ਰਗਟਣਾ ਇਕ ਚਮਤਕਾਰੀ ਵਰਤਾਰਾ ਸੀ, ਜਿਸ ਨਾਲ ਇਸ ਧਰਤੀ ਉੱਪਰ ਰੂਹਾਨੀਅਤ ਦਾ ਐਸਾ ਚਸ਼ਮਾ ਫੁੱਟਿਆ, ਜਿਸ ਨੇ ਜੀਵਨ ਨੂੰ ਨਵੀਂ ਰੌਂ ਪ੍ਰਦਾਨ ਕੀਤੀ। ਖ਼ਾਲਸੇ ਦਾ ਸੰਬੰਧ ਸਿੱਧਾ ਅਕਾਲ ਪੁਰਖ ਨਾਲ ਹੈ, ਇਸ ਲਈ ਉਹ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਅਨੁਸਾਰ ਅਣਖ ਤੇ ਸ੍ਵੈਮਾਣ ਵਾਲਾ ਸੁਤੰਤਰ ਜੀਵਨ ਜੀਊਂਦਾ ਹੈ ਤੇ ਕਿਸੇ ਦੀ ਕਾਣ ਨਹੀਂ ਮੰਨਦਾ। 'ਸਰਬ ਮੈ ਪੇਖੈ ਭਗਵਾਨੁ' ਦਾ ਅਭਿਆਸੀ ਹੋਣ ਕਾਰਨ ਖ਼ਾਲਸਾ ਵੈਰ-ਵਿਰੋਧ ਤੋਂ ਉੱਪਰ ਉੱਠ ਕੇ 'ਸਭੁ ਕੋ ਮੀਤੁ ਹਮ ਆਪਨ' ਬਣਾ ਕੇ ਵਿਚਰਦਾ ਹੈ। ਸਤਿਗੁਰਾਂ ਦੀਆਂ ਅਪਾਰ ਰਹਿਮਤਾਂ ਸਦਕਾ ਖ਼ਾਲਸੇ ਦਾ ਜਲਾਲੀ ਰੂਪ ਇੰਨਾ ਤੇਜਵਾਨ ਹੈ ਕਿ ਸਭ ਹਕੂਮਤਾਂ ਇਸ ਤੋਂ ਭੈਅ ਖਾਂਦੀਆਂ ਹਨ। ਇਸੇ ਭੈਅ ਤਹਿਤ ਸਮੇਂ ਦੇ ਬੌਣੇ ਸ਼ਾਸਕ ਸਿੱਖ ਮੁੱਖਧਾਰਾ ਤੋਂ ਵਿਛੁੰਨੀਆਂ ਸੰਪਰਦਾਵਾਂ ਦੀ ਪੁਸ਼ਤ-ਪਨਾਹੀ ਕਰ ਕੇ ਖ਼ਾਲਸਾ ਪੰਥ ਨੂੰ ਕਮਜ਼ੋਰ ਕਰਨ ਦੀਆਂ ਪ੍ਰਗਟ/ ਅਪ੍ਰਗਟ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ।

19ਵੀਂ ਸਦੀ ਦੇ ਅਖ਼ੀਰ ਵਿਚ ਸਿੱਖ ਪੁਨਰ-ਜਾਗ੍ਰਤੀ ਲਹਿਰ ਅਧੀਨ ਆਰੰਭ ਹੋਈ ਨਿਰੰਕਾਰੀ ਸੰਪਰਦਾਇ ਨੇ ਪੱਛਮੀ ਪੰਜਾਬ ਵਿਚ ਸਿੱਖੀ ਨੂੰ ਪ੍ਰਫੁੱਲਤ ਕਰਨ ਅਤੇ ਧਰਮ-ਕੁਰੀਤੀਆਂ ਦਾ ਨਿਖੇਧ ਕਰਨ ਲਈ ਮਹੱਤਵਪੂਰਣ ਯੋਗਦਾਨ ਪਾਇਆ, ਪਰੰਤੂ ਇਸ ਸੰਪਰਦਾ ਤੋਂ ਨਿੱਖੜੀ ਇਕ ਸ਼ਾਖ਼ਾ ਨੇ ਧਰਮ ਦੀ ਆੜ ਹੇਠ ਸਭ ਕੁਕਰਮਾਂ ਦੀ ਖੁੱਲ੍ਹ ਦੇ ਕੇ ਇਕ ਨਵਾਂ ਪ੍ਰਪੰਚ ਖੜਾ ਕਰ ਲਿਆ। ਦੇਸ਼-ਵੰਡ ਤੋਂ ਬਾਅਦ ਇਹ ਸ਼ਾਖ਼ਾ ਦਿੱਲੀ ਵਿਖੇ ਸਥਾਪਿਤ ਹੋਈ ਅਤੇ ਨਵੇਂ ਹਾਕਮਾਂ ਦੀ ਪੁਸ਼ਤ-ਪਨਾਹੀ ਸਦਕਾ ਸਿੱਖ ਧਰਮ ਦੀਆਂ ਬੁਨਿਆਦਾਂ ਉੱਪਰ ਹਮਲੇ ਕਰਨ ਲੱਗੀ। ਇਹ ਆਪਣੀਆਂ ਲਿਖਤਾਂ ਤੇ ਪ੍ਰਵਚਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਸਿੱਖ ਰਹੁ-ਰੀਤਾਂ ਦਾ ਮਜ਼ਾਕ ਵੀ ਉਡਾਉਂਦੇ। ਸਿੱਖੀ ਦੀ ਮੁੱਖ-ਧਾਰਾ ਵੱਲੋਂ ਇਨ੍ਹਾਂ ਦਾ ਗਾਹੇ-ਬਗਾਹੇ ਵਿਰੋਧ ਵੀ ਹੁੰਦਾ ਰਿਹਾ। ਹਾਕਮਾਂ ਦੀ ਹੱਲਾਸ਼ੇਰੀ ਕਰਕੇ ਇਨ੍ਹਾਂ ਦੇ ਹੌਂਸਲੇ ਇੰਨੇ ਬੁਲੰਦ ਹੋ ਗਏ ਕਿ 1978 ਵਿਚ ਇਨ੍ਹਾਂ ਨੇ ਖ਼ਾਲਸੇ ਦੇ ਜਨਮ ਦਿਨ 'ਤੇ ਸਿੱਖਾਂ ਦੇ ਮੁੱਖ ਸ਼ਹਿਰ ਅੰਮ੍ਰਿਤਸਰ ਵਿਖੇ ਆਪਣਾ ਸਮਾਗਮ ਰਚਾ ਲਿਆ ਅਤੇ ਸਿੱਖਾਂ ਨੂੰ ਸਬਕ ਸਿਖਾਣ ਲਈ ਹਥਿਆਰਬੰਦ ਤਿਆਰੀ ਵੀ ਕਰ ਲਈ। ਇਨ੍ਹਾਂ ਗੁਰ-ਨਿੰਦਕਾਂ ਦਾ ਸਦ-ਜਾਗਤ ਖ਼ਾਲਸੇ ਵੱਲੋਂ ਵਿਰੋਧ ਸਹਿਜ ਪ੍ਰਤਿਕਰਮ ਸੀ। ਨਕਲੀ ਨਿਰੰਕਾਰੀਆਂ ਦੇ ਕੂੜ ਪ੍ਰਚਾਰ ਵਿਰੁੱਧ ਰੋਸ ਕਰਨ ਲਈ ਖ਼ਾਲਸਈ ਰੋਹ ਨਾਲ ਭਰਪੂਰ ਸਿੰਘਾਂ ਦਾ ਜੱਥਾ ਜਦੋਂ ਸਮਾਗਮ ਅਸਥਾਨ ਦੇ ਨਜ਼ਦੀਕ ਪੁੱਜਾ ਤਾਂ ਨਕਲੀ ਨਿਰੰਕਾਰੀਆਂ ਵੱਲੋਂ ਕੀਤੀ ਡਾਂਗਾਂ, ਪੱਥਰਾਂ, ਤੀਰਾਂ ਤੇ ਗੋਲੀਆਂ ਦੀ ਬੋਛਾੜ ਨਾਲ 13 ਸਿੰਘ ਸ਼ਹੀਦ ਹੋ ਗਏ ਤੇ 70 ਤੋਂ ਵੱਧ ਜ਼ਖ਼ਮੀ ਹੋ ਗਏ। ਸਤੰਬਰ 1978 ਵਿਚ ਕਾਨ੍ਹਪੁਰ ਤੇ ਨਵੰਬਰ 1978 ਵਿਚ ਦਿੱਲੀ ਵਿਖੇ ਵੀ ਨਕਲੀ ਨਿਰੰਕਾਰੀਆਂ ਦੇ ਵਿਰੋਧ ਵਿਚ ਸ਼ਹੀਦੀ ਸਾਕੇ ਵਾਪਰੇ। ਇਨ੍ਹਾਂ ਸ਼ਹੀਦੀ ਸਾਕਿਆਂ ਦੌਰਾਨ 18ਵੀਂ ਸਦੀ ਵਾਲੇ ਖ਼ਾਲਸਈ ਜ਼ਹੂਰ ਦੇ ਪ੍ਰਗਟਾਵੇ ਵੀ ਹੋਏ ਤੇ ਇਨ੍ਹਾਂ ਨਾਲ ਸਾਰੀ ਕੌਮ ਵਿਚ ਨਵੀਂ ਰੂਹ ਵੀ ਫੂਕੀ ਗਈ।

www.AKJ.Org

ਇਨ੍ਹਾਂ ਸਾਕਿਆਂ ਦੇ ਤੱਥਾਤਮਕ ਵੇਰਵਿਆਂ ਨੂੰ 1978 ਵਿਚ ਹੀ ਅਖੰਡ ਕੀਰਤਨੀ ਜਥੇ ਦੇ ਮਾਸਿਕ ਪੱਤਰ *ਸੂਰਾ* ਵੱਲੋਂ ਆਪਣੇ ਵਿਸ਼ੇਸ਼ ਅੰਕਾਂ ਰਾਹੀਂ ਸੰਭਾਲਣ ਦਾ ਉਪਰਾਲਾ ਕੀਤਾ ਗਿਆ ਸੀ, ਪਰੰਤੂ ਹੁਣ ਆਮ ਪਾਠਕ ਦੀ ਇਨ੍ਹਾਂ ਤਕ ਰਸਾਈ ਨਹੀਂ ਹੋ ਸਕਦੀ ਅਤੇ ਇਤਿਹਾਸ-ਪੁਸਤਕਾਂ ਵਿਚ ਹੁਣ ਇਹ ਸਾਕੇ ਇਕ ਪੈਰੇ ਦੇ ਜ਼ਿਕਰ ਤਕ ਸਿਮਟ ਗਏ ਹਨ। ਸੋ ਸਿੱਖ ਇਤਿਹਾਸ ਦੇ ਇਨ੍ਹਾਂ ਮਹੱਤਵਪੂਰਣ ਸਾਕਿਆਂ ਨੂੰ ਸਿੱਖ ਚੇਤਨਾ ਵਿਚ ਪੁਨਰ-ਸੁਰਜੀਤ ਕਰਨ ਲਈ ਭਾਈ ਗੁਰਦੀਪ ਸਿੰਘ ਜੀ ਨੇ ਇਨ੍ਹਾਂ ਸਾਕਿਆਂ ਨਾਲ ਸੰਬੰਧਿਤ ਸਾਰੀ ਸਮੱਗਰੀ ਨੂੰ ਇਕੱਤਰ ਕਰਨ ਦਾ ਪਰਉਪਕਾਰ ਕਮਾਇਆ ਹੈ। ਬੈਂਕ ਦੀ ਕਿਰਤ ਤੋਂ ਸੇਵਾ-ਨਵਿਰਤ ਹੋਣ ਉਪਰੰਤ ਭਾਈ ਗੁਰਦੀਪ ਸਿੰਘ ਜੀ ਨਾਮ-ਬਾਣੀ ਦੀ ਸੁੱਚੀ ਕਮਾਈ ਕਰਨ ਦੇ ਨਾਲ, ਪੁਰਾਤਨ ਰੰਗਲੇ ਗੁਰਸਿੱਖਾਂ ਦੇ ਰੰਗ-ਰੱਤੜੇ ਜੀਵਨ ਨੂੰ ਲਿਖਤ ਰਾਹੀਂ ਆਪਣੀ ਅਗਲੀ ਪੀੜ੍ਹੀ ਨੂੰ ਸੌਂਪਣ ਦਾ ਚਾਓ ਵੀ ਨਿਭਾਅ ਰਹੇ ਹਨ, ਜਿਸ ਨੂੰ ਨਮਸਕਾਰ ਕਰਨੀ ਬਣਦੀ ਹੈ। ਉਨ੍ਹਾਂ ਨੇ ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਅਨਮੋਲ ਰਚਨਾਵਾਂ ਵਿਚ ਦਰਜ ਗੁਰਬਾਣੀ-ਵਿਆਖਿਆ ਦੇ ਹਵਾਲਿਆਂ ਦਾ ਇਕ ਤਤਕਰਾ ਵੀ ਬੜੀ ਮਿਹਨਤ ਨਾਲ ਤਿਆਰ ਕੀਤਾ ਹੈ, ਜਿਸ ਨਾਲ ਗੁਰਬਾਣੀ ਦੇ ਖੋਜੀਆਂ ਨੂੰ ਭਾਈ ਸਾਹਿਬ ਦੁਆਰਾ ਪ੍ਰਗਟਾਏ ਗੁਰਬਾਣੀ ਦੇ ਗੂਹਜ ਅਰਥਾਂ ਤਕ ਰਸਾਈ ਕਰਨ ਲਈ ਇਕ ਲਾਭਦਾਇਕ ਤੇ ਆਸਾਨ ਵਸੀਲਾ ਪ੍ਰਾਪਤ ਹੋ ਗਿਆ ਹੈ। ਹੱਥਲੀ ਪੁਸਤਕ ਵਿਚ ਉਨ੍ਹਾਂ ਨੇ ਭਾਈ ਫ਼ੌਜਾ ਸਿੰਘ ਜੀ ਤੇ ਜਥੇਦਾਰ ਰਣਜੀਤ ਸਿੰਘ ਜੀ ਦੇ ਪ੍ਰਭਾਵਸ਼ਾਲੀ ਜੀਵਨ-ਬਿਓਰੇ ਲਿਖਣ ਤੋਂ ਬਿਨਾਂ ਇਨ੍ਹਾਂ ਸਾਕਿਆਂ ਦੇ ਤੱਥਾਤਮਕ ਬ੍ਰਿਤਾਂਤ ਵੀ ਸ਼ਾਮਲ ਕਰ ਕੇ ਪੁਸਤਕ ਨੂੰ ਹਰ ਪੱਖੋਂ ਮੁਕੰਮਲ ਕਰਨ ਦਾ ਜਤਨ ਕੀਤਾ ਹੈ। ਇਸ ਪੁਸਤਕ ਦੀ ਪ੍ਰਕਾਸ਼ਨ-ਸੇਵਾ ਸਾਨੂੰ ਸੌਂਪ ਕੇ ਉਨ੍ਹਾਂ ਨੇ ਸਾਡਾ ਮਾਣ ਵਧਾਇਆ ਹੈ, ਜਿਸ ਲਈ ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ। ਜਿਨ੍ਹਾਂ ਸਰੋਤਾਂ ਤੋਂ ਇਹ ਸਮੱਗਰੀ ਇਕੱਤਰ ਕੀਤੀ ਗਈ ਹੈ, ਉਨ੍ਹਾਂ ਸਾਰੇ ਦਾਤਿਆਂ ਦੇ ਵੀ ਅਸੀਂ ਤਹਿ-ਦਿਲੋਂ ਸ਼ੁਕਰਗੁਜ਼ਾਰ ਹਾਂ।

ਆਸ ਹੈ ਕਿ ਇਹ ਪੁਸਤਕ ਇਨ੍ਹਾਂ ਮਹੱਤਵਪੂਰਣ ਸਾਕਿਆਂ ਰਾਹੀਂ ਪ੍ਰਗਟੇ ਖ਼ਾਲਸਈ ਜ਼ਹੂਰ ਦੇ ਬਿੰਬ ਨੂੰ ਸਿੱਖ ਚੇਤਨਾ ਵਿਚ ਸਥਾਈ ਰੂਪ ਵਿਚ ਟਿਕਾਉਣ ਲਈ ਸਹਾਈ ਹੋਵੇਗੀ।

**—ਪ੍ਰਕਾਸ਼ਕ**

www.AKJ.Org

# ਪੁਸਤਕ ਬਾਰੇ ਦੋ ਹਰਫ਼

ਸਿੱਖ ਇਤਿਹਾਸ ਵਿਚ ਕੁਝ ਅਜਿਹੇ ਸਾਲ ਹਨ, ਜੋ ਖ਼ਾਸ ਮਹੱਤਤਾ ਰੱਖਦੇ ਹਨ। ਉਨ੍ਹਾਂ ਵਿਚ 1978 ਦਾ ਸਾਲ ਵੀ ਅਜਿਹਾ ਹੈ, ਜਿਸ ਵਿਚ ਤਿੰਨ ਖ਼ੂਨੀ ਸ਼ਹੀਦੀ ਸਾਕੇ ਵਰਤੇ, ਜਿਨ੍ਹਾਂ ਵਿਚ ਗੁਰੂ ਦੀ ਨਿੰਦਾ ਨਾ ਸਹਾਰਦੇ ਹੋਏ ਦੋ ਦਰਜਨ ਸਿੰਘ ਸ਼ਹੀਦ ਹੋਏ ਤੇ ਸੈਂਕੜੇ ਜ਼ਖ਼ਮੀ ਹੋਏ। ਆਮ ਸਿੱਖ ਸੰਗਤਾਂ ਨੂੰ, ਸਿੱਖੀ ਸਰੂਪ ਵਿਚ ਵਿਚਰਦੇ ਦੇਹਧਾਰੀ ਗੁਰੂ-ਡੰਮ ਫੈਲਾਉਣ ਵਾਲਿਆਂ ਸੰਬੰਧੀ ਸੁਚੇਤ ਕਰਨ ਅਤੇ ਉਨ੍ਹਾਂ ਨੂੰ ਠੱਲ੍ਹ ਪਾਉਣ ਲਈ ਇਨ੍ਹਾਂ ਸਾਕਿਆਂ ਨੇ ਬਹੁਤ ਵੱਡਾ ਰੋਲ ਅਦਾ ਕੀਤਾ, ਜਿਹੜਾ ਕਿ ਸਿੱਖ ਇਤਿਹਾਸ ਵਿਚ ਇਕ ਮੀਲ-ਪੱਥਰ ਦੀ ਤਰ੍ਹਾਂ ਸਾਬਤ ਹੋਇਆ।

ਸਭ ਤੋਂ ਪਹਿਲਾ ਸਾਕਾ 13 ਅਪ੍ਰੈਲ, 1978 ਵੈਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਵਾਪਰਿਆ, ਜਿਸ ਵਿਚ ਨਕਲੀ ਨਿਰੰਕਾਰੀ ਮੁਖੀ ਗੁਰਬਚਨੇ ਵੱਲੋਂ ਆਪਣੇ ਚੇਲੇ ਚਾਟੜਿਆਂ ਸਮੇਤ ਹਥਿਆਰਾਂ ਨਾਲ ਪੂਰੀ ਤਰ੍ਹਾਂ ਲੈਸ ਹੋ ਕੇ ਸਰਕਾਰੀ ਅਤੇ ਸਿਆਸੀ ਸ਼ਹਿ ਨਾਲ ਇਕ ਜਲੂਸ ਕੱਢਿਆ ਗਿਆ ਅਤੇ ਇਕ ਵੱਡਾ ਜਲਸਾ ਵੀ ਕੀਤਾ ਗਿਆ, ਜਿਸ ਵਿਚ ਗੁਰੂ ਸਾਹਿਬ ਅਤੇ ਗੁਰੂ-ਘਰਾਂ ਦੇ ਭਗਤਾਂ ਅਤੇ ਗੁਰਸਿੱਖਾਂ ਪ੍ਰਤੀ ਮੰਦੀ ਭਾਸ਼ਾ ਵਰਤੀ ਅਤੇ ਉਨ੍ਹਾਂ ਦੇ ਸਵਾਂਗ ਰਚਾਏ ਗਏ। ਆਪਣੇ ਚੇਲੇ ਚਾਟੜਿਆਂ ਦੇ ਨਾਮ ਗੁਰੂ-ਘਰ ਦੇ ਭਗਤਾਂ ਦੇ ਨਾਮ 'ਤੇ ਰੱਖੇ ਗਏ। ਪੰਜਾਂ ਪਿਆਰਿਆਂ ਦੀ ਜਗ੍ਹਾ ਸੱਤ ਸਿਤਾਰੇ ਥਾਪੇ ਗਏ। ਇਸ ਕੂੜ ਪ੍ਰਚਾਰ ਖ਼ਿਲਾਫ਼ ਸ਼ਾਂਤਮਈ ਰੋਸ ਮਾਰਚ ਕੱਢ ਕੇ ਵਿਰੋਧ ਕਰਨ ਗਏ ਗੁਰਸਿੱਖਾਂ ਵਿੱਚੋਂ, ਸਰਕਾਰੀ ਸ਼ਹਿ ਅਤੇ ਪੁਲਿਸ ਦੀ ਮਿਲੀ-ਭੁਗਤ ਨਾਲ ਨਕਲੀ ਨਿਰੰਕਾਰੀਆਂ ਦੇ ਹਥਿਆਰਬੰਦ ਗੁੰਡਿਆਂ ਨੇ 13 ਸਿੰਘ ਸ਼ਹੀਦ ਅਤੇ 70 ਤੋਂ ਉੱਪਰ ਜ਼ਖ਼ਮੀ ਕਰ ਦਿੱਤੇ। ਸਰਕਾਰੀ ਅਤੇ ਅਫ਼ਸਰਸ਼ਾਹੀ ਦੀ ਮਦਦ ਨਾਲ ਇਸ ਕਾਂਡ ਦੇ ਮੁਖ ਦੋਸ਼ੀ ਨਕਲੀ ਬਾਬੇ ਨੂੰ ਸ੍ਰੀ ਅੰਮ੍ਰਿਤਸਰ ਵਿੱਚੋਂ ਸੁਰੱਖਿਅਤ ਬਾਹਰ ਕੱਢ ਦਿੱਤਾ ਗਿਆ। ਜੇ ਕਾਨੂੰਨੀ ਕਾਰਵਾਈ ਕੀਤੀ ਵੀ ਗਈ ਤਾਂ ਉਹ ਕੇਵਲ ਸਿੱਖ ਸੰਗਤਾਂ ਦੀਆਂ ਅੱਖਾਂ ਪੂੰਝਣ ਤਕ ਹੀ ਸੀਮਤ ਸੀ।

ਇਸ ਸਾਕੇ ਦੇ ਸਾਰੇ ਵਾਕਿਆਤ ਉਸ ਵੇਲੇ ਅਖੰਡ ਕੀਰਤਨੀ ਜਥੇ ਵੱਲੋਂ ਛਾਪੇ ਜਾਂਦੇ ਮਾਸਿਕ ਪੱਤਰ *ਸੂਰਾ* ਦੇ ਮਈ ਅਤੇ ਜੂਨ ਅੰਕਾਂ ਵਿਚ ਛਾਪੇ ਗਏ ਸਨ। ਕੇਂਦਰੀ ਸਿੰਘ ਸਭਾ ਵੱਲੋਂ ਵੀ ਆਪਣੇ ਮਾਸਿਕ ਪੱਤਰ *ਸਿੰਘ ਸਭਾ ਪੱਤ੍ਰਿਕਾ* ਦੇ ਇਸ ਸਾਕੇ ਸੰਬੰਧੀ ਸਪੈਸ਼ਲ ਅੰਕ ਕੱਢੇ ਗਏ ਸਨ। ਮਾਸਿਕ ਪੱਤਰ *ਸੂਰਾ* ਵੱਲੋਂ ਇਸ ਸੰਬੰਧ 'ਚ ਇਕ ਕਿਤਾਬਚਾ ***ਵੈਸਾਖੀ 1978 ਦਾ ਖ਼ੂਨੀ ਸਾਕਾ*** ਦੇ ਨਾਂ ਹੇਠ ਛਾਪਿਆ ਗਿਆ ਸੀ। ਬਾਅਦ ਵਿਚ ਹੋਰ ਵਾਧਿਆਂ ਨਾਲ ਇਸ ਦੇ ਦੋ ਹੋਰ ਐਡੀਸ਼ਨ ਛਾਪੇ ਗਏ ਸਨ, ਪਰ ਉਸ ਤੋਂ ਬਾਅਦ ਹੋਰ ਕੋਈ ਐਡੀਸ਼ਨ ਨਹੀਂ ਛਪਿਆ। ਇਸ ਮਹੱਤਵਪੂਰਨ ਸਾਕੇ ਸੰਬੰਧੀ ਜਾਣਕਾਰੀ ਬੜੇ ਚਿਰ ਤੋਂ ਸੰਗਤਾਂ ਨੂੰ ਉਪਲਬਧ ਨਹੀਂ ਹੋ ਰਹੀ ਸੀ।

ਇਸ ਕਾਂਡ ਤੋਂ ਬਾਅਦ, ਇਸ ਨਕਲੀ ਨਿਰੰਕਾਰੀ ਟੋਲੇ ਵੱਲੋਂ ਕੀਤੇ ਜਾਂਦੇ ਵੱਖ-ਵੱਖ ਸ਼ਹਿਰਾਂ ਅਤੇ ਕਸਬਿਆਂ ਵਿਚ ਹਫ਼ਤਾਵਾਰੀ ਕੁਸੰਗ ਮੰਡਲਾਂ ਵਿਰੁੱਧ ਸਿੱਖ ਸੰਗਤਾਂ ਵੱਲੋਂ ਵਿਰੋਧ ਹੋਣ ਲੱਗ ਪਿਆ। ਪੰਜਾਬ, ਖ਼ਾਸਕਰ ਸ੍ਰੀ ਅੰਮ੍ਰਿਤਸਰ ਵਿਚ ਤਾਂ ਇਹ ਕੁਸੰਗ-ਘਰ

www.AKJ.Org

ਕੁਝ ਚਿਰ ਲਈ ਬੰਦ ਕਰ ਦਿੱਤੇ ਗਏ, ਪਰ ਬਾਹਰਲੇ ਸੂਬਿਆਂ ਵਿਚ ਸਰਕਾਰੀ ਪੁਸ਼ਤ-ਪਨਾਹੀ ਕਾਰਨ ਇਹ ਜਾਰੀ ਰਹੇ। 26 ਸਤੰਬਰ, 1978 ਨੂੰ ਇਹ ਨਕਲੀ ਬਾਬਾ ਗੁਰਬਚਨਾ ਕਾਨ੍ਹਪੁਰ ਆਪਣਾ ਪ੍ਰੋਗਰਾਮ ਕਰਨ ਗਿਆ, ਜਿਸ ਦਾ ਸਿੰਘ ਸੰਗਤਾਂ ਨੇ ਪੁਰ-ਅਮਨ ਢੰਗ ਨਾਲ ਜਲੂਸ ਕੱਢ ਕੇ ਵਿਰੋਧ ਕੀਤਾ। ਉਥੇ ਵੀ ਇਸ ਦੇ ਹਥਿਆਰਬੰਦ ਗੁੰਡਿਆਂ ਨੇ ਸਿੱਖ ਸੰਗਤਾਂ 'ਤੇ ਆਪਣੇ ਹਥਿਆਰਾਂ ਨਾਲ ਹਮਲਾ ਕਰ ਕੇ 8 ਸਿੰਘ ਸ਼ਹੀਦ ਅਤੇ 25 ਤੋਂ ਉੱਪਰ ਗੰਭੀਰ ਜ਼ਖ਼ਮੀ ਕਰ ਦਿੱਤੇ, ਜਿਸ ਦਾ ਵੇਰਵਾ ਨਵੰਬਰ 1978 ਦੇ ਮਾਸਿਕ ਪੱਤਰ *ਸੂਰਾ* ਵਿਚ ਛਾਪਿਆ ਗਿਆ ਸੀ, ਪਰੰਤੂ ਇਸ ਤੋਂ ਬਾਅਦ ਇਨ੍ਹਾਂ ਸ਼ਹੀਦਾਂ ਸੰਬੰਧੀ ਕੋਈ ਕਿਤਾਬਚਾ ਜਾਂ ਜਾਣਕਾਰੀ ਨਹੀਂ ਛਪੀ।

ਹਰ ਸਾਲ ਦੀ ਤਰ੍ਹਾਂ 4 ਤੋਂ 6 ਨਵੰਬਰ, 1978 ਨੂੰ ਵੀ ਇਨ੍ਹਾਂ ਨੇ ਆਪਣਾ ਸਾਲਾਨਾ ਸਮਾਗਮ ਦਿੱਲੀ ਵਿਚ ਰੱਖ ਲਿਆ, ਜਿਸ ਬਾਰੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਅਕਾਲੀ ਦਲ ਅਤੇ ਸਿੱਖ ਸੰਗਤਾਂ ਨੇ ਸਰਕਾਰ ਕੋਲ ਇਨ੍ਹਾਂ ਪ੍ਰੋਗਰਾਮਾਂ ਨੂੰ ਰੱਦ ਕਰਵਾਉਣ ਸੰਬੰਧੀ ਪਹੁੰਚ ਕੀਤੀ। ਸਰਕਾਰ ਵੱਲੋਂ ਇਨ੍ਹਾਂ ਬੇਨਤੀਆਂ ਨੂੰ ਦਰ-ਕਿਨਾਰ ਕਰਨ ਕਰਕੇ ਸਿੱਖ ਸੰਗਤਾਂ ਵੱਲੋਂ ਜਲੂਸ ਕੱਢ ਕੇ ਵਿਰੋਧ ਕੀਤਾ ਗਿਆ। ਉਲਟਾ ਸਿੱਖ ਸੰਗਤਾਂ ਉੱਤੇ ਲਾਠੀਚਾਰਜ ਕੀਤਾ ਤੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ, ਜਿਥੇ ਬਹੁਤ ਸਾਰੀ ਸੰਗਤ ਇਕੱਠੀ ਹੋਈ ਸੀ, ਉਥੇ ਕਰਫ਼ਿਊ ਲਗਾ ਕੇ ਹੰਝੂ ਗੈਸ ਦੇ ਗੋਲੇ ਦਾਗੇ ਗਏ ਅਤੇ ਪੁਲਿਸ ਵੱਲੋਂ ਗੋਲੀ ਵੀ ਚਲਾਈ ਗਈ, ਜਿਸ ਨਾਲ ਦਿੱਲੀ ਅਕਾਲੀ ਦਲ (ਮਾਸਟਰ) ਦੇ ਪ੍ਰਧਾਨ ਸਮੇਤ ਤਿੰਨ ਸਿੰਘ ਸ਼ਹੀਦ ਹੋਏ ਤੇ ਨੌਂ ਸਿੰਘ ਜ਼ਖ਼ਮੀ ਹੋ ਗਏ। ਇਸ ਸਾਕੇ ਦੇ ਹਾਲਾਤ ਵੀ ਦਸੰਬਰ 1978 ਦੇ ਮਾਸਿਕ ਪੱਤਰ *ਸੂਰਾ* ਵਿਚ ਛਾਪੇ ਗਏ ਸਨ ਅਤੇ ਇਨ੍ਹਾਂ ਸ਼ਹੀਦ ਸਿੰਘਾਂ ਦੀਆਂ ਫੋਟੋਆਂ ਵੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਜਾਇਬ ਘਰ ਵਿਚ ਲਗਾਈਆਂ ਗਈਆਂ ਸਨ, ਜੋ ਕਿ ਬਾਅਦ ਵਿਚ ਨਵੀਨੀਕਰਨ ਕਰਨ ਵੇਲੇ ਲਾਹ ਦਿੱਤੀਆਂ ਗਈਆਂ ਅਤੇ ਇਸ ਵੇਲੇ ਉਪਲਬਧ ਨਹੀਂ ਹਨ। ਸ੍ਰੀ ਅੰਮ੍ਰਿਤਸਰ, ਵੈਸਾਖੀ 1978 ਦੇ ਸ਼ਹੀਦਾਂ ਸੰਬੰਧੀ ਤਾਂ ਦੋ ਯਾਦਗਾਰਾਂ ਗੁਰਦੁਆਰਾ ਸ਼ਹੀਦ ਗੰਜ ਬੀ-ਬਲਾਕ, ਰੇਲਵੇ ਕਾਲੋਨੀ, ਸ੍ਰੀ ਅੰਮ੍ਰਿਤਸਰ ਅਤੇ ਗੁਰਦੁਆਰਾ ਅੰਗੀਠਾ ਸਾਹਿਬ, ਸਾਹਮਣੇ ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਉਸਾਰੀਆਂ ਗਈਆਂ ਹਨ ਤੇ ਫ਼ੋਟੋਆਂ ਵੀ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਈਆਂ ਗਈਆਂ ਹਨ, ਪਰ ਕਾਨ੍ਹਪੁਰ ਅਤੇ ਦਿੱਲੀ ਸਾਕੇ ਦੇ ਸ਼ਹੀਦਾਂ ਦੀ ਨਾ ਤਾਂ ਕੋਈ ਯਾਦਗਾਰ ਹੈ ਅਤੇ ਨਾ ਹੀ ਉਨ੍ਹਾਂ ਦੀਆਂ ਫੋਟੋਆਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਅੱਜ ਤਕ ਲਗਾਈਆਂ ਗਈਆਂ ਹਨ।

ਪਿੱਛੇ ਜਿਹੇ ਅਖੰਡ ਕੀਰਤਨੀ ਜਥਾ, ਯੂ.ਕੇ. ਵੱਲੋਂ ਇਕ ਕਿਤਾਬ *ਕੁਰਬਾਨੀ* ਦੇ ਨਾਂ ਹੇਠ ਵੈਸਾਖੀ 1978 ਦੇ ਸਾਕੇ ਸੰਬੰਧੀ ਛਾਪੀ ਗਈ ਸੀ, ਜਿਸ ਰਾਹੀਂ ਨਵੀਂ ਪਨੀਰੀ ਨੂੰ ਇਸ ਸਾਕੇ ਬਾਰੇ ਜਾਗਰੂਕ ਕਰਨ ਦਾ ਉਪਰਾਲਾ ਕੀਤਾ ਗਿਆ ਸੀ। ਇਸ ਤੋਂ ਇਲਾਵਾ ਇਸ ਸਾਕੇ ਦੇ ਚਸ਼ਮਦੀਦ ਗਵਾਹ, ਭਾਈ ਅਮੋਲਕ ਸਿੰਘ ਆਸਟ੍ਰੇਲੀਆ ਵਾਲੇ, ਜੋ ਸ਼ਹੀਦ ਭਾਈ ਫ਼ੌਜਾ ਸਿੰਘ ਦੇ ਬਹੁਤ ਨਜ਼ਦੀਕੀ ਰਹੇ ਹਨ ਤੇ ਇਸ ਸਾਕੇ ਵਿਚ ਗੰਭੀਰ ਜ਼ਖ਼ਮੀ ਵੀ ਹੋਏ ਸਨ, ਵੱਲੋਂ ਵੀ ਇਸ ਸਾਕੇ ਸੰਬੰਧੀ ਇਕ ਡਾਕੂਮੈਂਟਰੀ ਫ਼ਿਲਮ ਬਣਾ ਕੇ ਇਸ ਸਾਕੇ ਦੇ ਵਾਕਿਆਤ ਨੂੰ ਸੁਰੱਖਿਅਤ ਕਰਨ ਦਾ ਯਤਨ ਕੀਤਾ ਗਿਆ ਹੈ। ਗਿਆਨੀ ਪ੍ਰਤਾਪ ਸਿੰਘ ਜੀ, ਸਾਬਕਾ ਜਥੇਦਾਰ, ਸ੍ਰੀ ਕੇਸਗੜ੍ਹ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਲਿਖਤ ਇਕ ਕਿਤਾਬ *ਨਕਲੀ ਨਿਰੰਕਾਰੀ* ਦੇ ਨਾਮ ਹੇਠ ਛਪੀ ਸੀ, ਜਿਸ ਦੀਆਂ ਨੌਂ ਐਡੀਸ਼ਨਾਂ ਹੁਣ ਤਕ ਛਪ ਚੁੱਕੀਆਂ ਹਨ। ਇਸ ਵਿਚ ਨਿਰੰਕਾਰੀ ਦਰਬਾਰ, ਰਾਵਲਪਿੰਡੀ ਤੇ ਨਕਲੀ ਨਿਰੰਕਾਰੀਆਂ ਬਾਰੇ ਭਰਪੂਰ ਜਾਣਕਾਰੀ ਤੋਂ ਬਿਨਾਂ ਇਨ੍ਹਾਂ ਸਾਕਿਆਂ ਦੇ ਪਿਛੋਕੜ ਅਤੇ ਵਾਕਿਆਤ ਦਾ ਵੇਰਵਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਆਲ ਇੰਡੀਆ

www.AKJ.Org

ਸਿੱਖ ਸਟੂਡੈਂਟਸ ਫ਼ੈਡਰੇਸ਼ਨ ਅਤੇ ਕਈ ਹੋਰ ਸੰਸਥਾਵਾਂ ਅਤੇ ਵਿਦਵਾਨਾਂ ਵੱਲੋਂ ਵੀ ਛੋਟੇ ਟ੍ਰੈਕਟ ਅਤੇ ਕਿਤਾਬਚੇ ਉਸ ਵੇਲੇ ਇਨ੍ਹਾਂ ਨਕਲੀ ਨਿਰੰਕਾਰੀਆਂ ਦੀ ਅਸਲੀਅਤ ਅਤੇ ਸਾਕੇ ਦੇ ਹਾਲਾਤ ’ਤੇ ਚਾਨਣਾ ਪਾਉਣ ਲਈ ਛਾਪੇ ਗਏ ਸਨ, ਪਰ ਉਹ ਵੀ ਇਸ ਵੇਲੇ ਉਪਲਬਧ ਨਹੀਂ ਹਨ।

ਇਨ੍ਹਾਂ ਸਾਕਿਆਂ ਦੀ ਮਹੱਤਤਾ ਨੂੰ ਮੁੱਖ ਰੱਖ ਕੇ, ਨਵੀਂ ਪਨੀਰੀ ਨੂੰ ਆਪਣੇ ਸ਼ਹੀਦ ਸਿੰਘਾਂ ਦੀਆਂ ਜੀਵਨ ਗਾਥਾਵਾਂ ਤੋਂ ਜਾਗਰੂਕ ਕਰਨ ਲਈ ਅਤੇ ਸਿੱਖ ਇਤਿਹਾਸ ਤੇ ਵਿਰਸੇ ਨੂੰ ਸੰਭਾਲਣ ਦੇ ਯਤਨ ਨਾਲ, ਇਸ ਪੁਸਤਕ ਨੂੰ ਸੰਗਤ ਤਾਈਂ ਪਹੁੰਚਾਉਣ ਦਾ ਗੁਰੂ ਸਾਹਿਬ ਦੀ ਬਖ਼ਸ਼ਿਸ਼ ਨਾਲ ਨਿਮਾਣਾ ਜਿਹਾ ਯਤਨ ਕੀਤਾ ਗਿਆ ਹੈ। ਇਸ ਵਿਚ ਸਭ ਤੋਂ ਪਹਿਲਾਂ “ਸਿੱਖੀ ਦੀਆਂ ਸ਼ਾਖ਼ਾਂ ਅਤੇ ਗੱਦੀਦਾਰੀ” (ਗਿਆਨੀ ਗੁਰਦਿੱਤ ਸਿੰਘ) ਅਤੇ ਡਾਕਟਰ ਮਾਨ ਸਿੰਘ ਨਿਰੰਕਾਰੀ ਦੇ ਲੇਖ “ਅਸਲੀ ਤੇ ਨਕਲੀ ਨਿਰੰਕਾਰੀ ਮਤਾਂ ’ਤੇ ਪੰਛੀ ਝਾਤ” ਸ਼ਾਮਲ ਕੀਤੇ ਗਏ ਹਨ। ਉਸ ਤੋਂ ਬਾਅਦ ਜੂਨ 1978 ਦੇ ਮਾਸਿਕ ਪੱਤਰ ***ਸੂਰਾ*** ਵਿੱਚੋਂ “ਨਕਲੀ ਨਿਰੰਕਾਰੀਆਂ ਬਾਰੇ ਸੱਚੋ-ਸੱਚ” ਵਾਲਾ ਲੇਖ ਛਾਪਿਆ ਗਿਆ ਹੈ। ਫਿਰ ਵੈਸਾਖੀ 1978 ਦੇ ਸਾਕੇ ਦਾ ਪਿਛੋਕੜ ਅਤੇ ਇਸ ਸਾਕੇ ਵੇਲੇ ਵਾਪਰੇ ਬਿਰਤਾਂਤ ਦੇ ਨਾਲ ਹੀ ਇਸ ਸਾਕੇ ਦੇ ਚਸ਼ਮਦੀਦ ਗਵਾਹਾਂ ਦੀ ਜ਼ੁਬਾਨੀ ਵਾਲਾ ਖ਼ਾਸ ਲੇਖ, ਜੋ ਸਰਦਾਰ ਹਰਚਰਨ ਸਿੰਘ ਜੀ, ਸਾਬਕਾ ਚੀਫ਼ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਲਿਖਤ ਹੈ, ਸ਼ਾਮਲ ਕੀਤਾ ਗਿਆ ਹੈ। ਉਸ ਤੋਂ ਬਾਅਦ ਸ੍ਰੀ ਅੰਮ੍ਰਿਤਸਰ ਸਾਕੇ ਤੇ 13 ਸ਼ਹੀਦ ਸਿੰਘਾਂ ਦੀਆਂ ਜੀਵਨ ਗਾਥਾਵਾਂ ਛਾਪੀਆਂ ਗਈਆਂ ਹਨ। ਇਸ ਸਾਕੇ ਤੋਂ ਬਾਅਦ ਦੇ ਘਟਨਾਕ੍ਰਮ ਅਤੇ 26 ਸਤੰਬਰ, 1978 ਨੂੰ ਵਾਪਰੇ ਕਾਨ੍ਹਪੁਰ ਸਾਕੇ ਦੇ ਵਾਕਿਆਤ ਅਤੇ ਉਥੇ ਹੋਏ ਸ਼ਹੀਦ ਸਿੰਘਾਂ ਦੀਆਂ ਸੰਖੇਪ ਜੀਵਨੀਆਂ ਦਿੱਤੀਆਂ ਗਈਆਂ ਹਨ। ਫਿਰ 5 ਨਵੰਬਰ, 1978 ਨੂੰ ਦਿੱਲੀ ਵਿਚ ਵਾਪਰੇ ਸਾਕੇ ਦੇ ਵਾਕਿਆਤ ਅਤੇ ਉਥੇ ਸ਼ਹੀਦ ਹੋਏ ਤਿੰਨ ਸਿੰਘਾਂ ਬਾਰੇ ਲੇਖ, ਜੋ ਕਿ ਦਸੰਬਰ 1978 ਦੇ ਮਾਸਿਕ ਪੱਤਰ ***ਸੂਰਾ*** ਵਿਚ ਛਪੇ ਸਨ, ਦਿੱਤੇ ਗਏ ਹਨ। ਕਾਫ਼ੀ ਕੋਸ਼ਿਸ਼ਾਂ ਦੇ ਬਾਵਜੂਦ ਦਿੱਲੀ ਵਿਚ ਸ਼ਹੀਦ ਹੋਏ ਸਿੰਘਾਂ ਦੀਆਂ ਜੀਵਨੀਆਂ ਦੀ ਪੂਰੀ ਜਾਣਕਾਰੀ ਤੇ ਸਾਫ਼ ਚਿੱਤਰ ਨਹੀਂ ਮਿਲ ਸਕੇ। ਇਨ੍ਹਾਂ ਸਾਕਿਆਂ ਦੇ ਵਾਪਰਨ ਤੋਂ ਬਾਅਦ ਵਰਤੇ ਘਟਨਾਕ੍ਰਮ ਦੀ ਸੰਖੇਪ ਜਾਣਕਾਰੀ ਦੇਣ ਤੋਂ ਬਾਅਦ ਅਖ਼ੀਰ ਵਿਚ ਦਿੱਲੀ ਵਾਲੇ ਨਕਲੀ ਬਾਬੇ ਨੂੰ ਸੋਧਣ ਵਾਲੇ ਪੰਥ ਦੇ ਮਹਾਨ ਜਰਨੈਲ ਭਾਈ ਰਣਜੀਤ ਸਿੰਘ ਜੀ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜੀਵਨ ਵੇਰਵੇ ਸਹਿਤ ਦਿੱਤਾ ਗਿਆ ਹੈ। ਇਸ ਤਰ੍ਹਾਂ ਇਹ ਪੁਸਤਕ ਗੁਰੂ ਨਿੰਦਕ ਨਕਲੀ ਨਿਰੰਕਾਰੀਆਂ ਦਾ ਪਰਦਾਫ਼ਾਸ਼ ਕਰਨ ਅਤੇ ਉਨ੍ਹਾਂ ਦੀਆਂ ਕਾਰਵਾਈਆਂ ਨੂੰ ਠੱਲ੍ਹ ਪਾਉਣ ਲਈ ਸਿੱਖ ਕੌਮ ਦੇ ਅਣਖੀਲੇ ਸੂਰਬੀਰ ਯੋਧਿਆਂ ਵੱਲੋਂ ਕੀਤੀਆਂ ਕੁਰਬਾਨੀਆਂ ਦੇ ਇਤਿਹਾਸ ਨੂੰ ਸੰਭਾਲਣ ਲਈ ਇਕ ਮਹੱਤਵਪੂਰਨ ਦਸਤਾਵੇਜ਼ ਦਾ ਕੰਮ ਕਰੇਗੀ। ਪੁਸਤਕ ਵਿਚ ਰਹਿ ਗਈਆਂ ਉਕਾਈਆਂ ਸੰਬੰਧੀ ਆਏ ਸੁਝਾਵਾਂ ਦਾ ਸਵਾਗਤ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਅਗਲੇ ਐਡੀਸ਼ਨ ਵਿਚ ਸੋਧਣ ਦਾ ਯਤਨ ਕੀਤਾ ਜਾਵੇਗਾ। ਅਖ਼ੀਰ ’ਤੇ ਦਾਸ ਅਦਾਰਾ ‘ਸਿੰਘ ਬ੍ਰਦਰਜ਼’ ਦਾ ਧੰਨਵਾਦੀ ਹੈ, ਜਿਨ੍ਹਾਂ ਨੇ ਇਸ ਪੁਸਤਕ ਨੂੰ ਛਾਪ ਕੇ ਸੰਗਤਾਂ ਤਾਈਂ ਪਹੁੰਚਾਉਣ ਦੀ ਸੇਵਾ ਆਪਣੀ ਝੋਲੀ ਵਿਚ ਪਾਈ ਹੈ।

*ਸੰਗਤਾਂ ਦਾ ਚਰਨ ਧੂੜ ਸੇਵਕ :*

**ਗੁਰਦੀਪ ਸਿੰਘ**

ਸਾਬਕਾ ਚੀਫ਼ ਮੈਨੇਜਰ

ਪੰਜਾਬ ਐਂਡ ਸਿੰਧ ਬੈਂਕ

www.AKJ.Org

# ਆਤਮ-ਤਰੰਗੀ ਮਰਜੀਵੜਿਆਂ ਦੀ ਸ਼ਹੀਦੀ

*—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*

ਸ਼ਰਧਾ-ਭਿੰਨੀਆਂ ਉਮੰਗਾਂ ਦੇ ਆਤਮ-ਤਰੰਗੀ ਮਰਜੀਵੜੇ ਹੀ ਆਪਣੇ ਗੁਰ-ਅਸਥਾਨਾਂ (ਗੁਰੂ-ਘਰ) ਦੀ ਬੇਅਦਬੀ ਨੂੰ ਦੇਖ ਕੇ ਮਰ ਮਿਟਣ ਨੂੰ ਤਿਆਰ ਹੋ ਜਾਂਦੇ ਹਨ। ਅਜਿਹੇ ਮਰਜੀਵੜਿਆਂ ਦੀਆਂ ਸ਼ਹੀਦੀਆਂ ਅਤੇ ਹੋਰ ਅਨਿਕ ਪ੍ਰਕਾਰੀ ਘਾਲਣਾ ਹੀ ਕੌਮੀ ਜੀਵਨ ਵਿਚ ਜਾਨ ਪਾਉਣ ਦਾ ਰੰਗ ਲਿਆਉਂਦੀਆਂ ਹਨ, ਕਿਉਂਕਿ ਉਹ ਗੁਰਮਤਿ-ਭੈ ਦੀ ਕਮਾਈ ਦੁਆਰਾ ਨਿਰਭੈ ਪਦ ਨੂੰ ਪ੍ਰਾਪਤ ਹੋ ਚੁੱਕੇ ਹੁੰਦੇ ਹਨ ਅਤੇ ਇਸ ਨਿਰਭੈ ਪਦ ਅੰਦਰ ਖੇਡਦਿਆਂ ਹੋਇਆਂ ਜਾਨ ਉੱਪਰ ਦੀ ਖੇਡ ਜਾਣਾ, ਇਕ ਆਤਮ-ਅਨੰਦੀ ਅਵਸਥਾ ਵਿਚ ਅਰੂੜ ਹੋ ਕੇ ਜੋ ਕੁਝ ਭੀ ਉਹ ਆਪਣੇ ਗੁਰ-ਅਸਥਾਨਾਂ (ਗੁਰੂ-ਘਰ) ਦੀ ਰੱਛਿਆ ਨਮਿਤ ਕਰਦੇ ਹਨ, ਸਭ ਗੁਰੂ ਦੀ ਪ੍ਰੇਰਨਾ ਅਤੇ ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਹੁੰਦਾ ਹੈ। ਕੋਈ ਹੈਂਕੜ ਹੰਕਾਰ ਤੋਂ ਉਪੰਨਾ ਸੰਸਕਾਰ ਨਹੀਂ ਹੁੰਦਾ, ਕਿਸੇ ਨੂੰ ਭੈ ਦੇਣ ਅਤੇ ਭੈ ਦਿਖਾਉਣ ਹਿਤ ਨਹੀਂ ਹੁੰਦਾ, ਪਰੰਤੂ ਨਿਰਭੈ ਪਦ ਅੰਦਰ ਅਰੂੜ ਹੋਣ ਕਰਕੇ, ਉਹ ਕਿਸੇ ਦਾ ਭੈ ਭੀ ਨਹੀਂ ਮੰਨਦੇ ਅਤੇ ਨਾ ਹੀ ਕਿਸੇ ਵਿਡਾਣੀ ਈਨ ਅਤੇ ਦਬਦਬੇ ਹੇਠ ਆ ਕੇ ਆਪਣੇ ਗੁਰ-ਅਸਥਾਨਾਂ (ਗੁਰੂ-ਘਰ) ਨਮਿਤ ਮਰ ਮਿਟਣ ਵਾਲੀ ਨਿਰਭੈ ਬਿਵਸਥਾ ਤੋਂ ਟਲਦੇ ਹਨ। ਗੁਰੂਦੁਆਰੇ ਸਾਹਿਬਾਨ ਅਤੇ ਗੁਰੂ-ਘਰ ਦੇ ਸ਼ਹੀਦ ਅਸਥਾਨਾਂ ਦੀ ਸ਼ਾਨ, ਇੱਜ਼ਤ ਆਬਰੂ ਕਾਇਮ-ਦਾਇਮ ਰੱਖਣ ਲਈ ਤਨ, ਮਨ, ਧਨ ਦਾ ਹੋਮ ਦੇਣਾ ਉਨ੍ਹਾਂ ਦੀ ਇਕ ਸਹਿਜ-ਸੁਭਾਵੀ ਆਤਮ-ਖੇਡ ਹੈ।

*('ਗੁਰਮਤਿ ਬਿਬੇਕ', ਪੰਨਾ 140)*

# ਸਿੱਖੀ ਦੀਆਂ ਸ਼ਾਖ਼ਾਂ ਅਤੇ ਗੱਦੀਦਾਰੀ

*—ਗੁਰਪੁਰਵਾਸੀ ਗਿ. ਗੁਰਦਿੱਤ ਸਿੰਘ ਜੀ*

ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਤੇ ਸਾਰ-ਗਰਭ ਬਚਨਾਂ ਵਿਚ ਅਕਾਲ ਪੁਰਖ ਪ੍ਰਤੀ ਕੁਝ ਅਜਿਹੇ ਅਰਥ ਭਰਪੂਰ ਤੱਤਾਂ ਨੂੰ ਸਾਖਿਆਤ ਕਰਨ ਵਾਲੇ ਸੰਬੋਧਨੀ ਆਧਾਰ ਹਨ, ਜਿਨ੍ਹਾਂ ਦੀ ਸਰਵਾਂਗੀ ਪੱਕੀ ਨੀਂਹ ਉੱਤੇ ਖ਼ਾਲਸਾ ਪੰਥ ਦਾ ਮਹੱਲ ਰੂਪਮਾਨ ਹੋਇਆ। ਪਰੰਤੂ ਅਸੀਂ ਨਿੱਤ ਦੇਖਦੇ ਹਾਂ ਕਿ ਇਕ ਉੱਤਮ ਫਲਦਾਰ ਬੂਟੇ ਦੇ ਵਧਣ-ਫੁੱਲਣ ਦੇ ਨਾਲੋ-ਨਾਲ, ਕਈ ਜੰਗਲੀ ਬੂਟੀਆਂ ਐਵੇਂ ਹੀ ਉੱਗ ਪੈਂਦੀਆਂ ਹਨ ਤੇ ਉਨ੍ਹਾਂ ਵਿਚ ਇਕ ਦਮ ਵੱਧ ਕੇ ਛਾ ਜਾਣ ਤੇ ਫਲ-ਦਾਇਕ ਬੂਟਿਆਂ ਨੂੰ ਦਬਾ ਲੈਣ ਦੀ ਸ਼ੈਤਾਨੀ ਧੁਸ-ਦੇਊ ਸ਼ਕਤੀ ਵੀ ਕਹਿਰਾਂ ਦੀ ਹੁੰਦੀ ਹੈ। ਇਸੇ ਤਰ੍ਹਾਂ ਗੁਰੂ-ਵਾਕਾਂ ਵਿੱਚੋਂ ਕਿਸੇ ਇਕ ਵਾਕ ਜਾਂ ਸ਼ਬਦ ਦਾ ਸਹਾਰਾ ਲੈ ਕੇ ਅਜਿਹੀ ਕਿਸਮ ਦੇ ਕਈ ਪੰਥ ਵੀ ਉਪਜਦੇ ਰਹੇ ਹਨ, ਜਿਨ੍ਹਾਂ ਨੇ ਹਰ ਸਮੇਂ ਸਿੱਖੀ ਨੂੰ ਢਾਹ ਲਾਉਣ ਦੀਆਂ ਹਰ ਕਿਸਮ ਦੀਆਂ ਕੋਸ਼ਿਸ਼ਾਂ ਕੀਤੀਆਂ। ਗੁਰੂ ਨਾਨਕ ਦੇਵ ਜੀ ਵੱਲੋਂ ਸੰਖੇਪ ਰੂਪ ਵਿਚ ਅਕਾਲ ਪੁਰਖ ਦੇ ਗੁਣ 'ਮੂਲ ਮੰਤਰ' ਵਿਚ ਪ੍ਰਗਟਾਏ ਗਏ ਹਨ। ਉਸ ਦਾ ਇਕ ਇਕ ਸ਼ਬਦ ਅਧਿਆਤਮਿਕ ਰਹੱਸਾਂ ਨੂੰ ਮੂਰਤੀਮਾਨ ਕਰਨ ਵਾਲਾ ਬੀਜ-ਮੰਤਰ ਹੈ। ਇਨ੍ਹਾਂ ਸ਼ਬਦਾਂ ਵਿਚ ਏਨੀ ਸੱਤਿਆ ਹੈ ਕਿ ਇਕ ਇਕ ਸ਼ਬਦ ਦੇ ਜਾਪ ਜਾਂ ਮਹੱਤਤਾ ਦ੍ਰਿੜ੍ਹ ਕਰਾਉਣ ਕਰਕੇ ਹੀ ਕੁਝ ਲੋਕਾਂ ਵੱਲੋਂ 'ਪੰਥ' ਖੜੇ ਹੋ ਗਏ, ਜੋ ਪਿੱਛੋਂ ਆਪਣੀ ਅਲਪੱਗਤਾ ਕਾਰਨ ਤੇ ਮੂਲ ਨਾਲੋਂ ਟੁੱਟ ਕੇ ਥੋਥੇ ਹੋ ਜਾਣ ਕਰਕੇ, ਆਪਣੇ ਆਪ ਹੀ ਬੋਦੇ ਪਏ ਰੁੱਖਾਂ ਵਾਂਗ ਖੜ-ਸੋਕੜ ਹੋ ਕੇ ਢਹਿ-ਢੇਰੀ ਹੁੰਦੇ ਰਹੇ ਹਨ।

ਗੁਰੂ-ਵਾਕਾਂ ਵਿੱਚੋਂ ਕਿਸੇ ਇਕ ਸ਼ਬਦ ਦੇ ਜਾਪ ਜਾਂ ਮਹੱਤਤਾ ਨੂੰ ਵਿਸ਼ੇਸ਼ ਤੌਰ 'ਤੇ ਪ੍ਰਗਟਾਉਣ, ਕਿਸੇ ਇਕ ਸ਼ਬਦ ਦੇ ਮੁੜ ਮੁੜ ਬੋਲਣ ਜਾਂ ਦ੍ਰਿੜ੍ਹ ਕਰਾਉਣ ਵਾਲੇ ਪ੍ਰਚਾਰਕਾਂ ਦੇ ਪਿਛਲੇ ਚਾਰ ਸੌ ਸਾਲਾਂ ਵਿਚ ਕਈ 'ਗਰੋਹ' ਉੱਭਰ ਕੇ ਮੌਸਮੀ 'ਪੰਥ' ਬਣਦੇ ਤੇ ਢਹਿੰਦੇ ਰਹਿੰਦੇ ਹਨ। ਜਿਵੇਂ ਸਤਨਾਮੀ, ਨਿਰੰਜਨੀ, ਸਤਿਕਰਤਾਰੀਏ, ਗਹਿਰ ਗੰਭੀਰੀਏ ਆਦਿ। ਇਹਨਾਂ ਪੰਥਾਂ ਦਾ ਮੂਲ ਆਧਾਰ ਤਾਂ ਗੁਰਵਾਕ ਅਤੇ ਗੁਰਮਤਿ ਦੀ ਸੇਵਾ ਹੀ ਸੀ, ਪਰ ਜਿਵੇਂ ਸਿਆਣਿਆਂ ਦਾ ਕਥਨ ਹੈ:

ਗੰਗਾ ਜਿਉਂ ਜਿਉਂ ਅੱਗੇ ਵੱਧਦੀ ਗਈ, ਗੰਧਲੀ ਹੁੰਦੀ ਗਈ।

ਇਨ੍ਹਾਂ ਫੈਲੀਆਂ ਲਹਿਰਾਂ ਤੇ ਸਿੱਖੀ ਦੀਆਂ ਸ਼ਾਖ਼ਾਂ ਦਾ ਹਸ਼ਰ ਵੀ ਅਜਿਹਾ ਹੀ ਹੋਇਆ।

ਅਕਾਲ ਪੁਰਖ ਜੀ ਦਾ ਖ਼ਾਲਸਾ, ਗੁਰੂ ਸਾਹਿਬਾਨ ਦੇ ਹੁਕਮਾਂ ਦਾ ਪਾਲਕ, ਉਨ੍ਹਾਂ ਦਾ ਆਪਣਾ ਨਿੱਜ-ਪੰਥ ਹੈ, ਜਿਸ ਦੀ ਸਿਰਜਣਾ ਕਰਨ ਸਮੇਂ ਪਹਿਲੀਆਂ ਸਭ ਸ਼ਾਖ਼ਾਂ ਜਾਂ ਸੰਪਰਦਾਵਾਂ ਮਿਟਾ ਦਿੱਤੀਆਂ ਸਨ। ਕੁਝ ਕੁ ਸਿੱਖੀ ਦੇ ਹਿਤੈਸ਼ੀਆਂ ਨਾਲ ਚੰਗਾ

www.AKJ.Org

ਵਰਤਾਉ ਕਰਨਾ, ਜਾਇਜ਼ ਸਮਝ ਕੇ ਬਾਕੀਆਂ ਨਾਲ ਸਾਂਝ ਰੱਖਣੀ ਵਰਜ ਦਿੱਤੀ ਸੀ। ਇੱਕੋ ਖ਼ਾਲਸਾ ਪੰਥ ਸਜਾ ਕੇ ਅੱਗੇ ਨੂੰ 'ਬਹੁ-ਪੰਥੀ' ਰੀਤ ਸਫ਼ਾ ਵਲੇਟ ਦਿੱਤੀ ਸੀ। ਗੁਰੂ ਜੀ ਦਾ ਖ਼ਾਲਸਾ ਔਖੇ ਸਮਿਆਂ ਤੇ ਬਿਖੜੇ ਪੈਂਡਿਆਂ ਉੱਤੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਦੱਸੇ ਮਾਰਗ ਉੱਤੇ ਚੱਲਦਾ ਰਿਹਾ।

ਪਿਛਲੇ 50 ਕੁ ਵਰ੍ਹਿਆਂ ਤੋਂ ਇਸ ਮਹਾਨ ਔਜੱਸਵੀ ਖ਼ਾਲਸਾ ਪੰਥ ਦੀ ਕੇਂਦਰੀ ਧਾਰਮਿਕ ਸ਼ਕਤੀ ਦੇ ਸਿਥਲ ਹੋ ਜਾਣ ਕਰਕੇ, ਤਖ਼ਤ ਸਾਹਿਬਾਨ ਦੇ ਮਹੱਤਵ ਦੀ ਗੱਲ ਮੱਧਮ ਹੋਣ ਕਾਰਨ 'ਸਰਬੱਤ ਖ਼ਾਲਸੇ' ਦੇ ਗੁਰਮਤੇ ਦੀ ਪ੍ਰਥਾ ਦੇ ਹੱਥੋਂ ਛੁੱਟ ਜਾਣ ਕਰਕੇ, ਜਥੇਬੰਦਕ ਸੰਗਠਨ, ਧਰਮ ਪੰਥ ਨਾਲੋਂ ਵੱਧ ਪਾਰਟੀ ਪ੍ਰਾਇਣ ਹੁੰਦਾ ਆ ਰਿਹਾ ਹੈ। ਸ਼ੁਕਰ ਹੈ ਫਿਰ ਵੀ ਮੂਲ ਸੋਮਾ ਖ਼ੁਸ਼ਕ ਨਹੀਂ ਹੋਇਆ ਤੇ ਕਦੇ ਕਦਾਈਂ ਕੋਈ ਚਮਤਕਾਰੀ ਸ਼ਕਤੀ ਝਲਕਦੀ ਹੈ, ਜੋ ਲੀਡਰਾਂ ਦੀਆਂ ਭੁੱਲਾਂ ਤੇ ਹੋਰ ਬਿਖੜੇ ਸਮਿਆਂ ਵੇਲੇ, ਜਦੋਂ ਪੰਥ ਖ਼ਾਲਸਾ ਨੂੰ ਜਬਰ ਦਾ ਸਾਹਮਣਾ ਕਰਨਾ ਪਿਆ, ਬਿਜਲੀ ਦੀ ਚਮਕ ਵਾਂਗ ਘਟਾ-ਟੋਪ ਹਨੇਰੇ ਪਾੜ ਕੇ ਪ੍ਰਗਟ ਹੁੰਦੀ ਰਹੀ ਹੈ। ਜਿਸ ਕਾਰਨ ਧਰਮ ਦੀ ਚਰਚਾ ਤੇ ਸਿੱਖਾਂ ਦਾ ਜਥੇਬੰਦਕ ਸੰਗਠਨ ਚੱਲਦਾ ਰਿਹਾ ਹੈ। ਬੀਤੇ ਜ਼ਮਾਨੇ ਦੇ ਇਤਿਹਾਸ ਦੀਆਂ ਘਟਨਾਵਾਂ ਉੱਤੇ ਝਾਤੀ ਮਾਰਿਆਂ ਦਿੱਸਦਾ ਹੈ ਕਿ ਕੁਝ ਵਿਅਕਤੀ ਆਪਣੇ ਵਿਸ਼ੇਸ਼ ਕਾਰਨਾਮਿਆਂ ਰਾਹੀਂ ਜਦੋਂ ਸਿੱਖ ਸਮਾਜ ਨੂੰ ਪ੍ਰਭਾਵਤ ਕਰਦੇ ਰਹੇ, ਕੁਝ ਗੁਰਮੁਖਾਂ ਦੀ ਕਰਣੀ ਤੋਂ ਪ੍ਰਭਾਵਤ ਲੋਕਾਂ ਦੀਆਂ ਸੰਗਤਾਂ ਦਾ ਬਾਨ੍ਹਣੂੰ ਬੱਝਦਾ ਰਿਹਾ। ਫਿਰ ਉਨ੍ਹਾਂ ਲੋਕਾਂ ਦੀਆਂ ਸੰਗਤਾਂ ਦੇ ਗਰੋਹਾਂ ਦਾ ਹੀ ਪੰਥ ਨਾਲੋਂ ਵੱਖਰਾ ਰੂਪ-ਰੰਗ ਤੇ ਵਿਧੀ-ਵਿਧਾਨ, ਮਰਯਾਦਾ ਦੀ ਭਿੰਨਤਾ ਵੱਧਦੀ ਵੱਧਦੀ ਏਨੀ ਦੂਰ ਹੁੰਦੀ ਗਈ ਕਿ ਪੰਥ ਦੇ ਮੂਲ ਤੇ ਮਰਯਾਦਾ ਨਾਲ ਟਕਰਾਉ ਪੈਦਾ ਹੋ ਗਏ। ਇਹ ਸ਼ਕਤੀਆਂ ਖ਼ਾਲਸਾ ਪੰਥ ਲਈ ਮਾਰੂ ਵੀ ਸਿੱਧ ਹੋਈਆਂ ਅਤੇ ਖ਼ਾਲਸਾ ਪੰਥ ਦੀ ਦੁਰਦਸ਼ਾ ਦਾ ਕਾਰਨ ਬਣੀਆਂ। ਕਈ ਪੰਥਾਂ ਦੇ ਧਾਰਨੀ ਆਪਣੀ ਪ੍ਰਤਿਭਾ, ਸ਼ੋਭਾ ਤੇ ਮਾਇਕ ਬਲ ਅਤੇ ਮਨੁੱਖੀ ਸ਼ਕਤੀ ਕਰਕੇ ਅਸਲੇ ਨਾਲੋਂ ਦੂਰ ਹੋ ਕੇ ਆਪਣੇ ਆਪ ਨੂੰ ਗ਼ਲਤ ਹੁੰਦਿਆਂ ਠੀਕ ਹੀ ਪ੍ਰਗਟਾਉਂਦੇ ਰਹੇ। ਪਰ ਕੱਚੀਆਂ ਦੀਵਾਰਾਂ ਕਦੋਂ ਤਕ ਖੜੀਆਂ ਰਹਿ ਸਕਦੀਆਂ ਹਨ, ਭਾਵੇਂ ਉਨ੍ਹਾਂ ਉੱਤੇ ਚੂਨੇ, ਗੱਚ ਲੇਪਣ ਤੇ ਸੋਨਾ ਕਿਉਂ ਨਾ ਚੜ੍ਹਾਇਆ ਜਾਵੇ :

*ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ ॥੧॥ਰਹਾਉ॥* *(ਪੰਨਾ 1171)*

## ਨਿਰੰਜਨੀਏ ਤੇ ਸਤਿਕਰਤਾਰੀਏ ਨਿਰੰਕਾਰੀਏ ਆਦਿ

ਗੁਰੂ ਅਮਰਦਾਸ ਜੀ ਦੇ ਹੀ ਇਕ ਪ੍ਰੇਮੀ ਸਿੱਖ ਭਾਈ ਹੰਦਾਲ ਦੀ ਔਲਾਦ ਦੇ ਲੋਕ, ਜੋ ਪੰਜਵੇਂ ਪਾਤਸ਼ਾਹ ਤਕ ਗੁਰੂ-ਘਰ ਦੇ ਸੇਵਕ ਬਣੇ ਰਹੇ, ਖ਼ੁਦ ਗੁਰੂ ਬਣ ਗਏ। 'ਜੰਡਿਆਲਾ ਗੁਰੂ ਕਾ' ਉਨ੍ਹਾਂ ਦਾ ਕੇਂਦਰ ਬਣਿਆ। ਉਹ ਆਪਣੇ ਆਪ ਨੂੰ ਨਿਰੰਜਨੀਏ ਕਹਾਉਣ ਲੱਗੇ ਅਤੇ ਸਤਿਕਰਤਾਰੀਏ ਕਰਕੇ ਪ੍ਰਸਿੱਧ ਹੋਏ। ਉਨ੍ਹਾਂ ਗੁਰਬਾਣੀ ਅਤੇ ਜਨਮਸਾਖੀ ਵਿਚ ਹੀ ਰਲੇ ਨਹੀਂ ਪਾਏ, ਸਿੱਖੀ ਲਹਿਰ ਦੇ ਸਰੂਪ ਨੂੰ ਵਿਗਾੜਨ ਦਾ ਅਨਰਥ ਹੀ ਨਹੀਂ ਕੀਤਾ, ਬਲਕਿ ਗੁਰੂ ਨਾਨਕ ਦੇਵ ਜੀ ਦੀ ਪਾਵਨ ਜਨਮਸਾਖੀ ਦਾ ਮੁਹਾਂਦਰਾ ਵਿਗਾੜਨ ਦਾ ਧਰੋਹ ਵੀ ਕੀਤਾ। ਉਨ੍ਹਾਂ ਦੇ ਹੀ ਪੋਤਰੇ ਹਰਭਗਤ

www.AKJ.Org

ਨਿਰੰਜਨੀਏ ਨੇ, ਜਦੋਂ ਸਿੱਖਾਂ ਦੇ ਸਿਰਾਂ ਦਾ ਮੁੱਲ ਪੈਂਦਾ ਸੀ, ਸ਼ਿਕਾਰੀਆਂ ਵਾਂਗ ਸਿੱਖੀ ਦੇ ਵਿਰੋਧੀਆਂ ਨਾਲ ਰਲ ਕੇ ਅਤੇ ਆਪ ਫੜ ਫੜ ਕੇ ਸਿੱਖ ਮਰਵਾਏ, ਖ਼ਾਸਕਰ ਸ. ਮਹਿਤਾਬ ਸਿੰਘ ਮੀਰਾਂਕੋਟੀਏ, ਭਾਈ ਤਾਰੂ ਸਿੰਘ ਜੀ ਜਿਹੇ ਸਿੱਖਾਂ ਵਿਰੁੱਧ ਚੁਗ਼ਲੀਆਂ ਕਰ ਕਰ ਕੇ ਉਨ੍ਹਾਂ ਨੂੰ ਸ਼ਹੀਦ ਕਰਾਇਆ। ਇਹ ਸ਼ਾਖ਼ ਸਿੱਖੀ ਦੀ ਕਰੜੀ ਵੈਰੀ ਬਣੀ। ਸਿੱਖੀ ਉੱਤੇ ਭਾਰੀ ਅਸਰ 'ਉਦਾਸੀ' ਸ਼ਾਖ਼ ਦਾ ਪਿਆ, ਜਿਨ੍ਹਾਂ ਮੁੱਢ ਵਿਚ ਸਿੱਖੀ ਦੇ ਪ੍ਰਚਾਰ ਦੀ ਭਾਰੀ ਸੇਵਾ ਕੀਤੀ।

ਮਹੰਤਾਂ ਵਿਚ ਉਦਾਸੀ ਪੰਥ ਦੇ ਤਿਆਗੀ ਕਹੇ ਜਾਂਦੇ ਸਾਧੂਆਂ ਵਿੱਚੋਂ, ਜਿਨ੍ਹਾਂ ਦੀ ਸਾਰੀ ਵਸਤੂ, ਗੁਰੂ-ਘਰ ਵਿਚ ਹੀ ਬਾਬਾ ਸ੍ਰੀ ਚੰਦ ਜੀ ਨੇ ਬਾਬੇ ਗੁਰਦਿੱਤੇ ਨੂੰ ਟਿੱਕਾ ਦੇ ਕੇ ਸ਼ਾਮਲ ਕਰ ਦਿੱਤੀ ਸੀ, ਨਵੇਂ ਸਿਰੇ ਗੱਦੀਆਂ ਤੇ ਮਹੰਤੀਆਂ ਉਭਾਰੀਆਂ। ਖ਼ਾਲਸਾ ਜੀ ਦੇ ਜੰਗਾਂ-ਯੁੱਧਾਂ ਵੇਲੇ ਉਦਾਸੀਆਂ ਦੀ ਸਿੱਖੀ ਪ੍ਰਤੀ ਸਦਾ ਜਾਗ੍ਰਤ ਰਹੀ ਇਸੇ ਸਦਭਾਵਨਾ ਦੇ ਫਲਸਰੂਪ ਕਈ ਸਾਧੂ ਗੁਰਧਾਮਾਂ ਵਿਚ ਸੇਵਾ ਤੇ ਦੀਵੇ ਵੱਟੀ ਲਈ ਥਾਪੇ ਗਏ। ਇਨ੍ਹਾਂ ਵਿੱਚੋਂ ਕਈ ਗੁਰਧਾਮਾਂ ਦੇ ਉੱਤਮ ਕਿਸਮ ਦੇ ਸਿੱਖ ਸੇਵਕ ਦੇ ਤੌਰ 'ਤੇ ਪ੍ਰਸਿੱਧ ਹੋਏ। ਪਰ ਕੁਝ ਦੇਰ ਪਿੱਛੋਂ ਉਨ੍ਹਾਂ ਵਿੱਚੋਂ ਕਈ ਅਜਿਹੀ ਰੁਚੀ ਦੇ ਮਾਲਕ ਬਣੇ ਕਿ ਸ਼ਰਧਾਲੂ ਸਿੱਖਾਂ ਦੀਆਂ ਧੀਆਂ ਭੈਣਾਂ ਦੀਆਂ ਇੱਜ਼ਤਾਂ ਰੋਲੀਆਂ ਅਤੇ ਸਿੱਖਾਂ ਨੂੰ ਗੋਲੀਆਂ ਨਾਲ ਭੁੰਨਣ ਤੋਂ ਵੀ ਗੁਰੇਜ਼ ਨਾ ਕੀਤਾ। ਨਨਕਾਣਾ ਸਾਹਿਬ ਦਾ ਸਾਕਾ ਅਤੇ ਮਹੰਤ ਨਰੈਣ ਦਾਸ ਬਾਰੇ ਇਸ਼ਾਰਾ ਹੀ ਕਾਫ਼ੀ ਹੋਵੇਗਾ, ਜਿਸ ਦੀ ਕਰਤੂਤ ਕਾਰਨ ਉਥੇ 'ਜੰਡਾਂ ਨਾਲ ਜੀਉਂਦੇ ਬੰਨ੍ਹ ਕੇ ਸਾੜੇ ਗਏ' ਸਿੰਘਾਂ ਦਾ ਅਸੀਂ ਨਿੱਤ ਧਿਆਨ ਧਰਦੇ ਹਾਂ।

ਨਾਮਧਾਰੀ ਸ਼ਾਖ਼ਾ ਦੇ ਸੰਚਾਲਕ, ਕੁਰਬਾਨੀ ਦੇ ਪੁੰਜ, ਵਾਹਿਗੁਰੂ ਦੇ ਨਾਮ ਦੇ ਜਾਪ ਵਿਚ ਲੀਨ ਰਹਿਣ ਵਾਲੇ ਬਾਬਾ ਰਾਮ ਸਿੰਘ ਜੀ ਦੇ ਵਧੇਰੇ ਨਾਮ ਜਪਣ ਤੇ ਜਪ ਕਰਾਉਣ ਕਾਰਨ 'ਨਾਮਧਾਰੀ' ਕਰਕੇ ਪ੍ਰਸਿੱਧ ਹੋਏ। ਇਹ ਲਹਿਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪਿੱਛੋਂ ਖੜੀ ਹੋਈ। ਬਾਬਾ ਜੀ ਨੇ ਆਪ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦਿਆਂ ਹੋਇਆਂ ਸਿੱਧੀ ਤੇ ਪ੍ਰਸਿੱਧੀ ਪਾਈ। ਫਿਰ ਰੰਗੂਨ ਤੋਂ ਸਿੱਖਾਂ ਨੂੰ ਪੱਤਰ ਲਿਖੇ ਕਿ 'ਗੁਰੂ ਤਾਂ ਗੁਰੂ ਗ੍ਰੰਥ ਸਾਹਿਬ ਹੈ, ਮੈਂ ਤਾਂ ਰਪਟੀਏ ਮਾਫ਼ਕ ਹਾਂ।' ਖ਼ਾਲਸਾ ਪੰਥ ਦੀ ਅਜ਼ਮਤ ਲਈ ਉਨ੍ਹਾਂ ਜਾਨ ਘੋਲ ਘੁਮਾਈ, ਰਹਿਤ ਬਿਬੇਕ ਤੇ ਗੁਰਬਾਣੀ ਦਾ ਪ੍ਰਚਾਰ ਅਤਿ ਮੁਸ਼ਕਲਾਂ ਵਿਚ ਵੀ ਕੀਤਾ। ਪਰ ਉਨ੍ਹਾਂ ਤੋਂ ਪਿੱਛੋਂ ਜਾ ਕੇ ਇਨ੍ਹਾਂ ਲੋਕਾਂ ਵਿੱਚੋਂ ਅਜਿਹੇ 'ਮਸਤਾਨੇ' ਪੈਦਾ ਹੋਏ ਜੋ ਹਾਲ ਪੈਣ ਤੋਂ ਸਿਰ ਮਾਰ ਮਾਰ ਕੇ ਗੁਰੂ ਗ੍ਰੰਥ ਸਾਹਿਬ ਦੀ ਦੇਹ ਉੱਤੇ ਬੈਠ ਜਾਣਾ ਵੀ ਕੀਰਤਨ ਸਮਝਦੇ ਰਹੇ ਅਤੇ ਪੱਤਰਾ ਪੱਤਰਾ ਕਰ ਕੇ ਪਾਠ ਕਰਨ ਨੂੰ 'ਜਾਪ' ਜਾਂ 'ਪੁੰਨ ਕਰਮ' ਦੱਸਦੇ ਹੋਏ ਬੇਅਦਬੀ ਕਰਨ ਲੱਗੇ। ਇਸ ਕਿਸਮ ਦੀਆਂ ਸਿੱਖੀ ਦੀਆਂ ਸ਼ਾਖ਼ਾਂ ਉੱਭਰਦੀਆਂ ਅਤੇ ਮੂਲ ਸੋਮੇ ਤੋਂ ਨਿੱਖੜਦੀਆਂ ਤੇ ਕਈ ਵਾਰ ਮੁੜ ਜੁੜਦੀਆਂ ਵੀ ਰਹੀਆਂ। ਪਰ ਇਹ ਹਕੀਕਤ ਹੈ ਕਿ ਇਸ ਬਹੁ-ਪੰਥੀ ਪ੍ਰਥਾ ਨੇ ਸਿੱਖੀ ਨੂੰ ਕਈ ਤਰ੍ਹਾਂ ਦੇ ਨੁਕਸਾਨ ਪਹੁੰਚਾਏ ਅਤੇ ਇਸ ਸਮੇਂ ਸਿੱਖਾਂ ਵਿਚ ਵੱਖੋ-ਵੱਖਰੀ ਕਿਸਮ ਦੇ ਪੰਥ ਖੜੇ ਕਰ ਕੇ ਉਨ੍ਹਾਂ ਨੂੰ ਮਾਨਤਾ ਦੇਣ ਵਾਲੇ ਸਿੱਖੀ ਦੇ ਵੈਰੀਆਂ ਦੀ ਸ਼ਹਿ ਨਾਲ ਹੁਣ ਵੀ ਪਹੁੰਚਾ ਰਹੇ ਹਨ, ਜਿਨ੍ਹਾਂ ਵਿੱਚੋਂ ਦਿੱਲੀ ਦੇ ਨਿਰੰਕਾਰੀ ਸਭ ਤੋਂ ਅੱਗੇ ਹਨ। ਅੱਜਕਲ੍ਹ ਸਿੱਖ ਸੰਸਾਰ ਲਈ

www.AKJ.Org

ਦੁਖਦਾਈ, ਦਿੱਲੀ ਦੇ ਨਿਰੰਕਾਰੀ ਕਹਾਉਣ ਵਾਲਾ ਗਰੋਹ ਟਕਰਾਉ ਵਿਚ ਹੈ। ਇਹ ਗਰੋਹ ਆਪਣੀ ਗੁਰਿਆਈ ਦੇ ਝੂਠੇ ਦਾਅਵਿਆਂ ਦੇ ਐਲਾਨ ਹੀ ਨਹੀਂ ਕਰਦਾ, ਸਗੋਂ ਵਲੀਆਂ ਅਵਤਾਰਾਂ ਦੇ ਉੱਤੋਂ ਦੀ ਹੋ ਕੇ ਆਪਣੇ ਆਪ ਨੂੰ ਯੁਗ ਪੁਰਸ਼ ਦੱਸਦਾ ਹੈ ਅਤੇ ਸਿੱਖਾਂ ਦੇ ਸਿਰ ਭੰਨ ਕੇ, ਖ਼ੂਨੀ ਛਵ੍ਹੀਆਂ, ਡਾਂਗਾਂ ਤੇ ਬੰਦੂਕਾਂ ਦੀਆਂ ਗੋਲੀਆਂ ਚਲਾ ਕੇ, ਤੀਰਾਂ ਦੀਆਂ ਅਣੀਆਂ ਨਾਲ ਸੀਨੇ ਵਿੰਨ੍ਹ ਕੇ 'ਵਾਮ-ਮਾਰਗੀ' ਕਿਸਮ ਦੇ ਮੱਤ ਦਾ ਪ੍ਰਚਾਰ ਕਰਨ ਵਾਲਾ ਸਾਰੇ ਜੱਗ ਦਾ ਤਾਰਨਹਾਰ ਹੋਣ ਦਾ ਦਾਅਵੇਦਾਰ ਬਣਿਆ ਹੋਇਆ ਹੈ। ਇਸ ਫ਼ਿਰਕੇ ਦਾ ਮੂਲ ਸੋਮਾ ਜਿਵੇਂ ਹਰ ਸ਼ਾਖ਼ ਤੇ ਚਸ਼ਮੇ ਦਾ ਹੁੰਦਾ ਹੈ, ਨਿਰਮਲ ਜਲ ਵਾਂਗ ਹੀ ਸੀ। ਗੁਰਮਤਿ ਦੇ ਪ੍ਰਚਾਰ ਅਤੇ ਮਨਮਤ ਨੂੰ ਪ੍ਰਹਾਰਨ ਵਾਲੇ ਸਿੱਖਾਂ ਦੀ ਇਹ ਨਿਰੰਕਾਰ ਸੇਵਕਾਂ ਦੀ ਸ਼ਾਖ਼ਾ ਪਿਸ਼ਾਵਰ ਤੋਂ ਉੱਗੀ ਤੇ ਰਾਵਲਪਿੰਡੀ ਵਿਚ ਪਿੱਛੋਂ ਜਾ ਕੇ ਪ੍ਰਫੁੱਲਤ ਹੋਈ। ਜਿਸ ਦੀਆਂ ਪੋਠੋਹਾਰ ਵਿਚ ਸਰਗਰਮੀਆਂ ਨੂੰ ਵੇਖ ਕੇ ਗੁਪਤ ਤੌਰ ਉੱਤੇ ਸਿੱਖਾਂ ਬਾਰੇ ਸਰਵੇਖਣ ਕਰਨ ਵਾਲੇ ਈਸਾਈ ਮਿਸ਼ਨ ਦੀ ਰਿਪੋਰਟ ਵਿਚ ਲਿਖਿਆ ਮਿਲਦਾ ਹੈ :

> ਗਰਮੀਆਂ ਵਿਚ ਅਸਾਂ ਰਾਵਲਪਿੰਡੀ ਦੇ ਹਿੰਦੂਆਂ ਵਿਚ ਇਕ ਲਹਿਰ ਬਾਬਤ ਸੁਣਿਆ। ਇਸ ਲਹਿਰ ਦੇ ਜੋ ਪ੍ਰਤਿਨਿਧ ਸਾਨੂੰ ਮਿਲੇ, ਉਨ੍ਹਾਂ ਦੀ ਮਨ ਦੀ ਅਵਸਥਾ ਸਚਾਈ ਦੀ ਪ੍ਰਾਪਤੀ ਦੇ ਅਨੁਕੂਲ ਭਾਸਦੀ ਸੀ। ਇਸ ਲਈ ਜ਼ਰੂਰੀ ਸਮਝਿਆ ਗਿਆ ਕਿ ਉਨ੍ਹਾਂ ਨੂੰ ਮਿਲਿਆ ਜਾਏ, ਉਨ੍ਹਾਂ ਕੋਲੋਂ ਲਹਿਰ ਦੇ ਅਸਲ ਮਨੋਰਥ ਬਾਬਤ ਜਾਣਿਆ ਜਾਵੇ ਤੇ ਜੇ ਸੰਭਵ ਹੋਵੇ ਤਾਂ ਇਸ ਲਹਿਰ ਨੂੰ ਠੀਕ ਸੇਧ ਦਿੱਤੀ ਜਾਵੇ। ਪਰ ਪੜਤਾਲ ਕਰਨ ਉੱਤੇ ਪਤਾ ਲੱਗਾ ਕਿ ਸਾਰੀ ਲਹਿਰ ਇਕੱਲੇ ਵਿਅਕਤੀ ਦੇ ਉੱਦਮ ਦਾ ਨਤੀਜਾ ਹੈ ਜੋ ਇਕ ਨਵਾਂ ਪੰਥ (ਧਰਮ ਫ਼ਿਰਕਾ) ਸਥਾਪਤ ਕਰਨ ਲਈ ਹੈ, ਜਿਸ ਦਾ ਕਿ ਉਹ ਆਪ ਸਿੱਖਿਆਦਾਤਾ ਜਾਂ ਆਗੂ ਹੋਵੇਗਾ। ਇਹ ਸੰਪਰਦਾ 8-9 ਵਰ੍ਹੇ ਤੋਂ ਹੋਂਦ ਵਿਚ ਆ ਚੁੱਕੀ ਹੈ, ਪਰ ਸਿੱਖਾਂ ਦੇ ਰਾਜ ਵੇਲੇ ਉਹ ਡਰ ਦੇ ਮਾਰੇ ਚੁੱਪ ਰਹੇ ਹਨ। ਕੰਪਨੀ ਦੇ ਦੇਸ਼ ਉੱਤੇ ਰਾਜ ਹੋਣ ਪਿੱਛੋਂ ਉਹ ਵਧੇਰੇ ਦਲੇਰ ਹੋ ਗਏ ਹਨ ਤੇ ਸਾਡੀਆਂ ਧਾਰਮਿਕ ਰਚਨਾਵਾਂ ਵਿੱਚੋਂ ਬੁੱਤ-ਪੂਜਾ ਦੇ ਵਿਰੁੱਧ ਦਲੀਲਾਂ ਦੀ ਸਹਾਇਤਾ ਨਾਲ ਉਨ੍ਹਾਂ ਨੇ ਹਿੰਦੂਆਂ ਦੇ ਵਿਸ਼ਵਾਸ ਉੱਤੇ ਬੜੇ ਜ਼ੋਰਦਾਰ ਹਮਲੇ ਕੀਤੇ ਹਨ। ਬੁੱਤ-ਪੂਜਾ ਦੀ ਸਿੱਖਾਂ ਅਤੇ ਹਿੰਦੂਆਂ ਵੱਲੋਂ ਹੋਰ ਜਿਸ ਕਿਸੇ ਗੱਲ ਨੂੰ ਭੀ ਪਵਿੱਤਰ ਜਾਂ ਧਾਰਮਿਕ ਮੰਨਿਆ ਜਾਂਦਾ ਹੈ, ਸਭ ਦੀ ਗੁਰੂ ਨਾਨਕ ਤੇ ਗੁਰੂ ਗ੍ਰੰਥ ਤੋਂ ਬਿਨਾਂ ਨਿਖੇਧੀ ਕਰਦੇ ਹਨ। ਹਿੰਦੂ ਸ਼ਿਕਾਇਤ ਕਰਦੇ ਹਨ ਕਿ ਉਹ ਗਊ ਨੂੰ ਭੀ ਗਾਲ੍ਹਾਂ ਕੱਢਦੇ ਹਨ। ਅਪਵਿੱਤਰਤਾ ਦੀ ਇਹ ਹੱਦ ਸਹਾਰੀ ਨਹੀਂ ਸੀ ਜਾ ਸਕਦੀ। ਨਤੀਜੇ ਵਜੋਂ ਕਿਤੇ ਕਿਤੇ ਬਾਜ਼ਾਰਾਂ ਵਿਚ ਝਗੜੇ ਤੇ ਝੜਪਾਂ ਭੀ ਹੋਈਆਂ, ਜਿਸ ਕਰਕੇ ਦੋਵੇਂ ਧਿਰਾਂ ਕਚਹਿਰੀਆਂ ਵਿਚ ਪੁੱਜੀਆਂ। ਇਨ੍ਹਾਂ ਨੂੰ 'ਨਿਰੰਕਾਰੀ' ਆਖਦੇ ਹਨ, ਕਿਉਂਕਿ ਉਹ ਨਿਰ-ਆਕਾਰ (ਰੂਪ ਰਹਿਤ) ਰੱਬ ਨੂੰ ਮੰਨਦੇ ਹਨ, ਉਨ੍ਹਾਂ ਦੇ ਧਰਮ ਦਾ ਦੂਜਾ ਮੁੱਖ ਵਿਚਾਰ ਹੈ ਕਿ ਮੁਕਤੀ ਰੱਬ ਵਿਚ ਧਿਆਨ ਜੋੜਨ ਨਾਲ ਮਿਲਦੀ ਹੈ। ਉਹ ਗੁਰੂ ਨਾਨਕ ਨੂੰ ਆਪਣਾ ਮੁਕਤੀਦਾਤਾ ਸਮਝਦੇ ਹਨ ਕਿਉਂਕਿ ਉਨ੍ਹਾਂ ਨੇ ਹੀ ਮੁਕਤੀ ਦਾ ਰਾਹ ਸਿਖਾਇਆ ਹੈ। ਉਨ੍ਹਾਂ ਦੇ ਅਨੋਖੇ ਤਰੀਕਿਆਂ ਵਿੱਚੋਂ ਦੋ ਗੱਲਾਂ ਸਿੱਖਣ ਵਾਲੀਆਂ ਹਨ। ਪਹਿਲੀ ਉਹ ਰੋਜ਼ ਸਵੇਰੇ ਪਾਠ ਪੂਜਾ ਲਈ ਇਕੱਠੇ ਹੁੰਦੇ ਹਨ, ਜਿਸ ਵਿਚ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣਾ ਭੀ ਤੇ ਚੜ੍ਹਾਵਾ ਚੜ੍ਹਾਉਣਾ ਤੇ ਸੰਗਤ ਵਿੱਚੋਂ ਕਿਸੇ ਇਕ ਕੋਲੋਂ ਪਾਠ

www.AKJ.Org

ਸੁਣਨਾ ਭੀ ਸ਼ਾਮਲ ਹੈ। ਜੇ ਸੰਪ੍ਰਦਾਇ ਮੁਖੀ ਉਥੇ ਹੋਵੇ ਤਾਂ ਉਸ ਕੋਲੋਂ ਸੁਣੇ ਹੋਏ ਪਾਠ ਦੀ ਵਿਆਖਿਆ ਭੀ ਸੁਣਦੇ ਹਨ, ਦੂਜਾ ਉਹ ਆਪਣੇ ਮੁਰਦੇ ਸਾੜਦੇ ਨਹੀਂ ਤਾਂ ਕਿ ਇਸ ਤਰ੍ਹਾਂ ਉਹ ਹਿੰਦੂਆਂ ਵਿਚ ਨਾ ਰਚ-ਮਿਚ ਜਾਣ, ਨਾ ਉਹ ਮੁਰਦੇ ਦੱਬਦੇ ਹਨ ਤਾਂ ਕਿ ਉਹ ਈਸਾਈ ਤੇ ਮੁਸਲਮਾਨਾਂ ਨਾਲ ਨਾ ਰਲਣ, ਸਗੋਂ ਉਹ ਲਾਸ਼ਾਂ ਨੂੰ ਦਰਿਆ ਵਿਚ ਰੋੜ੍ਹਦੇ ਹਨ।

*(ਲੁਧਿਆਣਾ ਮਿਸ਼ਨ, ਲੁਧਿਆਣਾ ਦੀ ਸਾਲਾਨਾ ਰਿਪੋਰਟ 1893, ਪੰਨਾ 22-23; ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਧੰਨਵਾਦ ਸਹਿਤ ਪ੍ਰਾਪਤ)*

ਗਿਆਨੀ ਹੀਰਾ ਸਿੰਘ 'ਦਰਦ' ਨੇ ਇਕ ਪੁਰਾਣੇ ਤੇ ਖ਼ਾਨਦਾਨੀ ਨਿਰੰਕਾਰੀ ਬਾਬਾ ਰੱਤਾ ਜੀ ਬਾਰੇ ਪੈਂਫ਼ਲਿਟ ਵਿਚ ਲਿਖਿਆ ਹੈ:

ਭਾਵੇਂ ਆਪ ਕੇਸਧਾਰੀ ਨਹੀਂ ਸਨ, ਪਰ ਆਪ ਦੇ ਅੰਦਰ ਗੁਰਮਤਿ ਦਾ ਉਹ ਪ੍ਰਕਾਸ਼ ਹੋਇਆ ਜੋ ਉਸ ਸਮੇਂ ਦੇ ਕੇਸਾਧਾਰੀਆਂ ਵਿਚ ਵੀ ਨਹੀਂ ਦਿੱਸਦਾ ਸੀ।

*(ਟ੍ਰੈਕਟ ਨਿਰੰਕਾਰੀ, ਸਫ਼ਾ 9)*

ਨਿਰੰਕਾਰੀ ਸ਼ਾਖ਼ਾ ਬਾਰੇ ਸਿੱਖਾਂ ਦੇ ਗ੍ਰੰਥਾਂ ਵਿਚ ਕੁਝ ਵਿਸ਼ੇਸ਼ ਲਿਖਤਾਂ ਨਹੀਂ ਮਿਲਦੀਆਂ। *ਪੰਥ ਪ੍ਰਕਾਸ਼* ਗਿਆਨੀ ਗਿਆਨ ਸਿੰਘ ਜੀ ਦੇ ਅੰਤਲੇ ਭਾਗ ਵਿਚ ਖ਼ਾਲਸਾ ਪੰਥ ਦੀਆਂ ਵੱਖੋ-ਵੱਖਰੀਆਂ ਸ਼ਾਖ਼ਾਂ, ਸੰਪਰਦਾਵਾਂ ਅਤੇ ਬਖ਼ਸ਼ਿਸ਼ਾਂ ਤੋਂ ਚੱਲੀਆਂ ਪੱਧਤੀਆਂ ਬਾਰੇ ਚੋਖੀ ਸਮੱਗਰੀ ਮਿਲਦੀ ਹੈ। ਇਥੋਂ ਤਕ ਕਿ ਗੁਲਾਬਦਾਸੀਆਂ ਬਾਰੇ ਵੀ ਵਰਣਨ ਹੈ, ਪਰ ਨਿਰੰਕਾਰੀ ਸ਼ਾਖ਼ਾ ਦਾ ਜ਼ਿਕਰ ਓਨਾ ਨਹੀਂ ਕੀਤਾ। ਇਕ ਅੰਗਰੇਜ਼ ਲੇਖਕ ਮਿ. ਐਚ.ਆਰ. ਰੋਜ਼ ਨੇ *ਏ ਗਲਾਸਰੀ ਆਫ਼ ਟ੍ਰਾਈਬਸ ਐਂਡ ਕਾਸਟਸ ਆਫ਼ ਪੰਜਾਬ ਐਂਡ ਨਾਰਥ-ਵੈਸਟ ਫ਼ਰੰਟੀਅਰ ਪ੍ਰਾਵਿੰਸ* ਦੇ ਭਾਗ ਤੀਜੇ ਵਿਚ, ਜੋ ਪਹਿਲੀ ਵਾਰ ਸਿਵਲ ਮਿਲਟਰੀ ਗ਼ਜ਼ਟ ਪ੍ਰੈੱਸ, ਲਾਹੌਰ ਵਿਚ ਛਪੀ ਸੀ ਅਤੇ 1970 ਵਿਚ ਭਾਸ਼ਾ ਵਿਭਾਗ ਨੇ ਮੁੜ ਛਾਪੀ ਹੈ, ਉਸ ਵਿਚ ਇਸ ਲਹਿਰ ਬਾਰੇ ਵੇਰਵੇ ਭਰਿਆ ਵਰਣਨ ਇੰਜ ਦਿੱਤਾ ਹੈ, ਜੋ ਲੁਧਿਆਣਾ ਮਿਸ਼ਨ ਦੀ ਰਿਪੋਰਟ ਨਾਲ ਮਿਲਦਾ-ਜੁਲਦਾ ਹੀ ਹੈ:

ਸ਼ਬਦ 'ਨਿਰੰਕਾਰ' (ਸੰਸਕ੍ਰਿਤ ਨਿਰ + ਅਕਾਰ, ਰੂਪ ਰਹਿਤ) ਜਾਂ ਆਕਾਰ ਰੂਪ, ਰੇਖ, ਰੰਗ ਰਹਿਤ ਸਿੱਖ ਮਤ ਵਿਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਤਕ ਜਾਂਦੀ ਹੈ, ਜਿਨ੍ਹਾਂ ਨੂੰ ਅਸਲ ਵਿਚ 'ਨਾਨਕ ਨਿਰੰਕਾਰੀ' ਕਿਹਾ ਜਾਂਦਾ ਹੈ, ਪਰ ਇਹ ਸੰਪ੍ਰਦਾ ਨਵੀਂ ਹੈ, ਜੋ ਭਾਈ ਦਿਆਲ ਦਾਸ, ਪਿਸ਼ਾਵਰ ਦੇ ਖੱਤਰੀ ਰਾਹੀਂ, ਜੋ 1845 ਦੇ ਲਗਭਗ ਰਾਵਲਪਿੰਡੀ ਜਾ ਟਿਕਿਆ, ਸਥਾਪਤ ਹੋਈ। ਉਨ੍ਹਾਂ ਦੇ 1855 ਵਿਚ ਹੋਏ ਦੇਹਾਂਤ ਉੱਤੇ ਉਨ੍ਹਾਂ ਦਾ ਸਪੁੱਤਰ ਭਾਈ ਭੱਰਾ ਜਾਂ ਦਰਬਾਰਾ ਸਿੰਘ ਉਨ੍ਹਾਂ ਦੀ ਥਾਂ 'ਤੇ ਬੈਠਾ ਤੇ ਫਿਰ ਉਨ੍ਹਾਂ ਦਾ ਦੂਜਾ ਪੁੱਤਰ ਭਾਈ ਰੱਤਾ। ਨਿਰੰਕਾਰੀ ਇਕ ਅਣਦਿੱਸ ਪਰਮਾਤਮਾ ਨੂੰ ਇਕ ਆਤਮਾ ਮੰਨ ਕੇ ਪੂਜਦੇ ਹਨ ਜੋ ਪ੍ਰਾਰਥਨਾਵਾਂ ਸੁਣਦਾ ਹੈ। ਨਿਰੰਕਾਰੀ ਬੁੱਤਾਂ, ਬ੍ਰਾਹਮਣਾਂ ਤੇ ਮਰ ਚੁੱਕੇ ਪਿਤਰਾਂ ਦੀ ਪੂਜਾ ਨਹੀਂ ਕਰਦੇ। ਉਹ ਮਾਸ, ਸ਼ਰਾਬ ਤੋਂ ਬਚ ਕੇ ਰਹਿੰਦੇ ਹਨ ਅਤੇ ਸੱਚ ਦਾ ਸਤਿਕਾਰ ਕਰਦੇ ਹਨ। ਤੀਰਥ ਯਾਤਰਾ ਉਨ੍ਹਾਂ ਵਿਚ ਬੇਅਰਥ ਸਮਝੀ ਜਾਂਦੀ ਹੈ। ਨਾ ਗਊ ਨਾ ਬ੍ਰਾਹਮਣ ਨੂੰ ਸਤਿਕਾਰਿਆ ਜਾਂਦਾ ਹੈ। ਹਰ ਮਹੀਨੇ ਦੀ ਪਹਿਲੀ (ਸੰਗਰਾਂਦ) ਨੂੰ ਪਵਿੱਤਰ ਸਮਝ ਕੇ ਗੁਰਦੁਆਰੇ ਜਾਣਾ, ਗੁਰੂ ਗ੍ਰੰਥ

www.AKJ.Org

ਸਾਹਿਬ ਦਾ ਪਾਠ ਕਰਨਾ, ਪਾਪਾਂ ਤੋਂ ਪਸਚਾਤਾਪ ਕਰਨਾ ਤੇ ਦਾਨ ਦੇਣਾ ਜ਼ਰੂਰੀ ਮੰਨਿਆ ਜਾਂਦਾ ਹੈ। ਗੁਰੂ ਨਾਨਕ ਦਾ ਆਦਿ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ), ਉਨ੍ਹਾਂ ਦਾ ਧਾਰਮਿਕ ਗ੍ਰੰਥ ਹੈ। ਬਾਕੀ ਗੁਰੂਆਂ ਤੇ ਉਨ੍ਹਾਂ ਦੀ ਬਾਣੀ ਦਾ ਭੀ ਸਤਿਕਾਰ ਕਰਦੇ ਹਨ। ਵਿਆਹ ਸਿੱਖ ਰੀਤੀ ਅਨੁਸਾਰ ਗ੍ਰੰਥੀ ਰਾਹੀਂ ਹੁੰਦਾ ਹੈ, ਨਾ ਕਿ ਬ੍ਰਾਹਮਣ ਰਾਹੀਂ। ਲਾੜੀ ਸੰਗਤ ਵਿਚ ਬਿਨਾਂ ਪਰਦੇ ਦੇ ਬੈਠਦੀ ਹੈ ਤੇ ਜੋੜੀ ਅਗਨੀ ਦੀ ਥਾਂ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਪਰਕਰਮਾ ਕਰਦੀ ਹੈ। ਵਿਧਵਾ ਮੁੜ ਵਿਆਹ ਕਰ ਸਕਦੀ ਹੈ। ਮ੍ਰਿਤਕ ਸੰਸਕਾਰ ਵੇਲੇ ਭੀ ਉਹ ਬ੍ਰਾਹਮਣਾਂ ਤੋਂ ਬਿਨਾਂ ਹੀ ਝੱਟ ਲੰਘਾਉਂਦੇ ਹਨ ਤੇ ਰੋਣ-ਪਿੱਟਣ ਜਾਂ ਸੋਗ ਮਨਾਉਣ ਦੀ ਥਾਂ ਖ਼ੁਸ਼ੀ ਦਾ ਮੌਕਾ ਸਮਝਦੇ ਹਨ। ਇਸ ਸੰਪਰਦਾ ਨੇ ਆਪਣਾ ਇਕ ਅੰਮ੍ਰਿਤ ਸਰ (ਸਰੋਵਰ) ਸਥਾਪਤ ਕੀਤਾ ਹੋਇਆ ਹੈ ਜੋ ਲੇਈ ਨਦੀ ਦੇ ਕਿਨਾਰੇ ਰਾਵਲਪਿੰਡੀ (ਹੁਣ ਪਾਕਿਸਤਾਨ) ਵਿਚ ਬਾਗ਼ ਦੇ ਕੋਲ ਹੈ। ਉਨ੍ਹਾਂ ਦੇ ਰਾਵਲਪਿੰਡੀ ਦੇ ਦਰਬਾਰ ਜਾਂ ਇਕੱਤਰਤਾ ਹਾਲ ਵਿਚ ਗੁਰੂ ਗ੍ਰੰਥ ਸਾਹਿਬ ਲਈ ਉੱਚਾ ਸਥਾਨ ਹੈ, ਜਿਥੇ ਭਾਈ ਦਿਆਲ ਦੀਆਂ ਖੜਾਵਾਂ ਸਾਂਭੀਆਂ ਤੇ ਸਤਿਕਾਰੀਆਂ ਜਾਂਦੀਆਂ ਹਨ। ਇਸ ਸੰਪਰਦਾ ਵਿਚ ਕਿਸੇ ਭੀ ਸ਼੍ਰੇਣੀ ਦਾ ਕੋਈ ਵੀ ਆਦਮੀ ਜਾਂ ਇਸਤਰੀ ਸ਼ਾਮਲ ਹੋ ਸਕਦਾ ਹੈ।

ਪਰ ਜਾਤ ਜਾਂ ਸਮਾਜਕ ਪੱਧਰ ਉੱਤੇ ਨਿਰੰਕਾਰੀ ਬਣਨ ਨਾਲ ਕੋਈ ਅਸਰ ਨਹੀਂ ਹੁੰਦਾ। ਨਿਰੰਕਾਰੀ ਆਤਮਾ ਦਾ ਆਵਾਗਉਣ ਭੀ ਮੰਨਦਾ ਹੈ ਤੇ ਮਾਪਿਆਂ ਦਾ ਸਤਿਕਾਰ ਤੇ ਅਦਬ ਸਿਖਾਉਂਦਾ ਹੈ। ਝੂਠ, ਧੋਖਾ ਦੇਣਾ, ਤੋਲ ਦੇ ਝੂਠੇ ਵੱਟੇ ਵਰਤਣੇ ਬੜੇ ਮਹਾਂ ਪਾਪ ਸਮਝੇ ਜਾਂਦੇ ਹਨ। ਤਮਾਕੂ ਦਾ ਸੇਵਨ ਮਨ੍ਹਾਂ ਹੈ। ਪਰ ਨਿਰੰਕਾਰੀ ਤਮਾਕੂ ਦਾ ਵਪਾਰ ਕਰ ਸਕਦਾ ਹੈ। ਕਿਹਾ ਜਾਂਦਾ ਹੈ ਕਿ ਬੱਚੇ ਦੇ ਜਨਮ ਉੱਤੇ ਇਹ ਅਜੀਬ ਹੀ ਰੀਤਾਂ ਕਰਦੇ ਹਨ ਜੋ ਯਹੂਦੀ ਰਸਮਾਂ ਨਾਲ ਕੁਝ ਕੁਝ ਜਾ ਰਲਦੀਆਂ ਹਨ। ਮਾਸ ਤੇ ਸ਼ਰਾਬ ਦੀ ਵਰਤੋਂ ਮਨ੍ਹਾਂ ਹੈ। ਨਿਰਸੰਦੇਹ, ਇਕ ਨਿਰੰਕਾਰੀ ਸੈਨਿਕ ਭਾਂਤ ਨੌਕਰੀ ਵਜਾਉਣ ਦੇ ਸਮੇਂ ਤੋਂ ਬਿਨਾਂ ਕਿਸੇ ਦੀ ਜਾਨ ਨਹੀਂ ਲੈਂਦਾ। ਨਿਰੰਕਾਰੀ ਸਿਧਾਂਤ ਬਾਰੇ, ਉਹ ਕਿਸੇ ਭੀ ਪੁੱਛਣ ਵਾਲੇ ਨੂੰ ਖ਼ੁਸ਼ੀ ਖ਼ੁਸ਼ੀ ਸਮਝਾਉਂਦੇ ਹਨ। ਇਕ ਤੋਂ ਵਧੀਕ ਵਿਆਹਾਂ ਦੀ ਆਗਿਆ ਨਹੀਂ।

*('ਏ ਗਲੌਸਰੀ ਆਫ਼ ਟ੍ਰਾਈਬਸ ਐਂਡ ਕਾਸਟਸ ਆਫ਼ ਦੀ ਪੰਜਾਬ ਐਂਡ ਨਾਰਥ-ਵੈਸਟ ਫ਼ਰੰਟੀਅਰ ਪ੍ਰਾਵਿੰਸ, ਜਿਲਦ 3' ਵਿੱਚੋਂ)*

*ਮਹਾਨ ਕੋਸ਼* ਵਿਚ ਭਾਈ ਕਾਨ੍ਹ ਸਿੰਘ ਜੀ ਨੇ ਇਨ੍ਹਾਂ ਬਾਬਤ ਇਉਂ ਜਾਣਕਾਰੀ ਦਿੱਤੀ ਹੈ:

**ਨਿਰੰਕਾਰੀ**

1. ਵਿਃ—ਨਿਰੰਕਾਰ ਦਾ ਉਪਾਸ਼ਕ
   **ਆਤਮੁ ਚੀਨਿ੍ ਭਏ ਨਿਰੰਕਾਰੀ ॥** *(ਆਸਾ ਮਹਲਾ ੧, ਪੰਨਾ 415)*
2. ਸੰਗਯਾ—ਗੁਰੂ ਨਾਨਕ ਦੇਵ
3. ਗੁਰੂ ਨਾਨਕ ਦੇਵ ਦਾ ਸਿੱਖ
   **ਦੁਬਿਧਾ ਛੋਡਿ ਭਏ ਨਿਰੰਕਾਰੀ ॥** *(ਧਨਾਸਰੀ ਮਹਲਾ ੧, ਪੰਨਾ 685)*
4. ਸਿੱਖਾਂ ਦਾ ਇਕ ਖ਼ਾਸ ਫ਼ਿਰਕਾ, ਜੋ ਭਾਈ ਦਿਆਲ ਜੀ ਤੋਂ ਚੱਲਿਆ, ਪਿਸ਼ੌਰ ਵਿਚ ਸਹਿਜਧਾਰੀ ਸਿੱਖ, ਗੁਰਸਹਾਇ ਜੀ, ਬਾਹਰੀ ਖੱਤਰੀ ਵੱਸਦੇ ਸਨ। ਉਨ੍ਹਾਂ

www.AKJ.Org

ਦੇ ਘਰ ਰਾਮਸਹਾਇ ਪੁੱਤਰ ਹੋਇਆ, ਜਿਸ ਦੀ ਸ਼ਾਦੀ ਭਾਈ ਵਸਾਖਾ ਸਿੰਘ ਦਸਮੇਸ਼ ਦੇ ਖ਼ਜ਼ਾਨਚੀ ਦੀ ਪੁੱਤਰੀ ਲਾਡਿਕੀ ਨਾਲ ਹੋਈ। ਇਸ ਦੇ ਉਦਰ ਤੋਂ 15 ਵੈਸਾਖ, ਸੰਮਤ 1840 (ਸੰਨ 1783) ਨੂੰ ਭਾਈ ਦਿਆਲ ਜੀ ਦਾ ਜਨਮ ਹੋਇਆ।

ਤੀਹ ਵਰ੍ਹੇ ਦੀ ਉਮਰ ਵਿਚ ਭਾਈ ਦਿਆਲ ਜੀ ਦੀ ਮਾਤਾ ਚਲਾਣਾ ਕਰ ਗਈ ਅਰ ਦਿਆਲ ਜੀ ਆਪਣੇ ਮਾਮੇ ਮਿਲਖਾ ਸਿੰਘ ਪਾਸ ਰਾਵਲਪਿੰਡੀ ਰਹਿਣ ਲੱਗ ਪਏ। ਮਿਲਖਾ ਸਿੰਘ ਨੇ ਇਨ੍ਹਾਂ ਨੂੰ ਧਰਮ ਪ੍ਰਚਾਰ ਲਈ ਪ੍ਰੇਰਿਆ, ਜਿਸ ਵਿਚ ਵੱਡੀ ਸਫਲਤਾ ਹੋਈ।

ਦਿਆਲ ਜੀ ਦੀ ਭੇਰੇ ਵਿਚ ਮੂਲਾ ਦੇਈ ਨਾਲ ਸ਼ਾਦੀ ਹੋਈ, ਜਿਸ ਤੋਂ ਤਿੰਨ ਪੁੱਤਰ ਦਰਬਾਰਾ ਸਿੰਘ, ਭਾਗ ਸਿੰਘ ਅਤੇ ਰੱਤਾ ਜੀ ਜਨਮੇ। ਦਿਆਲ ਜੀ ਹਰ ਵੇਲੇ ਨਿਰੰਕਾਰ ਸ਼ਬਦ ਦਾ ਜਾਪ ਕਰਦੇ ਅਤੇ ਮੂਰਤੀ ਪੂਜਾ ਆਦਿ ਦੇ ਵਿਰੁੱਧ ਨਿਰੰਕਾਰ ਦੀ ਭਗਤੀ ਦ੍ਰਿੜ੍ਹਾਉਂਦੇ ਸਨ; ਇਸ ਲਈ 'ਨਿਰੰਕਾਰੀ' ਸੰਗਯਾ ਹੋਈ ਅਤੇ ਇਨ੍ਹਾਂ ਦੀ ਨਿਰੰਕਾਰੀਏ ਅੱਲ ਪਈ।

ਦਿਆਲ ਜੀ ਦਾ ਚਲਾਣਾ 18 ਮਾਘ ਸੰਮਤ 1911 ਨੂੰ ਹੋਇਆ। ਰਾਵਲਪਿੰਡੀ ਵਿਚ ਨਿਰੰਕਾਰੀਆਂ ਦਾ ਗੁਰਦੁਆਰਾ ਬਹੁਤ ਸੁੰਦਰ ਬਣਿਆ ਹੋਇਆ ਹੈ, ਕਥਾ, ਕੀਰਤਨ, ਲੰਗਰ ਆਦਿ ਦਾ ਉੱਤਮ ਪ੍ਰਬੰਧ ਹੈ। ਇਸ ਵੇਲੇ ਇਸ ਗੁਰਦੁਆਰੇ ਦੇ ਗੁਰਦਿੱਤ ਸਿੰਘ ਜੀ ਮੁੱਖ ਸੰਚਾਲਕ ਹਨ।

5. ਵਿ:—ਨਿਰੰਕਾਰ ਦਾ

**ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ॥**

*(ਮਾਝ ਮਹਲਾ 8, ਪੰਨਾ 129)*

ਕਈ ਵਰ੍ਹੇ ਪਹਿਲਾਂ ਗਿਆਨੀ ਹੀਰਾ ਸਿੰਘ 'ਦਰਦ' ਨੇ, ਜੋ ਪਹਿਲਾਂ ਖ਼ੁਦ ਨਿਰੰਕਾਰੀ ਲਹਿਰ ਦੇ ਸੇਵਕ ਪਿਤਾ ਦੇ ਪੁੱਤਰ ਸਨ, ਨੇ 1911-12 ਦੇ ਕਰੀਬ ਭਾਈ ਰਣਧੀਰ ਸਿੰਘ ਜੀ ਦੇ ਜਥੇ ਪਾਸੋਂ ਅੰਮ੍ਰਿਤ ਛਕਿਆ ਸੀ (ਦੇਖੋ, *ਮੇਰੀ ਜੀਵਨ ਕਹਾਣੀ*), ਅਕਾਲੀ ਲਹਿਰ ਵਿਚ ਭਾਰੀ ਕੰਮ ਕੀਤਾ ਅਤੇ ਅੰਤ ਨੂੰ ਕਮਿਊਨਿਸਟ ਹੋ ਗਏ ਸਨ, ਮਾਸਿਕ ਪੱਤਰ ***ਫੁੱਲਵਾੜੀ*** ਵਿਚ ਇਕ ਲੇਖ ਲਿਖਿਆ ਸੀ, ਜਿਸ ਵਿਚ ਉਨ੍ਹਾਂ ਪੋਠੋਹਾਰ ਵਿਚ ਨਿਰੰਕਾਰੀ ਕਹੇ ਜਾਣ ਵਾਲੇ ਜਥੇ ਦੇ ਸੇਵਕਾਂ ਵਿੱਚੋਂ ਗੁਰਮਤਿ ਦੇ ਪ੍ਰਚਾਰ ਤੇ ਮਨਮਤ ਪ੍ਰਹਾਰ ਲਈ ਕੀਤੇ ਗਏ ਉੱਦਮ ਨੂੰ ਇੰਜ ਅੰਕਿਤ ਕੀਤਾ ਹੈ:

> ਮਹਾਰਾਜਾ ਰਣਜੀਤ ਸਿੰਘ ਨੂੰ ਪੰਜਾਬ ਦਾ ਤਖ਼ਤੋ-ਤਾਜ ਸੰਭਾਲਿਆਂ 20 ਕੁ ਸਾਲ ਹੋ ਗਏ ਸਨ, ਕਹਿਣ ਨੂੰ ਤਾਂ ਪੰਜਾਬ ਵਿਚ ਸਿੱਖ ਰਾਜ ਸੀ, ਗੁਰਦੁਆਰਿਆਂ ਦੀਆਂ ਸ਼ਾਨਦਾਰ ਇਮਾਰਤਾਂ ਬਣ ਰਹੀਆਂ ਸਨ, ਜਾਗੀਰਾਂ ਲੱਗ ਰਹੀਆਂ ਸਨ, ਵੱਡੇ ਵੱਡੇ ਗ੍ਰੰਥੀ ਤੇ ਪੁਜਾਰੀ ਬਣ ਰਹੇ ਸਨ, ਪਰ ਗੁਰਮਤਿ ਦੇ ਸਿਧਾਂਤ ਦੇ ਗਿਆਨ ਦੀ ਇਹ ਹਾਲਤ ਸੀ ਕਿ ਰਾਵਲਪਿੰਡੀ ਸ਼ਹਿਰ ਵਿਚ ਸ੍ਰੀ ਬਾਬਾ ਦਿਆਲ ਸਿੰਘ ਜੀ ਦਾ ਇਸ ਵਾਸਤੇ ਬਾਈਕਾਟ ਕੀਤਾ ਗਿਆ ਤੇ ਬਰਾਦਰੀ ਤੋਂ ਖਾਰਜ ਕੀਤਾ ਗਿਆ ਕਿਉਂਕਿ ਉਹ ਇਹ ਉਪਦੇਸ਼ ਦੇਂਦੇ ਸਨ ਕਿ:
>
> "ਖ਼ਾਲਸਾ ਜੀ, ਬੁੱਤ-ਪੂਜਾ ਨਾ ਕਰੋ, ਦੇਵੀ-ਦੇਵਤੇ ਨਾ ਮੰਨੋ, ਇਕ ਨਿਰੰਕਾਰ ਦੀ ਪੂਜਾ

www.AKJ.Org

ਕਰੋ, ਬਰਤਾਂ ਤੇ ਪੂਜਾ ਦਾ ਤਿਆਗ ਕਰੋ, ਸੂਤਕ ਪਾਤਕ ਛੱਡੋ, ਵਿਆਹਾਂ ਵਿਚ ਕੰਜਰੀਆਂ ਦੇ ਮੁਜਰੇ ਨਾਚ ਬੰਦ ਕਰੋ, ਗਾਹਲਾਂ ਨਾ ਕੱਢੋ, ਹਰੀ ਜੱਸ ਕਰੋ ਤੇ ਗੁਰਮਤਿ ਅਨੁਸਾਰ ਵਿਆਹ ਸ਼ਾਦੀਆਂ ਕਰੋ, ਮਰਨੇ ਪਰਨੇ ਤੇ ਜਨਮ ਸੰਸਕਾਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਗਿਆ ਅਨੁਸਾਰ ਕਰੋ। ਪਿੰਡ ਪੱਤਲ ਕਿਰਿਆ ਕਰਮ, ਤੀਰਥ ਇਸ਼ਨਾਨ ਆਦਿਕ ਸਭ ਤਿਆਗ ਕੇ ਇਕ ਨਿਰੰਕਾਰ ਦੀ ਅਰਾਧਨਾ ਕਰੋ।"

*(ਟ੍ਰੈਕਟ 'ਨਿਰੰਕਾਰੀ ਗੁਰਮਤਿ ਮੋਢੀ', ਪੰਨਾ 12)*

ਗਿਆਨੀ ਹੀਰਾ ਸਿੰਘ 'ਦਰਦ' ਨੇ ਆਪਣੀ ਜਾਣਕਾਰੀ ਵਿਚ ਇਹ ਵੀ ਦੱਸਿਆ ਹੈ:

ਬਾਬਾ ਦਿਆਲ ਜੀ ਬਾਲ ਉਮਰ ਵਿਚ ਸਰਾਫ਼ੀ ਦੀ ਦੁਕਾਨ ਕਰਦੇ ਸਨ। ਕਾਬਲੀ ਰੁਪਏ ਖ਼ਰੀਦਣ ਤੇ ਵੇਚਣ (ਵਟਾਉਣ) ਦਾ ਬੜਾ ਕੰਮ ਸੀ। ਮਾਤਾ ਲਡਿੱਕੀ ਨੇ ਉਨ੍ਹਾਂ ਨੂੰ ਗੁਰਮੁਖੀ ਪੜ੍ਹਾਈ।...ਮਗਰੋਂ ਇਨ੍ਹਾਂ ਨੇ ਰਾਵਲਪਿੰਡੀ ਆ ਕੇ ਰਿਹਾਇਸ਼ ਅਖ਼ਤਿਆਰ ਕਰ ਲਈ...।"

ਮਾਲੂਮ ਹੁੰਦਾ ਹੈ ਕਿ ਰਾਵਲਪਿੰਡੀ ਵਿਚ ਆ ਕੇ ਇਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਵਿਚਾਰ ਨਾਲ ਪੜ੍ਹਿਆ ਅਤੇ ਬਾਣੀ ਨੂੰ ਸਮਝ ਕੇ ਤੇ ਲੋਕਾਂ ਦੇ ਵਤੀਰੇ ਨੂੰ ਦੇਖ ਕੇ ਬੜੇ ਹੈਰਾਨ ਹੋਣ ਲੱਗੇ। ਬਾਣੀ ਦੀ ਰੰਗਣ ਅਤੇ ਗੁਰਮਤਿ ਦਾ ਪ੍ਰੇਮ ਤਾਂ ਇਨ੍ਹਾਂ ਨੂੰ ਮਾਤਾ ਦੇ ਵਿਰਸੇ ਵਿੱਚੋਂ ਮਿਲਿਆ ਸੀ। ਬਾਣੀ ਨੂੰ ਵਿਚਾਰ ਨਾਲ ਪੜ੍ਹਿਆ ਤਾਂ ਇਨ੍ਹਾਂ ਦੇ ਅੰਦਰ ਧਰਮ ਪ੍ਰਚਾਰ ਦਾ ਸ਼ੌਕ ਪੈਦਾ ਹੋ ਗਿਆ। ਬਾਬਾ ਦਿਆਲ ਜੀ ਨੇ ਇਕ ਗੁਰਦੁਆਰਾ ਬਣਵਾਇਆ, ਜੋ ਪਸ਼ੌਰੀਆਂ ਦਾ ਗੁਰਦੁਆਰਾ ਕਰਕੇ ਪ੍ਰਸਿੱਧ ਹੋਇਆ। ਇਹ ਸਵੇਰੇ ਪਸ਼ੌਰੀਆਂ ਦੇ ਗੁਰਦੁਆਰੇ ਜਾਂਦੇ, ਫਿਰ ਭਾਈ ਮੰਨਾ ਸਿੰਘ ਦੇ ਗੁਰਦੁਆਰੇ ਅਤੇ ਬਾਰਾਂਦਰੀ ਵਿਚ ਜਾ ਕੇ ਪ੍ਰਚਾਰ ਕਰਦੇ। ਇਨ੍ਹਾਂ ਦਾ ਪ੍ਰਚਾਰ ਇਹੋ ਸੀ:

"ਗੁਰੂ ਗ੍ਰੰਥ ਸਾਹਿਬ ਨੂੰ ਮੰਨੋ। ਇਕ ਵਾਹਿਗੁਰੂ ਦਾ ਭਜਨ ਕਰੋ। ਸੂਤਕ ਪਾਤਕ ਨਹੀਂ ਰੱਖਣੇ ਚਾਹੀਦੇ। ਸ਼ਰਾਧ ਨਹੀਂ ਕਰਨੇ। ਮਰਨੇ-ਪਰਨੇ, ਵਿਆਹ-ਸ਼ਾਦੀਆਂ ਸਭ ਗੁਰਬਾਣੀ ਦੀ ਸਿੱਖਿਆ ਅਨੁਸਾਰ ਕਰਨੇ ਚਾਹੀਦੇ ਹਨ। ਪ੍ਰਾਣੀ ਦੇ ਚਲਾਣੇ ਸਮੇਂ ਰੋਣਾ, ਪਿੱਟਣਾ, ਸਿਆਪਾ ਕਰਨਾ ਤੇ ਕਿਰਿਆ ਕਰਮ ਕਰਨੇ ਸਭ ਬੰਦ।

"ਉਹ ਇਸ ਗੱਲ 'ਤੇ ਬੜੇ ਹੈਰਾਨ ਸਨ ਕਿ ਕੇਸਾਧਾਰੀ, ਅੰਮ੍ਰਿਤਧਾਰੀ ਰੋਜ਼ ਬਾਣੀ ਤਾਂ ਪੜ੍ਹਦੇ ਹਨ ਪਰ ਆਪ ਉਸ ਉੱਤੇ ਅਮਲ ਨਹੀਂ ਕਰਦੇ ਤੇ ਉਨ੍ਹਾਂ ਆਪ ਅਮਲ ਕਰਨਾ ਆਰੰਭ ਦਿੱਤਾ।"

*(ਪੰਨਾ 17)*

ਆਮ ਲੋਕ ਉਨ੍ਹਾਂ ਦੇ ਖ਼ਿਆਲਾਂ ਨੂੰ ਪਸੰਦ ਨਹੀਂ ਕਰਦੇ ਸਨ, ਪਰ ਬਾਣੀ ਪੜ੍ਹਨ ਵਾਲੇ ਸਮਝ ਕੇ ਇੱਜ਼ਤ ਬੜੀ ਕਰਦੇ ਸਨ, ਹੁਣ ਹੋਰ ਪ੍ਰਚਾਰ ਦੇ ਨਾਲ ਨਾਲ ਬਾਬਾ ਜੀ ਨੇ ਇਹ ਕਹਿਣਾ ਵੀ ਸ਼ੁਰੂ ਕਰ ਦਿੱਤਾ:

ਜਿਨ੍ਹਾਂ ਨੇ ਸਿੱਖੀ ਨੂੰ ਕਮਾਉਣਾ ਹੈ ਤਕੜੇ ਹੋ ਜਾਵੋ, ਅਸਾਂ ਹੁਣ ਇਕ ਨਵਾਂ ਬੋਲਾ ਬੋਲਣਾ ਹੈ, ਜਿਸ ਨੂੰ ਸੁਣ ਕੇ ਬਹੁਤ ਲੋਕੀਂ ਸਾਨੂੰ ਅੱਡ ਕਰ ਦੇਣਗੇ ਅਤੇ ਉਹ ਅਦੁੱਤੀ ਬੋਲਾ ਸੀ:

*ਜਪੋ ਪਿਆਰਿਓ ਧੰਨ ਨਿਰੰਕਾਰ। ਜੋ ਦੇਹਧਾਰੀ ਸੋ ਸਰਬ ਖ਼ੁਆਰ।*

www.AKJ.Org

ਬਾਬਾ ਜੀ ਦਾ ਇਹ ਬੋਲਾ ਸੁਣ ਕੇ ਪੱਥਰ-ਪੂਜ ਦੇਹਧਾਰੀ ਗੁਰੂ ਮੰਨਣ ਵਾਲਿਆਂ ਨੂੰ ਅੱਗ ਲੱਗ ਗਈ। ਉਨ੍ਹਾਂ ਬੜੇ ਯਤਨ ਕੀਤੇ ਕਿ ਗੁਰੂ ਨਾਨਕ ਸਾਹਿਬ ਦਾ ਇਹੋ ਹੁਕਮ ਹੈ, ਇਹੋ ਗੁਰਸਿੱਖੀ ਹੈ, ਪਰ ਕੋਈ ਨਾ ਸਮਝੇ ਤੇ ਪੁਜਾਰੀਆਂ ਨੇ ਫ਼ਤਵੇ ਜਾਰੀ ਕਰਨੇ ਆਰੰਭ ਕਰ ਦਿੱਤੇ।

ਵਿਰੋਧੀ ਵਿਰੋਧ ਕਰਦੇ ਗਏ ਤੇ ਇਹ ਸੱਚ ਆਧਾਰਿਤ ਵਿਚਾਰ ਲਹਿਰ ਅੱਗੇ ਵੱਧਦੀ ਗਈ; ਆਪਣੇ ਸਿਧਾਂਤ ਪ੍ਰਚਾਰਦੀ ਗਈ। ਉਨ੍ਹਾਂ ਨੇ ਆਪਣੇ ਸਪੁੱਤਰ ਬਾਬਾ ਦਰਬਾਰਾ ਸਿੰਘ ਨੂੰ (18 ਮਾਘ ਸੰਮਤ 1911 ਨੂੰ) ਇਹੋ ਕਾਜ ਅੱਗੇ ਜਾਰੀ ਰੱਖਣ ਲਈ ਕਿਹਾ ਤੇ ਆਦੇਸ਼ ਦਿੱਤਾ ਕਿ "ਸਾਡੀ ਕਿਰਿਆ ਕਰਮ ਕੋਈ ਨਹੀਂ ਕਰਨਾ, ਮਨਮਤ ਦੀ ਰੀਤ ਨਹੀਂ ਕਰਨੀ। ਅਰਦਾਸ ਕਰ ਕੇ ਸਭ ਕਾਰਜ ਕਰਨੇ।"

ਬਾਬਾ ਦਿਆਲ ਜੀ ਤੋਂ ਪਿੱਛੋਂ ਬਾਬਾ ਦਰਬਾਰਾ ਸਿੰਘ ਅਤੇ ਉਨ੍ਹਾਂ ਦੇ ਛੋਟੇ ਭਾਈ ਬਾਬਾ ਰੱਤਾ ਜੀ ਨੇ ਇਸ ਸੇਵਾ ਨੂੰ ਅੱਗੇ ਵਧਾਇਆ। ਬਾਬਾ ਦਰਬਾਰਾ ਸਿੰਘ ਨੇ 'ਨਿਰੰਕਾਰੀ ਚਲਨ' ਦੀ ਇਕ ਪੋਥੀ ਵੀ ਬਣਾਈ ਜੋ ਇਕ ਤਰ੍ਹਾਂ ਉਨ੍ਹਾਂ ਵੱਲੋਂ ਤਿਆਰ ਕੀਤੀ ਰਹਿਤ ਮਰਯਾਦਾ ਦਾ ਖਰੜਾ ਸੀ। ਬਾਬਾ ਦਰਬਾਰਾ ਸਿੰਘ ਜੀ ਦੇ ਉੱਦਮ ਨਾਲ ਇਸ ਲਹਿਰ ਨੇ ਸਹਿਜਧਾਰੀਆਂ ਤੋਂ ਅਗਲਾ ਪੜਾਅ ਪੂਰਾ ਕੀਤਾ। 'ਦਰਦ' ਜੀ ਲਿਖਦੇ ਹਨ :

> ਨਿਰੰਕਾਰੀ, ਸਹਿਜਧਾਰੀ ਤੇ ਕੇਸਾਧਾਰੀ ਦੋਵੇਂ ਬਣਦੇ ਸਨ। ਬਾਬਾ ਦਰਬਾਰਾ ਸਿੰਘ ਅੰਮ੍ਰਿਤ ਪ੍ਰਚਾਰ ਕਰ ਕੇ ਸਿੰਘ ਵੀ ਸਜਾਉਂਦੇ ਸਨ।
>
> *(ਪੰਨਾ 32)*

ਦਰਬਾਰਾ ਸਿੰਘ ਜੀ ਦੇ ਚਲਾਣੇ (3 ਫੱਗਣ, ਸੰਮਤ 1926) ਪਿੱਛੋਂ ਉਨ੍ਹਾਂ ਦੇ ਛੋਟੇ ਭਾਈ ਬਾਬਾ ਰੱਤਾ ਜੀ ਨੇ ਸੇਵਾ ਦਾ ਬੀੜਾ ਚੁੱਕਿਆ।

'ਦਰਦ' ਜੀ ਦੀ ਲਿਖਤ ਹੈ :

> ਬਾਬਾ ਰੱਤਾ ਜੀ ਸਮੇਂ ਨਿਰੰਕਾਰੀਆਂ ਦੀ ਗਿਣਤੀ ਕਾਫ਼ੀ ਵਧੀ, ਪਰ ਬਾਬਾ ਦਰਬਾਰਾ ਸਿੰਘ ਵਰਗਾ ਜੋਸ਼ ਤੇ ਉਤਸ਼ਾਹ ਨਹੀਂ ਦਿੱਸਦਾ। 11 ਪੋਹ ਸੰਮਤ 1965 ਨੂੰ ਬਾਬਾ ਰੱਤਾ ਜੀ ਚਲਾਣਾ ਕਰ ਗਏ ਤੇ ਸੇਵਾ ਦਾ ਕਾਰਜ ਆਪਣੇ ਸਪੁੱਤਰ ਗੁਰਦਿੱਤ ਸਿੰਘ ਜੀ ਨੂੰ ਸੌਂਪ ਗਏ।

ਜਿਸ ਵੇਲੇ ਉਪਰੋਕਤ ਲਿਖੇ ਲੇਖ ਨੂੰ ਛਾਪਿਆ ਗਿਆ ਸੀ, ਉਸ ਸਮੇਂ ਗੁਰਦਿੱਤ ਸਿੰਘ ਜੀ ਹੀ ਮੁੱਖ ਸੇਵਕ ਸਨ। ਚੰਡੀਗੜ੍ਹ ਸੈਕਟਰ-4 ਵਿਚ ਅਸਾਂ ਬਾਬਾ ਹਰਾ ਸਿੰਘ ਜੀ ਦੇ ਦਰਸ਼ਨ ਕੀਤੇ, ਜਿਨ੍ਹਾਂ ਦੀ ਥਾਂ ਹੁਣ ਸੈਕਟਰ-21 ਦੇ ਨਿਰੰਕਾਰੀਆਂ ਦੇ ਗੁਰਦੁਆਰੇ ਦੇ ਮੁੱਖ ਸੇਵਕ ਬਾਬਾ ਗੁਰਬਖ਼ਸ਼ ਸਿੰਘ ਜੀ ਹਨ। ਸਾਡੇ ਮਿੱਤਰ ਡਾ. ਮਾਨ ਸਿੰਘ ਜੋ ਉੱਤਮ ਗੁਣਾਂ ਦੇ ਮਾਲਕ ਹਨ, ਆਪ ਜੀ ਦੇ ਭਰਾਤਾ ਹਨ ਅਤੇ ਅੰਮ੍ਰਿਤਸਰ ਵਿਚ ਵਾਸਾ ਕਰਦੇ ਹਨ।[1] ਨਿਰੰਕਾਰੀ ਲਹਿਰ ਜਾਂ ਜਥੇ ਬਾਰੇ ਸੰਖੇਪ ਮਾਤਰ ਉਪਰਲੀ ਜਾਣਕਾਰੀ ਇਕ ਪੁਰਾਣੇ ਨਿਰੰਕਾਰੀ, ਜੋ ਗਿਆਨੀ ਹੀਰਾ ਸਿੰਘ 'ਦਰਦ' ਜੀ ਦੇ ਪਿੱਛੋਂ ਜਾ ਕੇ ਅਕਾਲੀ ਲਹਿਰ ਦੇ ਸੇਵਕਾਂ ਵਿਚ ਸ਼ਾਮਲ ਹੋਏ, ਦੇ ਲੇਖ ਦਾ ਸਾਰ ਹੈ।

1. ਡਾ. ਮਾਨ ਸਿੰਘ ਨਿਰੰਕਾਰੀ 11-05-2010 ਨੂੰ ਚੰਡੀਗੜ੍ਹ ਵਿਖੇ ਚਲਾਣਾ ਕਰ ਗਏ।

www.AKJ.Org

'ਦਰਦ' ਜੀ ਨੇ ਲਿਖਿਆ ਹੈ : "ਸੱਚ ਪੁੱਛੋ ਤਾਂ ਸਿੰਘ ਸਭਾ ਲਹਿਰ ਦਾ ਆਰੰਭ ਹੀ ਇਨ੍ਹਾਂ ਨੇ ਕੀਤਾ ਸੀ।" (ਪੰਨਾ 26) ਗਿਆਨੀ ਜੀ ਨੇ ਆਪਣੇ ਪਿਤਾ ਦਾ ਚਲਾਣਾ, ਜੋ ਨਿਰੰਕਾਰੀ ਸਨ, ਨੱਬੇ ਸਾਲ ਦੀ ਉਮਰ ਵਿਚ 1920 ਵਿਚ ਹੋਇਆ ਦੱਸਿਆ ਹੈ। ਉਨ੍ਹਾਂ ਲਿਖਿਆ ਹੈ ਕਿ ਮੈਂ ਆਪਣੇ ਪਿਤਾ ਜੀ ਨਾਲ ਬਾਬਾ ਰੱਤਾ ਜੀ ਦੇ ਦਰਸ਼ਨ ਕੀਤੇ ਸਨ, ਉਹ ਬਾਬਾ ਜੀ ਹੱਥੀਂ ਟਹਿਲ-ਸੇਵਾ ਕਰਨ ਵਾਲੇ ਗੁਰਮੁਖ ਗੁਰਸਿੱਖ ਸਨ।

ਉਪਰ ਦਿੱਤੇ ਵੇਰਵੇ ਤੋਂ ਪ੍ਰਗਟ ਹੈ :

1. ਨਿਰੰਕਾਰੀ ਸ਼ਾਖ਼ ਨਿਰੰਕਾਰ ਜਾਂ ਨਿਰੰਕਾਰੀ, ਗੁਰੂ ਨਾਨਕ ਜੀ ਦੇ ਵਾਕ ਵੱਲ ਵਧੇਰੇ ਰੁਚੀ ਅਤੇ ਜਾਪ ਕਾਰਨ ਪ੍ਰਸਿੱਧ ਹੋਏ।
2. ਇਸ ਸ਼ਾਖ਼ ਦੇ ਮਹਾਂਪੁਰਸ਼ ਸਿੱਖ ਰਹਿਤ ਮਰਯਾਦਾ ਦੇ ਧਾਰਨੀ ਹੀ ਨਹੀਂ, ਬਲਕਿ ਦੂਜਿਆਂ ਨੂੰ ਗੁਰਮਤਿ ਧਾਰਨ ਕਰਾਉਣ ਵਾਲੇ ਅਤੇ ਸੁਧਾਰਵਾਦੀ ਸੇਵਕ ਸਨ।
3. ਉਨ੍ਹਾਂ ਆਪਣੇ ਆਪ ਨੂੰ ਕਦੇ ਗੁਰੂ ਨਹੀਂ ਕਹਾਇਆ। ਉਨ੍ਹਾਂ ਦੇ ਸੇਵਕਾਂ ਨੇ ਵੀ ਜਿਵੇਂ ਗਿਆਨੀ ਹੀਰਾ ਸਿੰਘ 'ਦਰਦ' ਦੀ ਲਿਖਤ ਤੋਂ ਪ੍ਰਗਟ ਹੈ, ਉਨ੍ਹਾਂ ਨੂੰ 'ਗੁਰੂ' ਨਹੀਂ ਕਿਹਾ ਸੀ।
4. ਨਿਰੰਕਾਰੀ—ਆਕਾਰ-ਰਹਿਤ ਸ਼ਬਦ ਬ੍ਰਹਮ ਦੇ ਪੁਜਾਰੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨਦੇ ਤੇ ਪੂਜਦੇ ਸਨ। ਖੰਡੇ ਤੇ ਅੰਮ੍ਰਿਤ ਦਾ ਪ੍ਰਚਾਰ ਵੀ ਕਰਦੇ ਰਹੇ ਹਨ।
5. ਨਿਰੰਕਾਰੀ ਲਹਿਰ ਦੇ ਸੇਵਕਾਂ ਨੇ ਸਿੱਖੀ ਦਾ ਕਿਸੇ ਖੇਤਰ ਵਿਚ ਵਿਰੋਧ ਨਹੀਂ ਕੀਤਾ। ਉਹ ਗੁਰੂ ਸਾਹਿਬਾਨ ਦੇ ਸੱਚੇ ਸੇਵਕ ਰਹੇ ਅਤੇ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ। ਉਹ ਸਿੱਖ ਸੁਧਾਰਕ ਲਹਿਰ ਸਿੰਘ ਸਭਾ ਅਤੇ ਗੁਰਦੁਆਰਾ ਸੁਧਾਰ ਲਹਿਰ ਵਿਚ ਵੀ ਹਿੱਸਾ ਲੈਂਦੇ ਰਹੇ।

## ਨਕਲੀ ਨਿਰੰਕਾਰੀ ਪੰਥ ਦੀ ਰੂਪ-ਰੇਖਾ

ਨਕਲੀ ਨਿਰੰਕਾਰੀ ਪੰਥ ਕਿਵੇਂ ਖੜਾ ਹੋਇਆ ? ਇਸ ਬਾਰੇ ਕੋਈ ਪ੍ਰਮਾਣਿਕ ਵਿਚਾਰ ਨਹੀਂ। ਕੋਈ ਇਤਿਹਾਸ ਨਹੀਂ, ਕੋਈ ਕੁਰਬਾਨੀ ਤੇ ਜਪੀਆਂ-ਤਪੀਆਂ ਦੀ ਸਾਧਨਾ ਇਸ ਨਾਲ ਸੰਬੰਧਤ ਨਹੀਂ। ਜਿਵੇਂ ਹਰ ਨਕਲੀ ਚੀਜ਼ ਬਣਾਉਣ ਦਾ ਥਾਂ-ਮੁਕਾਮ ਲਾ-ਪਤਾ ਹੁੰਦਾ ਹੈ, ਇਹੋ ਜਿਹੀ ਦਾਸਤਾਨ ਨਕਲੀ ਨਿਰੰਕਾਰੀ ਪੰਥ ਦੇ ਉਪਜਣ ਦੀ ਹੈ।

ਵਰਤਮਾਨ ਗੱਦੀਧਾਰੀ ਗੁਰਬਚਨ ਸਿੰਘ ਨੇ ਆਪਣਾ ਇਕ ਅਬਚਲੀ ਤੇ ਦਰਗਾਹੀ ਐਲਾਨ ਕੀਤਾ ਹੈ, ਜਿਸ ਵਿਚ ਦੁਨੀਆਂ ਦੇ ਲੋਕਾਂ ਨੂੰ ਕਿਹਾ ਹੈ ਕਿ 'ਮੈਂ ਹੀ ਈਸਾ ਹਾਂ, ਮੁਹੰਮਦ ਹਾਂ, ਮੈਂ ਹੀ ਨਾਨਕ, ਕਬੀਰ ਅਤੇ ਦਿਆਲ ਹਾਂ।' ਇਸ ਐਲਾਨ ਵਿਚ 'ਦਿਆਲ' ਸ਼ਬਦ ਰਾਹੀਂ ਬਾਬਾ ਦਿਆਲ ਜੀ ਰਾਵਲਪਿੰਡੀ ਵਾਲਿਆਂ ਨਾਲ ਆਪਣੇ ਆਪ ਨੂੰ ਉਸ ਨੇ ਜੋੜਿਆ ਹੈ। ਬਾਬਾ ਦਿਆਲ ਜੀ ਨੂੰ ਪੈਗ਼ੰਬਰਾਂ, ਅਵਤਾਰਾਂ, ਗੁਰੂ ਨਾਨਕ ਦੇਵ ਜੀ ਦੀ ਪੱਧਤੀ ਵਿਚ ਖੜਿਆਂ ਕਰਨਾ ਬੇਸ਼ੱਕ ਇਸ ਵੱਲੋਂ ਕੀਤੀ ਜ਼ਿਆਦਤੀ ਹੈ, ਜਦੋਂ ਕਿ ਉਹ ਆਪਣੇ ਆਪ ਨੂੰ ਗੁਰਸਿੱਖ ਮੰਨਦੇ ਸਨ, ਪਰ ਜਿਸ

www.AKJ.Org

ਆਦਮੀ ਨੇ ਆਪਣੇ ਆਪ ਨੂੰ ਔਲੀਆ ਬਣਨ ਦੀ ਬੇਸ਼ਰਮੀ ਨਿਸ਼ੰਗ ਵਰਤਣੀ ਹੋਵੇ, ਉਸ ਨੂੰ ਹੋਰਨਾਂ ਦੀ ਨਿਰਮਾਣਤਾ ਦਾ ਕਿਵੇਂ ਖ਼ਿਆਲ ਆ ਸਕਦਾ ਹੈ ? ਕੁਝ ਵੀ ਹੋਵੇ, ਇਸ ਸੰਕੇਤ ਤੋਂ ਪ੍ਰਗਟ ਹੈ ਕਿ ਗੁਰਬਚਨ ਸਿੰਘ ਨਿਰੰਕਾਰੀ ਆਪਣਾ ਪਿੱਛਾ ਬਾਬਾ ਦਿਆਲ ਜੀ ਨਾਲ ਮੇਲ ਰਿਹਾ ਹੈ।

ਨਿਰੰਕਾਰੀ ਸਿਲਵਰ ਜੁਬਲੀ ਸਮਾਗਮ (ਮਿਤੀ 27-30 ਅਕਤੂਬਰ, 1972) ਦਾ ***ਸੁਵੀਨਰ*** ਸਾਡੇ ਸਾਹਮਣੇ ਪਿਆ ਹੈ, ਜਿਸ ਦੇ ਪੰਨਾ 2 ਉਪਰ ਬੂਟਾ ਸਿੰਘ ਦੀ ਤਸਵੀਰ ਛਪੀ ਹੈ। ਉਸ ਦੇ ਸਾਹਮਣੇ ਜੋ ਵਾਰਤਕ ਲਿਖੀ ਹੈ, ਉਸ ਵਿਚ ਬੂਟਾ ਸਿੰਘ ਨੂੰ ਬਾਬਾ ਕਾਨ੍ਹ ਸਿੰਘ ਤੋਂ ਪ੍ਰਾਪਤੀ ਹੋਈ ਦੱਸੀ ਹੈ—1943 ਵਿਚ ਬੂਟਾ ਸਿੰਘ ਦੇ ਚਲਾਣੇ ਪਿੱਛੋਂ ਉਨ੍ਹਾਂ ਦੀ ਬਖ਼ਸ਼ਿਸ਼ ਦੁਆਰਾ ਨਿਰੰਕਾਰ ਪ੍ਰਾਪਤ ਹੋਣ ਦੀ ਕਹਾਣੀ ਰਚੀ ਗਈ ਹੈ। ਭਾਈ ਕਾਨ੍ਹ ਸਿੰਘ ਜੀ ਨਿਰੰਕਾਰੀ ਦਰਬਾਰ ਰਾਵਲਪਿੰਡੀ ਦੇ ਹੈੱਡ ਗ੍ਰੰਥੀ ਰਹੇ ਹਨ, ਜਿਨ੍ਹਾਂ ਦੀ ਨਿਰੰਕਾਰੀ ਸਿੱਖ ਸ਼ਾਖ਼ਾ ਦੇ ਮਹਾਂਪੁਰਖਾਂ ਬਾਬਤ ਲਿਖੀ ਇਕ ਪੁਸਤਕ *ਪ੍ਰੇਮ ਪ੍ਰਕਾਸ਼* ਵੀ ਮਿਲਦੀ ਹੈ।

ਨਿਰੰਕਾਰੀ ਮਿਸ਼ਨ ਵੱਲੋਂ ਛਾਪੀ ਗਈ ਅਵਤਾਰ ਸਿੰਘ ਦੀ ਜੀਵਨੀ ***ਯੁਗ ਪੁਰਸ਼*** ਪੁਸਤਕ ਵਿਚ (ਪੰਨਾ 231 'ਤੇ) ਅਵਤਾਰ ਸਿੰਘ ਦੇ 'ਸ੍ਰੀ ਮੁਖ ਵਾਕ' ਇੰਜ ਅੰਕਿਤ ਕੀਤੇ ਗਏ ਹਨ ਜਿਵੇਂ ਉਹ ਆਪ ਇਸ ਦੁਨੀਆਂ ਵਿਚ ਨਹੀਂ ਆਏ ਸਗੋਂ ਪ੍ਰਭੂ ਵੱਲੋਂ ਭੇਜੇ ਗਏ ਹੋਣ। ਇਸ ਪੁਸਤਕ ਵਿਚ ਗੁਰਬਚਨ ਸਿੰਘ ਦਾ ਆਸ਼ੀਰਵਾਦ ਪਹਿਲੇ ਸਫ਼ਿਆਂ ਉੱਤੇ ਛਪਿਆ ਹੋਇਆ ਹੈ। ਇਸ ਗ੍ਰੰਥ ਵਿਚ ਕਹਿਰਾਂ ਦਾ ਕੁਫ਼ਰ ਖਿਲਾਰਦਿਆਂ ਲਿਖਿਆ ਹੈ :

> ਸੰਨ 1900 ਦੇ ਕਰੀਬ ਦੀ ਗੱਲ ਹੈ ਜਦੋਂ ਪਾਰਬ੍ਰਹਮ ਨੇ ਸਾਰੇ ਅਵਤਾਰਾਂ ਦਾ ਇਕੱਠ ਦੁਨੀਆਂ ਦੀ ਅਧੋਗਤੀ ਵੇਖ ਕੇ ਕੀਤਾ ਸੀ।
>
> ਭਗਵਾਨ ਰਾਮ, ਕ੍ਰਿਸ਼ਨ, ਹਜ਼ਰਤ ਮੁਹੰਮਦ ਸਾਹਿਬ, ਹਜ਼ਰਤ ਯਸੂ ਮਸੀਹ, ਗੁਰੂ ਨਾਨਕ ਨੇ ਧਰਤੀ ਉੱਤੇ ਜਾਣ ਤੋਂ ਮੁੜ ਨਾਂਹ ਕਰ ਦਿੱਤੀ ਤਾਂ ਮੈਂ ਨਿਰੰਕਾਰ ਅਤੇ ਇਨ੍ਹਾਂ ਸਾਰਿਆਂ ਅਵਤਾਰਾਂ ਦੇ ਜ਼ੋਰ ਦੇਣ ਉੱਤੇ ਅਤੇ ਆਪਣੀਆਂ ਸ਼ਰਤਾਂ ਮਨਾ ਕੇ ਏਸ ਦੁਨੀਆਂ ਵਿਚ ਆਉਣਾ ਮੰਨਿਆ।

ਕਿਤਨੀ ਸੁੰਦਰ ਕਲਪਨਾ ਹੈ ਅਤੇ ਅਗੰਮੀ ਗੱਪ ਹੈ। ਪਰ ਇਨ੍ਹਾਂ ਗੱਪਾਂ ਤੋਂ ਇਸ ਪੰਥ ਦੇ ਚੱਲਣ ਦਾ ਥੇਹ-ਥਿੱਤਾ ਕਿਥੋਂ ਲੱਭੇ ? ਇਹ ਤਾਂ ਉਦੋਂ ਦੀਆਂ ਗੱਲਾਂ ਹਨ ਜਦੋਂ ਅਵਤਾਰ ਸਿੰਘ ਜੀ ਹਾਲਾਂ ਜੰਮੇ ਵੀ ਨਹੀਂ ਸਨ। ਇਸ ਤੋਂ ਪਹਿਲਾਂ ਪੌਰਾਣਿਕ ਗੱਪਾਂ ਤਾਂ ਸੁਣੀਆਂ ਸਨ, ਪਰ ਇਥੇ ਪੁਰਾਣਾਂ ਨੂੰ ਵੀ ਮਾਤ ਪਾਉਣ ਵਾਲੇ ਗਪੌੜੇ ਚੱਲ ਰਹੇ ਸਨ। ਇਕ ਪਾਸੇ ***ਅਵਤਾਰ ਬਾਣੀ*** ਵਿਚ ਅਵਤਾਰ ਸਿੰਘ ਦੀ ਪਤਨੀ ਤੋਂ ਕਹਾਇਆ ਹੈ :

> *ਬੂਟੇ ਬੂਟਾ ਲਾਇਆ ਪਾਣੀ ਦਏ ਅਵਤਾਰ।*
> *ਮਾਲੀ ਮੇਰਾ ਗੁਰਬਚਨ, ਖਿੜ ਖਿੜ ਕਰੇ ਗੁਲਜ਼ਾਰ।* *(ਪੰਨਾ 117)*

ਜੇ ਬੂਟੇ ਦਾ ਬੂਟਾ ਲਗਾਇਆ ਹੈ, ਫਿਰ ਅਵਤਾਰ ਸਿੰਘ ਦਾ ਪ੍ਰਭੂ ਵੱਲੋਂ ਭੇਜਿਆ ਜਾਣਾ ਕਿੰਨਾ ਕੁ ਸੱਚ ਹੈ ?

www.AKJ.Org

ਸਾਡੇ ਪਾਸ ਡਾ. ਮਾਨ ਸਿੰਘ ਨਿਰੰਕਾਰੀ ਦੀ ਇਕ ਲਿਖਤ ਆਈ ਹੈ, ਜਿਨ੍ਹਾਂ ਦਾ ਨਿਰੰਕਾਰੀ ਘਰਾਣੇ ਨਾਲ ਖ਼ੂਨ ਦਾ ਸੰਬੰਧ ਹੈ ਅਤੇ ਜੋ ਇਸ ਨਕਲੀਆਂ ਦੇ ਸੋਮੇ ਭਾਈ ਬੂਟਾ ਸਿੰਘ ਦੇ ਪਰਮ-ਮਿੱਤਰ ਰਹੇ ਹਨ, ਉਨ੍ਹਾਂ ਨੇ ਲਿਖਿਆ ਹੈ :

> ਭਾਈ ਬੂਟਾ ਸਿੰਘ ਦਾ ਜਨਮ 1883 ਈ. ਪਿੰਡ ਹਦਵਾਲ, ਜ਼ਿਲ੍ਹਾ ਕੈਮਲਪੁਰ ਵਿਚ ਭਾਈ ਬਿਸ਼ਨ ਸਿੰਘ ਨਿਰੰਕਾਰੀ ਦੇ ਘਰ ਹੋਇਆ। ਭਾਈ ਬੂਟਾ ਸਿੰਘ ਦੇ ਤਿੰਨ ਭਾਈ ਤੇ ਇਕ ਭੈਣ ਸੀ, ਜਿਨ੍ਹਾਂ ਵਿੱਚੋਂ ਭਾਈ ਬਚਨ ਸਿੰਘ ਅੱਜ-ਕੱਲ੍ਹ ਜਗਾਧਰੀ ਜ਼ਿਲ੍ਹਾ ਅੰਬਾਲਾ ਵਿਚ ਰਹਿੰਦੇ ਹਨ। ਭਾਈ ਬਚਨ ਸਿੰਘ (ਬੂਟਾ ਸਿੰਘ ਦੇ ਛੋਟੇ ਭਰਾ) ਦੀ ਲਿਖਤ ਹੈ ਤੇ ਡਾ. ਮਾਨ ਸਿੰਘ ਜੀ ਖ਼ੁਦ ਗਵਾਹ ਹਨ ਕਿ ਉਨ੍ਹਾਂ ਦੇ ਮਾਤਾ-ਪਿਤਾ ਦੇ ਪ੍ਰੇਮ ਕਰਕੇ ਬਾਬਾ ਰੱਤਾ ਜੀ ਤੇ ਬਾਬਾ ਹਰਾ ਸਿੰਘ ਕਈ ਵਾਰ ਹਦਵਾਲ ਗਏ। ਭਾਈ ਬੂਟਾ ਸਿੰਘ 1902 ਵਿਚ ਫ਼ੌਜ ਵਿਚ ਭਰਤੀ ਹੋਇਆ, ਅਰ ਨੌਂ ਸਾਲ ਫ਼ੌਜ ਵਿਚ ਨੌਕਰੀ ਕੀਤੀ। ਫਿਰ ਨਾਵਾਂ ਕਟਵਾ ਕੇ ਫੋਟੋਗ੍ਰਾਫ਼ੀ ਅਤੇ ਮੁੰਡੇ ਕੁੜੀਆਂ ਦੀਆਂ ਬਾਹਾਂ ਉੱਤੇ ਵੇਲ-ਬੂਟੇ ਖੁਨਣ ਦਾ ਕੰਮ ਕੀਤਾ। 1924-26 ਵਿਚ ਬਾਜ਼ਾਰ ਕਸੇਰਿਆਂ ਵਿਚ ਅਫ਼ੀਮ ਦਾ ਠੇਕਾ ਲਿਆ, ਸ਼ਰਾਬ ਦੀ ਦੁਕਾਨ ਵੀ ਕੀਤੀ। 1926 ਵਿਚ ਕੋਹਮਰੀ ਦੀਆਂ ਪਹਾੜੀਆਂ ਦੀਆਂ ਛਾਉਣੀਆਂ ਵਿਚ ਗੋਰੇ ਫ਼ੌਜੀਆਂ ਦੀਆਂ ਬਾਹਵਾਂ 'ਤੇ ਫੁੱਲ-ਬੂਟੇ ਪਾਉਂਦਾ ਰਿਹਾ।

**(ਇਨ੍ਹਾਂ ਗੱਲਾਂ ਦੀ ਤਸਦੀਕ ਨਿਰੰਕਾਰੀ ਮਿਸ਼ਨ ਦੀ ਪੋਥੀ *ਯੁਗ ਪੁਰਸ਼* ਤੋਂ ਵੀ ਹੁੰਦੀ ਹੈ।)**

ਡਾ. ਸਾਹਿਬ ਲਿਖਦੇ ਹਨ : "ਭਾਈ ਬੂਟਾ ਸਿੰਘ ਨੂੰ ਗੁਰਬਾਣੀ ਦਾ ਚੰਗਾ ਬੋਧ ਸੀ। ਕੀਰਤਨ ਤੇ ਪ੍ਰਚਾਰ ਵੀ ਕਰ ਲੈਂਦਾ ਸੀ, ਕੁਝ ਸਮਾਂ ਆਪਣੀ ਵਹੁਟੀ ਤੇ ਸੱਸ ਨਾਲ ਨਿਰੰਕਾਰੀ ਦਰਬਾਰ ਵਿਚ ਨਿਵਾਸ ਵੀ ਰੱਖਿਆ। ਭਾਈ ਬੂਟਾ ਸਿੰਘ ਪ੍ਰਚਾਰ ਵਾਸਤੇ ਬਾਬਾ ਹਰਾ ਸਿੰਘ ਨਾਲ ਪਿੰਡ ਠਲ੍ਹੀਆਂ ਗਿਆ। ਭਰੇ ਦੀਵਾਨ ਵਿਚ ਬੇਨਤੀ ਕੀਤੀ, ਮੈਨੂੰ ਆਤਮ-ਗਿਆਨ ਤੇ ਨਾਮ ਬਖ਼ਸ਼ੋ। ਬਾਬਾ ਜੀ ਨੇ ਕਿਹਾ, ਗੁਰਬਾਣੀ ਹੀ ਸਭ ਤੋਂ ਉੱਤਮ ਨਾਮ ਗਿਆਨ ਦੇਣ ਲਈ ਮੰਨੀ ਗਈ ਹੈ। ਬਾਣੀ ਵਿਚ ਹੀ ਨਾਮ ਦਾ ਗਿਆਨ ਹੈ ਕਿਉਂਕਿ ਨਿਰੰਕਾਰੀਆਂ ਵਿਚ ਕਈ ਸੰਪਰਦਾਵਾਂ ਵਾਂਗ ਕੋਈ ਕੰਨ ਵਿਚ ਫੂਕ ਮਾਰ ਕੇ ਗੁਪਤ ਮੰਤਰ ਜਾਂ ਨਾਮ ਦੇਣ ਦੀ ਪ੍ਰਥਾ ਨਹੀਂ ਹੈ। ਨਿਰੰਕਾਰੀ ਵਾਹਿਗੁਰੂ ਦੇ ਧਿਆਨ ਸਿਮਰਨ ਦੇ ਵਿਸ਼ਵਾਸ ਨਾਲ ਹੀ ਮਨੁੱਖ ਨੂੰ ਆਤਮਕ ਸ਼ਾਂਤੀ ਪ੍ਰਾਪਤ ਹੁੰਦੀ ਮੰਨਦੇ ਹਨ।"

ਦੂਜੇ ਦਿਨ ਭਾਈ ਬੂਟਾ ਸਿੰਘ ਨੇ ਦੀਵਾਨ ਵਿਚ ਪ੍ਰਚਾਰ ਕਰਦਿਆਂ ਕਿਹਾ : "ਮੈਨੂੰ ਸਾਹਿਬਾਂ ਤੋਂ ਪੂਰਨ ਗਿਆਨ ਦੀ ਪ੍ਰਾਪਤੀ ਹੋ ਗਈ ਹੈ।"

**(ਪਰ ਅਵਤਾਰ ਸਿੰਘ ਬੂਟਾ ਸਿੰਘ ਨੂੰ ਨਾਮ ਪ੍ਰਾਪਤੀ ਬਾਬਾ ਕਾਹਨ ਸਿੰਘ ਜੀ ਤੋਂ ਹੋਈ ਦੱਸਦੇ ਹਨ। ਇਹ ਆਪਣੇ ਗੁਰੂ ਨੂੰ ਛੁਪਾਉਣ ਦੀ ਗੱਲ ਹੈ ਕਿ ਚਤੁਰਾਈ ਜਾਂ ਨਵੇਂ ਪੰਥ ਲਈ ਨਵਾਂ ਗੁਰੂ ਬਣਾਉਣ ਦਾ ਉੱਦਮ ?)**

ਡਾ. ਸਾਹਿਬ ਲਿਖਦੇ ਹਨ : "ਇਕ ਵੇਰੀ ਨਿਰੰਕਾਰੀ ਦਰਬਾਰ ਵਿਚ ਸਾਲਾਨਾ ਜੋੜ ਮੇਲੇ ਸਮੇਂ ਬਾਬਾ ਗੁਰਦਿੱਤ ਸਿੰਘ ਜੀ ਪਾਸ ਕਿਸੇ ਸ਼ਿਕਾਇਤ ਕੀਤੀ ਕਿ ਭਾਈ ਬੂਟਾ ਸਿੰਘ ਨੇ ਸ਼ਰਾਬ ਪੀਤੀ ਹੋਈ ਹੈ, ਇਸ ਲਈ ਉਸ ਨੂੰ ਸੰਗਤ ਵਿਚ ਕੀਰਤਨ

www.AKJ.Org

ਨਾ ਕਰਨ ਦਿੱਤਾ ਜਾਵੇ। ਬਾਬਾ ਜੀ ਨੇ ਦੋ ਸਿੱਖਾਂ ਨੂੰ, ਜਿਨ੍ਹਾਂ ਵਿਚ ਭਾਈ ਬੂਟਾ ਸਿੰਘ ਦੇ ਮਾਮੇ ਦਾ ਪੁੱਤਰ ਭਾਈ ਸੰਤੋਖ ਸਿੰਘ ਜੀ ਵੀ ਸੀ, ਨੂੰ ਆਗਿਆ ਕੀਤੀ ਕਿ ਬੂਟਾ ਸਿੰਘ ਨੂੰ ਦੀਵਾਨ ਵਿੱਚੋਂ ਉਠਾ ਕੇ ਜੋੜਿਆਂ ਵਿਚ ਬਿਠਾ ਦਿੱਤਾ ਜਾਵੇ। ਇਸ ਤਰ੍ਹਾਂ ਹੀ ਕੀਤਾ ਗਿਆ। ਭਾਵੇਂ ਬੂਟਾ ਸਿੰਘ ਨੇ ਸੰਗਤ ਪਾਸੋਂ ਇਸ ਗੱਲ ਦੀ ਖਿਮਾ ਮੰਗ ਲਈ, ਪਰ ਬੂਟਾ ਸਿੰਘ ਦਾ ਉਸ ਦਿਨ ਤੋਂ ਨਿਰੰਕਾਰੀ ਦਰਬਾਰ ਵਿਚ ਆਉਣਾ-ਜਾਣਾ ਘੱਟ ਗਿਆ ਅਤੇ ਉਸ ਨੇ ਆਪਣੇ ਇਲਾਕੇ ਦੇ ਜੋ ਸ਼ਰਾਬ-ਰਸੀਏ ਸਨ, ਉਨ੍ਹਾਂ ਦੀ ਜੁੰਡਲੀ ਬਣਾ ਲਈ। ਕੁਝ ਸਮੇਂ ਬਾਅਦ ਆਪਣੀ ਵਿਰੋਧਤਾ ਦੇਖ ਕੇ ਉਹ ਪਿਸ਼ਾਵਰ ਚਲਿਆ ਗਿਆ। ਉਥੇ ਉਸ ਦਾ ਮੇਲ ਭਾਈ ਅਵਤਾਰ ਸਿੰਘ, ਜੋ ਛਕਣ-ਛਕਾਉਣ ਦਾ ਆਦੀ ਸੀ, ਨਾਲ ਹੋਇਆ। ਇਨ੍ਹਾਂ ਦੋਹਾਂ ਸੱਜਣਾਂ ਨੇ ਰਲ ਕੇ ਇਕ ਟੋਲਾ ਬਣਾ ਲਿਆ। ਕੁਝ ਸਮੇਂ ਪਿੱਛੋਂ ਪਿਸ਼ਾਵਰ ਤੋਂ ਰਾਵਲਪਿੰਡੀ ਰਿਹਾਇਸ਼ ਰੱਖ ਲਈ ਅਤੇ ਉਥੋਂ ਆਪਣੇ ਪ੍ਰਚਾਰ ਤੇ ਖਾਣ-ਪੀਣ ਦੀ ਖੁੱਲ੍ਹ ਰਾਹੀਂ ਕੁਝ ਸੱਜਣ ਆਪਣੇ ਨਾਲ ਇਕੱਠੇ ਕਰ ਲਏ। ਭਾਈ ਬੂਟਾ ਸਿੰਘ ਦਾ ਦੇਹਾਂਤ 1943 ਵਿਚ ਹੋਇਆ। ਇਸ ਪਿੱਛੋਂ ਭਾਈ ਅਵਤਾਰ ਸਿੰਘ ਨੇ ਮਹੱਲਾ ਸੋਹਣਪੁਰੀ ਵਿਚ ਰਿਹਾਇਸ਼ ਰੱਖ ਲਈ ਅਤੇ ਉਥੇ ਛਕਣ-ਛਕਾਉਣ ਵਾਲੇ ਕੁਝ ਕੁ ਚੇਲੇ ਵੀ ਇਕੱਠੇ ਕਰ ਲਏ। 1947 ਵਿਚ ਇਨ੍ਹਾਂ ਆਪਣੀ ਜੁੰਡਲੀ ਸਮੇਤ ਪਹਾੜ ਗੰਜ (ਦਿੱਲੀ) ਆ ਡੇਰੇ ਲਾਏ। ਇਨ੍ਹਾਂ ਦੇ ਪਿਛੋਕੜ ਨੂੰ ਕੋਈ ਜਾਣਦਾ ਨਹੀਂ ਸੀ। ਕਾਫ਼ੀ ਮੇਲੀ-ਗੇਲੀ ਇਕੱਠੇ ਹੋਣੇ ਸ਼ੁਰੂ ਹੋ ਗਏ। ਪਹਿਲਾਂ ਪਹਿਲ ਇਹ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਕਰਦੇ ਸਨ ਅਤੇ ਆਪਣੀਆਂ ਲਿਖਤਾਂ ਵਿਚ ਬਾਬਾ ਰੱਤਾ ਜੀ ਤੋਂ ਪ੍ਰਾਪਤੀ ਦਾ ਜ਼ਿਕਰ ਕਰਦੇ ਸਨ। ਇਨ੍ਹਾਂ ਨੇ ਭਾਈ ਕਾਨ੍ਹ ਸਿੰਘ ਜੋ ਕਿਸੇ ਸਮੇਂ ਨਿਰੰਕਾਰੀ ਦਰਬਾਰ ਦਾ ਹੈੱਡ ਗ੍ਰੰਥੀ ਰਿਹਾ ਸੀ, ਨੂੰ ਸਾਹਿਬ ਰੱਤਾ ਜੀ ਦਾ ਜਾਨਸ਼ੀਨ ਦਰਸਾ ਕੇ ਭਾਈ ਬੂਟਾ ਸਿੰਘ ਨੂੰ ਭਾਈ ਕਾਨ੍ਹ ਸਿੰਘ ਦਾ ਜਾਨਸ਼ੀਨ ਮਸ਼ਹੂਰ ਕੀਤਾ।"

ਡਾਕਟਰ ਜੀ ਦਾ ਵਿਚਾਰ ਹੈ : "ਜਿਸ ਸੰਸਥਾ ਦੀ ਬੁਨਿਆਦ ਹੀ ਝੂਠ, ਫ਼ਰੇਬ ਅਤੇ ਭ੍ਰਿਸ਼ਟਾਚਾਰ ਉੱਤੇ ਹੋਵੇ, ਉਥੇ ਹਰ ਤਰ੍ਹਾਂ ਦਾ ਪਾਖੰਡ ਪਰਪੰਚ ਯੋਗ ਸਮਝਿਆ ਜਾਂਦਾ ਹੈ। ਭਾਈ ਅਵਤਾਰ ਸਿੰਘ ਦੇ ਚਲਾਣੇ ਪਿੱਛੋਂ ਉਸ ਦਾ ਪੁੱਤਰ ਗੁਰਬਚਨ ਸਿੰਘ ਅੱਜ-ਕੱਲ੍ਹ ਇਸ ਸੰਸਥਾ ਦਾ ਗੱਦੀ-ਨਸ਼ੀਨ ਬਣਿਆ ਹੋਇਆ ਹੈ। ਪਿਤਾ ਆਪਣੇ ਆਪ ਨੂੰ ਸ਼ਹਿਨਸ਼ਾਹ ਅਤੇ ਪੁੱਤਰ ਸਤਿਗੁਰੂ ਜਗਤ ਦਾ ਪਾਲਣਹਾਰ ਤੇ ਸਿਰਜਣਹਾਰ ਦੱਸਦਾ ਹੈ, ਇਸ ਦੀ ਇਸਤਰੀ ਜਗਤ-ਮਾਤਾ ਅਖਵਾਉਂਦੀ ਹੈ।"

"ਨਿਰੰਕਾਰੀ ਬਜ਼ੁਰਗ, ਸੰਗਤ ਦੇ ਦਾਸ ਪਿਤਾ-ਪਿਤਾਮਾ ਦਾ ਆਸਾ ਦੀ ਵਾਰ ਦੀਵਾਨ ਦੀ ਸਮਾਪਤੀ ਪਿੱਛੋਂ ਜੋੜੇ ਝਾੜਨਾ ਨਿੱਤ ਕਰਮ ਸੀ, ਪਰ ਇਹ ਆਪਣੇ ਆਪ ਨੂੰ ਨੋਟਾਂ ਨਾਲ ਤੋਲਦੇ, ਚੌਰ ਤੇ ਛਤਰ ਝੁਲਾਉਂਦੇ, ਕਲਗ਼ੀ ਲਗਾ ਕੇ ਤਖ਼ਤ ਉੱਤੇ ਬੈਠਣ ਦੇ ਅਧਿਕਾਰੀ ਬਣਦੇ ਹਨ।"

ਸੰਖੇਪ ਵਿਚ ਇਹ ਇਤਿਹਾਸ ਤੇ ਬਿਰਤਾਂਤ ਨਕਲੀ ਨਿਰੰਕਾਰੀ ਪੰਥ ਦਾ ਹੈ। ਇਸ ਦੇ ਵਧਣ-ਫੁੱਲਣ ਦੇ ਕਾਰਨ ਦੇਖੀਏ। ਉਹ ਕਾਰਨ ਕੀ ਹਨ, ਜਿਨ੍ਹਾਂ ਬਾਰੇ ਬਲਵੰਤ ਗਾਰਗੀ ਨੇ ਨਿਰੰਕਾਰੀਆਂ ਬਾਰੇ *ਇਲਸਟ੍ਰੇਟਿਡ ਵੀਕਲੀ* ਵਿਚ ਲੇਖ ਲਿਖਦਿਆਂ ਕਿਹਾ ਸੀ ਕਿ ਇਨ੍ਹਾਂ ਨਿਰੰਕਾਰੀਆਂ ਦੀਆਂ ਖੁੱਲ੍ਹਾਂ ਉੱਤੇ ਲੋਕ ਬਹੁਤ ਦੁਖੀ ਹਨ :

www.AKJ.Org

> ਇਕ ਅਕਾਲੀ ਗੁੱਸੇ ਨਾਲ ਗੱਜਦਾ ਹੈ: 'ਇਹ ਤੰਬਾਕੂ ਪੀਂਦੇ ਹਨ ਤੇ ਇਉਂ ਸਿੱਖ ਮਤ ਵਿਚ ਇਕ ਲਾਹਨਤ ਹਨ।' ਇਕ ਰਾਜਪੂਤ ਹਿੰਦੂ ਕਹਿੰਦਾ ਹੈ: 'ਇਹ ਗਊ ਮਾਸ ਖਾਂਦੇ ਹਨ ਹਾਲਾਂਕਿ ਅਸੀਂ ਇਸੇ ਗੱਲ ਉੱਤੇ ਮੁਸਲਮਾਨਾਂ ਨਾਲ ਲੜਦੇ ਰਹੇ ਹਾਂ।' ਇਕ ਆਜ਼ਾਦ ਖ਼ਿਆਲ ਕਹਿੰਦਾ ਹੈ: 'ਇਹ ਹੱਦਾਂ ਹੀ ਪਾਰ ਕਰ ਗਏ ਹਨ।' ਪਰ ਨਿਰੰਕਾਰੀ ਇਨ੍ਹਾਂ ਨੁਕਤਾਚੀਨਾਂ ਨੂੰ ਗਵਾਚੀਆਂ ਰੂਹਾਂ ਸਮਝ ਕੇ ਮਾਫ਼ ਕਰ ਛੱਡਦੇ ਹਨ। ਉਨ੍ਹਾਂ ਦੀ ਗਿਣਤੀ ਲੱਖਾਂ ਵਿਚ ਹੋ ਜਾਣ ਦਾ ਇਕ ਕਾਰਨ ਇਨ੍ਹਾਂ ਖੁੱਲ੍ਹਾਂ ਦੀ ਖੁੱਲ੍ਹੀ ਛੁੱਟੀ ਹੈ।
>
> *(ਇਲਸਟ੍ਰੇਟਿਡ ਵੀਕਲੀ, 24 ਅਕਤੂਬਰ, 1973, ਪੰਨਾ 4)*

ਇਸੇ ਲੇਖਕ ਦੀ ਇਕ ਪੁਸਤਕ ***ਨਿਰੰਕਾਰੀ ਬਾਬਾ*** (ਅੰਗਰੇਜ਼ੀ) ਵਿਚ ਇਸ ਪੰਥ ਦੇ ਵੱਧਦੇ ਜਾਣ ਦਾ ਇਕ ਹੋਰ ਕਾਰਨ ਵੀ ਇਕ ਨੌਜਵਾਨ ਲੜਕੀ ਵੱਲੋਂ ਦੱਸਿਆ ਲਿਖਿਆ ਹੈ:

> ਰੂਪਬਾਲਾ ਸਚਦੇਵ, ਇਕ ਨਿਰੰਕਾਰੀ (ਲੜਕੀ) ਕਹਿੰਦੀ ਹੈ: 'ਮਿਸ਼ਨ ਦੇ ਆਦਮੀ ਸਿੱਧੇ-ਸਾਦੇ, ਭੋਲੇ ਤੇ ਖੁੱਲ੍ਹ-ਦਿਲੇ ਹਨ ਅਤੇ ਮੈਂ ਉਨ੍ਹਾਂ ਵਿਚ ਸੁਰੱਖਸ਼ਤ ਅਤੇ ਬੰਧਨ-ਰਹਿਤ ਹੁੰਦੀ ਹਾਂ। ਮੈਂ ਖੁੱਲ੍ਹੇ-ਡੁੱਲ੍ਹੇ ਪਿਆਰ ਨੂੰ ਇਕ ਮਾਨਸਿਕ ਲੋੜ ਸਮਝਦੀ ਹਾਂ ਅਤੇ ਜੇ ਮੇਰੀ ਆਪਣੇ ਘਰ ਵਾਲੇ ਨਾਲ ਨਾ ਬਣੀ ਤਾਂ ਮੈਂ ਉਸ ਨੂੰ ਛੱਡ ਦਿਆਂਗੀ। ਮੇਰੀ ਮਾਤਾ ਜੀ ਇਸ ਰਵੱਈਏ ਨੂੰ ਪਾਪ ਸਮਝਦੇ ਹਨ, ਪਰ ਮੈਂ ਇਸ ਨੂੰ ਸਿਰਫ਼ ਅਗਾਂਹ-ਵਧੂ ਸਮਝਦੀ ਹਾਂ। ਮੈਨੂੰ ਨਿਰੰਕਾਰੀਆਂ ਨੇ ਰੋਕਾਂ ਤੋਂ ਤੇ ਬੰਧਨਾਂ ਤੋਂ ਖੁੱਲ੍ਹ ਦੇ ਦਿੱਤੀ ਹੈ।
>
> *(ਨਿਰੰਕਾਰੀ ਬਾਬਾ, ਪੰਨਾ 22)*

ਇਕ ਹੋਰ ਨੌਜਵਾਨ ਨਿਰੰਕਾਰੀ ਨੇ (***ਇਲਸਟ੍ਰੇਟਿਡ ਵੀਕਲੀ***, 24 ਅਕਤੂਬਰ, 1973) ਇਕ ਇੰਟਰਵਿਊ ਵਿਚ ਇਸੇ ਪੁਸਤਕ ਦੇ ਲੇਖਕ ਗਾਰਗੀ ਨੂੰ ਕਿਹਾ ਹੈ:

> ਮੈਨੂੰ ਗਊ, ਗੋਭੀ, ਸੂਰ ਇਕ ਬਰਾਬਰ ਹਨ ਅਤੇ ਸ਼ਰਾਬ ਅਧਿਆਤਮਕ ਰਾਹ ਦਾ ਰੋੜਾ ਨਹੀਂ। ਪੂਰੀ ਗੱਲਬਾਤ ਇਉਂ ਲਿਖੀ ਹੈ:
>
> ਮੈਂ ਇਕ ਨਾਸਤਕ ਸਾਂ ਤੇ ਬਾਬਾ ਗੁਰਬਚਨ ਸਿੰਘ ਦੀ ਨਿਖੇਧੀ ਕਰਨ ਆਇਆ ਸਾਂ। ਪਰ ਉਸ ਨੇ ਮੈਨੂੰ ਬਦਲ ਲਿਆ ਹੈ ਤੇ ਰਾਹ ਵਿਖਾ ਦਿੱਤਾ। ਇਹ ਵਿਸ਼ਵਾਸ ਮੇਰਾ ਨਿੱਤ ਜੀਵਨ ਹੈ। ਮੈਂ ਤੰਗ-ਦਿਲੀ ਤੋਂ ਮੁਕਤ ਹਾਂ। ਕੋਈ ਬੰਧਨ ਨਹੀਂ, ਮੈਂ ਗਊ, ਸੂਰ, ਬੱਕਰਾ ਤੇ ਗੋਭੀ ਸਭ ਕੁਝ ਖਾ ਸਕਦਾ ਹਾਂ। ਸ਼ਰਾਬ ਪੀਣੀ ਮੇਰੀ ਅਧਿਆਤਮਿਕ ਜ਼ਿੰਦਗੀ ਦੇ ਰਾਹ ਵਿਚ ਰੋੜਾ ਨਹੀਂ, ਜਿਵੇਂ ਇਹ ਹਜ਼ਰਤ ਈਸਾ ਦੇ ਆਤਮਕ ਜੀਵਨ ਵਿਚ ਰੁਕਾਵਟ ਨਹੀਂ ਸੀ। *(ਪੰਨਾ 23)*

ਇੰਨੀਆਂ ਖੁੱਲ੍ਹਾਂ ਦੇਣ ਵਾਲਾ ਕੀ ਕੋਈ ਧਰਮ-ਪੰਥ ਹੋ ਸਕਦਾ ਹੈ? ਜਾਂ ਐਸ਼-ਇਸ਼ਰਤ ਦਾ ਕਲੱਬ? ਇਸ ਬਾਰੇ ਸਿਆਣੇ ਪਾਠਕ ਫ਼ੈਸਲਾ ਕਰਨ, ਪਰ ਇਕ ਗੱਲ ਸਪੱਸ਼ਟ ਹੈ, ਜਿਥੇ ਪਾਪ ਤੋਂ ਪਰਹੇਜ਼ ਦਾ ਸੰਕਲਪ ਹੀ ਉਡਾ ਦਿੱਤਾ ਜਾਵੇ ਅਤੇ ਮੁਕਤੀ ਦਾ, ਬਿਨਾਂ ਆਤਮ ਸਾਧਨਾ ਤੇ ਅਚਾਰ-ਸੰਘਤਾ ਦੇ, ਖੁੱਲ੍ਹਾ ਲਾਇਸੈਂਸ ਦਿੱਤਾ ਜਾਵੇ, ਉਥੇ ਭੀੜਾਂ ਕਿਉਂ ਨਾ ਲੱਗਣ? ਸਿਨੇਮਿਆਂ ਵਿਚ ਭੀੜਾਂ ਗੁਰਦੁਆਰਿਆਂ ਨਾਲੋਂ ਵੱਧ ਹੀ ਹੁੰਦੀਆਂ ਹਨ। ਨੀਚਾਣ ਵਾਲਾ ਸੁਖੈਨ ਰਾਹ ਹਰ ਕੋਈ ਭਾਲਦਾ ਹੈ।

www.AKJ.Org

ਇਹ ਤਾਂ ਬਿਲਕੁਲ ਇਹੋ ਜਿਹੀ ਗੱਲ ਹੈ, ਜਿਵੇਂ ਕੋਈ ਕਿਸੇ ਦੀ ਪਤਨੀ ਜਾਂ ਭੈਣ ਨਾਲ ਜਬਰ ਕਰ ਕੇ ਆਖੇ ਕਿ ਮੈਂ ਇਹ ਕੁਕਰਮ ਆਪ ਥੋੜ੍ਹੇ ਕੀਤਾ ਹੈ, ਇਹ ਤਾਂ ਸਭ ਉਸੇ ਮਾਲਕ ਦੀ ਖੇਡ ਹੈ। ਉਸੇ ਦੀ ਪ੍ਰੇਰਨਾ ਨਾਲ ਹੀ ਸਭ ਕੁਝ ਹੋ ਰਿਹਾ ਹੈ।

ਡਾ. ਮਾਨ ਸਿੰਘ ਜੀ ਦਾ ਕਥਨ ਹੈ ਕਿ ਬੂਟਾ ਸਿੰਘ ਬੁੱਧੀਵਾਨ ਵਿਅਕਤੀ ਸੀ, ਉਸ ਨੂੰ ਗੁਰਬਾਣੀ ਦਾ ਚੋਖਾ ਗਿਆਨ ਸੀ, ਸ਼ਬਦ ਪੜ੍ਹਨ ਵਿਚ ਵੀ ਉਸ ਦਾ ਸੁਰੀਲਾ ਗਲਾ ਤੇ ਅੰਦਾਜ਼ ਦਿਲ ਨੂੰ ਮੋਹ ਲੈਣ ਵਾਲਾ ਸੀ। ਬਾਣੀ ਦੀ ਵਿਆਖਿਆ ਵੀ ਸੁੰਦਰ ਕਰ ਲੈਂਦਾ ਸੀ। ਕਈ ਵਾਰ ਉਸ ਨਾਲ ਮੇਰਾ ਮੇਲ ਹੋਇਆ ਅਤੇ ਸਾਡੇ ਬਜ਼ੁਰਗਾਂ ਨਾਲ ਪ੍ਰਚਾਰ ਦੌਰਿਆਂ ਉੱਤੇ ਅਸੀਂ ਇਕੱਠੇ ਮਿਲਦੇ ਰਹੇ। ਮੈਨੂੰ ਉਸ ਦੀ ਗ਼ਲਤੀ ਦੇ ਬਾਵਜੂਦ ਵੀ ਉਸ ਨਾਲ ਕਾਫ਼ੀ ਪਿਆਰ ਹੈ। ਉਹ ਆਪਣੇ ਸਮੇਂ ਦੇ ਨਿਰੰਕਾਰੀ ਸਿੱਖਾਂ ਵਿਚ ਸਿਰਕੱਢ ਸੀ, ਪਰ ਸ਼ਰਾਬ ਪੀਣ ਤੋਂ ਵਰਜਣ ਕਰਕੇ ਉਸ ਦੇ ਸ੍ਵੈ-ਮਾਨ ਨੂੰ ਚੋਟ ਲੱਗੀ ਜਿਸ ਕਾਰਨ ਉਸ ਨੇ ਸ਼ਰਾਬੀਆਂ ਦੀ ਸੰਗਤ ਰਚਣ ਦਾ ਤਹੱਈਆ ਕਰ ਲਿਆ ਤੇ ਫਿਰ ਇਥੋਂ ਤਕ ਵੀ ਗਿਆ ਕਿ ਉਹ ਸਮਾਜ ਰਚਿਆ ਜਾਵੇ, ਜਿਥੇ ਕੁਝ ਵੀ ਵਿਵਰਜਿਤ ਨਾ ਹੋਵੇ। ਸ਼ਾਇਦ ਇਸੇ ਕਾਰਨ ਗੱਲ ਇਥੋਂ ਤਕ ਵੱਧ ਗਈ ਸੀ ਕਿ ਸ਼ਰਾਬ ਨਾਲ ਹੀ ਇਸ ਧਰਮ ਦੀ ਦੀਖਿਆ ਦਿੱਤੀ ਜਾਣ ਲੱਗ ਪਈ ਸੀ, ਜੋ ਹੁਣ ਕੁਝ ਰੁਕੀ ਦੱਸੀਦੀ ਹੈ।

ਇਹੋ ਕਾਰਨ ਹੈ ਕਿ ਉਨ੍ਹਾਂ ਦੇ ਨਿਰੰਕਾਰੀ ਮਿਸ਼ਨ ਦੇ ਪ੍ਰਚਾਰਕ ਖਾਣ-ਪੀਣ ਦੇ ਮਸਲੇ ਬਾਰੇ ਕਿਸੇ ਕਿਸਮ ਦੇ ਸੰਜਮ ਅਤੇ ਪ੍ਰਚਾਰ ਬਾਰੇ ਕਿਸੇ ਵੀ ਭਾਂਤ ਦੀ ਮਾਨ-ਮਰਯਾਦਾ ਦੇ ਪਾਲਣ ਦੀ ਥਾਂ ਸਾਰੀਆਂ ਖੁੱਲ੍ਹਾਂ ਮਾਨਣ ਦੀ ਛੋਟ ਦੇਂਦੇ ਹਨ ਅਤੇ ਇੰਜ ਨਕਲੀ ਨਿਰੰਕਾਰੀ ਮਤ ਨਿੱਤ ਕੌੜੀ ਵੇਲ ਵਾਂਗ ਵੱਧ ਰਿਹਾ ਹੈ।

## ਨਕਲੀ ਨਿਰੰਕਾਰੀ : ਧਰਮ ਅਤੇ ਆਚਾਰ

ਉੱਪਰ ਦਿੱਤੀਆਂ ਟੂਕਾਂ ਤੋਂ ਪ੍ਰਗਟ ਹੈ ਕਿ ਨਿਰੰਕਾਰੀ ਲੋਕ ਧਰਮ ਨਾਲ ਸੱਚੇ ਆਚਾਰ ਵਿਵਹਾਰ ਦਾ ਕੋਈ ਸੰਬੰਧ ਨਹੀਂ ਮੰਨਦੇ। ਕਿਸੇ ਕਿਸਮ ਦਾ ਸੰਜਮ, ਮਰਯਾਦਾ, ਤਪ, ਤਿਆਗ ਦੀ ਥਾਂ ਸਭ ਕੁਝ ਮਨ-ਆਈਆਂ ਤੇ ਮੌਜ-ਮੇਲੇ ਕਰਦਿਆਂ ਹੋਇਆਂ ਨੂੰ ਬਿਨਾਂ ਬਿਲੰਬ ਮੁਕਤੀ ਪ੍ਰਾਪਤ ਹੋ ਜਾਣ ਦੇ ਝੂਠੇ ਲਾਰੇ ਦੇ ਕੇ ਆਪਣੇ ਜਾਲ ਵਿਚ ਫਸਾਉਂਦੇ ਹਨ। ਇਸ ਗੱਲ ਦਾ ਮੂਲ ਆਧਾਰ ਅਵਤਾਰ ਸਿੰਘ ਦੀ ਜੀਵਨੀ *ਯੁਗ ਪੁਰਸ਼* ਹੈ। ਅਖੇ! ਅਵਤਾਰ ਸਿੰਘ ਨੇ :

> ਜਦੋਂ ਰਾਮ, ਕ੍ਰਿਸ਼ਨ, ਮੁਹੰਮਦ, ਯਸੂ ਮਸੀਹ, ਗੁਰੂ ਨਾਨਕ ਦੇਵ ਜੀ ਨੇ, ਲੋਕਾਂ ਦੇ ਉਨ੍ਹਾਂ ਸਮੇਂ ਕੀਤੇ ਭੈੜੇ ਸਲੂਕ ਕਾਰਨ ਦੁਨੀਆਂ ਉੱਤੇ ਆਉਣ ਤੋਂ ਇਨਕਾਰ ਕਰ ਦਿੱਤਾ, ਪ੍ਰਭੂ ਨੇ ਮੇਰੇ ਉੱਤੇ ਨਿਗਾਹ ਸੁੱਟੀ ਤੇ ਮੈਂ ਹੱਥ ਬੰਨ੍ਹ ਕੇ ਇਹ ਸਵੀਕਾਰ ਕਰ ਲਿਆ, ਪਰ ਕੁਝ ਬੇਨਤੀਆਂ ਕਰ ਕੇ ਆਪਣੀਆਂ ਗੱਲਾਂ ਮਨਵਾਈਆਂ, ਉਨ੍ਹਾਂ ਵਿਚੋਂ ਤੀਜੀ ਅਤੇ ਵੱਡੀ ਗੱਲ ਪ੍ਰਭੂ ਅਤੇ ਵਲੀਆਂ ਅਵਤਾਰਾਂ ਵੱਲੋਂ ਇਹ ਮੰਨੀ ਗਈ :
>
> "ਜੇ ਸੰਸਾਰ ਦਾ ਕੋਈ ਮਹਾਨ ਪਾਪੀ ਜਾਂ ਦੁਰ-ਆਚਾਰੀ ਭੁੱਲ ਕੇ ਵੀ ਮੇਰੇ ਬ੍ਰਹਮ ਗਿਆਨੀ ਸੰਤ ਦਾ ਆਦਰ ਸਤਿਕਾਰ ਕਰ ਦੇਵੇ ਤਾਂ ਉਸ ਨੂੰ ਵੀ ਮੁਕਤੀ ਪ੍ਰਾਪਤ ਹੋਣੀ ਚਾਹੀਦੀ ਹੈ।

www.AKJ.Org

> ਉਨ੍ਹਾਂ ਮੇਰੀ ਗੱਲ ਮੁਸਕ੍ਰਾਉਂਦਿਆਂ ਸਵੀਕਾਰ ਕਰ ਲਈ ਅਤੇ ਆਪਸ ਵਿਚ ਮੁਸਕ੍ਰਾਉਂਦੇ ਹੋਏ ਕਹਿਣ ਲੱਗੇ ਕਿ ਇਹ ਅਵਤਾਰ ਬਹੁਤ ਸਫਲਤਾ ਪਾਵੇਗਾ।"
>
> *(ਪੰਨਾ 233)*

ਕੋਈ ਕਿੰਨਾ ਵੀ ਦੁਰਾਚਾਰੀ, ਲਫ਼ੰਗਾ, ਪਾਪੀ ਹੋਵੇ, ਕਿਸੇ ਨਿਰੰਕਾਰੀ ਦੇ ਪੈਰੀਂ ਹੱਥ ਲਗਾ ਦੇਵੇ, ਉਸ ਨੂੰ ਮੁਕਤੀ ਦੇਣ ਦਾ ਲਾਇਸੈਂਸ ਦੇਣ ਦੇ ਅਖ਼ਤਿਆਰ ਤਾਂ ਇਹ ਰੱਬ ਕੋਲੋਂ ਹੀ ਲੈ ਕੇ ਆਇਐ। ਕਹਿੰਦਾ ਹੈ ਕਿ ਦੁਨੀਆਂ ਵਿਚ ਚੰਗੇ ਬੰਦੇ ਥੋੜ੍ਹੇ ਹੁੰਦੇ ਹਨ, ਮਾੜੇ ਬਹੁਤ। "ਹੈਨਿ ਵਿਰਲੇ ਨਾਹੀ ਘਣੇ...॥" (ਪੰਨਾ 1411) ਕੁਕਰਮੀਆਂ, ਲੁੱਚਿਆਂ, ਲਫ਼ੰਗਿਆਂ ਨੂੰ ਜਿਥੋਂ ਏਨੀ ਕੁ ਗੱਲ ਨਾਲ ਮੁਕਤੀ ਮਿਲ ਜਾਵੇ ਕਿ ਉਨ੍ਹਾਂ ਕਿਸੇ ਇਕ 'ਨਕਲੀ ਨਿਰੰਕਾਰੀ' ਦੇ ਪੈਰ ਛੋਹ ਲਏ ਅਤੇ ਖੁੱਲ੍ਹਾਂ ਵੀ ਹਰ ਕਿਸਮ ਦੀਆਂ ਮਾਨਣ ਦੀ ਮੌਜ ਹੋਵੇ, ਇਹੋ ਜਿਹੇ ਨਿਹਕਲੰਕੀ ਧਰਮ ਦੇ ਮੰਨਣ ਲਈ ਲੋਕ ਕਿਵੇਂ ਨਾ ਜੁੜਨ ? ਭਲਾ ਹੋਰ ਅਜਿਹਾ ਸਸਤਾ ਸੌਦਾ ਕਿਥੋਂ ਮਿਲ ਸਕਦਾ ਹੈ।

ਇਕ ਪਾਸੇ ਤਾਂ ਇਹ ਨਿਰੰਕਾਰੀ ਬਾਬਾ ਕਹਿੰਦਾ ਹੈ, ਮੈਨੂੰ ਸਾਰੇ ਪੀਰਾਂ ਪੈਗ਼ੰਬਰਾਂ, ਗੁਰੂ ਨਾਨਕ ਜੀ ਨੇ ਭੇਜਿਆ ਹੈ, ਦੂਜੇ ਪਾਸੇ ਉਨ੍ਹਾਂ ਦਾ ਮਖ਼ੌਲ ਵੀ ਉਡਾਉਂਦਾ ਹੈ। ਇਸੇ ਪੁਸਤਕ ਦੇ ਪੰਨਾ 22 ਉੱਤੇ ਲਿਖਿਆ ਹੈ:

> ਹਿੰਦੂਆਂ ਦਾ ਭਗਵਾਨ, ਸਿੱਖਾਂ ਦਾ ਵਾਹਿਗੁਰੂ, ਮੁਸਲਮਾਨਾਂ ਦਾ ਅੱਲ੍ਹਾ, ਈਸਾਈਆਂ ਦਾ ਗਾਡ, ਆਪਸ ਵਿਚ ਲੜ ਲੜ ਕੇ ਲਹੂ-ਲੁਹਾਨ ਹੋ ਰਹੇ ਸੀ।

ਇਹ ਤਾਂ ਲਹੂ-ਲੁਹਾਨ ਹੋ ਰਹੇ ਸਨ, ਫਿਰ ਅਵਤਾਰ ਸਿੰਘ ਨੂੰ ਕਿਸ ਪ੍ਰਭੂ ਨੇ ਭੇਜਿਆ ਸੀ ? ਪ੍ਰਭੂ ਦਰਗਾਹ ਜਿਥੋਂ, ਅਵਤਾਰ ਸਿੰਘ ਕਹਿੰਦਾ ਹੈ, ਮੈਨੂੰ ਭੇਜਿਆ ਗਿਆ, ਉਥੇ ਹੋਰ ਤਾਂ ਸਭ ਪੀਰ-ਪੈਗ਼ੰਬਰ, ਅਵਤਾਰ ਗੁਰੂ ਆਪਣੀ ਕਿਸੇ ਹੈਸੀਅਤ ਵਿਚ ਬੁਲਾਏ ਮੰਨ ਹੀ ਲੈਂਦੇ ਹਾਂ, ਪਰ ਅਵਤਾਰ ਸਿੰਘ ਪਹਿਲਾਂ ਕਿਹੜਾ ਪੈਗ਼ੰਬਰ ਸੀ, ਜਿਸ ਕਰਕੇ ਇਸ ਨੂੰ ਉਥੇ ਸੱਦਿਆ ਗਿਆ ਤੇ ਪ੍ਰਭੂ ਕੋਲ ਰਸਾਈ ਹੋਈ ? ਕੀ ਇਹ ਵੀ ਕਿਤੇ ਪੁਰਾਣੀਆਂ ਕਥਾਵਾਂ ਵਾਂਗ ਕਿਧਰੇ ਮੱਖੀ ਜਾਂ ਮੱਛਰ ਬਣ ਕੇ ਕੰਧ ਨਾਲ ਚਿਪਕਿਆ ਹੋਇਆ ਸੀ ? ਇਸ ਨੂੰ ਕਹਿੰਦੇ ਹਨ 'ਝੂਠੋ ਝੂਠ ਚੁਤਾਲ ਸੌ'।

ਜੇ ਇਹ ਠੀਕ ਹੈ ਕਿ ਅਵਤਾਰ ਸਿੰਘ ਪਹਿਲਾਂ ਤੋਂ ਹੀ ਇਸ ਯੁਗ ਦਾ ਮਹਾਂਪੁਰਖ ਥਾਪ ਹੇਠ ਭੇਜਿਆ ਸੀ ਫਿਰ *ਯੁਗ ਪੁਰਸ਼* ਦੀ ਪੁਸਤਕ ਅਨੁਸਾਰ ਦੋ ਰੁਪਏ ਮਹੀਨੇ ਉੱਤੇ ਭਾਂਡੇ ਮਾਂਜਣ ਅਤੇ ਰੇਲਵੇ ਦਾ ਕੁਲੀ ਦਾ ਕੰਮ ਕਰ ਕੇ ਗੁਜ਼ਾਰਾ ਕਰਨ ਲਈ ਕਿਉਂ ਜਫ਼ਰ ਜਾਲੇ ? ਉਸੇ ਵੇਲੇ ਹੱਥ 'ਤੇ ਹੱਥ ਮਾਰ ਕੇ ਕਿਉਂ ਨਾ ਗਾਉਣਾ ਸ਼ੁਰੂ ਕਰ ਦਿੱਤਾ ? ਇਕ ਪਾਸੇ ਕਹਿੰਦਾ ਹੈ ਧੁਰੋਂ ਭੇਜਿਆ ਆਇਆ ਹਾਂ, ਦੂਜੇ ਪਾਸੇ ਕਹਿੰਦਾ ਹੈ 'ਬੂਟੇ ਨੇ ਬੂਟਾ ਲਾਇਆ ਹੈ।' ਇਹੋ ਜਿਹੀਆਂ ਆਪਾ-ਵਿਰੋਧੀ ਗੱਲਾਂ ਤਾਂ ਖ਼ੁਦਗ਼ਰਜ਼ ਲੋਕ ਹੋਰ ਵੀ ਕਰਦੇ ਹੋਣਗੇ, ਪਰ ਅਜਿਹੇ ਧਰਮ ਦੇ ਠੇਕੇਦਾਰ ਇਹ ਨਕਲੀ ਨਿਰੰਕਾਰੀਆਂ ਦੇ ਗੁਰੂ ਘੰਟਾਲ ਹੀ ਹੋ ਸਕਦੇ ਹਨ, ਜਿਹੜੇ ਇਕ ਦੰਭੀ ਦੇ ਜਾਲ ਵਿਚ ਫਸ ਕੇ ਏਨੇ ਹੋਸ਼ ਹਵਾਸ ਗਵਾ ਬੈਠੇ ਹਨ ਕਿ ਹਾਸੋਹੀਣੀਆਂ ਗੱਲਾਂ ਦੇ ਆਧਾਰ 'ਤੇ ਅਵਤਾਰ ਸਿੰਘ, ਗੁਰਬਚਨ ਸਿੰਘ ਨੂੰ ਜੱਗ ਦਾ ਪਾਲਣਹਾਰ ਹੋਣ ਦੇ ਗੀਤ ਗਾ ਗਾ ਕੇ ਆਪਣੀ ਆਤਮਾ ਨੂੰ ਤਿਫਲ ਤਸੱਲੀਆਂ ਦੇ ਰਹੇ ਹਨ:

*ਆਇਆ ਗੁਰੂ ਬਚਨ ਅਵਤਾਰ। ਸਾਰੇ ਜੱਗ ਦਾ ਪਾਲਣਹਾਰ।*

www.AKJ.Org

ਸਭ ਨੂੰ ਪਤਾ ਹੈ ਕਿ ਜਿਵੇਂ ਅਵਤਾਰ ਸਿੰਘ ਕੈਂਸਰ ਨਾਲ ਮਰਿਆ ਹੈ, ਗੁਰਬਚਨ ਸਿੰਘ ਨੇ ਵੀ ਮਰ ਜਾਣਾ ਹੈ, ਪਰ ਆਪਣੇ ਟੁੱਕੜ-ਬੋਚ ਕਵੀਆਂ ਤੋਂ ਸੋਭਾ ਸੁਣ ਸੁਣ ਕੇ ਉਹ ਖ਼ੁਸ਼ ਹੋ ਰਿਹਾ ਹੈ ਕਿ ਮੈਂ ਕਦੇ ਮਰਨਾ ਹੀ ਨਹੀਂ:

*ਦੁਨੀਆਂ ਵਾਲਿਓ ਦੱਸਾਂ ਮੈਂ ਗੱਲ ਇੱਕੋ,*
*ਇਹ ਜੋ ਬੈਠਾ ਹੈ ਦੁਨੀਆਂ ਬਣਾਣ ਵਾਲਾ।*
*ਸਦਾ ਏਸ ਨੇ ਕਾਇਮ ਤੇ ਦਾਇਮ ਰਹਿਣਾ,*
*ਬਾਕੀ ਜੱਗ ਏ ਆਉਣ ਤੇ ਜਾਣ ਵਾਲਾ।*

*(ਰਸਾਲਾ 'ਸੰਤ ਨਿਰੰਕਾਰੀ', ਫ਼ਰਵਰੀ 1966)*

ਗੁਰਬਚਨ ਸਿੰਘ ਦਾ ਪਿਉ ਨਾ ਰਿਹਾ ਤਾਂ ਇਹ ਕਿਵੇਂ ਕਾਇਮ ਰਹੇਗਾ?

## ਨਿਰੰਕਾਰੀਆਂ ਦੇ ਦੂਜੇ ਧਰਮਾਂ ਉੱਤੇ ਹਮਲੇ

ਕੁਝ ਲੋਕ ਇਹ ਸਮਝਦੇ ਹਨ ਕਿ ਨਿਰੰਕਾਰੀਆਂ ਦਾ ਸਿੱਖਾਂ ਨਾਲ ਹੀ ਟਕਰਾਓ ਹੈ। ਹੋਰ ਮਤਾਂ ਨੂੰ ਇਹ ਕੀ ਕਹਿੰਦਾ ਹੈ? ਖ਼ਾਸ ਕਰਕੇ ਕੁਝ ਹਿੰਦੂ ਮਹਾਸ਼ੇ ਉਸ ਦੀ ਅੰਨ੍ਹੀ ਪ੍ਰੋੜ੍ਹਤਾ ਕਰਦੇ ਨਹੀਂ ਥੱਕਦੇ। ਪਰ ਕੀ ਇਹ ਸਿੱਖੀ ਦਾ ਵਿਰੋਧੀ ਹੈ ਜਾਂ ਸਭਨਾਂ ਧਰਮਾਂ ਦੀ ਫੱਕੀ ਉਡਾਉਂਦਾ ਹੈ। ਇਹ ਜਾਨਣ ਲਈ ਨਿਰੰਕਾਰੀ ਲਿਖਤਾਂ ਉੱਤੇ ਸਰਲ ਜਿਹੀ ਝਾਤ ਮਾਰੀ ਜਾਵੇ ਤਾਂ ਹਿੰਦੂ ਤੇ ਮੁਸਲਮਾਨ ਧਰਮ ਉੱਤੇ ਇਸ ਦੇ ਕੀਤੇ ਕੋਝੇ ਹਮਲੇ ਸਾਹਮਣੇ ਪ੍ਰਤੱਖ ਦਿੱਸ ਪੈਂਦੇ ਹਨ:

*ਅੱਲ੍ਹਾ ਆਪੇ ਮੁੜ ਆਇਆ ਜੇ।*
*'ਗਾਡ' ਵੀ ਨਾਲ ਲਿਆਇਆ ਜੇ।*
*ਰਾਮ ਵੀ ਇਸ ਦੀ ਬੁੱਕਲ ਖੇਲੇ,*
*ਇਹ ਰੱਬ ਆਪੇ ਹੈ ਆਇਆ ਜੇ।*

ਇਕ ਪਾਸੇ ਤਾਂ ਇਹ ਲੋਕ ਰੱਬ ਦਾ ਆਕਾਰ ਨਹੀਂ ਮੰਨਦੇ, ਦੂਜੇ ਪਾਸੇ ਗੁਰਬਚਨ ਸਿੰਘ ਹੈ ਅੱਲ੍ਹਾ, ਗਾਡ, ਰਾਮ, ਚੱਲ ਕੇ ਆਇਆ ਕਹਿੰਦੇ ਹਨ। ਕੋਈ ਕੀ ਸਮਝੇ?

ਅਵਤਾਰ ਸਿੰਘ ਦੀ ਪਤਨੀ ਬੁਧਵੰਤੀ ਦਾ ਚਲਾਣਾ ਹੋਇਆ, ਉਸ ਦੇ ਮਰਨੇ ਉੱਤੇ ਇਕ ਟ੍ਰੈਕਟ *ਜਗਤ ਮਾਤਾ* ਛਾਪ ਕੇ ਵੰਡਿਆ ਗਿਆ। ਉਸ ਵਿਚ ਬੁਧਵੰਤੀ ਬਾਰੇ ਲਿਖਿਆ ਹੈ:

*ਮਰ ਗਈ ਕਹਿਨੇ ਵਾਲੇ ਖ਼ਿਆਲ ਕਰੇਂ।*
*ਖ਼ੁਦਾ ਕੀ ਬੀਵੀ ਥੀ ਖ਼ੁਦਾ ਕੀ ਮਾਂ ਥੀ ਵੋਹ।*

ਇਸੇ ਗੱਲ ਨੂੰ ਵਾਰਤਕ ਵਿਚ ਕੋਈ ਪ੍ਰੋ. ਜੋਗਿੰਦਰ ਸਿੰਘ ਲਿਖਦਾ ਹੈ:

ਜਗਤ ਮਾਤਾ ਰੱਬ ਦੀ ਵਹੁਟੀ ਅਤੇ ਰੱਬ ਦੀ ਮਾਂ ਵੀ ਸੀ।

*(ਰਸਾਲਾ 'ਸੰਤ ਨਿਰੰਕਾਰੀ', ਅਗਸਤ 1966, ਪੰਨਾ 30)*

ਇਨ੍ਹਾਂ ਦੀਆਂ ਲਿਖਤਾਂ ਤੋਂ ਜ਼ਾਹਰ ਹੈ ਕਿ ਇਹ ਕਿਸੇ ਪੀਰ ਖ਼ੁਦਾ ਨੂੰ ਰੱਬ ਨਹੀਂ ਮੰਨਦੇ। ਆਪਣੇ ਆਪ ਨੂੰ ਹੀ ਰੱਬ ਕਹਿੰਦੇ ਹਨ ਅਤੇ ਇਕ ਤੀਵੀਂ ਜੋ ਅਵਤਾਰ

www.AKJ.Org

ਸਿੰਘ ਦੀ ਪਤਨੀ ਸੀ, ਉਸੇ ਨੂੰ ਰੱਬ ਦੀ ਮਾਂ ਤੇ ਵਹੁਟੀ ਵੀ ਕਹਿੰਦੇ ਹਨ। ਰੱਬ ਨਾ ਹੋਇਆ ਕੋਈ ਵਾਮ-ਮਾਰਗੀਆ ਕਾਮੀ ਝੋਟਾ ਹੋਇਆ।

ਇਸਲਾਮ ਵਿਚ ਅੰਤਮ ਰਸੂਲ ਹਜ਼ਰਤ ਮੁਹੰਮਦ ਸਾਹਿਬ ਹਨ, ਉਨ੍ਹਾਂ ਪਿੱਛੋਂ ਕੋਈ ਪੈਗ਼ੰਬਰੀ ਦਾ ਦਾਅਵਾ ਨਹੀਂ ਕਰ ਸਕਦਾ। ਮੁਸਲਮਾਨ ਆਪਣੀ ਮਜ਼੍ਹਬੀ ਪਰੰਪਰਾ ਉੱਤੇ ਕਰੜਾਈ ਨਾਲ ਪਹਿਰਾ ਦੇਂਦੇ ਆਏ ਹਨ। ਜਿਸ ਕਿਸੇ ਨੇ ਪੈਗ਼ੰਬਰ ਹੋਣ ਦਾ ਦਾਅਵਾ ਕੀਤਾ, ਉਸ ਨੂੰ ਸੰਗਸਾਰ (ਪੱਥਰਾਂ ਦੀ ਮਾਰ) ਕਰ ਕੇ ਮਾਰ ਦਿੱਤਾ ਗਿਆ। ਪਿਛਲੇ ਕੁਝ ਵਰ੍ਹਿਆਂ ਦੀ ਗੱਲ ਹੈ, ਅਹਿਮਦੀ ਫ਼ਿਰਕਾ ਜੋ ਕਾਦੀਆਂ ਤੋਂ ਜਾ ਕੇ ਨਕਲੀ ਨਿਰੰਕਾਰੀਆਂ ਵਾਂਗ ਪਾਕਿਸਤਾਨ ਵਿਚ ਪੈਗ਼ੰਬਰੀ ਦੇ ਦਾਅਵੇ ਕਰਨ ਦਾ ਪ੍ਰਚਾਰਕ ਸੀ, ਉਨ੍ਹਾਂ ਦੀ ਜੋ ਬੁਰੀ ਬਾਬ ਹੋਈ, ਸਭ ਜਾਣਦੇ ਹਨ। ਪਾਕਿਸਤਾਨ ਸਰਕਾਰ ਨੇ ਉਨ੍ਹਾਂ ਨੂੰ ਗ਼ੈਰ-ਮੁਸਲਿਮ ਕਰਾਰ ਦੇ ਕੇ ਇਸਲਾਮ ਦੇ ਗਲੋਂ ਲਾਹ ਸੁੱਟਿਆ। ਸ਼ੱਕ ਹੈ ਮੁਸਲਮਾਨ ਭਰਾਵਾਂ ਵੱਲੋਂ ਕਿਵੇਂ ਇਨ੍ਹਾਂ ਨਕਲੀ ਨਿਰੰਕਾਰੀਆਂ ਨੂੰ, ਮੁਹੰਮਦ ਸਾਹਿਬ ਹੋਣ ਦੇ ਦਾਅਵੇ ਕਰਨ ਅਤੇ ਇਸਲਾਮ ਤੇ ਉਨ੍ਹਾਂ ਦੇ ਰਸੂਲਾਂ ਦੇ ਮਖ਼ੌਲ ਉਡਾਉਣ ਦੀ ਖੁੱਲ੍ਹੀ ਛੁੱਟੀ ਮਿਲੀ ਹੋਈ ਹੈ? ਇਹ ਮੂਰਖ ਹਮਾਕਤੀ ਤਾਂ ਅਵਤਾਰ ਦੀ ਘਰ ਵਾਲੀ ਨੂੰ ਖ਼ੁਦਾ ਦੀ ਬੀਵੀ ਤੇ ਖ਼ੁਦਾ ਦੀ ਮਾਂ ਕਹਿੰਦੇ ਹਨ।

ਅੱਲ੍ਹਾ ਤੇ ਖ਼ੁਦਾ ਬਾਰੇ ਸਭ ਜਾਣਦੇ ਹਨ ਕਿ ਇਹ ਨਾਮ ਪਰਮੇਸ਼ਰ ਜਾਂ ਅਕਾਲ ਪੁਰਖ ਦਾ ਵਾਚਕ ਹੈ, ਜੋ ਜੰਮਣ-ਮਰਨ ਤੋਂ ਪਰ੍ਹੇ ਹੈ। ਸਿੱਖੀ ਅਨੁਸਾਰ "ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ" (ਪੰਨਾ 1136) ਦਾ ਅਮਰ ਸਿਧਾਂਤ ਪ੍ਰਗਟਾਇਆ ਗਿਆ ਹੈ। ਇਸਲਾਮ ਵਿਚ ਖ਼ੁਦਾ ਜਾਂ ਅੱਲ੍ਹਾ ਦੇ ਪੈਗ਼ੰਬਰ ਤਾਂ ਆਉਂਦੇ ਮੰਨੇ ਹਨ, ਜਿਨ੍ਹਾਂ ਵਿੱਚੋਂ ਹਜ਼ਰਤ ਮੁਹੰਮਦ ਸਾਹਿਬ ਅੰਤਮ ਸਨ, ਪਰ ਕਿਸੇ ਤੀਵੀਂ ਵੱਲੋਂ ਖ਼ੁਦਾ ਦੀ ਤੀਵੀਂ ਵਜੋਂ ਖ਼ੁਦਾ ਨੂੰ ਜੰਮਣਾ ਤੇ ਵਹੁਟੀ ਨਾਲ ਭੋਗ ਭੋਗਣੇ ਕਿਤੇ ਨਹੀਂ ਦੱਸੇ। ਇਹ ਨਿਰੰਕਾਰੀ ਪਰਪੰਚ ਹੀ ਹੈ, ਜਿਥੇ ਇਕ ਤੀਵੀਂ ਦੇ ਮਰਨ ਉੱਤੇ ਉਸ ਨੂੰ ਖ਼ੁਦਾ ਦੀ ਵਹੁਟੀ ਅਤੇ ਖ਼ੁਦਾ ਦੀ ਮਾਂ—ਦਿੱਲੀ ਵਿਚ ਬੈਠ ਕੇ ਏਨੀ ਨਿਸ਼ੰਗਤਾ ਨਾਲ ਕਿਹਾ ਤੇ ਇਸ ਕੁਫ਼ਰ ਨੂੰ ਪ੍ਰਚਾਰਿਆ ਜਾ ਰਿਹਾ ਹੈ। ਇਹ ਭਾਰਤ ਵਿਚ ਹੀ ਹੋ ਸਕਦਾ ਹੈ ਜਿਥੇ ਅਜਿਹੇ ਡੇਰੇਦਾਰ ਲੋਕਾਂ ਨੂੰ ਪ੍ਰਫੁੱਲਤ ਹੋਣ ਲਈ ਦੀਨ-ਈਮਾਨ ਵੋਟਾਂ ਵੱਟੇ ਵਟਾਉਣੇ ਹਲਾਲ ਸਮਝੇ ਜਾ ਰਹੇ ਹਨ ਅਤੇ ਸਿੱਖੀ ਵਿਰੋਧੀ ਤਾਕਤਾਂ ਨੂੰ ਸ਼ਹਿ ਦੇ ਕੇ ਖ਼ਾਲਸਾ ਪੰਥ ਵਿਚ ਬਹੁ-ਪੰਥੀ ਪ੍ਰਥਾ ਮੁੜ ਚਲਾਈ ਜਾ ਰਹੀ ਹੈ।

*('ਸਿੰਘ ਸਭਾ ਪੱਤ੍ਰਿਕਾ', ਜੂਨ 1978)*

www.AKJ.Org

# ਅਸਲੀ ਤੇ ਨਕਲੀ ਨਿਰੰਕਾਰੀ ਮਤਾਂ 'ਤੇ ਪੰਛੀ-ਝਾਤ

*—ਗੁਰਪੁਰਵਾਸੀ ਡਾ. ਮਾਨ ਸਿੰਘ ਨਿਰੰਕਾਰੀ*

ਕੁਝ ਘਟਨਾਵਾਂ ਮਨੁੱਖ ਨੂੰ ਗਾੜ੍ਹੀ ਨੀਂਦ ਤੋਂ ਜਗਾਉਂਦੀਆਂ ਹਨ। ਸੁੱਤੀਆਂ ਕੌਮਾਂ ਨੂੰ ਜਦੋਂ ਕਿਸੇ ਪਾਸਿਉਂ ਧੱਕਾ ਵੱਜਦਾ ਹੈ ਤਾਂ ਉਹ ਹੁਸ਼ਿਆਰ ਹੋ ਜਾਂਦੀਆਂ ਹਨ ਅਤੇ ਆਉਣ ਵਾਲੇ ਖ਼ਤਰੇ ਤੋਂ ਖ਼ਬਰਦਾਰ ਹੋਣ ਲਈ ਵਿਚਾਰ ਕਰਦੀਆਂ ਹਨ। ਸੂਝਵਾਨ ਰਾਜਨੀਤਕ ਪੁਰਸ਼ਾਂ ਦਾ ਖ਼ਿਆਲ ਹੈ ਕਿ ਜੇਕਰ ਚੀਨ ਭਾਰਤ 'ਤੇ 1962 ਵਿਚ ਹਮਲਾ ਨਾ ਕਰਦਾ ਤਾਂ ਭਾਰਤ 1965 ਅਤੇ 1971 ਦੇ ਭਾਰਤ-ਪਾਕਿ ਯੁੱਧ ਲਈ ਕਦੀ ਵੀ ਪੂਰੀ ਤਿਆਰੀ ਨਾ ਕਰ ਸਕਦਾ ਅਤੇ ਹੋ ਸਕਦਾ ਹੈ ਕਿ ਅਵੇਸਲੇਪਣ ਕਾਰਨ ਭਾਰਤ ਦਾ ਕੁਝ ਹਿੱਸਾ ਪਾਕਿਸਤਾਨ ਆਪਣੇ ਹੇਠਾਂ ਦਬੋਚ ਲੈਂਦਾ।

ਵਿਸਾਖੀ 1978 ਨੂੰ ਅੰਮ੍ਰਿਤਸਰ ਵਿਖੇ ਹੋਏ ਗੋਲੀ ਕਾਂਡ ਦਾ ਵੀ ਕੁਝ ਅਜਿਹਾ ਹੀ ਪ੍ਰਤਿਕਰਮ ਸੂਝਵਾਨ ਪੁਰਸ਼ ਅਨੁਭਵ ਕਰ ਰਹੇ ਹਨ। ਸਿੱਖ ਪੰਥ ਨੂੰ ਆਪਣੇ ਧਰਮ-ਪ੍ਰਚਾਰ ਨੂੰ ਆਧੁਨਿਕ ਲੀਹਾਂ 'ਤੇ ਚੱਲਣ ਦੀ ਪ੍ਰੇਰਨਾ ਲੈਣੀ ਯੋਗ ਹੈ। ਜੇਕਰ ਅਸੀਂ ਗਿਆਨ ਦੀ ਖੜਗ ਹੱਥ ਵਿਚ ਲੈ ਕੇ ਢੇਰ ਸਮਾਂ ਪਹਿਲਾਂ ਹੀ 'ਨਕਲੀ-ਨਿਰੰਕਾਰੀਆਂ' ਦੀ ਸਮੱਸਿਆ ਦਾ ਸਮਾਧਾਨ ਕੀਤਾ ਹੁੰਦਾ ਤਾਂ ਅੱਜ ਉਨ੍ਹਾਂ ਦੀ ਵੰਗਾਰ ਦਾ ਉੱਤਰ ਅਸੀਂ ਸੁਚੱਜੇ ਢੰਗ ਨਾਲ ਦੇ ਸਕਦੇ ਸਾਂ। ਸਾਡੇ ਵੇਖਦਿਆਂ ਵੇਖਦਿਆਂ ਇਨ੍ਹਾਂ ਭੱਦਰ ਪੁਰਸ਼ਾਂ ਨੇ ਸਾਰੇ ਪੰਜਾਬ ਵਿਚ ਆਪਣਾ ਤਾਣਾ-ਬਾਣਾ ਤਣ ਲਿਆ ਅਤੇ ਅਸੀਂ ਘੂਕ ਨੀਂਦਰ ਸੁੱਤੇ ਰਹੇ।

ਇਸ ਪਰਿਸਥਿਤੀ ਤੋਂ ਪਹਿਲਾਂ ਲੇਖਕ ਨੇ ਆਪਣੀ ਜ਼ਾਤੀ ਪੱਧਰ 'ਤੇ ਢੇਰ ਸਮੇਂ ਤੋਂ ਆਪਣੇ ਲੇਖਾਂ ਦੁਆਰਾ ਪੰਥ ਵਿਚ ਜਾਗਰੂਕਤਾ ਲਿਆਉਣ ਦਾ ਯਤਨ ਕੀਤਾ ਹੈ, ਪਰ ਬੜੇ ਖੇਦ ਨਾਲ ਕਹਿਣਾ ਪੈਂਦਾ ਹੈ ਕਿ ਨਾ ਤਾਂ ਨਿਰੰਕਾਰੀ ਦਰਬਾਰ (ਚੰਡੀਗੜ੍ਹ) ਅਤੇ ਨਾ ਹੀ ਪੰਥ ਦੇ ਮਹਾਨ ਵਿਚਾਰਕਾਂ ਵੱਲੋਂ ਹੀ ਕੋਈ ਅਜਿਹਾ ਠੋਸ ਕਦਮ ਚੁੱਕਿਆ ਗਿਆ, ਜਿਸ ਦਾ ਸਿੱਟਾ ਕਤਲੋ-ਗ਼ਾਰਤ ਦੇ ਰੂਪ ਵਿਚ ਅੱਜ ਸਾਡੇ ਸਾਹਮਣੇ ਹੈ।

ਇਸ ਲੇਖ ਦੁਆਰਾ ਅੱਜ ਦੇ ਨਿਰੰਕਾਰੀ ਲਹਿਰ ਅਤੇ 'ਨਕਲੀ ਨਿਰੰਕਾਰੀ ਮੰਡਲ' ਦੇ ਬੁਨਿਆਦੀ ਮਤਭੇਦਾਂ ਅਤੇ ਇਤਿਹਾਸਕ ਪਿਛੋਕੜ ਬਾਰੇ ਸੰਖੇਪ ਜਾਣਕਾਰੀ ਦੇਣ ਦਾ ਯਤਨ ਕੀਤਾ ਹੈ ਤਾਂ ਕਿ ਸੰਗਤਾਂ ਪ੍ਰਤੀ ਗੁਰੂ ਨਾਨਕ ਨਿਰੰਕਾਰੀ ਦੇ ਉਪਯੋਗੀ ਨਾਮ 'ਨਿਰੰਕਾਰੀ' ਦੀ ਮਹਾਨਤਾ ਅਤੇ ਵਿਸ਼ੇਸ਼ਤਾ ਨੂੰ ਦ੍ਰਿੜ੍ਹ ਕਰਾਇਆ ਜਾ ਸਕੇ ਅਤੇ ਪਹਿਲੇ ਨਿਰੰਕਾਰੀਆਂ ਤੇ ਇਨ੍ਹਾਂ ਦੂਜੇ ਨਕਲੀਆਂ ਦੇ ਅੰਤਰ ਨੂੰ ਸੰਗਤਾਂ ਸਮਝ ਸਕਣ।

ਪੰਜਾਬ ਵਿਚ ਸਿੱਖ ਰਾਜ ਸਮੇਂ ਪੰਥ ਦੀਆਂ ਕਈ ਮਹਾਨ ਹਸਤੀਆਂ ਪ੍ਰਗਟ ਹੋਈਆਂ। ਕਈਆਂ ਦਾ ਕਰਮ ਖੇਤਰ ਰਾਜਸੀ ਅਤੇ ਕੁਝ ਕੁ ਦਾ ਅਧਿਆਤਮਕ ਹੈ।

ਅਧਿਆਤਮਕ ਪੁਰਸ਼ਾਂ ਵਿੱਚੋਂ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ, ਬਾਬਾ ਦਿਆਲ ਜੀ ਆਦਿ ਨਿਰੰਕਾਰੀ ਲਹਿਰ ਦੇ ਬਾਨੀ ਤੇ ਬਾਬਾ ਰਾਮ ਸਿੰਘ ਜੀ ਨਾਮਧਾਰੀ ਆਦਿ ਵਿਸ਼ੇਸ਼ ਹਸਤੀਆਂ ਹੋਈਆਂ, ਜਿਨ੍ਹਾਂ ਨੇ ਸਿੱਖ ਪੰਥ ਵਿਚ ਆਪਣੇ ਮਹਾਨ ਧਾਰਮਿਕ ਅਤੇ ਸਦਾਚਾਰਕ ਗੁਣਾਂ ਕਰਕੇ ਪ੍ਰਸਿੱਧੀ ਪ੍ਰਾਪਤ ਕੀਤੀ।

ਸਿੱਖ ਧਰਮ ਵਿਚ ਰਾਜ-ਸੱਤਾ ਕਾਰਨ ਆਈਆਂ ਤਰੁੱਟੀਆਂ, ਜਿਨ੍ਹਾਂ ਵਿੱਚੋਂ ਬ੍ਰਾਹਮਣਵਾਦ ਦਾ ਸਿੱਖ ਧਰਮ ਵਿਚ ਪ੍ਰਸਾਰ ਅਤੇ ਨਸ਼ਿਆਂ ਦਾ ਪ੍ਰਯੋਗ ਆਦਿ ਰੀਤਾਂ-ਕੁਰੀਤਾਂ ਦੇ ਵਿਰੁੱਧ ਇਸ ਸਮੇਂ ਸਭ ਤੋਂ ਪਹਿਲਾਂ ਬਾਬਾ ਦਿਆਲ ਜੀ ਨੇ ਸੰਘਰਸ਼ ਆਰੰਭਿਆ। ਅੱਜ ਵਾਂਗ ਉਸ ਸਮੇਂ ਵੀ ਕਈ ਦੰਭੀ-ਪਾਖੰਡੀਆਂ ਦੀਆਂ ਗੱਦੀਆਂ ਚੱਲ ਰਹੀਆਂ ਸਨ। ਕਈ ਸੰਤ, ਮਹੰਤ ਚੱਲ ਰਹੇ ਸਨ ਅਤੇ ਸੰਗਤ ਨੂੰ ਪਰੰਪਰਾਵਾਦੀ ਧਾਰਨਾਵਾਂ ਵਿਚ ਫਸਾ ਕੇ ਸ਼ਖ਼ਸੀ ਪੂਜਾ ਦਾ ਪ੍ਰਵਾਹ ਚਲਾ ਰਹੇ ਸਨ। ਬਾਬਾ ਦਿਆਲ ਜੀ ਦੀ ਸ਼ਖ਼ਸੀਅਤ ਵਿਲੱਖਣ ਸੀ। ਆਪ ਨਾ ਤਾਂ ਮੌਜੂਦਾ ਦੰਭੀਆਂ ਵਾਂਗ 'ਸ਼ਹਿਨਸ਼ਾਹ' ਸਨ ਅਤੇ ਨਾ ਹੀ ਸ਼ਖ਼ਸੀ ਪੂਜਾ ਦੇ ਹਾਮੀ। ਆਪ ਕਿਰਤੀ ਸਨ ਅਤੇ ਰਾਵਲਪਿੰਡੀ ਵਿਚ ਪੰਸਾਰੀ ਦੀ ਦੁਕਾਨ ਕਰ ਕੇ ਨਿਰਬਾਹ ਕਰਦੇ ਸਨ। ਦੰਭੀ ਗੁਰੂਆਂ ਦੀ ਉਸ ਸਮੇਂ ਬੜੀ ਭਰਮਾਰ ਸੀ ਜੋ ਗੁਰਬਾਣੀ ਦੀ ਆੜ ਵਿਚ ਆਪਣੇ ਗੁਰੂ-ਦੰਭ ਨੂੰ ਚਮਕਾਉਂਦੇ ਸਨ। ਗੁਰਬਾਣੀ ਨੂੰ ਸਿਰਫ਼ ਮੱਥਾ ਟੇਕਣ ਤਕ ਹੀ ਮਹਾਤਮ ਸਮਝਿਆ ਜਾਂਦਾ ਸੀ ਅਤੇ ਗੁਰਬਾਣੀ ਦਾ ਪਾਠ, ਬਗ਼ੈਰ ਵਿਚਾਰ ਕੀਤੇ, ਸੰਸਕ੍ਰਿਤ ਦੇ ਮੰਤਰਾਂ ਵਾਂਗ ਕੀਤਾ ਜਾਂਦਾ ਸੀ। ਅਜਿਹੇ ਵਾਤਾਵਰਣ ਵਿਚ ਬਾਬਾ ਦਿਆਲ ਜੀ ਨੇ ਆਪਣਾ ਕ੍ਰਾਂਤੀਕਾਰੀ ਬੋਲਾ :

*ਜਪੋ ਪਿਆਰਿਓ ਧੰਨ ਨਿਰੰਕਾਰ।*
*ਜੋ ਦੇਹਧਾਰੀ ਸਭ ਖ਼ੁਆਰ।*

ਬੁਲੰਦ ਕੀਤਾ। ਇਸ ਦਾ ਭਾਵ ਜੜ੍ਹ ਪੂਜਾ, ਪੱਥਰ ਪੂਜਾ ਤੇ ਸ਼ਖ਼ਸੀ ਪੂਜਾ ਨੂੰ ਛੱਡ ਕੇ ਇਕ ਨਿਰੰਕਾਰ ਵਾਹਿਗੁਰੂ ਦੀ ਅਰਾਧਨਾ ਦਾ ਲਕਸ਼ ਅਪਣਾਉਣਾ ਸੀ।

ਪ੍ਰੋ. ਹਰਬੰਸ ਸਿੰਘ ਜੀ ਨੇ ਫ਼ਰਵਰੀ 1972 ਦੇ ਮਾਸਕ *ਸਿੱਖ ਰੀਵਿਊ* ਵਿਚ ਪੰਨਾ 39 'ਤੇ ਸਿੰਘ ਸਭਾ ਲਹਿਰ ਦੇ ਪਿਛੋਕੜ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ। (ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ)

> ਸਿੱਖਾਂ ਵਿਚ ਜੋ ਖ਼ਰਾਬੀਆਂ ਆ ਚੁੱਕੀਆਂ ਸਨ, ਉਨ੍ਹਾਂ ਦੇ ਸੁਧਾਰ ਲਈ ਬਾਬਾ ਦਿਆਲ ਜੀ ਨੇ ਸਿੰਘ ਸਭਾ ਲਹਿਰ ਤੋਂ ਢੇਰ ਚਿਰ ਪਹਿਲਾਂ ਆਪਣਾ ਕ੍ਰਾਂਤੀਕਾਰੀ ਬੋਲਾ ਬੁਲੰਦ ਕੀਤਾ। ਬਾਬਾ ਦਿਆਲ ਜੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਮਹਾਨ ਸੰਤ ਸਨ। ਉਨ੍ਹਾਂ ਨੇ ਸਿੱਖਾਂ ਵਿਚ ਆਈਆਂ ਤਰੁੱਟੀਆਂ ਦੇ ਵਿਰੁੱਧ ਮਹਾਨ ਸੰਘਰਸ਼ ਦਾ ਮੁੱਢ ਬੰਨ੍ਹਿਆ। ਵਿਸ਼ੇਸ਼ ਕਰਕੇ ਉਨ੍ਹਾਂ ਨੇ ਬੁੱਤ-ਪੂਜਾ ਵਿਰੁੱਧ ਪ੍ਰਚਾਰ ਕੀਤਾ ਅਤੇ ਇਕ ਨਿਰੰਕਾਰ (ਆਕਾਰ-ਰਹਿਤ) ਦੀ ਭਗਤੀ 'ਤੇ ਜ਼ੋਰ ਦਿੱਤਾ। ਜੋ ਲਹਿਰ ਉਸ ਸਮੇਂ ਉਨ੍ਹਾਂ ਨੇ ਚਲਾਈ, ਉਸ ਦਾ ਨਾਂ 'ਨਿਰੰਕਾਰੀ ਲਹਿਰ' ਪ੍ਰਚੱਲਤ ਹੋਇਆ।

ਬਾਬਾ ਦਿਆਲ ਜੀ ਪਰੰਪਰਾਵਾਦੀ ਕਰਮ-ਕਾਂਡੀ ਨਹੀਂ ਸਨ। ਆਪ ਖਰੀਆਂ ਖਰੀਆਂ ਕਹਿਣ ਵਾਲੇ ਗੁਰਮਤਿ ਧਾਰਨੀ, ਵਿਚਾਰਵਾਨ ਅਤੇ ਸਵੱਛ ਰਹਿਣੀ-ਬਹਿਣੀ

www.AKJ.Org

ਦੇ ਮਾਲਕ ਸਨ। ਆਪ ਦੀਆਂ ਖਰੀਆਂ, ਸੱਚੀਆਂ ਅਤੇ ਭਾਵ-ਪੂਰਤ ਗੱਲਾਂ ਸਮੇਂ ਦੇ ਲੋਕਾਂ ਨੂੰ ਪਸੰਦ ਨਾ ਆਈਆਂ। ਆਪ ਨਾਲ ਕੋਈ ਰਾਜਸੀ ਹਮਾਇਤ ਨਹੀਂ ਸੀ। ਇਸ ਲਈ ਬਰਾਦਰੀ ਨੇ ਆਪ ਨੂੰ ਆਪਣੇ ਵਿੱਚੋਂ ਵੱਖ ਕਰ ਦਿੱਤਾ ਅਤੇ ਆਪ ਦੇ ਸਾਥੀਆਂ ਨੂੰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਭਾਈਚਾਰਕ ਵਿਰੋਧਤਾ ਇਥੋਂ ਤਕ ਫੈਲ ਗਈ ਕਿ ਆਪ ਦਾ ਖੂਹਾਂ ਤੋਂ ਪਾਣੀ ਭਰਨਾ ਬੰਦ ਕੀਤਾ ਗਿਆ। ਹੋਰ ਤਾਂ ਹੋਰ ਨਿਰੰਕਾਰੀ ਪਰਿਵਾਰਾਂ ਦੇ ਮੁਰਦੇ ਦਾ ਸਸਕਾਰ ਵੀ ਸਰਵ-ਜਨਕ ਸ਼ਮਸ਼ਾਨ ਭੂਮੀ 'ਤੇ ਰੋਕ ਦਿੱਤਾ ਗਿਆ।

ਕਹਿਣ ਨੂੰ ਤਾਂ ਪੰਜਾਬ ਵਿਚ ਸਿੱਖ ਰਾਜ ਸੀ, ਪਰ ਜਨਮ ਤੋਂ ਲੈ ਕੇ ਮ੍ਰਿਤਕ ਤਕ ਸਭ ਮਰਯਾਦਾ ਪੁਰਾਣੇ ਬ੍ਰਾਹਮਣੀ ਵਹਿਮ ਅਨੁਸਾਰ ਸਨ। ਅਸ਼ਟ-ਭੁਜੀ ਦੇਵੀ ਦੁਰਗਾ ਅਤੇ ਭਗਉਤੀ ਦੀਆਂ ਮੂਰਤੀਆਂ ਦੀ ਪੂਜਾ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਅਤੇ ਤਰਨ ਤਾਰਨ ਦੀਆਂ ਪਰਿਕਰਮਾ ਵਿਚ ਵੀ ਕੀਤੀ ਜਾਂਦੀ ਸੀ। ਗੁਰੂ-ਅੰਸ਼ ਸਾਹਿਬਜ਼ਾਦਿਆਂ, ਬੇਦੀਆਂ, ਸੋਢੀਆਂ ਅਤੇ ਬ੍ਰਾਹਮਣਾਂ ਨੇ ਆਪ ਦਾ ਬਹੁਤ ਵਿਰੋਧ ਕੀਤਾ, ਪਰ ਆਪ ਆਪਣੇ ਟੀਚੇ ਦੀ ਪ੍ਰਾਪਤੀ ਲਈ ਨਿਡਰ ਹੋ ਕੇ ਪ੍ਰਚਾਰ ਕਰਦੇ ਰਹੇ। ਨਿਰੰਕਾਰੀ ਵਿਚਾਰਾਂ ਵਾਲੀ ਇਸ ਲਹਿਰ ਦਾ ਸਭ ਤੋਂ ਪਹਿਲਾ ਅਸਰ ਇਹ ਹੋਇਆ ਕਿ ਸਚਾਈ ਨੂੰ ਗ੍ਰਹਿਣ ਕਰਨ ਅਤੇ ਝੂਠ ਨੂੰ ਤਿਆਗਣ ਦੀ ਦਲੇਰੀ ਪੈਦਾ ਹੋਈ। ਹੋ ਸਕਦਾ ਹੈ ਕਿ ਮਨੁੱਖ ਦਾ ਨਿਸਚਾ ਗ਼ਲਤ ਹੋਵੇ ਪਰ ਜਦ ਤੀਕ ਪੁਰਾਣੀਆਂ ਗੱਲਾਂ ਨੂੰ ਵਿਚਾਰ ਦੀ ਕਸਵੱਟੀ 'ਤੇ ਪਰਖਣ ਤੇ ਨਵੀਆਂ ਗੱਲਾਂ 'ਤੇ ਚੱਲਣ ਦੀ ਖੁੱਲ੍ਹ ਨਾ ਹੋਵੇ, ਤਦ ਤਕ ਪ੍ਰਗਤੀ ਨਹੀਂ ਹੋ ਸਕਦੀ। ਸੰਸਾਰ ਵਿਚ ਹਰ ਤਰ੍ਹਾਂ ਦੀ ਪ੍ਰਗਤੀ ਦੀ ਪਹਿਲੀ ਪਉੜੀ ਇਹੋ ਹੈ ਕਿ ਮਨੁੱਖ ਹਰੇਕ ਕੰਮ ਵਿਚਾਰ ਨਾਲ ਕਰੇ। ਆਪਣੇ ਨਿਸਚੇ ਵਿਚ ਪਰਪੱਕ ਅਤੇ ਸੱਚੇ-ਸੁੱਚੇ ਅਸੂਲਾਂ 'ਤੇ ਦਲੇਰੀ ਨਾਲ ਚੱਲਦਾ ਰਹੇ। ਜੋ ਵਿਚਾਰ ਗਿਆਨ ਦੀ ਕਸਵੱਟੀ 'ਤੇ ਪੂਰੇ ਨਾ ਉਤਰਦੇ ਹੋਣ, ਉਨ੍ਹਾਂ ਨੂੰ ਝਟਪਟ ਤਿਆਗ ਦੇਵੇ, ਪਰ ਆਮ ਤੌਰ 'ਤੇ ਇਹ ਬੜਾ ਕਠਨ ਪੰਧ ਹੈ। ਸੰਸਾਰ ਵਿਚ ਵਿਰਲੇ ਹਠੀ ਤੇ ਦਲੇਰ ਸੱਜਣ ਹੀ ਕੁਝ ਕਰ ਵਿਖਾਉਂਦੇ ਹਨ। ਉਸ ਸਮੇਂ ਦੇ ਸਿੱਖ ਪ੍ਰਚਾਰਕ ਅਤੇ ਸਿੱਖ ਧਾਰਮਿਕ ਆਗੂ ਬ੍ਰਾਹਮਣਵਾਦ ਦੀ ਜਿੱਲ੍ਹਣ ਵਿਚ ਗ੍ਰਸੇ ਹੋਏ ਸਨ। ਬਾਣੀ ਨੂੰ ਪੜ੍ਹਦੇ ਤਾਂ ਸਨ, ਪਰ ਉਨ੍ਹਾਂ ਦੇ ਮਨ ਵਿਚ ਬਾਣੀ ਦੇ ਬੋਧ ਅਤੇ ਵਿਚਾਰ ਦਾ ਕਦੇ ਸੰਚਾਰ ਨਹੀਂ ਸੀ ਹੁੰਦਾ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਵਲ ਪਿੰਡੀ ਦੌਰੇ ਸਮੇਂ ਬਾਬਾ ਦਿਆਲ ਜੀ ਦੀ ਪ੍ਰਸਿੱਧੀ ਸੁਣੀ। ਮਹਾਰਾਜਾ ਨੇ ਸਤਿਕਾਰ ਵਜੋਂ ਇਕ ਮੁਹਰ ਆਪਣੇ ਅਹਿਲਕਾਰ ਦੇ ਹੱਥ ਕੜਾਹ ਪ੍ਰਸ਼ਾਦ ਦੀ ਦੇਗ ਤੇ ਲੰਗਰ ਲਈ ਭੇਜੀ। ਬਾਬਾ ਦਿਆਲ ਜੀ ਨੂੰ ਇਹ ਭੇਟ ਕਰਮ-ਕਾਂਡੀ ਭਾਵਨਾ ਵਾਲੀ ਜਾਪੀ, ਕਿਉਂਕਿ ਇਹ ਗੱਲ ਬਾਬਾ ਜੀ ਦੇ ਬੁਨਿਆਦੀ ਅਸੂਲਾਂ ਤੇ ਪ੍ਰਚਾਰ ਦੇ ਵਿਰੁੱਧ ਸੀ ਕਿ ਕੋਈ ਮਾਇਆ ਅਰਪਨ ਕਰ ਕੇ ਆਪਣੇ ਨਾਮ ਦੀ ਅਰਦਾਸ ਕਰਾਵੇ, ਪਰ ਸੰਗਤ ਵਿਚ ਹਾਜ਼ਰ ਹੋ ਕੇ ਸ਼ਬਦ-ਕੀਰਤਨ, ਕਥਾ ਆਦਿ ਸਰਵਣ ਨਾ ਕਰੇ ਭਾਵੇਂ ਉਹ ਵਿਅਕਤੀ ਕਿਤਨੀ ਉੱਚੀ ਪਦਵੀ ਦਾ ਮਾਲਕ ਵੀ ਕਿਉਂ ਨਾ ਹੋਵੇ। ਆਪ ਨੇ ਉਸ ਅਹਿਲਕਾਰ ਦੇ ਹੱਥ ਮੁਹਰ ਵਾਪਸ ਭੇਜ ਦਿੱਤੀ ਤੇ ਅਹਿਲਕਾਰ ਨੂੰ ਸੰਬੋਧਨ ਕਰ ਕੇ ਇਉਂ ਫ਼ੁਰਮਾਇਆ, "ਸਾਡੇ ਮਨ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਬਹੁਤ

www.AKJ.Org

ਸਤਿਕਾਰ ਹੈ ਪਰ ਗੁਰੂ-ਘਰ ਵਿਚ ਸਾਰਿਆਂ ਦਾ ਦਰਜਾ ਇੱਕੋ ਜਿਹਾ ਹੈ। ਸੰਗਤ ਵਿਚ ਹਾਜ਼ਰੀ ਭਰੇ ਬਿਨਾਂ ਸ਼ਬਦ-ਕੀਰਤਨ ਤੇ ਗੁਰਬਾਣੀ ਦੇ ਭਾਵ-ਅਰਥ ਨੂੰ ਸਮਝੇ ਬਿਨਾਂ ਕੜਾਹ ਪ੍ਰਸ਼ਾਦ ਕਰਾ ਕੇ ਵਰਤਾ ਦੇਣ ਦੀ ਕੋਈ ਮਹਾਨਤਾ ਨਹੀਂ। ਇਸ ਤਰ੍ਹਾਂ ਮਹਾਰਾਜੇ ਨੂੰ ਕੋਈ ਅਧਿਆਤਮਿਕ ਫਲ ਨਹੀਂ ਮਿਲ ਸਕਦਾ। ਇਹ ਨਿਰਾ ਕਰਮ-ਕਾਂਡ ਤੇ ਬ੍ਰਾਹਮਣਿਕ ਪਰਪਾਟੀ ਹੈ। ਮਹਾਰਾਜਾ ਆਪ ਸੰਗਤ ਦੇ ਦਰਸ਼ਨ ਕਰਨ, ਸਤਿਸੰਗ ਵਿਚ ਸ਼ਾਮਲ ਹੋਣ ਤਾਂ ਹੀ ਕੁਝ ਅਧਿਆਤਮਕ ਲਾਭ ਪ੍ਰਾਪਤ ਕਰ ਸਕਣਗੇ।" ਅਹਿਲਕਾਰ ਨੇ ਸਾਰੀ ਵਿਥਿਆ ਮਹਾਰਾਜਾ ਰਣਜੀਤ ਸਿੰਘ ਨੂੰ ਜਾ ਸੁਣਾਈ। ਇਸ ਦਾ ਮਹਾਰਾਜਾ ਰਣਜੀਤ ਸਿੰਘ ਦੇ ਮਨ 'ਤੇ ਬਹੁਤ ਪ੍ਰਭਾਵ ਪਿਆ ਤੇ ਦੂਸਰੇ ਦਿਨ ਸੰਗਤ ਦੇ ਦਰਸ਼ਨ ਕੀਤੇ ਅਤੇ ਸ੍ਰੀ ਬਾਬਾ ਦਿਆਲ ਜੀ ਦੀ ਕਥਾ-ਵਿਆਖਿਆ ਸੁਣੀ, ਜਿਸ ਦਾ ਮਹਾਰਾਜੇ 'ਤੇ ਬਹੁਤ ਪ੍ਰਭਾਵ ਪਿਆ। ਉਸ ਦਿਨ ਦੀ ਕੜਾਹ ਪ੍ਰਸ਼ਾਦ ਦੀ ਦੇਗ ਮਹਾਰਾਜਾ ਰਣਜੀਤ ਸਿੰਘ ਵੱਲੋਂ ਵਰਤਾਈ ਗਈ। ਦੀਵਾਨ ਦੀ ਸਮਾਪਤੀ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਬਾਬਾ ਦਿਆਲ ਜੀ ਨੂੰ ਜਾਗੀਰ ਪਰਵਾਨ ਕਰਨ ਵਾਸਤੇ ਬੇਨਤੀ ਕੀਤੀ। ਆਪ ਨੇ ਜਾਗੀਰ ਲੈਣ ਤੋਂ ਇਨਕਾਰ ਕਰ ਦਿੱਤਾ। ਉਹ ਕਿਰਤ ਕਰ ਕੇ ਖਾਣ ਨੂੰ ਸਿੱਖੀ ਦਾ ਇਕ ਮਹੱਤਵਪੂਰਨ ਅਸੂਲ ਮੰਨਦੇ ਸਨ। ਮਹਾਰਾਜਾ ਨੇ ਆਪਣੀ ਭਾਵਨਾ ਅਨੁਸਾਰ ਫਿਰ ਉਹ ਜਾਗੀਰ ਗੁਰਦੁਆਰਾ ਭਾਈ ਰਾਮ ਸਿੰਘ ਦੇ ਨਾਂ ਲਾ ਦਿੱਤੀ।

ਆਪ ਗੁਰਮਤਿ ਅਸੂਲਾਂ ਦੇ ਪ੍ਰਚਾਰ ਲਈ ਵੱਡੇ-ਵੱਡੇ ਗੁਰੂ-ਅੰਸ਼, ਸਾਹਿਬਜ਼ਾਦਿਆਂ ਅਤੇ ਪ੍ਰਚਾਰਕਾਂ ਨੂੰ ਵੀ ਸਹੀ ਮਾਰਗ-ਦਰਸ਼ਨ ਦੇਣ ਲਈ ਤਤਪਰ ਰਹਿੰਦੇ ਸਨ। ਜਿਵੇਂ ਕਿ ਗੁਰੂ ਨਾਨਕ ਸਾਹਿਬ ਨੇ ਹਰਿਦੁਆਰ ਦੇ ਪੰਡਤਾਂ ਨੂੰ ਪਿਤਰਾਂ ਨੂੰ ਪਾਣੀ ਭੇਜਣ ਤੋਂ ਵਰਜਣ ਲਈ ਬੜੇ ਠੁੱਕ ਅਤੇ ਸਲੀਕੇ ਨਾਲ ਸਮਝਾਇਆ, ਇਸੇ ਤਰ੍ਹਾਂ ਬਾਬਾ ਜੀ ਨਿਡਰ ਤੇ ਨਿਰਭਉ ਹੋ ਕੇ ਬ੍ਰਾਹਮਣਵਾਦ ਦੇ ਖ਼ਿਲਾਫ਼ ਰਹੇ।

ਆਪ ਜੀ ਦੇ ਉਤਰਾਧਿਕਾਰੀ ਅਤੇ ਸਪੁੱਤਰ ਬਾਬਾ ਦਰਬਾਰਾ ਸਿੰਘ ਜੀ ਦੇ ਸਮੇਂ ਵੀ ਅਨਮਤ ਕਾਫ਼ੀ ਫੈਲੀ ਹੋਈ ਸੀ। ਇਥੋਂ ਤੀਕ ਕਿ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਹੈੱਡ-ਗ੍ਰੰਥੀ ਭਾਈ ਜੱਸਾ ਸਿੰਘ ਦਾ ਦੇਹਾਂਤ ਮੰਜੀ ਉਪਰ ਹੋ ਗਿਆ। ਗ੍ਰੰਥੀਆਂ, ਪੁਜਾਰੀਆਂ ਵਿਚ ਭਾਈ ਸਾਹਿਬ ਦੇ ਬੇ-ਗਤੇ ਮਰ ਜਾਣ ਦਾ ਥਾਂ ਥਾਂ ਚਰਚਾ ਹੋ ਰਿਹਾ ਸੀ। ਹਰਿਦੁਆਰ ਜਾ ਕੇ ਉਨ੍ਹਾਂ ਦੀ ਗਤੀ ਕਰਾਉਣ ਦੀਆਂ ਸਲਾਹਾਂ ਦਿੱਤੀਆਂ ਜਾ ਰਹੀਆਂ ਸਨ। ਬਾਬਾ ਦਰਬਾਰਾ ਸਿੰਘ ਜੀ ਇਸ ਵਹਿਮ ਦਾ ਖੰਡਨ ਕਰਨ ਲਈ ਉਚੇਚੇ ਸ੍ਰੀ ਅਕਾਲ ਤਖ਼ਤ ਸਾਹਿਬ ਪਧਾਰੇ ਅਤੇ ਹੈੱਡ ਪੁਜਾਰੀ ਅਤੇ ਬਾਬਾ ਬਿਕ੍ਰਮ ਸਿੰਘ ਜੀ ਬੇਦੀ ਨੂੰ ਆਪਣੀਆਂ ਅਮੋੜ ਦਲੀਲਾਂ ਨਾਲ ਪਰਵਾਨ ਕਰਾ ਦਿੱਤਾ ਕਿ ਜੋ ਭਾਈ ਜੱਸਾ ਸਿੰਘ ਦੇ ਵੱਸ ਵਿਚ ਸੀ, ਉਸ ਉਹ ਸਭ ਕੁਝ ਕੀਤਾ, ਨਿੱਤਨੇਮ ਕੀਤਾ, ਗੁਰੂ-ਘਰ ਵਿਚ ਨਿੱਤ ਇਸ਼ਨਾਨ ਕੀਤਾ, ਗੁਰਬਾਣੀ ਦਾ ਪਾਠ ਕੀਤਾ। ਅੰਤ ਵਿਚ ਮੰਜੀ ਤੋਂ ਲਹਿਣਾ ਉਸ ਦੇ ਵੱਸ ਦੀ ਗੱਲ ਨਹੀਂ ਸੀ। ਜੇ ਸਿੱਖੀ ਨਿੱਤਨੇਮ ਉਸ ਦੀ ਗਤੀ ਨਹੀਂ ਕਰਾ ਸਕਦਾ ਤਾਂ ਬ੍ਰਾਹਮਣਾਂ ਦਾ ਕਰਮ-ਕਾਂਡ ਗੁਰਸਿੱਖੀ ਨਾਲੋਂ ਵਧੇਰੇ ਮਹੱਤਵਪੂਰਨ ਕਿਵੇਂ ਹੋਇਆ ?

ਬਾਬਾ ਦਰਬਾਰਾ ਸਿੰਘ ਜੀ ਨੇ 1855 ਈ. ਵਿਚ ਚੇਤਰ ਦੀ ਸੰਗਰਾਂਦ ਨੂੰ

www.AKJ.Org

ਰਾਵਲਪਿੰਡੀ, ਸ੍ਰੀ ਨਿਰੰਕਾਰੀ ਦਰਬਾਰ ਸਾਹਿਬ ਵਿਚ ਪਹਿਲਾ ਪ੍ਰਮਾਣਿਕ ਗੁਰਮਤਿ ਅਨੰਦ ਕਾਰਜ (ਭਾਈ ਭੋਲਾ ਅਤੇ ਬੀਬੀ ਨਿਹਾਲੀ ਦਾ) ਕਰ ਕੇ ਅਨੰਦ ਵਿਆਹ ਦੀ ਨੀਂਹ ਰੱਖੀ। ਇਸ ਇਤਿਹਾਸਕ ਅਨੰਦ-ਵਿਆਹ ਦਾ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਿਚ ਸੁਸ਼ੋਭਿਤ ਹੈ।

ਇਹ ਸਿੱਖ ਇਤਿਹਾਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਰਦ-ਗਿਰਦ ਪ੍ਰਦੱਖਣਾ ਲੈ ਕੇ ਅਤੇ ਸੂਹੀ ਰਾਗ ਦੀਆਂ ਲਾਵਾਂ ਦੇ ਚਾਰ ਛੰਦ ਪੜ੍ਹ ਕੇ ਸਭ ਤੋਂ ਪਹਿਲਾ ਵਿਆਹ ਹੋਇਆ ਸੀ। ਇਸ ਤਰ੍ਹਾਂ ਸ੍ਰੀ ਬਾਬਾ ਦਰਬਾਰਾ ਸਿੰਘ ਜੀ ਨੇ ਅਨੰਦ ਵਿਆਹ ਮਰਯਾਦਾ ਨੂੰ ਇਕ ਨਵਾਂ ਮੋੜ ਦਿੱਤਾ ਅਤੇ ਉਨ੍ਹਾਂ ਨੇ ਸਾਰੇ ਪੱਛਮੀ ਪੰਜਾਬ ਵਿਚ ਅਨੰਦ ਵਿਆਹ ਦੀ ਲਹਿਰ ਬੜੀਆਂ ਔਕੜਾਂ ਤੇ ਵਿਰੋਧਤਾਵਾਂ ਦੇ ਬਾਵਜੂਦ ਅਤੇ ਬਰਾਦਰੀ ਵਿੱਚੋਂ ਛੇਕੇ ਜਾਣਾ ਪਰਵਾਨ ਕਰਦਿਆਂ ਹੋਇਆਂ ਵੀ, ਬੜੇ ਉਤਸ਼ਾਹ ਤੇ ਜੋਸ਼ ਨਾਲ ਚਲਾ ਦਿੱਤੀ।

ਇਸੇ ਸਮੇਂ ਵਿਚ ਹੀ ਬਾਬਾ ਦਰਬਾਰਾ ਸਿੰਘ ਜੀ ਨੇ (1857 ਈ.) ਸਾਰੀਆਂ ਸਮਾਜਕ ਕੁਰੀਤੀਆਂ ਵਿਰੁੱਧ ਜਹਾਦ ਕਰ ਕੇ ਅਤੇ ਸਿੱਖਾਂ ਨੂੰ ਸਾਰੇ ਕਾਰਜ ਗੁਰਮਤਿ ਅਨੁਸਾਰ ਕਰਨ ਲਈ 'ਚੱਲਣ ਦਾ ਚਿੱਠਾ' ਭਾਈ ਰੂਪ ਸਿੰਘ ਜੀ ਰਾਜੜਵਾਸੀ ਰਾਹੀਂ ਲਿਖਵਾ ਕੇ ਮੁਕੰਮਲ ਕਰਵਾਇਆ। ਇਸ ਚਿੱਠੇ ਦਾ ਹੱਥ ਲਿਖਤ ਖਰੜਾ ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਮੌਜੂਦ ਹੈ।

ਇਸ ਚਿੱਠੇ ਵਿਚ ਆਪ ਜੀ ਨੇ ਗੁਰਸਿੱਖਾਂ ਨੂੰ ਗੁਰਮਤਿ ਰਹਿਣੀ ਬਹਿਣੀ 'ਤੇ ਜ਼ੋਰ ਦਿੱਤਾ ਹੈ। ਵਿਆਹ ਦੇ ਸਮੇਂ ਵਾਸਤੇ ਇਸ ਤਰ੍ਹਾਂ ਜ਼ਿਕਰ ਆਉਂਦਾ ਹੈ। ਕੇਵਲ ਟੂਕ ਮਾਤਰ ਦੇਖੋ :

> "...ਗੁਰੂ ਜੀ ਕਾ ਸ਼ਬਦ ਪੜ੍ਹੋ ਅਥਵਾ ਸੁਣੋ ਤੇ ਸ਼ਬਦ ਉਪਰ ਚਲਣਾ। ਜੋ ਸ਼ਬਦ ਆਖੇ ਸੋ ਮੰਨਣਾ। ਗੁਰੂ ਨਾਨਕ ਜੀ ਥੀਂ ਆਦਿ ਲੈ ਕਰ ਕੇ ਸਾਰਿਆਂ ਗੁਰੂਆਂ ਨੇ ਅਸਾਂ ਜੀਵਾਂ ਵਾਸਤੇ ਕੇਡੀ ਘਾਲ ਕੀਤੀ ਹੈ। ਸੋ ਅਸਾਂ ਨੂੰ ਸ਼ਰਮ ਨਹੀਂ ਆਉਂਦੀ, ਜੋ ਅਸੀਂ ਸ਼ਬਦ ਨੂੰ ਛੋੜ ਕੇ ਹੋਰ ਕਰਮਾਂ ਨੂੰ ਲੱਗੇ ਹਾਂ। ਸੋ ਇਹ ਗੱਲ ਅੱਛੀ ਨਹੀਂ ਅਤੇ ਭਾਈ ਜੀ, ਗੁਰੂ ਜੀ ਨੇ ਸਭ ਕੁਝ ਗੁਰੂ ਗ੍ਰੰਥ ਸਾਹਿਬ ਵਿਚ ਰਖਿਆ ਹੈ...
>
> "ਤੇ ਜੰਞ ਚੜ੍ਹਦੀ ਹੈ ਸ੍ਰੀ ਸਤਿਗੁਰੂ ਜੀ ਦੀ, ਸ੍ਰੀ ਦਰਬਾਰ ਸਾਹਿਬ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਪਾਲਕੀ ਵਿਚ ਪੈ ਕੇ ਚੜ੍ਹਦੇ ਹਨ। ਨਾਲ ਚਉਰ ਛਤਰ ਉਪਰ ਝੂਲਦੇ ਹਨ। ਨਾਲ ਸਿੱਖ ਸੰਗਤਾਂ ਇਕਠੇ ਹੋਇਕੇ ਗੁਰੂ ਗ੍ਰੰਥ ਸਾਹਿਬ ਨਾਲ ਸ਼ਬਦ ਗਾਂਵਦੇ ਹਨ।"

ਅੰਮ੍ਰਿਤਸਰ ਵਿਚ ਪਹਿਲਾ ਗੁਰਮਤਿ ਵਿਆਹ ਭਾਈ ਬੂਟਾ ਸਿੰਘ ਦਾ ਬੀਬੀ ਕਰਮਦੇਈ ਨਾਲ 1861 ਈ. ਵਿਚ ਬਾਬਾ ਦਰਬਾਰਾ ਸਿੰਘ ਜੀ ਨੇ ਕਰਵਾਇਆ। ਇਹ ਵਿਆਹ ਸ੍ਰੀ ਅਕਾਲ ਤਖ਼ਤ ਸਾਹਿਬ ਸਾਹਮਣੇ ਹੋਣਾ ਸੀ ਪਰ ਪ੍ਰਬੰਧਕਾਂ ਨੇ ਗੁਰਮਤਿ ਵਿਆਹ ਦੀ ਪਰਵਾਨਗੀ ਅਨਮਤੀਆਂ ਦੇ ਪ੍ਰਭਾਵ ਕਰਕੇ ਨਾ ਦਿੱਤੀ। ਫਿਰ ਇਹ ਵਿਆਹ ਠਾਕਰ ਦਿਆਲ ਸਿੰਘ ਦੇ ਡੇਰੇ ਚੌਂਕ ਮੋਨੀ ਵਿਚ ਕੀਤਾ ਗਿਆ।

ਲਾਹੌਰ ਵਿਚ ਪਹਿਲਾ ਗੁਰਮਤਿ ਵਿਆਹ ਸ੍ਰੀ ਸਾਹਿਬ ਰੱਤਾ ਜੀ ਦੇ ਸਮੇਂ ਜਦੋਂ

www.AKJ.Org

ਸਿੰਘ ਸਭਾ ਲਹਿਰ ਜਾਰੀ ਹੋਈ, ਭਾਈ ਜਵਾਹਰ ਸਿੰਘ ਦੀ ਸਪੁੱਤਰੀ (ਭਾਈ ਜਵਾਹਰ ਸਿੰਘ ਜੀ ਸਿੰਘ ਸਭਾ ਲਾਹੌਰ ਦੇ ਬਾਨੀਆਂ ਵਿੱਚੋਂ ਸਨ) ਦਾ ਅਨੰਦ ਕਾਰਜ 1893 ਈ. ਵਿਚ ਨਿਰੰਕਾਰੀ ਵਿਚਾਰਾਂ ਦੇ ਪ੍ਰਚਾਰਕਾਂ ਦੁਆਰਾ ਹੋਇਆ।

ਨਿਰੰਕਾਰੀ ਲਹਿਰ ਦੇ ਤੀਜੇ ਸੰਚਾਲਕ ਬਾਬਾ ਰੱਤਾ ਜੀ ਨੇ ਸੰਨ 1874 ਨੂੰ 'ਪਰਵਾਨਾ' ਜਾਰੀ ਕੀਤਾ ਅਤੇ ਅਨੰਦ ਵਿਆਹ ਬਿੱਲ ਨੂੰ ਕਾਨੂੰਨ ਬਣਵਾਉਣ ਲਈ ਪੇਸ਼ ਕਰਨ ਦਾ ਉਤਸ਼ਾਹ 1908 ਈ. ਰਾਜਾ ਰਿਪੁਦਮਨ ਸਿੰਘ ਨੂੰ ਦੇ ਕੇ ਆਪਣਾ ਯੋਗਦਾਨ ਪਾਇਆ।

1920-25 ਈ. ਵਿਚ ਪੰਜਾਬ ਅੰਦਰ ਗੁਰਦੁਆਰਾ ਸੁਧਾਰ ਲਹਿਰ ਜਾਰੀ ਹੋਈ। ਨਿਰੰਕਾਰੀ ਲਹਿਰ ਦੇ ਮੁਖੀ ਅਤੇ ਅਨੁਯਾਈ ਸੁਧਾਰ ਦੇ ਹਾਮੀ ਸਨ। ਇਸ ਲਈ ਪਹਿਲੀ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸ੍ਰੀ ਬਾਬਾ ਗੁਰਦਿੱਤ ਸਿੰਘ ਜੀ ਨੂੰ ਮੈਂਬਰ ਚੁਣਿਆ ਗਿਆ। 1923 ਈ. ਵਿਚ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਕਾਰ-ਸੇਵਾ ਵਿਚ ਸਾਹਿਬ ਹਰਾ ਸਿੰਘ ਜੀ ਰਾਵਲਪਿੰਡੀ ਤੋਂ ਨਿਰੰਕਾਰੀ ਸਿੱਖਾਂ ਦਾ ਜੱਥਾ ਲੈ ਕੇ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਲਈ ਪੁੱਜੇ। ਉਨ੍ਹਾਂ ਨੇ ਹਜ਼ਾਰਾਂ ਸੰਗਤਾਂ ਦੇ ਨਾਲ ਬੜੇ ਪ੍ਰੇਮ ਅਤੇ ਸ਼ਰਧਾ ਨਾਲ ਅੰਮ੍ਰਿਤਸਰ ਦੀ ਕਾਰ-ਸੇਵਾ ਕੀਤੀ। ਦੇਸ਼ ਵੰਡ ਪਿੱਛੋਂ ਬਾਬਾ ਹਰਾ ਸਿੰਘ ਜੀ ਪੂਰਬੀ ਪੰਜਾਬ ਆ ਗਏ।

## ਇਹ ਨਕਲੀ ਨਿਰੰਕਾਰੀ ਕਿਵੇਂ ਉਪਜੇ ?

ਬੂਟਾ ਸਿੰਘ ਦਾ ਜਨਮ 1883 ਈ. ਵਿਚ ਪਿੰਡ ਹਦਵਾਲ, ਜ਼ਿਲ੍ਹਾ ਕੈਮਲਪੁਰ ਵਿਚ ਭਾਈ ਬਿਸ਼ਨ ਸਿੰਘ ਜੀ (ਨਿਰੰਕਾਰੀ), ਜੋ ਗੁਰੂ-ਘਰ ਦੇ ਪੱਕੇ ਪ੍ਰੇਮੀ ਤੇ ਸਿਦਕੀ ਸਿੱਖ ਸਨ, ਦੇ ਘਰ ਹੋਇਆ। ਭਾਈ ਬਿਸ਼ਨ ਸਿੰਘ ਜੀ ਨੇ ਇਕ ਨਿਰੰਕਾਰੀ ਗੁਰਦੁਆਰਾ ਵੀ ਆਪਣੇ ਪਿੰਡ ਵਿਚ ਆਪਣੇ ਖ਼ਰਚ 'ਤੇ ਬਣਵਾਇਆ ਸੀ। ਭਾਈ ਬੂਟਾ ਸਿੰਘ ਦੇ ਤਿੰਨ ਹੋਰ ਭਾਈ ਤੇ ਇਕ ਭੈਣ ਸੀ, ਜਿਨ੍ਹਾਂ ਵਿੱਚੋਂ ਭਾਈ ਬਚਨ ਸਿੰਘ ਅੱਜ-ਕੱਲ੍ਹ ਜਗਾਧਰੀ, ਜ਼ਿਲ੍ਹਾ ਅੰਬਾਲਾ ਵਿਚ ਕਾਰੋਬਾਰ ਕਰਦੇ ਹਨ। ਭਾਈ ਬਚਨ ਸਿੰਘ ਦੀ ਲਿਖਤ ਹੈ ਕਿ ਉਨ੍ਹਾਂ ਦੇ ਪਿਤਾ ਅਤੇ ਮਾਤਾ ਜੀ ਦੇ ਪ੍ਰੇਮ ਕਰਕੇ ਬਾਬਾ ਰੱਤਾ ਜੀ ਅਤੇ ਬਾਬਾ ਹਰਾ ਸਿੰਘ ਜੀ ਕਈ ਵਾਰ ਹਦਵਾਲ ਜਾਂਦੇ ਰਹੇ। ਬੂਟਾ ਸਿੰਘ 1902 ਈ. ਵਿਚ ਫ਼ੌਜ ਵਿਚ ਭਰਤੀ ਹੋਇਆ ਅਤੇ ਅੱਠ-ਨੌਂ ਸਾਲ ਫ਼ੌਜ ਦੀ ਨੌਕਰੀ ਕੀਤੀ। ਫਿਰ ਨਾਮ ਕਟਵਾ ਕੇ ਫੋਟਾਗ੍ਰਾਫ਼ੀ ਅਤੇ ਟੈਟੂ-ਮਾਸਕਰੀ (ਬਾਹਵਾਂ 'ਤੇ ਫੁੱਲ-ਬੂਟੇ ਤੇ ਨਾਮ ਲਿਖਣ ਦਾ ਕੰਮ) ਦਾ ਕੰਮ ਕਰਦਾ ਰਿਹਾ। 1924-26 ਈ. ਵਿਚ ਬਜ਼ਾਰ ਕਸੇਰਿਆਂ, ਰਾਵਲਪਿੰਡੀ ਵਿਚ ਅਫ਼ੀਮ ਦਾ ਠੇਕਾ ਵੀ ਲਿਆ ਸੀ। 1926 ਈ. ਦੇ ਬਾਅਦ ਬੂਟਾ ਸਿੰਘ ਕੋਹਮਰੀ ਦੀਆਂ ਪਹਾੜੀਆਂ ਦੀਆਂ ਛਾਉਣੀਆਂ ਵਿਚ ਗੋਰੇ ਫ਼ੌਜੀਆਂ ਦੀਆਂ ਬਾਹਵਾਂ 'ਤੇ ਫੁੱਲ-ਬੂਟੇ ਪਾਉਣ ਦਾ ਕੰਮ ਕਰਦਾ ਰਿਹਾ। ਫ਼ੌਜੀਆਂ ਦੀ ਸੰਗਤ ਕਰਕੇ ਬੂਟਾ ਸਿੰਘ ਨੂੰ ਸ਼ਰਾਬ ਪੀਣ ਦੀ ਆਦਤ ਪੈ ਗਈ। ਬੂਟਾ ਸਿੰਘ ਨੂੰ ਬਾਣੀ ਦਾ ਚੰਗਾ ਬੋਧ ਸੀ। ਕੀਰਤਨ, ਪ੍ਰਚਾਰ ਵੀ ਕਰ ਲੈਂਦਾ ਸੀ। ਬੂਟਾ ਸਿੰਘ ਰਾਵਲਪਿੰਡੀ ਨਿਰੰਕਾਰੀ ਦਰਬਾਰ ਵਿਚ ਕੀਰਤਨ ਤੇ ਪ੍ਰਚਾਰ ਵੀ ਕਰਦਾ ਰਿਹਾ ਅਤੇ ਕੁਝ ਸਮਾਂ ਆਪਣੀ ਵਹੁਟੀ ਤੇ ਸੱਸ ਨਾਲ ਨਿਰੰਕਾਰੀ ਦਰਬਾਰ ਵਿਚ ਨਿਵਾਸ ਰੱਖਿਆ।

www.AKJ.Org

ਲੇਖਕ ਨੂੰ ਯਾਦ ਹੈ ਕਿ ਇਕ ਵੇਰ ਬੂਟਾ ਸਿੰਘ, ਸਾਹਿਬ ਹਰਾ ਸਿੰਘ ਜੀ ਨਾਲ ਪ੍ਰਚਾਰ ਵਾਸਤੇ ਜ਼ਿਲ੍ਹਾ ਕੈਮਲਪੁਰ ਦੇ ਪਿੰਡ ਠੱਲੀਆਂ ਗਿਆ। ਭਰੇ ਦੀਵਾਨ ਵਿਚ ਸਾਹਿਬਾਂ ਅੱਗੇ ਬੇਨਤੀ ਕੀਤੀ, "ਮੈਨੂੰ ਆਤਮ-ਗਿਆਨ ਤੇ ਨਾਮ ਦਾ ਦਾਨ ਬਖ਼ਸ਼ੋ।" ਬਾਬਾ ਜੀ ਨੇ ਉੱਤਰ ਵਿਚ ਕਿਹਾ, "ਗੁਰਬਾਣੀ ਹੀ ਸਭ ਤੋਂ ਉੱਤਮ ਗਿਆਨ ਦੇਣ ਵਾਲੀ ਮੰਨੀ ਗਈ ਹੈ, ਬਾਣੀ ਵਿਚ ਹੀ ਨਾਮ ਦਾ ਗਿਆਨ ਵੀ ਹੈ।" ਕਿਉਂਕਿ ਨਿਰੰਕਾਰੀਆਂ ਵਿਚ ਅਖੌਤੀ ਸੰਪ੍ਰਦਾਵਾਂ ਵਾਂਗ ਕੋਈ ਕੰਨਾਂ ਵਿਚ ਫੂਕ ਮਾਰ ਕੇ ਗੁਪਤ ਮੰਤਰ ਜਾਂ ਨਾਮ ਦੇਣ ਦੀ ਪ੍ਰਥਾ ਨਹੀਂ ਹੈ। ਨਿਰੰਕਾਰ ਦੇ ਨਾਮ ਧਿਆਨ ਸਿਮਰਨ ਤੇ ਵਿਸ਼ਵਾਸ ਨਾਲ ਹੀ ਮਨੁੱਖ ਨੂੰ ਆਤਮਕ ਸ਼ਕਤੀ ਪ੍ਰਾਪਤ ਹੁੰਦੀ ਮੰਨਦੇ ਹਨ। ਦੂਜੇ ਦਿਨ ਪਿੰਡ ਠੱਲੀਆਂ ਦੇ ਦੀਵਾਨ ਵਿਚ ਬੂਟਾ ਸਿੰਘ ਨੇ ਆਪਣੇ ਪ੍ਰਚਾਰ ਵਿਚ ਇਹ ਆਖਿਆ ਕਿ ਉਸ ਨੂੰ ਸਾਹਿਬਾਂ ਤੋਂ ਪੂਰਨ ਗਿਆਨ ਦੀ ਪ੍ਰਾਪਤੀ ਹੋ ਗਈ ਹੈ। ਨਿਰੰਕਾਰੀ ਦਰਬਾਰ ਦੇ ਬਜ਼ੁਰਗਾਂ ਨੇ ਹਮੇਸ਼ਾਂ ਹੀ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਵਰਤੋਂ ਤੋਂ ਮਨਾਹੀ ਕੀਤੀ ਹੈ। ਸਵੱਛ ਜੀਵਨ ਅਤੇ ਸਾਤਵਿਕ ਭੋਜਨ 'ਤੇ ਹੀ ਜ਼ੋਰ ਦਿੱਤਾ ਹੈ। ਸ਼ਰਾਬ ਦਾ ਝੱਸ ਜਿਸ ਨੂੰ ਲੱਗ ਜਾਏ, ਉਸ ਲਈ ਇਸ ਦਾ ਛੱਡਣਾ ਕਈ ਵਾਰ ਬੜਾ ਕਠਿਨ ਹੋ ਜਾਂਦਾ ਹੈ। ਇਕ ਵਾਰੀ ਨਿਰੰਕਾਰੀ ਦਰਬਾਰ ਦੇ ਸਾਲਾਨਾ ਮਾਘ ਦੇ ਜੋੜ ਮੇਲੇ 'ਤੇ ਸਾਹਿਬ ਗੁਰਦਿੱਤ ਸਿੰਘ ਜੀ ਪਾਸ ਕਿਸੇ ਸਿੱਖ ਨੇ ਸ਼ਿਕਾਇਤ ਕੀਤੀ ਕਿ ਬੂਟਾ ਸਿੰਘ ਨੇ ਸ਼ਰਾਬ ਪੀਤੀ ਹੋਈ ਹੈ, ਇਸ ਲਈ ਉਸ ਨੂੰ ਸੰਗਤ ਵਿਚ ਕੀਰਤਨ ਨਾ ਕਰਨ ਦਿੱਤਾ ਜਾਵੇ। ਸਾਹਿਬਾਂ ਨੇ ਦੋ ਸਿੱਖਾਂ ਨੂੰ, ਜਿਨ੍ਹਾਂ ਵਿੱਚੋਂ ਬੂਟਾ ਸਿੰਘ ਦੇ ਮਾਮੇ ਦਾ ਪੁੱਤਰ ਸੰਤੋਖ ਸਿੰਘ ਵੀ ਸੀ, ਨੂੰ ਆਗਿਆ ਦਿੱਤੀ ਕਿ ਬੂਟਾ ਸਿੰਘ ਨੂੰ ਦੀਵਾਨ ਵਿੱਚੋਂ ਉਠਾ ਕੇ ਜੋੜਿਆਂ ਵਿਚ ਬਿਠਾਇਆ ਜਾਵੇ। ਇਸੇ ਤਰ੍ਹਾਂ ਹੀ ਕੀਤਾ ਗਿਆ। ਭਾਵੇਂ ਬੂਟਾ ਸਿੰਘ ਨੇ ਸੰਗਤ ਪਾਸੋਂ ਇਸ ਗੱਲ ਦੀ ਖਿਮਾ ਮੰਗ ਲਈ, ਪਰ ਬੂਟਾ ਸਿੰਘ ਦਾ ਉਸ ਦਿਨ ਤੋਂ ਨਿਰੰਕਾਰੀ ਦਰਬਾਰ ਵਿਚ ਆਉਣਾ-ਜਾਣਾ ਘੱਟ ਗਿਆ ਅਤੇ ਉਸ ਨੇ ਆਪਣੇ ਇਲਾਕੇ ਵਿਚ ਜੋ ਸ਼ਰਾਬ ਰਸੀਏ ਸਨ, ਉਨ੍ਹਾਂ ਦੀ ਇਕ ਜੁੰਡਲੀ ਇਕੱਠੀ ਕਰ ਲਈ। ਕੁਝ ਸਮੇਂ ਬਾਅਦ ਆਪਣੀ ਵਿਰੋਧਤਾ ਵੇਖ ਕੇ ਉਹ ਪਿਸ਼ਾਵਰ ਚਲਾ ਗਿਆ, ਜਿਥੇ ਉਸ ਦਾ ਮੇਲ ਅਵਤਾਰ ਸਿੰਘ, ਜੋ ਛਕਣ-ਛਕਾਉਣ ਦਾ ਆਦੀ ਸੀ, ਨਾਲ ਹੋ ਗਿਆ। ਇਨ੍ਹਾਂ ਦੋਹਾਂ ਸੱਜਣਾਂ ਨੇ ਰਲ ਕੇ ਇਕ ਟੋਲਾ ਬਣਾ ਲਿਆ। ਅਵਤਾਰ ਸਿੰਘ ਪਿਸ਼ਾਵਰ ਵਿਚ ਡਬਲ ਰੋਟੀਆਂ ਤੇ ਬਿਸਕੁਟ ਬਣਾਉਣ ਦੀ ਦੁਕਾਨ ਕਰਦਾ ਸੀ। ਪਿੱਛੋਂ ਪਿੰਡ ਲਤੀਫਾਲ, ਜ਼ਿਲ੍ਹਾ ਜੇਹਲਮ ਦਾ ਵਸਨੀਕ ਸੀ। ਕੁਝ ਸਮੇਂ ਮਗਰੋਂ ਇਸ ਨੇ ਪਿਸ਼ਾਵਰ ਤੋਂ ਰਾਵਲਪਿੰਡੀ ਰਿਹਾਇਸ਼ ਕਰ ਲਈ ਅਤੇ ਉਥੇ ਆਪਣੇ ਪ੍ਰਚਾਰ ਅਤੇ ਖਾਣ-ਪੀਣ ਦੀ ਖੁੱਲ੍ਹ ਰਾਹੀਂ ਕੁਝ ਸੱਜਣ ਆਪਣੇ ਨਾਲ ਇਕੱਠੇ ਕਰ ਲਏ। ਬੂਟਾ ਸਿੰਘ ਦਾ ਦੇਹਾਂਤ 1943 ਈ. ਵਿਚ ਕੋਹਮਰੀ ਵਿਚ ਹੋ ਗਿਆ। ਇਸ ਤੋਂ ਪਿੱਛੋਂ ਅਵਤਾਰ ਸਿੰਘ ਨੇ ਰਾਵਲਪਿੰਡੀ ਦੇ ਮੁਹੱਲਾ ਸੋਹਣਪੁਰੀ ਵਿਚ ਰਿਹਾਇਸ਼ ਕਰ ਲਈ। ਉਥੇ ਛਕਣ-ਛਕਾਉਣ ਵਾਲੇ ਕੁਝ ਚੇਲੇ ਵੀ ਇਕੱਤਰ ਕਰ ਲਏ। 1947 ਈ. ਤੋਂ ਮਗਰੋਂ ਇਨ੍ਹਾਂ ਦਿੱਲੀ ਆਪਣੀ ਜੁੰਡਲੀ ਸਮੇਤ ਪਹਾੜ ਗੰਜ ਵਿਚ ਆ ਡੇਰੇ ਲਾਏ। ਇਨ੍ਹਾਂ ਦੇ ਪਿਛੋਕੜ ਨੂੰ ਕੋਈ ਜਾਣਦਾ ਨਹੀਂ ਸੀ ਅਤੇ ਕਾਫ਼ੀ ਉੱਜੜੇ-ਪੁੱਜੜੇ ਲੋਕ ਇਨ੍ਹਾਂ ਦੇ ਮੇਲੋ-ਗੇਲੀ ਹੋਣੇ ਸ਼ੁਰੂ ਹੋ ਗਏ। ਪਹਿਲਾਂ ਪਹਿਲ ਸ੍ਰੀ ਗੁਰੂ ਗ੍ਰੰਥ ਸਾਹਿਬ

www.AKJ.Org

ਦੀ ਬੀੜ ਦਾ ਪ੍ਰਕਾਸ਼ ਵੀ ਕਰਦੇ ਸਨ ਅਤੇ ਆਪਣੀਆਂ ਲਿਖਤਾਂ ਵਿਚ ਸਾਹਿਬ ਰੱਤਾ ਜੀ ਮਹਾਰਾਜ ਤੋਂ ਗੱਦੀ ਦੀ ਪ੍ਰਾਪਤੀ ਦਾ ਜ਼ਿਕਰ ਵੀ ਕਰਦੇ ਸਨ। ਇਨ੍ਹਾਂ ਨੇ ਭਾਈ ਕਾਨ੍ਹ ਸਿੰਘ, ਜੋ ਕਿਸੇ ਸਮੇਂ ਸ੍ਰੀ ਨਿਰੰਕਾਰੀ ਦਰਬਾਰ ਦਾ ਹੈੱਡ ਗ੍ਰੰਥੀ ਵੀ ਰਿਹਾ ਸੀ, ਉਸ ਨੂੰ ਸਾਹਿਬ ਰੱਤਾ ਜੀ ਦਾ ਜਾਨਸ਼ੀਨ ਦਰਸਾ ਕੇ ਬੂਟਾ ਸਿੰਘ ਨੂੰ ਭਾਈ ਕਾਨ੍ਹ ਸਿੰਘ ਦਾ ਜਾਨਸ਼ੀਨ ਮਸ਼ਹੂਰ ਕੀਤਾ।

ਜਿਸ ਸੰਸਥਾ ਦੀ ਬੁਨਿਆਦ ਹੀ ਝੂਠ, ਫ਼ਰੇਬ ਅਤੇ ਭ੍ਰਿਸ਼ਟਾਚਾਰ 'ਤੇ ਹੋਵੇ, ਉਥੇ ਹਰ ਤਰ੍ਹਾਂ ਦਾ ਪਾਖੰਡ, ਪਰਪੰਚ ਯੋਗ ਹੀ ਸਮਝਿਆ ਜਾਂਦਾ ਹੈ। ਅਵਤਾਰ ਸਿੰਘ ਦੇ ਚਲਾਣੇ ਪਿੱਛੋਂ ਉਨ੍ਹਾਂ ਦਾ ਪੁੱਤਰ ਗੁਰਬਚਨ ਸਿੰਘ ਅੱਜ-ਕੱਲ੍ਹ ਇਸ ਸੰਸਥਾ ਦਾ ਗੱਦੀ-ਨਸ਼ੀਨ ਬਣਿਆ ਹੋਇਆ ਹੈ। ਪਿਤਾ ਆਪਣੇ ਆਪ ਨੂੰ ਸ਼ਹਿਨਸ਼ਾਹ ਅਤੇ ਪੁੱਤਰ ਸਤਿਗੁਰੂ, ਜਗਤ ਦਾ ਪਾਲਣਹਾਰ ਤੇ ਸਿਰਜਣਹਾਰ ਦੱਸਦਾ ਹੈ ਅਤੇ ਇਸ ਦੀ ਇਸਤਰੀ ਜਗਤ-ਮਾਤਾ ਅਖਵਾਉਂਦੀ ਹੈ।

ਆਦਿ ਨਿਰੰਕਾਰੀ ਮਹਾਂਪੁਰਸ਼ ਆਪਣੇ ਆਪ ਨੂੰ ਸੰਗਤ ਦਾ ਦਾਸ, ਕੂਕਰ ਅਤੇ ਗ਼ੁਲਾਮ ਕਰ ਕੇ ਲਿਖਦੇ ਸਨ ਅਤੇ ਹਰ ਦੀਵਾਨ ਸਮੇਂ ਆਸਾ ਦੀ ਵਾਰ ਦੀ ਸਮਾਪਤੀ ਤੋਂ ਮਗਰੋਂ ਸੰਗਤ ਦੇ ਜੋੜਿਆਂ ਨੂੰ ਝਾੜਨਾ ਉਨ੍ਹਾਂ ਦਾ ਨਿੱਤ ਕਰਮ ਸੀ। ਪਰ ਇਹ ਆਪਣੇ ਆਪ ਨੂੰ ਰੁਪਏ ਨਾਲ ਤੋਲਦੇ, ਛਤਰ ਚੌਰਾਂ ਝੁਲਾਉਂਦੇ, ਕਲਗ਼ੀ ਲਗਾ ਕੇ ਤਖ਼ਤ ਦੇ ਉਪਰ ਬਹਿਣ ਦੇ ਅਧਿਕਾਰੀ ਬਣਦੇ ਹਨ।

ਰਸਾਲਾ *ਸੰਤ ਨਿਰੰਕਾਰੀ,* ਜੋ ਕਿ ਨਕਲੀ ਨਿਰੰਕਾਰੀ ਸੰਸਥਾ ਵੱਲੋਂ ਨਿਕਲਦਾ ਹੈ, ਦੇ ਜੂਨ 1964 ਅੰਕ ਵਿਚ ਇਕ ਕਵਿਤਾ ਛਪੀ ਸੀ, ਜਿਸ ਤੋਂ ਇਨ੍ਹਾਂ ਦੇ ਮਾਨਸ-ਧਰਮ ਦੀ ਕਲਈ ਖੁੱਲ੍ਹਦੀ ਹੈ:

*ਛੋੜ ਦੇ ਮੰਦਰ, ਮਸਜਿਦ, ਗਿਰਜੇ ਔਰ ਗੁਰਦੁਆਰੇ।*
*ਸਾਰੀ ਦੁਨੀਆਂ ਢੂੰਡ ਛਾਣ ਕੇ ਆ ਜਾ ਇਹਦੇ ਦੁਆਰੇ।*

ਆਮ ਦੰਦ-ਕਥਾ ਹੈ ਕਿ ਇਨ੍ਹਾਂ ਵਿਚ ਲਿੰਗ ਸੁਤੰਤਰਤਾ ਵਾਮ-ਮਾਰਗੀਆਂ ਵਾਂਗ ਹੀ ਪ੍ਰਚੱਲਤ ਹੈ। ਇਸੇ ਪਰਚੇ ਵਿਚ ਹੀ ਇਕ ਜਗ੍ਹਾ ਲਿਖਿਆ ਹੈ:

*ਜੋ ਜੀ ਚਾਹੇ ਸੋ ਖਾਂਦੇ ਨੇ। ਜੋ ਜੀ ਚਾਹੇ ਸੋ ਪੀਂਦੇ ਨੇ।*
*ਕੋਈ ਜੂਠਾ ਨਹੀਂ ਕੋਈ ਸੁੱਚਾ ਨਹੀਂ। ਇਹ ਇੱਕੋ ਪਿਆਲੇ ਪੀਂਦੇ ਨੇ।*

ਵੇਖੋ ਕਵਿਤਾ ਦੀ ਵੀ ਕਿਸ ਤਰ੍ਹਾਂ ਜੜ੍ਹ ਵੱਢੀ ਹੈ ਅਤੇ ਸਾਰੇ ਧਰਮਾਂ ਦੀਆਂ ਮਕਬੂਲ ਧਾਰਨਾਵਾਂ ਦੀ ਖੁੱਲ੍ਹੇ-ਆਮ ਕਿਵੇਂ ਹਾਸੀ ਉਡਾਉਂਦੇ ਹਨ। ਹੋਰ ਵੇਖੋ:

*ਅੱਲ੍ਹਾ ਆਪੇ ਮੁੜ ਆਇਆ ਜੇ।*
*'ਗਾਡ' ਵੀ ਨਾਲ ਲਿਆਇਆ ਜੇ।*
*ਰਾਮ ਵੀ ਇਸ ਦੀ ਬੁੱਕਲ ਖੇਲੇ,*
*ਇਹ ਰੱਬ ਆਪੇ ਹੈ ਆਇਆ ਜੇ।* *(ਰਸਾਲਾ 'ਸੰਤ ਨਿਰੰਕਾਰੀ', ਫ਼ਰਵਰੀ 1965)*

ਝੂਠੇ ਖ਼ੁਦਾਈ ਦਾਅਵੇ ਬਾਰੇ ਵੇਖੋ—ਇਹ ਕਿਸ ਤਰ੍ਹਾਂ ਫੜ੍ਹਾਂ ਮਾਰ ਕੇ ਇਸ਼ਤਿਹਾਰਬਾਜ਼ੀ ਕਰਦੇ ਹਨ; ਜਿਵੇਂ ਬਾਹਰਲੇ ਮੁਲਕਾਂ ਵਿਚ ਭੇਜਣ ਵਾਲੇ ਏਜੰਟ ਆਪਣੇ ਸੰਪਰਕ ਵਿਚ ਆਉਣ ਵਾਲਿਆਂ ਨੂੰ ਸਬਜ਼-ਬਾਗ਼ ਵਿਖਾ ਕੇ ਖ਼ੁਸ਼ਹਾਲ ਕਰਨ

www.AKJ.Org

ਦੇ ਦਾਅਵੇ ਕਰ ਕੇ, ਬੰਬਈ ਦੀਆਂ ਗਲੀਆਂ ਵਿਚ ਧਕੇਲ ਕੇ ਆਪ ਲੱਖਾਂ ਰੁਪਏ ਦਾ ਹੇਰ-ਫੇਰ ਕਰ ਕੇ ਮੌਜਾਂ ਲੁੱਟਦੇ ਹਨ।

ਇਸ ਤੋਂ ਇਲਾਵਾ ਕਈ ਹੋਰ ਪੋਲ ਖੋਲ੍ਹੇ ਜਾ ਸਕਦੇ ਹਨ, ਪਰ ਢੇਰ ਨੂੰ ਫਰੋਲਣ ਨਾਲ ਉਸ ਵਿੱਚੋਂ ਖ਼ੁਸ਼ਬੂ ਨਹੀਂ ਨਿਕਲਦੀ। ਅੱਜ-ਕੱਲ੍ਹ ਬਹੁਤ ਮਤ-ਮਤਾਂਤਰਾਂ ਦੇ ਚੱਕਰਾਂ ਵਿਚ ਲੋਕ ਫਸੇ ਹੋਏ ਹਨ। ਬਹੁਤ ਸਾਰੇ ਅਦਾਰਿਆਂ ਵਿਚ ਝੂਠ ਅਤੇ ਦੰਭ ਦਾ ਹੀ ਪਾਸਾਰਾ ਹੈ।

ਅਜਿਹੀਆਂ ਗੁਰਮਤਿ ਵਿਰੋਧੀ ਸੰਸਥਾਵਾਂ ਅਤੇ ਕਈ ਹੋਰ ਜੋ ਗੁਰਮਤਿ ਦੀ ਆੜ ਲੈ ਕੇ ਹਉਮੈ ਅਤੇ ਪਾਖੰਡ ਦਾ ਪ੍ਰਚਾਰ ਕਰ ਰਹੀਆਂ ਹਨ, ਗਿਆਨ ਦੇ ਪ੍ਰਚਾਰ ਦੀ ਵਿਚਾਰਧਾਰਾ ਨਾਲ ਹੀ ਇਨ੍ਹਾਂ ਨੂੰ ਠੱਲ੍ਹਿਆ ਜਾ ਸਕਦਾ ਹੈ। ਹੋਰ ਸਾਰੇ ਸਾਧਨ ਇਸ ਤੋਂ ਤੁੱਛ ਹਨ, ਕਿਉਂਕਿ ਗੁਰੂ ਨਾਨਕ ਸਾਹਿਬ ਨੇ ਇਕੱਲਿਆਂ ਹੀ ਗਿਆਨ ਦੀ ਖ਼ਬਤ ਨਾਲ ਸਿੱਧਾਂ, ਮੌਲਾਣਿਆਂ, ਪੰਡਤਾਂ ਆਦਿ 'ਤੇ ਦਿੱਗ ਵਿਜੈ ਪ੍ਰਾਪਤ ਕੀਤੀ। ਸਾਨੂੰ ਗੁਰਮਤਿ ਪ੍ਰਤਿਕੂਲ ਹਥਿਆਰ ਨਹੀਂ ਵਰਤਣੇ ਚਾਹੀਦੇ। ਸਗੋਂ ਗੁਰਮਤਿ ਗਾਡੀ-ਰਾਹ 'ਤੇ ਚੱਲ ਕੇ ਸਵੱਛ ਰਹਿਣੀ-ਬਹਿਣੀ ਦੁਆਰਾ ਸਿੱਖਾਂ ਦੇ ਕਾਫ਼ਲੇ ਨੂੰ ਅੱਗੇ ਲਿਜਾਣ ਵਿਚ ਸਹਿਯੋਗ ਪਾਉਣਾ ਚਾਹੀਦਾ ਹੈ।

ਸ਼੍ਰੋਮਣੀ ਕਮੇਟੀ, ਚੀਫ਼ ਖ਼ਾਲਸਾ ਦੀਵਾਨ, ਕੇਂਦਰੀ ਸਿੰਘ ਸਭਾ ਅਤੇ ਹੋਰ ਗੁਰਮਤਿ ਧਾਰਨੀ ਸੰਸਥਾਵਾਂ ਅੱਗੇ ਮੇਰੀ ਬੇਨਤੀ ਹੈ ਕਿ ਵਿਚਾਰਵਾਨਾਂ ਦੀ ਕੋਈ ਅਜਿਹੀ ਜਥੇਬੰਦੀ ਤਿਆਰ ਕਰਨ, ਜੋ ਥਾਂ ਥਾਂ ਜਾ ਕੇ ਪਿਆਰ ਅਤੇ ਹਲੀਮੀ ਨਾਲ ਮਨਮੱਤ ਰੁਚੀਆਂ ਰੱਖਣ ਵਾਲਿਆਂ ਨੂੰ ਸ਼ੁਭ ਪ੍ਰੇਰਨਾ ਦੇ ਸਕਣ ਅਤੇ ਗੁਰਮਤਿ ਦੇ ਸਵੱਛ ਵਿਰਸੇ ਦੀ ਸੰਗਤਾਂ ਦੇ ਮਨਾਂ ਵਿਚ ਮੁਹਰ ਛਾਪ ਸਕਣ।

ਵਿੱਛੜੀਆਂ ਆਤਮਾਵਾਂ ਨੂੰ ਬੜੇ ਸਤਿਕਾਰ ਅਤੇ ਦੁਖਿਤ ਹਿਰਦੇ ਨਾਲ ਸ਼ਰਧਾਂਜਲੀ ਅਰਪਣ ਕਰਦੇ ਹਾਂ।

*('ਸਿੰਘ ਸਭਾ ਪੱਤ੍ਰਿਕਾ', ਜੂਨ 1978)*

www.AKJ.Org

# ਸੱਚੋ-ਸੱਚ

*—'ਸੂਰਾ' ਪਰਿਵਾਰ*

13-4-78 ਵੈਸਾਖੀ ਵਾਲੇ ਦਿਨ 'ਮਾਨਵ ਏਕਤਾ' ਦੇ ਢੌਂਗ ਹੇਠ ਰਚੇ ਗਏ ਸਮਾਗਮ ਸਮੇਂ ਨਕਲੀ ਨਿਰੰਕਾਰੀਆਂ ਦੀ ਪ੍ਰਾਈਵੇਟ ਹਥਿਆਰਬੰਦ ਫ਼ੌਜ ਹੱਥੋਂ ਸ਼ਾਂਤਮਈ ਸਿੰਘਾਂ ਦੇ ਪ੍ਰੋਟੈੱਸਟ ਜਥੇ ਦਾ ਕਤਲੇਆਮ ਕੀਤੇ ਜਾਣ ਕਾਰਨ ਇਸ ਮਤ ਦੀਆਂ ਖਰੂਦੀ ਤੇ ਸਮਾਜ-ਵਿਗਾੜੂ ਸਰਗਰਮੀਆਂ ਨਿੱਖਰ ਕੇ ਸੰਸਾਰ ਦੇ ਸਾਹਮਣੇ ਆਈਆਂ ਹਨ। ਇਨ੍ਹਾਂ ਦੋਸ਼ਾਂ ਨੂੰ ਛੁਪਾਉਣ ਲਈ ਨਕਲੀ ਨਿਰੰਕਾਰੀ ਮਤ ਦੇ ਆਗੂ ਗੁਰਬਚਨ ਸਿਹੁੰ ਨੇ 'ਮੇਰੀ ਬੇਨਤੀ' ਦੇ ਸਿਰਲੇਖ ਹੇਠ ਪੱਤਰ ਅਤੇ ਟ੍ਰੈਕਟ ਛਾਪ ਕੇ ਵੰਡੇ ਹਨ ਅਤੇ ਪੈਸੇ ਦਾ ਲਾਲਚ ਦੇ ਕੇ ਖ਼ਰੀਦੇ ਹੋਏ ਅਖ਼ਬਾਰਾਂ ਵਿਚ ਛਪਵਾਏ ਹਨ। ਉਨ੍ਹਾਂ ਦਾ ਇਹ ਸਪੱਸ਼ਟੀਕਰਨ ਇਸ ਪ੍ਰਕਾਰ ਹੈ:

## ਮੇਰੀ ਬੇਨਤੀ

ਮੈਂ ਪਹਿਲਾਂ ਵੀ ਕਈ ਵਾਰ ਆਮ ਜਨਤਾ ਨੂੰ ਹੇਠ ਲਿਖਿਆ ਸਪੱਸ਼ਟੀਕਰਣ ਦੇ ਚੁੱਕਾ ਹਾਂ। ਫਿਰ ਵੀ ਕੁਝ ਸਿਆਸੀ ਤੇ ਸੁਆਰਥੀ ਲੋਕ ਮੇਰੇ ਖ਼ਿਲਾਫ਼ ਆਪਣੇ ਨਿੱਜੀ ਸਵਾਰਥ ਦੀ ਪੂਰਤੀ ਲਈ ਜ਼ਹਿਰੀਲਾ ਪ੍ਰਚਾਰ ਕਰਦੇ ਰਹੇ, ਜਿਸ ਦੇ ਨਤੀਜੇ ਵਜੋਂ ਅੰਮ੍ਰਿਤਸਰ ਵਿਚ 13 ਅਪ੍ਰੈਲ ਨੂੰ ਦੁਖਦਾਈ ਘਟਨਾ ਹੋਈ। ਅਜਿਹੇ ਲੋਕ ਅੱਜ ਵੀ ਉਸ ਰਾਹ ਨੂੰ ਅਪਣਾ ਕੇ ਇਨਸਾਨ ਨੂੰ ਇਨਸਾਨ ਦਾ ਵੈਰੀ ਬਣਾ ਰਹੇ ਹਨ। ਮੈਂ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਫਿਰ ਕੋਈ ਅਜਿਹੀ ਦੁਖਦਾਈ ਘਟਨਾ ਨਾ ਵਾਪਰੇ, ਜਿਸ ਵਿਚ ਭੋਲੀ ਭਾਲੀ ਜਨਤਾ ਦਾ ਖ਼ੂਨ ਡੁੱਲ੍ਹੇ। ਇਸ ਲਈ ਮੈਂ ਇਕ ਵਾਰ ਫਿਰ ਆਪਣੇ ਪਹਿਲਾਂ ਦਿੱਤੇ ਬਿਆਨਾਂ ਨੂੰ ਦੁਹਰਾਂਦਾ ਹਾਂ ਕਿ:

1. ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਹੋਰ ਸਾਰੇ ਧਾਰਮਿਕ ਗ੍ਰੰਥਾਂ ਨੂੰ ਰੱਬੀ ਬਾਣੀ ਮੰਨਦਾ ਹਾਂ ਅਤੇ ਇਨ੍ਹਾਂ ਦਾ ਇੱਕੋ ਜਿਹਾ ਸਤਿਕਾਰ ਕਰਦਾ ਹਾਂ। ਸੋ ਇਨ੍ਹਾਂ ਦੀ ਸ਼ਾਨ ਦੇ ਵਿਰੁੱਧ ਕੋਈ ਗ਼ਲਤ ਗੱਲ ਕਹਿਣਾ ਤਾਂ ਇਕ ਪਾਸੇ ਰਿਹਾ, ਸੁਣਨਾ ਵੀ ਪਾਪ ਸਮਝਦਾ ਹਾਂ।
2. ਮੈਂ ਸਾਰੇ ਸਿੱਖ ਗੁਰੂ ਸਾਹਿਬਾਨ ਅਤੇ ਸਾਰੇ ਰੱਬੀ ਮਹਾਂਪੁਰਸ਼ਾਂ ਦਾ ਦਿਲੋਂ ਸਤਿਕਾਰ ਕਰਦਾ ਹਾਂ।
3. ਮੇਰਾ ਨਾਂ ਸਿਰਫ਼ ਗੁਰਬਚਨ ਸਿੰਘ ਹੈ ਅਤੇ ਮੈਂ ਇਸ ਤੋਂ ਬਿਨਾਂ ਨਾ ਕੁਝ ਬਣਦਾ ਹਾਂ, ਨਾ ਹੀ ਕੁਝ ਹੋਰ ਬਣਨਾ ਠੀਕ ਸਮਝਦਾ ਹਾਂ। ਮੈਂ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਦਾ ਨਾਂ ਪੁਰਾਤਨ ਮਹਾਂਪੁਰਸ਼ਾਂ ਦੇ ਨਾਂ ਨਾਲ ਨਹੀਂ ਜੋੜਦਾ।

www.AKJ.Org

4. ਮੈਂ ਸਿਰਫ਼ ਇਕ ਪਰਮਾਤਮਾ ਨੂੰ ਮੰਨਦਾ ਹਾਂ, ਜਿਸ ਨੂੰ ਅੱਲ੍ਹਾ, ਗਾਡ, ਵਾਹਿਗੁਰੂ, ਨਿਰੰਕਾਰ ਆਦਿ ਕਈ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ ਅਤੇ ਮੈਂ ਵੀ ਇਸ ਅਕਾਲ ਪੁਰਖ ਨਿਰੰਕਾਰ ਦਾ ਇਕ ਬੰਦਾ ਹਾਂ।
5. ਮੇਰਾ ਮਿਸ਼ਨ ਨਿਰੋਲ ਰੂਹਾਨੀਅਤ ਦਾ ਮਿਸ਼ਨ ਹੈ ਤੇ ਮੇਰਾ ਕਿਸੇ ਸਿਆਸੀ ਪਾਰਟੀ ਨਾਲ ਕਿਸੇ ਕਿਸਮ ਦਾ ਕੋਈ ਸੰਬੰਧ ਨਹੀਂ ਹੈ।

ਸਰਬੱਤ ਸਾਧ ਸੰਗਤ ਦਾ ਦਾਸ:
ਦਸਤਖ਼ਤ (ਗੁਰਬਚਨ ਸਿੰਘ)
ਨਿਰੰਕਾਰੀ ਬਾਬਾ

ਇਕ ਕਹਾਵਤ ਹੈ ਕਿ 'ਸੱਚ ਸੱਤ ਪੜਦੇ ਪਾੜ ਕੇ ਵੀ ਬਾਹਰ ਉੱਘੜ ਆਉਂਦਾ ਹੈ'। ਨਕਲੀ ਨਿਰੰਕਾਰੀ ਮਤ ਦੇ ਆਗੂ ਦਾ ਉਪਰੋਕਤ ਸਪੱਸ਼ਟੀਕਰਨ ਸਰਾਸਰ ਝੂਠ ਹੈ। ਸੱਚ ਤੇ ਝੂਠ ਦਾ ਨਿਤਾਰਾ ਕਰਨ ਲਈ ਹੀ ਇਸ ਲੇਖ ਦੀ ਲੋੜ ਪਈ ਹੈ। ਇਸ ਵਿਚ ਆਪਣੇ ਕਿਆਸ ਦੇ ਆਧਾਰ 'ਤੇ ਕੁਝ ਨਹੀਂ ਆਖਿਆ ਗਿਆ, ਸਗੋਂ ਹਰੇਕ ਕਥਨ ਦੀ ਪੁਸ਼ਟੀ ਲਈ ਨਕਲੀ ਨਿਰੰਕਾਰੀਆਂ ਦੀਆਂ ਆਪਣੀਆਂ ਪੁਸਤਕਾਂ ਵਿੱਚੋਂ ਟੂਕਾਂ ਸਬੂਤ ਦੇ ਤੌਰ 'ਤੇ ਪੇਸ਼ ਕੀਤੀਆਂ ਗਈਆਂ ਹਨ।

## ਕੀ ਇਹ ਸੱਚ ਨਹੀਂ ?

ਕਿ ਨਕਲੀ ਨਿਰੰਕਾਰੀ ਮਤ ਦੀ ਬੁਨਿਆਦ ਕੂੜ ਕੁਸੱਤ ਉੱਤੇ ਆਧਾਰਿਤ ਹੈ ? ਇਸ ਮਤ ਦਾ ਸੰਚਾਲਕ ਬੂਟਾ ਸਿੰਘ ਵੱਡਾ ਸ਼ਰਾਬੀ-ਕਬਾਬੀ ਵਿਅਕਤੀ ਸੀ। ਉਸ ਦਾ ਕਿੱਤਾ ਗੋਰਿਆਂ ਅੰਗਰੇਜ਼ਾਂ ਦੀਆਂ ਬਾਹਵਾਂ ਤੇ ਪੱਟਾਂ ਉੱਤੇ ਸ਼ੇਰ, ਸੱਪ, ਮੋਰ ਅਤੇ ਜ਼ਨਾਨੀਆਂ ਦੇ ਬੇਲ-ਬੂਟੇ ਉੱਕਰਨੇ ਅਤੇ ਸ਼ਰਾਬ ਤੇ ਅਫ਼ੀਮ ਦੇ ਠੇਕੇ ਲੈਣਾ ਸੀ।

ਉਸ ਨੂੰ ਬਾਬਾ ਦਿਆਲ ਜੀ ਦੇ ਨਿਰੰਕਾਰੀ ਦਰਬਾਰ, ਰਾਵਲਪਿੰਡੀ ਵੱਲੋਂ ਕੇਵਲ ਇਸੇ ਦੋਸ਼ ਅਧੀਨ ਛੇਕਿਆ ਤੇ ਦੁਰਕਾਰਿਆ ਗਿਆ ਸੀ ਕਿ ਉਹ ਸਤਿਸੰਗ ਮੰਡਲਾਂ ਵਿਚ ਵੀ ਸ਼ਰਾਬ ਦੇ ਨਸ਼ੇ ਵਿਚ ਮਦਮਸਤ ਹੋ ਕੇ ਬੋਲ-ਬੁਲਾਰੇ ਕਰਨ ਦੀ ਨੀਚਤਾ ਤਕ ਉਤਰ ਆਇਆ ਸੀ।

## ਸਬੂਤ ਇਨ੍ਹਾਂ ਦੀ ਪੁਸਤਕ ਵਿੱਚੋਂ ਹੀ ਮਿਲਦੇ ਹਨ

> ਬਾਬਾ ਬੂਟਾ ਸਿੰਘ ਨੇ ਖਾਣ-ਪੀਣ ਦੀਆਂ ਰੋਕਾਂ-ਟੋਕਾਂ ਵਿਰੁੱਧ ਜਹਾਦ ਕੀਤਾ। ਉਹ ਖੁੱਲ੍ਹਮ-ਖੁੱਲ੍ਹਾ ਅਤੇ ਰੱਜ ਕੇ ਸ਼ਰਾਬ ਪੀਂਦਾ ਰਿਹਾ। *(ਨਿਰੰਕਾਰੀ ਬਾਬਾ, ਪੰਨਾ 169)*
>
> ਉਹ (ਬੂਟਾ ਸਿੰਘ) ਤਕਰੀਬਨ ਹਰ ਰੋਜ਼ ਸ਼ਰਾਬ ਪੀਂਦਾ ਸੀ। ਆਪਣੇ ਰੂਹਾਨੀ ਵਿਸ਼ਵਾਸ ਦਾ ਮੁਜ਼ਾਹਰਾ ਕਰਨ ਲਈ ਉਹ ਕਦੀ ਕਦੀ ਖੁੱਲ੍ਹਮ-ਖੁੱਲ੍ਹਾ ਸ਼ਰਾਬ ਪੀ ਕੇ ਆਪਣੇ ਮਿਸ਼ਨ ਦਾ ਪ੍ਰਚਾਰ ਕਰਨ ਲਈ ਜਾਂਦਾ ਸੀ। *(ਨਿਰੰਕਾਰੀ ਬਾਬਾ, ਪੰਨਾ 58)*

## ਕੀ ਇਹ ਸੱਚ ਨਹੀਂ ?

ਕਿ ਬੂਟਾ ਸਿੰਘ ਇਕ ਵਿਗੜਿਆ-ਤਿਗੜਿਆ ਵਿਅਕਤੀ ਸੀ, ਜੋ

www.AKJ.Org

ਆਪਣੇ ਕੋਲੋਂ ਪੈਸੇ ਮੁੱਕ ਜਾਣ ’ਤੇ ਆਪਣੇ ਜਾਣੂ-ਪਛਾਣੂ ਲੋਕਾਂ ਤੋਂ ਲੁੱਟ-ਖਸੁੱਟ ਕਰਨ ਤਕ ਵੀ ਉਤਰ ਆਉਂਦਾ ਸੀ ?

## ਸਬੂਤ

> ਬੂਟਾ ਸਿੰਘ ਬੇਕਰੀ ਵਿਚ ਵੜ ਜਾਂਦਾ ਅਤੇ ਅਵਤਾਰ ਸਿੰਘ ਨੂੰ ਬਾਹਰ ਧੱਕ ਕੇ ਉਸ ਦੀ ਸੰਦੂਕੜੀ ਵਿੱਚੋਂ ਸਾਰੀ ਵੱਟਕ ਲੁੱਟ ਲੈਂਦਾ... ਬੂਟਾ ਸਿੰਘ ਆਪਣੇ ਮਿੱਤਰ ਦੁਕਾਨਦਾਰਾਂ ਕੋਲ ਜਾ ਕੇ ਪੰਜ ਸੱਤ ਰੁਪਏ ਮੰਗ ਕੇ ਲੈ ਜਾਂਦਾ ਸੀ। ਲੋਕ ਗਿਲਾ ਕਰਦੇ ਸਨ ਕਿ ਉਹ ਮਾਇਆ-ਵਾਦੀ ਅਤੇ ਫ਼ਜ਼ੂਲ-ਖ਼ਰਚ ਸੀ।
>
> *(ਨਿਰੰਕਾਰੀ ਬਾਬਾ, ਪੰਨਾ 61)*

## ਕੀ ਇਹ ਸੱਚ ਨਹੀਂ ?

ਕਿ ‘ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ’ ਭਾਵ ਸ਼ਰਾਬੀ-ਕਬਾਬੀ ਬੂਟਾ ਸਿੰਘ ਦੇ ਜਾਨਸ਼ੀਨ ਅਵਤਾਰ ਸਿੰਘ ਅਤੇ ਗੁਰਬਚਨ ਸਿੰਘ ਵੀ ਆਪਣੇ ਆਗੂ ਵਾਂਗ ਸ਼ਰਾਬੀ-ਕਬਾਬੀ ਸਨ/ਹਨ ?

## ਸਬੂਤ

> ਏਜੰਡੇ ਉੱਤੇ ਬਹਿਸ ਦਾ ਵਿਸ਼ਾ ਖਾਣ ਪੀਣ ਸੰਬੰਧੀ ਸੀ। ਕਈ ਮੈਂਬਰਾਂ ਦਾ ਸੁਝਾਅ ਸੀ ਕਿ ਰੂਹਾਨੀ ਜਾਨਸ਼ੀਨ ਲਈ ਮਾਸ ਖਾਣ ਦੀ ਆਗਿਆ ਨਹੀਂ ਹੋਣੀ ਚਾਹੀਦੀ। ਇਸ ਉੱਤੇ ਬਾਬਾ (ਗੁਰਬਚਨ ਸਿੰਘ) ਤਿਲਮਿਲਾ ਉੱਠਿਆ, ਫਿਰ ਮੁਸਲਮਾਨਾਂ ਅਤੇ ਐਸਕੀਮੋ ਲੋਕਾਂ ਦਾ ਕੀ ਬਣੇਗਾ ? ਕੀ ਤੁਸੀਂ ਉਨ੍ਹਾਂ ਨੂੰ ਆਪਣੇ ਭਾਈਚਾਰੇ ਵਿੱਚੋਂ ਛੇਕ ਦਿਉਗੇ ? ਫਿਰ ਮੈਂ ਕਿਵੇਂ ਮਾਸ ਖਾਣ ਦੀ ਮਨਾਹੀ ਕਰ ਸਕਦਾ ਹਾਂ ਜਦ ਕਿ ਮੈਂ ਆਪ ਮਾਸ ਦਾ ਸੇਵਨ ਕਰਦਾ ਹਾਂ।
>
> ਜਿਹੜੇ ਕੱਟੜ-ਪੰਥੀ ਸਨ, ਉਹ ਬਜ਼ਿੱਦ ਸਨ ਕਿ ਸ਼ਰਾਬ ਪੀਣੀ ਸਾਰੇ ਨਿਰੰਕਾਰੀਆਂ ਲਈ ਵਿਵਰਜਤ ਕਰਾਰ ਦਿੱਤਾ ਜਾਵੇ। ਅਜਿਹਾ ਸੰਤ ਸਰੂਪੀ ਝੁਕਾਅ ਤੀਜੇ ਅਸੂਲ ਨਾਲ ਟਕਰਾਂਦਾ ਹੈ, ਜਿਸ ਅਨੁਸਾਰ ਖਾਣ-ਪੀਣ ਦੀਆਂ ਆਦਤਾਂ ’ਤੇ ਕਿਸੇ ਕਿਸਮ ਦੀ ਰੋਕ-ਟੋਕ ਲਾਉਣ ਦੀ ਮਨਾਹੀ ਹੈ ਤੇ ਇਹ ਮਨਾਹੀ ਇਸ ਲਈ ਕੀਤੀ ਹੋਈ ਕਿ ਖਾਣ-ਪੀਣ ਦਾ ਮਨੁੱਖ ਦੀ ਰੂਹਾਨੀ ਸਥਿਤੀ ਨਾਲ ਬਿਲਕੁਲ ਕੋਈ ਵਾਸਤਾ ਨਹੀਂ। ਬੂਟਾ ਸਿੰਘ ਨੇ ਅਜਿਹੀਆਂ ਰੋਕਾਂ-ਟੋਕਾਂ ਵਿਰੁੱਧ ਜੱਹਾਦ ਕੀਤਾ ਅਤੇ ਖੁੱਲ੍ਹਮ-ਖੁੱਲ੍ਹਾ ਸ਼ਰਾਬ ਰੱਜ ਕੇ ਪੀਂਦਾ ਰਿਹਾ। ਅਵਤਾਰ ਸਿੰਘ ਆਪ ਕਦੀ ਕਦੀ ਆਪਣੇ ਹੱਥੀਂ ਵਿਸਕੀ ਆਪਣੇ ਚੇਲਿਆਂ ਨੂੰ ਦਿਆ ਕਰਦਾ ਸੀ। ਫਿਰ ਇਸ ਸਥਿਤੀ ਤੋਂ ਪਿੱਛੇ ਹਟ ਕੇ ਬਾਕੀ ਧਰਮਾਂ, ਜੋ ਸ਼ਰਾਬ ਪੀਣ ਨੂੰ ਪਾਪ ਸਮਝਦੇ ਹਨ, ਦੀ ਕੱਟੜਤਾ ਅਪਣਾਉਣ ਦੀ ਕੀ ਲੋੜ ਅਤੇ ਕੀ ਲਾਭ ? *(ਨਿਰੰਕਾਰੀ ਬਾਬਾ, ਪੰਨਾ 168)*

ਅੱਗੇ ਲਿਖਤ ਹੈ ਕਿ ਨੁਕਤਾਚੀਨ ਲੋਕੀਂ ਨਿਰੰਕਾਰੀਆਂ ਦੇ ਨਫ਼ਸ-ਪ੍ਰਸਤ ਤਰੀਕਿਆਂ ਉੱਤੇ ਉਟੰਕਣ ਕਰਦੇ ਹਨ :

www.AKJ.Org

ਇਕ ਅਕਾਲੀ ਬੁੜਬੁੜਾਉਂਦਾ ਹੈ, "ਇਹ ਤਮਾਕੂ ਪੀਂਦੇ ਹਨ, ਇਸ ਲਈ ਸਿੱਖੀ ਉੱਤੇ ਧੱਬਾ ਹਨ।"
ਇਕ ਰਾਜਪੂਤ ਹਿੰਦੂ ਗੱਜਦਾ ਹੈ, "ਇਹ ਗਊ ਖਾਣ ਦੀ ਆਗਿਆ ਦਿੰਦੇ ਹਨ ਜਦ ਕਿ ਅਸੀਂ ਮੁਸਲਮਾਨਾਂ ਵਿਰੁੱਧ ਇਸ ਸੰਬੰਧੀ ਜਹਾਦ ਕਰਦੇ ਰਹੇ ਹਾਂ।"
ਇਕ ਖੁੱਲ੍ਹ-ਦਿਲਾ ਮਨੁੱਖ ਆਖਦਾ ਹੈ, "ਇਹ ਹੱਦੋਂ ਵੱਧ ਖੁੱਲ੍ਹੇ ਹੋਏ ਹਨ।"
ਪਰੰਤੂ ਬਾਬਾ ਇਨ੍ਹਾਂ ਸਾਰਿਆਂ ਨੂੰ ਬਦ-ਜ਼ਬਾਨ ਅਤੇ ਕੁਰਾਹੇ ਪਏ ਮਨੁੱਖ ਦੱਸ ਕੇ ਆਪਣਾ ਪਿੱਛਾ ਛੁਡਾਉਂਦਾ ਹੈ। *(ਨਿਰੰਕਾਰੀ ਬਾਬਾ, ਪੰਨਾ 169)*

ਤੁਸੀਂ ਆਪਣੀ ਇੱਛਾ ਅਨੁਸਾਰ ਜੋ ਤੁਹਾਡਾ ਜੀ ਚਾਹੇ, ਖਾਓ ਤੇ ਹੰਢਾਓ।
*(ਯੁਗ ਪੁਰਸ਼, ਪੰਨਾ 253)*

ਬ੍ਰਹਮਗਿਆਨੀ ਲਈ ਖਾਣ-ਪੀਣ ਦੀ ਕੋਈ ਪਾਬੰਦੀ ਨਹੀਂ।
*(ਯੁਗ ਪੁਰਸ਼, ਪੰਨਾ 86)*

ਖਾਣਾ-ਪੀਣਾ ਤਨ ਦੀ ਖ਼ਾਤਰ, ਮਨ ਦਾ ਕੋਈ ਸੰਬੰਧ ਨਹੀਂ। *(ਅਵਤਾਰ ਬਾਣੀ)*

## ਕੀ ਇਹ ਸੱਚ ਨਹੀਂ ?

ਕਿ ਨਕਲੀ ਨਿਰੰਕਾਰੀ ਮਤ ਦੇ ਅਸੂਲ ਵਾਮ-ਮਾਰਗੀ ਅਸੂਲਾਂ ਨਾਲ ਮਿਲਦੇ-ਜੁਲਦੇ ਹਨ ? ਅਤੇ ਨਕਲੀ ਨਿਰੰਕਾਰੀ ਮਤ ਦਾ ਨਿਸ਼ਾਨਾ ਧਰਮ ਦੇ ਬੁਰਕੇ ਥੱਲੇ ਭ੍ਰਸ਼ਟਾਚਾਰ ਤੇ ਦੁਰਾਚਾਰ ਦੀ ਖੁੱਲ੍ਹ ਦੇ ਕੇ ਆਚਰਨਹੀਣ ਸਮਾਜ ਦੀ ਸਿਰਜਨਾ ਕਰਨਾ ਹੈ ?

## ਸਬੂਤ ਇਨ੍ਹਾਂ ਦੀ ਪੁਸਤਕ ਵਿੱਚੋਂ ਹੀ ਪੜ੍ਹੋ

ਇਕ ਲੜਕੀ ਨਾਲ ਲੇਖਕ ਦੇ ਪ੍ਰਸ਼ਨ-ਉੱਤਰ :
ਪ੍ਰਸ਼ਨ—ਤੁਹਾਨੂੰ ਨਿਰੰਕਾਰੀ ਮਿਸ਼ਨ ਕਿਵੇਂ ਸਹਾਇਤਾ ਕਰਦਾ ਹੈ।
ਉੱਤਰ—ਇਸ ਨੇ ਮੈਨੂੰ ਸਾਰੀਆਂ ਰੋਕਾਂ, ਟੋਕਾਂ ਤੇ ਬੰਦਸ਼ਾਂ ਤੋਂ ਆਜ਼ਾਦ ਕਰ ਦਿੱਤਾ ਹੈ। ਇਹ ਮੈਨੂੰ ਆਪਣੇ ਆਪ 'ਤੇ ਛੱਡਦਾ ਹੈ (ਚੰਗਾ ਜਾਂ ਮੰਦਾ ਕਰਮ ਕਰ ਕੇ) ਮੈਨੂੰ ਕਦੀ ਪਸ਼ਚਾਤਾਪ ਨਹੀਂ ਹੁੰਦਾ।
ਪ੍ਰਸ਼ਨ—ਕੀ ਤੁਸੀਂ ਖੁੱਲ੍ਹੀ ਇਸ਼ਕ-ਮਸ਼ੂਕੀ ਵਿਚ ਵਿਸ਼ਵਾਸ ਰੱਖਦੇ ਹੋ ?
ਉੱਤਰ—ਹਾਂ, ਅਜਿਹਾ ਕਰਨਾ ਸਰੀਰਕ ਲੋੜ ਹੈ।
ਪ੍ਰਸ਼ਨ—ਕੀ ਤੁਸੀਂ ਇਸ ਵਿਚ ਕੋਈ ਪਾਪ ਨਹੀਂ ਸਮਝਦੇ ਹੋ ?
ਉੱਤਰ—ਬਿਲਕੁਲ ਨਹੀਂ। *(ਨਿਰੰਕਾਰੀ ਬਾਬਾ, ਪੰਨੇ 21-22)*

## ਕੀ ਇਹ ਸੱਚ ਨਹੀਂ ?

ਕਿ ਨਕਲੀ ਨਿਰੰਕਾਰੀਆਂ ਦਾ 'ਮਾਨਵ ਏਕਤਾ' ਦਾ ਨਾਹਰਾ ਇਕ ਢੌਂਗ ਤੇ ਧੋਖਾ ਹੈ ? ਮਾਨਵ-ਏਕਤਾ ਤਾਂ ਕਿਤੇ ਰਹੀ, ਇਹ 'ਪਰਮਾਤਮ-ਏਕਤਾ' ਉੱਤੇ ਵੀ ਵਿਸ਼ਵਾਸ ਨਹੀਂ ਰੱਖਦੇ। ਇਹ ਪਰਮਾਤਮਾ ਦੀ ਹਸਤੀ ਦਾ ਮਖ਼ੌਲ ਉਡਾਉਂਦੇ ਹਨ।

www.AKJ.Org

## ਸਬੂਤ ਦੇਖਣ ਲਈ ਪੜ੍ਹੋ

(ੳ) ਹਿੰਦੂਆਂ ਦਾ ਭਗਵਾਨ, ਸਿੱਖਾਂ ਦਾ ਵਾਹਿਗੁਰੂ, ਮੁਸਲਮਾਨਾਂ ਦਾ ਅੱਲ੍ਹਾ ਅਤੇ ਈਸਾਈਆਂ ਦਾ ਗਾਡ ਆਪਸ ਵਿਚ ਲੜ ਲੜ ਲਹੂ-ਲੁਹਾਨ ਹੋ ਰਹੇ ਸਨ।
*(ਯੁਗ ਪੁਰਸ਼, ਪੰਨਾ 22)*

ਹੋਰ ਪੜ੍ਹੋ :

(ਅ) ਲੋਕ ਭਗਵਾਨ ਦੇ ਮੰਦਰਾਂ ਮਸਜਦਾਂ ਨੂੰ ਅੱਗਾਂ ਲੱਗਦੇ ਵੇਖ ਕੇ ਵੀ ਇਹ ਗੱਲ ਨਹੀਂ ਸਮਝ ਸਕੇ ਕਿ ਜਿਹੜਾ ਭਗਵਾਨ, ਖ਼ੁਦਾ ਜਾਂ ਵਾਹਿਗੁਰੂ ਆਪਣੇ ਘਰਾਂ ਦੀ ਰੱਖਿਆ ਨਹੀਂ ਕਰ ਸਕਿਆ, ਉਹ ਉਨ੍ਹਾਂ ਦੀ ਸਹਾਇਤਾ ਕਿਵੇਂ ਕਰੇਗਾ ?
*(ਯੁਗ ਪੁਰਸ਼, ਪੰਨਾ 186)*

## ਕੀ ਇਹ ਸੱਚ ਨਹੀਂ ?

ਕਿ ਨਕਲੀ ਨਿਰੰਕਾਰੀਆਂ ਦਾ ਗਿਆਨ ਇਕ 'ਛਲ-ਨਾਟਕ' ਅਤੇ ਮਦਾਰੀ ਦਾ 'ਚੁਰਲ ਮੰਤਰ' ਹੈ ? ਇਨ੍ਹਾਂ ਦਾ ਨਿਰੰਕਾਰ ਦਿਖਾਉਣ ਦਾ ਦਾਅਵਾ ਇਕ ਵੱਡਾ ਧੋਖਾ ਅਤੇ ਸਫ਼ੈਦ ਝੂਠ ਹੈ ?

ਭਲਾ ਨਿਰੰਕਾਰ (ਉਹ ਹਸਤੀ ਜਿਸ ਦਾ ਕੋਈ ਸਥੂਲ ਆਕਾਰ ਨਹੀਂ) ਦਾ ਦਰਸ਼ਨ ਇਨ੍ਹਾਂ ਸਥੂਲ ਅੱਖਾਂ ਦਾ ਵਿਸ਼ਾ ਕਿਵੇਂ ਹੋ ਸਕਦਾ ਹੈ ?

ਖੱਬੇ ਹੱਥ ਦੀ ਤਲੀ ਨੂੰ ਜ਼ਮੀਨ ਅਤੇ ਸੱਜੇ ਹੱਥ ਦੀ ਤਲੀ ਨੂੰ ਆਕਾਸ਼ ਬਣਾ ਕੇ ਦੋਹਾਂ ਹੱਥਾਂ ਵਿਚਕਾਰਲੇ ਖ਼ਲਾਅ ਨੂੰ ਅੱਖ-ਮਟੱਕੇ ਨਾਲ ਨਿਰੰਕਾਰ ਦੱਸਣਾ ਕਿਥੋਂ ਦਾ ਰੂਹਾਨੀ ਗਿਆਨ ਹੋਇਆ ? ਕੀ ਇਹ ਧਰਮ ਦੇ ਨਾਂ ਉੱਤੇ ਕੋਰੀ ਠੱਗੀ ਨਹੀਂ ?

## ਕੀ ਇਹ ਸੱਚ ਨਹੀਂ ?


ਕਿ ਨਕਲੀ ਨਿਰੰਕਾਰੀ ਸ਼ਰਾਬੀ ਕਬਾਬੀ ਆਗੂ ਗੁਰਬਚਨ ਸਿਹੁੰ ਪੈਗ਼ੰਬਰੀ ਦਾ ਦਾਅਵਾ ਕਰੀ ਬੈਠਾ ਅਤੇ ਆਪਣੇ ਆਪ ਨੂੰ ਸਾਰੇ ਧਰਮਾਂ ਦੇ ਪੀਰਾਂ, ਪੈਗ਼ੰਬਰਾਂ, ਅਵਤਾਰਾਂ, ਗੁਰੂਆਂ ਦਾ ਜਾਨਸ਼ੀਨ ਹੋਣ ਦਾ ਕੁਫ਼ਰ ਤੋਲਦਾ ਹੈ। ਦੂਜੇ ਪਾਸੇ ਇਹ ਫ਼ਰੇਬੀ ਬਾਬਾ ਇਹ ਝੂਠੇ ਸਪੱਸ਼ਟੀਕਰਨ ਜਾਰੀ ਕਰੀ ਜਾ ਰਿਹਾ ਹੈ ਕਿ ਮੈਂ ਤਾਂ ਸਾਧਾਰਨ ਮਨੁੱਖ ਹਾਂ, ਹੋਰ ਕੁਝ ਨਹੀਂ।

## ਸਬੂਤ

ਇਹ ਅੰਗਰੇਜ਼ੀ ਚਿੱਠੀ ਨਿਰੰਕਾਰੀ ਗੁਰਬਚਨ ਸਿੰਘ ਨੇ ਦੁਨੀਆਂ ਦੇ ਲੋਕਾਂ ਦੇ ਨਾਂ ਹਜ਼ਾਰਾਂ ਦੀ ਗਿਣਤੀ ਵਿਚ ਭੇਜੀ ਹੈ, ਜਿਸ ਦਾ ਤਰਜਮਾ ਇਸ ਤਰ੍ਹਾਂ ਹੈ :

(1) ਪਤਾ ਹੋਵੇ ਕਿ ਸਮੇਂ ਸਮੇਂ ਨੂਹ, ਜਨਕ, ਕ੍ਰਿਸ਼ਨ, ਮੂਸਾ, ਈਸਾ, ਮੁਹੰਮਦ, ਕਬੀਰ, ਨਾਨਕ ਤੇ ਦਿਆਲ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਸੀ, ਉਹ ਮੇਰੇ ਤੋਂ ਪਹਿਲਾਂ ਹੋਣ ਵਾਲੇ ਬਾਬਾ ਅਵਤਾਰ ਸਿੰਘ ਜੀ ਨੇ ਮੇਰੇ ਮੋਢਿਆਂ ਉੱਤੇ ਰੱਖੀ ਹੈ। ਮੇਰੇ

www.AKJ.Org



RBACHAN SINGH
NIRANKARI

SANT NIRANKARI MAND
DELHI-9 (INDIA)

My dear Friend,

Please be informed that the responsibility assigned from time to time to prophets like Noah, Janak, Rama, Krishana, Moses, Christ, Mohammed, Kabir, Nanak and Dyal has now been put on my shoulders by my predecessor, Baba Avtar Singh ji. My duties include revealing God to one and all irrespective of seekers' caste, creed, race, culture, nationality or morals. So whosoever will approach me or any of my apostles will instantaneously be gifted with an abiding perception of the Omnipresent God.

I come also to glorify the holy prophets of the past by revealing their real greatness and decoding their teachings into layman's actual experience. I have no rituals to impose, no particular recitations to prescribe, no penance to subject my disciples to and no new religion to found. Vegetarianism or non-vegetarianism or this or that political ideology does not stand in my way. My message is for the human being in you and not for a member of any particular religion, community or nationality.

I have the entire reservoir of water for the present-day thirsty world. You too come and quench your thirst.

Yours eternally,

ਕੰਮਾਂ ਵਿਚ ਜਗਿਆਸੂ ਦੀ ਜਾਤ, ਵਿਸ਼ਵਾਸ, ਕਲਚਰ, ਨੈਤਿਕਤਾ ਅਤੇ ਕੌਮੀਅਤ ਦੇ ਵਿਤਕਰੇ ਬਿਨਾਂ ਸਭ ਨੂੰ ਰੱਬੀ ਗਿਆਨ ਦੇਣਾ ਸ਼ਾਮਲ ਹੈ। ਇਸ ਲਈ ਜੋ ਕੋਈ ਭੀ ਮੇਰੇ ਖ਼ਾਸ ਜਾਂ ਮੇਰੇ ਨੀਯਤ ਕੀਤੇ ਮਹਾਤਮਾ ਕੋਲ ਪਹੁੰਚੇਗਾ, ਉਸ ਨੂੰ ਉਸੇ ਵੇਲੇ ਹਰ ਥਾਂ ਹਾਜ਼ਰ ਰੱਬ ਦੀ ਸੋਝੀ ਦੀ ਦਾਤ ਮਿਲ ਜਾਵੇਗੀ। ਮੈਂ ਪਿੱਛੇ ਹੋ ਚੁੱਕੇ ਪੈਗ਼ੰਬਰਾਂ ਦੀ ਵਡਿਆਈ ਦੱਸ ਕੇ ਤੇ ਉਨ੍ਹਾਂ ਦੇ ਉਪਦੇਸ਼ ਨਵੇਂ ਸਿਰੇ ਦੱਸ ਕੇ ਜਨ-ਸਾਧਾਰਨ ਦੀ ਸਮਝ ਗੋਚਰੇ ਕਰ ਕੇ ਉਨ੍ਹਾਂ ਨੂੰ ਵਡਿਆਉਣ ਆਇਆ ਹਾਂ। ਮੈਂ ਕੋਈ ਰੀਤਾਂ ਨਹੀਂ ਠੋਸਣੀਆਂ, ਕੋਈ ਕਵਿਤਾਵਾਂ ਵੀ ਰੋਜ਼ ਮੁੜ ਮੁੜ ਪੜ੍ਹਨ ਲਈ ਨਹੀਂ ਕਹਿਣਾ।

(2) ਮੈਂ ਆਪਣੇ ਚੇਲਿਆਂ ਤੋਂ ਕੋਈ ਤਪ ਨਹੀਂ ਕਰਾਉਣਾ, ਨਾ ਮੇਰੇ ਪਾਸ ਕੋਈ ਨਵਾਂ ਧਰਮ ਹੈ ਜੋ ਮੈਂ ਆਰੰਭਣਾ ਹੋਵੇ। ਸਾਕਾਹਾਰੀ ਖਾਣਾ ਜਾਂ ਮਾਸਾਹਾਰੀ ਭੋਜਨ ਤੇ ਇਹ ਜਾਂ ਉਹ ਰਾਜਸੀ ਸਿਧਾਂਤ ਮੇਰੇ ਰਾਹ ਵਿਚ ਨਹੀਂ ਖਲੋਂਦੇ, ਮੇਰਾ ਸੰਦੇਸ਼ ਤੁਹਾਡੇ ਅੰਦਰਲੇ ਮਨੁੱਖੀ ਜੀਅ ਲਈ ਹੈ ਨਾ ਕਿ ਕਿਸੇ ਖ਼ਾਸ ਇਕ ਧਰਮ, ਕੌਮੀਅਤ ਜਾਂ ਭਾਈਚਾਰੇ ਲਈ।

(3) ਅੱਜ ਦੇ ਸਮੇਂ ਦੇ ਪਿਆਸੇ ਜਗਤ ਲਈ ਮੇਰੇ ਪਾਸ ਪਾਣੀ ਦਾ ਭੰਡਾਰ ਹੈ। ਤੁਸੀਂ ਭੀ ਆਓ ਤੇ ਆਪਣੀ ਪਿਆਸ ਬੁਝਾਓ।

ਅਬਚਲੀ ਤੌਰ 'ਤੇ ਆਪ ਦਾ
ਦਸਤਖ਼ਤ (ਗੁਰਬਚਨ ਸਿੰਘ)

ਕੈਸਾ ਦੁਬਾਜਰਾ ਆਦਮੀ ਹੈ, ਕਦੇ ਸਾਰੇ ਪੈਗ਼ੰਬਰਾਂ ਦਾ ਭੀ ਸਿਰਕਰਦਾ ਬਣਦਾ ਹੈ, ਕਦੇ ਕਹਿੰਦਾ ਹੈ ਮੈਂ ਇਕ ਆਮ ਬੰਦਾ ਹਾਂ।

## ਕੀ ਇਹ ਸੱਚ ਨਹੀਂ ?

ਕਿ ਮੌਜੂਦਾ ਨਕਲੀ ਨਿਰੰਕਾਰੀ ਆਗੂ ਗੁਰਬਚਨ ਸਿੰਘ ਦੇ ਪਿਉ ਅਵਤਾਰ ਸਿੰਘ ਨੇ ਵੀ ਧੁਰ ਦਰਗਾਹੋਂ ਪੈਗ਼ੰਬਰੀ ਦਿੱਤੇ ਜਾਣ ਸੰਬੰਧੀ ਇਕ ਕੁਫ਼ਰ-ਕਹਾਣੀ ਘੜੀ ਸੀ ?

## ਸਬੂਤ ਲਈ ਪੜ੍ਹੋ ਇਸ ਦੀ ਕੁਫ਼ਰ-ਕਹਾਣੀ :

**ਮੈਂ ਆਇਆ ਨਹੀਂ ਭੇਜਿਆ ਗਿਆ ਹਾਂ :**

ਮਹਾਂਪੁਰਸ਼ੋ ! ਸੰਤ ਜਨੋਂ !! ਅੱਜ ਮੈਂ ਆਪ ਨੂੰ ਇਕ ਭੇਦ ਭਰੀ ਗੱਲ ਦੱਸਦਾ ਹਾਂ... ਅਸਲ ਗੱਲ ਇਹ ਹੈ ਕਿ ਸੰਨ 1900 ਦੇ ਅੰਤ ਵਿਚ ਜਦੋਂ ਸਾਰੇ ਸੰਸਾਰ ਦੇ ਲੋਕ ਆਪਣਿਆਂ ਵਲੀਆਂ ਤੇ ਅਵਤਾਰਾਂ ਦੀਆਂ ਸਿੱਖਿਆਵਾਂ ਨੂੰ ਭੁੱਲ ਕੇ ਆਪਣੀ ਮਨਮਰਜ਼ੀ ਕਰ ਰਹੇ ਸਨ, ਜਿਸ ਕਾਰਨ ਧਰਤੀ 'ਤੇ ਅਧਰਮ ਅਤੇ ਅੱਤਿਆਚਾਰ ਬਹੁਤ ਵੱਧ ਚੁੱਕਾ ਸੀ, ਨਿਰੰਕਾਰ ਪ੍ਰਭੂ ਨੇ ਸੰਸਾਰ ਵਿਚ ਪਹਿਲਾਂ ਵਾਂਗ ਭੁੱਲੀ ਹੋਈ ਜਨਤਾ ਨੂੰ ਰਾਹੇ ਪਾਉਣ ਲਈ ਕਿਸੀ ਮਹਾਨ ਆਤਮਾ ਨੂੰ ਭੇਜਣ ਦਾ ਫ਼ੈਸਲਾ ਕੀਤਾ। ਇਸ ਫ਼ੈਸਲੇ ਪਿੱਛੋਂ ਇਕ ਦਿਨ ਧਰਤੀ 'ਤੇ ਪਹਿਲੇ ਸਾਰੇ ਯੁਗਾਂ ਵਿਚ ਗਏ ਸਾਰੇ ਵਲੀਆਂ, ਪੀਰਾਂ ਅਤੇ ਅਵਤਾਰਾਂ ਨੂੰ ਨਿਰੰਕਾਰ ਪ੍ਰਭੂ ਨੇ ਆਪਣੇ ਕੋਲ ਬੁਲਾ ਕੇ ਉਨ੍ਹਾਂ ਨੂੰ ਧਰਤੀ ਦੀ ਪੁਕਾਰ ਅਤੇ ਮਨੁੱਖਤਾ ਦੀ ਗਿਰਾਵਟ ਤੋਂ ਜਾਣੂ ਕਰਾਉਂਦੇ ਹੋਏ ਕਿਸੇ ਇਕ ਨੂੰ ਧਰਤੀ 'ਤੇ ਜਾ ਕੇ ਰਾਹ ਦਿਖਾਉਣ ਦੀ ਇੱਛਾ ਪ੍ਰਗਟ ਕੀਤੀ। ਪਰ ਧਰਤੀ 'ਤੇ ਜਾਣ ਲਈ ਕੋਈ ਤਿਆਰ ਨਾ ਹੋਇਆ। ਭਗਵਾਨ ਰਾਮ, ਭਗਵਾਨ ਕ੍ਰਿਸ਼ਨ, ਹਜ਼ਰਤ ਮੁਹੰਮਦ ਸਾਹਿਬ, ਹਜ਼ਰਤ ਯਸੂ ਮਸੀਹ, ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਸਾਰਿਆਂ ਪੀਰਾਂ, ਅਵਤਾਰਾਂ ਨੇ ਆਪਣੇ ਨਾਲ ਹੋਏ ਪਹਿਲੇ ਸਲੂਕ ਅਤੇ ਦੁਨੀਆਂ ਦੇ ਵਿਹਾਰ ਦੁਰ-ਵਿਹਾਰ ਨੂੰ ਯਾਦ ਕਰਦੇ ਹੋਇਆਂ ਧਰਤੀ 'ਤੇ ਜਾਣ ਤੋਂ ਨਾਂਹ ਕਰ ਦਿੱਤੀ। ਉਸ ਸਮੇਂ ਮੈਂ ਵੀ ਬਾਕੀ ਵਲੀਆਂ, ਅਵਤਾਰਾਂ ਅਤੇ ਮਹਾਂਪੁਰਸ਼ਾਂ ਵਾਂਗ ਸਰੀਰ ਨਾ ਹੁੰਦੇ ਹੋਏ ਵੀ ਨਿਰੰਕਾਰ ਵਿਚ ਮੌਜੂਦ ਸਾਂ ਅਤੇ ਉਨ੍ਹਾਂ ਦੀ ਸਾਰੀ ਗੱਲਬਾਤ ਸੁਣ ਰਿਹਾ ਸੀ। ਅੰਤ ਵਿਚ ਸਾਰਿਆਂ ਅਵਤਾਰਾਂ ਵੱਲੋਂ ਜ਼ੋਰ ਦਿੱਤੇ ਜਾਣ 'ਤੇ ਨਿਰੰਕਾਰ ਪ੍ਰਭੂ ਨੇ ਮੇਰੇ ਵੱਲ ਦ੍ਰਿਸ਼ਟੀ ਕੀਤੀ। ਮੈਂ ਉਨ੍ਹਾਂ ਦਾ ਇਸ਼ਾਰਾ ਸਮਝਦੇ ਹੋਏ ਆਪਣੀ ਥਾਂ 'ਤੇ ਖੜਾ ਹੋ ਗਿਆ।

ਪ੍ਰਭੂ ਨੇ ਮੇਰੇ ਵੱਲ ਦੇਖਦੇ ਹੋਏ ਕਿਹਾ ਕਿ ਮੇਰੀ ਹਾਰਦਿਕ ਇੱਛਾ ਹੈ ਕਿ ਇਸ ਵਾਰ ਤੁਸੀਂ ਧਰਤੀ 'ਤੇ ਜਾ ਕੇ ਮਨੁੱਖ ਜਾਤੀ ਦਾ ਪੱਥ ਪ੍ਰਦਰਸ਼ਨ ਕਰੋ।... ਮੈਂ ਸੀਸ ਝੁਕਾ

www.AKJ.Org

> ਕੇ ਨਮਸਕਾਰ ਕਰਦੇ ਹੋਏ ਬੇਨਤੀ ਕੀਤੀ - ਪ੍ਰਭੂ ! ਆਪ ਦੀ ਆਗਿਆ ਸਿਰ ਮੱਥੇ, ਮੈਂ ਧਰਤੀ 'ਤੇ ਜਾਣ ਲਈ ਤਿਆਰ ਹਾਂ। ਪ੍ਰਭੂ ! ਇਸ ਲਈ ਆਪ ਨੂੰ ਵੀ ਮੇਰੀਆਂ ਕੁਝ ਬੇਨਤੀਆਂ ਮੰਨਣੀਆਂ ਪੈਣਗੀਆਂ।
> "ਜਿਵੇਂ ਚਾਹੋਗੇ ਉਵੇਂ ਹੀ ਹੋਵੇਗਾ", ਨਿਰੰਕਾਰ ਪ੍ਰਭੂ ਨੇ ਕਿਹਾ।
> *(ਯੁਗ ਪੁਰਸ਼, ਪੰਨਾ 231)*

ਨਕਲੀ ਨਿਰੰਕਾਰੀ ਅਵਤਾਰ ਸਿੰਘ ਦੀਆਂ ਜੋ ਸ਼ਰਤਾਂ ਅਵਤਾਰਾਂ, ਪੈਗ਼ੰਬਰਾਂ ਤੇ ਰੱਬ ਵੱਲੋਂ ਮੰਨੀਆਂ ਜਾਣ ਦਾ ਦਾਅਵਾ ਕੀਤਾ ਗਿਆ ਹੈ, ਉਨ੍ਹਾਂ ਵਿੱਚੋਂ ਇਕ ਸ਼ਰਤ ਇਹ ਵੀ ਮੰਨੀ ਦੱਸੀ ਗਈ ਹੈ :

> ਜੇ ਸੰਸਾਰ ਵਿਚ ਕੋਈ ਮਹਾਨ ਪਾਪੀ ਜਾਂ ਦੁਰਾਚਾਰੀ ਭੁੱਲ ਕੇ ਵੀ ਮੇਰੇ ਬ੍ਰਹਮਗਿਆਨੀ ਸੰਤ ਦਾ ਆਦਰ, ਸਤਿਕਾਰ ਕਰ ਦੇਵੇ ਤਾਂ ਉਸ ਨੂੰ ਵੀ ਮੁਕਤੀ ਪ੍ਰਾਪਤ ਹੋਣੀ ਚਾਹੀਦੀ ਹੈ।

## ਟਿੱਪਣੀ

ਕੋਈ ਪੁੱਛੇ ਇਸ ਧੁਰ ਤੋਂ ਪੈਗ਼ੰਬਰੀ ਦੇ ਲਾਇਸੈਂਸ-ਯਾਫ਼ਤਾ ਵਿਅਕਤੀ ਨੂੰ, ਫਿਰ ਕੁਲੀ ਬਣ ਕੇ ਭਾਰ ਢੋਣ ਅਤੇ ਡਬਲ-ਰੋਟੀਆਂ ਥੱਪਣ ਦੀ ਕਿਉਂ ਲੋੜ ਪਈ ? ਅਖੇ 'ਜਾਤ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨੂੰ ਜੱਫੇ।' ਗੱਲ ਵੀ ਠੀਕ ਹੈ, ਇਹ 'ਕਲਯੁਗੀ ਅਵਤਾਰ' ਨੇ ਤੇ ਏਸੇ ਲਈ ਇਹਨਾਂ ਦੇ ਅਸੂਲ ਸਾਰੇ ਧਰਮਾਂ ਤੋਂ ਨਿਆਰੇ ਨੇ। ਪੰਜਾਬੀ ਦੀ ਮਿਸਾਲ ਮਸ਼ਹੂਰ ਹੈ, "ਕਾਰੀਗਰ ਬੜੇਦੇ ਦੇ, ਖੰਡੋਂ ਗੁੜ ਬਣਵਾ ਲਓ।" ਇਨ੍ਹਾਂ ਆਪਣੇ ਪੈਰੋਕਾਰਾਂ ਦੀ ਲੋਕ-ਪ੍ਰਲੋਕ ਵਿਚ ਮਿੱਟੀ ਪਲੀਤ ਕਰਨ ਦਾ ਠੇਕਾ ਲਿਆ ਹੋਇਆ ਹੈ।

ਧਰਤੀ 'ਤੇ ਆਪਣੇ ਮਤ ਨੂੰ ਪ੍ਰਚਾਰਨ ਦੀ ਇਸ ਨਕਲੀ-ਨਿਰੰਕਾਰੀ ਠੇਕੇਦਾਰ ਦੀ ਜੁਗਤੀ ਵੀ ਬੜੀ ਨਿਰਾਲੀ ਹੈ ਕਿ ਕੋਈ ਭਾਵੇਂ ਕਿੰਨਾ ਕੁਕਰਮੀ ਤੇ ਦੁਰਾਚਾਰੀ ਹੋਵੇ, ਉਸ ਲਈ ਨਕਲੀ ਨਿਰੰਕਾਰੀ ਮਤ ਦੇ ਪੰਜੇ ਐਬ ਸ਼ਰੱਈ ਅਖੌਤੀ ਬ੍ਰਹਮਗਿਆਨੀ ਦੇ ਦਰਸ਼ਨ, ਮੁਕਤੀ ਦਾ ਪਾਸਪੋਰਟ ਹਨ। ਵਾਹ ਬਈ ਵਾਹ !

## ਕੀ ਇਹ ਸੱਚ ਨਹੀਂ ?

ਕਿ ਨਿਰੰਕਾਰੀ ਮਤ ਦੇ ਆਗੂ ਅਤੇ ਚੇਲੇ ਸਾਰੇ ਧਰਮਾਂ ਅਤੇ ਸਾਰੇ ਧਰਮਾਂ ਦੇ ਪੈਗ਼ੰਬਰਾਂ, ਅਵਤਾਰਾਂ ਅਤੇ ਗੁਰੂਆਂ ਦੀ ਨਿੰਦਿਆ ਤੇ ਨਿਖੇਧੀ ਕਰਦੇ ਹਨ।

## ਸਬੂਤ ਲਈ ਵੇਖੋ

ਪੁਸਤਕ : ***ਅਵਤਾਰ ਬਾਣੀ***
ਲੇਖਕ : ਬਾਬਾ ਅਵਤਾਰ ਸਿੰਘ ਨਿਰੰਕਾਰੀ
ਪ੍ਰਕਾਸ਼ਕ : ਸੰਤ ਨਿਰੰਕਾਰੀ ਮੰਡਲ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9
ਛਾਪਕ : ਲਕਸ਼ਮੀ ਪ੍ਰਿੰਟਿੰਗ ਵਰਕਸ, ਦਿੱਲੀ-6 (ਸੰਨ 1965)

www.AKJ.Org

*ਜਿਹੜੇ ਘਰ ਵਿਚ ਜਨਮ ਲਿਆ ਮੈਂ, ਸੌਖਾ ਖਾਣਾ ਪੀਣਾ ਸੀ।*
*ਗੁਰੂ ਨਾਨਕ ਦੇ ਮੰਨਣ ਵਾਲਾ, ਸਿੱਖੀ ਧਰਮ ਘਰਾਣਾ ਸੀ।*
*ਗੁਰਦੁਆਰੇ ਦੇ ਵਿੱਚ ਜਾ ਕੇ, ਆਪਣਾ ਸੀਸ ਝੁਕਾਂਦੇ ਸਨ।*
*ਗੁਰਬਾਣੀ ਨੂੰ ਪੜ੍ਹਨਾ ਸੁਣਨਾ, ਅਖੰਡ ਪਾਠ ਰਖਾਂਦੇ ਸਨ।*
*ਸਿੱਖੀ ਧਰਮ ਨਿਭਾਵਣ ਵਾਲੇ, ਪੰਥ ਦੀ ਸੇਵਾ ਕਰਦੇ ਸਨ।*
*ਧਰਮ ਦੀ ਖ਼ਾਤਰ ਲੋੜ ਪਏ ਜੇ, ਸਭ ਕੁਝ ਅੱਗੇ ਧਰਦੇ ਸਨ।*
*ਸਿੱਖੀ ਧਰਮ ਹੈ ਸਭ ਤੋਂ ਉੱਚਾ, ਮਾਣ ਸੀ ਘਰ ਦੇ ਜੀਆਂ ਨੂੰ।*
*ਏਹੋ ਗੱਲ ਸਿਖਾਈ ਵੱਡਿਆਂ, ਆਪਣੇ ਪੁੱਤਰ ਧੀਆਂ ਨੂੰ।*
*ਜੋ ਕੁਝ ਦੱਸਿਆ ਬਾਪੂ ਸਾਨੂੰ, ਹੱਸ ਹੱਸ ਚੱਟੀ ਭਰਦੇ ਰਹੇ।*
*ਅਵਤਾਰ ਗੁਰੂ ਮਹਾਂ ਦੇਵ ਦੇ ਬਾਝੋਂ, ਹਰਿ ਹਰਿ ਹਰਿ ਹਰਿ ਕਰਦੇ ਰਹੇ।*

*(ਪੰਨਾ 195)*

**ਭਾਵਾਰਥ** : ਉਪਰ ਦਿੱਤੇ ਬੰਦ ਵਿਚ ਸਿੱਖ ਰਹੁ-ਰੀਤ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਮੰਨਣ, ਗੁਰਦੁਆਰੇ ਜਾਣ, ਗੁਰਬਾਣੀ ਪੜ੍ਹਨ, ਸੁਣਨ, ਅਖੰਡ ਪਾਠ ਕਰਨ, ਸਿੱਖੀ ਧਰਮ ਨਿਭਾਉਣ, ਪੰਥਕ ਸੇਵਾ ਕਰਨ, ਧਰਮ ਤੋਂ ਆਪਾ ਨਿਛਾਵਰ ਕਰਨ, ਸਿੱਖੀ ਧਰਮ ਦੇ ਧਾਰਨੀ ਹੋਣ ਦਾ ਗੌਰਵ ਰੱਖਣ ਆਦਿ ਸਾਰਿਆਂ ਕਾਰਜਾਂ ਤੇ ਧਾਰਮਿਕ ਕਰਮਾਂ ਨੂੰ ਚੱਟੀ ਭਰਨਾ ਆਖ ਕੇ ਘਿਰਣਾ ਦਾ ਭਾਵ ਪ੍ਰਗਟਾਇਆ ਗਿਆ ਤੇ ਭੰਡਿਆ ਗਿਆ ਹੈ। ਇਸ ਤਰ੍ਹਾਂ ਸਿੱਖ ਮਾਨ-ਮਰਿਆਦਾ ਉੱਤੇ ਖੁੱਲ੍ਹਮ-ਖੁੱਲ੍ਹਾ ਹਮਲਾ ਕਰ ਕੇ ਸਿੱਖ ਜਜ਼ਬਿਆਂ ਨੂੰ ਵਲੂੰਧਰਨ ਦਾ ਅਪਰਾਧ ਕੀਤਾ ਗਿਆ ਹੈ।

*ਮੇਰੀ ਹੋਸ਼ਾਂ ਅੱਖ ਉਘੇੜੀ, ਬੰਦੀਖ਼ਾਨੇ ਭਰਮਾਂ ਦੇ।*
*ਕੱਟੜ ਸਿੱਖ ਸਨ ਪਿਓ ਤੇ ਦਾਦਾ, ਹਾਮੀ ਸਿੱਖੀ ਕਰਮਾਂ ਦੇ।*
*ਸਿੱਖੀ ਧਰਮ ਨਿਭਾਵਣ ਦੇ ਲਈ, ਪੂਰੀ ਜੋ ਹਰ ਰੀਤ ਕਰਨ।*
*ਗੁਰਦੁਆਰੇ ਵਿੱਚ ਆਣਾ ਜਾਣਾ, ਗੁਰਬਾਣੀ ਨਾਲ ਪ੍ਰੀਤਿ ਕਰਨ।*
*ਜਿਹੜੀ ਘਾਟੀ ਆਪ ਚੜ੍ਹੇ ਉਹ, ਸਾਨੂੰ ਵੀ ਉਹ ਚੜ੍ਹਨੀ ਪਈ।*
*ਗੁਰਦੁਆਰੇ ਵਿਚ ਫੇਰਾ ਟੋਰਾ, ਗੁਰਬਾਣੀ ਵੀ ਪੜ੍ਹਨੀ ਪਈ।*
*ਜਿੰਦਾਂ ਜਿੰਦਾਂ ਹੁਕਮ ਕਰਨ ਉਹ, ਚੱਲਿਆ ਬਾਰਾਂ ਮਾਸੇ ਮੈਂ।*
*ਪਾਠ ਪੜ੍ਹੇ ਤੇ ਰਹਿਤਾਂ ਰੱਖੀਆਂ, ਖ਼ੂਬ ਕੀਤੇ ਅਰਦਾਸੇ ਮੈਂ।*
*ਵਰ੍ਹਿਆਂ ਬੱਧੀ ਗੁਰਦੁਆਰੇ ਵਿੱਚ, ਸੇਵਾ ਖ਼ੂਬ ਕਮਾਈ ਮੈਂ।*
*ਸੰਤੋਖ ਕਹੇ ਅਵਤਾਰ ਗੁਰੂ ਬਿਨ, ਫੋਕੀ ਪੜ੍ਹੀ ਪੜ੍ਹਾਈ ਮੈਂ।*

*(ਪੰਨਾ 197-98)*

**ਭਾਵਾਰਥ** : ਉਪਰ ਲਿਖੇ ਟੱਪੇ ਵਿਚ ਸਿੱਖੀ ਕਰਮ ਧਰਮ, ਗੁਰਦੁਆਰੇ ਜਾਣਾ, ਗੁਰਬਾਣੀ ਪੜ੍ਹਨੀ, ਪਾਠ ਕਰਨ, ਖ਼ਾਲਸਾ ਰਹਿਤ ਬਹਿਤ ਰੱਖਣ, ਸਰਬੱਤ ਦੇ ਭਲੇ ਲਈ ਅਰਦਾਸ ਕਰਨ, ਵਾਹਿਗੁਰੂ ਦੀ ਖ਼ਲਕਤ ਦੀ ਸੇਵਾ ਕਰਨ ਆਦਿ ਸਭ ਕੁਝ ਨੂੰ ਫੋਕੀ ਪੜ੍ਹਾਈ ਦੱਸ ਕੇ ਨਿੰਦਿਆ ਤੇ ਭੰਡਿਆ ਗਿਆ ਹੈ ਤੇ ਇਸ ਤਰ੍ਹਾਂ ਸਿੱਖੀ ਜਜ਼ਬੇ ਨੂੰ ਵਲੂੰਧਰਨ ਦਾ ਅਪਰਾਧ ਕੀਤਾ ਗਿਆ ਹੈ।

www.AKJ.Org

*ਲੋਕ ਦਿਖਾਵੇ ਦੇ ਲਈ ਕੀਤਾ, ਜੋ ਕੁਝ ਕਰਮ ਕਮਾਇਆ ਮੈਂ।*
*ਜਾ ਹਰਿਮੰਦਰ ਤੜਕੇ ਨਹਾਂਦਾ, ਦੁੱਖਾਂ ਦਾ ਘਬਰਾਇਆ ਮੈਂ।*
*ਹਰਿ ਕਿਹੜੇ ਹਰਿਮੰਦਰ ਵੱਸਦਾ, ਇਸ ਦੀ ਸਾਰ ਨਾ ਜਾਣੀ ਮੈਂ।*
*ਤੋਤੇ ਵਾਂਗੂੰ ਪੜ੍ਹ ਪੜ੍ਹ ਪੋਥੀ, ਰਿਹਾ ਰਿੜਕਦਾ ਪਾਣੀ ਮੈਂ।*
*ਚੌਦਾਂ ਸਾਲਾਂ ਦਾ ਸਿੰਘ ਸਜਿਆ, ਕੀਤਾ ਅੰਮ੍ਰਿਤ ਪਾਨ ਵੀ ਮੈਂ।*
*ਕੇਸ ਕੜਾ ਤੇ ਕੰਘਾ ਕੱਛਾ, ਪਾਈ ਗਲ ਕ੍ਰਿਪਾਨ ਵੀ ਮੈਂ।*
*ਵਾਹਿਗੁਰੂ ਦਾ ਸਿਮਰਨ ਕੀਤਾ, ਜੂਠਾ ਕਿਸੇ ਦਾ ਖਾਣਾ ਨਹੀਂ।*
*ਪੰਜਾਂ ਬਾਣੀ ਦਾ ਪਾਠ ਵੀ ਕਰਨਾ, ਰਹਿਤਾਂ ਤਾਈਂ ਭੁਲਾਣਾ ਨਹੀਂ।*
*ਅੰਮ੍ਰਿਤ ਨਾਮ ਨਿਧਾਨ ਹੈ ਕਿਹੜਾ, ਇਹ ਕਿਸੇ ਵੀ ਦੱਸਿਆ ਨਾ।*
*ਸ਼ਾਂਤ ਗੁਰੂ ਅਵਤਾਰ ਦੇ ਬਾਝੋਂ, ਅੰਮ੍ਰਿਤ ਮਨ ਵਿੱਚ ਵੱਸਿਆ ਨਾ।*

**ਭਾਵਾਰਥ** : ਉਪਰ ਦਿੱਤੇ ਬੰਦ ਵਿਚ ਸਿੱਖੀ ਕਰਮ ਧਰਮ, ਅੰਮ੍ਰਿਤ ਵੇਲੇ ਜਾਗ ਕੇ ਅੰਮ੍ਰਿਤ ਸਰੋਵਰ ਦਾ ਇਸ਼ਨਾਨ ਕਰਨ, ਸ੍ਰੀ ਹਰਿਮੰਦਰ ਸਾਹਿਬ ਵਿਚ ਹਾਜ਼ਰ ਹੋ ਕੇ ਵਾਹਿਗੁਰੂ ਦੀ ਸਿਫ਼ਤਿ-ਸਾਲਾਹ ਕਰਨ ਸੁਣਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਠਨ-ਪਾਠਨ, ਅੰਮ੍ਰਿਤ ਪਾਨ ਕਰਨ, ਪੰਜ ਕਕਾਰੀ ਰਹਿਤ ਰੱਖਣ, ਗੁਰ-ਦੀਖਿਆ ਲੈਣ, ਪੰਜ ਬਾਣੀਆਂ ਦੇ ਨਿੱਤਨੇਮ ਕਰਨ, ਖ਼ਾਲਸਾ ਰਹਿਤ ਰੱਖਣ ਆਦਿ ਇਨ੍ਹਾਂ ਸਾਰਿਆਂ ਸ਼ੁਭ ਕਰਮਾਂ ਨੂੰ ਫੋਕਾ ਪਾਣੀ ਰਿੜਕਣਾ ਦੱਸ ਕੇ ਨਿੰਦਿਆ ਤੇ ਭੰਡਿਆ ਗਿਆ ਹੈ ਤੇ ਇਸ ਤਰ੍ਹਾਂ ਖੁੱਲ੍ਹਮ-ਖੁੱਲ੍ਹਾ ਸਿੱਖੀ ਦੇ ਉਲਟ ਪਰਚਾਰ ਕਰ ਕੇ ਸਿੱਖੀ ਜਜ਼ਬਿਆਂ ਨੂੰ ਵਿਲੂੰਧਰਨ ਦਾ ਅਪਰਾਧ ਕੀਤਾ ਹੈ।

*ਜੋ ਜੋ ਹੁਕਮ ਕਰਨ ਘਰ ਵਾਲੇ, ਉਸ 'ਤੇ ਅਮਲ ਕਰਾਇਆ ਮੈਂ।*
*ਰਹਿਰਾਸ ਤੇ ਸੁਖਮਨੀ ਨੂੰ, ਦਿਲ ਵਿਚ ਖ਼ੂਬ ਵਸਾਇਆ ਮੈਂ।*
*ਸਮਝ ਕੇ ਇਸ ਨੂੰ ਕੰਮ ਧਰਮ ਦਾ, ਗੁਰੂ ਦਵਾਰੇ ਜਾਂਦਾ ਸਾਂ।*
*ਦਿਲ ਵਿਚ ਪੂਰਨ ਸ਼ਰਧਾ ਰੱਖ ਕੇ, ਆਪਣਾ ਸੀਸ ਝੁਕਾਂਦਾ ਸਾਂ।*
*ਗੁਰੂ ਨਾਨਕ ਹੈ ਪੂਰਾ ਰਹਿਬਰ, ਪੱਕਾ ਸੀ ਇਤਬਾਰ ਮੇਰਾ।*
*ਬਾਣੀ ਨੂੰ ਮੈਂ ਸਭ ਕੁਝ ਸਮਝਾਂ, ਬਾਣੀ ਨਾਲ ਸੀ ਪਿਆਰ ਮੇਰਾ।*
*ਸਿੱਖੀ ਧਰਮ ਨਿਭਾਵਣ ਖ਼ਾਤਰ, ਰਹਿਤਾਂ ਨੂੰ ਵੀ ਰੱਖਿਆ ਮੈਂ।*
*ਗੁਰਦੁਆਰੇ ਦੇ ਵਿਚ ਜਾ ਕੇ, ਅੰਮ੍ਰਿਤ ਵੀ ਸੀ ਛਕਿਆ ਮੈਂ।*
*ਵਰ੍ਹਿਆਂ ਬੱਧੀ ਚਾਲ ਚੱਲੀ, ਇਹ ਚੱਲਦੀ ਏਹੋ ਰੀਤ ਰਹੀ।*
*ਮਹਾਂਦੇਵ ਅਵਤਾਰ ਦੇ ਬਾਝੋਂ, ਹੈ ਸੀ ਆਯੂ ਬੀਤ ਰਹੀ।* *(ਪੰਨਾ 195)*

**ਭਾਵਾਰਥ** : ਉਪਰ ਦਿੱਤੀ ਤੁਕਬੰਦੀ ਵਿਚ ਗੁਰਮਤਿ ਕਰਮ ਧਰਮ, ਸ੍ਰੀ ਸੁਖਮਨੀ ਸਾਹਿਬ ਤੇ ਸ੍ਰੀ ਰਹਰਾਸਿ ਸਾਹਿਬ ਦੀ ਬਾਣੀ ਨੂੰ ਦਿਲ ਵਿਚ ਵਸਾਉਣ, ਗੁਰਦੁਆਰੇ ਜਾਣ, ਆਪਣੇ ਗੁਰਦੇਵ ਨੂੰ ਸਿਰ ਨਿਵਾਉਣ, ਗੁਰੂ ਨਾਨਕ ਦੀ ਰਹਿਬਰੀ 'ਤੇ ਭਰੋਸਾ ਕਰਨ, ਗੁਰਬਾਣੀ ਨਾਲ ਪ੍ਰੀਤ ਕਰਨ, ਅੰਮ੍ਰਿਤ ਛਕਣ, ਖ਼ਾਲਸਈ ਰਹਿਤਾਂ ਨੂੰ ਧਾਰਨ ਕਰਨ ਆਦਿ ਸਭ ਨੂੰ ਫ਼ਜ਼ੂਲ ਉਮਰ ਗਵਾਉਣ ਤੁਲ ਦੱਸ ਕੇ ਇਨ੍ਹਾਂ ਸ਼ੁਭ ਕਰਮਾਂ ਵਿਰੁੱਧ ਘਿਰਣਾ ਉਪਜਾਊ ਪ੍ਰਚਾਰ ਕੀਤਾ ਗਿਆ ਹੈ ਅਤੇ ਇਸ ਤਰ੍ਹਾਂ ਸਿੱਖ ਧਰਮ

www.AKJ.Org

ਦੇ ਕਲਿਆਣਕਾਰੀ ਉਪਦੇਸ਼ਾਂ ਵਿਰੁੱਧ ਖੁੱਲ੍ਹਮ-ਖੁੱਲ੍ਹਾ ਭੰਡੀ-ਪ੍ਰਚਾਰ ਕਰ ਕੇ ਸਿੱਖੀ ਜਜ਼ਬਾਤ ਉੱਤੇ ਕਰਾਰੀ ਸੱਟ ਮਾਰੀ ਹੈ, ਜੋ ਕਿ ਨਾ-ਬਖ਼ਸ਼ੇ ਜਾਣ ਵਾਲਾ ਅਪਰਾਧ ਹੈ।

*ਸ਼ਿਵ ਦੀ ਪੂਜਾ ਕਾਲੀ ਮਾਤਾ, ਪੂਜੇ ਸੀਤਾ ਰਾਮ ਕਦੀ।*
*ਬਾਣੀ ਗ੍ਰੰਥ ਅਨੇਕਾਂ ਪੂਜੇ, ਪੂਜੇ ਸੀਤਾ ਰਾਮ ਕਦੀ।*
*ਲਾਟਾਂ ਵਾਲੀ ਦੇਵੀ ਪੂਜੀ, ਕੀਰਤਨ ਸੋਹਿਲਾ ਗਾਉਂਦੀ ਰਹੀ।*
*ਹਰਿ ਕੀ ਪੌੜੀ ਪਿੰਡਾ ਧੋਤਾ, ਜਮਨਾ ਜਾ ਜਾ ਨਹਾਉਂਦੀ ਰਹੀ।*
*ਅੰਮ੍ਰਿਤਸਰ ਤੇ ਪੰਜੇ ਸਾਹਿਬ, ਜਾ ਜਾ ਟੁੱਭੀਆਂ ਲਾਈਆਂ ਮੈਂ।*
*ਜੰਗਲ ਬੇਲੇ ਬਸਤੀ ਔਝੜ, ਢੂੰਢੇ ਵਾਂਗ ਸ਼ੁਦਾਈਆਂ ਮੈਂ।*
*ਹਰਿ ਦੇ ਦਰਸ਼ਨ ਹੋ ਸਕੇ ਨਾ, ਠਾਕਰ ਗ਼ੁੱਸੇ ਗ਼ੁੱਸੇ ਰਹੇ।*
*ਸੌਂ ਗਈ ਕਿਸਮਤ ਤਾਣ ਕੇ ਲੰਮੀ, ਲੇਖ ਮੁਕੱਦਰ ਗ਼ੁੱਸੇ ਰਹੇ।*
*ਕਰਮ ਧਰਮ ਦੇ ਜਾਲਾਂ ਵਾਲੇ, ਆਉਂਦੇ ਕੰਮੀ ਧਾਗੇ ਨਾ।*
*ਪੂਰੇ ਗੁਰੂ ਅਵਤਾਰ ਦੇ ਬਾਝੋਂ, ਸੁੱਤੀ ਕਿਸਮਤ ਜਾਗੇ ਨਾ।*
*ਕਈ ਜੁਗਾਂ ਦਾ ਚੱਕਰ ਖਾ ਖਾ, ਜਨਮ ਲਿਆ ਮਘਿਆਣੇ।*
*ਪਿੱਛਲ ਦੁੱਖ ਯਾਦ ਸੀ ਮੈਨੂੰ, ਹੈਸਨ ਹੋਸ਼ ਟਿਕਾਣੇ।*
*ਇਹ ਸੀ ਪਤਾ ਕਿ ਮਾਨਸ ਦੇਹੀ, ਫਿਰ ਫਿਰ ਹੱਥ ਨਹੀਂ ਆਣੀ।*
*ਐਥੋਂ ਭੁੱਲੀ ਫੇਰ ਚੁਰਾਸੀ, ਪੈ ਜਾਸੀ ਭੁਗਤਾਣੀ।*
*ਘਰ ਵਿਚ ਹੈਸੀ ਗੁਰੂ ਗ੍ਰੰਥ, ਮੈਂ ਓਟ ਓਸ ਦੀ ਰੱਖੀ।*
*ਸਤਿਗੁਰੂ ਦੀ ਮੈਂ ਦੇਹੀ ਸਮਝਾਂ, ਬਹਿਣ ਨਾ ਦੇਵਾਂ ਮੱਖੀ।*
*ਇਹ ਨਾ ਪਤਾ ਕਿ ਸ਼ਬਦ ਗੁਰੂ ਏ, ਪੋਥੀ ਗੁਰ ਨਹੀਂ ਹੋਂਦੀ।*
*ਰਾਜ ਗੁਰੂ ਅਵਤਾਰ ਨਾ ਮਿਲਦਾ, ਸਾਰੀ ਉਮਰਾਂ ਰੋਂਦੀ।*

*(ਅਵਤਾਰ ਬਾਣੀ, ਪੰਨਾ 240)*

*ਲਾਹ ਕੇ ਬੰਦਾ ਪੰਡ ਖ਼ੁਦੀ ਦੀ, ਜਾਂ ਤੱਕ ਸੀਸ ਝੁਕਾਂਦਾ ਨਹੀਂ।*
*ਅਵਤਾਰ ਗੁਰੂ ਹੱਥ ਕੈਦੀ ਅੱਲ੍ਹਾ, ਤਾਂ ਤੱਕ ਨਜ਼ਰੀਂ ਆਂਦਾ ਨਹੀਂ।*

*(ਅਵਤਾਰ ਬਾਣੀ, ਪੰਨਾ 246)*

*ਗੁਰੂ ਬਚਨ ਨੂੰ ਸਤਿਗੁਰੂ ਸਮਝੋ, ਇਹ ਹੈ ਕਲਜੁਗ ਦਾ ਅਵਤਾਰ।*
*ਨਾਰਾਇਣ ਨੇ ਰੂਪ ਵਟਾਇਆ, ਰੰਗ ਬਦਲਿਆ ਖ਼ੁਦ ਨਿਰੰਕਾਰ।*
*ਆਦਿ ਅੰਤ ਹੈ ਇਹੋ ਜੱਗ ਦਾ, ਇਹੋ ਜੱਗ ਦਾ ਬਾਨੀ ਏ।*
*ਜੇ ਸਮਝੇ ਬੁੱਧਵੰਤੀ ਜਾਇਆ, ਮਹਾਂ ਮੂੜ੍ਹ ਅਗਿਆਨੀ ਏ।*

*(ਅਵਤਾਰ ਬਾਣੀ, ਪੰਨਾ 176)*

## ਕੀ ਇਹ ਸੱਚ ਨਹੀਂ ?

ਕਿ ਨਕਲੀ ਨਿਰੰਕਾਰੀ ਆਗੂ ਨੇ ਆਪਣੇ ਲੈਕਚਰਾਂ ਵਿਚ ਕਈ ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਕਾਗ਼ਜ਼ਾਂ ਦਾ ਗੁਰੂ' ਆਖਿਆ ਹੈ ?

www.AKJ.Org

## ਸਬੂਤ

*ਇਹ ਨਾ ਪਤਾ ਕਿ ਸ਼ਬਦ ਗੁਰੂ ਏ, ਪੋਥੀ ਗੁਰ ਨਹੀਂ ਹੋਂਦੀ।*
*ਰਾਜ ਗੁਰੂ ਅਵਤਾਰ ਨਾ ਮਿਲਦਾ, ਸਾਰੀ ਉਮਰਾਂ ਰੋਂਦੀ।*

*(ਅਵਤਾਰ ਬਾਣੀ, ਪੰਨਾ 240)*

"ਸਿੱਖਾਂ ਨੂੰ ਹੀ ਲਵੋ, ਬਾਹਰ ਪੰਜ ਚਿੰਨ੍ਹ ਬਣਾ ਦਿੱਤੇ। ਸਵੇਰੇ ਉੱਠਦਿਆਂ 5-7 ਜਾਂ 10 ਜਾਂ ਜਿੰਨੀਆਂ ਹੋ ਸਕਣ, ਮਹਾਂਪੁਰਸ਼ਾਂ ਗੁਰੂਆਂ ਪੀਰਾਂ ਦੀਆਂ ਨਸੀਹਤਾਂ ਅਤੇ ਮਿਸਾਲਾਂ ਨੂੰ ਗੁਰਬਾਣੀ ਦਾ ਨਾਮ ਲੈ ਕੇ ਰਟਣ ਕਰਨ ਦਾ ਰਿਵਾਜ ਪਾ ਦਿੱਤਾ। 84 ਮਹਾਂਪੁਰਸ਼ਾਂ ਦੀਆਂ ਲਿਖਤਾਂ ਨੂੰ ਕੱਠਿਆਂ ਕੀਤਾ, ਅਵੱਸ਼ ਇਕ ਗ੍ਰੰਥ ਦਾ ਵਜੂਦ ਹੋਣਾ ਸੀ ਤੇ ਉਸ ਸਾਰੇ ਨੂੰ ਗੁਰੂ ਦਾ ਨਾਮ ਦੇ ਦਿੱਤਾ।"

*(ਰਸਾਲਾ 'ਸੰਤ ਨਿਰੰਕਾਰੀ', ਜੂਨ 1964)*

## ਕੀ ਇਹ ਸੱਚ ਨਹੀਂ ?

ਕਿ ਨਕਲੀ ਨਿਰੰਕਾਰੀ ਆਗੂ ਨੇ ਆਪਣੇ ਕੁਕਰਮੀ ਚੇਲਿਆਂ ਨੂੰ, ਜਿਨ੍ਹਾਂ ਦੇ ਅਸਲੀ ਨਾਮ ਕੁਝ ਹੋਰ ਹਨ, ਨੂੰ ਸਿੱਖ ਧਰਮ ਦੇ ਪ੍ਰਤਿਸ਼ਠਿਤ ਵਿਅਕਤੀ 'ਭਾਈ ਲਾਲੋ, ਬਾਬਾ ਬੁੱਢਾ, ਭਾਈ ਗੁਰਦਾਸ ਜੀ ਅਤੇ ਕਬੀਰ ਜੀ' ਆਦਿ ਨਾਮ ਦਿੱਤੇ ਹੋਏ ਹਨ ?

## ਸਬੂਤ

ਦੋ ਚਾਰ ਦਿਨਾਂ ਦੀ ਤਿਆਰੀ ਮਗਰੋਂ ਆਪ ਜੀ ਬਾਬੂ ਮਹਾਂਦੇਵ ਜੀ ਅਤੇ ਭਾਈ ਸਾਹਿਬ ਭਾਗ ਸਿੰਘ (ਬਾਬਾ ਬੁੱਢਾ) ਅਤੇ ਭਾਈ ਸਾਹਿਬ ਕ੍ਰਿਸ਼ਨ ਲਾਲ ਜੀ ਕੋਹਮਰੀ ਵਾਲਿਆਂ ਨੂੰ ਨਾਲ ਲੈ ਕੇ ਸਿੰਧ ਨੂੰ ਚਲੇ ਗਏ।

*(ਯੁਗ ਪੁਰਸ਼, ਪੰਨਾ 140)*

ਆਪ ਜੀ ਲਾਲ ਚੰਦ ਜੀ ਦਾ ਉੱਤਰ ਸੁਣ ਕੇ ਗਦ ਗਦ ਹੋ ਗਏ ਅਤੇ ਆਪ ਜੀ ਦੇ ਮੁਖ਼ਾਰਬਿੰਦ ਤੋਂ ਆਪ-ਮੁਹਾਰੇ ਇਹ ਸ਼ਬਦ ਨਿਕਲੇ ਕਿ ਤੁਸੀਂ ਤਾਂ ਲਾਲੋ ਹੋ, ਉਹੀ ਲਾਲੋ ਜਿਸ ਨੇ ਗੁਰੂ ਦੇ ਨਾਮ ਦਾ ਡੰਕਾ ਵਜਾ ਦਿੱਤਾ ਸੀ। ਜਾਓ ਮੇਰਾ ਆਸ਼ੀਰਵਾਦ ਤੁਹਾਡੇ ਨਾਲ ਹੈ।

*(ਯੁਗ ਪੁਰਸ਼, ਪੰਨਾ 143)*

(ਭਾਈ ਲਾਭ ਸਿੰਘ) ਬਾਬਾ ਜੀ ਦੇ ਚਰਨਾਂ ਵਿਚ ਹਰ ਵਕਤ ਸੇਵਾ ਕਰਦੇ ਰਹਿੰਦੇ ਹਨ। ਆਪ ਜੀ ਨੂੰ ਗੁਰਬਾਣੀ 'ਤੇ ਪੂਰਨ ਆਬੂਰ ਹਾਸਲ ਹੋਣ ਕਾਰਨ ਸੰਗਤਿ ਅਥਵਾ ਸਤਿਗੁਰੂ ਵੱਲੋਂ ਭਾਈ ਗੁਰਦਾਸ ਦੀ ਉਪਾਧੀ ਮਿਲੀ ਹੈ।

*(ਅਲੌਕਿਕ ਬਚਨ, ਪੰਨਾ 44)*

ਇਸ ਮਹੀਨੇ 18 ਮਈ ਦਾ ਦਿਨ ਵੀ ਆਇਆ, ਜਿਸ ਦਿਨ ਨਿਰੰਕਾਰੀ ਜਗਤ ਦੇ ਜਾਣੇ-ਪਛਾਣੇ ਕਰਮਯੋਗੀ ਸੰਤ ਜੁਗਲ ਕਿਸ਼ੋਰ ਜੀ, ਜੋ 'ਕਬੀਰ ਜੀ' ਦੇ ਨਾਂ ਨਾਲ ਪ੍ਰਸਿੱਧ ਹਨ, ਚਾਣਚੱਕ ਬ੍ਰਹਮਲੀਨ ਹੋ ਗਏ।

*(ਰਸਾਲਾ 'ਸੰਤ ਨਿਰੰਕਾਰੀ', ਜੂਨ 1973, ਪੰਨਾ 2)*

www.AKJ.Org

## ਕੀ ਇਹ ਸੱਚ ਨਹੀਂ ?

ਕਿ ਨਕਲੀ ਨਿਰੰਕਾਰੀ ਆਗੂ ਨੇ ਲੋਕਾਂ ਨੂੰ ਟਪਲੇ ਵਿਚ ਪਾਉਣ ਲਈ ਸਿੱਖ ਧਰਮ ਦੇ 'ਸੰਤੋਖਸਰ' ਸਰੋਵਰ ਦੇ ਨਾਮ ਉੱਤੇ ਆਪਣੇ ਇਕ ਤਲਾਅ ਦਾ ਨਾਮ ਵੀ 'ਸੰਤੋਖਸਰ' ਰੱਖਿਆ ਹੋਇਆ ਸੀ ?

## ਸਬੂਤ

ਲਿਖਦਾ ਹੈ—"ਅੱਜ ਤੋਂ ਇਹ 'ਸੰਤੋਖਸਰ' ਹਰ ਪ੍ਰਕਾਰ ਦੇ ਸੁਖ ਦੇਣ ਵਾਲਾ ਹੋਵੇਗਾ।" *(ਯੁਗ ਪੁਰਸ਼, ਪੰਨਾ 225)*

## ਕੀ ਇਹ ਸੱਚ ਨਹੀਂ ?

ਕਿ ਨਕਲੀ ਨਿਰੰਕਾਰੀ ਮਤ ਦੇ ਆਗੂ ਨੇ ਨਿਰੰਕਾਰੀ ਸੇਵਾ ਦਲ ਦੇ ਨਾਮ ਥੱਲੇ ਇਕ ਪ੍ਰਾਈਵੇਟ ਫ਼ੌਜ ਰੱਖੀ ਹੋਈ ਹੈ ? ਜਿਸ ਦਾ ਕਮਾਂਡਰ-ਇਨ-ਚੀਫ਼ ਪ੍ਰਤਾਪ ਸਿੰਘ, ਕਈ ਕਮਾਂਡਰ ਅਤੇ ਕਈ ਯੂਨਿਟਾਂ ਹਨ। ਇਸ ਫ਼ੌਜ ਨੂੰ ਹਰ ਕਿਸਮ ਦਾ ਜਾਇਜ਼ ਨਾਜਾਇਜ਼ ਅਸਲਾ ਦਿੱਤਾ ਹੋਇਆ ਹੈ। ਇਸੇ ਫ਼ੌਜ ਨੇ 13-4-1978 ਨੂੰ ਵੈਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਚ ਪੁਰ-ਅਮਨ ਤੇ ਸ਼ਾਂਤਮਈ ਜਥੇ ਦਾ ਕਤਲੇਆਮ ਕੀਤਾ, ਜਦੋਂ ਉਹ 'ਗੁਰੂ ਗ੍ਰੰਥ ਪੰਥ' ਦੀ ਨਿੰਦਿਆ ਤੇ ਨਿਰਾਦਰੀ ਕੀਤੇ ਜਾਣ ਵਿਰੁੱਧ ਪ੍ਰੋਟੈਸਟ ਕਰਨ ਜਾ ਰਿਹਾ ਸੀ।

## ਸਬੂਤ ਇਸ ਦੀ ਆਪਣੀ ਪੁਸਤਕ ਵਿੱਚੋਂ ਪੜ੍ਹੋ

ੳ) ਉਪਰੋਕਤ ਸੇਵਾ ਦਲ ਦੇ ਮਹਾਂਪੁਰਸ਼ਾਂ ਨੇ ਸ਼ਹਿਰ ਸ਼ਹਿਰ ਜਾ ਕੇ ਸੇਵਾ ਦਲ ਲਈ ਨੌਜਵਾਨ ਭਰਤੀ ਕਰਨੇ ਸ਼ੁਰੂ ਕਰ ਦਿੱਤੇ ਅਤੇ ਬਹੁਤ ਥੋੜ੍ਹੇ ਸਮੇਂ ਵਿਚ ਸੇਵਾ ਦਲ ਦੇ ਨੌਜਵਾਨਾਂ ਦੀ ਗਿਣਤੀ ਹਜ਼ਾਰਾਂ ਤਕ ਪਹੁੰਚ ਗਈ। ਸੇਵਾ ਦਲ ਦੇ ਨੌਜਵਾਨਾਂ ਦੀ ਗਿਣਤੀ ਅਤੇ ਕੰਮ-ਕਾਰ ਨੂੰ ਵੱਧਦਾ ਵੇਖ ਕੇ ਆਪ ਜੀ ਨੇ ਸੇਵਾ ਦਲ ਨੂੰ ਇਕ-ਮੁੱਠ ਕਰਨ ਦਾ ਸਾਰਾ ਕੰਮ-ਕਾਰ 'ਨਿਰਮਾਨ' ਜੀ, ਖੇਮਰਾਜ ਜੀ ਚੱਢਾ, ਪ੍ਰਤਾਪ ਸਿੰਘ ਜੀ ਅਤੇ ਖੁਰਾਣਾ ਜੀ 'ਤੇ ਛੱਡ ਦਿੱਤਾ। ਅੱਜ ਦਾ ਇਹ ਸੇਵਾ ਦਲ ਸਤਿਗੁਰੂ ਜੀ ਦੀ ਹਰ ਆਗਿਆ ਆਉਣ 'ਤੇ ਹਰ ਕਠਿਨਾਈ ਨਾਲ ਜੂਝ ਜਾਣ ਵਾਲੇ ਹਜ਼ਾਰਾਂ ਸੂਰਮੇ ਕੇਵਲ ਆਪ ਜੀ ਦੀ ਅਸ਼ੀਰਵਾਦ ਅਤੇ ਉਪਰੋਕਤ ਸੱਜਣਾਂ ਦੀ ਕੜੀ ਮਿਹਨਤ ਦਾ ਫਲ ਹੈ। ਹੌਲੀ ਹੌਲੀ ਸੰਤ ਨਿਰੰਕਾਰੀ ਸੇਵਾ ਦਲ ਦੀਆਂ ਸ਼ਾਖ਼ਾਵਾਂ ਹਰ ਵੱਡੇ ਸ਼ਹਿਰ ਵਿਚ ਖੁੱਲ੍ਹ ਜਾਣ ਕਾਰਨ ਸਤਿਸੰਗ ਅਤੇ ਸਮਾਗਮਾਂ ਦਾ ਕੰਮ ਵੀ ਬੜੀ ਆਸਾਨੀ ਨਾਲ ਚੱਲਣ ਲੱਗ ਪਿਆ। ਅੱਜ ਉਹ ਪਰਤਾਪ ਸਿੰਘ, ਜਿਸ ਨੇ ਆਪਣੇ ਜੀਵਨ ਦੇ ਹਰ ਸ੍ਵਾਸ ਨੂੰ ਆਪ ਜੀ ਦੀ ਸੇਵਾ ਦੀ ਭੱਠੀ ਵਿਚ ਝੋਕ ਦਿੱਤਾ ਹੈ, ਇਸ ਵਿਸ਼ਾਲ ਅਤੇ ਮਹਾਨ ਸੇਵਾ ਦਲ ਦਾ ਚੀਫ਼ ਕਮਾਂਡਰ ਹੈ।

*(ਯੁਗ ਪੁਰਸ਼, ਪੰਨਾ 261)*

www.AKJ.Org

## ਇਸ ਦੀ ਫ਼ੌਜ ਦਾ ਵਿਸਥਾਰ ਦੂਜੀ ਪੁਸਤਕ ਵਿੱਚੋਂ ਪੜ੍ਹੋ

(ਅ) ਸੰਤ ਨਿਰੰਕਾਰੀ ਸੇਵਾ ਦਲ 1954 ਵਿਚ ਸ਼ੁਰੂ ਹੋਇਆ। ਪਹਿਲੇ ਬੈਚ ਵਿਚ ਮੁੱਠੀ ਭਰ ਸੇਵਾਦਾਰ ਸਨ, ਪਰ ਅੱਜ (1973) ਉਨ੍ਹਾਂ ਦੀ ਗਿਣਤੀ 6500 ਹੈ। ਇਹ ਸ਼ਾਂਤੀ ਪੂਰਨ ਅਨੁਸ਼ਾਸਨ ਦੀ ਖ਼ੌਫ਼ਨਾਕ ਸ਼ਕਤੀ ਹੈ।

ਸੇਵਾ ਦਲ ਨੂੰ ਕੰਟਰੋਲ ਕਰਨ ਵਾਲੀ ਪ੍ਰਮੁੱਖ ਸੰਸਥਾ ਸੇਵਾ ਦਲ ਬੋਰਡ ਹੈ, ਜੋ ਇਸ ਦੀ ਦੇਖ-ਭਾਲ ਕਰਦੀ ਹੈ, ਪਲਾਨ ਕਰਦੀ ਹੈ ਅਤੇ ਸੰਤ ਨਿਰੰਕਾਰੀ ਮੰਡਲ ਨਾਲ ਤਾਲ-ਮੇਲ ਰੱਖਦੀ ਹੈ।

1972 ਈ. ਦੇ ਸੋਧੇ ਹੋਏ ਵਿਧਾਨ ਅਨੁਸਾਰ ਇਸ ਦੀ ਬਣਤਰ ਇਸ ਪ੍ਰਕਾਰ ਹੈ :

ਮੈਂਬਰ : (1) ਬੀ.ਐੱਸ. ਨਿਰਮਾਨ
(2) ਕੇ.ਆਰ. ਚੱਢਾ
(3) ਜੀ.ਐੱਸ. ਪ੍ਰੇਮੀ

ਇਸ ਦਾ ਪ੍ਰਸ਼ਾਸਨ ਕੇਂਦਰੀ ਸੇਵਾ ਦਲ ਅਧਿਕਾਰੀਆਂ (administrations) ਦੁਆਰਾ ਕੀਤਾ ਜਾਂਦਾ ਹੈ, ਜਿਨ੍ਹਾਂ ਦੇ ਅਹੁਦੇ ਇਹ ਹਨ :

(ੳ) ਮੁੱਖ ਸੰਚਾਲਕ (Chief Organiser)
(ਅ) ਦੋ ਉਪ-ਮੁਖ ਸੰਚਾਲਕ (Deputy Organisers)
1. ਪ੍ਰਸ਼ਾਸਨੀ ਆਰਗੇਨਾਈਜ਼ਰ (Administrative Organiser)
2. ਫ਼ੀਲਡ ਆਰਗੇਨਾਈਜ਼ਰ (Field Organiser)
(ੲ) ਮੁੱਖ ਸ਼ਿਖਸ਼ਕ (Commander-in-Chief)
(ਸ) ਉਪ ਮੁੱਖ ਸ਼ਿਖਸ਼ਕ (Deputy Commander-in-Chief)

ਇਨ੍ਹਾਂ ਅਧਿਕਾਰੀਆਂ ਦੀ ਸੰਖਿਆ ਜ਼ਰੂਰਤ ਅਨੁਸਾਰ ਵਧਾਈ ਜਾ ਸਕਦੀ ਹੈ। ਹਰੇਕ ਸ਼ਹਿਰ ਨੂੰ ਯੂਨਿਟ, ਹੈੱਡ-ਕੁਆਰਟਰ ਵੱਲੋਂ ਅਲਾਟ ਹੁੰਦੀ ਹੈ। ਹਰੇਕ ਸ਼ਾਖ਼ ਦੀ ਇਕ ਯੂਨਿਟ ਹੁੰਦੀ ਹੈ, ਸਿਵਾਏ ਦਿੱਲੀ ਦੇ ਜਿਸ ਦੀਆਂ 6 ਯੂਨਿਟਾਂ ਹਨ। ਸੇਵਾ ਦਲ ਦੀਆਂ ਛੇ ਸ਼੍ਰੇਣੀਆਂ ਹਨ। ਸੇਵਾ ਦਲ ਦੇ ਮੈਂਬਰਾਂ ਨੂੰ ਵਰਦੀ ਆਪਣੇ ਖ਼ਰਚੇ 'ਤੇ ਮਿਲਦੀ ਹੈ। ਕੇਵਲ ਪੇਟੀ ਤੇ ਬੈਜ ਕੇਂਦਰੀ ਦਫ਼ਤਰ ਤੋਂ ਮਿਲਦੇ ਹਨ। ਨਵੇਂ ਚੁਣੇ ਮੈਂਬਰਾਂ ਨੂੰ ਤਿੰਨ ਮਹੀਨਿਆਂ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ।

*(ਨਿਰੰਕਾਰੀ ਬਾਬਾ, ਪੰਨੇ 71-73)*

ਨਕਲੀ ਨਿਰੰਕਾਰੀ ਮਤ ਦੀਆਂ ਆਪਣੀਆਂ ਪੁਸਤਕਾਂ ਵਿੱਚੋਂ ਹੀ ਕੁਝ ਸਬੂਤ ਪੇਸ਼ ਕੀਤੇ ਗਏ ਹਨ, ਜਿਨ੍ਹਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਮਤ ਦਾ ਮੁੱਖ ਨਿਸ਼ਾਨਾ ਇਕ ਆਚਰਨਹੀਣ, ਦੁਰਾਚਾਰੀ ਤੇ ਖਰੂਦੀ ਟੋਲਾ ਤਿਆਰ ਕਰ ਕੇ ਐਸ਼ੋ-ਇਸ਼ਰਤ, ਵਿਸ਼ੇ-ਭੋਗਾਂ ਦੀ ਖੁੱਲ੍ਹ ਦੇ ਕੇ ਆਪਣੇ ਮਤ ਦੀ ਨਫ਼ਰੀ ਵਧਾਉਣਾ ਤੇ ਸ਼ਖ਼ਸੀ ਤੌਰ 'ਤੇ ਗੁਰੂ-ਡੰਮ ਚਲਾਉਣਾ ਹੈ, ਭਾਵੇਂ ਦੇਸ਼ ਅਤੇ ਸਮਾਜ ਦਾ ਸੱਤਿਆਨਾਸ ਹੋ ਜਾਵੇ।

ਭਾਰਤ ਇਕ ਸੈਕੂਲਰ ਦੇਸ਼ ਹੈ, ਭਾਰਤੀ ਸੰਵਿਧਾਨ ਅਨੁਸਾਰ ਇਸ ਵਿਚ ਹਰੇਕ ਵਿਅਕਤੀ ਨੂੰ ਆਪਣੀ ਮਰਜ਼ੀ ਦਾ ਧਰਮ ਧਾਰਨ ਕਰਨ ਅਤੇ ਪ੍ਰਚਾਰਨ ਦੀ ਖੁੱਲ੍ਹ

www.AKJ.Org

ਹੈ ਪਰ ਇਸੇ ਸੰਵਿਧਾਨ ਅਨੁਸਾਰ ਕਿਸੇ ਦੂਸਰੇ ਵਿਅਕਤੀ ਜਾਂ ਸਮੁੱਚੇ ਮਤ ਨੂੰ ਇਹ ਖੁੱਲ੍ਹ ਨਹੀਂ ਕਿ ਭ੍ਰਿਸ਼ਟਾਚਾਰ ਤੇ ਦੁਰਾਚਾਰ ਦਾ ਖੁੱਲ੍ਹਮ-ਖੁੱਲ੍ਹਾ ਪ੍ਰਚਾਰ ਕਰ ਕੇ ਸਮਾਜ ਦੀ ਤ੍ਰਟੀਚੌਂੜ ਕਰੇ; ਬਾਕੀ ਧਰਮਾਂ, ਧਰਮ ਦੇ ਆਗੂਆਂ ਅਤੇ ਉਨ੍ਹਾਂ ਦੇ ਸਿਧਾਂਤਾਂ ਦੀ ਨਿੰਦਿਆ-ਨਿਖੇਧੀ ਕਰ ਕੇ ਵੱਖ-ਵੱਖ ਧਰਮਾਂ ਨਾਲ ਖਿਚਾਓ ਪੈਦਾ ਕਰ ਕੇ ਸਮਾਜ ਵਿਚ ਨਫ਼ਰਤ ਫੈਲਾ ਕੇ ਦੂਸਰਿਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਵੇ, ਜੋ ਕਿ ਕਾਨੂੰਨੀ ਅਪਰਾਧ ਹੈ।

ਪ੍ਰਸ਼ਾਸਨ ਵੱਲੋਂ ਕਿਸੇ ਮਤ ਨੂੰ ਇਹ ਖੁੱਲ੍ਹ ਦੇਣੀ ਵੀ ਕਿਵੇਂ ਯੋਗ ਹੋ ਸਕਦੀ ਹੈ ਕਿ ਉਹ ਆਪਣੀ ਪ੍ਰਾਈਵੇਟ ਬਾਕਾਇਦਾ ਟ੍ਰੇਂਡ ਅਤੇ ਮੁਸੱਲਾ (ਹਥਿਆਰਬੰਦ) ਫ਼ੌਜ ਬਣਾ ਕੇ ਸਾਊ ਤੇ ਸ਼ਾਂਤਮਈ ਲੋਕਾਂ, ਜਿਹੜੇ ਇਨ੍ਹਾਂ ਦੇ ਮਾਰੂ ਪ੍ਰਚਾਰ ਵਿਰੁੱਧ ਪ੍ਰੋਟੈਸਟ ਕਰਦੇ ਹੋਣ, ਦਾ ਕਤਲੇਆਮ ਕਰਨ ਤਕ ਉਤਰ ਆਵੇ, ਜਿਹਾ ਕਿ ਸਿੰਘਾਂ ਦੇ ਜਥੇ ਨਾਲ ਅੰਮ੍ਰਿਤਸਰ ਵਿਚ 13 ਅਪ੍ਰੈਲ 1978 ਨੂੰ ਹੋਇਆ।

ਉਪਰੋਕਤ ਤੱਥਾਂ ਨੂੰ ਗਹੁ ਨਾਲ ਵਿਚਾਰ ਕੇ ਅਸੀਂ ਆਪਣੇ ਮਨ ਵਿਚ ਸੋਚਣਾ ਹੈ ਕਿ :

ਕੀ ਅਸੀਂ ਹੇਠ ਲਿਖਤ ਸਭ ਕੁਝ ਸਹਿਣ ਕਰੀ ਜਾਵਾਂਗੇ ?

1. ਕਿ ਕੋਈ ਧਰਮ ਦੇ ਬੁਰਕੇ ਥੱਲੇ ਦੁਰਾਚਾਰ ਤੇ ਭ੍ਰਿਸ਼ਟਾਚਾਰ ਦਾ ਪ੍ਰਚਾਰ ਕਰੀ ਜਾਵੇ।
2. ਕਿ ਕੋਈ ਦੁਨੀਆਂ ਭਰ ਦੇ ਧਰਮਾਂ, ਧਾਰਮਿਕ ਆਗੂਆਂ ਅਤੇ ਧਾਰਮਿਕ ਸਿਧਾਂਤਾਂ ਦੀ ਨਿੰਦਿਆ ਨਿਖੇਧੀ ਕਰ ਕੇ ਉਨ੍ਹਾਂ ਦਾ ਮਖ਼ੌਲ ਉਡਾਈ ਜਾਵੇ।
3. ਕਿ ਕੋਈ ਸ਼ਰਾਬੀ ਕਬਾਬੀ ਵਿਅਕਤੀ ਕੁਫ਼ਰ ਕਹਾਣੀਆਂ ਤੇ ਗਪੌੜ ਘੜ ਕੇ ਪੈਗ਼ੰਬਰੀ ਦਾ ਦਾਅਵਾ ਬੰਨ੍ਹੀ ਜਾਵੇ ?
4. ਕਿ ਕੋਈ ਵਿਅਕਤੀ ਜਾਂ ਮਤ ਆਪਣੀ ਪ੍ਰਾਈਵੇਟ ਫ਼ੌਜ ਬਣਾ ਕੇ ਦੇਸ਼ ਦੇ ਅਮਨ ਕਾਨੂੰਨ ਦੀ ਮਿੱਟੀ ਪਲੀਤ ਕਰਦਾ ਜਾਵੇ। ਜਦੋਂ ਕੋਈ ਰੋਕੇ-ਟੋਕੇ ਤਾਂ ਗੋਲੀਆਂ ਨਾਲ ਭੁੰਨ ਸੁੱਟੇ। ਮੁਲਕ ਵਿਚ ਆਪਣਾ ਰਾਜ ਹੀ ਸਮਝੇ।

## ਖ਼ਬਰਦਾਰੀ

ਜੇ ਅਸੀਂ ਉਪਰੋਕਤ ਵਿਖਾਦ-ਉਪਜਾਊ ਰੁਚੀਆਂ ਅਥਵਾ ਸਰਗਰਮੀਆਂ ਨਾਲ ਸਹਿਮਤ ਨਹੀਂ ਤਾਂ ਨਿਰਸੰਦੇਹ ਭਾਰਤ ਭਰ ਦੀ ਸਮੁੱਚੀ ਜਨਤਾ ਤੇ ਜਨਤਾ ਸਰਕਾਰ ਨੂੰ ਖ਼ਬਰਦਾਰ ਹੋਣ ਅਤੇ ਨਕਲੀ ਨਿਰੰਕਾਰੀ ਮਤ ਨੂੰ ਅਤੇ ਉਨ੍ਹਾਂ ਵੱਲੋਂ ਰਚਿਤ ਸਾਰੇ ਸਾਹਿਤ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤੇ ਜਾਣ ਦੀ ਸਖ਼ਤ ਲੋੜ ਹੈ। ਇਸ ਮਾਮਲੇ ਵਿਚ ਗ਼ਫ਼ਲਤ, ਅਣਗਹਿਲੀ ਜਾਂ ਅਵੇਸਲੇਪਣ ਵਰਤੇ ਜਾਣ ਦੇ ਨਤੀਜੇ ਸਮੁੱਚੇ ਦੇਸ਼ ਲਈ ਹਾਨੀਕਾਰਕ ਹਨ। ਹਾਨੀਕਾਰਕ ਹੀ ਨਹੀਂ, ਖ਼ੌਫ਼ਨਾਕ ਹੋਣਗੇ।

## ਸਾਵਧਾਨੀ

ਇਨ੍ਹਾਂ ਨਕਲੀ ਨਿਰੰਕਾਰੀਆਂ ਵੱਲੋਂ ਆਪਣਾ ਪਰਪੰਚ ਚਲਾਉਣ ਲਈ ਹਰ

www.AKJ.Org

ਜਾਇਜ਼ ਨਾਜਾਇਜ਼ ਢੰਗ ਵਰਤਿਆ ਜਾ ਰਿਹਾ ਹੈ। ਇਸ ਲਈ ਜ਼ਰ, ਜੋਰੂ ਤੇ ਲਾਲਚ ਤੋਂ ਉੱਚਿਆਂ ਉੱਠ ਕੇ ਹੀ ਪੂਰੇ ਸਾਹਸ ਨਾਲ ਇਸ ਵਿਕਾਰੀ-ਲਹਿਰ ਦਾ ਟਾਕਰਾ ਕੀਤਾ ਜਾ ਸਕਦਾ ਹੈ। ਸਾਰੇ ਸਤਿਆਵਾਦੀ ਪੁਰਸ਼ਾਂ ਦਾ, ਭਾਵੇਂ ਉਹ ਕਿਸੇ ਮਤ ਨਾਲ ਸੰਬੰਧ ਰੱਖਦੇ ਹੋਣ, ਪ੍ਰਮੁੱਖ ਫ਼ਰਜ਼ ਹੈ ਕਿ ਝੂਠ ਅਤੇ ਦੁਰਾਚਾਰ ਵਿਰੁੱਧ ਡੱਟ ਜਾਣ ਅਤੇ ਇਸ ਪਾਖੰਡ ਦਾ ਪਾਜ ਸਾਰੀ ਦੁਨੀਆਂ ਸਾਹਮਣੇ ਉਧੇੜ ਕੇ ਰੱਖ ਦੇਣ।

*('ਸੂਰਾ', ਜੂਨ 1978)*

www.AKJ.Org

# ਵੈਸਾਖੀ 1978 ਦੇ ਸਾਕੇ ਦਾ ਪਿਛੋਕੜ

*—ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ*

ਵੈਸਾਖੀ 1978 ਦੇ ਸਾਕੇ ਦਾ ਪੂਰਾ ਵੇਰਵਾ ਦੇਣ ਤੋਂ ਪਹਿਲਾਂ ਇਸ ਦੇ ਪਿਛੋਕੜ ਬਾਰੇ ਜਾਣਨਾ ਜ਼ਰੂਰੀ ਹੈ।

ਸੰਨ 1947 ਵਿਚ ਦੇਸ਼ ਦੀ ਵੰਡ ਤੋਂ ਬਾਅਦ ਪੰਜਾਬ ਵਿਚ ਦੋ ਹੀ ਸਿਆਸੀ ਜਮਾਤਾਂ, ਮੁੱਖ ਤੌਰ ’ਤੇ ਵਿਚਰ ਰਹੀਆਂ ਹਨ। ਇਕ ਪਾਸੇ ਕਾਂਗਰਸ, ਜਿਸ ਦਾ ਕੇਂਦਰ ਤੇ ਪੰਜਾਬ ਵਿਚ ਰਾਜ ਭਾਗ ਸੀ ਤੇ ਦੂਸਰੇ ਪਾਸੇ ਵਿਰੋਧੀ ਪਾਰਟੀ ਸ਼੍ਰੋਮਣੀ ਅਕਾਲੀ ਦਲ, ਜੋ ਕਿ ਸਿੱਖਾਂ ਦੀ ਪ੍ਰਤਿਨਿਧ ਜਮਾਤ ਸੀ। ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਕੇਂਦਰ ਦੀ ਕਾਂਗਰਸ ਸਰਕਾਰ ਨੇ ਸਿੱਖ ਵਿਰੋਧੀ ਦੇਹਧਾਰੀ ਗੁਰੂ ਅਤੇ ਡੇਰੇਦਾਰਾਂ ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕੀਤਾ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦਿੱਤੀ। ਇਸ ਤਰ੍ਹਾਂ ਨਕਲੀ ਨਿਰੰਕਾਰੀ ਭਾਰਤ ਸਰਕਾਰ ਦੀ ਹੀ ਪੈਦਾਇਸ਼ ਸਨ ਤੇ ਇਨ੍ਹਾਂ ਨੂੰ ਸਿੱਖਾਂ ਵਿਚ ਵੰਡੀਆਂ ਪਾਉਣ ਲਈ ਹੀ ਤਿਆਰ ਕੀਤਾ ਗਿਆ ਸੀ। *ਇੰਡੀਅਨ ਐਕਸਪ੍ਰੈਸ* ਦੇ ਚੰਡੀਗੜ੍ਹ ਐਡੀਸ਼ਨ ਵਿਚ ਸੱਤਪਾਲ ਬਾਗ਼ੀ ਦੀ ਇਕ ਰਿਪੋਰਟ ਅਪ੍ਰੈਲ 1978 ਵਿਚ ਛਪੀ ਸੀ, ਉਸ ਮੁਤਾਬਕ ਇੰਦਰਾ ਗਾਂਧੀ ਨਿਰੰਕਾਰੀਆਂ ਦੀ ਪੁਸ਼ਤ-ਪਨਾਹੀ ਕਰ ਰਹੀ ਸੀ। ਨਿਰੰਕਾਰੀਆਂ ਅਤੇ ਅਕਾਲੀਆਂ ਵਿਚਾਲੇ ਅਸਲ ਸਮੱਸਿਆ ਦੀ ਜੜ੍ਹ ਉਦੋਂ ਦੀ ਹੈ ਜਦੋਂ ਦੀ ਕਾਂਗਰਸ ਸਰਕਾਰ ਕੇਂਦਰ ਵਿਚ ਅਗਵਾਈ ਕਰ ਰਹੀ ਸੀ। ਉਹ ਅਕਾਲੀ ਦਲ ਨੂੰ ਕਮਜ਼ੋਰ ਕਰਨਾ ਚਾਹੁੰਦੀ ਸੀ ਤੇ ਆਪਣੇ ਇਸ ਮਕਸਦ ਵਿਚ ਸਫਲ ਨਹੀਂ ਸੀ ਹੋ ਰਹੀ। ਉਸ ਨੇ ਇਕ ਯੋਜਨਾ ਤਿਆਰ ਕੀਤੀ, ਜਿਸ ਅਧੀਨ ਨਿਰੰਕਾਰੀ, ਰਾਧਾ ਸਵਾਮੀ, ਨਾਮਧਾਰੀ ਤੇ ਹੋਰ ਡੇਰੇਦਾਰਾਂ ਨੂੰ ਪੰਜਾਬ ਅਤੇ ਪੂਰੇ ਭਾਰਤ ਵਿਚ ਹੀ ਨਹੀਂ, ਬਲਕਿ ਵਿਦੇਸ਼ਾਂ ਵਿਚ ਵੀ ਮਜ਼ਬੂਤ ਕਰਨਾ ਸੀ। ਇਨ੍ਹਾਂ ਨੂੰ ਪੂਰੀ ਸਰਕਾਰੀ ਸਰਪ੍ਰਸਤੀ ਦਿੱਤੀ ਗਈ। ਸਿੱਖ ਸੰਗਤਾਂ ਨੇ ਨਕਲੀ ਨਿਰੰਕਾਰੀਆਂ ਦਾ ਇਸ ਗੱਲ ’ਤੇ ਵਿਰੋਧ ਕੀਤਾ ਕਿ ਉਹ ਗੁਰੂ ਸਾਹਿਬ ਅਤੇ ਗੁਰੂ-ਘਰ ਦੇ ਭਗਤਾਂ ਪ੍ਰਤੀ ਮੰਦੀ ਭਾਸ਼ਾ ਬੋਲਦੇ, ਨਕਲਾਂ ਲਾਹੁੰਦੇ ਅਤੇ ਨਿੰਦਾ ਕਰਦੇ ਸਨ। ਕਾਂਗਰਸ ਦੇ ਸ਼ਾਸਨ-ਕਾਲ ਦੌਰਾਨ ਨਿਰੰਕਾਰੀਆਂ ਨੂੰ ਵਿੱਤੀ ਸਹਾਇਤਾ ਵੀ ਮਿਲਦੀ ਰਹੀ, ਜੋ ਕਿ ਸੰਸਦੀ ਪੜਤਾਲ ਤੋਂ ਬਾਹਰੀ ਸੀ। ਨਕਲੀ ਨਿਰੰਕਾਰੀਆਂ ਨੂੰ ਸਰਕਾਰੀ ਸਰਪ੍ਰਸਤੀ ਵੀ ਮਿਲਦੀ ਰਹੀ। ਇਸੇ ਤਹਿਤ ਕੱਟੜ ਨਿਰੰਕਾਰੀ ਆਈ.ਏ.ਐੱਸ. ਅਫ਼ਸਰ ਐੱਚ.ਐੱਸ. ਛੀਨਾ ਨੂੰ 1976 ਈ. ਵਿਚ ਪੰਜਾਬ ਸਰਕਾਰ ਦਾ ਚੀਫ਼ ਸੈਕਟਰੀ ਨਿਯੁਕਤ ਕੀਤਾ ਗਿਆ। ਇਸ ਚੀਫ਼ ਸਕੱਤਰ ਨੇ ਨਿਰੰਕਾਰੀ ਹਮਾਇਤੀ ਨਿਰੰਜਨ ਸਿੰਘ ਆਈ.ਏ.ਐੱਸ. ਨੂੰ ਗੁਰਦਾਸਪੁਰ ਦਾ ਡਿਪਟੀ ਕਮਿਸ਼ਨਰ ਨਿਯੁਕਤ ਕੀਤਾ।

www.AKJ.Org

ਨਕਲੀ ਨਿਰੰਕਾਰੀਆਂ ਨੂੰ ਖੁੱਲ੍ਹੇ-ਆਮ ਮਿਲ ਰਹੀ ਸਰਕਾਰੀ ਸਰਪ੍ਰਸਤੀ ਤੇ ਵਿੱਤੀ ਸਹਾਇਤਾ ਕਾਰਨ ਪੰਜਾਬ ਸਰਕਾਰ ਦੇ ਪ੍ਰਸ਼ਾਸਨਿਕ ਹਲਕਿਆਂ ਵਿਚ ਵੀ ਕਾਫ਼ੀ ਹੁੰਗਾਰਾ ਮਿਲਿਆ ਤੇ ਨਿਰੰਜਨ ਸਿੰਘ ਨੇ ਆਪਣਾ ਸਾਰਾ ਜ਼ੋਰ ਨਿਰੰਕਾਰੀਆਂ ਦਾ ਪੰਜਾਬ ਵਿਚ ਕਾਰਜ ਖੇਤਰ ਵਧਾਉਣ ਲਈ ਲਾਇਆ। ਇਸ ਕਾਰਨ ਸਿੱਖ ਸੰਗਤਾਂ ਅਤੇ ਨਿਰੰਕਾਰੀਆਂ ਵਿਚ ਆਪਸੀ ਟਕਰਾਅ ਹੋਣਾ ਸ਼ੁਰੂ ਹੋ ਗਿਆ, ਜਿਸ ਦੀਆਂ ਕੁਝ ਘਟਨਾਵਾਂ ਹੇਠ ਲਿਖੀਆਂ ਹਨ:

1. ਸਭ ਤੋਂ ਪਹਿਲਾਂ 1956 ਈ. ਵਿਚ ਨਕਲੀ ਨਿਰੰਕਾਰੀ ਅਵਤਾਰ ਸਿੰਘ ਦੀ ਟੱਕਰ ਸ੍ਰੀ ਅੰਮ੍ਰਿਤਸਰ ਹੋਈ, ਜਿਸ ਦਾ ਮੁਕੱਦਮਾ ਵੀ ਚੱਲਿਆ।
2. 1964 ਈ. ਵਿਚ ਜਲੰਧਰ ਵਿਚ ਅਵਤਾਰ ਸਿੰਘ ਵੱਲੋਂ ਸਿੱਖੀ ਦੇ ਵਿਰੁੱਧ ਪ੍ਰਚਾਰ ਕੀਤਾ, ਜਿਸ ਦਾ ਉੱਤਰ ਜਥੇਦਾਰ ਪ੍ਰਤਾਪ ਸਿੰਘ ਜੀ ਨੇ ਸਿੰਘ ਸਭਾ ਜਲੰਧਰ ਦੇ ਗੁਰਦੁਆਰੇ ਵਿਚ ਦਿੱਤਾ, ਜੋ *ਗਿਆਨ ਅੰਮ੍ਰਿਤ* ਰਸਾਲੇ ਵਿਚ ਵੀ ਛਪਿਆ।
3. 1973 ਈ. ਵਿਚ ਇਨ੍ਹਾਂ ਨਕਲੀ ਨਿਰੰਕਾਰੀਆਂ ਵੱਲੋਂ ਆਪਣੇ ਸਾਲਾਨਾ ਸਮਾਗਮ ਵਿਚ ਗੁਰਬਚਨ ਸਿੰਘ ਅਤੇ ਉਸ ਦੀ ਪਤਨੀ ਨੂੰ ਨੋਟਾਂ ਨਾਲ ਤੋਲਿਆ ਅਤੇ ਉਸ ਦੀ ਤਸਵੀਰ ਲਗਾਈ ਜਿਸ ਉਪਰ ਗੁਰਬਾਣੀ ਦੀ ਇਹ ਤੁਕ ਦਿੱਤੀ ਗਈ: "ਆਪੇਕੰਡਾਤੋਲੁਤਰਾਜੀ ਆਪੇਤੋਲਣਹਾਰਾ॥" (ਪੰਨਾ 739) ਇਸ ਤਰ੍ਹਾਂ ਗੁਰਬਾਣੀ ਦੀ ਨਿਰਾਦਰੀ ਕੀਤੀ ਗਈ।
4. ਨਿਰੰਕਾਰੀ ਭਵਨ ਪੰਚ ਪੋਲੀ (ਨਾਗਪੁਰ) ਵਿਚ ਆਪੂੰ ਬਣੀ ਰਾਜ-ਮਾਤਾ ਕੁਲਵੰਤ ਕੌਰ ਨੇ ਗੁਰਬਚਨ ਸਿੰਘ ਨੂੰ ਕਲਯੁਗ ਦਾ ਤਾਰਨਹਾਰ ਦੱਸਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਪੋਥੀ ਦੱਸਿਆ, ਜਿਸ 'ਤੇ ਭਾਈ ਸੁਜਾਨ ਸਿੰਘ ਰਾਗੀ ਆਲਮ ਬਾਗ਼, ਲਖਨਊ ਤੇ ਉਥੇ ਹਾਜ਼ਰ ਸੰਗਤਾਂ ਨੇ ਰੋਸ ਪ੍ਰਗਟ ਕੀਤਾ ਅਤੇ ਬੁਰਾ ਮਨਾਇਆ।
5. 1973 ਈ. ਵਿਚ ਵੈਸਾਖੀ ਸਮੇਂ ਨਕਲੀ ਗੁਰੂ ਨੇ ਹੁਸ਼ਿਆਰਪੁਰ ਤਕਰੀਰ ਕਰਦੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕੇਵਲ ਇਕ ਜੰਗਜੂ ਕਹਿੰਦੇ ਹੋਏ ਕਿਹਾ ਕਿ ਉਹ ਭਗਤੀ ਨਹੀਂ ਜਾਣਦੇ ਸਨ। ਸ੍ਰੀ ਦਰਬਾਰ ਸਾਹਿਬ ਜੀ ਦੀ ਕਾਰ-ਸੇਵਾ ਨੂੰ ਬੇਕਾਰ ਸੇਵਾ ਕਿਹਾ। ਇਸ ਕੂੜ ਪ੍ਰਚਾਰ ਵਿਰੁੱਧ ਸਿੰਘ ਸਭਾ ਹੁਸ਼ਿਆਰਪੁਰ ਨੇ ਗਿਆਰਾਂ ਸਿੰਘਾਂ ਦੀ ਇਕ ਕਮੇਟੀ ਬਣਾ ਕੇ ਇਨ੍ਹਾਂ ਨੂੰ ਨੋਟਿਸ ਦਿੱਤਾ ਕਿ 19 ਮਈ ਤਕ ਮੁਆਫ਼ੀ ਮੰਗਣ, ਨਹੀਂ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ। 30 ਮਈ, 1973 ਨੂੰ ਨਕਲੀਆਂ ਨੇ ਪੱਤਰ ਪ੍ਰੇਰਕਾਂ ਤੇ ਪੁਲਿਸ ਅਫ਼ਸਰ ਸਾਹਮਣੇ ਮੁਆਫ਼ੀ ਮੰਗੀ।
6. ਬਟਾਲੇ ਵਿਚ ਗਿਆਨੀ ਆਤਮਾ ਸਿੰਘ ਤੋਂ ਸਰਦਾਰ ਜੱਸਾ ਸਿੰਘ ਹਾਲ ਗੁਰਬਾਣੀ ਕਥਾ ਤੇ ਕੀਰਤਨ ਕਰਨ ਦੇ ਬਹਾਨੇ ਲੈ ਲਿਆ ਅਤੇ ਉਥੇ ਗੁਰੂ ਨਾਨਕ ਸਾਹਿਬ ਨੂੰ ਫ਼ਕੀਰ ਅਤੇ ਗੁਰੂ ਗੋਬਿੰਦ ਸਿੰਘ ਨੂੰ ਸ਼ਿਕਾਰੀ ਦੱਸਿਆ। ਸਿੰਘਾਂ ਨੇ ਇਥੇ ਵੀ ਰੋਸ ਪ੍ਰਗਟ ਕੀਤਾ। ਜਦੋਂ ਗਿਆਨੀ ਆਤਮਾ ਸਿੰਘ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਦੇ ਉਥੇ ਪੁੱਜਣ ਤੋਂ ਪਹਿਲਾਂ ਹੀ ਅਜਿਹੀ ਬਕਵਾਸ ਕਰਨ ਵਾਲਾ ਸੱਜਣ ਤੱਪੜ ਝਾੜ ਕੇ ਭੱਜ ਗਿਆ।

www.AKJ.Org

7. ਬਾਬਾ ਕਰਤਾਰ ਸਿੰਘ ਜੀ ਖ਼ਾਲਸਾ, ਜਥਾ ਭਿੰਡਰਾਂ (ਮਹਿਤਾ) ਵੇਲੇ ਵੀ ਸਤੰਬਰ 1973 ਈ. ਵਿਚ ਮਹਿਤੇ ਇਨ੍ਹਾਂ ਨਕਲੀਆਂ ਨੇ ਚੌਂਕ ਵਿਚ ਲਾਊਡ ਸਪੀਕਰ ਲਾ ਕੇ ਸਿੱਖੀ ਦੇ ਵਿਰੁੱਧ ਪ੍ਰਚਾਰ ਕੀਤਾ। ਅੰਮ੍ਰਿਤਸਰ ਭਵਨ ਦਾ ਪੁਜਾਰੀ ਗੁਰਬਖ਼ਸ਼ ਸਿੰਘ ਰਾਜ-ਕਵੀ ਵੀ ਉਥੇ ਹਾਜ਼ਰ ਸੀ। ਬਾਬਾ ਥਾਹਰਾ ਸਿੰਘ ਜੀ ਨੇ ਡੀ.ਸੀ. ਅੰਮ੍ਰਿਤਸਰ ਨੂੰ ਦਰਖ਼ਾਸਤਾਂ ਦੇ ਕੇ ਪਹਿਲਾਂ ਹੀ ਸੂਚਿਤ ਕਰ ਦਿੱਤਾ ਕਿ ਇਥੇ ਅਮਨ ਭੰਗ ਹੋਣ ਦਾ ਖ਼ਤਰਾ ਹੈ। ਸਿੰਘਾਂ ਵੱਲੋਂ ਵਿਰੋਧ ਕਰਨ 'ਤੇ ਮਾਮੂਲੀ ਝੜਪਾਂ ਵੀ ਹੋਈਆਂ, ਜਿਸ ਦਾ ਮੁਕੱਦਮਾ ਇਲਾਕਾ ਮੈਜਿਸਟ੍ਰੇਟ ਪਾਸ ਚੱਲਿਆ।
8. ਇਸ ਤਰ੍ਹਾਂ ਇਕ ਵਾਰ ਲੁਧਿਆਣੇ ਵੀ ਸਿੰਘਾਂ ਅਤੇ ਨਿਰੰਕਾਰੀਆਂ ਦੀ ਸਖ਼ਤ ਟੱਕਰ ਹੋਈ। ਪੁਲਿਸ ਨੇ ਦੋਹਾਂ ਧਿਰਾਂ ਨੂੰ ਖਿੰਡਾਉਣ ਲਈ ਹੰਝੂ ਗੈਸ ਛੱਡੀ। ਅੱਠ ਸੌ ਸਿੰਘ ਤੇ ਸਿੰਘਣੀਆਂ ਗ੍ਰਿਫ਼ਤਾਰ ਕਰ ਕੇ ਬਾਅਦ ਵਿਚ ਰਿਹਾਅ ਕਰ ਦਿੱਤੇ ਗਏ।
9. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਗੁਰਚਰਨ ਸਿੰਘ ਟੌਹੜਾ ਨੇ ਨਕਲੀ ਗੁਰੂ ਗੁਰਬਚਨੇ ਨੂੰ ਸਿੱਖ ਵਿਰੋਧੀ ਪ੍ਰਚਾਰ ਬਾਰੇ ਚਿੱਠੀ ਲਿਖੀ, ਜਿਸ ਦੇ ਜਵਾਬ ਵਿਚ ਉਸ ਨੇ ਅੱਗੇ ਤੋਂ ਕੋਈ ਅਜਿਹੀ ਗੱਲ ਨਾ ਕਰਨ ਦਾ ਭਰੋਸਾ ਦਿੱਤਾ। ਦਸੰਬਰ 1977 ਈ. ਵਿਚ ਸ਼੍ਰੋਮਣੀ ਕਮੇਟੀ ਨੇ ਆਪਣੇ ਜਨਰਲ ਇਜਲਾਸ ਵਿਚ ਨਕਲੀ ਨਿਰੰਕਾਰੀਆਂ ਵਿਰੁੱਧ ਪਹਿਲਾ ਮਤਾ ਪਾਸ ਕੀਤਾ।
10. ਚੌਂਕ ਮਹਿਤਾ ਅਤੇ ਲੁਧਿਆਣੇ ਦੀਆਂ ਘਟਨਾਵਾਂ ਤੋਂ ਬਾਅਦ ਨਕਲੀਆਂ ਨੇ ਪੰਜਾਬ ਵਿੱਚੋਂ ਆਪਣੇ ਅੱਡੇ ਬੰਦ ਕਰਨ ਦਾ ਇਰਾਦਾ ਕਰ ਲਿਆ, ਪਰ ਨੋਟ ਤੇ ਵੋਟ ਵਾਲਿਆਂ ਨੇ ਉਨ੍ਹਾਂ ਨੂੰ ਸ਼ਹਿ ਦੇ ਕੇ ਅਜਿਹਾ ਕਰਨ ਤੋਂ ਰੋਕ ਦਿੱਤਾ।
11. 1973 ਈ. ਵਿਚ ਇਹ ਨਕਲੀ ਗੁਰੂ ਡਿਪਲੋਮੈਟਿਕ ਪਾਸਪੋਰਟ ਲੈ ਕੇ ਵਿਸ਼ਵ ਕਲਿਆਣ ਯਾਤਰਾ ਦਾ ਢੌਂਗ ਰਚ ਕੇ ਵਿਦੇਸ਼ਾਂ ਵਿਚ ਗਿਆ। ਖ਼ੁਸ਼ਾਮਦ ਕਰ ਕੇ ਵਿਦੇਸ਼ ਮੰਤਰਾਲੇ ਤੋਂ ਆਪਣਾ ਸੁਆਗਤ ਕਰਾਉਣ ਲਈ, ਰਾਜਦੂਤਾਂ ਨੂੰ ਹਦਾਇਤਾਂ ਦਿਵਾਈਆਂ। ਈਰਾਨ ਦੇ ਸਿੰਘਾਂ ਨੇ ਪਤਾ ਲੱਗਣ 'ਤੇ ਇਸ ਦਾ ਵਿਰੋਧ ਕੀਤਾ ਤੇ ਇਸ ਦੀ ਸਾਜ਼ਿਸ਼ ਨੰਗੀ ਹੋ ਗਈ।
12. 13 ਫ਼ਰਵਰੀ, 1975 ਨੂੰ ਇਹ ਨਕਲੀ ਗੁਰੂ ਰਾਏਪੁਰ (ਮੱਧ ਪ੍ਰਦੇਸ਼) ਵਿਚ ਗੁਰਬਾਣੀ ਪੜ੍ਹ ਕੇ ਪ੍ਰਚਾਰ ਕਰਨ ਲੱਗਾ, ਪਰ ਸੰਗਤਾਂ ਵਿੱਚੋਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ ਕਿ ਲੋਕਾਂ ਨੂੰ ਗ਼ਲਤ ਰਸਤੇ 'ਤੇ ਨਾ ਪਾਓ। ਜੇ ਸੱਚਮੁੱਚ ਹੀ ਅਵਤਾਰ ਹੋ ਤਾਂ ਅਵਤਾਰਾਂ ਵਾਲੀ ਗੱਲ ਕਰ ਕੇ ਦਿਖਾਓ। ਪੰਡਾਲ ਵਿਚ ਰੌਲਾ ਮੱਚ ਗਿਆ ਅਤੇ ਇਹ ਉੱਠ ਕੇ ਭੱਜ ਗਿਆ।
13. 1973 ਤੋਂ 1975 ਈ. ਤਕ ਜ਼ਿਲ੍ਹਾ ਗੁਰਦਾਸਪੁਰ ਦੇ ਨਗਰ ਕਾਦੀਆਂ, ਸ੍ਰੀ ਹਰਿਗੋਬਿੰਦਪੁਰ, ਘੁਮਾਣ, ਨਿੱਕੇ ਘੁੰਮਣ ਅਤੇ ਪਠਾਨਕੋਟ ਵਿਚ ਇਹੋ ਜਿਹੀਆਂ ਕਈ ਘਟਨਾਵਾਂ ਹੋਈਆਂ। ਸਿੰਘਾਂ ਦੇ ਰੋਹ ਅੱਗੇ ਇਹ ਨਕਲੀ ਟਿਕ ਨਾ ਸਕੇ ਤੇ ਨਕਲੀ ਬਾਬੇ ਦੀ ਵੀ ਮੁੜ ਹਿੰਮਤ ਨਹੀਂ ਪਈ ਕਿ ਉਹ ਮੁੜ ਇਸ ਇਲਾਕੇ ਵਿਚ ਵੜੇ।

www.AKJ.Org

14. ਜਨਵਰੀ 1977 ਵਿਚ ਨਕਲੀ ਨਿਰੰਕਾਰੀਆਂ ਨੇ ਗੁਰਦੁਆਰਾ ਸਿੰਘ ਸਭਾ ਦਾਦਰ, ਮੁੰਬਈ ਲਾਗੇ ਪੁਰੰਦਰ ਸਟੇਡੀਅਮ ਵਿਚ ਸਮਾਗਮ ਕੀਤਾ ਅਤੇ ਸਿੱਖ ਵਿਰੋਧੀ ਪ੍ਰਚਾਰ ਕੀਤਾ। ਸਿੱਖ ਸੰਗਤਾਂ ਨੇ ਵਿਰੋਧ ਕੀਤਾ ਅਤੇ ਤਕੜੀ ਹੱਥੋਪਾਈ ਹੋਈ, ਜਿਸ ਵਿਚ ਕਈ ਸਿੰਘ ਜ਼ਖ਼ਮੀ ਹੋਏ। ਸਰਕਾਰ ਵੱਲੋਂ ਉਲਟਾ ਕੁਝ ਸਿੱਖ ਲੀਡਰਾਂ ਉੱਤੇ ਹੀ ਮੁਕੱਦਮਾ ਚਲਾਇਆ ਗਿਆ ਜੋ 9 ਮਈ 1978 ਨੂੰ ਬਰੀ ਹੋਏ।

ਉਪਰੋਕਤ ਸਿੱਖ ਰੋਹ ਦੇ ਕੁਝ ਸਹਿਜ ਪ੍ਰਗਟਾਵੇ ਸਨ, ਜੋ ਕਿ ਇਕ ਵੱਡਾ ਤੂਫ਼ਾਨ ਬਣਨ ਦੇ ਸੰਕੇਤ ਸਨ। ਸਬਰ, ਸਹਿਣਸ਼ੀਲਤਾ ਦੀ ਧਰਤੀ ਵਿਚ ਉੱਬਲ ਰਿਹਾ ਲਾਵਾ ਸੀ, ਜਿਸ ਵਿਚ ਇਕ ਮਹਾਨ ਜਵਾਲਾਮੁਖੀ ਬਣ ਕੇ ਫੁੱਟਣ ਦੇ ਚਿੰਨ੍ਹ ਸਨ।

www.AKJ.Org

# ਵੈਸਾਖੀ 1978 ਦੇ ਖ਼ੂਨੀ ਸਾਕੇ ਦਾ ਬਿਰਤਾਂਤ

*–ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ*

1947 ਦੀ ਦੇਸ਼-ਵੰਡ ਤੋਂ ਬਾਅਦ ਸਿਆਸਤ ਦੀਆਂ ਸ਼ਤਰੰਜੀ ਚਾਲਾਂ ਖੇਡਦੇ ਹੋਏ, ਪਹਿਲਾਂ ਕੇਂਦਰ ਦੀ ਕਾਂਗਰਸ ਸਰਕਾਰ ਇਨ੍ਹਾਂ ਨਿਰੰਕਾਰੀਆਂ ਦੀ ਪਿੱਠ ਪੂਰਦੀ ਰਹੀ ਸੀ। 1975 ਵਿਚ ਐਮਰਜੈਂਸੀ ਲੱਗਣ ਤੋਂ ਬਾਅਦ 1977 ਵਿਚ ਬਦਲੇ ਸਿਆਸੀ ਸਮੀਕਰਨ, ਜਿਸ ਵਿਚ ਕਾਂਗਰਸ ਵਿਰੋਧੀ ਪਾਰਟੀਆਂ ਵੱਲੋਂ ਜਨਤਾ ਪਾਰਟੀ ਦੇ ਨਾਮ ਹੇਠ ਨਵੀਂ ਪਾਰਟੀ ਬਣਾਈ ਗਈ ਸੀ ਅਤੇ ਉਸ ਦਾ ਪੱਲੜਾ ਭਾਰੀ ਦਿੱਸ ਰਿਹਾ ਸੀ, ਨੂੰ ਭਾਂਪਦੇ ਹੋਏ ਇਸ ਨਕਲੀ ਨੇ ਵੀ ਆਪਣਾ ਪੈਂਤੜਾ ਬਦਲ ਲਿਆ ਤੇ ਇਸ ਨਵੀਂ ਪਾਰਟੀ ਦੇ ਲੀਡਰਾਂ ਦੀ ਸ਼ਰਨੀਂ ਜਾ ਪਿਆ। ਇਨ੍ਹਾਂ ਨਾਲ ਗੰਢ-ਤਰੁੱਪ ਕਰ ਲਈ। ਪੰਜਾਬ ਵਿਚ ਵੀ ਇਸ ਨੇ ਅਕਾਲੀ ਲੀਡਰਾਂ ਨਾਲ ਸਮਝੌਤਾ ਕਰ ਲਿਆ। ਅੱਜ-ਕੱਲ੍ਹ ਦੇ ਅਕਾਲੀ ਸਿਆਸੀ ਲੀਡਰਾਂ ਵਾਂਗ, ਜੋ ਵੋਟਾਂ ਬਟੋਰਨ ਦੀ ਰਾਜਨੀਤੀ ਅਧੀਨ, ਸਿੱਖ ਸਿਧਾਂਤਾਂ ਨੂੰ ਛਿੱਕੇ ਟੰਗ ਦਿੰਦੇ ਹਨ, ਉਦੋਂ ਵੀ ਸਿਆਸੀ ਲੀਡਰਾਂ ਨੇ ਇਸ ਨਕਲੀ ਨੂੰ ਗੁਰੂ ਮਹਾਰਾਜ ਨਾਲ ਸੰਬੋਧਨ ਕਰ ਕੇ ਚਿੱਠੀਆਂ ਲਿਖੀਆਂ, ਦਿੱਲੀ ਜਾ ਕੇ ਜੀ-ਹਜ਼ੂਰੀ ਕੀਤੀ, ਵੋਟਾਂ ਲੈਣ ਲਈ ਮੱਥੇ ਟੇਕ ਕੇ ਪੂਜਾ-ਭੇਟ ਚੜ੍ਹਾਈ ਅਤੇ ਚੋਣਾਂ ਪਿੱਛੋਂ ਜਾ ਕੇ ਉਸ ਦਾ ਧੰਨਵਾਦ ਵੀ ਕੀਤਾ।

ਕੇਂਦਰ ਅਤੇ ਪੰਜਾਬ ਵਿਚ ਜਨਤਾ ਪਾਰਟੀ ਤੇ ਅਕਾਲੀ ਦਲ ਦੀ ਸਾਂਝੀ ਸਰਕਾਰ ਸੀ। ਚੂੰਕਿ ਇਸ ਨਕਲੀ ਬਾਬੇ ਨੇ ਇਨ੍ਹਾਂ ਦੀ ਮਦਦ ਕੀਤੀ ਸੀ, ਇਸ ਦੇ ਇਵਜ਼ਾਨੇ ਵਜੋਂ ਇਸ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇ ਕੇ ਨਿਵਾਜਿਆ ਗਿਆ। ਨਵੀਂ ਸਿਆਸੀ ਅਤੇ ਸਰਕਾਰੀ ਸਰਪ੍ਰਸਤੀ ਮਿਲਣ ਕਰਕੇ ਇਨ੍ਹਾਂ ਦੇ ਹੌਂਸਲੇ ਹੋਰ ਬੁਲੰਦ ਹੋ ਗਏ। ਟਕਸਾਲੀ ਜਨਸੰਘੀ ਲੀਡਰਾਂ ਵਾਜਪਾਈ, ਅਡਵਾਨੀ, ਬ੍ਰਿਜ ਲਾਲ ਵਰਮਾ, ਸਿਕੰਦਰ ਬਖ਼ਤ ਸਮੇਤ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਡੀ.ਆਰ. ਕੋਹਲੀ ਨੇ 18 ਮਈ 1977 ਨੂੰ ਨਿਰੰਕਾਰੀ ਕਾਲੋਨੀ ਦੇ ਜਲਸੇ ਵਿਚ ਤਕਰੀਰਾਂ ਕੀਤੀਆਂ ਤੇ ਇਨ੍ਹਾਂ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹੇ। ਇਸ ਤੋਂ ਬਾਅਦ ਇਹ ਨਕਲੀ ਆਪਣੇ ਕੋੜਮੇ ਸਮੇਤ ਵਿਸ਼ਵ ਕਲਿਆਣ ਯਾਤਰਾ ਲਈ ਵਿਦੇਸ਼ਾਂ ਵਿਚ ਗਿਆ ਤੇ ਭੋਲੇ ਭਾਲੇ ਲੋਕਾਂ ਦੇ ਖੀਸੇ ਝਾੜ ਕੇ ਵਾਪਸ ਦਿੱਲੀ ਪੁੱਜਾ। ਇਸ ਤਰ੍ਹਾਂ ਸਾਰੀ ਸਰਕਾਰੀ ਮਸ਼ੀਨਰੀ ਤੇ ਜਨਸੰਘੀ ਲੀਡਰਸ਼ਿਪ ਇਸ ਦੀ ਪਿੱਠ ਉੱਪਰ ਖੜੀ ਸੀ ਅਤੇ ਹਰ ਤਰ੍ਹਾਂ ਦੀ ਮਦਦ ਕਰ ਰਹੀ ਸੀ।

ਬੇਸ਼ੱਕ ਇਹ ਝਗੜਾ ਸਿੱਖਾਂ ਤੇ ਨਕਲੀਆਂ ਵਿਚ ਕੇਵਲ ਧਾਰਮਿਕ ਹੀ ਸੀ, ਪਰੰਤੂ ਜਨਸੰਘੀਆਂ, ਖ਼ਾਸ ਕਰਕੇ ਪੰਜਾਬ ਦੇ ਹਿੰਦੂ ਮਹਾਸ਼ਾ ਪ੍ਰੈੱਸ ਤੇ ਇਨ੍ਹਾਂ ਦੇ ਮਾਲਕਾਂ

www.AKJ.Org

ਲਾਲਾ ਜਗਤ ਨਾਰਾਇਣ ਤੇ ਵੀਰੇਂਦਰ ਪ੍ਰਤਾਪ ਨੇ ਇਸ ਨੂੰ ਹਿੰਦੂ-ਸਿੱਖ ਮਸਲਾ ਬਣਾਉਣ ਲਈ ਆਪਣਾ ਪੂਰਾ ਤ੍ਰਾਣ ਲਾਇਆ। ਚੋਣਾਂ ਵਿਚ ਨਕਲੀ ਨਿਰੰਕਾਰੀਆਂ ਦੀ ਨਵੀਂ ਕਲਾਬਾਜ਼ੀ, ਜਨਸੰਘ/ਜਨਤਾ ਪਾਰਟੀ ਅਤੇ ਅਕਾਲੀ ਲੀਡਰਾਂ ਦੀ ਹਮਾਇਤ ਤੇ ਪ੍ਰੈੱਸ ਦੇ ਵਤੀਰੇ ਨੇ ਪੰਜਾਬ ਦਾ ਵਾਤਾਵਰਣ ਖ਼ਰਾਬ ਤੇ ਗੰਧਲਾ ਕਰ ਦਿੱਤਾ। ਇਸ ਸਾਕੇ ਨੇ ਅਕਾਲੀ ਸਿਆਸੀ ਲੀਡਰਾਂ ਅਤੇ ਨਕਲੀ ਬਾਬੇ ਦੀ ਆਪਸੀ ਗੰਢ-ਤਰੁੱਪ ਵੀ ਨੰਗੀ ਕਰ ਦਿੱਤੀ, ਜੋ ਕਿ ਸਿੱਖ ਸੰਗਤਾਂ ਦੇ ਵਲਵਲਿਆਂ ਨੂੰ ਅੱਖੋਂ ਪਰੋਖੇ ਕਰ ਕੇ ਵੋਟ ਰਾਜਨੀਤੀ ਅਧੀਨ ਕੇਵਲ ਸਿਆਸੀ ਲਾਹਾ ਲੈਣ ਲਈ ਹੀ ਕੀਤੀ ਗਈ ਸੀ। ਹਾਕਮ ਸਿਆਸੀ ਧਿਰਾਂ ਨਾਲ ਇਸ ਨਕਲੀ ਬਾਬੇ ਦੀ ਪਹੁੰਚ ਹੋਣ ਕਰਕੇ ਸਰਕਾਰ ਅਧੀਨ ਕੰਮ ਕਰਦੇ ਸਰਕਾਰੀ ਅਫ਼ਸਰ, ਜੋ ਇਨ੍ਹਾਂ ਕੁਕਰਮੀਆਂ ਦੇ ਹਮਾਇਤੀ ਸਨ, ਨੂੰ ਵੀ ਇਨ੍ਹਾਂ ਦੀ ਖੁੱਲ੍ਹੇ ਤੌਰ 'ਤੇ ਮਦਦ ਕਰਨ ਦੀ ਸ਼ਹਿ ਮਿਲ ਗਈ।

ਅਤੀਤ ਵਿਚ ਹੋਈਆਂ ਘਟਨਾਵਾਂ ਨੂੰ ਮੁੱਖ ਰੱਖ ਕੇ ਸਿੱਖ ਸੰਗਤਾਂ, ਜਿਹੜੀਆਂ ਇਨ੍ਹਾਂ ਦੇ ਕੁਸੰਗ ਸਮਾਗਮਾਂ ਦਾ ਵਿਰੋਧ ਕਰਦੀਆਂ ਸਨ, ਨੂੰ ਸਬਕ ਸਿਖਾਉਣ ਤੇ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨ ਲਈ, ਇਨ੍ਹਾਂ ਨਕਲੀਆਂ ਨੇ ਸ੍ਰੀ ਅੰਮ੍ਰਿਤਸਰ ਵਿਖੇ ਵੈਸਾਖੀ ਦੇ ਪਵਿੱਤਰ ਦਿਹਾੜੇ ਸਮੇਂ, ਜਦੋਂ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਕਰਨ ਲਈ ਆਉਂਦੀਆਂ ਹਨ, ਇਕ ਵੱਡੇ ਪੱਧਰ 'ਤੇ ਆਪਣਾ ਸਮਾਗਮ ਰਚਾਉਣ ਦਾ ਪ੍ਰੋਗਰਾਮ ਬਣਾ ਲਿਆ। ਆਪਣਾ ਅਸਰ ਰਸੂਖ਼ ਵਰਤ ਕੇ ਡੀ.ਸੀ. ਅੰਮ੍ਰਿਤਸਰ ਤੋਂ ਇਜਾਜ਼ਤ ਲੈ ਲਈ, ਜਿਸ ਦਾ ਕਿਸੇ ਵੀ ਸਿੱਖ ਸੰਸਥਾ ਜਾਂ ਜਥੇਬੰਦੀ ਨੇ ਵਿਰੋਧ ਨਹੀਂ ਕੀਤਾ। ਅੰਮ੍ਰਿਤਸਰ ਮਿਊਂਸਿਪਲ ਕਾਰਪੋਰੇਸ਼ਨ ਨੇ ਸਮਾਗਮ ਲਈ ਬਿਜਲੀ, ਪਾਣੀ ਅਤੇ ਸਫ਼ਾਈ ਲਈ ਕਾਫ਼ੀ ਵੱਡੀ ਰਕਮ ਖ਼ਰਚ ਕੀਤੀ।

## ਸਾਕਾ ਵੈਸਾਖੀ 13 ਅਪ੍ਰੈਲ 1978 ਦੇ ਬਿਰਤਾਂਤ

ਨਕਲੀ ਨਿਰੰਕਾਰੀਆਂ ਨੇ ਸਰਕਾਰੀ ਅਤੇ ਸਿਆਸੀ ਮਦਦ ਨਾਲ ਇਕ ਬਹੁਤ ਵੱਡਾ ਸਮਾਗਮ ਸ੍ਰੀ ਅੰਮ੍ਰਿਤਸਰ ਦੀ ਧਰਤੀ 'ਤੇ 13 ਅਪ੍ਰੈਲ, 1978 ਨੂੰ ਵੈਸਾਖੀ ਪੁਰਬ ਦੇ ਪਵਿੱਤਰ ਦਿਹਾੜੇ 'ਤੇ ਕਰਨ ਦਾ ਪ੍ਰੋਗਰਾਮ ਬਣਾਇਆ, ਜਿਸ ਲਈ ਅਖ਼ਬਾਰਾਂ ਵਿਚ ਮੋਟੀਆਂ ਰਕਮਾਂ ਖ਼ਰਚ ਕੇ, ਬਾਬੇ ਦੀਆਂ ਤਸਵੀਰਾਂ ਲਗਾ ਕੇ ਵੱਡੇ ਪੱਧਰ 'ਤੇ ਇਸ਼ਤਿਹਾਰਬਾਜ਼ੀ ਕੀਤੀ ਗਈ। ਇਸ ਸਮਾਗਮ ਵਿਚ, ਜਿਥੇ ਆਮ ਲੋਕਾਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ, ਉਥੇ ਜਨਸੰਘੀ ਲੀਡਰਾਂ, ਮਹਾਸ਼ਾ ਪ੍ਰੈੱਸ ਦੇ ਮਾਲਕਾਂ ਅਤੇ ਇਕ ਕਾਂਗਰਸੀ ਲੀਡਰ ਨੂੰ ਵੀ ਖ਼ਾਸ ਤੌਰ 'ਤੇ ਬੁਲਾਇਆ ਗਿਆ। ਇਸ ਸਮਾਗਮ ਸਮੇਂ ਹੋਣ ਵਾਲੇ ਖੜਕੇ ਦੜਕੇ ਨੂੰ ਮੁੱਖ ਰੱਖ ਕੇ ਆਪਣੇ ਹਮਾਇਤੀਆਂ ਨੂੰ ਹਥਿਆਰਬੰਦ ਹੋ ਕੇ ਆਉਣ ਦੇ ਗੁਪਤ ਸੁਨੇਹੇ ਵੀ ਭੇਜੇ ਗਏ ਜੋ ਕਿ ਦੋ ਤਿੰਨ ਦਿਨ ਪਹਿਲਾਂ ਹੀ ਸਮਾਗਮ ਦੀ ਤਿਆਰੀ ਦੇ ਢੌਂਗ ਹੇਠ ਅੰਮ੍ਰਿਤਸਰ ਪਹੁੰਚ ਗਏ। ਇਹ ਮੜ੍ਹਾਸੇ ਮਾਰ ਕੇ, ਬੰਦੂਕਾਂ, ਪਿਸਤੌਲਾਂ, ਤਲਵਾਰਾਂ, ਬਰਛੇ ਅਤੇ ਤੀਰ ਆਦਿਕ ਆਪਣੇ ਪਾਸ ਰੱਖਦੇ ਸਨ। ਵੈਸਾਖੀ ਪੁਰਬ 'ਤੇ ਅਕਾਲੀ ਲੀਡਰਾਂ ਨੇ ਪਾਰਟੀ ਤੌਰ 'ਤੇ ਕਈ ਥਾਵਾਂ 'ਤੇ ਜਾਣ ਦਾ ਫ਼ੈਸਲਾ ਕੀਤਾ। ਪ੍ਰਕਾਸ਼ ਸਿੰਘ ਬਾਦਲ, ਜੋ ਉਸ ਵੇਲੇ

www.AKJ.Org

ਮੁੱਖ ਮੰਤਰੀ ਸੀ, ਬੰਬਈ (ਮੁੰਬਈ) ਚਲਾ ਗਿਆ ਸੀ (ਇਕ ਪੱਤਰ ਪ੍ਰੇਰਕ ਸ. ਦਲਬੀਰ ਸਿੰਘ ਜੀ ਦੀ ਇਤਲਾਹ ਮੁਤਾਬਕ ਉਹ ਵੈਸਾਖੀ ਵਾਲੇ ਦਿਨ ਸਰਕਟ ਹਾਊਸ, ਅੰਮ੍ਰਿਤਸਰ ਵਿਚ ਹੀ ਹਾਜ਼ਰ ਸੀ ਅਤੇ ਉਹ ਉਥੇ ਜਾ ਕੇ ਆਪ ਉਸ ਨੂੰ ਮਿਲਿਆ ਸੀ)। ਜੀਵਨ ਸਿੰਘ ਉਮਰਾਨੰਗਲ ਮਾਲ ਮੰਤਰੀ ਨੂੰ ਅੰਮ੍ਰਿਤਸਰ ਨਿਯੁਕਤ ਕੀਤਾ ਗਿਆ। ਸਿੱਖ ਸੰਗਤਾਂ ਵਿਚ ਇਹ ਖ਼ਦਸ਼ਾ ਸੀ ਕਿ ਇਹ ਨਕਲੀ ਇਸ ਵਾਰ ਜ਼ਰੂਰ ਕੋਈ ਵੱਡਾ ਕਾਰਾ ਕਰਨਗੇ।

## ਨਕਲੀਆਂ ਵੱਲੋਂ ਜਲੂਸ

ਨਕਲੀ ਬਾਬਾ ਗੁਰਬਚਨਾ ਦਿੱਲੀ ਤੋਂ ਇਕ ਦਿਨ ਪਹਿਲਾਂ ਆਪਣੀ ਪਤਨੀ ਅਤੇ ਕੋੜਮੇ ਸਮੇਤ ਸ੍ਰੀ ਅੰਮ੍ਰਿਤਸਰ ਪੁੱਜਾ। ਰਸਤੇ ਵਿਚ ਥਾਂ-ਥਾਂ ਉਸ ਦੇ ਸਵਾਗਤ ਲਈ ਗੇਟ ਅਤੇ ਬੈਨਰ ਲਗਾਏ ਗਏ। ਸ੍ਰੀ ਅੰਮ੍ਰਿਤਸਰ ਦੇ ਬਾਜ਼ਾਰ ਅਤੇ ਚੌਂਕ ਵੀ ਇਨ੍ਹਾਂ ਦੇ ਇਸ਼ਤਿਹਾਰਾਂ ਅਤੇ ਬੈਨਰਾਂ ਨਾਲ ਭਰੇ ਪਏ ਸਨ, ਪਰ ਕਿਸੇ ਵੀ ਸਿੱਖ ਵੱਲੋਂ ਕਾਨੂੰਨ ਵਿਰੋਧੀ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। 13 ਅਪ੍ਰੈਲ 1978 ਵਾਲੇ ਦਿਨ ਸਵੇਰੇ ਇਨ੍ਹਾਂ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰਨ ਲਈ ਸ਼ਹਿਰ ਦੇ ਬਾਜ਼ਾਰਾਂ ਵਿਚ ਇਕ ਭਾਰੀ ਜਲੂਸ ਕੱਢਿਆ ਜੋ ਕਿ ਭੰਡਾਰੀ ਪੁਲ, ਹਾਲ ਬਾਜ਼ਾਰ, ਕਟੜਾ ਜੈਮਲ ਸਿੰਘ, ਲੋਹਗੜ੍ਹ ਤੋਂ ਕਿਲ੍ਹਾ ਗੋਬਿੰਦਗੜ੍ਹ ਹੁੰਦਾ ਹੋਇਆ ਬੀ-ਬਲਾਕ, ਰੇਲਵੇ ਕਾਲੋਨੀ (ਸਰਕਾਰੀ ਜ਼ਮੀਨ ’ਤੇ ਲਗਾਏ ਹੋਏ ਇਨ੍ਹਾਂ ਦੇ ਪੰਡਾਲ) ਵਿਚ ਜਾ ਕੇ ਖ਼ਤਮ ਹੋਇਆ। ਇਹ ਨਕਲੀਏ ਸਰਕਾਰੀ ਅਤੇ ਸਿਆਸੀ ਸ਼ਹਿ ’ਤੇ ਬਹੁਤ ਭੂਸਰੇ ਪਏ ਸਨ ਤੇ ਇਨ੍ਹਾਂ ਨੇ ਬਿਨਾਂ ਕਿਸੇ ਡਰ ਭੈਅ ਤੋਂ ਬੇਖ਼ੌਫ਼ ਹੋ ਕੇ ਸਿੱਖ ਸੰਗਤਾਂ ਦੇ ਹਿਰਦਿਆਂ ਨੂੰ ਵਲੂੰਧਰਨ ਵਾਲੇ ਨਾਹਰੇ ਲਾਏ। ਨਕਲੀ ਬਾਬਾ, ਜੋ ਆਪਣੀ ਘਰ ਵਾਲੀ ਨਾਲ ਇਕ ਰੱਥ ’ਤੇ ਸੱਜਿਆ ਬੈਠਾ ਸੀ, ਦੇ ਅੱਗੇ ਵੀ ਉਸ ਦੀ ਉਸਤਤੀ ਤੇ ਗੁਰੂ ਸਾਹਿਬ ਜੀ ਦੀ ਨਿਰਾਦਰੀ ਕਰਦੇ ਹੋਏ ਬੈਨਰ ਲਗਾਏ ਹੋਏ ਸਨ। ਉਪਰੋਕਤ ਜਲੂਸ ਵਿਚ ਸਿੱਖ ਸਿਧਾਂਤਾਂ ਵਿਰੋਧੀ ਹੋਈ ਨਾਹਰੇਬਾਜ਼ੀ ਅਤੇ ਗੁਰੂ ਸਾਹਿਬ ਜੀ ਦੀ ਨਿਰਾਦਰੀ ਦੀਆਂ ਖ਼ਬਰਾਂ ਸਿੱਖ ਹਲਕਿਆਂ ਵਿਚ ਅੱਗ ਵਾਂਗ ਫੈਲ ਗਈਆਂ।

ਬਾਬਾ ਜਰਨੈਲ ਸਿੰਘ ਜੀ ਜਥਾ ਭਿੰਡਰਾਂ ਵਾਲੇ, ਜੋ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਵੈਸਾਖੀ ਦੇ ਪੁਰਬ ’ਤੇ ਕਥਾ ਕਰਨ ਲਈ ਪੁੱਜੇ ਸਨ, ਉਨ੍ਹਾਂ ਨੂੰ ਵੀ ਇਹ ਇਤਲਾਹ ਪੁੱਜ ਗਈ। ਉਨ੍ਹਾਂ ਉਸੇ ਵੇਲੇ ਕਥਾ ਦੀ ਸਮਾਪਤੀ ’ਤੇ, ਜੀਵਨ ਸਿੰਘ ਉਮਰਾਨੰਗਲ ਮਾਲ ਮੰਤਰੀ ਜੋ ਸਟੇਜ ’ਤੇ ਬੈਠਾ ਸੀ, ਨੂੰ ਇਹ ਕੂੜ ਪ੍ਰਚਾਰ ਬੰਦ ਕਰਾਉਣ ਲਈ ਸਥਾਨਕ ਪ੍ਰਸ਼ਾਸਨ ਨੂੰ ਕਹਿਣ ਲਈ ਕਿਹਾ। ਕਿਉਂਕਿ ਇਹ ਅਕਾਲੀ ਲੀਡਰ ਤਾਂ ਪਹਿਲਾਂ ਹੀ ਨਕਲੀਆਂ ਅੱਗੇ ਗੋਡੇ ਟੇਕੀ ਬੈਠੇ ਸਨ ਤੇ ਉਸ ਨੇ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਇਹ ਗ੍ਰਹਿ ਮਹਿਕਮੇ ਦਾ ਕੰਮ ਹੈ, ਜੋ ਕਿ ਬਾਦਲ ਕੋਲ ਹੈ, ਮੈਂ ਤਾਂ ਮਾਲ ਮੰਤਰੀ ਹਾਂ। ਉਨ੍ਹਾਂ ਨੇ ਸਰਕਾਰ ਤੋਂ ਇਜਾਜ਼ਤ ਲਈ ਹੋਈ ਹੈ, ਪੁਲਿਸ ਤੇ ਸਥਾਨਕ ਪ੍ਰਸ਼ਾਸਨ ਦੀ ਪ੍ਰਵਾਨਗੀ ਨਾਲ ਜਲੂਸ ਕੱਢ ਰਹੇ ਹਨ, ਮੈਂ ਕੁਝ ਨਹੀਂ ਕਰ ਸਕਦਾ, ਮੇਰੀ ਕੋਈ ਨਹੀਂ ਮੰਨਦਾ। ਇਸ ਤਰ੍ਹਾਂ ਉਸ ਨੇ ਪੰਥ-ਪ੍ਰਸਤੀ ਤੇ ਸੂਝ-ਬੂਝ ਨਾਲ ਕਾਰਵਾਈ ਕਰ ਕੇ ਮੌਕਾ ਸੰਭਾਲਣ ਦੀ ਬਜਾਏ ਆਪਣੀ

www.AKJ.Org

ਨਾਲਾਇਕੀ ਤੇ ਖ਼ੁਦ-ਪ੍ਰਸਤੀ ਦਾ ਸਬੂਤ ਦਿੱਤਾ, ਜਿਸ ਨੇ ਮਗਰੋਂ ਕੌਮ ਦਾ ਅਥਾਹ ਨੁਕਸਾਨ ਕੀਤਾ। ਸਟੇਜ ਉਪਰ ਹੀ ਬਾਬਾ ਜੀ ਤੇ ਮੰਤਰੀ ਵਿਚ ਕੁਝ ਬੋਲ-ਬੁਲਾਰਾ ਵੀ ਹੋਇਆ। ਬਾਬਾ ਜੀ ਇਹ ਕਹਿ ਕੇ ਦੀਵਾਨ ਵਿੱਚੋਂ ਉੱਠ ਕੇ ਚਲੇ ਗਏ ਕਿ ਜਿਸ ਤਰ੍ਹਾਂ ਗੁਰੂ ਕਰਾਵੇਗਾ, ਉਸੇ ਤਰ੍ਹਾਂ ਆਪੇ ਹੀ ਨਜਿੱਠ ਲਵਾਂਗੇ। ਬਾਬਾ ਜੀ ਨੇ ਸ੍ਰੀ ਗੁਰੂ ਰਾਮਦਾਸ ਸਰਾਂ ਦੇ ਹਾਲ ਵਿਚ, ਜਿਥੇ ਉਨ੍ਹਾਂ ਦੀ ਰਿਹਾਇਸ਼ ਸੀ, ਆ ਕੇ ਹੋਰਨਾਂ ਸਿੰਘਾਂ ਨਾਲ ਇਸ ਸੰਬੰਧੀ ਅਗਲੀ ਕਾਰਵਾਈ ਕਰਨ ਲਈ ਵਿਚਾਰ-ਵਟਾਂਦਰਾ ਕੀਤਾ। ਸਿੱਖ ਸੰਗਤਾਂ ਦੇ ਭੜਕੇ ਹੋਏ ਜਜ਼ਬਾਤ ਨੂੰ ਮੁੱਖ ਰੱਖ ਕੇ ਸਿੰਘਾਂ ਦੀ ਸਲਾਹ ਨਾਲ ਬਾਬਾ ਜੀ ਨੇ, ਨਕਲੀਆਂ ਵੱਲੋਂ ਕੱਢੇ ਗਏ ਜਲੂਸ ਅਤੇ ਕੀਤੇ ਜਾ ਰਹੇ ਜਲਸੇ ਦਾ ਪੁਰਅਮਨ ਰਹਿ ਕੇ, ਵਿਰੋਧ ਕਰਨ ਦਾ ਫ਼ੈਸਲਾ ਕੀਤਾ ਅਤੇ ਨਾਲ ਹੀ ਅਖੰਡ ਕੀਰਤਨੀ ਜਥੇ ਦੇ ਸਿੰਘਾਂ (ਜੋ ਅੱਗੇ ਵੀ ਚੌਂਕ ਮਹਿਤਾ, ਲੁਧਿਆਣਾ ਅਤੇ ਜ਼ਿਲ੍ਹਾ ਗੁਰਦਾਸਪੁਰ ਵਿਚ ਅਤੇ ਹੋਰ ਕਈ ਥਾਈਂ ਇਨ੍ਹਾਂ ਨਕਲੀਆਂ ਦਾ ਵਿਰੋਧ ਕਰਨ ਵੇਲੇ ਹਮੇਸ਼ਾਂ ਸਾਥ ਦਿੰਦੇ ਰਹਿੰਦੇ ਸਨ), ਖ਼ਾਸ ਕਰਕੇ ਭਾਈ ਫ਼ੌਜਾ ਸਿੰਘ ਜੀ (ਜਿਨ੍ਹਾਂ ਦਾ ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਨਾਲ ਵੀ ਬਹੁਤ ਪਿਆਰ ਸੀ), ਨੂੰ ਸੁਨੇਹਾ ਭੇਜਣ ਦਾ ਫ਼ੈਸਲਾ ਕੀਤਾ ਤਾਂ ਕਿ ਰਲ-ਮਿਲ ਕੇ ਇਸ ਕੂੜ ਪ੍ਰਚਾਰ ਦਾ ਵਿਰੋਧ, ਸੰਗਤੀ ਰੂਪ ਵਿਚ ਕੀਤਾ ਜਾ ਸਕੇ।

## ਅਜੀਤ ਨਗਰ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨੂੰ ਸੁਨੇਹਾ

ਅਖੰਡ ਕੀਰਤਨੀ ਜਥੇ ਵੱਲੋਂ ਵੱਖ-ਵੱਖ ਗੁਰਪੁਰਬਾਂ ’ਤੇ ਦੇਸ਼ ਭਰ ਵਿਚ ਵੱਖ-ਵੱਖ ਸ਼ਹਿਰਾਂ ਵਿਚ ਅਖੰਡ ਕੀਰਤਨ ਸਮਾਗਮ ਰਚਾਏ ਜਾਂਦੇ ਹਨ। ਇਸੇ ਹੀ ਲੜੀ ਵਿਚ ਵੈਸਾਖੀ ਦੇ ਪੁਰਬ ’ਤੇ ਸ੍ਰੀ ਅੰਮ੍ਰਿਤਸਰ ਵਿਖੇ ਅਜੀਤ ਨਗਰ ਵਿਚ ਕਈ ਸਾਲਾਂ ਤੋਂ ਇਹ ਪੁਰਬ ਮਨਾਇਆ ਜਾਂਦਾ ਸੀ। ਇਸ ਵਾਰ ਵੀ ਇਹ ਸਮਾਗਮ ਵੈਸਾਖੀ ਪੁਰਬ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਜਨਮ ਸ਼ਤਾਬਦੀ ਨੂੰ ਮੁੱਖ ਰੱਖ ਕੇ, ਵਿਸ਼ੇਸ਼ ਤੌਰ ’ਤੇ ਮਨਾਇਆ ਜਾ ਰਿਹਾ ਸੀ। ਸੰਗਤਾਂ ਦੇਸ਼ ਵਿਦੇਸ਼ਾਂ ਤੋਂ ਆ ਕੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ, ਗੁਰਧਾਮਾਂ ਦੀ ਯਾਤਰਾ ਤੇ ਅਖੰਡ ਕੀਰਤਨ ਦੇ ਲਾਹੇ ਲੈ ਰਹੀਆਂ ਸਨ। ਵੈਸਾਖੀ ਵਾਲੇ ਦਿਨ ਅਜੀਤ ਨਗਰ ਪਾਰਕ ਵਿਚ ਖੁੱਲ੍ਹਾ ਪੰਡਾਲ ਸਜਾ ਕੇ ਦਿਵਸ ਸੁਹੇਲਾ ਕੀਰਤਨ ਸਮਾਗਮ ਚੱਲ ਰਿਹਾ ਸੀ ਅਤੇ ਸੰਗਤਾਂ ਕੀਰਤਨ ਦੇ ਰਸ ਵਿਚ ਗੜੂੰਦ ਸਨ। ਸਾਢੇ ਨੌਂ ਵਜੇ ਦੇ ਕਰੀਬ ਭਾਈ ਕੇਸਰ ਸਿੰਘ ਜੀ ਰਾਹੀਂ ਬਾਬਾ ਜਰਨੈਲ ਸਿੰਘ ਜੀ ਦਾ ਸਿੰਘਾਂ ਪ੍ਰਤੀ ਸੁਨੇਹਾ ਆਇਆ, ਜਿਸ ਵਿਚ ਨਕਲੀ ਨਿਰੰਕਾਰੀਆਂ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਦੀ ਵਰੋਸਾਈ ਪਵਿੱਤਰ ਨਗਰੀ, ਸਿੱਖਾਂ ਦੇ ਮੁੱਖ ਕੇਂਦਰ ਸ੍ਰੀ ਅੰਮ੍ਰਿਤਸਰ ਵਿਚ ਕੀਤੇ ਜਾ ਰਹੇ ਸਿੱਖ ਵਿਰੋਧੀ ਕੂੜ ਪ੍ਰਚਾਰ ਖ਼ਿਲਾਫ਼ ਪੁਰਅਮਨ ਤਰੀਕੇ ਨਾਲ ਰੋਸ ਵਿਖਾਵਾ ਕਰਨ ਜਾਣ ਵਾਸਤੇ ਸੱਦ ਪਾਈ ਗਈ ਸੀ। ਅਖੰਡ ਕੀਰਤਨੀ ਜਥਾ ਅਤੇ ਜਥਾ ਭਿੰਡਰਾਂ ਦੋਵੇਂ ਜਥੇਬੰਦੀਆਂ, ਜੋ ਕਿ ਤੱਤ ਗੁਰਮਤਿ ਅਸੂਲਾਂ ਦੀਆਂ ਪਹਿਰੇਦਾਰ ਹਨ, ਵਿਚਕਾਰ ਬਾਬਾ ਗੁਰਬਚਨ ਸਿੰਘ ਜੀ ਦੇ ਵੇਲੇ ਤੋਂ ਹੀ ਆਪਸੀ ਪਿਆਰ ਅਤੇ ਮਿਲਵਰਤਣ ਚੱਲਦਾ ਰਿਹਾ ਹੈ। ਬਾਬਾ ਕਰਤਾਰ ਸਿੰਘ ਜੀ ਖ਼ਾਲਸਾ ਜਥੇ ਦੇ ਰੈਣ

www.AKJ.Org

ਸਬਾਈ ਕੀਰਤਨ ਸਮਾਗਮਾਂ ਵਿਚ ਸ਼ਾਮਲ ਹੁੰਦੇ ਰਹੇ ਅਤੇ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਜੀ ਦੀ ਬਰਸੀ ਵੇਲੇ ਜਥੇ ਦੇ ਸਿੰਘਾਂ ਨੂੰ ਮਹਿਤੇ ਬੁਲਾ ਕੇ ਹਰ ਸਾਲ ਰੈਣ-ਸਬਾਈ ਕੀਰਤਨ ਵੀ ਕਰਵਾਉਂਦੇ ਸਨ ਅਤੇ ਸਿੰਘਾਂ ਦੀ ਹੱਥੀਂ ਸੇਵਾ ਕਰਦੇ ਸਨ। ਉਸ ਵੇਲੇ ਚੱਲ ਰਹੇ ਕੀਰਤਨ ਸਮਾਗਮ ਦੌਰਾਨ ਭਾਈ ਹਜ਼ਾਰਾ ਸਿੰਘ ਜੀ ਡੀ.ਐੱਸ.ਪੀ. ਨੇ ਸੰਗਤਾਂ ਨੂੰ ਬਾਬਾ ਜੀ ਦਾ ਸੁਨੇਹਾ ਸੁਣਾਇਆ ਤੇ ਨਕਲੀ ਨਿਰੰਕਾਰੀਆਂ ਵੱਲੋਂ ਕੀਤੇ ਜਾ ਰਹੇ ਉਪੱਦ੍ਰਵ ਦੇ ਵਿਰੋਧ ਲਈ ਰੋਸ ਵਿਖਾਵੇ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਬਜ਼ੁਰਗਾਂ ਤੇ ਬੀਬੀਆਂ ਨੂੰ ਨਾ ਜਾਣ ਦੀ ਤਾਕੀਦ ਵੀ ਕੀਤੀ। ਇਹ ਅਨਾਉਂਸਮੈਂਟ ਸੁਣ ਕੇ ਕੁਝ ਜੋਸ਼ੀਲੇ ਸਿੰਘ ਤਾਂ ਉਸੇ ਵੇਲੇ ਹੀ ਮੱਥਾ ਟੇਕ ਕੇ ਸ੍ਰੀ ਗੁਰੂ ਰਾਮਦਾਸ ਸਰਾਂ ਵੱਲ ਤੁਰ ਪਏ। ਭਾਈ ਫ਼ੌਜਾ ਸਿੰਘ ਜੀ ਉਸ ਵੇਲੇ ਲੰਗਰ ਵਿਚ ਆਟਾ ਗੁੰਨ੍ਹਣ ਦੀ ਸੇਵਾ ਕਰ ਰਹੇ ਸਨ। ਉਹ ਵੀ ਆਪਣੇ ਹੱਥ ਸਾਫ਼ ਕਰ ਕੇ ਹੋਰ 60-70 ਸਿੰਘਾਂ ਨਾਲ ਜਾਣ ਲਈ ਤਿਆਰ ਹੋ ਗਏ। ਭਾਈ ਸਾਹਿਬ ਜੀ ਨੇ ਬਾਬਾ ਦੀਪ ਸਿੰਘ ਜੀ ਵਾਂਗ ਇਕ ਲਕੀਰ ਕੱਢ ਕੇ ਕਿਹਾ ਕਿ ਸਿੰਘੋ, ਜਿਸ ਦਿਨ ਦੀ ਬੜੇ ਚਿਰ ਤੋਂ ਉਡੀਕ ਕਰ ਰਹੇ ਸੀ, ਉਹ ਸੁਭਾਗਾ ਦਿਨ ਆ ਗਿਆ ਹੈ। ਨਕਲੀ ਨਿਰੰਕਾਰੀ ਗੁਰੂ ਸਾਹਿਬ ਜੀ ਦੀ ਬੇਅਦਬੀ ਕਰਦੇ ਹਨ, ਉਨ੍ਹਾਂ ਨੂੰ ਰੋਕਣ ਜਾਣਾ ਹੈ। ਇਹ ਲਕੀਰ ਉਹੀ ਟੱਪਣ, ਜਿਹੜੇ ਪੂਰਾ ਨਿਭ ਸਕਣ ਅਤੇ ਗੁਰੂ ਪੰਥ ਤੋਂ ਆਪਾ ਅਰਪਣ ਕਰ ਸਕਣ, ਬਾਕੀ ਵਾਪਸ ਚਲੇ ਜਾਣ। ਇਸ ਤੋਂ ਬਾਅਦ ਇਹ ਸਾਰੇ ਸਿੰਘ ਗੁਰੂ ਰਾਮਦਾਸ ਸਰਾਂ ਦੇ ਹਾਲ ਵਿਚ, ਜਿਥੇ ਬਾਬਾ ਜੀ ਬਿਰਾਜਮਾਨ ਸਨ, ਪਹੁੰਚ ਗਏ। ਕੁਝ ਸਮਾਂ ਆਪਸੀ ਵਿਚਾਰ-ਵਟਾਂਦਰੇ ਤੇ ਛੋਟੀ ਜਿਹੀ ਤਕਰੀਰ ਮਗਰੋਂ ਸਿੰਘਾਂ ਨੇ ਨਿਰੰਕਾਰੀਆਂ ਵੱਲੋਂ ਜਲਸੇ ਵਿਚ ਕੀਤੀਆਂ ਜਾ ਰਹੀਆਂ ਭੜਕਾਊ ਤਕਰੀਰਾਂ ਦਾ ਪੁਰਅਮਨ ਢੰਗ ਨਾਲ ਵਿਰੋਧ ਕਰਨ ਲਈ ਅਰਦਾਸਾ ਸੋਧ ਕੇ ਚਾਲੇ ਪਾ ਦਿੱਤੇ। ਪੰਜ ਸਿੰਘਾਂ ਦੀ ਅਗਵਾਈ ਵਿਚ ਪੰਜ ਜੱਥੇ ਬਣਾਏ ਗਏ। ਹਰ ਜਥੇ ਦਾ ਇਕ ਜਥੇਦਾਰ ਥਾਪਿਆ ਗਿਆ। ਭਾਈ ਫ਼ੌਜਾ ਸਿੰਘ ਜੀ ਨੂੰ ਮੁੱਖ ਜਥੇਦਾਰ ਥਾਪਿਆ ਗਿਆ। ਫ਼ੈਸਲੇ ਅਨੁਸਾਰ ਬੀਬੀਆਂ, ਬੱਚਿਆਂ, ਬਜ਼ੁਰਗਾਂ ਨੂੰ ਨਾ ਜਾਣ ਦੀ ਤਾਕੀਦ ਕੀਤੀ ਗਈ। ਬਹੁਤੇ ਸਿੰਘ ਨਿਹੱਥੇ ਸਨ ਅਤੇ ਕੁਝ ਕੋਲ ਰਵਾਇਤੀ ਹਥਿਆਰ ਹੀ ਸਨ। ਕੁਝ ਨੇ ਰਸਤੇ ਵਿਚ ਬਾਂਸ, ਮੰਜੇ ਬਾਹੀਆਂ ਵਾਲੀਆਂ ਦੁਕਾਨਾਂ ਤੋਂ ਡੰਡੇ ਆਦਿ ਚੁੱਕ ਲਏ। ਸਾਰੇ ਸਿੰਘ ਵਾਹਿਗੁਰੂ ਗੁਰਮੰਤਰ ਦਾ ਜਾਪ ਕਰਦੇ ਹੋਏ ਵਾਹੋ-ਦਾਹੀ ਲੋਹਗੜ੍ਹ ਦੇ ਰਸਤੇ ਗੋਬਿੰਦਗੜ੍ਹ ਕਿਲ੍ਹੇ ਨੇੜੇ ਰੀਗੋ ਬ੍ਰਿਜ ਕੋਲ ਜਾ ਪਹੁੰਚੇ ਤੇ ਅੱਗੇ ਪੁਲਿਸ ਵਾਲਿਆਂ, ਜਿਸ ਦੀ ਅਗਵਾਈ ਅਨੂਪ ਸਿੰਘ ਇੰਸਪੈਕਟਰ ਕਰ ਰਿਹਾ ਸੀ, ਨੇ ਇਨ੍ਹਾਂ ਨੂੰ ਰੋਕ ਲਿਆ ਅਤੇ ਪੁੱਛਿਆ ਕਿ ਤੁਸੀਂ ਕਿਸ ਲਈ ਅੱਗੇ ਜਾ ਰਹੇ ਹੋ ? ਭਾਈ ਫ਼ੌਜਾ ਸਿੰਘ ਨੇ ਦੱਸਿਆ ਕਿ ਅਸੀਂ ਨਿਰੰਕਾਰੀ ਬਾਬੇ ਨੂੰ ਕਹਿਣ ਜਾ ਰਹੇ ਹਾਂ ਕਿ ਸਿੱਖਾਂ ਦੇ ਗੜ੍ਹ ਵਿਚ ਸਿੱਖ ਗੁਰੂਆਂ ਦੀ ਨਿੰਦਾ ਨਾ ਕਰੇ ਤੇ ਮਖ਼ੌਲ ਨਾ ਉਡਾਏ, ਸਾਡੇ ਪਾਸੋਂ ਇਹ ਬਰਦਾਸ਼ਤ ਨਹੀਂ ਹੁੰਦਾ। ਕੋਈ ਵੀ ਧਰਮ ਕਿਸੇ ਦੀ ਨਿੰਦਿਆ ਨਹੀਂ ਸਿਖਾਉਂਦਾ। ਇਸ ਲਈ ਇਹ ਜਲਸਾ ਬੰਦ ਕਰ ਦਿੱਤਾ ਜਾਵੇ।

ਪੁਲਿਸ ਵੱਲੋਂ ਸ. ਅਨੂਪ ਸਿੰਘ ਇੰਸਪੈਕਟਰ ਨੇ ਉਸ ਵੇਲੇ ਕਿਹਾ ਕਿ ਇਹ ਤਾਂ ਮਾਮੂਲੀ ਗੱਲ ਹੈ, ਮੈਂ ਜਲਸੇ ਵਿਚ ਜਾ ਕੇ ਬੰਦ ਕਰਾ ਆਉਂਦਾ ਹਾਂ। ਭਾਈ ਫ਼ੌਜਾ

www.AKJ.Org

ਸਿੰਘ ਨੇ ਕਿਹਾ ਕਿ ਫਿਰ ਸਾਨੂੰ ਅੱਗੇ ਜਾਣ ਦੀ ਲੋੜ ਹੀ ਕੀ ਹੈ, ਜੇ ਤੁਸੀਂ ਹੀ ਇਹ ਕਾਰਜ ਕਰ ਦੇਵੋ। ਅਸੀਂ ਇਥੇ ਖੜ ਕੇ ਤੁਹਾਡੀ ਉਡੀਕ ਕਰ ਲੈਂਦੇ ਹਾਂ। ਇਸ ਫ਼ੈਸਲੇ ’ਤੇ ਸਿੰਘ ਉਥੇ ਹੀ ਖੜੇ ਰਹੇ।

ਸ. ਅਨੂਪ ਸਿੰਘ ਪੁਲਿਸ ਇੰਸਪੈਕਟਰ ਪੰਡਾਲ ਵਿਚ ਗਿਆ ਤਾਂ ਸਿੱਖਾਂ ਦੀ ਮੰਗ ਦੱਸੀ ਤੇ ਉਸ ਨੇ ਜ਼ਿੰਮੇਵਾਰਾਂ ਨੂੰ ਕਿਹਾ ਕਿ ਜਲਸੇ ਵਿਚ ਗੜਬੜ ਹੋ ਸਕਦੀ ਹੈ, ਵੈਸਾਖੀ ਦਾ ਮੇਲਾ ਹੈ, ਬਾਹਰ ਲੋਕ ਖੜੇ ਮੰਗ ਕਰਦੇ ਹਨ ਕਿ ਜਲਸਾ ਬੰਦ ਕਰ ਦਿੱਤਾ ਜਾਵੇ। ਇਸ ਦੇ ਜਵਾਬ ਵਿਚ ਕੋਈ ਤਸੱਲੀਬਖ਼ਸ਼ ਸਪੱਸ਼ਟ ਉੱਤਰ ਨਾ ਮਿਲਿਆ ਤੇ ਨਿਰੰਕਾਰੀ ਟੋਲੇ ਨੇ ਟਾਲ-ਮਟੋਲ ਕਰਦੇ ਕਿਹਾ, “ਜਲਦੀ ਹੀ ਬੰਦ ਕਰ ਦੇਵਾਂਗੇ”, ਪਰ ਜਲਸਾ ਕਤਲੇਆਮ ਤੋਂ ਪਿੱਛੋਂ ਵੀ ਚੱਲਦਾ ਰਿਹਾ। ਅਨੂਪ ਸਿੰਘ ਨੇ ਝੂਠ ਬੋਲਦੇ ਹੋਏ, ਸਿੰਘਾਂ ਨੂੰ ਆ ਕੇ ਦੱਸਿਆ ਕਿ ਉਨ੍ਹਾਂ ਕਿਹਾ ਹੈ ਕਿ ਹੁਣੇ ਹੀ ਜਲਸਾ ਬੰਦ ਕਰ ਦਿੰਦੇ ਹਾਂ। ਦਰਅਸਲ ਉਸ ਵੇਲੇ ਉਥੇ ਪੁਲਿਸ ਦੀ ਗਿਣਤੀ ਨਾਂ-ਮਾਤਰ ਹੀ ਸੀ ਅਤੇ ਉਹ ਹਾਲਤ ’ਤੇ ਕਾਬੂ ਪਾਉਣ ਲਈ ਇਕ ਪੁਲਿਸ ਅਧਿਕਾਰੀ ਵਜੋਂ, ਹੋਰ ਪੁਲਿਸ ਮੰਗਵਾਉਣ ਲਈ ਸਿਰਫ਼ ਸਮਾਂ ਲੰਘਾ ਰਿਹਾ ਸੀ। ਹੋ ਸਕਦਾ ਹੈ ਨਿਰੰਕਾਰੀਆਂ ਨੇ ਆਪਣੀ ਨੀਤੀ ਅਨੁਸਾਰ ਉਸ ਨੂੰ ਇੰਜ ਹੀ ਕਿਹਾ ਹੋਵੇ। ਉਸ ਪਿੱਛੋਂ ਨਿਰੰਕਾਰੀਆਂ ਦੀ ਆਵਾਜ਼ ਤੇ ਸੁਰ ਹੋਰ ਉੱਚੀ ਹੋ ਗਈ ਅਤੇ ਭਾਸ਼ਣ ਦੀ ਥਾਂ ਨਿਰੰਕਾਰੀਆਂ ਨੇ ਆਪਣੇ ਚੇਲੇ-ਚਾਟੜਿਆਂ ਨੂੰ ਉਕਸਾਉਣਾ ਆਰੰਭ ਕਰ ਦਿੱਤਾ ਕਿ ਅਸੀਂ ਇਨ੍ਹਾਂ ਨਾਲ ਸਿਝਣਾ ਵੀ ਜਾਣਦੇ ਹਾਂ। ਇਹ ਲੋਕ ਸਾਨੂੰ ਚੁੱਪ ਕਰਾਉਣਾ ਚਾਹੁੰਦੇ ਹਨ, ਇਹ ਨਹੀਂ ਹੋ ਸਕੇਗਾ, ਅਸੀਂ ਆਪਣਾ ਪ੍ਰੋਗਰਾਮ ਪੂਰਾ ਚਲਾਉਣਾ ਹੈ। ਨਾਲ ਹੀ ਉਨ੍ਹਾਂ ਇਸ਼ਾਰਾ ਕੀਤਾ ਕਿ ਜੋ ਲੋਕ ਪੰਡਾਲ ਵਿਚ ਵਿਸ਼ੇਸ਼ ਤੌਰ ’ਤੇ ਗੜਬੜ ਰੋਕਣ ਲਈ ਖ਼ਾਸਕਰ ਨਕਲੀ ਸੈਨਾ ਦੇ ਹਥਿਆਰਬੰਦ ਆਦਮੀ ਪੁੱਜੇ ਹੋਏ ਹਨ, ਉਹ ਹੁਣ ਸੁਸਤੀ ਤਿਆਗ ਦੇਣ। ਨਿਰੰਕਾਰੀਆਂ ਵੱਲੋਂ ਅੱਗੇ ਭਾਸ਼ਣ ਜਾਰੀ ਰਿਹਾ ਅਤੇ ਉਹ ਉਕਸਾਹਟ ਦੇਣ ਵਾਲੇ ਬੋਲ ਬੋਲਦੇ ਰਹੇ। ਪ੍ਰਬੰਧਕਾਂ ਦੇ ਇਕ ਇਸ਼ਾਰੇ ਨਾਲ ਹੀ ਇਕਦਮ ਹਜ਼ਾਰਾਂ ਆਦਮੀਆਂ ਦੇ ਹੱਥਾਂ ਵਿੱਚੋਂ ਡਾਂਗਾਂ ਤੇ ਹਥਿਆਰ ਉੱਭਰ ਆਏ ਤੇ ਛਾਲਾਂ ਮਾਰ ਕੇ ਹਜ਼ਾਰਾਂ ਆਦਮੀ ਪੰਡਾਲ ਤੋਂ ਬਾਹਰ ਆ ਗਏ। ਨਿਰੰਕਾਰੀਆਂ ਦਾ ਇਹ ਜਲਸਾ ਰੇਲਵੇ ਵਿਭਾਗ ਦੀ ਬੀ-ਬਲਾਕ ਰਿਹਾਇਸ਼ੀ ਕਾਲੋਨੀ ਲਾਗੇ ਖੁੱਲ੍ਹੀ ਗਰਾਊਂਡ ਵਿਚ ਹੋ ਰਿਹਾ ਸੀ। ਉਸ ਤੋਂ ਬਾਹਰ ਇਕ ਪਾਸੇ ਫ਼ੌਜੀ ਛਾਉਣੀ ਹੈ, ਦੂਸਰੇ ਪਾਸੇ ਰੇਲਵੇ ਲਾਈਨ ਦੀ ਕੰਧ ਨਾਲ ਟਰੱਕ ਖੜੇ ਕਰ ਕੇ ਸਿਰਫ਼ ਸੜਕ ਹੀ ਖ਼ਾਲੀ ਛੱਡੀ ਹੋਈ ਸੀ ਤੇ ਇਸ ਜਗ੍ਹਾ ਨੂੰ ਕਿਲ੍ਹੇ ਦਾ ਰੂਪ ਦਿੱਤਾ ਹੋਇਆ ਸੀ। ਟਰੱਕਾਂ ਉਪਰ ਨਕਲੀਆਂ ਦੀ ਸੈਨਾ ਦੇ ਹਥਿਆਰਬੰਦ ਵਾਲੰਟੀਅਰ ਚੜ੍ਹੇ ਹੋਏ ਸਨ, ਜਿਨ੍ਹਾਂ ਨੇ ਪਹਿਲਾਂ ਹੀ ਇੱਟਾਂ-ਵੱਟੇ, ਕੱਚ ਦੀਆਂ ਬੋਤਲਾਂ, ਤੇਜ਼ਾਬ ਤੇ ਹੋਰ ਮਾਰੂ ਹਥਿਆਰ ਇਕੱਠੇ ਕੀਤੇ ਹੋਏ ਸਨ।

ਇਧਰ ਪੁਲਿਸ ਇੰਸਪੈਕਟਰ ਨੇ ਪੰਡਾਲ ਤੋਂ ਤਿੰਨ ਸੌ ਗ਼ਜ਼ ਬਾਹਰ ਸਿੰਘਾਂ ਨੂੰ ਰੋਕ ਰੱਖਿਆ ਸੀ। ਨਿਰੰਕਾਰੀ ਬਾਬੇ ਦੀ ਪ੍ਰਾਈਵੇਟ ਫ਼ੌਜ, ਜਿਸ ਦੀ ਅਗਵਾਈ ਨਕਲੀ ਸੈਨਾ ਦੇ ਕਮਾਂਡਰ ਕਰ ਰਹੇ ਸਨ, ਹਜ਼ਾਰਾਂ ਦੀ ਗਿਣਤੀ ਵਿਚ ਪੰਡਾਲ ਵਿੱਚੋਂ ਬਾਹਰ ਆ ਕੇ ਪਹਿਲਾਂ ਲਾਠੀਆਂ, ਬੰਦੂਕਾਂ, ਇੱਟਾਂ, ਰੋੜਿਆਂ, ਤੇਜ਼ਾਬ ਦੀਆਂ ਬੋਤਲਾਂ ਨਾਲ ਬਾਹਰ ਦੂਰ ਖੜੇ ਸਿੰਘਾਂ ਉੱਤੇ ਹਮਲਾ ਕਰ ਦਿੱਤਾ ਅਤੇ ਫਿਰ ਤੀਰ ਅਤੇ ਗੋਲੀਆਂ

www.AKJ.Org

ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਨਿਰੰਕਾਰੀਆਂ ਕੋਲ ਕੁਝ ਵਿਸ਼ੇਸ਼ ਕਿਸਮ ਦੇ ਤੀਰ ਸਨ, ਜਿਨ੍ਹਾਂ ਨੂੰ ਖ਼ਾਸ ਤਰ੍ਹਾਂ ਦੇ ਮਸ਼ੀਨੀ ਪ੍ਰੈਸ਼ਰ ਨਾਲ ਚਲਾਇਆ ਗਿਆ। ਇਸ ਸਮੇਂ ਤਕ ਵੱਡੇ ਪੁਲਿਸ ਅਫ਼ਸਰ ਵੀ ਪੁਲਿਸ ਦੀ ਭਾਰੀ ਗਿਣਤੀ ਨਾਲ ਪੁੱਜ ਚੁੱਕੇ ਸਨ। ਨਿਰੰਕਾਰੀਆਂ ਵੱਲੋਂ ਹਮਲਾ ਕਰਨ 'ਤੇ ਪੁਲਿਸ ਨੇ ਵੀ ਸਿੱਖ ਸੰਗਤਾਂ ਨੂੰ ਤਿਤਰ-ਬਿਤਰ ਕਰਨ ਲਈ ਹੰਝੂ ਗੈਸ ਦੇ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ ਤੇ ਬਾਅਦ ਵਿਚ ਗੋਲੀ ਵੀ ਚਲਾਈ। ਨਕਲੀ ਨਿਰੰਕਾਰੀਆਂ ਵੱਲੋਂ ਹਥਿਆਰਬੰਦ ਹਮਲਾ ਕਰਨ ਤੋਂ ਬਾਅਦ, ਇਸ ਇਕ-ਪਾਸੜ ਹਮਲੇ ਕਾਰਨ ਉਥੇ ਖੜੇ 70-80 ਦੇ ਕਰੀਬ ਸਿੰਘ ਜ਼ਖ਼ਮੀ ਹੋ ਕੇ ਜ਼ਮੀਨ 'ਤੇ ਡਿੱਗ ਪਏ। ਭਾਈ ਫ਼ੌਜਾ ਸਿੰਘ, ਅਮੋਲਕ ਸਿੰਘ, ਭਾਈ ਕੇਵਲ ਸਿੰਘ, ਭਗਵਾਨ ਸਿੰਘ ਦਾ ਜਥਾ ਅੱਗੇ ਸੀ, ਭਾਈ ਫ਼ੌਜਾ ਸਿੰਘ ਨੂੰ ਦੋ ਪਾਸਿਆਂ ਤੋਂ ਗੋਲੀਆਂ ਦਾ ਸਾਹਮਣਾ ਕਰਨਾ ਪਿਆ, ਇਕ ਪਾਸਿਉਂ ਪੁਲਿਸ ਦੀ ਗੋਲੀ ਚੱਲ ਰਹੀ ਸੀ, ਦੂਜੇ ਪਾਸੇ ਨਿਰੰਕਾਰੀਆਂ ਦੀ। ਇਹ ਸਾਰੇ ਸਿੰਘ ਗਤਕੇ ਦੇ ਮਾਹਿਰ ਹੋਣ ਕਰਕੇ ਰਵਾਇਤੀ ਹਥਿਆਰਾਂ ਨਾਲ ਪੂਰਾ ਮੁਕਾਬਲਾ ਕਰ ਰਹੇ ਸਨ ਤੇ ਜ਼ਖ਼ਮੀ ਹੋਣ ਦੇ ਬਾਵਜੂਦ ਵੀ ਡਟੇ ਰਹੇ। ਭਾਈ ਫ਼ੌਜਾ ਸਿੰਘ ਜੀ ਕਿਸੇ ਤੋਂ ਕਾਬੂ ਨਹੀਂ ਆ ਰਹੇ ਸਨ। ਉਨ੍ਹਾਂ ਦੇ ਸੱਜੇ ਹੱਥ ਵਿਚ ਤਲਵਾਰ ਸੀ ਤੇ ਖੱਬੇ ਹੱਥ ਵਿਚ ਢਾਲ ਸੀ, ਜਿਸ ਨਾਲ ਉਹ ਪੱਥਰਾਂ, ਬੋਤਲਾਂ, ਡਾਂਗਾਂ ਤੇ ਗੋਲੀਆਂ ਨੂੰ ਰੋਕ ਰਹੇ ਸਨ। ਇਤਨੇ ਨੂੰ ਪੁਲਿਸ ਦੇ ਡੀ.ਐੱਸ.ਪੀ. (ਜੋਸ਼ੀ), ਜੋ ਭਾਈ ਫ਼ੌਜਾ ਸਿੰਘ ਨੂੰ ਗੁਰਦਾਸਪੁਰ ਤੋਂ ਜਾਣਦਾ ਸੀ, ਨੇ ਗਾਲ੍ਹਾਂ ਕੱਢਦਿਆਂ ਵੰਗਾਰਿਆ ਤੇ ਕਿਹਾ: "ਤੂੰ ਹੀ ਅਸਲ ਪੁਆੜੇ ਦੀ ਜੜ੍ਹ ਹੈਂ", ਇਨ੍ਹਾਂ ਬੋਲਾਂ ਨਾਲ ਹੀ ਉਸ ਨੇ ਆਪਣੀ ਰਿਵਾਲਵਰ ਨਾਲ ਇਕ ਗੋਲੀ ਭਾਈ ਫ਼ੌਜਾ ਸਿੰਘ ਜੀ ਦੀ ਪੁੜਪੁੜੀ ਵਿਚ ਮਾਰੀ ਜੋ ਉਨ੍ਹਾਂ ਦੇ ਕੰਨ ਕੋਲੋਂ ਦਿਮਾਗ਼ ਨੂੰ ਚੀਰਦੀ ਪਾਰ ਹੋ ਗਈ। ਭਾਈ ਫ਼ੌਜਾ ਸਿੰਘ ਜੀ ਸਖ਼ਤ ਜ਼ਖ਼ਮੀ ਹੋ ਕੇ ਥੱਲੇ ਡਿੱਗ ਪਏ ਤੇ ਨਾਲ ਹੀ ਉਨ੍ਹਾਂ ਦੀ ਦਸਤਾਰ ਥੱਲੇ ਡਿੱਗੀ, ਭਾਈ ਫ਼ੌਜਾ ਸਿੰਘ ਦਸਤਾਰ ਸੰਭਾਲਣ ਲੱਗੇ, ਉੱਪਰੋਂ ਗੋਲੀਆਂ ਦੀ ਬੁਛਾੜ ਹੋਰ ਹੋਣ ਲੱਗ ਪਈ। ਉਨ੍ਹਾਂ ਦੇ ਸਾਥੀ ਕੇਵਲ ਸਿੰਘ ਨੇ ਫ਼ੌਜਾ ਸਿੰਘ ਦਾ ਸਿਰ ਆਪਣੀ ਢਾਲ ਨਾਲ ਢੱਕ ਕੇ ਕਿਹਾ: "ਓਏ ਵੀਰਾ, ਦੇਖੀਂ ਇਕੱਲਾ ਨਾ ਜਾਵੀਂ ਸਾਨੂੰ ਛੱਡ ਕੇ, ਅਸੀਂ ਵੀ ਨਾਲ ਹੀ ਜਾਣਾ ਹੈ।" ਇਨ੍ਹਾਂ ਸੂਰਬੀਰਾਂ ਵਿੱਚੋਂ ਨਾਲ ਦਾ ਸਾਥੀ ਭਾਈ ਅਮੋਲਕ ਸਿੰਘ ਜ਼ਖ਼ਮੀ ਰੂਪ ਵਿਚ ਅਧਮੋਇਆ ਹੋਇਆ ਹਸਪਤਾਲ ਵਿਚ ਲਿਆਂਦਾ ਗਿਆ। ਇਸ ਦੌਰਾਨ ਕਾਫ਼ੀ ਸੰਗਤਾਂ, ਜੋ ਰੋਸ ਵਿਖਾਵੇ ਵਿਚ ਨਾਲ ਗਈਆਂ ਸਨ, ਪਿੱਛੇ ਭੱਜਣ ਲੱਗ ਪਈਆਂ ਤਾਂ ਭਾਈ ਫ਼ੌਜਾ ਸਿੰਘ ਜੀ ਨੇ ਉਨ੍ਹਾਂ ਨੂੰ ਰੋਕਣ ਵਾਸਤੇ ਲਲਕਾਰਾ ਮਾਰਿਆ ਕਿ ਜੇ ਤੁਸੀਂ ਭੱਜਣਾ ਹੀ ਸੀ ਤਾਂ ਸਾਡੇ ਨਾਲ ਕਿਉਂ ਆਉਣਾ ਸੀ ਤੇ ਗੁਰੂ ਨੂੰ ਪਿੱਠ ਕਿਉਂ ਦਿਖਾਣੀ ਸੀ?

ਸ. ਹਜ਼ਾਰਾ ਸਿੰਘ ਡੀ.ਐੱਸ.ਪੀ. (ਰੀਟਾਇਰਡ ਗੁਰਦਾਸਪੁਰ) ਨੂੰ ਡਾਂਗਾਂ ਨਾਲ ਕੁੱਟਿਆ ਗਿਆ ਤੇ ਇਹ ਆਖ ਕੇ ਰੇਲਵੇ ਲਾਈਨ ਉੱਤੇ ਸੁੱਟ ਦਿੱਤਾ ਕਿ ਚਲੋ ਇਹ ਤਾਂ ਮਰ ਗਿਆ ਹੈ। ਪਰ ਭਾਈ ਹਜ਼ਾਰਾ ਸਿੰਘ ਪਿੱਛੋਂ ਸੰਭਲ ਗਏ ਤੇ ਉਥੋਂ ਚੁੱਕ ਕੇ ਹਸਪਤਾਲ ਲਿਆਂਦੇ ਗਏ। ਭਾਈ ਫ਼ੌਜਾ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਦੇ ਸਰੀਰਾਂ ਉੱਤੇ ਏਨੇ ਵਾਰ ਕੀਤੇ ਗਏ ਕਿ ਉਨ੍ਹਾਂ ਦੇ ਚਿਹਰੇ ਸਸਕਾਰ ਵੇਲੇ ਵੀ ਪਛਾਣੇ ਨਹੀਂ ਜਾ ਸਕਦੇ ਸਨ।

www.AKJ.Org

ਕੁਝ ਫ਼ੁਰਤੀਲੇ ਸਿੰਘ, ਜਿਨ੍ਹਾਂ ਵਿਚ ਭਾਈ ਗੁਰਚਰਨ ਸਿੰਘ ਲੁਧਿਆਣਾ ਵੀ ਸ਼ਾਮਲ ਸੀ, ਜੋ ਨਕਲੀ ਨਿਰੰਕਾਰੀਆਂ ਦੇ ਪੰਡਾਲ ਦੇ ਗੇਟ 'ਤੇ ਪਹੁੰਚਣ ਵਿਚ ਕਾਮਯਾਬ ਹੋ ਗਏ ਸਨ, ਨੂੰ ਵੀ ਡਾਂਗਾਂ ਮਾਰ-ਮਾਰ ਕੇ ਤੇ ਗੋਲੀਆਂ ਨਾਲ ਸ਼ਹੀਦ ਕਰ ਦਿੱਤਾ ਗਿਆ। ਦੂਰ ਖੜਾ ਨੌਜਵਾਨ ਭਾਈ ਧਰਮਵੀਰ ਸਿੰਘ ਇਕ ਸਿੰਘ ਨੂੰ ਚੁੱਕ ਕੇ ਲੈ ਜਾਣ ਲਈ ਅੱਗੇ ਵਧਿਆ ਤਾਂ ਅਚਾਨਕ ਹੀ ਦੂਜੀ ਗੋਲੀ ਆ ਲੱਗੀ। ਜ਼ਖ਼ਮੀ ਹੋਏ ਭਾਈ ਧਰਮਵੀਰ ਸਿੰਘ ਨੂੰ ਇਕ ਆਟੋ-ਰਿਕਸ਼ੇ ਉੱਤੇ ਕਾਕਾ ਤੇਜਿੰਦਰਪਾਲ ਸਿੰਘ (ਦੂਲਾ ਜੀ) ਅਤੇ ਭਾਈ ਕੇਸਰ ਸਿੰਘ ਜੀ ਪਾ ਕੇ ਅਜੀਤ ਨਗਰ ਲੈ ਕੇ ਪਹੁੰਚੇ। ਉਸ ਵੇਲੇ ਉਨ੍ਹਾਂ ਦੀ ਨਬਜ਼ ਚੱਲ ਰਹੀ ਸੀ, ਪਰੰਤੂ ਉਥੋਂ ਹਸਪਤਾਲ ਲਿਜਾਂਦੇ ਸਮੇਂ ਉਹ ਰਸਤੇ ਵਿਚ ਹੀ ਚੜ੍ਹਾਈ ਕਰ ਗਏ। ਭਾਈ ਅਵਤਾਰ ਸਿੰਘ ਖੁੱਡੇ ਵਾਲੇ ਜੋ ਨਿਹੰਗ ਸਿੰਘਾਂ ਵਾਂਗ ਦੁਮਾਲਾ ਸਜਾਉਂਦੇ ਸਨ, ਨੂੰ ਵੀ ਇਕ ਤੀਰ ਲੱਗਿਆ, ਜੋ ਉਸ ਤੋਂ ਕੱਢ ਨਾ ਹੋਇਆ ਅਤੇ ਉਨ੍ਹਾਂ ਦੇ ਪੁੱਤਰ ਨੇ ਜ਼ੋਰ ਨਾਲ ਖਿੱਚ ਕੇ ਕੱਢਿਆ। ਭਾਈ ਸਾਹਿਬ ਜੀ ਸਖ਼ਤ ਜ਼ਖ਼ਮੀ ਹੋਏ ਸੜਕ ਦੇ ਵਿਚਕਾਰ ਹੀ ਬੈਠ ਗਏ ਅਤੇ ਅੰਤਮ ਸਮਾਂ ਸਮਝ ਕੇ ਨਾਮ ਅਭਿਆਸ ਦਾ ਜਾਪ ਸ਼ੁਰੂ ਕਰ ਦਿੱਤਾ। ਉਨ੍ਹਾਂ ਉਥੇ ਬੈਠਿਆਂ ਨੂੰ ਹੀ ਤਲਵਾਰਾਂ ਤੇ ਡਾਂਗਾਂ ਨਾਲ ਮਾਰ-ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਸਾਹਿਬ ਜੀ ਦੇ ਨਾਲ ਉਨ੍ਹਾਂ ਦਾ ਸਪੁੱਤਰ ਵੀ ਸੀ, ਜੋ ਜ਼ਖ਼ਮੀ ਹੋ ਗਿਆ ਸੀ ਅਤੇ ਹਸਪਤਾਲ ਵਿਚ ਕੋਈ ਪੰਦਰਾਂ ਦਿਨ ਦਾਖ਼ਲ ਰਿਹਾ ਸੀ।

ਭਿੰਡਰਾਂਵਾਲੇ ਜਥੇ ਦੇ ਫ਼ੌਜੀ ਰਣਬੀਰ ਸਿੰਘ ਨੇ ਸੋਹਣੀ ਵੀਰਤਾ ਨਾਲ ਸ਼ਹੀਦੀ ਪਾਈ। ਉਨ੍ਹਾਂ ਦੇ ਸਾਥੀਆਂ ਨੇ ਵੀ ਆਪਣੇ ਪੱਖ ਤੋਂ ਬਚਾਉਣ ਦੇ ਉੱਦਮ ਕੀਤੇ। ਜਦੋਂ ਇਹ ਕੁਝ ਹੋ ਰਿਹਾ ਸੀ, ਪੁਲਿਸ ਨੇ ਨਿਰੰਕਾਰੀਆਂ ਉੱਪਰ ਕੋਈ ਐਕਸ਼ਨ ਨਹੀਂ ਲਿਆ, ਸਗੋਂ ਸਿੰਘਾਂ ਉੱਤੇ ਹੀ ਟੀਅਰ-ਗੈਸ ਦੇ ਗੋਲੇ ਛੱਡੇ ਜਾਂਦੇ ਰਹੇ, ਜਿਸ ਨਾਲ ਬੇਸੁੱਧ ਅਤੇ ਜ਼ਖ਼ਮੀ ਹੋਇਆਂ ਨੂੰ ਨਿਰੰਕਾਰੀਏ ਨਿਸ਼ਾਨਾ ਬਣਾਉਂਦੇ ਰਹੇ।

ਜਿਥੇ ਇਹ ਸਾਕਾ ਵਰਤਿਆ, ਉਹ ਥਾਂ ਨਿਰੰਕਾਰੀਆਂ ਦੇ ਪੰਡਾਲ ਤੋਂ 300 ਗ਼ਜ਼ ਦੀ ਦੂਰੀ ਉੱਤੇ ਵਾਕਿਆ ਹੈ, ਜਿਸ ਤੋਂ ਪ੍ਰਗਟ ਹੈ ਕਿ ਸਿੰਘ ਨਿਰੰਕਾਰੀਆਂ ਦੇ ਪੰਡਾਲ ਵਿਚ ਘੁਸਣ ਅਤੇ ਹੋਰ ਕਿਸੇ ਕਿਸਮ ਦੀ ਮੰਦੀ ਕਾਰਵਾਈ ਲਈ ਨਹੀਂ ਗਏ ਸਨ। ਨਿਰੰਕਾਰੀਆਂ ਨੇ ਖ਼ਬਰ ਪਾ ਕੇ ਆਪਣੀ ਪਹਿਲਾਂ ਹੀ ਸੋਚੀ-ਸਮਝੀ ਸਾਜ਼ਿਸ਼ ਅਧੀਨ ਪੰਡਾਲ ਤੋਂ ਬਾਹਰ ਆ ਕੇ ਸਿੱਖਾਂ ਦਾ ਕਤਲੇਆਮ ਕੀਤਾ, ਜਿਸ ਦੀ ਸਰਕਾਰੀ ਅਧਿਕਾਰੀ ਵੀ ਪੂਰੀ ਹਮਾਇਤ ਕਰਦੇ ਰਹੇ। ਇਹੋ ਕਾਰਨ ਹੈ ਕਿ ਸਾਕਾ ਵਰਤਣ ਦੇ ਤਿੰਨ ਘੰਟੇ ਪਿੱਛੋਂ ਤਕ ਵੀ ਉਨ੍ਹਾਂ ਦਾ ਜਲਸਾ ਚੱਲਦਾ ਰਿਹਾ, ਜਿਵੇਂ ਕੋਈ ਘਟਨਾ ਵਾਪਰੀ ਹੀ ਨਾ ਹੋਵੇ। ਸਿਆਸੀ ਸ਼ਹਿ ਪ੍ਰਾਪਤ ਹੋਣ ਕਾਰਨ ਪੁਲਿਸ ਅਤੇ ਕੁਝ ਸਰਕਾਰੀ ਅਫ਼ਸਰਾਂ ਦੀ ਮਿਲੀ-ਭੁਗਤ ਕਾਰਨ, ਇਕ ਵੱਡੇ ਅਫ਼ਸਰ ਨੇ ਨਕਲੀ ਬਾਬੇ ਨੂੰ ਸਰਕਾਰੀ ਸੁਰੱਖਿਆ ਦੇ ਕੇ ਅੰਮ੍ਰਿਤਸਰ ਤੋਂ ਬਾਹਰ ਕੱਢ ਦਿੱਤਾ ਤੇ ਦਿੱਲੀ ਪਹੁੰਚਾ ਦਿੱਤਾ।

ਨਿਰੰਕਾਰੀਆਂ ਵੱਲੋਂ ਵੈਸਾਖੀ ਨੂੰ ਅੰਮ੍ਰਿਤਸਰ ਵਿਚ ਜਲੂਸ ਕੱਢਣਾ ਅਤੇ ਦਿਲ-ਦੁਖਾਵੀਆਂ ਹਰਕਤਾਂ ਤੇ ਕਾਰਵਾਈਆਂ ਕਰਨ ਤੋਂ ਅਤੇ ਹਥਿਆਰਾਂ ਦੀ ਵਰਤੋਂ ਨਾਲ ਕੀਤੇ ਗਏ ਕਤਲੇਆਮ ਤੋਂ ਭੇਦ ਖੁੱਲ੍ਹਦਾ ਹੈ ਕਿ ਉਨ੍ਹਾਂ ਦੀ ਇਸ ਵਾਰੀ ਸਿੱਖਾਂ ਦੇ ਗੜ੍ਹ ਅੰਮ੍ਰਿਤਸਰ ਨੂੰ ਫ਼ਤਹਿ ਕਰ ਲੈਣ ਦੀ ਪੱਕੀ ਸਾਜ਼ਿਸ਼ ਤੇ ਪ੍ਰੋਗਰਾਮ ਸੀ।

www.AKJ.Org

ਨਿਰੰਕਾਰੀਆਂ ਨੇ ਆਪਣੇ ਮੇਲੇ ਲਈ ਹਜ਼ਾਰਾਂ ਰੁਪਈਆਂ ਦੇ ਇਸ਼ਤਿਹਾਰ ਅਖ਼ਬਾਰਾਂ ਵਿਚ ਦਿੱਤੇ, ਜੋ ਪੂਰੇ-ਪੂਰੇ ਸਫ਼ੇ 'ਤੇ ਮਹਾਸ਼ਾ ਅਤੇ ਕਮਿਊਨਿਸਟ ਅਖ਼ਬਾਰਾਂ ਨੇ ਛਾਪੇ ਸਨ। ਇਹੋ ਅਖ਼ਬਾਰ ਬਾਅਦ ਵਿਚ ਉਨ੍ਹਾਂ ਦੇ ਹੱਕ ਵਿਚ ਲਿਖਦੇ ਰਹੇ ਹਨ। ਮਹਾਸ਼ਾ ਜਗਤ ਨਾਰਾਇਣ ਅਤੇ ਪੰਜਾਬ ਦੇ ਵਜ਼ੀਰ ਹਿੱਤ ਅਭਿਲਾਸ਼ੀ ਨੇ ਇਸ ਸਮਾਗਮ ਵਿਚ ਭਾਸ਼ਣ ਕਰਨੇ ਸਨ ਤੇ ਇਹ ਦੋਵੇਂ ਅੰਮ੍ਰਿਤਸਰ ਪੁੱਜੇ ਹੋਏ ਸਨ। ਲਾਲਾ ਜਗਤ ਨਾਰਾਇਣ ਨੂੰ ਭਾਰੀ ਦੁੱਖ ਸੀ ਕਿ ਉਹ ਆਪਣੇ ਨਿਰੰਕਾਰੀ ਬਾਬੇ ਦੇ ਚਰਨਾਂ ਕੋਲ ਬੈਠ ਕੇ ਭਾਸ਼ਣ ਨਾ ਦੇ ਸਕਿਆ। ਜਿਥੋਂ ਤਕ ਮਹਾਸ਼ਿਆਂ, ਜਨਸੰਘੀਆਂ, ਕਮਿਊਨਿਸਟਾਂ ਦਾ ਸੰਬੰਧ ਹੈ, ਉਹ ਸਾਰੇ ਨਕਲੀ ਨਿਰੰਕਾਰੀ ਦੀ ਪਿੱਠ ਠੋਕਦੇ ਰਹੇ ਹਨ ਤਾਂ ਜੁ ਸਿੱਖਾਂ ਵਿੱਚੋਂ ਹੀ ਉੱਠੇ ਇਸ ਗੰਦ ਨੂੰ ਫੈਲਣ ਲਈ ਹੋਰ ਸ਼ਹਿ ਦਿੱਤੀ ਜਾਵੇ। ਇਹ ਅਖ਼ਬਾਰ ਸਿੱਖ ਗੁਰੂਆਂ ਬਾਰੇ ਤਾਂ ਅਦਬ ਭਾਵ ਵਾਲੇ ਸ਼ਬਦ ਵਰਤਦੇ ਨਹੀਂ ਸਨ, ਪਰ ਜਦੋਂ ਸਿੱਖਾਂ ਦੇ ਟਾਕਰੇ ਵਿਚ ਗੁਰੂ ਬਣਨ ਵਾਲਿਆਂ ਦੀ ਗੱਲ ਕਰਦੇ ਸਨ ਤਾਂ ਉਨ੍ਹਾਂ ਨੂੰ 'ਗੁਰੂ' ਲਿਖਦੇ ਸਨ, ਸਤਿਕਾਰ ਭਰੀ ਸ਼ਬਦਾਵਲੀ ਵੀ ਵਰਤਦੇ ਸਨ, ਤਾਂ ਜੁ ਸਿੱਖੀ ਲਹਿਰ ਇਸ ਤਰ੍ਹਾਂ ਲੀਰੋ-ਲੀਰ ਹੋ ਕੇ ਕਮਜ਼ੋਰ ਹੋਵੇ। ਖ਼ਬਰਾਂ ਵਿਚ ਜਾਣ-ਬੁੱਝ ਕੇ ਸ਼ਹੀਦਾਂ ਨੂੰ 'ਨਿਹੰਗ' ਲਿਖ ਕੇ ਤੇ ਮਨਘੜਤ ਫ਼ਬਤੀਆਂ ਵੀ ਉਡਾਉਂਦੇ ਸਨ।

ਜਿਥੋਂ ਤਕ ਸਾਰੇ ਹਾਲਾਤ ਤੋਂ ਪ੍ਰਗਟ ਹੁੰਦਾ ਹੈ, ਇਹ ਸਾਕਾ, ਸਿੰਘਾਂ ਵੱਲੋਂ ਕੇਵਲ ਜਾਨ 'ਤੇ ਖੇਡਣ ਵਾਲਾ ਤਾਂ ਹੈ ਸੀ, ਪਰ ਨਿਰੰਕਾਰੀਆਂ ਨੂੰ ਕਿਸੇ ਤਰ੍ਹਾਂ ਨੁਕਸਾਨ ਪਹੁੰਚਾਉਣ ਵਾਲਾ ਨਹੀਂ ਸੀ। ਜੇ ਅਜਿਹਾ ਹੁੰਦਾ ਤਾਂ ਪਹਿਲਾਂ ਸੋਚ-ਵਿਚਾਰ ਕੇ ਕੋਈ ਢੰਗ ਬਣਾਇਆ ਜਾਂਦਾ ਜਾਂ ਜਲੂਸ ਵਿਚ ਰੌਲਾ ਪਾਇਆ ਜਾਂਦਾ, ਜੋ ਖੁੱਲ੍ਹੀਆਂ ਸੜਕਾਂ 'ਤੋਂ ਹੀ ਲੰਘ ਰਿਹਾ ਸੀ। ਸਿੰਘਾਂ ਦਾ ਨਿਰੰਕਾਰੀ ਪੰਡਾਲ ਵੱਲ ਜਾਣਾ, ਜਿਥੇ ਕਿ ਇਕ ਲੱਖ ਦੇ ਕਰੀਬ ਉਸ ਦੇ ਚੇਲੇ ਜੁੜੇ ਹੋਏ ਸਨ, ਕਿਸੇ ਤਰ੍ਹਾਂ ਵੀ ਹਮਲਾ ਜਾਂ ਵਿਘਨ ਪਾਉਣ ਲਈ ਨਹੀਂ ਸੀ, ਆਪਣੀ ਗੱਲ ਅਤੇ ਰੋਸ ਪਹੁੰਚਾਉਣ ਲਈ ਜ਼ਰੂਰ ਸੀ। ਨਿਰੰਕਾਰੀਏ ਜਿਵੇਂ ਹਥਿਆਰ ਲੈ ਕੇ, ਇੱਟਾਂ-ਵੱਟੇ ਇਕੱਠੇ ਕਰ ਕੇ ਬੈਠੇ ਸਨ, ਉਸ ਤੋਂ ਪ੍ਰਗਟ ਹੈ ਕਿ ਉਨ੍ਹਾਂ ਵੱਲੋਂ ਹਰ ਤਰ੍ਹਾਂ ਦੀ ਤਿਆਰੀ ਸੀ। ਅਖ਼ਬਾਰ *ਟ੍ਰਿਬਿਊਨ* ਦਾ ਲਿਖਣਾ ਸੋਲ੍ਹਾਂ ਆਨੇ ਸਹੀ ਹੈ ਕਿ ਇਸ ਹਾਦਸੇ ਬਾਰੇ ਪੰਜਾਬ ਦੀ ਪੁਲਿਸ ਤੇ ਗੁਪਤ ਵਿਭਾਗ ਕੁਝ ਸੂਝ-ਬੂਝ ਵਰਤਦਾ ਤਾਂ ਇਹ ਦੁਖਦਾਈ ਕਾਂਡ ਨਹੀਂ ਵਾਪਰ ਸਕਦਾ ਸੀ। ਇਹ ਹਾਦਸਾ ਸਰਕਾਰੀ ਅਫ਼ਸਰਾਂ ਦੀ ਅਯੋਗਤਾ ਦਾ ਮੂੰਹ-ਬੋਲਦਾ ਚਿੱਤਰ ਹੈ। ਪੁਲਿਸ ਅਧਿਕਾਰੀ ਇਸ ਬੇਪ੍ਰਵਾਹੀ ਤੋਂ ਬਰੀ ਨਹੀਂ ਕਹੇ ਜਾ ਸਕਦੇ। ਇਹ ਸਪੱਸ਼ਟ ਹੀ ਹੈ ਕਿ ਜੋ ਕੁਝ ਵਾਪਰਿਆ, ਉਹ ਮਹੰਤ ਗੁਰਬਚਨ ਸਿੰਘ ਦੀ ਸ਼ਹਿ ਨਾਲ ਹੋਇਆ ਸੀ, ਜਿਸ ਦੀ ਸਿੱਧੀ ਜ਼ਿੰਮੇਵਾਰੀ ਲਾਲ ਕੁੜਤੀ ਵਾਲਿਆਂ ਅਤੇ ਅਨੰਦ ਮਾਰਗੀ ਵਾਲੇ ਮਹੰਤ ਵਾਂਗ, ਉਸੇ ਦੀ ਹੈ।

www.AKJ.Org

## ਨਕਲੀ ਨਿਰੰਕਾਰੀਆਂ ਵੱਲੋਂ 13 ਸਿੰਘ ਸ਼ਹੀਦ ਕਰਨ ਦੀ ਕਹਾਣੀ

# ਪ੍ਰਤੱਖ ਦਰਸ਼ੀਆਂ ਦੀ ਜ਼ੁਬਾਨੀ

*—ਗੁਰਪੁਰਵਾਸੀ ਸ. ਹਰਚਰਨ ਸਿੰਘ ਜੀ*
*ਸਾਬਕਾ ਚੀਫ਼ ਸਕੱਤਰ, ਸ਼੍ਰੋ.ਗੁ.ਪ੍ਰ. ਕਮੇਟੀ*

ਸਰਦਾਰ ਅਮੋਲਕ ਸਿੰਘ, ਅਖੰਡ ਕੀਰਤਨੀ ਜਥੇ ਵਾਲੇ, ਭਾਰਤੀ ਹਵਾਈ ਫ਼ੌਜ ਵਿਚ ਨੌਕਰੀ ਕਰਦੇ ਸਨ, ਇਸ ਸ਼ਾਂਤਮਈ ਜਲੂਸ ਵਿਚ ਸ਼ਾਮਲ ਸਨ। ਇਸ ਖ਼ੂਨੀ ਵਾਰਦਾਤ ਸਮੇਂ, ਅਨੂਪ ਸਿੰਘ ਪੁਲਿਸ ਇੰਸਪੈਕਟਰ ਮੌਕੇ 'ਤੇ ਸਨ। ਬਾਕੀ ਪੁਲਿਸ ਅਫ਼ਸਰਾਂ, ਜਿਨ੍ਹਾਂ ਵਿਚ ਇਕਬਾਲ ਸਿੰਘ ਲਾਲਪੁਰਾ ਵੀ ਸਨ, ਨੇ ਰਲ ਕੇ ਇਸ ਕੇਸ ਦਾ ਚਲਾਨ ਬਣਾਇਆ। ਅਨੂਪ ਸਿੰਘ ਨੇ ਕੇਸ ਦੀ ਪੈਰਵੀ ਅਦਾਲਤ ਵਿਚ ਕੀਤੀ ਸੀ। ਹਰਬੀਰ ਸਿੰਘ ਭੰਵਰ ਅਤੇ ਦਲਬੀਰ ਸਿੰਘ ਪੱਤਰਕਾਰ ਉਸ ਵੇਲੇ ਅੰਮ੍ਰਿਤਸਰ ਵਿਚ ਸਨ ਤੇ ਉਨ੍ਹਾਂ ਨੇ ਆਪਣੀ ਰਿਪੋਰਟ ਅਖ਼ਬਾਰ ਨੂੰ ਭੇਜੀ ਸੀ। ਇਨ੍ਹਾਂ ਤੋਂ ਇਲਾਵਾ ਬੀਬੀ ਅਮਰਜੀਤ ਕੌਰ ਧਰਮ ਪਤਨੀ ਸ਼ਹੀਦ ਭਾਈ ਫ਼ੌਜਾ ਸਿੰਘ ਜੀ ਦੀ ਇੰਟਰਵਿਊ ਵੀ ਲੇਖਕ ਨੇ ਕੀਤੀ ਹੈ ਤਾਂ ਜੋ ਅਸਲ ਸੱਚ ਨਿਖਰ ਕੇ ਸਾਹਮਣੇ ਆ ਸਕੇ।

### ਨਕਲੀ ਨਿਰੰਕਾਰੀ ਹਨ ਕੀ ?

ਇਸ ਸਭ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੋਵੇਗਾ ਕਿ ਇਹ ਆਪਣੇ ਆਪ ਬਣੇ ਨਿਰੰਕਾਰੀ ਗੁਰੂ ਹਨ ਕੀ ਤੇ ਇਨ੍ਹਾਂ ਦਾ ਪਿਛੋਕੜ ਕੀ ਹੈ ? ਗੁਰੂ ਨਾਨਕ ਸਾਹਿਬ ਨੇ ਸਿੱਖ ਮਤ ਦੀ ਸਥਾਪਨਾ ਕੀਤੀ ਤੇ ਸਿਵਾਇ ਅਕਾਲ ਪੁਰਖ ਤੋਂ ਕਿਸੇ ਹੋਰ ਦੇਵੀ-ਦੇਵਤੇ ਅਤੇ ਬੁੱਤ-ਪ੍ਰਸਤੀ ਤੋਂ ਸਿੱਖਾਂ ਨੂੰ ਵਰਜਿਆ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜ ਕੇ ਦੇਹਧਾਰੀ ਗੁਰੂ ਪ੍ਰਥਾ ਨੂੰ ਹਮੇਸ਼ਾਂ ਲਈ ਖ਼ਤਮ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਕੇ 'ਆਗਿਆ ਭਈ ਅਕਾਲ ਕੀ' ਕਹਿ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਦਿ-ਜੁਗਾਦਿ ਤਕ ਗੁਰੂ ਮੰਨਣ ਦਾ ਹੁਕਮ ਕੀਤਾ। ਕੁਝ ਸਮੇਂ ਉਪਰੰਤ ਸਿੱਖ ਬ੍ਰਾਹਮਣਵਾਦ ਦੇ ਪ੍ਰਭਾਵ ਨੂੰ ਮੰਨਦੇ ਹੋਏ ਦੇਵੀ-ਦੇਵਤਿਆਂ ਨੂੰ ਅਤੇ ਬੁੱਤ-ਪ੍ਰਸਤੀ ਵੀ ਮੰਨਣ ਲੱਗ ਪਏ। ਤਕਰੀਬਨ ਇਸੇ ਸਮੇਂ ਬਾਬਾ ਦਿਆਲ, ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਵੀ ਸਨ, ਨੇ ਗੁਰਮਤਿ ਮਰਿਆਦਾ ਅਨੁਸਾਰ ਆਪਣਾ ਜੀਵਨ ਜੀਊਣ ਦਾ ਨਿਸਚਾ ਕੀਤਾ। ਉਨ੍ਹਾਂ ਨੇ 'ਨਿਰੰਕਾਰੀ ਦਰਬਾਰ' ਬਣਾਇਆ ਤੇ ਉਪਦੇਸ਼ ਦਿੱਤਾ ਕਿ ਅਕਾਲ ਪੁਰਖ ਨਿਰੰਕਾਰ ਹੈ ਤੇ ਸਿੱਖ ਮੂਰਤੀ ਤੇ ਬੁੱਤ ਪੂਜਾ ਤੋਂ ਦੂਰ ਰਹਿਣ। ਬਾਬਾ ਦਿਆਲ ਤੋਂ ਬਾਅਦ ਬਾਬਾ ਦਰਬਾਰਾ ਸਿੰਘ, ਫਿਰ ਬਾਬਾ ਰੱਤਾ ਜੀ, ਬਾਬਾ ਗੁਰਦਿੱਤ ਸਿੰਘ ਤੇ ਉਸ ਤੋਂ ਉਪਰੰਤ

ਬਾਬਾ ਹਰਾ ਸਿੰਘ (1887 ਤੋਂ 1971 ਈਸਵੀ ਤਕ) ਹੋਏ। ਇਹ ਨਿਰੰਕਾਰੀ ਦਰਬਾਰ ਦੇਸ਼ ਦੇ ਬਟਵਾਰੇ ਤੋਂ ਬਾਅਦ ਰਾਵਲਪਿੰਡੀ ਤੋਂ ਚੰਡੀਗੜ੍ਹ ਆ ਗਿਆ ਤੇ ਬਾਬਾ ਗੁਰਬਖ਼ਸ਼ ਸਿੰਘ ਇਸ ਦੇ ਮੁਖੀ ਬਣੇ ਅਤੇ ਇਹ ਅੱਖਾਂ ਦੇ ਮਸ਼ਹੂਰ ਡਾਕਟਰ (ਮਰਹੂਮ) ਮਾਨ ਸਿੰਘ ਨਿਰੰਕਾਰੀ ਦੇ ਵੱਡੇ ਭਰਾ ਸਨ।

ਬਾਬਾ ਗੁਰਦਿੱਤ ਸਿੰਘ ਜਦੋਂ ਨਿਰੰਕਾਰੀ ਦਰਬਾਰ ਦੇ ਮੁਖੀ ਸਨ ਤਾਂ ਇਸ ਦਰਬਾਰ ਦਾ ਇਕ ਸੇਵਕ ਬੂਟਾ ਸਿੰਘ, ਜੋ ਕੀਰਤਨੀਆ ਸੀ, ਨਸ਼ਿਆਂ ਵਿਚ ਗ਼ਲਤਾਨ ਹੁੰਦਾ, ਹੋਰ ਵੀ ਕਈ ਐਬਾਂ ਵਿਚ ਗ੍ਰਸਤ ਹੋ ਗਿਆ। ਜਦੋਂ ਉਹ ਸਮਝਾਉਣ ’ਤੇ ਵੀ ਨਾ ਸੁਧਰਿਆ ਤਾਂ ਉਸ ਨੂੰ ਨਿਰੰਕਾਰੀ ਦਰਬਾਰ ਦੀ ਨੌਕਰੀ ਤੋਂ ਕੱਢ ਦਿੱਤਾ ਗਿਆ। ਉਹ ਬੂਟਾ ਸਿੰਘ ਰਾਵਲਪਿੰਡੀ ਛੱਡ ਕੇ ਪਿਸ਼ਾਵਰ ਆ ਪਹੁੰਚਿਆ ਤੇ ਉਥੇ ਉਹ ਅਵਤਾਰ ਸਿੰਘ, ਜੋ ਕਿ ਉਸ ਵਾਂਗ ਹੀ ਛਕਣ ਛਕਾਉਣ ਵਾਲਾ ਐਬੀ-ਕਬਾਬੀ ਸੀ ਅਤੇ ਬੇਕਰੀ ਦਾ ਕੰਮ ਕਰਦਾ ਸੀ, ਨਾਲ ਆ ਮਿਲਿਆ। ਉਨ੍ਹਾਂ ਦੋਹਾਂ ਨੇ ਰਲ ਕੇ ਆਪਣਾ ‘ਨਿਰੰਕਾਰੀ ਮੰਡਲ’ ਬਣਾ ਕੇ ਆਪਣੀ ਡਫਲੀ ਵਜਾਉਣੀ ਸ਼ੁਰੂ ਕਰ ਦਿੱਤੀ। ਬੂਟਾ ਸਿੰਘ ਸੰਨ 1943 ਈ. ਵਿਚ ਗੁਜ਼ਰ ਗਿਆ ਤੇ ਅਵਤਾਰ ਸਿੰਘ ਆਪ ਗੁਰੂ ਬਣ ਬੈਠਾ। ਦੇਸ਼ ਦੇ ਬਟਵਾਰੇ ਤੋਂ ਬਾਅਦ ਇਸ ਨੇ ਪਹਾੜ ਗੰਜ, ਦਿੱਲੀ ਵਿਚ ਨਿਰੰਕਾਰੀ ਮੰਡਲ ਦਾ ਦਫ਼ਤਰ ਬਣਾ ਲਿਆ। ਇਹ ਸਾਰੀ ਗੱਲ ਲੇਖਕ ਨੂੰ ਡਾਕਟਰ ਮਾਨ ਸਿੰਘ ਨਿਰੰਕਾਰੀ ਨੇ ਆਪ ਦੱਸੀ ਸੀ। ਦੇਸ਼ ਦੀਆਂ ਸਰਕਾਰਾਂ ਤੇ ਆਰੀਆ ਸਮਾਜ ਨੇ ਇਸ ਮੰਡਲ ਦੀ ਪਿੱਠ ਪੂਰਨੀ ਸ਼ੁਰੂ ਕਰ ਦਿੱਤੀ, ਕਿਉਂਕਿ ਇਹ ਸਿੱਖ ਆਦਰਸ਼ ਦੇ ਉਲਟ ਚੱਲਦੇ ਸਨ। ਗੁਰਬਚਨ ਸਿੰਘ, ਜੋ ਅਵਤਾਰ ਸਿੰਘ ਦਾ ਪੁੱਤਰ ਸੀ, ਪਿਤਾ ਦੀ ਮੌਤ ਤੋਂ ਬਾਅਦ ਆਪ ਗੁਰੂ ਬਣ ਬੈਠਾ ਤੇ ਆਪਣੀ ਪੂਜਾ ਕਰਵਾਉਣ ਲੱਗ ਪਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਆਪਣੀ ਕੁਰਸੀ ਆਸਣ ਲਾ ਕੇ, ਗੁਰਬਾਣੀ ਦੇ ਅਰਥਾਂ ਨੂੰ ਤੋੜ-ਮਰੋੜ ਕੇ ਲੋਕਾਂ ਵਿਚ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਆਪਣੇ ਝੂਠੇ ਪ੍ਰਵਚਨਾਂ ਵਿਚ ਗੁਰੂ ਸਾਹਿਬਾਨ ਪ੍ਰਤੀ ਗ਼ਲਤ ਸ਼ਬਦਾਵਲੀ ਵਰਤਣ ਲੱਗ ਪਿਆ। ਇਸ ਬਾਰੇ ਸਿੱਖ ਸੰਗਤ ਵੱਲੋਂ ਵਿਰੋਧ ਹੋਇਆ ਪਰ ਉਨ੍ਹਾਂ ਕਿਸੇ ਗੱਲੋਂ ਇਸ ਗੱਲ ਦੀ ਪਰਵਾਹ ਨਾ ਮੰਨੀ। ਕਈਆਂ ਥਾਵਾਂ ’ਤੇ ਸਿੱਖ ਸੰਗਤਾਂ ਤੇ ਖ਼ਾਸਕਰ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਦੇ ਸਹਿਯੋਗ ਨਾਲ ਜਥਾ ਭਿੰਡਰਾਂ (ਮਹਿਤਾ) ਦੇ ਮੁਖੀ ਬਾਬਾ ਗਿਆਨੀ ਕਰਤਾਰ ਸਿੰਘ ਜੀ ਭਿੰਡਰਾਂਵਾਲਿਆਂ ਦੀ ਸਰਪ੍ਰਸਤੀ ਹੇਠਾਂ ਅੰਮ੍ਰਿਤਸਰ ਤੇ ਗੁਰਦਾਸਪੁਰ ਵਿਚ ਨਕਲੀ ਨਿਰੰਕਾਰੀਆਂ ਦੇ ਛੋਟੇ ਇਕੱਠਾਂ ਦੌਰਾਨ ਕਈ ਝੜਪਾਂ ਵੀ ਹੋਈਆਂ। ਸਿੱਖਾਂ ਨੂੰ ਨਕਲੀ ਨਿਰੰਕਾਰੀਆਂ ਦੇ ਇਸ ਕੂੜ ਪ੍ਰਚਾਰ ਤੇ ਕਥਨੀ ਬਾਰੇ ਬਹੁਤ ਇਤਰਾਜ਼ ਸੀ।

ਸੰਨ 1978 ਦੀ ਵਿਸਾਖੀ ਵਾਲੇ ਦਿਨ ਇਹ ਘਟਨਾ ਕਿਵੇਂ ਹੋਈ ? ਇਸ ਤੋਂ ਪਹਿਲਾਂ ਨਕਲੀ ਨਿਰੰਕਾਰੀਆਂ ਬਾਰੇ ਸਿੱਖਾਂ ਦੀ ਕੀ ਭਾਵਨਾ ਸੀ ? ਇਸ ਬਾਰੇ ਅਨੂਪ ਸਿੰਘ ਪੁਲਿਸ ਇੰਸਪੈਕਟਰ, ਜਿਹੜੇ 13 ਅਪ੍ਰੈਲ 1978 ਵਾਲੇ ਇਸ ਖ਼ੂਨੀ ਸਾਕੇ ਸਮੇਂ ਹਾਜ਼ਰ ਸਨ, ਕੀ ਕਹਿੰਦੇ ਹਨ ? ਜੋ ਕੁਝ ਉਨ੍ਹਾਂ ਨੇ ਆਪਣੀ ਇੰਟਰਵਿਊ ਵਿਚ ਰਿਕਾਰਡ ਕਰਵਾਇਆ, ਪਾਠਕਾਂ ਸਾਹਮਣੇ ਹਾਜ਼ਰ ਹੈ :

ਸਰਦਾਰ ਅਨੂਪ ਸਿੰਘ ਦੱਸਦੇ ਹਨ, “ਬਾਬਾ ਕਰਤਾਰ ਸਿੰਘ ਜੀ ਭਿੰਡਰਾਂਵਾਲੇ ਇਕ ਧਾਰਮਿਕ ਇਨਸਾਨ ਸਨ। ਇਸ ਜਥੇ ਵਾਲਿਆਂ ਨੂੰ ਇਤਰਾਜ਼ ਸੀ ਕਿ ਨਕਲੀ

www.AKJ.Org

ਨਿਰੰਕਾਰੀ ਆਪ ਉੱਚੀ ਥਾਂ 'ਤੇ ਬੈਠਦੇ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨੀਵੀਂ ਥਾਂ 'ਤੇ ਕਰਦੇ ਹਨ। ਇਹ ਨਕਲੀ ਨਿਰੰਕਾਰੀ ਬਾਣੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੋਲਦੇ ਹਨ ਪਰ ਜਿਥੇ ਗੁਰੂ ਦਾ ਸ਼ਬਦ ਆਉਂਦਾ ਹੈ, ਉਥੇ ਇਹ ਕਿਹਾ ਜਾਂਦਾ ਹੈ ਕਿ 'ਨਿਰੰਕਾਰੀ ਬਾਬਾ ਜੀ ਦਾ ਬਚਨ ਹੈ'।... ਝਗੜੇ ਦਾ ਮੁੱਢ ਇਥੋਂ ਸ਼ੁਰੂ ਹੋਇਆ ਕਿ ਦੀਨਾਨਗਰ (ਗੁਰਦਾਸਪੁਰ) ਕੋਲ ਇਕ ਭੱਠੇ ਵਾਲੇ, ਜੋ ਨਕਲੀ ਨਿਰੰਕਾਰੀਆਂ ਨਾਲ ਸੰਬੰਧਤ ਸੀ, ਨੇ ਨਕਲੀ ਨਿਰੰਕਾਰੀ ਇਕੱਠ ਬੁਲਾਇਆ ਸੀ। ਜਦੋਂ ਉਹ ਚੌਂਕ ਮਹਿਤਾ ਕੋਲੋਂ ਲੰਘਣ ਲੱਗੇ ਤਾਂ ਜਥਾ ਭਿੰਡਰਾਂ (ਮਹਿਤਾ) ਵਾਲਿਆਂ ਦੇ ਸਿੰਘਾਂ ਨੇ ਕਿਰਪਾਨਾਂ ਕੱਢ ਲਈਆਂ। ਇਕ ਹੋਰ ਪਿੰਡ ਨਿੱਕੇ ਘੁੰਮਣ ਵਿਚ ਵੀ ਇਸੇ ਤਰ੍ਹਾਂ ਹੀ ਹੋਇਆ। ਇਥੇ ਜਥੇ ਵਾਲਿਆਂ ਨੇ ਨਕਲੀ ਨਿਰੰਕਾਰੀਆਂ ਨੂੰ ਭਜਾ ਦਿੱਤਾ। ਉਨ੍ਹੀਂ ਦਿਨੀਂ ਗੁਰਦਾਸਪੁਰ ਦਾ ਡਿਪਟੀ ਕਮਿਸ਼ਨਰ ਨਿਰੰਜਨ ਸਿੰਘ ਸੀ, ਜੋ ਨਿਰੰਕਾਰੀਆਂ ਪ੍ਰਤੀ ਹਮਦਰਦੀ ਰੱਖਦਾ ਸੀ। ਉਸ ਨੂੰ ਬੜਾ ਮਹਿਸੂਸ ਹੋਇਆ, ਕਿਉਂਕਿ ਉਹ ਗੁਰਬਚਨ ਸਿੰਘ ਨਕਲੀ ਨਿਰੰਕਾਰੀ ਮੁਖੀ ਦੇ ਨੇੜੇ ਸੀ। ਉਸ ਨੇ ਕਿਹਾ, "ਹੁਣ ਨਿਰੰਕਾਰੀ ਬਾਬਿਆਂ ਨੂੰ ਬੁਲਾਓ, ਮੈਂ ਵੇਖਦਾ ਹਾਂ ਕਿ ਕਿਹੜਾ ਉਨ੍ਹਾਂ ਨੂੰ ਰੋਕਦਾ ਹੈ।"

"...ਗੁਰਬਚਨ ਸਿੰਘ ਤਾਂ ਬਹੁਤਾ ਹੁਸ਼ਿਆਰ ਨਹੀਂ ਸੀ। ਨਿਰੰਜਨ ਸਿੰਘ ਡੀ.ਸੀ., ਪ੍ਰਤਾਪ ਸਿੰਘ ਤੇ ਇਨ੍ਹਾਂ ਦੇ ਡੇਰੇ ਦੇ ਇਕ ਹੋਰ ਪ੍ਰਮੁੱਖ ਨੇ ਰਲ ਕੇ, ਇਸ ਸਾਰੇ ਸਮਾਗਮ ਦਾ ਪ੍ਰੋਗਰਾਮ ਰਚਿਆ ਸੀ। ਇਨ੍ਹਾਂ ਸਾਰਿਆਂ ਨੇ ਬਾਬੇ ਨੂੰ ਕਿਹਾ ਕਿ 'ਤੁਸੀਂ ਆਪਣੇ ਲਾਇਸੈਂਸ ਵਾਲੇ ਹਥਿਆਰ ਨਾਲ ਲੈ ਕੇ ਅੰਮ੍ਰਿਤਸਰ ਸਮਾਗਮ ਵਿਚ ਆਉਣਾ ਹੈ।'

ਇਸ ਪਿਛੋਕੜ ਵਾਰਤਾ ਨੂੰ ਇਥੇ ਰੱਖਦੇ ਹੋਏ, ਹੁਣ ਵੇਖੀਏ ਕਿ ਸ. ਅਮੋਲਕ ਸਿੰਘ ਜੋ ਇਸ ਰੋਸ ਮਾਰਚ ਵਿਚ ਸ਼ਾਮਲ ਸਨ, ਉਨ੍ਹਾਂ ਦਾ ਕੀ ਕਹਿਣਾ ਹੈ:

**ਸਵਾਲ : (ਸ. ਅਮੋਲਕ ਸਿੰਘ ਨੂੰ, ਜਿਹੜੇ ਇਸ ਰੋਸ ਮਾਰਚ ਵਿਚ ਨਾਲ ਸਨ) ਤੁਸੀਂ ਤਾਂ ਭਾਰਤੀ ਹਵਾਈ ਫ਼ੌਜ ਵਿਚ ਸੀ। ਤੁਸੀਂ ਅਖੰਡ ਕੀਰਤਨੀ ਜਥੇ ਵਿਚ ਕਦੋਂ ਸ਼ਮੂਲੀਅਤ ਕੀਤੀ ਤੇ ਵਿਸਾਖੀ ਵਾਲੇ ਦਿਨ ਤੁਸੀਂ ਅੰਮ੍ਰਿਤਸਰ ਕਿਵੇਂ ਸੀ?**

**ਜਵਾਬ** : ਮੈਂ ਅਖੰਡ ਕੀਰਤਨੀ ਜਥੇ ਵਿਚ ਸੰਨ 1972 ਦੌਰਾਨ ਸ਼ਾਮਲ ਹੋਇਆ ਸੀ ਤੇ ਇਸੇ ਜਥੇ ਦੇ ਸਮਾਗਮ ਦੇ ਸਿਲਸਿਲੇ ਵਿਚ ਵਿਸਾਖੀ ਵਾਲੇ ਦਿਨ ਅਜੀਤ ਨਗਰ ਵਿਚ ਕੀਰਤਨ ਦਾ ਅਨੰਦ ਲੈ ਰਹੇ ਸਾਂ ਕਿ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦਾ ਸੁਨੇਹਾ ਆਇਆ।

**ਸਵਾਲ : ਬਾਬਾ ਜਰਨੈਲ ਸਿੰਘ ਹੁਰਾਂ ਦਾ ਕੀ ਸੁਨੇਹਾ ਸੀ?**

**ਜਵਾਬ** : ਉਨ੍ਹਾਂ ਦਾ ਸੁਨੇਹਾ ਸੀ ਕਿ ਨਕਲੀ ਨਿਰੰਕਾਰੀਆਂ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਨਗਰੀ ਵਿਚ ਆ ਕੇ ਗੁਰੂ ਸਾਹਿਬਾਨ ਪ੍ਰਤੀ ਮੰਦੀ ਸ਼ਬਦਾਵਲੀ ਵਰਤੀ ਹੈ। ਇਨ੍ਹਾਂ ਨੇ ਜਲੂਸ ਵੀ ਕੱਢਿਆ ਹੈ, ਗੇਟ ਬਣਵਾਏ ਹਨ ਤੇ ਪੁਲਿਸ ਸੁਰੱਖਿਆ ਵੀ ਇਨ੍ਹਾਂ ਨੂੰ ਹੈ। ਇਨ੍ਹਾਂ ਨੂੰ ਬਾਦਲ ਦੀ ਸਰਕਾਰ ਤੇ ਅਕਾਲੀਆਂ ਨੇ ਵੀ ਨਹੀਂ ਰੋਕਿਆ। ਇਨ੍ਹਾਂ ਨਕਲੀ ਨਿਰੰਕਾਰੀਆਂ ਨੂੰ ਸ਼ਾਂਤਮਈ ਢੰਗ ਨਾਲ ਰੋਕਣਾ ਚਾਹੀਦਾ ਹੈ।

**ਸਵਾਲ : ਫਿਰ ਕੀ ਹੋਇਆ, ਇਹ ਸੁਨੇਹਾ ਮਿਲਣ ਉਪਰੰਤ?**

**ਜਵਾਬ** : ਅਸੀਂ ਗੁਰੂ ਰਾਮਦਾਸ ਸਰਾਂ ਵਿਚ ਗਏ, ਸਰਾਂ ਦੇ ਵੱਡੇ ਹਾਲ ਵਿਚ ਜਿਥੇ ਟਕਸਾਲ ਦੇ ਜਥੇ ਵਾਲੇ ਸਿੰਘ ਵੀ ਸਨ, ਅਸੀਂ ਸਾਰੇ ਬੈਠ ਗਏ ਤੇ ਸ਼ਬਦ ਪੜ੍ਹਨ

www.AKJ.Org

ਲੱਗੇ। ਇਥੋਂ ਪਾਸੇ ਹੋ ਕੇ ਇਕ ਮੀਟਿੰਗ ਹੋਈ, ਜਿਸ ਵਿਚ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਫ਼ੌਜਾ ਸਿੰਘ, ਭਾਈ ਅਵਤਾਰ ਸਿੰਘ ਖੁੱਡਾ ਕੁਰਾਲਾ ਵਾਲੇ ਤੇ ਚਾਰ-ਪੰਜ ਹੋਰ ਸਿੰਘ ਸਨ। ਫਿਰ ਹਾਲ ਵਿਚ ਆ ਕੇ ਬਾਬਾ ਜਰਨੈਲ ਸਿੰਘ ਹੁਰਾਂ ਨੇ ਇਸ ਇਕੱਠ ਨੂੰ ਸੰਬੋਧਨ ਕੀਤਾ ਤੇ ਕਿਹਾ ਕਿ ਨਕਲੀ ਨਿਰੰਕਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਤੋੜਦੇ-ਮਰੋੜਦੇ ਹਨ। ਸਿੱਖ ਗੁਰੂ ਸਾਹਿਬਾਨ ਪ੍ਰਤੀ ਮੰਦੀ ਬੋਲੀ ਦੀ ਵਰਤੋਂ ਕਰਦੇ ਹਨ ਤੇ ਉਨ੍ਹਾਂ ਦੇ ਸਮਾਗਮ ਵਿਚ ਆਪਣਾ ਸ਼ਾਂਤਮਈ ਰੋਸ ਪ੍ਰਗਟ ਕਰਨ ਲਈ ਕੁਝ ਸਿੰਘ ਉਥੇ ਜਾਣ। ਪੰਜ ਜਥੇ ਬਣਾਏ ਗਏ, ਕੁਝ ਅਖੰਡ ਕੀਰਤਨੀ ਜਥੇ ਦੇ ਸਿੰਘ ਤੇ ਕੁਝ ਦਮਦਮੀ ਟਕਸਾਲ ਦੇ ਸਿੰਘ ਸਨ। ਇਨ੍ਹਾਂ ਸਾਰਿਆਂ ਦੇ ਮੁੱਖ ਜਥੇਦਾਰ ਭਾਈ ਫ਼ੌਜਾ ਸਿੰਘ ਨੂੰ ਅਗਵਾਈ ਕਰਨ ਲਈ ਕਿਹਾ ਗਿਆ। ਅਖੰਡ ਕੀਰਤਨੀ ਜਥੇ ਦੇ ਕੋਈ 150 ਸਿੰਘ ਸਨ ਤੇ ਬਾਕੀ ਦਮਦਮੀ ਟਕਸਾਲ ਦੇ ਨੌਜਵਾਨ ਸਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਕਿਹਾ ਕਿ ਇਹ ਸਿੱਖ ਕੌਮ ਨੂੰ ਚੁਣੌਤੀ ਹੈ। ਅਸੀਂ ਗੁਰੂ ਦੇ ਬੱਚੇ ਹਾਂ ਤੇ ਪਿਤਾ ਦੀ ਸ਼ਾਨ ਵਾਸਤੇ ਜਾਣਾ ਹੈ, ਹਮਲਾ ਕਰਨ ਦੇ ਹਿਸਾਬ ਨਾਲ ਨਹੀਂ ਜਾਣਾ ਤੇ (ਜੇ ਇਹ ਵਿਚਾਰ ਹੁੰਦਾ ਤਾਂ ਜਾਨੀ ਨੁਕਸਾਨ ਕਿਤੇ ਜ਼ਿਆਦਾ ਹੋਣਾ ਸੀ) ਬਾਣੀ ਸਿਮਰਨ ਕਰਦਿਆਂ ਜਾਣਾ ਹੈ।

**ਸਵਾਲ : ਫਿਰ ਕੀ ਹੋਇਆ ?**

**ਜਵਾਬ** : ਪਹਿਲੇ ਜਥੇ ਤੋਂ ਬਾਅਦ ਕੁਝ ਮਿੰਟਾਂ ਮਗਰੋਂ ਦੂਜਾ ਜਥਾ ਤੇ ਮੈਂ ਤੀਜੇ ਜਥੇ ਵਿਚ ਸੀ।

**ਸਵਾਲ : ਕੁੱਲ ਫ਼ਾਸਲਾ ਗੁਰੂ ਰਾਮਦਾਸ ਸਰਾਂ ਤੋਂ ਕਿੰਨਾ ਕੁ ਸੀ ?**

**ਜਵਾਬ** : ਬਾਜ਼ਾਰ ਮਾਈ ਸੇਵਾਂ ਲੰਘ ਕੇ, ਗੁਰੂ ਬਾਜ਼ਾਰ, ਲੋਹਗੜ੍ਹ ਪਹੁੰਚ ਕੇ ਗੋਬਿੰਦਗੜ੍ਹ ਕਿਲ੍ਹੇ ਦੀ ਚਾਰਦੀਵਾਰੀ 'ਤੋਂ ਪਾਰ ਬੀ-ਬਲਾਕ ਦੇ ਰੇਲਵੇ ਦੇ ਮੈਦਾਨ ਵਿਚ ਨਕਲੀ ਨਿਰੰਕਾਰੀਆਂ ਦਾ ਸਮਾਗਮ ਸੀ। ਅਸੀਂ ਕੋਈ 250 ਸਿੰਘ ਸੀ।

**ਸਵਾਲ : ਜਦੋਂ ਤੁਸੀਂ ਸਿਮਰਨ ਕਰਦੇ ਹੋਏ ਨਕਲੀ ਨਿਰੰਕਾਰੀਆਂ ਦੀ ਸਮਾਗਮ ਵਾਲੀ ਜਗ੍ਹਾ ਦੇ ਲਾਗੇ ਪਹੁੰਚੇ ਤਾਂ ਫਿਰ ਕੀ ਹੋਇਆ ?**

**ਜਵਾਬ** : ਮਿਲਟਰੀ ਗੇਟ ਲੰਘਦੇ ਹੀ ਪੁਲਿਸ ਇੰਸਪੈਕਟਰ ਅਨੂਪ ਸਿੰਘ ਦੀ ਜੀਪ ਆ ਗਈ ਤੇ ਉਨ੍ਹਾਂ ਨੇ ਬਾਹਰ ਆ ਕੇ ਸਾਨੂੰ ਰੁਕ ਜਾਣ ਲਈ ਕਿਹਾ। ਇਹ ਥਾਂ ਰੇਲਵੇ ਮੈਦਾਨ ਤੋਂ ਤਕਰੀਬਨ 300 ਗਜ਼ ਦੀ ਦੂਰੀ 'ਤੇ ਸੀ। ਅਸੀਂ ਰੁਕ ਗਏ ਤੇ ਅਨੂਪ ਸਿੰਘ ਨੇ ਅਗਾਂਹ ਨਹੀਂ ਜਾਣ ਦਿੱਤਾ। ਅਸੀਂ ਕਿਹਾ ਕਿ ਸਾਡਾ ਰੋਸ ਵਿਖਾਵਾ ਹੈ, ਸਾਨੂੰ ਜਾਣ ਦਿਓ ਜਾਂ ਉਨ੍ਹਾਂ ਨੂੰ ਬੰਦ ਕਰਾਓ। ਉਨ੍ਹਾਂ ਕਿਹਾ ਕਿ ਮੈਂ ਬੰਦ ਕਰਵਾਉਂਦਾ ਹਾਂ।

**(ਇਥੇ ਸ. ਅਨੂਪ ਸਿੰਘ ਪੁਲਿਸ ਇੰਸਪੈਕਟਰ ਨਾਲ ਹੋਈ ਇੰਟਰਵਿਊ ਦੇ ਅੰਸ਼ ਲੜੀ ਨੂੰ ਜਾਰੀ ਰੱਖਣ ਲਈ ਠੀਕ ਹੋਣਗੇ।)**

**ਸਵਾਲ : ਸ. ਅਨੂਪ ਸਿੰਘ ਜੀ, ਤੁਸੀਂ ਉਸ ਇਲਾਕੇ ਦੇ ਪੁਲਿਸ ਵੱਲੋਂ ਇੰਚਾਰਜ ਸੀ, ਇਸ ਸਾਰੇ ਕਾਸੇ ਨੂੰ ਵਿਸਥਾਰ ਨਾਲ ਦੱਸੋ।**

**ਜਵਾਬ** : ਨਕਲੀ ਨਿਰੰਕਾਰੀਆਂ ਨੇ ਸਮਾਗਮ ਦੀ ਇਜਾਜ਼ਤ ਲਈ ਹੋਈ ਸੀ ਤੇ ਝਗੜੇ ਦਾ ਤਾਂ ਕੋਈ ਖ਼ਿਆਲ ਵੀ ਨਹੀਂ ਸੀ। ਮੇਰੀ ਡਿਊਟੀ ਮਾਲ ਮੰਡੀ ਲੱਗੀ

www.AKJ.Org

ਹੋਈ ਸੀ। ਸ. ਰਣਧੀਰ ਸਿੰਘ ਗਿੱਲ ਦੀ ਜਲੂਸ 'ਤੇ ਡਿਊਟੀ ਸੀ ਤੇ ਸਮਾਗਮ ਵਾਲੀ ਜਗ੍ਹਾ 'ਤੇ ਵੀ ਡਿਊਟੀ ਸੀ, ਜਿਥੇ ਇਹ ਵਾਕਿਆ ਹੋਇਆ। ਇਥੇ ਨਕਲੀ ਨਿਰੰਕਾਰੀਆਂ ਦਾ ਪੰਡਾਲ ਲੱਗਾ ਹੋਇਆ ਸੀ। ਇਕ ਗੁਰਦਿਆਲ ਸਿੰਘ ਇੰਸਪੈਕਟਰ ਮੇਰੇ ਕੋਲ ਭੱਜਾ ਆਇਆ ਤੇ ਮੈਨੂੰ ਕਹਿੰਦਾ ਕਿ 200-250 ਨਿਹੰਗ ਜਲੂਸ ਰੋਕਣ ਗਏ ਹਨ। ਮੈਂ ਕਿਹਾ, ਜਲੂਸ ਤਾਂ ਖ਼ਤਮ ਹੋ ਚੁੱਕਾ ਹੈ। ਸਰਕਾਰ ਨਾਲ ਹਮਦਰਦੀ ਹੋਣ ਕਰਕੇ ਥੋੜ੍ਹਾ ਜਿਹਾ ਝੂਠ ਬੋਲਿਆ ਸੀ ਕਿਉਂਕਿ ਪਰਕਾਸ਼ ਸਿੰਘ ਬਾਦਲ ਨਾਲ ਮੇਰੀ ਨੇੜਤਾ ਸੀ। ਗੁਰਦਿਆਲ ਸਿੰਘ ਰੰਧਾਵਾ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ ਅਤੇ ਐੱਸ.ਐੱਚ.ਓ. ਸੀ। ਮੈਂ ਉਸ ਨੂੰ ਫ਼ੋਨ ਕੀਤਾ। ਮੈਂ ਪੰਜ-ਸੱਤ ਮਿੰਟ ਇੰਤਜ਼ਾਰ ਕੀਤਾ। ਫਿਰ ਮੈਂ ਚੱਲ ਪਿਆ ਇਹ ਸੋਚ ਕੇ ਕਿ ਮੈਂ ਰੋਕਦਾ ਹਾਂ। ਮੈਂ ਹਾਥੀ ਗੇਟ ਵਾਲੇ ਪਾਸਿਉਂ ਲੰਘਦਾ ਅੱਗੇ ਗਿਆ ਤੇ ਉਨ੍ਹਾਂ ਸਿੰਘਾਂ ਨੂੰ ਵੇਖ ਲਿਆ। ਉਨ੍ਹਾਂ ਦੇ ਹੱਥਾਂ ਵਿਚ ਸੋਟੀਆਂ, ਡਾਂਗਾਂ ਤੇ ਕਈਆਂ ਕੋਲ ਕਿਰਪਾਨਾਂ ਸਨ। ਮੈਨੂੰ ਪਤਾ ਲੱਗਾ ਕਿ ਰਾਹ 'ਚ ਮੰਜੀਆਂ ਵਾਲੀਆਂ ਦੁਕਾਨਾਂ ਸਨ ਤੇ ਉਨ੍ਹਾਂ ਨੇ ਉਥੋਂ ਬਾਹੀਆਂ ਲੈ ਲਈਆਂ ਸਨ ਤੇ ਪੈਰੋਂ ਨੰਗੇ ਸਨ। ਦੋ ਜਾਂ ਤਿੰਨ ਕੋਲ ਬਰਛੇ ਸਨ। ਮੈਨੂੰ ਪਤਾ ਸੀ ਕਿ ਇਹ ਮੇਰੇ ਇਕੱਲੇ ਦੀ ਕੋਈ ਗੱਲ ਨਹੀਂ ਸੁਣਨਗੇ। ਮੈਂ ਜੀਪ ਅੱਗੇ ਰੋਕ ਲਈ ਤੇ ਸੋਚਿਆ ਕਿ ਬਾਅਦ ਵਿਚ ਇਕੱਠੇ ਹੋ ਕੇ ਗੱਲ ਕਰਦੇ ਹਾਂ। ਮੈਂ ਕਿਹਾ ਕਿ ਮੇਰੀ ਬੇਨਤੀ ਸੁਣੋ ਤੇ ਪੁੱਛਿਆ ਕਿ ਕਿਥੇ ਚੱਲੇ ਹੋ ? ਉਹ ਕਹਿਣ ਲੱਗੇ ਕਿ ਅਸੀਂ ਜਲੂਸ ਰੋਕਣਾ ਹੈ। ਮੈਂ ਕਿਹਾ ਕਿ ਜਲੂਸ ਤਾਂ ਖ਼ਤਮ ਹੋ ਚੁੱਕਾ ਹੈ।

ਉਹ ਕਹਿੰਦੇ ਕਿ ਨਕਲੀ ਨਿਰੰਕਾਰੀ ਸਾਡੇ ਗੁਰੂ ਸਾਹਿਬਾਨ ਨੂੰ ਬੁਰਾ-ਭਲਾ ਕਹਿੰਦੇ ਹਨ ਅਤੇ ਅਸੀਂ ਇਨ੍ਹਾਂ ਨੂੰ ਭਜਾਉਣਾ ਹੈ। ਮੈਂ ਕਿਹਾ ਕਿ ਤੁਸੀਂ ਕਿਉਂ ਭਜਾਉਂਦੇ ਹੋ, ਮੈਂ ਹੀ ਭਜਾ ਦਿਆਂਗਾ। ਉਨ੍ਹਾਂ ਨੂੰ ਇਸ ਜਗ੍ਹਾ ਤੋਂ ਅੱਗੇ ਨਾ ਜਾਣ ਲਈ ਕਿਹਾ। ਮੈਂ ਪੈਰ ਨਾਲ ਐਵੇਂ ਲਕੀਰ ਜਿਹੀ ਵਾਹ ਦਿੱਤੀ ਤੇ ਸਾਰੇ ਉਸ ਤੋਂ ਪਿੱਛੇ ਹੀ ਖੜੇ ਰਹੇ। ਮੈਂ ਕਿਹਾ ਕਿ ਮੈਂ ਵੀ ਉਸੇ ਗੁਰੂ ਦਾ ਸਿੱਖ ਹਾਂ, ਜਿਸ ਦੇ ਤੁਸੀਂ ਹੋ ਤੇ ਮੇਰੇ 'ਤੇ ਯਕੀਨ ਕਰੋ। ਉਹ ਮੰਨ ਗਏ।

ਮੈਂ ਗਿਆ ਤਾਂ ਸੋਬਤੀ ਖੜਾ ਸੀ। 400-500 ਬੰਦੇ ਨਕਲੀ ਨਿਰੰਕਾਰੀ ਸਨ ਤੇ ਉਹ ਗੇਟ ਅੱਗੇ ਖਲੋਤੇ ਸਨ। ਮੈਂ ਕਿਹਾ ਕਿ ਤੁਹਾਡੇ ਕੋਲ ਡਾਂਗਾਂ ਨੇ ਤੇ ਬਾਹਰ ਸਿੱਖਾਂ ਕੋਲ ਬਰਛੇ ਹਨ, ਤੁਸੀਂ ਕੋਈ ਮੁਕਾਬਲਾ ਕਰਨਾ ਹੈ ? ਮੈਂ ਕਿਹਾ ਕਿ ਟੈਲੀਫ਼ੋਨ ਕਰਨਾ ਹੈ। ਸਿੱਖ ਉਸ ਲਕੀਰ ਦੇ ਪਿਛਲੇ ਪਾਸੇ ਹੀ ਖੜੇ ਰਹੇ ਤੇ ਕੋਈ ਨਾ ਹਿੱਲਿਆ। ਸਿੱਖਾਂ ਦਾ ਮਤਲਬ ਸੀ ਕਿ ਸਮਾਗਮ ਹੋਵੇ ਹੀ ਨਾ ਤੇ ਉਹ ਇਥੋਂ ਚਲੇ ਜਾਣ। ਇਕ ਵਜੇ ਦਾ ਟਾਈਮ ਬਾਬਿਆਂ ਨੇ ਦਿੱਤਾ ਸੀ ਕਿ ਉਹ ਆਉਣਗੇ ਤੇ ਸਮਾਗਮ ਰਾਤ ਤਕ ਚੱਲਣਾ ਸੀ। ਇਹ ਕੋਈ ਟਾਈਮ 12.20 ਵਜੇ ਦਾ ਸੀ।

ਇਕ ਜਗ੍ਹਾ 'ਤੇ ਟੈਲੀਫ਼ੋਨ ਸੀ। ਉਪਰ ਸ਼ਾਮਿਆਨਾ ਲੱਗਾ ਸੀ। ਮੈਂ ਵੇਖਿਆ ਕਿ ਇਕ ਗੁੱਠ 'ਚ ਕੁਝ ਬੰਦੂਕਾਂ ਬਾਰਾਂ ਬੋਰ ਦੀਆਂ ਪਈਆਂ ਸਨ। ਇਹ 16-17 ਸਨ। ਮੈਂ ਹੈੱਡ ਕਲਰਕ ਨੂੰ ਫ਼ੋਨ ਕੀਤਾ ਤੇ ਕਿਹਾ ਕਿ ਤੂੰ ਅੰਦਰ ਜਾ, ਐੱਸ.ਪੀ. ਸਾਹਿਬ ਨੂੰ ਕਹਿ ਕਿ ਇਥੇ ਨਿਹੰਗਾਂ ਤੇ ਨਿਰੰਕਾਰੀਆਂ ਦਾ ਝਗੜਾ ਹੋ ਸਕਦਾ ਹੈ ਤੇ ਇਥੇ ਬੰਦੇ ਕਤਲ ਹੋ ਜਾਣਗੇ। ਮੇਰੇ ਕੋਲ ਫ਼ੋਰਸ ਹੈ ਨਹੀਂ ਤੇ ਫ਼ੋਰਸ ਲੈ ਕੇ ਆ ਜਾਣ।

www.AKJ.Org

ਹੈੱਡ ਕਲਰਕ ਕਹਿਣ ਲੱਗਾ ਕਿ ਤੁਸੀਂ ਆਪ ਗੱਲ ਕਰ ਲਓ। ਮੈਂ ਕਿਹਾ ਕਿ ਮੈਨੂੰ ਨੰਬਰ ਨਹੀਂ ਮਿਲਦਾ, ਇਸ ਕਰਕੇ ਤੈਨੂੰ ਕਿਹਾ ਹੈ। ਮੈਂ ਟੈਲੀਫ਼ੋਨ ਕਰ ਕੇ ਫਿਰ ਉਥੇ ਚਲਾ ਗਿਆ ਤੇ ਨਿਹੰਗ ਉਥੇ ਹੀ ਖੜੇ ਸਨ। ਮੈਂ ਨਿਰੰਕਾਰੀਆਂ ਨੂੰ ਪੁੱਛਿਆ ਕਿ ਤੁਹਾਡਾ ਕੀ ਪ੍ਰੋਗਰਾਮ ਹੈ ? ਉਨ੍ਹਾਂ ਕਿਹਾ ਕਿ ਬਾਬਾ ਜੀ ਆਉਣਗੇ ਤੇ ਸਾਡਾ ਪ੍ਰੋਗਰਾਮ ਦੋ ਵਜੇ ਸ਼ੁਰੂ ਹੋਵੇਗਾ।

ਮੈਂ ਸਿੰਘਾਂ ਕੋਲ ਆਇਆ ਤੇ ਐਵੇਂ ਝੂਠ ਬੋਲਿਆ ਕਿ ਮੈਂ ਉਨ੍ਹਾਂ ਦਾ ਪ੍ਰੋਗਰਾਮ ਬੰਦ ਕਰ ਆਇਆ ਹਾਂ। ਉਹ ਕਹਿਣ ਲੱਗੇ ਕਿ ਲਾਊਡ ਸਪੀਕਰ 'ਤੇ ਆਵਾਜ਼ ਤਾਂ ਆਉਂਦੀ ਹੈ। ਮੈਂ ਕਿਹਾ ਕਿ ਸਮਾਗਮ ਬੰਦ ਹੈ, ਇਹ ਤਾਂ ਵਲੰਟੀਅਰ ਬੋਲ ਰਹੇ ਹਨ, ਜਿਵੇਂ ਕਿਸੇ ਦਾ ਬੱਚਾ ਗੁਆਚ ਗਿਆ ਹੈ, ਇਹੋ ਜਿਹੀਆਂ ਅਨਾਊਂਸਮੈਂਟਾਂ ਹਨ। ਮੈਂ ਕਿਹਾ ਕਿ ਅਸੀਂ ਬੰਦ ਕਰਵਾ ਦਿੱਤਾ ਹੈ, ਬੱਸ ਮੈਂ ਏਨਾ ਕੁ ਝੂਠ ਹੀ ਬੋਲਿਆ। ਮੈਂ ਕਿਹਾ ਕਿ ਜੇ ਤੁਹਾਨੂੰ ਇਤਬਾਰ ਨਹੀਂ ਤਾਂ ਇਕ ਬੰਦਾ ਮੇਰੇ ਨਾਲ ਚੱਲੇ ਤੇ ਜਾ ਕੇ ਵੇਖ ਲੈਂਦੇ ਹਾਂ। ਉਹ ਇਸ ਗੱਲ ਨੂੰ ਮੰਨ ਗਏ ਤੇ ਕਹਿਣ ਲੱਗੇ ਕਿ ਸਾਡੇ ਪੰਜ ਸਿੰਘ ਜਾਣਗੇ। ਮੈਂ ਕਿਹਾ ਕਿ ਕਮਾਲ ਹੈ, ਅੱਖਾਂ ਇਕ ਸਿੰਘ ਦੀਆਂ ਵੀ ਉਹੀ ਹਨ ਤੇ ਪੰਜਾਂ ਦੀਆਂ ਵੀ ਉਹੀ ਹਨ। ਇਹ ਕੀ ਕਰਦੇ ਹੋ ? ਇਕ ਬੰਦਾ ਉਨ੍ਹਾਂ ਨੇ ਤਿਆਰ ਕਰ ਲਿਆ। ਉਹ ਥੋੜ੍ਹਾ ਮਧਰੇ ਕੱਦ ਦਾ ਸੀ ਤੇ ਨਿਹੰਗਾਂ ਵਾਲਾ ਚੋਲਾ ਪਾਇਆ ਹੋਇਆ ਸੀ।

ਇਕ ਗੱਲ ਹੋਰ ਦੱਸਾਂ, ਇਸ ਤੋਂ ਪਹਿਲਾਂ ਮੰਜੀ ਸਾਹਿਬ ਦੀਵਾਨ ਹੋ ਰਿਹਾ ਸੀ, ਜਿਥੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਜੀਵਨ ਸਿੰਘ ਉਮਰਾਨੰਗਲ ਸ਼ਾਇਦ ਐੱਮ.ਐੱਲ.ਏ. ਤੇ ਵਜ਼ੀਰ ਸਨ, ਉਹ ਵੀ ਸਟੇਜ 'ਤੇ ਸਨ। ਭਿੰਡਰਾਂਵਾਲੇ ਤਿੱਖੀ ਬੋਲੀ ਬੋਲਦੇ ਸਨ। ਮੈਂ ਹੈਰਾਨ ਸੀ ਕਿ ਉਹ ਉਮਰਾਨੰਗਲ ਨੂੰ ਕਹਿ ਰਹੇ ਸਨ, "ਤੂੰ ਸਰਕਾਰ ਦਾ ਮੰਤਰੀ ਹੈਂ, ਕਿਸੇ ਐੱਸ.ਐੱਸ.ਪੀ. ਨੂੰ ਫ਼ੋਨ ਕਰ ਤਾਂ ਕਿ ਕੋਈ ਕਿਸੇ ਕਿਸਮ ਦਾ ਫ਼ਸਾਦ ਨਾ ਹੋਵੇ।" ਆਪਸ ਵਿਚ ਸਟੇਜ 'ਤੇ ਬਹਿਸ ਚੱਲਦੀ ਰਹੀ। ਉਥੋਂ ਹੀ ਪੈਰੋਂ ਨੰਗੇ ਇਹ ਲੋਕ ਚੱਲ ਕੇ ਆਏ ਸਨ।

ਚਲੋ, ਮੈਂ ਕਿਹਾ। ਜਿਹੜਾ ਬੰਦਾ ਨਿਹੰਗ ਬਾਣੇ ਵਿਚ ਸੀ, ਉਸ ਨੂੰ ਕਿਹਾ ਕਿ ਇਹ ਬਰਛਾ ਕਿਰਪਾਨ ਕਾਹਦੇ ਵਾਸਤੇ ਹੈ ? ਮੈਂ ਕਿਹਾ ਕਿ ਖ਼ਾਲੀ ਹੱਥ ਬੜੇ ਸੋਹਣੇ ਨੇ ਤੇ ਬਰਛੇ ਕਿਰਪਾਨ ਲਿਜਾਣ ਦਾ ਮਕਸਦ ਕੀ ਹੈ ? ਸਾਨੂੰ ਬਾਅਦ 'ਚ ਪਤਾ ਲੱਗਾ ਕਿ ਇਹ ਫ਼ੌਜਾ ਸਿੰਘ ਸੀ, ਬੀਬੀ ਅਮਰਜੀਤ ਕੌਰ ਦਾ ਘਰ ਵਾਲਾ।

ਅਜੇ ਗੱਲਾਂ ਕਰਦੇ ਹੀ ਸੀ ਕਿ ਪੁਲਿਸ ਵਾਲਾ ਗੁਰਦਿਆਲ ਸਿੰਘ ਰੰਧਾਵਾ 14-15 ਪੁਲਿਸ ਵਾਲੇ ਤੇ ਇਕ ਡੀ.ਐੱਸ.ਪੀ. ਜੋਸ਼ੀ ਵੀ ਆ ਗਿਆ। ਮੈਨੂੰ ਕਹਿਣ ਲੱਗਾ ਕਿ 'ਅਨੂਪ ਸਿੰਘ, ਕਿਸੇ ਨੂੰ ਅੱਗੇ ਨਹੀਂ ਜਾਣ ਦੇਣਾ।' ਉਨ੍ਹਾਂ ਨੂੰ ਕੀ ਪਤਾ ਸੀ ਕਿ ਮੈਂ ਕਿਸ ਤਰ੍ਹਾਂ ਉਨ੍ਹਾਂ ਸਾਰਿਆਂ ਨੂੰ ਕਿੰਨਾ ਚਿਰ ਤੋਂ ਰੋਕ ਕੇ ਰੱਖਿਆ ਹੋਇਆ ਹੈ। ਮੇਰਾ ਤਾਂ ਮਤਲਬ ਇਹ ਸੀ ਕਿ ਟਾਈਮ ਲੰਘਾਓ ਤਾਂ ਕਿ ਤਦ ਤਕ ਪੁਲਿਸ ਆ ਜਾਵੇ। ਮੇਰਾ ਬਤੌਰ ਪੁਲਿਸ ਅਫ਼ਸਰ ਵੀ ਇਹੀ ਫ਼ਰਜ਼ ਸੀ ਕਿ ਉਨ੍ਹਾਂ ਨੂੰ ਰੋਕ ਕੇ ਰੱਖਿਆ ਜਾਵੇ ਜਦ ਤਕ ਫ਼ੋਰਸ ਨਹੀਂ ਆਉਂਦੀ। ਮੈਂ ਸਰਕਾਰ ਦਾ ਖ਼ੈਰ-ਖ਼ਵਾਹ ਸੀ। ਮੇਰੀ ਪਰਕਾਸ਼ ਸਿੰਘ ਬਾਦਲ ਨਾਲ ਨੇੜਤਾ ਸੀ।

www.AKJ.Org

**(ਇਸ ਮੰਦਭਾਗੀ ਘਟਨਾ ਨੂੰ ਹੋਰ ਨੇੜੇ ਹੋ ਕੇ ਠੀਕ ਸਮਝਣ ਲਈ ਵਿੱਚੋਂ ਟੋਕ ਕੇ ਪਹਿਲਾਂ ਜ਼ਰਾ ਵੇਖੀਏ ਕਿ ਸ. ਅਮੋਲਕ ਸਿੰਘ ਜੋ ਇਸ ਸ਼ਾਂਤਮਈ ਰੋਸ ਮਾਰਚ ਵਿਚ ਸ਼ਾਮਲ ਸਨ, ਕੀ ਕਹਿੰਦੇ ਹਨ।)**

**ਸਵਾਲ : ਸ. ਅਮੋਲਕ ਸਿੰਘ ਜੀ, ਤੁਸੀਂ ਅਨੂਪ ਸਿੰਘ ਦੇ ਕਹਿਣੇ ਲੱਗ ਗਏ ਤੇ ਫਿਰ ਕੀ ਹੋਇਆ ?**

**ਜਵਾਬ :** ਸਾਡੇ ਸਿੰਘ ਤਾਂ ਇਸ ਤਰ੍ਹਾਂ ਪਹਿਲੀ ਵਾਰੀ ਆਏ ਸਨ। ਨਕਲੀ ਨਿਰੰਕਾਰੀਆਂ ਨੂੰ ਸਾਡੇ ਆਉਣ ਬਾਰੇ ਖ਼ਬਰਾਂ ਮਿਲ ਗਈਆਂ ਸਨ। ਉਹ ਤਾਂ ਪੂਰੀ ਫ਼ਾਰਮੇਸ਼ਨ ਤੇ ਤਿਆਰੀ ਵਿਚ ਸਨ। ਉਨ੍ਹਾਂ ਵੱਲੋਂ ਡਾਂਗਾਂ ਤੇ ਫਿਰ ਮਾਰ-ਕੁਟਾਪਾ ਸ਼ੁਰੂ ਹੋ ਗਿਆ। ਅਸੀਂ ਅਜੇ ਗੱਲਾਂ ਕਰ ਹੀ ਰਹੇ ਸਾਂ ਕਿ ਆ ਕੇ ਕਿਸੇ ਸਿੰਘ ਨੇ ਦੱਸਿਆ ਕਿ ਉਹ ਤਾਂ ਕੁੱਟੀ ਜਾਂਦੇ ਹਨ। ਫ਼ੌਜਾ ਸਿੰਘ ਨੇ ਅਨੂਪ ਸਿੰਘ ਨੂੰ ਕਿਹਾ ਕਿ ਇਹ ਸਭ ਰੁਕਵਾਓ। ਅਨੂਪ ਸਿੰਘ ਨੇ ਉਨ੍ਹਾਂ ਨੂੰ ਪਿਛਾਂਹ ਕਰਨ ਦੀ ਕੋਸ਼ਿਸ਼ ਕੀਤੀ, ਪਰ ਕਾਮਯਾਬ ਨਾ ਹੋ ਸਕੇ। ਨਕਲੀ ਨਿਰੰਕਾਰੀਆਂ ਨੇ ਵੇਖ ਲਿਆ ਸੀ ਕਿ ਇਹ ਤਾਂ ਗਤਕਈ ਹਨ ਤੇ ਇਨ੍ਹਾਂ ਦਾ ਸਾਡੀਆਂ ਡਾਂਗਾਂ ਨਾਲ ਕੁਝ ਵਿਗੜਨਾ ਨਹੀਂ। ਫਿਰ ਉਨ੍ਹਾਂ ਨੇ ਰੋੜੇ-ਵੱਟੇ ਸਿੰਘਾਂ 'ਤੇ ਵਰ੍ਹਾਏ। ਜਿਵੇਂ ਮੀਂਹ ਪੈਂਦਾ ਹੈ। ਕਈ ਸਿੰਘਾਂ ਨੂੰ ਪੱਥਰ ਵੱਜੇ ਤੇ ਅਸੀਂ ਵੀ ਉਹੀ ਰੋੜੇ-ਵੱਟੇ ਚੁੱਕ ਕੇ ਉਨ੍ਹਾਂ 'ਤੇ ਵਰ੍ਹਾਏ। ਫਿਰ ਨਕਲੀ ਨਿਰੰਕਾਰੀਆਂ ਨੇ ਤੇਜ਼ਾਬ ਦੀਆਂ ਬੋਤਲਾਂ ਮਾਰੀਆਂ। ਬਹੁਤੇ ਸਿੰਘ ਨੰਗੇ ਪੈਰੀਂ ਸਨ। ਸਾਰੀ ਸੜਕ 'ਤੇ ਕੱਚ ਹੀ ਕੱਚ ਹੋ ਗਿਆ। ਉਪਰੋਂ ਗਰਮੀ, ਪੈਰਾਂ ਹੇਠਾਂ ਟੁੱਟੇ ਹੋਏ ਸ਼ੀਸ਼ੇ ਤੇ ਤੇਜ਼ਾਬ ਨਾਲ ਸਿੰਘਾਂ ਦੇ ਪੈਰ ਜ਼ਖ਼ਮੀ ਹੋ ਗਏ।

**(ਅਤੇ ਆਓ ਫਿਰ ਸ. ਅਨੂਪ ਸਿੰਘ ਤੋਂ ਪੁਲਿਸ ਦਾ ਪੱਖ ਸਮਝਦੇ ਹਾਂ।)**

**ਸਵਾਲ : (ਸ. ਅਨੂਪ ਸਿੰਘ ਨੂੰ) ਫਿਰ ਫ਼ੌਜਾ ਸਿੰਘ ਅੱਗੇ ਚਲੇ ਗਏ ?**

**ਜਵਾਬ :** ਹਾਂ ਜੀ, ਉਹ ਅੱਗੇ ਵਧਿਆ ਤੇ ਉਪਰੋਂ ਨਕਲੀ ਨਿਰੰਕਾਰੀ ਵੀ ਅੱਗੇ ਆਉਣੇ ਸ਼ੁਰੂ ਹੋ ਗਏ। ਮੈਂ ਤਾਂ ਏਨਾ ਚਿਰ ਰੋਕੀ ਰੱਖਿਆ ਸੀ। ਏਨੇ ਨੂੰ ਇਕ ਸਿੰਘ ਕਿਰਪਾਨ ਲੈ ਕੇ 'ਬੋਲੇ ਸੋ ਨਿਹਾਲ' ਬੋਲਦਾ ਪਿੱਛੋਂ ਦੀ ਦੌੜ ਕੇ ਆਇਆ ਤੇ ਉਸ ਨੂੰ ਨਕਲੀ ਨਿਰੰਕਾਰੀਆਂ ਨੇ ਲਾਠੀਆਂ ਨਾਲ ਮਾਰ ਕੇ ਸੁੱਟ ਲਿਆ ਤੇ ਉਥੇ ਹੀ ਉਸ ਦੀ ਮੌਤ ਹੋ ਗਈ।

**ਸਵਾਲ : ਇਹ ਸਭ ਕੁਝ ਤੁਹਾਡੇ ਸਾਹਮਣੇ ਹੋਇਆ ?**

**ਜਵਾਬ :** ਹਾਂ ਜੀ ! ਫਿਰ ਉਹ ਸਿੰਘ ਵੀ ਅੱਗੇ ਆ ਗਏ ਤੇ ਆਪਸ ਵਿਚ ਠੱਕ-ਠੱਕ ਹੋਣੀ ਸ਼ੁਰੂ ਹੋ ਗਈ। ਪੁਲਿਸ ਵਾਲੇ ਆਸੇ-ਪਾਸੇ ਹੋ ਗਏ। ਮੈਂ ਵੀ ਇਕ ਟਰੱਕ ਦੇ ਓਹਲੇ ਹੋ ਗਿਆ। ਫਿਰ ਗੋਲੀਆਂ ਦੀ ਆਵਾਜ਼ ਆਉਣੀ ਸ਼ੁਰੂ ਹੋ ਗਈ, ਇਹ ਮਾਰਨ ਵਾਲੇ ਉਹੀ ਬੰਦੇ ਸਨ ਨਕਲੀ ਨਿਰੰਕਾਰੀਆਂ ਦੇ, ਜਿਨ੍ਹਾਂ ਦੀਆਂ ਬੰਦੂਕਾਂ ਪਈਆਂ ਸਨ ਤੇ ਮੈਂ ਵੇਖੀਆਂ ਸਨ। ਅਸੀਂ ਹੰਝੂ ਗੈਸ ਚਲਾਈ। ਉਨ੍ਹਾਂ ਨੇ ਟਰੱਕਾਂ ਦੇ ਓਹਲੇ ਹੋ ਕੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਕੁਝ ਡਿੱਗ ਪਏ ਤੇ ਬਾਕੀ ਪਿਛਾਂਹ ਭੱਜ ਗਏ। ਉਥੇ ਗੁਰਦਿਆਲ ਸਿੰਘ, ਭਾਈ ਫ਼ੌਜਾ ਸਿੰਘ ਨੂੰ ਮਿਲ ਗਿਆ। ਭਾਈ ਫ਼ੌਜਾ ਸਿੰਘ ਨੇ ਕਿਹਾ ਕਿ ਤੁਸੀਂ ਸਾਡੇ ਬੰਦੇ ਮਰਵਾ ਦਿੱਤੇ ਹਨ ਤੇ ਆਹ ਆਪਣਾ

www.AKJ.Org

ਰਿਵਾਲਵਰ ਮੈਨੂੰ ਦੇ ! ਉਸ ਨੇ ਰਿਵਾਲਵਰ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕੀਤੀ। ਭਾਈ ਫ਼ੌਜਾ ਸਿੰਘ ਦੇ ਹੱਥਾਂ 'ਚ ਰਿਵਾਲਵਰ ਦਾ ਹੋਲਸਟਰ ਆ ਗਿਆ। ਗੁਰਦਿਆਲ ਸਿੰਘ ਨੇ ਆਪਣੇ ਰਿਵਾਲਵਰ ਨਾਲ ਭਾਈ ਫ਼ੌਜਾ ਸਿੰਘ ਨੂੰ ਗੋਲੀਆਂ ਮਾਰ ਦਿੱਤੀਆਂ ਤੇ ਉਹ ਉਥੇ ਡਿੱਗ ਪਏ। (*ਨੋਟ:* ਇਹ ਵੀ ਪਤਾ ਲੱਗਾ ਸੀ ਕਿ ਇਹ ਗੋਲੀ ਡੀ.ਐੱਸ.ਪੀ. ਜੋਸ਼ੀ ਨੇ ਭਾਈ ਸਾਹਿਬ ਦੀ ਪੁੜਪੁੜੀ ਵਿਚ ਪਾਸੇ ਤੋਂ ਮਾਰੀ ਸੀ, ਜਿਹੜੀ ਕਿ ਉਨ੍ਹਾਂ ਦੀ ਅੱਖ ਵਿਚ ਲੱਗੀ ਸੀ, ਕਿਉਂਕਿ ਜੋਸ਼ੀ ਨਾਲ ਪਹਿਲੀਆਂ ਘਟਨਾਵਾਂ ਵਿਚ ਵੀ ਭਾਈ ਸਾਹਿਬ ਦਾ ਟਕਰਾਅ ਹੋ ਚੁੱਕਾ ਸੀ।) ਗੁਰਦਿਆਲ ਸਿੰਘ ਨੇ ਛਾਲ ਮਾਰੀ ਤੇ ਉਧਰ ਚਲਾ ਗਿਆ। ਇਹ ਗੱਲ ਮੈਨੂੰ ਇਕ ਸਿਪਾਹੀ ਨੇ ਦੱਸੀ। ਅਸੀਂ ਜਿਧਰ ਵੀ ਗਏ, ਕੋਈ ਨਾ ਕੋਈ ਮਰਿਆ ਪਿਆ ਸੀ ਜਾਂ ਕੋਈ ਸਿਸਕ ਰਿਹਾ ਸੀ। ਅਸੀਂ ਗੱਡੀਆਂ 'ਚ ਪਾ ਕੇ ਹਸਪਤਾਲ ਲੈ ਗਏ। ਅਸੀਂ ਸੋਚਿਆ ਕਿ ਵਿਸਾਖੀ ਵਾਲੇ ਦਿਨ 13 ਬੰਦੇ ਮਾਰੇ ਗਏ ਹਨ, ਇਨ੍ਹਾਂ ਵਿੱਚੋਂ 11 ਤਾਂ ਅਖੰਡ ਕੀਰਤਨੀ ਜਥੇ ਵਾਲੇ ਸਨ। ਅਸੀਂ ਸੋਚਿਆ ਕਿ ਬੰਦੇ ਫੜ ਲਈਏ। ਜਿਸ ਕੋਲ ਵੈਪਨ ਹੈ ਜਾਂ ਜਿਸ ਨੂੰ ਖ਼ੂਨ ਲੱਗਾ ਹੈ, ਉਸ ਨੂੰ ਫੜ ਲਈਏ। ਜਦੋਂ ਫੜੋ-ਫੜੀ ਸ਼ੁਰੂ ਹੋਈ ਤਾਂ ਨਕਲੀ ਨਿਰੰਕਾਰੀ ਦੌੜ ਗਏ। ਸੋਚਿਆ ਕਿ ਵਿਸਾਖੀ ਦਾ ਦਿਨ ਹੈ ਤੇ ਜਦੋਂ ਹਜ਼ਾਰਾਂ ਸਿੰਘ ਚੱਲ ਪਏ ਤਾਂ ਬਹੁਤ ਵੱਡਾ ਖ਼ੂਨ-ਖ਼ਰਾਬਾ ਹੋ ਸਕਦਾ ਹੈ। ਸੋ, ਚੰਗਾ ਇਹੀ ਹੈ ਕਿ ਨਕਲੀ ਨਿਰੰਕਾਰੀਆਂ ਦੇ ਮੁਖੀ ਨੂੰ ਇਥੋਂ ਕੱਢ ਦੇਈਏ। ਫਿਰ ਪਤਾ ਨਹੀਂ ਕਿ ਕਿਸ ਨੇ ਗੱਡੀ ਦਿੱਤੀ, ਕਿਸ ਨੇ ਐਸਕੋਰਟ ਦਿੱਤੀ ਤੇ ਉਸ ਨੂੰ ਅੰਬਾਲੇ ਤਕ ਛੱਡ ਆਏ। ਸਾਡੇ ਵੱਲੋਂ ਹੰਝੂ ਗੈਸ ਛੱਡਣ ਤੋਂ ਬਾਅਦ ਦੋਵੇਂ ਧਿਰਾਂ ਭੱਜ ਗਈਆਂ ਸਨ। ਪਰ ਨਕਲੀ ਨਿਰੰਕਾਰੀਆਂ ਨੇ ਗੋਲੀਆਂ ਨਾਲ ਬੰਦੇ ਮਾਰੇ ਸਨ। ਸਾਡੀ ਹਮਦਰਦੀ ਸਿੰਘਾਂ ਨਾਲ ਤਾਂ ਸੀ ਹੀ। ਦਰਅਸਲ ਸਿੰਘਾਂ ਦਾ ਮੰਤਵ ਤਾਂ ਇਹ ਸੀ ਕਿ ਸਮਾਗਮ ਬੰਦ ਹੋਵੇ। ਨਕਲੀ ਨਿਰੰਕਾਰੀ ਤਿਆਰੀ ਕਰ ਕੇ ਆਏ ਸਨ ਤੇ ਬੰਦੂਕਾਂ ਲੈ ਕੇ ਆਏ ਸਨ। ਅਸੀਂ 503 ਦਾ ਪਰਚਾ ਦਰਜ ਕਰ ਲਿਆ ਤੇ ਨਿਰੰਕਾਰੀ ਭਵਨ ਦੀਆਂ ਬਾਕੀ ਥਾਵਾਂ 'ਤੇ ਛਾਪੇ ਮਾਰੇ। ਕੋਠੀ ਨਾਲ ਹੀ ਸੀ। ਕੋਠੀ ਦੀ ਤਲਾਸ਼ੀ ਦੀ ਡਿਊਟੀ ਮੇਰੀ ਲੱਗੀ। ਉਨ੍ਹਾਂ ਦੇ ਮੁਖੀ ਦਾ ਜਵਾਈ ਤਲਾਸ਼ੀ ਵੇਲੇ ਨਾਲ ਸੀ ਤੇ ਕਹਿਣ ਲੱਗਾ ਕਿ "ਗ੍ਰੰਥ ਸਾਹਿਬ ਸਿਆਹੀ ਨਾਲ ਲਿਖਿਆ ਹੋਇਆ ਹੈ ਤੇ ਤੁਹਾਨੂੰ ਪਤਾ ਹੈ ਕਿ ਸਿਆਹੀ ਕਿਵੇਂ ਗੰਦਗੀ ਨਾਲ ਬਣਾਈ ਜਾਂਦੀ ਹੈ। ਅਸੀਂ ਤਾਂ ਸਿੱਖਾਂ ਨੂੰ ਕੁਝ ਕਹਿੰਦੇ ਹੀ ਨਹੀਂ।" ਮੈਂ ਬੜਾ ਹੈਰਾਨ ਹੋਇਆ ਪਰ ਚੁੱਪ ਰਿਹਾ। ਅਸੀਂ ਤਲਾਸ਼ੀ ਲਈ ਪਰ ਕੋਈ ਖ਼ਾਸ ਸਾਮਾਨ ਨਾ ਮਿਲਿਆ। ਅਸੀਂ ਨਿਰੰਕਾਰੀ ਭਵਨ 'ਚੋਂ ਬੰਦੇ ਫੜ ਲਏ। ਪਰਚਾ ਦਰਜ ਹੋ ਗਿਆ ਤੇ ਨਕਲੀ ਨਿਰੰਕਾਰੀ ਸੁਪਰੀਮ ਕੋਰਟ ਵਿਚ ਚਲੇ ਗਏ ਕਿ ਕੇਸ ਪੰਜਾਬ ਵਿਚ ਨਹੀਂ ਚੱਲਣਾ ਚਾਹੀਦਾ। ਸੁਪਰੀਮ ਕੋਰਟ ਨੇ ਕਿਹਾ ਕਿ ਕੇਸ ਪੰਜਾਬ ਤੋਂ ਬਾਹਰ ਲੈ ਜਾਓ ਪਰ ਇਸੇ ਹਾਈਕੋਰਟ ਦੇ ਅਧੀਨ ਰਹਿਣਾ ਚਾਹੀਦਾ ਹੈ। ਖ਼ੈਰ ! ਕੇਸ ਕਰਨਾਲ ਚੱਲ ਪਿਆ ਤੇ ਮੈਂ ਹਰ ਪੇਸ਼ੀ 'ਤੇ ਜਾਂਦਾ ਰਿਹਾ। ਕੇਸ ਦਾ ਫ਼ੈਸਲਾ ਨਕਲੀ ਨਿਰੰਕਾਰੀਆਂ ਦੇ ਹੱਕ ਵਿਚ ਹੋਇਆ ਤੇ ਜਦੋਂ ਅਪੀਲ ਦਾ ਸਮਾਂ ਆਇਆ ਤਾਂ ਉਸ ਵੇਲੇ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਸੀ। ਮੁੱਖ ਮੰਤਰੀ ਦਰਬਾਰਾ ਸਿੰਘ ਨੇ ਫ਼ੈਸਲਾ ਲਿਆ ਕਿ ਸੈਸ਼ਨ ਕੋਰਟ ਦੇ ਫ਼ੈਸਲੇ ਵਿਰੁੱਧ ਕੋਈ ਅਪੀਲ ਨਹੀਂ ਕਰਨੀ ਤੇ ਇਹੀ ਗੱਲ ਕਾਂਗਰਸ ਦੇ ਜ਼ਿੰਮੇ ਲੱਗਦੀ ਹੈ।

www.AKJ.Org

**(ਇਸ ਦੁਖਦਾਈ ਕਾਂਡ ਵਿਚ ਸਭ ਤੋਂ ਅੱਗੇ ਆਉਣ ਵਾਲੇ ਭਾਈ ਫ਼ੌਜਾ ਸਿੰਘ ਦੀ ਧਰਮ ਪਤਨੀ ਬੀਬੀ ਅਮਰਜੀਤ ਕੌਰ ਨੇ ਆਪਣੀ ਮੁਲਾਕਾਤ ਵਿਚ ਲੇਖਕ ਨੂੰ ਇਸ ਤਰ੍ਹਾਂ ਦੱਸਿਆ :)**

**ਸਵਾਲ : ਬੀਬੀ ਅਮਰਜੀਤ ਕੌਰ ਜੀ (ਧਰਮ ਪਤਨੀ ਭਾਈ ਫ਼ੌਜਾ ਸਿੰਘ), ਆਪ ਜੀ ਸ. ਫ਼ੌਜਾ ਸਿੰਘ ਜੀ ਦੀ ਕੋਈ ਖ਼ਾਸ ਗੱਲ ਦੱਸੋ ?**

**ਜਵਾਬ** : ਜਿਥੇ ਕਿਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੁੰਦੀ, ਉਥੇ ਫ਼ੌਜਾ ਸਿੰਘ ਜਾਂਦੇ ਸਨ ਤੇ ਮੈਂ ਵੀ ਨਾਲ ਹੁੰਦੀ ਸੀ। ਇਹ ਬਹੁਤ ਭਾਵੁਕ ਸਨ ਤੇ ਗੁਰੂ ਸਾਹਿਬ ਦੀ ਬੇਅਦਬੀ ਬਰਦਾਸ਼ਤ ਨਹੀਂ ਸਨ ਕਰ ਸਕਦੇ। ਜਦੋਂ 1978 ਵਿਚ ਸਿੰਘ ਨਕਲੀ ਨਿਰੰਕਾਰੀਆਂ ਦੇ ਸਮਾਗਮ ਵੱਲ ਚੱਲ ਪਏ ਤਾਂ ਮੈਂ ਬਾਬਾ ਜਰਨੈਲ ਸਿੰਘ ਦੇ ਕਮਰੇ ਵਿਚ ਪਹੁੰਚੀ। ਬਾਬਾ ਜਰਨੈਲ ਸਿੰਘ ਉਥੇ ਬੈਠੇ ਸਨ। ਉਨ੍ਹਾਂ ਮੈਨੂੰ ਕਿਹਾ ਕਿ ਤੁਸੀਂ ਚੱਲੋ, ਬੱਸ ਆਉਂਦੇ ਪਏ ਨੇ ਸਿੰਘ। ਮੈਂ ਉਨ੍ਹਾਂ ਨੂੰ ਕਹਿ ਦਿੱਤਾ ਕਿ ਬਾਬਾ ਜੀ, ਅੱਜ ਉਨ੍ਹਾਂ ਨੇ ਵਾਪਸ ਨਹੀਂ ਆਉਣਾ। ਮੈਂ ਕਿਹਾ, ਮੇਰੇ ਕੋਲੋਂ ਲਿਖਵਾ ਲਵੋ, ਉਨ੍ਹਾਂ ਨੇ ਹੁਣ ਵਾਪਸ ਨਹੀਂ ਆਉਣਾ। ਥੋੜ੍ਹੀ ਦੇਰ ਬਾਅਦ ਫ਼ੌਜਾ ਸਿੰਘ ਦੀ ਲਾਸ਼ ਸਮੇਤ ਬਾਕੀ ਹੋਰ ਲਾਸ਼ਾਂ ਆਉਣੀਆਂ ਸ਼ੁਰੂ ਹੋ ਗਈਆਂ।

**(ਉਸ ਸਮੇਂ ਅੰਮ੍ਰਿਤਸਰ ਵਿਚ ਲੱਗੇ ਹੋਏ ਪੁਲਿਸ ਅਫ਼ਸਰ ਸ. ਇਕਬਾਲ ਸਿੰਘ ਲਾਲਪੁਰਾ ਨਾਲ ਵੀ ਭੇਂਟ ਹੋਈ। ਉਨ੍ਹਾਂ ਨੇ ਇਸ ਸੰਬੰਧੀ ਜੋ ਕੁਝ ਦੱਸਿਆ, ਉਹ ਨਿਮਨ-ਲਿਖਤ ਸਵਾਲਾਂ ਤੇ ਜਵਾਬਾਂ ਵਿਚ ਦਰਸਾਇਆ ਗਿਆ ਹੈ।)**

**ਸਵਾਲ : ਸ. ਇਕਬਾਲ ਸਿੰਘ ਜੀ, ਤੁਸੀਂ 1978 ਵਿਚ ਅੰਮ੍ਰਿਤਸਰ 'ਚ ਸੀ, ਜਦੋਂ ਨਕਲੀ ਨਿਰੰਕਾਰੀਆਂ ਵੱਲੋਂ ਇਹ ਖ਼ੂਨੀ ਕਾਰਾ ਹੋਇਆ ? ਨਕਲੀ ਨਿਰੰਕਾਰੀਆਂ ਦੀ ਮੂਵਮੈਂਟ ਜਿਸ ਤਰ੍ਹਾਂ ਸ਼ੁਰੂ ਹੋਈ, ਉਸ ਵੇਲੇ ਤੁਸੀਂ ਉਥੇ ਸੀ, 1978 ਵਿਚ ?**

**ਜਵਾਬ** : 1978 ਵਿਚ ਸਿੱਖਾਂ ਤੇ ਨਕਲੀ ਨਿਰੰਕਾਰੀਆਂ ਦਾ ਝਗੜਾ ਹੋਇਆ ਸੀ ਵਿਸਾਖੀ ਵਾਲੇ ਦਿਨ। ਨਕਲੀ ਨਿਰੰਕਾਰੀ ਰੇਲਵੇ ਕਾਲੋਨੀ ਦੇ ਨੇੜੇ ਆਪਣਾ ਸਮਾਗਮ ਕਰ ਰਹੇ ਸਨ। ਉਨ੍ਹਾਂ ਨੂੰ ਰੋਕਣ ਲਈ ਇਕ ਜਥਾ ਦਰਬਾਰ ਸਾਹਿਬ ਤੋਂ ਚੱਲਿਆ ਸੀ, ਜਿਸ ਵਿਚ ਦਮਦਮੀ ਟਕਸਾਲ ਤੇ ਅਖੰਡ ਕੀਰਤਨੀ ਜਥੇ ਦੇ ਫ਼ੌਜਾ ਸਿੰਘ ਤੇ ਸੁਰਿੰਦਰ ਸਿੰਘ ਉਨ੍ਹਾਂ ਨਾਲ ਸਨ। ਉਥੇ ਜਾ ਕੇ ਜਦੋਂ ਇਹ ਬੀ-ਬਲਾਕ ਪਹੁੰਚੇ ਤਾਂ 13 ਸਿੰਘ ਮਾਰ ਦਿੱਤੇ ਗਏ ਤੇ 4 ਹੋਰ ਲੋਕ ਮਾਰੇ ਗਏ, ਇਸ ਤਰ੍ਹਾਂ ਕੁਲ 17 ਲੋਕ ਮਾਰੇ ਗਏ ਅਤੇ ਦੋ ਰਾਹਗੀਰ ਸਨ। ਸ. ਰਾਜਿੰਦਰ ਸਿੰਘ ਐੱਸ.ਪੀ. ਸੀ, ਰਿਟਾਇਰ ਹੋ ਗਏ ਹਨ। ਉਹ ਇਸ ਤਫ਼ਤੀਸ਼ ਦੇ ਮੁਖੀ ਸਨ। ਜਦੋਂ ਨਿਰੰਜਨ ਸਿੰਘ ਆਈ.ਏ.ਐੱਸ. ਨੂੰ ਇੰਟੈਰੋਗੇਟ ਕੀਤਾ, ਇਸੇ ਮੁਕੱਦਮੇ ਵਿਚ, ਉਦੋਂ ਉਨ੍ਹਾਂ ਨੂੰ ਘਰਿੰਡੇ ਥਾਣੇ ਲੈ ਕੇ ਆਏ ਸੀ ਤੇ ਮੈਂ ਉਦੋਂ ਘਰਿੰਡੇ ਥਾਣੇ ਵਿਚ ਲੱਗਾ ਹੋਇਆ ਸੀ। ਇਸ ਲਈ ਉਨ੍ਹਾਂ ਦੀ ਤਿੰਨ ਚਾਰ ਦਿਨ ਜਿਹੜੀ ਇੰਟੈਰੋਗੇਸ਼ਨ ਇਸ ਮੁਕੱਦਮੇ ਦੇ ਸੰਬੰਧ ਵਿਚ ਹੋਈ, ਉਹ ਵੀ ਸਾਡੀ ਹਾਜ਼ਰੀ ਵਿਚ ਉਥੇ ਹੋਈ ਸੀ।

**ਸਵਾਲ : ਅਸਲੀ ਕਾਰਨ ਕੀ ਰਿਹਾ ਸੀ, ਵਿਵਾਦ ਹੋਇਆ ਕਿਉਂ ?**

www.AKJ.Org

**ਜਵਾਬ** : ਦੇਖੋ, ਇਹ ਤਾਂ ਪੁਰਾਣੀ ਗੱਲ ਚਲੀ ਆ ਰਹੀ ਸੀ। ਬਾਬਾ ਗੁਰਬਚਨ ਸਿੰਘ ਭਿੰਡਰਾਂਵਾਲਿਆਂ ਵੇਲੇ ਵੀ ਤੇ ਬਾਬਾ ਕਰਤਾਰ ਸਿੰਘ ਭਿੰਡਰਾਂਵਾਲਿਆਂ ਦੇ ਵੇਲੇ ਵੀ। ਉਹ ਗੱਲ ਜਿਹੜੀ ਹੈ, ਲੋਕਾਂ ਦੇ ਮਨਾਂ 'ਚ ਸੀ ਕਿ ਨਕਲੀ ਨਿਰੰਕਾਰੀ ਸਿੱਖ ਧਰਮ ਦੀ ਬੇਅਦਬੀ ਕਰਦੇ ਹਨ। ਇਸ ਗ਼ੁੱਸੇ ਤਹਿਤ ਹੀ ਉਨ੍ਹਾਂ ਨੇ ਵਿਸਾਖੀ ਵਾਲੇ ਦਿਨ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਸਮਾਗਮ ਰੱਖਿਆ। ਉਸ ਵੇਲੇ ਮੰਜੀ ਸਾਹਿਬ ਦੀਵਾਨ ਹਾਲ ਵਿਚ ਜਥੇਦਾਰ ਜੀਵਨ ਸਿੰਘ ਉਮਰਾਨੰਗਲ, ਜਿਹੜੇ ਉਦੋਂ ਪੰਜਾਬ ਦੇ ਮੰਤਰੀ ਸਨ, ਭਾਸ਼ਣ ਦੇ ਰਹੇ ਸਨ ਕਿ ਕੁਝ ਸਿੱਖਾਂ, ਜਿਨ੍ਹਾਂ ਵਿਚ ਦਮਦਮੀ ਟਕਸਾਲ ਵਾਲੇ ਵੀ ਸਨ, ਨੇ ਕਿਹਾ ਕਿ ਇਨ੍ਹਾਂ (ਨਕਲੀ ਨਿਰੰਕਾਰੀਆਂ) ਦਾ ਸਮਾਗਮ ਬੰਦ ਕਰਵਾਓ। ਪਰ ਉਮਰਾਨੰਗਲ ਨੇ ਉਸ ਗੱਲ ਵੱਲ ਬਹੁਤਾ ਧਿਆਨ ਨਾ ਦਿੱਤਾ। ਉਥੋਂ ਦਮਦਮੀ ਟਕਸਾਲ ਵਾਲੇ ਅਜੀਤ ਨਗਰ ਗਏ। ਉਥੇ ਅਖੰਡ ਕੀਰਤਨੀ ਜਥੇ ਦਾ ਸਾਲਾਨਾ ਸਮਾਗਮ ਹੋ ਰਿਹਾ ਸੀ, ਰੈਣ ਸਬਾਈ। ਉਥੋਂ ਸਿੰਘਾਂ ਨੂੰ ਨਾਲ ਲੈ ਕੇ ਆਏ। ਫਿਰ ਉਥੇ ਜਾ ਕੇ ਰੋਕਣ ਦੀ ਕੋਸ਼ਿਸ਼ ਕੀਤੀ। ਕੁਝ ਕੋਲ ਰਵਾਇਤੀ ਹਥਿਆਰ ਸਨ ਤੇ ਬਾਕੀ ਨਿਹੱਥੇ ਸਨ। ਪਰ ਜਿਹੜੇ ਮਰੇ, ਉਹ ਸਾਰੇ ਗੋਲੀ ਨਾਲ ਮਰੇ ਹੋਏ ਸਨ। ਗੋਲੀਆਂ ਜਿਹੜੇ ਵੈਪਨ ਦੀਆਂ ਸਨ, ਉਹ ਨਕਲੀ ਨਿਰੰਕਾਰੀਆਂ ਕੋਲ ਸਨ। ਉਹ ਆਪਣੀ ਤਿਆਰੀ ਨਾਲ ਗਏ ਸਨ ਕਿ ਚੱਲੇ ਹਾਂ ਜਿਥੇ, ਉਥੇ ਕੋਈ ਝਗੜਾ ਹੋਣ ਦੀ ਸੰਭਾਵਨਾ ਹੈ ਤੇ ਅਸੀਂ ਆਪਣੇ ਆਪ ਨੂੰ ਬਚਾਅ ਵੀ ਸਕਾਂਗੇ ਜਾਂ ਦੂਜੇ 'ਤੇ ਹਮਲਾ ਕਰਾਂਗੇ।

**ਸਵਾਲ : ਇੰਟੈਰੋਗੇਸ਼ਨ ਵਿਚ ਕੀ ਕੁਝ ਸਾਹਮਣੇ ਆਇਆ ? ਉਹਦੇ ਵਿਚ ਕੁਝ ਖ਼ਾਸ ਚੀਜ਼ ਸਾਹਮਣੇ ਆਈ ?**

**ਜਵਾਬ** : ਖ਼ਾਸ ਗੱਲ ਇਹੀ ਹੈ ਕਿ ਉਹ ਤਿਆਰੀ ਨਾਲ ਆਏ ਸਨ ਕਿ ਸਾਡੇ 'ਤੇ ਹਮਲਾ ਹੋ ਸਕਦਾ ਹੈ। ਹਥਿਆਰ ਵਰਤਣ ਦੀ ਲੋੜ ਤਾਂ ਹੀ ਹੁੰਦੀ ਹੈ ਕਿ ਕਿੰਨੀ ਸ਼ਕਤੀ ਨਾਲ ਤੁਹਾਡੇ 'ਤੇ ਹਮਲਾ ਹੁੰਦੈ। ਸੋ, ਇਹ ਵਿਚਾਰੇ ਤਾਂ ਲਗਭਗ ਨਿਹੱਥੇ ਹੀ ਸਨ। ਇਹ ਬੰਦੇ ਮਾਰਨ ਨਹੀਂ ਸਨ ਗਏ, ਵਿਰੋਧ ਕਰਨ ਗਏ ਸਨ ਤੇ ਸਮਾਗਮ ਨੂੰ ਰੋਕਣ ਗਏ ਸਨ।

**ਸਵਾਲ : ਏਨੀ ਵੱਡੀ ਘਟਨਾ ਵਾਪਰ ਗਈ। ਪੁਲਿਸ ਰਿਕਾਰਡ ਮੁਤਾਬਕ, ਉਸ ਵੇਲੇ ਦਾ ਦ੍ਰਿਸ਼ ਕੀ ਸੀ ਤੇ ਤੁਹਾਡੇ ਮੁਤਾਬਕ ਕੀ ਦ੍ਰਿਸ਼ ਸੀ ?**

**ਜਵਾਬ** : ਦ੍ਰਿਸ਼ ਇਹ ਸੀ ਕਿ ਇਸ ਦੀ ਕੋਈ ਵੀ ਆਸ ਨਹੀਂ ਸੀ ਕਰਦਾ। ਮੇਰੇ ਕੋਲ ਰਿਪੋਰਟ ਵੀ ਨਹੀਂ ਸੀ ਕਿ ਇਸ ਤਰ੍ਹਾਂ ਦਾ ਕੁਝ ਹੋਵੇਗਾ ਕਿ ਸ਼ਹਿਰ ਵਿਚ ਉਸ ਵੇਲੇ ਦੇ ਹਿਸਾਬ ਨਾਲ 17 ਬੰਦੇ ਮਰ ਜਾਣ। ਆਮ ਆਦਮੀਆਂ ਦੇ ਮਨਾਂ ਵਿਚ ਦਹਿਸ਼ਤ ਸੀ। ਪੁਲਿਸ ਵੀ ਅਵੇਸਲੀ ਹੀ ਫੜੀ ਗਈ। ਇੰਟੈਰੋਗੇਸ਼ਨ ਵਿਚ ਤਾਂ ਇਨ੍ਹਾਂ ਨੇ ਸਾਰੇ ਹਾਲਾਤ ਦੱਸੇ ਸਨ ਕਿ ਸਾਨੂੰ ਲੱਗਦਾ ਸੀ ਕਿ ਸਾਡੇ 'ਤੇ ਹਮਲਾ ਨਾ ਹੋ ਜਾਵੇ। ਅਸੀਂ ਆਪਣੇ ਬਚਾਅ ਲਈ ਤਿਆਰੀ ਕਰ ਕੇ ਗਏ ਸੀ। ਮੇਰਾ ਖ਼ਿਆਲ ਹੈ ਕਿ ਇਸ ਵਿਚ ਇੰਟੈਲੀਜੈਂਸ ਦੀ ਨਾਕਾਮੀ ਸੀ। ਫਿਰ ਜਦੋਂ ਵਾਰਦਾਤ ਹੋ ਗਈ ਤਾਂ ਉਸ ਦੇ ਬਾਅਦ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਤਾਂ ਉਸੇ ਵੇਲੇ ਚਲਾ ਗਿਆ। ਪਰ ਇਹ ਮੁਲਜ਼ਮ ਜਿਹੜੇ ਗ੍ਰਿਫ਼ਤਾਰ ਹੋਏ ਸਨ, ਉਨ੍ਹਾਂ ਦੇ ਚਲਾਨ ਵੀ ਪੇਸ਼ ਹੋਏ

www.AKJ.Org

ਅਦਾਲਤ ਵਿਚ। ਨਕਲੀ ਨਿਰੰਕਾਰੀ ਕੇਸ ਦੀ ਜਿਹੜੀ ਤਫ਼ਤੀਸ਼ ਹੈ, ਉਹ ਹੋਈ ਤਾਂ ਸੀ ਸਹੀ ਢੰਗ ਨਾਲ, ਪਰ ਉਹ ਸਿਰੇ ਨਹੀਂ ਚੜ੍ਹ ਸਕੀ। ਦੋਸ਼ੀਆਂ ਨੂੰ ਸਜ਼ਾ ਨਹੀਂ ਕਰਵਾ ਸਕੀ। ਇਸ ਲਈ ਇਸ ਗੱਲ ਦਾ ਦੁੱਖ ਵੀ ਸੀ ਕਿ ਅਸਲ ਦੋਸ਼ੀ ਅਸੀਂ ਹਾਂ ਕਿ ਜਿਨ੍ਹਾਂ ਨੇ 13 ਬੰਦੇ ਸਿੱਖਾਂ ਦੇ ਮਾਰ ਦਿੱਤੇ, ਅਸੀਂ ਉਨ੍ਹਾਂ ਨੂੰ ਸਜ਼ਾ ਨਹੀਂ ਕਰਵਾ ਸਕੇ।

**ਸਵਾਲ : ਇਕ ਗੱਲ ਹੋਰ ਪੁੱਛਣੀ ਹੈ ਕਿ ਜਿਹੜੀ ਆਈ.ਏ.ਐੱਸ. ਨਿਰੰਜਨ ਸਿੰਘ ਦੀ ਗੱਲ ਕਰਦੇ ਹਾਂ, ਉਸ ਨੇ ਇੰਟੈਰੋਗੇਸ਼ਨ ਵਿਚ ਕੁਝ ਮੰਨਿਆ ਸੀ ?**

**ਜਵਾਬ** : ਉਸ ਨੇ ਮੰਨਿਆ ਸੀ ਕਿ ਮੈਂ ਉਨ੍ਹਾਂ ਨਾਲ ਸੀ ਤੇ ਮੈਂ ਹੀ ਉਨ੍ਹਾਂ ਦੀ ਮਦਦ ਕਰਦਾ ਰਿਹਾ ਹਾਂ। ਅਸੀਂ ਇਸ ਗੱਲ ਵਿਚ ਜਿਹੜੇ ਹਥਿਆਰ ਵਗ਼ੈਰਾ ਲੈ ਕੇ ਆਏ ਸੀ, ਫ਼ੈਸਲਾ ਇਹ ਸੀ ਕਿ ਅਸੀਂ ਆਪਣੇ ਹਥਿਆਰ ਲੈ ਕੇ ਚੱਲਾਂਗੇ।

**(ਉਸ ਸਮੇਂ 1978 ਵਿਚ ਅੰਗਰੇਜ਼ੀ ਅਖ਼ਬਾਰ *ਟ੍ਰਿਬਿਊਨ* ਦੇ ਅੰਮ੍ਰਿਤਸਰ ਵਿਚ ਸਥਾਨਕ ਪੱਤਰਕਾਰ ਦਲਬੀਰ ਸਿੰਘ ਨਾਲ ਵਾਰਤਾ ਹੋਈ ਅਤੇ ਉਨ੍ਹਾਂ ਨੇ ਇਸ ਬਾਰੇ ਇਸ ਤਰ੍ਹਾਂ ਜਾਣਕਾਰੀ ਦਿੱਤੀ :)**

**ਸਵਾਲ : ਸ. ਦਲਬੀਰ ਸਿੰਘ ਜੀ, ਅਪ੍ਰੈਲ 1978 ਦੇ ਹੋਏ ਸਾਕੇ ਬਾਰੇ ਦੱਸੋ। ਤੁਸੀਂ ਤਾਂ ਆਪ ਉਥੇ ਸੀ।**

**ਜਵਾਬ** : ਮੈਂ *ਟ੍ਰਿਬਿਊਨ* ਦਾ ਪੱਤਰਕਾਰ ਸੀ ਤੇ ਅਖ਼ਬਾਰ ਦੇ ਨਵੇਂ ਐਡੀਟਰ ਭਾਟੀਏ ਦੀ ਮੈਨੂੰ ਚਿੱਠੀ ਆਈ ਕਿ 'ਦਲਬੀਰ ਸਿੰਘ ਅੰਮ੍ਰਿਤਸਰ ਦੇ ਹਾਲਾਤ ਵਿਗੜ ਰਹੇ ਹਨ ਤੇ ਸਾਡੇ ਕੋਲ ਸਿੱਖ ਪੌਲਿਟਿਕਸ ਦਾ ਕੋਈ ਜਾਣਕਾਰ ਬੰਦਾ ਨਹੀਂ।' ਸੋ ਮੈਂ ਇਥੇ ਆ ਗਿਆ।

ਇਥੇ ਆਉਂਦਿਆਂ ਹੀ 1978 ਵਿਚ ਨਕਲੀ ਨਿਰੰਕਾਰੀ ਘਟਨਾ ਹੋਈ। ਉਦੋਂ ਤਕ ਮੈਨੂੰ ਨਕਲੀ ਨਿਰੰਕਾਰੀਆਂ ਬਾਰੇ, ਟਕਸਾਲ ਬਾਰੇ ਡੂੰਘੀ ਜਾਣਕਾਰੀ ਨਹੀਂ ਸੀ। ਇਕ ਦਿਨ ਮੈਂ ਦੁਪਹਿਰ ਵੇਲੇ ਆ ਕੇ ਕੱਪੜੇ ਲਾਹ ਕੇ ਸੌਣ ਹੀ ਲੱਗਾ ਸਾਂ ਕਿ ਟੈਲੀਫੋਨ ਖੜਕਿਆ, "ਭਾਈ ਸਾਹਿਬ, ਤੁਸੀਂ *ਟ੍ਰਿਬਿਊਨ...?*"

ਮੈਂ ਕਿਹਾ, "ਹਾਂ।"

ਕਹਿੰਦਾ, "ਇਥੇ ਗੋਲੀ ਚੱਲ ਗਈ ਹੈ।"

ਮੈਂ ਕਿਹਾ, "ਕਿਥੇ ?" ਬਤੌਰ ਪੱਤਰਕਾਰ ਮੈਂ ਉਸ ਨੂੰ ਪੁੱਛਿਆ, "ਤੁਸੀਂ ਕੌਣ ਹੋ ?"

ਕਹਿੰਦਾ, "ਤੁਸੀਂ ਕੀ ਲੈਣੈ ਇਸ ਗੱਲ ਤੋਂ ? ਤੁਹਾਨੂੰ ਖ਼ਬਰ ਚਾਹੀਦੀ ਸੀ, ਦੇ ਦਿੱਤੀ।"

ਏਨਾ ਸੁਣਦੇ ਹੀ ਮੈਂ ਕੱਪੜੇ ਪਾ ਕੇ ਦੌੜ ਕੇ ਗਿਆ। ਨਕਲੀ ਨਿਰੰਕਾਰੀ ਸੰਮੇਲਨ ਕਾਫ਼ੀ ਖਿੰਡਿਆ ਹੋਇਆ ਸੀ। ਇਨ੍ਹਾਂ ਦਾ ਜਿਹੜਾ ਬਾਬਾ ਸੀ, ਉਹ ਜਾ ਚੁੱਕਾ ਸੀ, ਬੇਬੇ ਬੈਠੀ ਸੀ। ਮੈਂ ਜਦੋਂ ਪਹੁੰਚਿਆ ਤਾਂ ਲਾਸ਼ਾਂ ਚੁੱਕੀਆਂ ਜਾ ਰਹੀਆਂ ਸਨ। ਸਾਰੇ ਅਖ਼ਬਾਰ ਬੰਦ ਸਨ, ਸਿਰਫ਼ *ਟ੍ਰਿਬਿਊਨ* ਤੋਂ ਇਲਾਵਾ। *ਟ੍ਰਿਬਿਊਨ* ਵੀ ਉਦੋਂ ਸਿਰਫ਼ ਅੰਗਰੇਜ਼ੀ ਦਾ ਸੀ ਕਿਉਂਕਿ ਕੋਈ ਵੀ ਅਖ਼ਬਾਰ ਨਹੀਂ ਸੀ ਨਿਕਲਣਾ, ਯਾਨੀ ਕਿ ਮੈਂ ਇਕੱਲਾ ਹੀ ਰਹਿ ਗਿਆ ਉਥੇ ਤੇ ਏਨੀ ਵੱਡੀ ਘਟਨਾ ਵਾਪਰ ਗਈ। ਉਥੇ ਬਾਬੇ ਦਾ ਜਵਾਈ ਵੀ ਸੀ। ਗੋਬਿੰਦ ਸਿੰਘ ਉਸ ਦਾ ਨਾਂ ਸੀ। ਮੈਂ ਜਦੋਂ ਪੁੱਛਣ ਲੱਗਾ ਤੇ

www.AKJ.Org

ਭੱਜ ਕੇ ਮੇਰੇ ਕੋਲ ਆਇਆ। ਮੈਂ ਕਿਹਾ, "ਮੈਂ ਪੱਤਰਕਾਰ ਹਾਂ, ਮੈਂ ਜਾਣਕਾਰੀ ਲੈਣੀ ਹੈ।"

ਕਹਿੰਦਾ, "ਆਓ, ਆਪ ਅੰਦਰ ਆਓ, ਬੈਠਤੇ ਹੈਂ।"

ਉਹ ਇਕ ਟੈਂਟ ਵਿਚ ਮੈਨੂੰ ਲੈ ਵੜਿਆ। ਟੈਂਟ ਵਿਚ ਵੜਦਿਆਂ ਹੀ ਵੇਖਿਆ ਕਿ ਬੜੇ ਵਧੀਆ ਸੋਫ਼ੇ, ਚਿੱਟੀਆਂ ਚਾਦਰਾਂ ਤੇ ਉੱਤੇ ਕਵਰ ਵਿਛੇ ਹੋਏ ਤੇ 10 ਕੁ ਬੰਦੇ, ਜਿਨ੍ਹਾਂ ਨੇ ਚਿੱਟੇ ਚਾਦਰੇ, ਚਿੱਟੇ ਕੁੜਤੇ, ਚਿੱਟੀਆਂ ਪੱਗਾਂ ਬੰਨ੍ਹੀਆਂ ਹੋਈਆਂ ਸਨ, ਬੈਠੇ ਸਨ ਤੇ ਅਸਲਾ ਪਿਆ ਸੀ ਬਹੁਤ ਸਾਰਾ। ਇਸ ਤਰ੍ਹਾਂ ਦੇ ਹਥਿਆਰ, ਜਿਹੜੇ ਮੈਂ ਕਦੇ ਕਿਆਸੇ ਵੀ ਨਹੀਂ ਸਨ, ਉਥੇ ਪਏ ਸਨ। ਜਦੋਂ ਅੰਦਰ ਗਏ ਤਾਂ ਉਹ ਗੋਬਿੰਦ ਸਿੰਘ ਘਬਰਾ ਗਿਆ। ਕਹਿੰਦਾ, "ਗ਼ਲਤ ਥਾਂ ਆ ਗਏ।"

ਮੈਂ ਕਿਹਾ, "ਚਲੋ ਜਿਹੜੀ ਠੀਕ ਥਾਂ ਹੈ, ਉਥੇ ਬੈਠ ਜਾਂਦੇ ਹਾਂ।"

ਉਹ ਫਿਰ ਮੈਨੂੰ ਦੂਜੇ ਟੈਂਟ ਵਿਚ ਲੈ ਵੜਿਆ। ਉਥੇ ਮੈਂ ਉਸ ਨੂੰ ਪੁੱਛ ਲਿਆ ਕਿ "ਇਹ ਕੌਣ ਹਨ ?"

ਕਹਿੰਦਾ, "ਸਾਡੇ ਕਈ ਸ਼ਰਧਾਲੂ ਆ ਜਾਂਦੇ ਨੇ।" ਅਸਲ ਵਿਚ ਇਹ ਉਹ ਬੰਦੇ ਸਨ ਜਿਨ੍ਹਾਂ ਨੇ ਗੋਲੀਆਂ ਚਲਾਈਆਂ ਸਨ।

**ਸਵਾਲ : ਕੀ ਇਹ ਪਲਾਨ ਸੀ ?**

**ਜਵਾਬ :** ਪਲਾਨ ਸੀ। ਤਿਆਰੀ ਕਰ ਕੇ ਆਏ ਸਨ ਸਾਰੀ।

ਜਦੋਂ ਮੈਂ ਇੰਟਰਵਿਊ ਕਰ ਕੇ ਬਾਹਰ ਨਿਕਲਿਆ ਹੀ ਸੀ ਤਾਂ ਡੀ.ਸੀ. ਬੈਠਾ ਸੀ। ਉਨ੍ਹਾਂ ਵਿਚ ਇਕ ਡੀ.ਐੱਸ.ਪੀ. ਗੁਰਬਚਨ ਸਿੰਘ ਹੁੰਦਾ ਸੀ। ਉਸ ਨੇ ਮੈਨੂੰ ਇਸ਼ਾਰਾ ਕੀਤਾ ਕਿ ਬਾਦਲ ਸਾਹਿਬ ਵੀ ਇਥੇ ਸਰਕਟ ਹਾਊਸ 'ਚ ਹਨ। ਇਹ ਵੱਡੀ ਗੱਲ ਸੀ ਕਿਉਂਕਿ ਅੱਜ ਤੱਕ ਲਿਖਤਾਂ ਵਿਚ ਵੀ ਸਰਕਾਰੀ ਤੌਰ 'ਤੇ ਵੀ ਇਹ ਗੱਲ ਰੀਪੀਟ ਹੋ ਰਹੀ ਹੈ ਕਿ ਬਾਦਲ ਬੰਬਈ ਸੀ। ਏਨਾ ਵੱਡਾ ਝੂਠ ਤੇ ਸਿੱਖਾਂ ਭੋਲਿਆਂ ਨੂੰ ਪਤਾ ਹੀ ਨਹੀਂ। ਮੈਂ ਗੱਲ ਇਹ ਲਗਾਤਾਰ ਲਿਖੀ ਹੈ ਪਰ ਉਹ ਗੱਲ ਅੱਜ ਤਕ ਨਹੀਂ ਛਪੀ ਕਿ ਬਾਦਲ ਉਥੇ ਸੀ ਤੇ ਮੈਂ ਵੀ ਉਥੇ ਸੀ।

**ਸਵਾਲ : ਤੁਸੀਂ ਕਿਥੇ ਮਿਲੇ ਸੀ ਬਾਦਲ ਸਾਹਿਬ ਨੂੰ ?**

**ਜਵਾਬ :** ਮੈਂ ਸਕੂਟਰ 'ਤੇ ਸਰਕਟ ਹਾਊਸ ਚਲਾ ਗਿਆ। ਮੈਂ ਤਾਂ ਭੇਤੀ ਸੀ ਸਾਰਾ, ਡੀ.ਸੀ. ਵੀ ਇਥੋਂ ਮੇਰੇ ਜਾਣ ਤੋਂ ਪਹਿਲਾਂ ਹੀ ਸਰਕਟ ਹਾਊਸ ਪਹੁੰਚ ਗਿਆ। ਮੈਂ ਸਾਰਾ ਸਰਕਟ ਹਾਊਸ ਵੇਖਿਆ ਤੇ ਸਭ ਖ਼ਾਲੀ। ਮੈਂ ਹੈਰਾਨ ਹੋ ਗਿਆ ਕਿ ਬਾਦਲ ਗਿਆ ਕਿੱਥੇ ? ਮੈਂ ਵੀ.ਆਈ.ਪੀ. ਰੂਮ 'ਚ ਗਿਆ ਤੇ ਉਹ ਵੀ ਖ਼ਾਲੀ। ਮੈਂ ਹੈਰਾਨ ਮੈਂ ਇੱਛੁਕ (ਜਾਨਣਾ ਚਾਹੁੰਦਾ) ਸੀ ਕਿ ਨੁਕਸਾਨ ਕਿੰਨਾ ਹੋਇਆ। ਮੈਨੂੰ ਬਾਦਲ ਸਾਹਿਬ ਮਿਲੇ, ਮੈਂ ਸਿੱਧਾ ਕਿਹਾ, "ਬਾਦਲ ਸਾਹਿਬ, ਦੋ ਮਰੇ ?"

ਚੁੱਪ।

ਮੈਂ ਕਿਹਾ, "ਚਾਰ ?", ਮੈਂ ਕਿਹਾ, "ਨਿਹੱਥੇ।"

ਮੈਂ ਉਥੋਂ ਕਿੱਕ ਮਾਰੀ ਤਾਂ ਉਥੋਂ ਲਾਸ਼ਾਂ ਗਿਣੀਆਂ। 16 ਦੀ ਮੌਤ ਹੋ ਚੁੱਕੀ ਸੀ। 3 ਜਿਹੜੇ ਸਨ, ਉਹ ਹੋਰ ਸਨ, 13 ਇਹ ਸਨ। ਫਿਰ ਡਿਸਪੈਚ ਵਿਚ ਹੀ ਖ਼ਾਸ ਗੱਲ ਜਿਹੜੀ ਹੈ, ਕਿਉਂਕਿ ਹੋਰ ਤਾਂ ਕੋਈ ਅਖ਼ਬਾਰ ਛਪਿਆ ਨਹੀਂ ਸੀ, ਸਿਰਫ਼

www.AKJ.Org

*ਟ੍ਰਿਬਿਊਨ* ਛਪਿਆ ਸੀ। ਗਿਆਨੀ ਮਹਿੰਦਰ ਸਿੰਘ ਸ਼੍ਰੋਮਣੀ ਕਮੇਟੀ ਦਾ ਉਸ ਟਾਈਮ ਸੈਕਟਰੀ ਸੀ। ਇਹ ਅਗਲੇ ਦਿਨ ਆਇਆ ਤੇ ਉਨ੍ਹਾਂ ਕਿਹਾ ਕਿ ਦਲਬੀਰ ਸਿੰਘ ਜੀ, ਅਸੀਂ ਤੇਰਾ ਦੇਣਾ ਨਹੀਂ ਦੇ ਸਕਦੇ, ਤੂੰ ਸਾਡੀ ਪੱਤ ਰੱਖ ਲਈ। ਮਤਲਬ ਉਹ ਗੱਲ ਨੰਗੀ ਹੋ ਗਈ ਕਿ ਗੋਲੀ ਕਿਸ ਨੇ ਚਲਾਈ ਹੈ।

**ਸਵਾਲ : ਇਸ ਤੋਂ ਬਾਅਦ ਕੀ ਹੋਇਆ ?**

**ਜਵਾਬ :** ਉਸੇ ਦਿਨ ਹੀ ਸ਼ਾਮ ਨੂੰ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਬਹੁਤ ਵੱਡਾ ਜਲੂਸ ਦਰਬਾਰ ਸਾਹਿਬ ਤੋਂ ਕੱਢ ਕੇ ਮੁਰਦਾਘਰ ਤਕ ਲੈ ਗਏ। ਉਹ ਜਲੂਸ ਏਨਾ ਜ਼ਬਰਦਸਤ ਸੀ ਕਿ ਸਾਰਾ ਸ਼ਹਿਰ ਬੰਦ ਹੋ ਗਿਆ। ਯਾਨੀ ਹਿੰਦੂ ਤਾਂ ਏਨਾ ਡਰ ਗਏ ਕਿ ਪਤਾ ਨਹੀਂ ਕਿ ਅੱਜ ਸਾਡੀ ਸ਼ਾਮਤ ਆਈ ਕਿ ਆਈ। ਸਾਰੀਆਂ ਗਲੀਆਂ ਸੁੰਨਸਾਨ ਤੇ ਬਾਬਾ ਜਰਨੈਲ ਸਿੰਘ ਜੀ ਦੇ ਸਾਥੀਆਂ ਦੇ ਹੱਥਾਂ ਵਿਚ ਬੰਦੂਕਾਂ ਤੇ ਤਲਵਾਰਾਂ ਸਨ। ਮੁਰਦਾਘਰਾਂ ਵਿਚ ਲਾਸ਼ਾਂ ਹੀ ਸਨ ਤੇ ਹੁਣ ਗੱਲ ਸੀ ਸਸਕਾਰ ਦੀ। ਮੈਨੂੰ ਐਕਟਿਵ ਰਹਿਣਾ ਪਿਆ ਤੇ ਸਾਰੇ ਕੁਝ ਦਾ ਕੇਂਦਰ ਬਾਬਾ ਜੀ ਭਿੰਡਰਾਂਵਾਲਾ ਸਨ ਤੇ ਸਾਰੀ ਕਵਰੇਜ ਬਾਬਾ ਜੀ ਭਿੰਡਰਾਂਵਾਲਿਆਂ ਦੇ ਇਰਦ-ਗਿਰਦ ਹੀ ਚੱਲਣੀ ਸੀ।

**(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਧੀਕ ਸਕੱਤਰ, ਕੁਲਵੰਤ ਸਿੰਘ ਰੰਧਾਵਾ ਨੇ ਇਸ ਤਰ੍ਹਾਂ ਦੱਸਿਆ :)**

**ਸਵਾਲ : ਤੁਸੀਂ ਦੱਸੋ ਕਿ ਜਦੋਂ ਇਸ ਖ਼ੂਨੀ ਸਾਕੇ ਦੀ ਖ਼ਬਰ ਆਈ ਤਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਬਾਕੀਆਂ ਨੇ ਕੀ ਕਿਹਾ ?**

**ਜਵਾਬ :** ਬਾਬਾ ਜਰਨੈਲ ਸਿੰਘ ਭਿੰਡਰਾਵਾਲੇ ਬਹੁਤ ਮਾਯੂਸ ਵੇਖੇ। ਉਹ ਕਹਿਣ ਲੱਗੇ ਕਿ ਹੁਣ ਜੀਅ ਕੇ ਕੀ ਕਰਨਾ ਹੈ ? ਤੇ ਮੈਨੂੰ ਆਪ ਅੱਜ ਸ਼ਹੀਦ ਹੋਣਾ ਚਾਹੀਦਾ ਸੀ। ਬਾਬਾ ਜੀ ਵਿਚ ਰੋਹ, ਗ਼ੁੱਸਾ ਤੇ ਗ਼ਮਗੀਨਤਾ ਸੀ।

**(ਪੱਤਰਕਾਰ ਹਰਬੀਰ ਸਿੰਘ ਭੰਵਰ ਨਾਲ ਵਾਰਤਾ ਹੋਈ ਅਤੇ ਉਨ੍ਹਾਂ ਨੇ ਇਸ ਬਾਰੇ ਇਸ ਤਰ੍ਹਾਂ ਦੀ ਜਾਣਕਾਰੀ ਦਿੱਤੀ :)**

**ਸਵਾਲ : ਭੰਵਰ ਜੀ, ਕੀ ਬਾਅਦ ਵਿਚ ਨਕਲੀ ਨਿਰੰਕਾਰੀ ਹੀ ਖਾੜਕੂਆਂ ਦੇ ਨਿਸ਼ਾਨੇ 'ਤੇ ਰਹੇ ?**

**ਜਵਾਬ :** ਨਕਲੀ ਨਿਰੰਕਾਰੀਆਂ ਨਾਲ ਜਿਹੜਾ ਝਗੜਾ ਹੋਇਆ ਸੀ, ਵਿਸਾਖੀ ਵਾਲੇ ਦਿਨ ਉਸ ਵਿਚ ਉਨ੍ਹਾਂ (ਨਕਲੀ ਨਿਰੰਕਾਰੀਆਂ) ਦੀ ਜ਼ਿਆਦਤੀ ਸੀ ਕਿਉਂਕਿ ਉਸ ਵਿਚ ਦੂਜੇ ਪਾਸੇ ਸਾਰੇ ਨਿਹੱਥੇ ਸਨ। ਜਿਹੜੇ ਰੋਸ ਵਿਖਾਵਾ ਕਰ ਰਹੇ ਸਨ ਕਿ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕੁਰਸੀ ਨਾ ਲਗਾਓ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾ ਕਰੋ, ਉਹ ਵਿਰੋਧ ਕਰਨ ਗਏ ਸਨ। ਉਨ੍ਹਾਂ ਨੇ ਅੱਗਿਓਂ ਤਿਆਰੀ ਕੀਤੀ ਸੀ ਤੇ ਉਸ ਦਾ ਅਸਰ ਹੋਇਆ ਕਿ ਨਿਹੱਥੇ ਸਿੱਖ ਮਾਰ ਦਿੱਤੇ ਸਨ ਤੇ ਫਿਰ ਉਸ ਦਾ ਬਦਲਾ ਲੈਣਾ ਸੀ। ਭਿੰਡਰਾਂਵਾਲਿਆਂ ਨੇ ਇਹ ਵੀ ਕਹਿ ਦਿੱਤਾ ਕਿ ਜਿਹੜਾ ਬੰਦਾ ਇਸ (ਗੁਰਬਚਨ ਸਿੰਘ) ਨੂੰ ਮਾਰੇਗਾ, ਮੈਂ ਉਸ ਨੂੰ ਸੋਨੇ ਨਾਲ ਤੋਲਾਂਗਾ। ਉਸ ਦੀ ਫਿਰ ਹੱਤਿਆ ਹੋ ਗਈ।

www.AKJ.Org

**ਸਵਾਲ : ਭੰਵਰ ਸਾਹਿਬ, ਇਕ ਗੱਲ ਹੋਰ ਦੱਸੋ। ਅਕਾਲੀਆਂ ਤੇ ਸ਼੍ਰੋਮਣੀ ਕਮੇਟੀ ਨੇ ਜ਼ੋਰ ਪਾਇਆ, ਪੰਜਾਬ ਸਰਕਾਰ 'ਤੇ ਕਿ ਨਿਰੰਕਾਰੀ ਭਵਨ ਪੰਜਾਬ ਵਿਚ ਚੱਲਣ ਨਾ ਦਿੱਤੇ ਜਾਣ, ਖ਼ਾਸ ਕਰਕੇ ਅੰਮ੍ਰਿਤਸਰ ਵਿਚ। ਪਰ ਮਗਰੋਂ ਹਰਬੰਸ ਲਾਲ ਖੰਨਾ, ਜੋ ਮੈਂ ਪੜ੍ਹਿਆ-ਸੁਣਿਆ ਹੈ, ਨੇ ਕਹਿ-ਕਹਾ ਕੇ ਨਿਰੰਕਾਰੀ ਭਵਨ ਖੁਲ੍ਹਵਾ ਦਿੱਤੇ। ਕੀ ਇਹ ਗੱਲ ਠੀਕ ਸੀ ?**

**ਜਵਾਬ** : ਖੁਲ੍ਹਵਾਏ ਤਾਂ ਭਾਵੇਂ ਕੁਝ ਦੇਰ ਬਾਅਦ ਹੋਣ। ਹਰਬੰਸ ਲਾਲ ਖੰਨਾ ਤੇ ਲਕਸ਼ਮੀ ਕਾਂਤਾ ਚਾਵਲਾ, ਉਹ ਕਹਿੰਦੇ ਸੀ ਕਿ ਖੋਲ੍ਹਣ ਦਿਓ, ਇਨ੍ਹਾਂ ਦਾ ਸਿਧਾਂਤਕ ਹੱਕ ਹੈ। ਇਨ੍ਹਾਂ ਨੂੰ ਹਫ਼ਤਾਵਾਰੀ ਸਤਿਸੰਗ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ। ਬੰਦ ਨਹੀਂ ਕਰਨੀ ਚਾਹੀਦੀ। ਇਸ ਕਰਕੇ ਉਹ ਗਰਮਸ਼ੀਲਾਂ ਦੇ ਨਿਸ਼ਾਨੇ 'ਤੇ ਵੀ ਆ ਗਿਆ।

... ... ...

ਲੇਖਕ ਨੇ ਨਕਲੀ ਨਿਰੰਕਾਰੀਆਂ ਦਾ ਪੱਖ ਜਾਣਨ ਲਈ ਨਿਰੰਜਨ ਸਿੰਘ ਨਿਰੰਕਾਰੀ, ਜਿਹੜਾ ਗੁਰਬਚਨ ਸਿੰਘ ਦੇ ਬਹੁਤ ਭਰੋਸੇ ਵਾਲੇ, ਸਾਥੀਆਂ ਵਿੱਚੋਂ ਸੀ, ਨਾਲ ਮਿਲ ਕੇ, ਉਸ ਕੋਲੋਂ ਇਸ ਬਾਰੇ ਆਪਣੇ ਪੱਖ ਦੀ ਜਾਣਕਾਰੀ ਮੰਗੀ। ਉਸ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਉਨ੍ਹਾਂ ਨੂੰ ਵਰਤਮਾਨ ਮੁਖੀ ਹਰਦੇਵ ਸਿੰਘ ਵੱਲੋਂ ਮਨਾਹੀ ਹੈ ਕਿ ਕੋਈ ਵੀ ਇਸ ਸੰਬੰਧੀ ਕਿਸੇ ਨੂੰ ਕੋਈ ਇੰਟਰਵਿਊ ਨਾ ਦੇਵੇ।

ਇਹ ਕਹਿਣਾ ਵਾਜਬ ਹੈ ਕਿ ਵਰਤਮਾਨ ਸਮੇਂ ਵਿਚ ਸਿੱਖ ਕੌਮ ਨੂੰ ਸੰਘਰਸ਼, ਤਕਲੀਫ਼ਾਂ, ਸ਼ਹੀਦੀਆਂ ਅਤੇ ਨਾਲ ਹੀ ਘੱਟ ਨਿੱਗਰ ਸੋਚ ਵਾਲੇ ਨੇਤਾ ਹੀ ਨਸੀਬ ਹੋਏ ਹਨ। ਦੇਸ਼ ਦਾ ਸੰਵਿਧਾਨ ਕਹਿੰਦਾ ਹੈ ਕਿ ਹਰ ਬੰਦਾ ਤੇ ਧੜਾ ਆਪਣੀ ਆਸਥਾ ਦਾ ਪ੍ਰਚਾਰ ਕਰ ਸਕਦਾ ਹੈ, ਪਰ ਦੂਜੇ ਨੂੰ ਨੀਵਾਂ ਦਿਖਾ ਕੇ ਤੇ ਨਿੰਦ ਕੇ ਨਹੀਂ। ਜੇ ਸਿੱਖਾਂ ਨੇ ਇਸ ਸੰਬੰਧੀ ਰੋਸ ਮਾਰਚ ਕੀਤਾ ਤਾਂ ਉਨ੍ਹਾਂ ਨੂੰ ਹੱਕ ਹੈ ਇਸ ਤਰ੍ਹਾਂ ਕਰਨ ਦਾ। ਨਕਲੀ ਨਿਰੰਕਾਰੀਆਂ ਵੱਲੋਂ ਸ਼ਾਂਤਮਈ, ਪੈਰੋਂ ਨੰਗੇ ਤੇ ਨਾਮ ਦਾ ਜਾਪ ਕਰਦੇ ਹੋਏ ਗੁਰਸਿੱਖਾਂ 'ਤੇ ਗੋਲੀਆਂ ਵਰ੍ਹਾਉਣੀਆਂ ਕਿਸੇ ਗੱਲੋਂ ਠੀਕ ਨਹੀਂ। ਇਹ ਤਾਂ ਪੂਰੀ ਕੌਮ ਨੂੰ ਵੰਗਾਰਨ ਵਾਲੀ ਗੱਲ ਸੀ। ਇਸ ਤੋਂ ਪਹਿਲਾਂ ਜ਼ਿਲ੍ਹਾ ਪ੍ਰਬੰਧਕਾਂ ਨੂੰ ਇਸ ਗੱਲ ਦੀ ਸਮਝ ਹੋਣੀ ਚਾਹੀਦੀ ਸੀ ਕਿ ਵਿਸਾਖੀ ਵਾਲੇ ਦਿਨ ਨਕਲੀ ਨਿਰੰਕਾਰੀਆਂ ਨੂੰ ਅੰਮ੍ਰਿਤਸਰ ਵਿਚ ਆਪਣਾ ਸਮਾਗਮ ਨਹੀਂ ਸੀ ਕਰਨ ਦੇਣਾ ਚਾਹੀਦਾ। ਜਦੋਂ ਉਨ੍ਹਾਂ ਅਤੇ ਧਰਮੀ ਸਿੰਘਾਂ ਵਿਚ ਪਹਿਲਾਂ ਤੋਂ ਹੀ ਕੁੜੱਤਣ ਸੀ ਤੇ ਕੋਈ ਅਣਸੁਖਾਵੀਂ ਘਟਨਾ ਹੋ ਸਕਦੀ ਸੀ। ਅਕਾਲੀ ਵਜ਼ੀਰ ਨੂੰ, ਮੰਜੀ ਸਾਹਿਬ ਦੀਵਾਨ ਹਾਲ ਦੀ ਸਟੇਜ 'ਤੇ ਬੈਠਿਆਂ, ਜਦੋਂ ਨਕਲੀ ਨਿਰੰਕਾਰੀਆਂ ਦੇ ਜਲੂਸ ਤੇ ਉਨ੍ਹਾਂ ਦੇ ਬੋਲਾਂ ਬਾਰੇ ਦੱਸਿਆ ਗਿਆ ਤਾਂ ਉਨ੍ਹਾਂ ਦਾ ਫ਼ਰਜ਼ ਸੀ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਤਾੜਨਾ ਕਰ ਦਿੰਦੇ। ਏਨੇ ਸਿੱਖ ਵੀਰਾਂ ਦੀਆਂ ਜਾਨਾਂ ਅਜਾਈਂ ਗਈਆਂ।

ਸ਼੍ਰੋਮਣੀ ਕਮੇਟੀ ਤੇ ਸਿੰਘ ਸਾਹਿਬਾਨ ਦੇ ਕਹਿਣ 'ਤੇ ਨਿਰੰਕਾਰੀ ਭਵਨ ਬੰਦ ਕਰਨ ਦੇ ਸਰਕਾਰ ਵੱਲੋਂ ਹੁਕਮ ਹੋ ਗਏ, ਪਰ ਥੋੜ੍ਹੇ ਦਿਨਾਂ ਬਾਅਦ ਹੀ ਭਾਜਪਾ ਨੇਤਾਵਾਂ ਦੇ ਕਹਿਣ 'ਤੇ ਖੁਲ੍ਹਵਾ ਦਿੱਤੇ ਗਏ। ਇਹ ਸਾਡੀ ਅਕਾਲੀ ਸਰਕਾਰ ਦੀ ਕਮਜ਼ੋਰ ਨੀਤੀ ਦਾ ਪ੍ਰਗਟਾਵਾ ਸੀ।

www.AKJ.Org

ਅਦਾਲਤਾਂ ਦਾ ਹਾਲ ਵੇਖੋ ਕਿ ਸਿੰਘ ਸ਼ਹੀਦ ਕਰ ਦਿੱਤੇ ਗਏ ਤੇ ਕਾਤਲ ਸਾਰੇ ਬਰੀ ਕਰ ਦਿੱਤੇ ਗਏ। ਸਮੇਂ ਦੀ ਸਰਕਾਰ ਨੇ ਅਦਾਲਤ ਦੇ ਇਸ ਫ਼ੈਸਲੇ ਵਿਰੁੱਧ ਉਪਰਲੀ ਅਦਾਲਤ ਵਿਚ ਅਪੀਲ ਵੀ ਨਾ ਪਾਈ। ਸਿੱਖ ਹਿਰਦੇ ਵਲੂੰਧਰੇ ਗਏ ਤੇ ਅੱਗੇ ਆਉਣ ਵਾਲੇ ਸਮੇਂ ਵਿਚ ਇਹ ਸੰਭਾਵੀ ਖਾੜਕੂਵਾਦ ਦਾ ਸੰਕੇਤ ਸੀ। ਕਈ ਨਕਲੀ ਨਿਰੰਕਾਰੀ ਸਿੱਖ ਖਾੜਕੂਆਂ ਹੱਥੋਂ ਮਾਰੇ ਗਏ। ਪੰਜਾਬ ਦੀ ਫ਼ਿਰਕੂ ਪ੍ਰੈੱਸ ਨੇ ਨਕਲੀ ਨਿਰੰਕਾਰੀਆਂ ਦੀ ਪਿੱਠ ਠੋਕੀ। ਲਾਲਾ ਜਗਤ ਨਾਰਾਇਣ ਤੇ ਰਮੇਸ਼ ਕੁਮਾਰ *ਹਿੰਦ ਸਮਾਚਾਰ* ਗਰੁੱਪ ਵਾਲੇ ਵੀ ਮਾਰ ਦਿੱਤੇ ਗਏ। ਸਿੱਖਾਂ 'ਤੇ ਵੀ ਕੇਂਦਰ ਤੇ ਸੂਬਾਈ ਹਕੂਮਤ ਵੱਲੋਂ ਜਬਰ-ਜ਼ੁਲਮ ਦਾ ਹੜ੍ਹ ਲਿਆਂਦਾ ਗਿਆ। ਕੇਂਦਰ ਸਰਕਾਰ ਕਿਸੇ ਤਰ੍ਹਾਂ ਕੋਈ ਹੱਲ ਤੇ ਸਮਝੌਤਾ ਕਰਨ ਨੂੰ ਤਿਆਰ ਨਹੀਂ ਸੀ। ਇਸੇ ਲੜੀ ਵਿਚ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਸਮੂਹ 'ਤੇ ਫ਼ੌਜ ਦਾ ਹਮਲਾ ਤੇ ਉਸ ਤੋਂ ਬਾਅਦ ਸਿੱਖਾਂ 'ਤੇ ਕਹਿਰ ਕਸ਼ਟ ਦਾ ਹੀ ਸਮਾਂ ਰਿਹਾ।

ਪਰ ਸਾਰੇ ਕਾਸੇ ਦੀ ਬੁਨਿਆਦ ਦੀ ਵਜ੍ਹਾ ਸੀ ਨਕਲੀ ਨਿਰੰਕਾਰੀਆਂ ਵੱਲੋਂ ਸਿੱਖ ਧਰਮ ਪ੍ਰਤੀ ਨਫ਼ਰਤ ਫੈਲਾਉਣਾ ਤੇ ਇਸ ਅਣਖੀਲੀ ਕੌਮ ਨੂੰ ਚਿੜ੍ਹਾਉਣਾ, ਫ਼ਿਰਕੂ ਪ੍ਰੈੱਸ ਵੱਲੋਂ ਉਨ੍ਹਾਂ ਦਾ ਸਾਥ ਦੇਣਾ ਤੇ ਕੇਂਦਰ ਸਰਕਾਰਾਂ ਦੀ ਸ਼ਹਿ। ਸਿੱਖ ਕੌਮ ਤੇ ਪੰਜਾਬ ਨੇ ਇਸ ਸੰਤਾਪ ਨੂੰ ਲੰਬਾ ਸਮਾਂ ਝੱਲਿਆ ਹੈ।

ਇਕ-ਪੱਖੀ ਇਤਿਹਾਸ ਲਿਖਣ ਵਾਲੇ ਫ਼ਿਰਕੂ ਸੋਚ ਦੇ ਧਾਰਨੀ ਸਿੱਖਾਂ ਨੂੰ ਹੀ ਕਸੂਰਵਾਰ ਦੱਸਦੇ ਰਹੇ ਹਨ। ਇਸ ਲਈ 1978 ਵਿਚ ਹੋਏ ਇਸ ਮੰਦਭਾਗੇ ਤੇ ਦੁਖਦਾਈ ਸਾਕੇ ਬਾਰੇ ਅਸਲ ਸੱਚ ਕੀ ਹੈ ਤੇ ਸਾਰਾ ਕੁਝ ਉਨ੍ਹਾਂ ਹਾਜ਼ਰ ਸੱਜਣਾਂ ਦੀ ਜ਼ੁਬਾਨੀ ਹੀ ਦੱਸਣ ਦਾ ਉਪਰਾਲਾ ਕੀਤਾ ਹੈ। ਉਪਰੋਕਤ ਪੁਰਸ਼ਾਂ ਦੇ ਬਿਆਨਾਂ ਦੀ ਵੀਡੀਓ ਰਿਕਾਰਡਿੰਗ ਵੀ ਮੌਜੂਦ ਹੈ ਤਾਂ ਜੁ ਸੱਚ ਦੀ ਸ਼ਾਹਦੀ ਭਰੀ ਜਾ ਸਕੇ।

ਇਕ ਗੱਲ ਨਾ ਵਿਸਾਰੀਏ ਕਿ ਸ਼ਹੀਦ ਮਾਂ ਦੀ ਕੁੱਖ ਵਿਚ ਪੈਦਾ ਨਹੀਂ ਹੁੰਦੇ। ਜੇ ਇਸ ਤਰ੍ਹਾਂ ਹੋਵੇ ਤਾਂ ਮਾਂ ਨੂੰ ਗੋਲੀ ਮਾਰ ਕੇ ਉਹ ਕੁੱਖ ਤਾਂ ਖ਼ਾਲੀ ਹੋ ਸਕਦੀ ਹੈ, ਪਰ ਸ਼ਹੀਦ ਤਾਂ ਸਿਧਾਂਤ ਦੀ ਪਾਠਸ਼ਾਲਾ ਵਿਚ ਪੈਦਾ ਹੁੰਦੇ ਹਨ। ਕੌਮ ਦੀ ਗੋਦ ਤੇ ਗੁਰੂ ਦੀ ਗੋਦ ਨੂੰ ਨਾ ਤਾਂ ਗੋਲੀ ਖ਼ਾਲੀ ਕਰ ਸਕਦੀ ਹੈ ਤੇ ਨਾ ਹੀ ਟੈਂਕਾਂ ਦੇ ਗੋਲੇ। ਇਹ ਸਾਰੇ ਗੁਰਸਿੱਖ ਆਪਣੇ ਗੁਰੂ ਦੇ ਨਾਂ 'ਤੇ ਸ਼ਹੀਦ ਹੋਏ ਹਨ ਤੇ ਸਾਰੀ ਕੌਮ ਇਨ੍ਹਾਂ ਸੂਰਬੀਰਾਂ ਦੀ ਹਮੇਸ਼ਾਂ ਲਈ ਰਿਣੀ ਰਹੇਗੀ। ਸਿੱਖ ਕੌਮ ਦੇ ਆਗੂਆਂ ਦਾ ਵਚਨਬੱਧ ਹੋਣਾ ਬਣਦਾ ਹੈ ਕਿ ਸਾਰੇ ਸਿੱਖ ਮਰਜੀਵੜਿਆਂ ਦੀ ਅਦੁੱਤੀ ਕੁਰਬਾਨੀ ਕਿਤੇ ਅਜਾਈਂ ਨਾ ਜਾਵੇ।

*('ਮੂੰਹੋਂ ਬੋਲਦਾ ਇਤਿਹਾਸ : ਪੰਜਾਬ ਦਾ ਦੁਖਾਂਤ' ਵਿੱਚੋਂ ਧੰਨਵਾਦ ਸਹਿਤ)*

www.AKJ.Org

# 13 ਸ਼ਹੀਦ ਸਿੰਘਾਂ ਦੇ ਪਾਵਨ ਨਾਮ

1. ਭਾਈ ਫ਼ੌਜਾ ਸਿੰਘ ਜੀ, ਸਪੁੱਤਰ ਸ. ਸੁਰੈਣ ਸਿੰਘ ਜੀ, ਅੰਮ੍ਰਿਤਸਰ।
2. ਭਾਈ ਅਵਤਾਰ ਸਿੰਘ ਜੀ ਖੁੱਡਾ ਕੁਰਾਲਾ, ਜ਼ਿਲ੍ਹਾ ਹੁਸ਼ਿਆਰਪੁਰ।
3. ਭਾਈ ਹਰਭਜਨ ਸਿੰਘ ਜੀ, ਭੱਟੀਆਂ, ਜ਼ਿਲ੍ਹਾ ਗੁਰਦਾਸਪੁਰ।
4. ਭਾਈ ਪਿਆਰਾ ਸਿੰਘ ਜੀ, ਪਿੰਡ ਭੁੰਗਰਨੀ, ਜ਼ਿਲ੍ਹਾ ਹੁਸ਼ਿਆਰਪੁਰ।
5. ਭਾਈ ਰਘਬੀਰ ਸਿੰਘ ਜੀ ਭਗੂਪੁਰਾ, ਥਾਣਾ ਪੱਟੀ, ਜ਼ਿਲ੍ਹਾ ਅੰਮ੍ਰਿਤਸਰ।
6. ਭਾਈ ਗੁਰਚਰਨ ਸਿੰਘ ਜੀ, ਸਪੁੱਤਰ ਭਾਈ ਦਲੀਪ ਸਿੰਘ ਜੀ, ਨਿਊ ਮਾਡਲ ਟਾਊਨ, ਲੁਧਿਆਣਾ।
7. ਭਾਈ ਗੁਰਦਿਆਲ ਸਿੰਘ ਜੀ, ਪਿੰਡ ਮੋਦੇ, ਜ਼ਿਲ੍ਹਾ ਅੰਮ੍ਰਿਤਸਰ।
8. ਭਾਈ ਅਮਰੀਕ ਸਿੰਘ ਜੀ, ਪਿੰਡ ਖੁਜਾਲਾ, ਜ਼ਿਲ੍ਹਾ ਅੰਮ੍ਰਿਤਸਰ।
9. ਭਾਈ ਧਰਮਬੀਰ ਸਿੰਘ ਜੀ, ਸਪੁੱਤਰ ਮਿਸਤਰੀ ਲਾਲ ਸਿੰਘ ਜੀ, ਅਜੀਤ ਨਗਰ, ਅੰਮ੍ਰਿਤਸਰ।
10. ਭਾਈ ਕੇਵਲ ਸਿੰਘ ਜੀ, ਪ੍ਰੇਮ ਗੜ੍ਹ, ਜ਼ਿਲ੍ਹਾ ਹੁਸ਼ਿਆਰਪੁਰ।
11. ਭਾਈ ਹਰੀ ਸਿੰਘ ਜੀ, ਸਪੁੱਤਰ ਭਾਈ ਗੁਰਚਰਨ ਸਿੰਘ ਜੀ, ਕੋਟ ਰਲਿਆ ਰਾਮ, ਅੰਮ੍ਰਿਤਸਰ।
12. ਭਾਈ ਰਣਬੀਰ ਸਿੰਘ ਜੀ ਫ਼ੌਜੀ, ਪਿੰਡ ਮਹਿਤਾ, ਜ਼ਿਲ੍ਹਾ ਅੰਮ੍ਰਿਤਸਰ।
13. ਭਾਈ ਦਰਸ਼ਨ ਸਿੰਘ ਜੀ, ਪਿੰਡ ਮਹਿਤਾ, ਜ਼ਿਲ੍ਹਾ ਅੰਮ੍ਰਿਤਸਰ।

www.AKJ.Org

## ਜ਼ਖ਼ਮੀ ਸਿੰਘਾਂ ਵਿੱਚੋਂ ਕੁਝ ਨਾਮ

1. ਭਾਈ ਰਾਜਿੰਦਰ ਸਿੰਘ ਜੀ, ਸਪੁੱਤਰ ਭਾਈ ਸਵਰਨ ਸਿੰਘ ਜੀ, ਪਿੰਡ ਸਰਸਪੁਰਾ, ਡਾਕਖ਼ਾਨਾ ਭੁਮਲੀ, ਜ਼ਿਲ੍ਹਾ ਗੁਰਦਾਸਪੁਰ।
2. ਭਾਈ ਹਰਨਾਮ ਸਿੰਘ ਜੀ, ਸਪੁੱਤਰ ਭਾਈ ਪਾਲ ਸਿੰਘ ਜੀ, ਪਿੰਡ ਤੇ ਡਾਕਖ਼ਾਨਾ ਭਿੱਖੀਵਿੰਡ (ਅੰਮ੍ਰਿਤਸਰ)।
3. ਗਿਆਨੀ ਭਗਵਾਨ ਸਿੰਘ ਜੀ, ਸਪੁੱਤਰ ਭਾਈ ਇੰਦਰ ਸਿੰਘ ਜੀ, ਗੁਰੂ ਨਾਨਕ ਪੁਰਾ, ਗਲੀ ਨੰ. 3, ਅੰਮ੍ਰਿਤਸਰ।
4. ਗਿਆਨੀ ਹਜ਼ਾਰਾ ਸਿੰਘ ਜੀ, ਡੀ.ਐੱਸ.ਪੀ. (ਰੀਟਾਇਰਡ), ਗੁਰਦਾਸਪੁਰ।
5. ਭਾਈ ਅਮੋਲਕ ਸਿੰਘ ਜੀ, ਸਪੁੱਤਰ ਭਾਈ ਨਿਰੰਜਨ ਸਿੰਘ ਜੀ, ਮਕਾਨ ਨੰ. 4433, ਰਣਜੀਤਪੁਰਾ, ਗਲੀ ਨੰ. 4, ਪੁਤਲੀਘਰ, ਸ੍ਰੀ ਅੰਮ੍ਰਿਤਸਰ।
6. ਭਾਈ ਇਕਬਾਲ ਸਿੰਘ ਜੀ, ਸਪੁੱਤਰ ਸ਼ਹੀਦ ਭਾਈ ਅਵਤਾਰ ਸਿੰਘ ਜੀ, ਖੁੱਡਾ ਕੁਰਾਲਾ (ਹੁਸ਼ਿਆਰਪੁਰ)
7. ਭਾਈ ਗੁਰਦਿਆਲ ਸਿੰਘ ਜੀ, ਸਪੁੱਤਰ ਭਾਈ ਗੁਰਚਰਨ ਸਿੰਘ ਜੀ, 355, ਗੁਰੂ ਅਰਜਨ ਦੇਵ ਨਗਰ, ਅੰਮ੍ਰਿਤਸਰ।
8. ਭਾਈ ਨਿੱਕਾ ਸਿੰਘ ਜੀ, ਸਪੁੱਤਰ ਭਾਈ ਸਵਰਨ ਸਿੰਘ ਜੀ, ਪਿੰਡ ਧੀਰੋ ਮਾਜਰਾ, ਡਾਕਖ਼ਾਨਾ ਪੰਜੋਖੜਾ (ਅੰਬਾਲਾ)।
9. ਭਾਈ ਗੁਰਬਚਨ ਸਿੰਘ ਜੀ, ਸਪੁੱਤਰ ਭਾਈ ਅਵਤਾਰ ਸਿੰਘ ਜੀ, ਨੌਸ਼ਹਿਰਾ ਪੰਨੂਆਂ, ਤਹਿਸੀਲ ਤਰਨ ਤਾਰਨ (ਅੰਮ੍ਰਿਤਸਰ)
10. ਭਾਈ ਬਚਿੱਤਰ ਸਿੰਘ ਜੀ, ਸਪੁੱਤਰ ਭਾਈ ਚੰਨਣ ਸਿੰਘ, ਪਿੰਡ ਤੇ ਡਾਕਖ਼ਾਨਾ ਠੱਠੀ ਖਾਰਾ, ਨੇੜੇ ਤਰਨ ਤਾਰਨ (ਅੰਮ੍ਰਿਤਸਰ)
11. ਭਾਈ ਮਿਹਰ ਸਿੰਘ ਜੀ, ਸਪੁੱਤਰ ਭਾਈ ਲੱਛਮੀ ਚੰਦ ਜੀ, ਪਿੰਡ ਸੂਰਾ ਪੱਡਾ, ਡਾਕਖ਼ਾਨਾ ਨੰਗਲ (ਅੰਮ੍ਰਿਤਸਰ)
12. ਭਾਈ ਨਿਰਮਲ ਸਿੰਘ ਜੀ, ਸਪੁੱਤਰ ਭਾਈ ਸੂਰਤ ਸਿੰਘ ਜੀ, ਪਿੰਡ ਤੇ ਡਾਕਖ਼ਾਨਾ ਮੀਆਂ ਭਾਗੀਪੁਰਾ (ਕਪੂਰਥਲਾ)
13. ਭਾਈ ਗੁਰਦੀਪ ਸਿੰਘ ਜੀ, ਸਪੁੱਤਰ ਭਾਈ ਗੁਰਨਾਮ ਸਿੰਘ ਜੀ, ਪਿੰਡ ਤੇ ਡਾਕਖ਼ਾਨਾ ਚਕਰ (ਲੁਧਿਆਣਾ)
14. ਭਾਈ ਗੋਪਾਲ ਸਿੰਘ ਜੀ, ਸਪੁੱਤਰ ਭਾਈ ਸੁੱਚਾ ਸਿੰਘ ਜੀ, ਪਿੰਡ ਤੇ ਡਾਕਖ਼ਾਨਾ ਮਜੀਠਾ (ਅੰਮ੍ਰਿਤਸਰ)
15. ਭਾਈ ਮੰਗਲ ਸਿੰਘ ਜੀ, ਸਪੁੱਤਰ ਭਾਈ ਦਾਰਾ ਸਿੰਘ ਜੀ, ਪਿੰਡ ਤੇ ਡਾਕਖ਼ਾਨਾ ਮੋਦੇ (ਅੰਮ੍ਰਿਤਸਰ)

16. ਭਾਈ ਗੁਲਜ਼ਾਰ ਸਿੰਘ ਜੀ, ਸਪੁੱਤਰ ਭਾਈ ਸੋਹਣ ਸਿੰਘ ਜੀ, ਪਿੰਡ ਤੇ ਡਾਕਖ਼ਾਨਾ ਵੱਲਾ (ਅੰਮ੍ਰਿਤਸਰ)
17. ਭਾਈ ਕੁਲਦੀਪ ਸਿੰਘ ਜੀ, ਸਪੁੱਤਰ ਭਾਈ ਬਚਨ ਸਿੰਘ ਜੀ, ਪਿੰਡ ਮੁੱਛਲ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ)
18. ਭਾਈ ਨਰਿੰਦਰ ਸਿੰਘ ਜੀ, ਸਪੁੱਤਰ ਭਾਈ ਚਰਨ ਸਿੰਘ ਜੀ, ਖ਼ਾਲਸਾ ਫ਼ਾਰਮ (ਗੁਰਦਾਸਪੁਰ)
19. ਭਾਈ ਨੌਨਿਹਾਲ ਸਿੰਘ ਜੀ, ਸਪੁੱਤਰ ਸ਼ਹੀਦ ਗਿਆਨੀ ਹਰੀ ਸਿੰਘ, ਕੋਟ ਰਲਿਆ ਰਾਮ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ।
20. ਭਾਈ ਗੁਲਜ਼ਾਰ ਸਿੰਘ, ਸਪੁੱਤਰ ਭਾਈ ਚਰਨ ਸਿੰਘ, ਪਿੰਡ ਤੇ ਡਾਕਖ਼ਾਨਾ ਰਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ।

www.AKJ.Org

# ਸ਼ਹੀਦ ਭਾਈ ਫ਼ੌਜਾ ਸਿੰਘ ਜੀ

*—ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ*

ਭਾਈ ਫ਼ੌਜਾ ਸਿੰਘ ਜੀ ਵੀਹਵੀਂ ਸਦੀ ਦੇ ਮਹਾਨ ਯੋਧੇ, ਸੂਰਬੀਰ, ਪਰਉਪਕਾਰੀ, ਸਿੱਖ ਕੌਮ ਨੂੰ ਹਲੂਣਾ ਦੇਣ ਵਾਲੇ, ਗੁਰੂ ਸਾਹਿਬ ਜੀ ਦੇ ਸਤਿਕਾਰ ਵਾਸਤੇ ਤਨ, ਮਨ, ਧਨ ਅਰਪਣ ਕਰਨ ਵਾਲੇ ਜ਼ਿੰਦਾ ਸ਼ਹੀਦ ਸਨ। ਇਸ ਮਹਾਂਬਲੀ ਬਹੁ-ਪੱਖੀ ਸ਼ਖ਼ਸੀਅਤ ਦਾ ਜਨਮ 17 ਮਈ 1936 ਨੂੰ ਪਿਤਾ ਸ. ਸੁਰੈਣ ਸਿੰਘ ਜੀ ਦੇ ਘਰ ਮਾਤਾ ਕਰਤਾਰ ਕੌਰ ਜੀ ਦੀ ਕੁੱਖੋਂ ਪਿੰਡ ਕੁਲੀਆ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਚ ਹੋਇਆ। ਆਪ ਦੇ ਪਿਤਾ ਦਰਮਿਆਨੇ ਦਰਜੇ ਦੇ ਸਿੱਖ ਜ਼ਿਮੀਂਦਾਰ ਸਨ। ਦੇਸ਼ ਦੀ ਵੰਡ ਪਿੱਛੋਂ ਇਨ੍ਹਾਂ ਦਾ ਪਰਿਵਾਰ ਪਿੰਡ ਗ਼ਜ਼ਨੀਪੁਰ, ਜੋ ਗੁਰਦਾਸਪੁਰ ਤੋਂ ਡੇਰਾ ਬਾਬਾ ਨਾਨਕ ਸੜਕ 'ਤੇ 6 ਮੀਲ ਦੀ ਦੂਰੀ 'ਤੇ ਹੈ, ਆ ਕੇ ਵੱਸ ਗਿਆ। ਆਪ ਜੀ ਦੇ ਹੋਰ ਤਿੰਨ ਭਰਾ ਤੇ ਦੋ ਭੈਣਾਂ ਸਨ। ਮੁੱਢਲੀ ਵਿੱਦਿਆ ਪਾਕਿਸਤਾਨ ਵਿਚ ਪ੍ਰਾਇਮਰੀ ਤਕ ਤੇ ਫਿਰ ਦਸਵੀਂ ਭਾਰਤ ਵਿਚ ਆ ਕੇ ਗੁਰਦਾਸਪੁਰ ਸਰਕਾਰੀ ਸਕੂਲ ਤੋਂ ਕੀਤੀ। ਬਚਪਨ ਤੋਂ ਹੀ ਆਪਣੇ ਹਾਣ ਦੇ ਮੁੰਡਿਆਂ ਦੇ ਮੋਹਰੀ ਲੀਡਰ ਅਤੇ ਹਰ ਖੇਡ ਵਿਚ ਅੱਗੇ ਰਹਿੰਦੇ ਸਨ। ਨਾਲ ਹੀ ਨੈਤਿਕ ਸੋਧ-ਸੁਧਾਈ ਦੇ ਕੰਮ ਵਿਚ ਕਾਫ਼ੀ ਉਤਸ਼ਾਹ ਦਿਖਾਉਂਦੇ ਸਨ।

ਸਕੂਲ ਵਿਚ ਦਸਵੀਂ ਜਮਾਤ ਵਿਚ ਪੜ੍ਹਦੇ ਸਮੇਂ ਅੰਮ੍ਰਿਤ ਪਾਨ ਕਰ ਲਿਆ ਸੀ। ਬੈਰਾਗੀ ਸੁਭਾਅ ਹੋਣ ਕਰਕੇ ਆਪ ਛੋਟੀ ਉਮਰ ਵਿਚ ਹੀ ਇਕ ਮਹੀਨਾ ਘਰੋਂ ਅਲੋਪ ਰਹੇ ਅਤੇ ਬਟਾਲੇ ਲਾਗੇ ਕਿਸੇ ਡੇਰੇ ਵਿਚ ਸੰਤਾਂ-ਸਾਧਾਂ ਦੀ ਸੰਗਤ ਵਿਚ ਹੀ ਬਤੀਤ ਕੀਤਾ, ਜਿਸ ਬਾਰੇ ਘਰਦਿਆਂ ਨੂੰ ਪਹਿਲਾਂ ਪਤਾ ਹੀ ਨਹੀਂ ਲੱਗਾ। ਬਾਅਦ ਵਿਚ ਪਤਾ ਲੱਗਣ 'ਤੇ ਘਰ ਵਾਪਸ ਲਿਆਂਦੇ ਗਏ। ਪੂਰਬਲੇ ਸੰਸਕਾਰ ਅਜੇ ਤਕ ਪੂਰੀ ਤਰ੍ਹਾਂ ਅੰਕੁਰ ਨਹੀਂ ਸਨ ਹੋਏ ਪਰ ਅੰਦਰੋਂ ਬੈਰਾਗ ਫਰਾਟੇ ਮਾਰਦਾ ਸੀ। ਆਪ ਬਚਪਨ ਤੋਂ ਆਮ ਸਿੱਖਾਂ ਦੇ ਘਰਾਂ ਵਿਚ ਪਾਏ ਜਾਂਦੇ ਵਹਿਮਾਂ-ਭਰਮਾਂ ਤੋਂ ਮੁਕਤ ਸਨ। ਪਿੰਡ ਦੇ ਲਾਗੇ ਇਕ ਖੂਹ, ਜਿਥੇ ਭੂਤਾਂ-ਪ੍ਰੇਤਾਂ ਦਾ ਵਾਸਾ ਦੱਸਿਆ ਜਾਂਦਾ ਸੀ, ਉਥੇ ਆਪ ਰਾਤ ਨੂੰ ਚਲੇ ਜਾਂਦੇ ਸਨ। ਬਾਣੀ ਪੜ੍ਹਨ ਦੇ ਨਾਲ ਨਾਲ ਖੂਹ ਵਿਚ ਲੱਤਾਂ ਲਮਕਾ ਕੇ ਬਹਿ ਜਾਂਦੇ ਸਨ ਤੇ ਕਹਿੰਦੇ ਹੁੰਦੇ ਸਨ ਕਿ ਜੇ ਕੋਈ ਅਬਿਗਤ ਰੂਹ ਦੀ ਤਾਕਤ ਹੈ ਤਾਂ ਉਹ ਉਸ ਨੂੰ ਖੂਹ ਵਿਚ ਸੁੱਟ ਲਵੇ। ਫਿਰ ਘਰ ਵਿਚ ਸਰ੍ਹੋਂ ਦੇ ਤੇਲ ਦਾ ਪੀਪਾ ਲਿਆਉਣ 'ਤੇ ਮਾਤਾ ਜੀ ਨੇ ਭਰਮ ਕੀਤਾ ਕਿ ਘਰ ਵਿਚ ਭੈੜੀਆਂ ਰੂਹਾਂ ਆ ਜਾਂਦੀਆਂ ਹਨ। ਮਾਤਾ ਜੀ ਕੋਲੋਂ ਤੇਲ ਦੀ ਬੋਤਲ ਭਰਵਾ ਕੇ ਸਾਰੀ ਰਾਤ ਸ਼ਮਸ਼ਾਨ ਘਾਟ (ਮਸਾਣਾਂ) ਵਿਚ ਜਾ ਕੇ ਬੈਠੇ ਪਾਠ ਕਰਦੇ ਰਹੇ। ਸਵੇਰੇ ਵਾਪਸ ਆ ਕੇ ਮਾਤਾ

www.AKJ.Org





ਭਾਈ ਫੌਜਾ ਸਿੰਘ ਜੀ

www.AKJ.Org

ਜੀ ਨੂੰ ਕਹਿਣ ਲੱਗੇ ਕਿ ਮੈਨੂੰ ਤਾਂ ਕੁਝ ਨਹੀਂ ਹੋਇਆ, ਤੁਸੀਂ ਐਵੇਂ ਵਹਿਮ ਕਰਦੇ ਰਹਿੰਦੇ ਹੋ। ਹੋਰ ਵੀ ਇਸ ਤਰ੍ਹਾਂ ਪਿੰਡਾਂ ਵਿਚ ਪ੍ਰਚੱਲਤ ਵਹਿਮਾਂ-ਭਰਮਾਂ ਦਾ ਭੁਲੇਖਾ ਉਹ ਦੂਰ ਕਰਦੇ ਰਹਿੰਦੇ ਸਨ। ਨਿਡਰ ਤੇ ਬੇਖ਼ੌਫ਼ ਤਾਂ ਉਹ ਬਚਪਨ ਤੋਂ ਹੀ ਸਨ।

ਦਸਵੀਂ ਪਾਸ ਕਰਨ ਤੋਂ ਬਾਅਦ ਉਨ੍ਹਾਂ ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਵਿਖੇ ਐੱਫ਼.ਐੱਸ-ਸੀ. ਵਿਚ ਦਾਖ਼ਲਾ ਲੈ ਲਿਆ। ਪੜ੍ਹਾਈ ਦੇ ਨਾਲ-ਨਾਲ ਉਹ ਵਿਦਿਆਰਥੀਆਂ ਦੀ ਭਲਾਈ ਲਈ ਵੀ ਕੰਮ ਕਰਦੇ ਰਹਿੰਦੇ ਸਨ। ਇਕ ਆਗੂ ਵਾਲੇ ਗੁਣ ਹੋਣ ਕਰਕੇ ਉਹ ਜਲਦੀ ਹੀ ਵਿਦਿਆਰਥੀ ਯੂਨੀਅਨ ਦੇ ਨੇਤਾ ਤੇ ਵਿਦਿਆਰਥੀਆਂ ਵਿਚ ਬਹੁਤ ਹਰਮਨ ਪਿਆਰੇ ਹੋ ਗਏ। ਇਕ ਵਾਰ ਭਾਈ ਸਾਹਿਬ ਜੀ ਦਾ ਇਕ ਗੁਰਸਿੱਖ ਮਿੱਤਰ ਕਾਲਜ ਦੀ ਵਿਦਿਆਰਥੀ ਯੂਨੀਅਨ ਦੀ ਚੋਣ ਲੜ ਰਿਹਾ ਸੀ। ਕੁਝ ਵਿਰੋਧੀ ਫ਼ਸਾਦੀਆਂ ਨੇ ਇਕ ਚੋਣ ਰੈਲੀ ਵਿਚ ਗੁਰਸਿੱਖ ਦੇ ਭਾਸ਼ਨ ਵੇਲੇ ਬਦਸਲੂਕੀ ਕਰਨੀ ਸ਼ੁਰੂ ਕਰ ਦਿੱਤੀ ਤੇ ਉਸ ਨੂੰ ਆਪਣਾ ਨਾਮ ਵਾਪਸ ਲੈਣ ਦੀ ਧਮਕੀ ਦਿੱਤੀ। ਭਾਈ ਸਾਹਿਬ ਜੀ ਨੂੰ ਪਤਾ ਲੱਗਣ 'ਤੇ ਉਹ ਗ਼ੁੱਸੇ ਤੇ ਬੀਰ-ਰਸ ਵਿਚ ਆ ਗਏ ਤੇ ਕਹਿਣ ਲੱਗੇ ਕਿ ਮੈਂ ਉਨ੍ਹਾਂ ਨੂੰ ਦੱਸਾਂਗਾ ਕਿ ਕਿਸੇ ਗੁਰਸਿੱਖ ਨੂੰ ਡਰਾਇਆ ਧਮਕਾਇਆ ਨਹੀਂ ਜਾ ਸਕਦਾ। ਭਾਈ ਸਾਹਿਬ ਨੇ ਇਕ ਡਾਂਗ ਫੜ ਕੇ ਉਨ੍ਹਾਂ 30-40 ਨੌਜਵਾਨਾਂ ਦੇ ਗਰੁੱਪ ਨੂੰ ਜਾ ਘੇਰਿਆ। ਭਾਈ ਸਾਹਿਬ ਜੀ ਦੇ ਪੁੱਛਣ 'ਤੇ ਉਹ ਵੀ ਅੱਗੋਂ ਗ਼ੁੱਸੇ ਵਿਚ ਆ ਗਏ ਤੇ ਕਹਿਣ ਲੱਗੇ ਕਿ ਤੁਸੀਂ ਕੀ ਕਰ ਲਵੋਗੇ ? ਫਿਰ ਕੀ ਸੀ ? ਭਾਈ ਸਾਹਿਬ ਜੀ ਨੇ ਐਸਾ ਸੋਧਾ ਫੇਰਿਆ ਕਿ ਕਈਆਂ ਦੀਆਂ ਹੱਡੀਆਂ ਟੁੱਟ ਗਈਆਂ ਜਾਂ ਤਿੜਕ ਗਈਆਂ। ਭਾਈ ਸਾਹਿਬ ਜੀ ਨੂੰ ਝਰੀਟ ਤਕ ਨਹੀਂ ਆਈ। ਸਭ ਨੇ ਭਾਈ ਸਾਹਿਬ ਜੀ ਤੋਂ ਮੁਆਫ਼ੀ ਮੰਗ ਕੇ ਦੁਬਾਰਾ ਐਸੀ ਹਰਕਤ ਨਾ ਕਰਨ ਦਾ ਪ੍ਰਣ ਕੀਤਾ।

ਪੜ੍ਹਾਈ ਕਰਦਿਆਂ ਫਿਰ ਵੈਰਾਗ ਦੀਆਂ ਕਾਂਗਾਂ ਉੱਠ ਖਲੋਤੀਆਂ ਅਤੇ ਆਪ ਆਤਮਾ ਦੀ ਤ੍ਰਿਪਤੀ ਲਈ ਫਿਰ ਅਗਿਆਤਵਾਸ ਹੋ ਗਏ। ਭਾਈ ਸਾਹਿਬ ਜੀ ਘਰਦਿਆਂ ਅਤੇ ਦੁਨੀਆਂਦਾਰਾਂ ਦੇ ਭਾਣੇ ਗੁਆਚ ਗਏ। ਫਿਰ ਭਾਲ ਸ਼ੁਰੂ ਕਰ ਦਿੱਤੀ। ਅਖ਼ਬਾਰਾਂ ਵਿਚ ਵੀ ਕਢਵਾਇਆ ਗਿਆ, ਪਰ ਕਿਥੋਂ ਲੱਭਣ ? ਉਹ ਆਪਣੀ ਆਤਮਕ ਭੁੱਖ ਪੂਰੀ ਕਰਨ ਲਈ ਦੋ ਸਾਲ ਘਰੋਂ ਅਲੋਪ ਰਹੇ ਅਤੇ ਸੰਤਾਂ-ਸਾਧਾਂ ਦੇ ਡੇਰੇ ਗਾਹੁੰਦੇ ਰਹੇ। ਫਿਰ ਕਿਸੇ ਭੇਖੀ ਸਾਧ ਨੇ ਆਪ ਨੂੰ ਸੋਹੰ ਦਾ ਮੰਤਰ ਦਿੱਤਾ ਅਤੇ ਆਪ ਉਸ ਦਾ ਜਾਪ ਕਰਦੇ ਰਹੇ, ਪਰ ਤਸੱਲੀ ਫਿਰ ਵੀ ਨਹੀਂ ਹੋਈ, ਘਰ ਵਾਪਸ ਆ ਕੇ ਫਿਰ ਖ਼ਾਲਸਾ ਕਾਲਜ ਵਿਚ ਪੜ੍ਹਾਈ ਸ਼ੁਰੂ ਕਰ ਦਿੱਤੀ। ਗੁਰੂ ਦੇ ਹੁਕਮ ਅਨੁਸਾਰ ਬੀ.ਐੱਸ-ਸੀ. ਵਿਚ ਪੜ੍ਹਦੇ ਐਸਾ ਭਾਣਾ ਵਰਤਿਆ ਕਿ ਆਪ ਕੁਸੰਗਤ ਵਿਚ ਪੈ ਕੇ ਗੁਰੂ ਘਰ ਤੋਂ ਬੇਮੁੱਖ ਹੋ ਗਏ ਅਤੇ ਕਿਸੇ ਵੀ ਵੱਡੇ ਛੋਟੇ ਦੀ ਗੱਲ ਸੁਣਨ ਤੋਂ ਵੀ ਆਕੀ ਹੋ ਗਏ। ਇਨ੍ਹਾਂ ਦੀ ਰਿਹਾਇਸ਼ ਕਾਲਜ ਦੇ ਗੁਰਦੁਆਰੇ ਲਾਗੇ ਹੀ ਸੀ, ਉਥੇ ਹੀ ਭਾਈ ਬਖਤਾਵਰ ਸਿੰਘ ਜੀ, ਜੋ O.C.M. ਵਿਚ ਨੌਕਰੀ ਕਰਦੇ ਸਨ, ਦਾ ਕਾਲਜ ਦੇ ਗੁਰਦੁਆਰੇ ਆਉਣਾ ਜਾਣਾ ਸੀ। ਭਾਈ ਸਾਹਿਬ ਜੀ ਨੇ ਆਪ ਜੀ ਨੂੰ ਪ੍ਰੇਮ ਨਾਲ ਕੀਲ ਕੇ ਫਿਰ ਗੁਰੂ ਘਰ ਦੇ ਸ਼ਰਧਾਲੂ ਬਣਾ ਦਿੱਤਾ। ਪੂਰਬਲੇ ਅੰਕੁਰ ਸਫੁਟ ਹੋ ਗਏ ਅਤੇ ਆਪ ਜੀ ਨੇ ਅਖੰਡ ਕੀਰਤਨੀ ਜਥੇ ਦੇ ਹਫ਼ਤਾਵਾਰੀ ਸਮਾਗਮਾਂ ਦੀ ਹਾਜ਼ਰੀ

www.AKJ.Org

ਭਰਨੀ ਸ਼ੁਰੂ ਕਰ ਦਿੱਤੀ। ਪੁਰਾਤਨ ਗੁਰਸਿੱਖਾਂ ਦੇ ਜੀਵਨ ਦੇਖ ਕੇ ਆਪ ਦੀ ਤਸੱਲੀ ਹੋ ਗਈ ਕਿ ਅਸਲੀ ਟਿਕਾਣਾ ਮਿਲ ਗਿਆ ਹੈ। 1964 ਈ. ਵਿਚ ਆਪ ਜੀ ਕੀਰਤਨੀ ਜਥੇ ਪਾਸੋਂ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ ਅਤੇ ਮਨੁੱਖਾ ਜੀਵਨ ਦੇ ਲਕਸ਼ ਦੀ ਪੂਰਤੀ ਲਈ ਰਾਤ ਦਿਨ ਸੇਵਾ ਸਿਮਰਨ ਵਿਚ ਜੁੱਟ ਗਏ।

ਸ. ਦਲਜੀਤ ਸਿੰਘ ਜੀ ਵਿਰਕ (ਹਾਲ ਇੰਗਲੈਂਡ) ਇਨ੍ਹਾਂ ਦੇ ਬੀ.ਐੱਸ-ਸੀ. ਵਿਚ ਖ਼ਾਲਸਾ ਕਾਲਜ ਦੇ ਹਮ-ਜਮਾਤੀ ਸਨ। ਉਨ੍ਹਾਂ ਦੇ ਮੁਤਾਬਕ ਭਾਈ ਸਾਹਿਬ ਜੀ ਪੰਜੋਖਰਾ ਸਾਹਿਬ ਹੋਏ ਅੰਮ੍ਰਿਤ ਸੰਚਾਰ ਸਮਾਗਮ ਸਮੇਂ ਪੇਸ਼ ਹੋ ਕੇ ਪਿਛਲੀਆਂ ਭੁੱਲਾਂ ਬਖ਼ਸ਼ਵਾ ਕੇ ਤਿਆਰ-ਬਰ-ਤਿਆਰ ਹੋਏ ਸਨ। ਜਦੋਂ ਆਪ ਜੀ ਪੰਚਾਂ ਦੇ ਪੇਸ਼ ਹੋਏ ਤਾਂ ਉਸ ਵੇਲੇ ਦੀ ਗੁਰਮਤਿ ਮਰਯਾਦਾ ਮੁਤਾਬਕ ਹੋਈਆਂ ਕੁਰਹਿਤਾਂ ਕਾਰਨ ਆਪ ਜੀ ਨੂੰ ਤਿੰਨ ਮਹੀਨੇ ਬਾਅਦ ਪੇਸ਼ ਹੋਣ ਲਈ ਕਿਹਾ ਗਿਆ, ਪਰੰਤੂ ਆਪ ਜੀ ਦੇ ਅੰਦਰ ਅੰਮ੍ਰਿਤ ਛਕਣ ਦੀ ਪ੍ਰਬਲ ਤੀਬਰਤਾ ਇਤਨੀ ਪ੍ਰਬਲ ਹੋ ਚੁੱਕੀ ਸੀ ਕਿ ਆਪ ਨੇ ਪੰਚਾਂ ਨੂੰ ਬੇਨਤੀ ਕੀਤੀ ਕਿ ਜੇ ਮੈਨੂੰ ਅੱਜ ਅੰਮ੍ਰਿਤ ਨਾ ਛਕਾਇਆ ਗਿਆ ਤਾਂ ਮੈਂ ਹੁਣੇ ਹੀ ਮਰ ਜਾਵਾਂਗਾ। ਪਰੰਤੂ ਪੰਚਾਂ ਨੇ ਫਿਰ ਪਹਿਲਾਂ ਵਾਲਾ ਹੁਕਮ ਹੀ ਦਿੱਤਾ ਤਾਂ ਆਪ ਬਾਹਰ ਨਿਕਲ ਕੇ ਸੱਚਮੁੱਚ ਰੇਲਵੇ ਲਾਈਨ ਵੱਲ ਭੱਜ ਉੱਠੇ। ਪਹਿਰੇਦਾਰ ਵੱਲੋਂ ਪੰਚਾਂ ਨੂੰ ਦੱਸਣ 'ਤੇ ਆਪ ਜੀ ਨੂੰ ਸਿੰਘਾਂ ਨੇ ਵਾਪਸ ਲਿਆਂਦਾ ਤੇ ਪੰਜਾਂ ਵੱਲੋਂ ਲਗਾਈ ਤਨਖ਼ਾਹ ਨੂੰ ਆਪ ਸਿਰ ਮੱਥੇ ਮੰਨ ਕੇ ਦੁਬਾਰਾ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਗੁਰੂ ਕੇ ਸਿੰਘ ਸੱਜ ਗਏ।

ਬੀਬੀ ਅਮਰਜੀਤ ਕੌਰ ਜੀ ਵੀ ਸ੍ਰੀ ਅੰਮ੍ਰਿਤਸਰ ਦੇ ਨਿਵਾਸੀ ਸਨ। ਉਨ੍ਹਾਂ ਦੇ ਮਾਤਾ ਪਿਤਾ ਗੁਰੂ-ਘਰ ਦੇ ਸ਼ਰਧਾਲੂ ਸਨ ਪਰੰਤੂ ਬੀਬੀ ਜੀ ਨੂੰ ਅੰਮ੍ਰਿਤ ਛਕਾਉਣ ਤੋਂ ਸੰਕੋਚ ਕਰਦੇ ਸਨ। ਗੁਰੂ ਭਾਣੇ ਅੰਦਰ ਬੀਬੀ ਜੀ ਨੂੰ ਸਕੂਲ ਅਧਿਆਪਕਾ ਦੀ ਨੌਕਰੀ ਛੇਹਰਟੇ ਲਾਗੇ, ਖਾਸੇ ਪਿੰਡ ਵਿਚ ਮਿਲ ਗਈ। O.C.M. ਮਿੱਲ ਰਸਤੇ ਵਿਚ ਪੈਂਦੀ ਸੀ ਤੇ ਉਥੇ ਇਨ੍ਹਾਂ ਦੀ ਵੀ ਜਾਣ-ਪਛਾਣ ਭਾਈ ਬਖਤਾਵਰ ਸਿੰਘ ਜੀ ਨਾਲ ਹੋ ਗਈ ਤੇ ਘਰ ਆਉਣ-ਜਾਣ ਦੇ ਨਾਲ-ਨਾਲ ਉਹ ਸਮਾਗਮਾਂ ਦੀ ਹਾਜ਼ਰੀ ਵੀ ਭਰਨ ਲੱਗ ਪਏ। ਬੀਬੀ ਜੀ ਕੀਰਤਨ ਦੀ ਸੇਵਾ ਵੀ ਕਰ ਲੈਂਦੇ ਸਨ, ਪਰੰਤੂ ਅਜੇ ਕੇਸਕੀ ਨਹੀਂ ਸਜਾਈ ਸੀ। ਪੂਰਬਲੇ ਸੰਜੋਗਾਂ ਅਨੁਸਾਰ ਬੀਬੀ ਜੀ ਦੇ ਰਿਸ਼ਤੇ ਦੀ ਗੱਲ ਭਾਈ ਸਾਹਿਬ ਜੀ ਨਾਲ ਚੱਲ ਪਈ। ਬੀਬੀ ਜੀ ਵਿਆਹ ਬੰਧਨਾਂ ਵਿਚ ਪੈਣਾ ਨਹੀਂ ਚਾਹੁੰਦੇ ਸਨ ਅਤੇ ਬੀਬੀ ਜੀ ਦੇ ਮਾਤਾ-ਪਿਤਾ ਇਸ ਰਿਸ਼ਤੇ ਦੇ ਹੱਕ ਵਿਚ ਨਹੀਂ ਸਨ, ਪਰੰਤੂ ਭਾਈ ਬਖਤਾਵਰ ਸਿੰਘ ਜੀ ਅਤੇ ਉਨ੍ਹਾਂ ਦੀ ਸਿੰਘਣੀ ਦੀ ਪ੍ਰੇਰਨਾ ਨਾਲ ਇਹ ਸੰਜੋਗ ਜੁੜ ਗਏ। ਸੰਨ 1965 ਈ. ਵਿਚ ਇਸ ਸੁਭਾਗੀ ਜੋੜੀ ਦਾ ਅਨੰਦ ਕਾਰਜ ਗੁਰਮਤਿ ਅਨੁਸਾਰ ਹੋ ਗਿਆ ਤੇ ਇਹ ਗ੍ਰਿਹਸਤ ਜੀਵਨ ਦੇ ਪਾਂਧੀ ਬਣ ਗਏ। ਇਸ ਅਨੰਦ ਕਾਰਜ ਸਮਾਗਮ ਸਮੇਂ ਭਾਈ ਜੀਵਨ ਸਿੰਘ ਜੀ ਲੁਧਿਆਣਾ ਨੇ ਵੀ ਕੀਰਤਨ ਰਾਹੀਂ ਅਸੀਸਾਂ ਬਖ਼ਸ਼ੀਆਂ ਸਨ।

ਬੀ.ਐੱਸ-ਸੀ. ਦੀ ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਭਾਈ ਸਾਹਿਬ ਜੀ ਨੇ ਕਿਰਤ ਵਜੋਂ ਖੇਤੀ-ਬਾੜੀ ਇੰਸਪੈਕਟਰ ਦੀ ਨੌਕਰੀ ਸ਼ੁਰੂ ਕੀਤੀ। ਸਭ ਤੋਂ ਪਹਿਲਾਂ ਆਪ ਦੀ ਨਿਯੁਕਤੀ ਕੋਟਕਪੂਰੇ ਹੋਈ। 6 ਮਹੀਨੇ ਬਾਅਦ ਆਪ ਜੀ ਵਾਪਸ ਸ੍ਰੀ


www.AKJ.Org

ਅੰਮ੍ਰਿਤਸਰ ਤਬਦੀਲ ਹੋ ਗਏ। ਬਾਕੀ ਸਾਰੀ ਨੌਕਰੀ ਸ੍ਰੀ ਅੰਮ੍ਰਿਤਸਰ ਜਾਂ ਇਸ ਦੇ ਇਰਦ ਗਿਰਦ ਹੀ ਕੀਤੀ। ਬੀਬੀ ਜੀ ਪਹਿਲਾਂ ਖਾਸੇ ਲਾਗੇ ਸਕੂਲ ਵਿਚ ਅਧਿਆਪਕ ਸਨ, ਥੋੜ੍ਹੇ ਸਮੇਂ ਬਾਅਦ ਮੁੱਖ ਅਧਿਆਪਕ ਵਜੋਂ ਪਦ-ਉੱਨਤ ਹੋ ਕੇ ਬਾਬਾ ਸਾਹਿਬ ਚੌਂਕ ਦੇ ਪ੍ਰਾਇਮਰੀ ਸਕੂਲ ਵਿਚ ਆ ਗਏ ਤੇ ਰੀਟਾਇਰ ਹੋਣ ਤਾਈਂ ਉਥੇ ਹੀ ਰਹੇ। ਭਾਈ ਸਾਹਿਬ ਜੀ ਨੇ ਆਪਣੀ 14-15 ਸਾਲ ਦੀ ਨੌਕਰੀ ਦੌਰਾਨ ਬਹੁਤ ਉਤਰਾਅ-ਚੜ੍ਹਾਅ ਦੇਖੇ। ਉਹ ਨਾ ਤਾਂ ਆਪਣੇ ਅਫ਼ਸਰਾਂ ਦੀਆਂ ਲੇਲ੍ਹੜੀਆਂ ਕੱਢਦੇ ਸਨ ਤੇ ਨਾ ਹੀ ਸੱਚੇ ਪਾਤਿਸ਼ਾਹ ਤੋਂ ਬਿਨਾਂ ਕਿਸੇ ਹੋਰ ਦੀ ਕਨੌਂਡ ਮੰਨਦੇ ਸਨ। ਉਹ ਹੱਕ, ਸੱਚ, ਇਨਸਾਫ਼ ਲਈ ਚੱਟਾਨ ਵਾਂਗ ਡਟ ਕੇ ਖਲੋ ਜਾਂਦੇ ਸਨ ਤੇ ਹਮੇਸ਼ਾਂ ਮਜ਼ਲੂਮਾਂ/ਲੋੜਵੰਦਾਂ ਦੀ ਬਾਂਹ ਫੜਦੇ ਸਨ। ਮਹਿਕਮੇ ਵਿਚ ਫੈਲੀ ਭ੍ਰਿਸ਼ਟਾਚਾਰੀ, ਰਿਸ਼ਵਤਖ਼ੋਰੀ ਅਤੇ ਅਫ਼ਸਰਾਂ ਦੀ ਚਾਪਲੂਸੀ ਨਾ ਕਰਨ ਕਰਕੇ ਅਤੇ ਗੁਰਧਾਮਾਂ ਦੀ ਬੇਅਦਬੀ ਰੋਕਣ ਖ਼ਾਤਰ ਉਨ੍ਹਾਂ ਦੀ ਕਈ ਵਾਰ ਤਬਦੀਲੀ ਅਤੇ ਮੁਅੱਤਲੀ ਵੀ ਹੋਈ, ਪਰ ਫਿਰ ਉਹ ਖੇਤੀਬਾੜੀ ਮਹਿਕਮੇ ਵਿਚ ਉੱਚ ਅਹੁਦੇ ’ਤੇ ਲੱਗੇ ਗੁਰਸਿੱਖਾਂ ਦੀ ਸਹਾਇਤਾ ਨਾਲ ਬਹਾਲ ਹੋ ਜਾਂਦੇ ਰਹੇ। ਉਨ੍ਹਾਂ ਕਿਰਤ ਨੂੰ ਨਿਰਬਾਹ ਮਾਤਰ ਹੀ ਅਪਣਾਇਆ ਹੋਇਆ ਸੀ, ਮਾਇਆ ਇਕੱਠੀ ਕਰਨ ਵਾਸਤੇ ਨਹੀਂ। ਆਪਣੀ ਅਤੇ ਬੀਬੀ ਜੀ ਦੀ ਤਨਖ਼ਾਹ ਗੁਜ਼ਾਰੇ ਜੋਗੀ ਰੱਖ ਕੇ ਬਾਕੀ ਸਭ ਗੁਰਸਿੱਖਾਂ ਦੀ ਸੇਵਾ ’ਤੇ ਖ਼ਰਚ ਕੇ ਗੁਰੂ ਲੇਖੇ ਲਾ ਦਿੰਦੇ ਸਨ। ਬੀਬੀ ਜੀ ਨੂੰ ਕਿਹਾ ਕਰਦੇ ਸਨ, ਜੋ ਮਾਇਆ ਅਸੀਂ ਆਪਣੇ ਉੱਪਰ ਖ਼ਰਚਦੇ ਹਾਂ, ਉਹ ਵਿਅਰਥ ਜਾਂਦੀ ਹੈ ਅਤੇ ਜੋ ਗੁਰੂ ਲੇਖੇ ਲਾਉਂਦੇ ਹਾਂ, ਉਹ ਸਾਡੀ ਦਰਗਾਹੀ ਬੈਂਕ ਦੇ ਖਾਤੇ ਵਿਚ ਜਮ੍ਹਾਂ ਹੋ ਜਾਂਦੀ ਹੈ। ਉਨ੍ਹਾਂ ਆਪਣਾ ਕੋਈ ਰਿਹਾਇਸ਼ੀ ਮਕਾਨ ਨਹੀਂ ਸੀ ਬਣਾਇਆ। ਵੱਖ-ਵੱਖ ਗੁਰਸਿੱਖਾਂ ਦੇ ਘਰ ਉਹ ਕਿਰਾਏ ’ਤੇ ਹੀ ਰਹਿੰਦੇ ਰਹੇ।

## ਅਗਮ ਨਿਗਮ ਦੀ ਸੋਝੀ

ਭਾਈ ਸਾਹਿਬ ਜੀ ਨੂੰ ਪਿਛਲੇ ਜਨਮਾਂ ਦੀ ਕਮਾਈ ਸਦਕਾ ਹੋਣ ਵਾਲੀਆਂ ਘਟਨਾਵਾਂ ਦਾ ਪਤਾ ਲੱਗ ਜਾਂਦਾ ਸੀ। ਭਾਈ ਸਾਹਿਬ ਜੀ ਤੇ ਬੀਬੀ ਜੀ ਭਾਈ ਦਰਸ਼ਨ ਸਿੰਘ ਜੀ S.D.O. ਸਿੰਚਾਈ ਵਿਭਾਗ ਪੰਜਾਬ ਸਰਕਾਰ ਦੇ ਨਾਲ ਹੀ ਇੱਕੋ ਘਰ ਵਿਚ ਪੁਤਲੀਘਰ ਇਲਾਕੇ ਵਿਚ ਰਹਿੰਦੇ ਸਨ। S.D.O. ਸਾਹਿਬ ਜੀ ਦੇ ਘਰ ਦੋ ਬੱਚੀਆਂ ਦੇ ਜਨਮ ਤੋਂ ਬਾਅਦ ਤੀਜਾ ਬੱਚਾ ਹੋਣ ਵਾਲਾ ਸੀ। ਭਾਈ ਸਾਹਿਬ ਜੀ ਨੂੰ ਅੰਮ੍ਰਿਤ ਵੇਲੇ ਸੁਪਨੰਤਰ ਚਮਤਕਾਰ ਦਿੱਸਿਆ, ਜੋ ਉਨ੍ਹਾਂ ਨੇ ਡਾਇਰੀ ਵਿਚ ਦਰਜ ਕਰ ਲਿਆ ਕਿ ਇਨ੍ਹਾਂ ਦੇ ਘਰ ਲੜਕਾ ਹੋਵੇਗਾ ਤੇ ਉਸ ਦਾ ਸੁਭਾਅ ਤੇ ਜੀਵਨ ਇਸ ਤਰ੍ਹਾਂ ਦਾ ਹੋਵੇਗਾ। ਸਵੇਰ ਵੇਲੇ ਜਨਮ ਤੋਂ ਬਾਅਦ ਜਦੋਂ S.D.O. ਸਾਹਿਬ ਦੀ ਮਾਤਾ ਭਾਈ ਸਾਹਿਬ ਜੀ ਨੂੰ ਨਵ-ਜੰਮੇ ਬੱਚੇ (ਲੜਕੇ) ਦੀ ਖ਼ਬਰ ਦੱਸਣ ਗਈ ਤੇ ਉਨ੍ਹਾਂ ਅੱਗੋਂ ਡਾਇਰੀ ਕੱਢ ਕੇ ਫੜਾ ਦਿੱਤੀ ਤੇ ਕਿਹਾ—ਇਸ ਨੂੰ ਪੜ੍ਹ ਲੈ। ਉਹ ਡਾਇਰੀ ਅਜੇ ਵੀ ਭਾਈ ਮਨਮੋਹਨ ਸਿੰਘ ਜੀ (S.D.O. ਸਾਹਿਬ ਦੇ ਲੜਕੇ) ਕੋਲ ਪਈ ਹੈ। ਉਸ ਦੀ ਫੋਟੋ ਕਾਪੀ ਭਾਈ ਸਾਹਿਬ ਜੀ ਦੀ ਹੱਥ-ਲਿਖਤ ਦੇ ਨਮੂਨੇ ਵਜੋਂ ਅਤੇ ਉਸ ਵਿਚ ਦਰਜ ਪੂਰੀ ਵਾਰਤਾ ਅੰਗਰੇਜ਼ੀ ਵਿਚ ਹੇਠਾਂ ਦਿੱਤੀ ਜਾਂਦੀ ਹੈ:

www.AKJ.Org



"Mohan Singh born on 28.5.66 is a brave man superior in brain. He has great hidden powers on his back. He can lead men and can rise to better positions by his self-confidence and hard determination.

He will earn money but money will be having no meaning for him. He can be gentle saint and a good leader if rightly guided by the good company. He should never be called Mohan and always be called Mohan Singh. He is mentally more marked but on certain points he can be dual in opinion and if misguided by wrong company as he is prone to the opinion of others, can be be-fooled by the foolhardiness of others. If misguided he can bring upheavals and revolution and un-convention in the country if he rises high & in the home if he remains on normal positions. So, he should be saved from bad company and be given cool advice & opinion than criticizing him angrily in repeated patterns. He is usually easily **annexed (annoyed)** and mentally over strong and too active. He may be guided to take rest throughout his career.

In many matters he will be lucky and may indulge in luxury and extravagant style of living. He will always desire to start work on large scale and may take great risks and may expect to be successful.

www.AKJ.Org

He will generally have bad colds and may suffer in lungs and chest. Fresh air, sun bath and rest is beneficial for his health. His health will be very good and a good constitution body, brave of soul.

Again, he is subtle, versatile, brilliant, mentally quick and rapid and **dual in rapid** and character. He will grow to be charming, delightful and attractive young man. His outlook will always have **a ideological** effect on others.

It will be difficult for him to stick to his promises so he should not make promises. In heart he will behave that he is **constant** and faithful and so he may be **at the moment**, but each moment to him having different existence.

Girls will also play a role in his life and he may have **to (two) homes but difficult to find the second.** It will be very difficult to understand him because he is born under such a complex time of the year. Out of sight, out of mind is his nature. If parents want that they should take some advantage from him, they should always live with him in education & in service time both.

## ਇਤਿਹਾਸਕ ਗੁਰਦੁਆਰਿਆਂ ਦੀ ਯਾਤਰਾ (ਜ਼ਬਾਨੀ ਭਾਈ ਰਘਬੀਰ ਸਿੰਘ ਜੀ, ਪਟਵਾਰੀ)

ਅਕਤੂਬਰ-ਨਵੰਬਰ 1970 ਵਿਚ ਭਾਈ ਸਾਹਿਬ ਜੀ, ਬੀਬੀ ਜੀ ਤੇ ਭਾਈ ਰਘਬੀਰ ਸਿੰਘ ਜੀ ਪਟਵਾਰੀ ਸਮੇਤ ਪਟਿਆਲੇ ਦੀ ਸੰਗਤ (ਜਿਸ ਦੀ ਰਹਿਨੁਮਾਈ ਭਾਈ ਮਹਿੰਦਰ ਸਿੰਘ ਜੀ S.D.O. ਸਾਹਿਬ, ਪਟਿਆਲਾ ਨੇ ਕੀਤੀ ਸੀ) ਨਾਲ ਸ੍ਰੀ ਹਜ਼ੂਰ ਸਾਹਿਬ ਅਤੇ ਸੰਬੰਧਤ ਇਤਿਹਾਸਕ ਗੁਰਦੁਆਰਿਆਂ/ਸ਼ਹਿਰਾਂ ਦੀ ਯਾਤਰਾ 'ਤੇ ਗਏ। ਵਾਪਸੀ 'ਤੇ ਹਰਿਦੁਆਰ ਵਿਚ ਗੰਗਾ ਦਰਿਆ ਵਿਚ, ਭਾਈ ਮਹਿੰਦਰ ਸਿੰਘ ਜੀ ਨੇ, ਜੋ ਤੈਰਾਕੀ ਦੇ ਮਾਹਰ ਸਨ, ਪਾਣੀ ਉੱਪਰ ਚੌਂਕੜਾ ਮਾਰ ਕੇ ਤਾਰੀ ਲਾਈ। ਭਾਈ ਫ਼ੌਜਾ ਸਿੰਘ ਜੀ ਤੇ ਭਾਈ ਰਘਬੀਰ ਸਿੰਘ ਪਟਵਾਰੀ ਜੀ ਤੈਰਾਕੀ ਜਾਣਦੇ ਸਨ ਤੇ ਉਨ੍ਹਾਂ ਗੰਗਾ ਦਰਿਆ ਤਰ ਕੇ ਪਾਰ ਕੀਤਾ। S.D.O. ਸਾਹਿਬ ਗਤਕੇ ਦੇ ਵੀ ਤਕੜੇ ਖਿਡਾਰੀ ਸਨ। ਉਨ੍ਹਾਂ ਬਾਕੀ ਸਿੰਘਾਂ ਨੂੰ ਇਕ ਪਾਸੇ ਕਰ ਕੇ ਉਨ੍ਹਾਂ ਨਾਲ ਇਕੱਲਿਆਂ ਮੁਕਾਬਲਾ ਕੀਤਾ, ਜਿਸ ਤੋਂ ਭਾਈ ਫ਼ੌਜਾ ਸਿੰਘ ਬਹੁਤ ਪ੍ਰਭਾਵਿਤ ਹੋਏ। ਇਸ ਤੋਂ ਪਹਿਲਾਂ ਉਹ ਕੇਵਲ ਡਾਂਗ ਸੋਟੇ ਨਾਲ ਹੀ ਗਤਕਾ ਖੇਡਣਾ ਜਾਣਦੇ ਸਨ। ਯਾਤਰਾ ਤੋਂ ਬਾਅਦ ਉਨ੍ਹਾਂ ਨੇ ਭਾਈ ਮਿਲਖਾ ਸਿੰਘ ਜੀ, ਜੋ ਸ਼ਸਤਰ ਚਲਾਉਣ ਦੇ ਮਾਹਰ ਸਨ, ਨੂੰ ਉਸਤਾਦ ਧਾਰ ਕੇ ਸ਼ਸਤਰ ਵਿੱਦਿਆ ਵਿਚ ਨਿਪੁੰਨਤਾ ਹਾਸਲ

www.AKJ.Org

ਕੀਤੀ। ਸ੍ਰੀ ਅੰਮ੍ਰਿਤਸਰ ਵਾਪਸ ਆ ਕੇ ਉਨ੍ਹਾਂ ਹਰ ਰੋਜ਼ ਸਵੇਰੇ ਹੋਰ ਨੌਜਵਾਨ ਸਿੰਘਾਂ ਨੂੰ ਗੁਰਦੁਆਰਾ ਰਾਮਸਰ ਸਾਹਿਬ ਸਾਹਮਣੇ, ਜਿਥੇ ਉਸ ਵੇਲੇ ਕੇਵਲ ਖ਼ਾਲੀ ਗਰਾਊਂਡ ਹੀ ਹੁੰਦੀ ਸੀ (ਜਿਥੇ ਹੁਣ ਗੁਰਦੁਆਰਾ ਅੰਗੀਠਾ ਸਾਹਿਬ ਸੁਸ਼ੋਭਤ ਹੈ) ਨਾਲ ਲੈ ਕੇ ਗਤਕੇ ਦਾ ਅਖਾੜਾ ਸਜਾਉਣਾ ਸ਼ੁਰੂ ਕੀਤਾ ਤੇ ਸਿੰਘਾਂ ਨੂੰ ਬਾਣੇ ਦੇ ਨਾਲ-ਨਾਲ ਸ਼ਸਤਰਧਾਰੀ ਹੋ ਕੇ ਸ਼ਸਤਰ ਚਲਾਉਣੇ ਵੀ ਸਿਖਾਏ ਤਾਂ ਕਿ ਲੋੜ ਪੈਣ 'ਤੇ ਸ੍ਵੈ-ਰੱਖਿਆ ਕਰ ਸਕਣ।

## ਗੁਰਸਿੱਖਾਂ ਦੀ ਹੱਥੀਂ ਸੇਵਾ

1970 ਤੋਂ ਬਾਅਦ ਉਹ ਗੁਰਸਿੱਖਾਂ ਦੀ ਤਨ, ਮਨ, ਧਨ ਨਾਲ ਨਿਰਬਾਣ ਰਹਿ ਕੇ ਸੇਵਾ ਕਰਨ ਲੱਗ ਪਏ ਸਨ। ਕੁਝ ਚਿਰ ਪੁਤਲੀਘਰ ਰਿਹਾਇਸ਼ ਰੱਖਣ ਤੋਂ ਬਾਅਦ ਉਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਦਰਸ਼ਨ-ਇਸ਼ਨਾਨ ਲਈ ਬਾਹਰੋਂ ਆਏ ਗੁਰਸਿੱਖਾਂ ਦੀ ਹੱਥੀਂ ਸੇਵਾ ਕਰਨ ਖ਼ਾਤਰ ਪਹਿਲਾਂ ਅਜੀਤ ਨਗਰ ਤੇ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਪਿਛਲੇ ਪਾਸੇ ਇਕ ਮਕਾਨ ਕਿਰਾਏ 'ਤੇ ਲੈ ਲਿਆ। ਉਥੇ ਉੱਪਰ ਪਾਣੀ ਦੀ ਸਹੂਲਤ ਨਹੀਂ ਸੀ। ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਲਈ ਬਾਹਰੋਂ ਆਏ ਗੁਰਸਿੱਖਾਂ ਨੂੰ ਸਰੋਵਰ ਦੀ ਪਰਿਕਰਮਾ ਵਿੱਚੋਂ ਪ੍ਰੇਰ ਕੇ ਉਨ੍ਹਾਂ ਨੂੰ ਆਪਣੇ ਘਰ ਲੈ ਜਾਂਦੇ। ਹੱਥੀਂ ਪ੍ਰਸ਼ਾਦਾ ਆਦਿ ਬਣਾ ਕੇ ਛਕਾਉਂਦੇ। ਅੰਮ੍ਰਿਤ ਵੇਲੇ ਇਸ਼ਨਾਨ ਆਦਿ ਲਈ ਭੀੜੀਆਂ ਪੌੜੀਆਂ ਰਾਹੀਂ ਹੇਠਲੀ ਮੰਜ਼ਿਲ ਤੋਂ ਉੱਪਰਲੀ ਤੀਜੀ ਮੰਜ਼ਲ ਤਕ ਜਲ ਬਾਲਟੀਆਂ ਰਾਹੀਂ ਢੋ ਕੇ ਟੱਬ ਵਗ਼ੈਰਾ ਭਰ ਲੈਂਦੇ ਤਾਂ ਜੋ ਕਿਸੇ ਵੀ ਆਏ ਗੁਰਸਿੱਖ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਵਿਚ ਔਖ ਨਾ ਆਵੇ। ਉਹ ਆਪ ਖ਼ੁਦ ਹਰ ਰੋਜ਼ ਅੰਮ੍ਰਿਤ ਵੇਲੇ 12-1 ਵਜੇ ਉੱਠ ਕੇ ਇਸ਼ਨਾਨ ਆਦਿ ਕਿਰਿਆ ਸੋਧ ਕੇ ਨਾਮ ਅਭਿਆਸ ਤੇ ਨਿਤਨੇਮ ਦੀਆਂ ਬਾਣੀਆਂ ਦੇ ਪਾਠ ਵਿਚ ਜੁੱਟ ਜਾਂਦੇ। ਫਿਰ ਗੁਰਦੁਆਰੇ ਜਾਂ ਸ੍ਰੀ ਦਰਬਾਰ ਸਾਹਿਬ ਪਹੁੰਚ ਕੇ ਗੁਰੂ ਸਾਹਿਬ ਤੇ ਸੰਗਤਾਂ ਦੇ ਦਰਸ਼ਨ ਪਰਸਣ ਤੋਂ ਬਾਅਦ ਗਤਕੇ ਦੇ ਅਖਾੜੇ ਦੀ ਹਾਜ਼ਰੀ ਭਰਦੇ। ਦਿਨੇ ਆਪਣੀ ਕਿਰਤ ਕਰਦੇ ਅਤੇ ਸ਼ਾਮ ਨੂੰ ਫਿਰ ਕਿਸੇ ਕੀਰਤਨ ਸਮਾਗਮ ਜਾਂ ਗੁਰਦੁਆਰੇ ਹਾਜ਼ਰੀ ਭਰਦੇ ਤੇ ਨਾਲ ਹੀ ਅੰਮ੍ਰਿਤ ਵੇਲੇ ਦੇ ਇਸ਼ਨਾਨ ਲਈ ਜਲ ਢੋ ਲੈਂਦੇ। ਉਹ ਹਫ਼ਤਾਵਾਰੀ ਐਤਵਾਰ ਦੇ ਸਮਾਗਮ ਅਤੇ ਪਿੰਡਾਂ ਵਿਚ ਰੈਣ-ਸਬਾਈ ਕੀਰਤਨ ਦੀਆਂ ਹਾਜ਼ਰੀਆਂ ਭਰ ਕੇ ਨਾਮ ਬਾਣੀ ਦੇ ਪੂਰੇ ਲਾਹੇ ਲੈਂਦੇ ਸਨ। ਜਥੇ ਵੱਲੋਂ ਵੱਖ-ਵੱਖ ਸ਼ਹਿਰਾਂ ਦੇ ਇਤਿਹਾਸਕ ਗੁਰਦੁਆਰਿਆਂ ਵਿਚ ਸਾਲਾਨਾ ਸਮਾਗਮ ਕੀਤੇ ਜਾਂਦੇ ਸਨ। ਆਪ ਜੀ ਦਾ ਵਿਚਾਰ ਸੀ ਕਿ ਗੁਰਦੁਆਰੇ ਦੀਆਂ ਇਮਾਰਤਾਂ ਹੀ ਨਹੀਂ ਬਲਕਿ ਆਲਾ-ਦੁਆਲਾ ਵੀ ਸਾਫ਼-ਸੁਥਰਾ ਹੋਣਾ ਚਾਹੀਦਾ ਹੈ। ਉਹ ਕਈ ਨੌਜਵਾਨ ਸਿੰਘਾਂ ਨੂੰ ਨਾਲ ਲੈ ਕੇ ਗੁਰਦੁਆਰੇ ਦੀ ਹਦੂਦ ਦੇ ਬਾਹਰ ਪਏ ਮਲ ਨੂੰ ਚੁੱਕ ਕੇ ਆਪਣੇ ਹੱਥੀਂ ਬਾਲਟੀਆਂ ਵਿਚ ਪਾ ਲੈਂਦੇ ਸਨ। ਉਹ ਮੌਜੂਦਾ ਸਮੇਂ ਦੇ ਨਵਾਬ ਕਪੂਰ ਸਿੰਘ ਸਨ, ਜੋ ਹੱਥੀਂ ਸੇਵਾ ਕਰਨ ਨੂੰ ਪਹਿਲ ਦਿੰਦੇ ਸਨ। ਉਨ੍ਹਾਂ ਦੀ ਨਿਮਰਤਾ ਅਤੇ ਆਪਣੇ ਹੱਥੀਂ ਸੇਵਾ ਕਰਨ ਦੀ ਬਿਰਤੀ, ਉਨ੍ਹਾਂ ਵਿਚਲੇ ਨਿਰ-ਸਵਾਰਥ ਆਗੂ ਤੇ ਕੌਮੀ ਜਰਨੈਲ ਦੇ ਗੁਣਾਂ ਦਾ ਪ੍ਰਗਟਾਅ ਕਰਦੀ ਸੀ।

www.AKJ.Org

## ਪਿਛਲੇ ਜਨਮ ਦੀ ਸ਼ਹੀਦੀ ਰੂਹ

ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਪਟਿਆਲਾ ਅਨੁਸਾਰ 1972 ਵਿਚ ਸ੍ਰੀ ਦਰਬਾਰ ਸਾਹਿਬ ਜੀ ਦੀ ਪਰਿਕਰਮਾ ਵਿਚ ਉਨ੍ਹਾਂ ਦਾ ਭਾਈ ਸਾਹਿਬ ਜੀ ਨਾਲ ਪਹਿਲੀ ਵਾਰ ਮੇਲ ਹੋਇਆ। ਪ੍ਰਿੰਸੀਪਲ ਸਾਹਿਬ ਉਨ੍ਹਾਂ ਨੂੰ ਜਾਣਦੇ ਨਹੀਂ ਸਨ, ਪਰ ਫ਼ਤਹਿ ਬੁਲਾਉਣ 'ਤੇ ਪਹਿਲੀ ਹੀ ਮਿਲਣੀ ਵਿਚ ਐਸੇ ਘੁਲ-ਮਿਲ ਗਏ ਜਿਵੇਂ ਬਰਸਾਂ ਪੁਰਾਣੀ ਦੋਸਤੀ ਹੁੰਦੀ ਹੈ। ਭਾਈ ਫ਼ੌਜਾ ਸਿੰਘ ਜੀ ਬੜੇ ਪਿਆਰ ਨਾਲ ਪ੍ਰਿੰਸੀਪਲ ਸਾਹਿਬ ਨੂੰ ਆਪਣੇ ਘਰ ਲੈ ਗਏ। ਦੋ-ਤਿੰਨ ਦਿਨ ਆਪਣੇ ਕੋਲ ਰੱਖਿਆ। ਇਸ ਦੌਰਾਨ ਉਨ੍ਹਾਂ ਨੇ ਪ੍ਰਿੰਸੀਪਲ ਸਾਹਿਬ ਦੇ ਪੁੱਛਣ 'ਤੇ ਇਕ ਭੇਦ-ਭਰੀ ਗੁੱਝੀ ਬਾਤ ਦੱਸੀ। ਸ਼ਾਇਦ ਇਹ ਰਾਜ਼ ਜਥੇ ਦੇ ਕੁਝ ਕੁ ਸਿੰਘਾਂ ਪਾਸ ਹੀ ਉਨ੍ਹਾਂ ਦੀ ਅਮਾਨਤ ਸੀ। ਜਿਨ੍ਹਾਂ ਨੇ ਭਾਈ ਸਾਹਿਬ ਜੀ ਨੂੰ ਨੇੜੇ ਹੋ ਕੇ ਵੇਖਿਆ ਜਾਂ ਉਨ੍ਹਾਂ ਨਾਲ ਵਰਤਿਆ ਹੈ, ਉਹ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਉਨ੍ਹਾਂ ਵਿਚ ਗੁਰੂ-ਘਰ ਦੀ ਸੇਵਾ ਕਰਦਿਆਂ ਆਪਣਾ ਤਨ ਗੁਰੂ ਨੂੰ ਵਾਰਨ ਦੀ ਸਪਿਰਿਟ ਕੁੱਟ-ਕੁੱਟ ਕੇ ਭਰੀ ਹੋਈ ਸੀ। ਪ੍ਰਿੰਸੀਪਲ ਸਾਹਿਬ ਨੂੰ ਭਾਈ ਸਾਹਿਬ ਜੀ ਦੇ ਦੱਸਣ ਮੁਤਾਬਕ ਉਹ ਪਿਛਲੇ ਜਨਮ ਵਿਚ ਬਾਬਾ ਦੀਪ ਸਿੰਘ ਜੀ ਦੇ ਜਥੇ ਵਿਚ ਸ਼ਾਮਲ ਸਨ ਤੇ ਉਨ੍ਹਾਂ ਗੁਰਦੁਆਰਾ ਲੋਹਗੜ੍ਹ ਲਾਗੇ ਸ਼ਹੀਦੀ ਪਾਈ ਸੀ। ਪ੍ਰਤੱਖ ਨੂੰ ਪ੍ਰਮਾਣ ਦੀ ਕੀ ਲੋੜ ਹੈ ? ਹੁਣ ਭੀ ਗੁਰੂ ਘਰ ਦੀ ਆਨ-ਸ਼ਾਨ ਰੱਖਣ ਲਈ ਭਾਈ ਸਾਹਿਬ ਜੀ ਨੇ ਇਸ ਜਨਮ ਵਿਚ ਵੀ ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਲੋਹਗੜ੍ਹ ਸਾਹਿਬ ਲਾਗੇ ਹੀ ਸ਼ਹੀਦੀ ਪਾਈ ਹੈ।

**(ਭਾਈ ਸਾਹਿਬ ਜੀ ਦੇ ਅਗਲੇ ਜੀਵਨ ਬਿਰਤਾਂਤ ਉਨ੍ਹਾਂ ਦੇ ਬਹੁਤ ਨੇੜਲੇ ਸੰਗੀ-ਸਾਥੀ ਭਾਈ ਰਘਬੀਰ ਸਿੰਘ ਜੀ ਪਟਵਾਰੀ ਦੇ ਜ਼ੁਬਾਨੀ ਦਰਸਾਉਣ ਦੇ ਆਧਾਰ 'ਤੇ ਲਿਖੇ ਗਏ ਹਨ।)**

## ਅਵਗਤ ਰੂਹ ਦਾ ਉੱਧਾਰ

ਬੀਬੀ ਅਮਰਜੀਤ ਕੌਰ ਜੀ ਦੀ ਇਕ ਭੈਣ ਹਰ ਮਹੀਨੇ ਮੱਸਿਆ ਨੂੰ ਸ੍ਰੀ ਤਰਨ ਤਾਰਨ ਜਾਣ ਲਈ ਸ਼ਬਦ-ਚੌਂਕੀ ਨਾਲ ਜਾਇਆ ਕਰਦੀ ਸੀ। ਇਕ ਵਾਰ ਰਸਤੇ ਵਿਚ ਬੀਬੀ ਵੱਲੋਂ ਇਕ ਦਰੱਖ਼ਤ ਓਹਲੇ ਪਿਸ਼ਾਬ ਕਰਨ ਵੇਲੇ ਕੋਈ ਅਵਗਤ ਰੂਹ ਉਸ ਨੂੰ ਚੰਬੜ ਗਈ। ਇਹ ਬੀਬੀ ਗੁਰਮੁਖ ਰੂਹ ਸੀ ਤੇ ਨਾਮ-ਬਾਣੀ ਦਾ ਹਰ ਵੇਲੇ ਅਭਿਆਸ ਕਰਨ ਵਾਲੀ ਸੀ। ਭਾਈ ਸਾਹਿਬ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਬੀਬੀ ਨੂੰ ਗਲੋਂ ਫੜ ਕੇ ਝੰਜੋੜਦਿਆਂ ਉਸ ਗ਼ੈਬੀ ਰੂਹ ਨੂੰ ਕਿਹਾ ਕਿ ਇਸ ਨੂੰ ਛੱਡ ਦੇ। ਉਹ ਰੂਹ ਪ੍ਰਗਟ ਹੋ ਕੇ ਕਹਿਣ ਲੱਗੀ ਕਿ ਬਾਬਾ ਦੀਪ ਸਿੰਘ ਸ਼ਹੀਦ ਦੇ ਗੁਰਦੁਆਰੇ ਜਾ ਕੇ ਦੇਗ ਕਰਾ ਕੇ ਅਰਦਾਸ ਕਰਾਓ, ਮੈਂ ਬੜੇ ਚਿਰਾਂ ਤੋਂ ਭਟਕ ਰਹੀ ਹਾਂ। ਮੇਰੀ ਗਤੀ ਤੁਹਾਡੇ ਰਾਹੀਂ ਹੀ ਹੋਣੀ ਹੈ, ਸੋ ਕਰਵਾ ਦਿਉ। ਮੇਰੇ ਨਮਿੱਤ ਪਾਠ ਤੇ ਅਰਦਾਸ ਕਰੋ। ਸੋ ਭਾਈ ਸਾਹਿਬ ਜੀ ਨੇ ਬੀਬੀ ਨੂੰ ਲੈ ਕੇ ਘਰ ਆ ਕੇ ਗੁਰਬਾਣੀ ਦਾ ਪਾਠ ਅਤੇ ਨਾਮ ਅਭਿਆਸ ਸ਼ੁਰੂ ਕਰ ਦਿੱਤਾ, ਨਾਲ ਹੀ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ ਦੇਗ ਕਰਵਾ ਕੇ ਅਰਦਾਸ ਕੀਤੀ। ਪਰ ਉਸ ਰੂਹ ਨੇ ਪ੍ਰਗਟ

www.AKJ.Org

ਹੋ ਕੇ ਫਿਰ ਕਿਹਾ ਕਿ ਮੇਰੀ ਅਜੇ ਗਤੀ ਨਹੀਂ ਹੋਈ, ਹੋਰ ਪਾਠ ਕਰੋ। ਭਾਈ ਸਾਹਿਬ ਨੇ ਕਿਹਾ ਕਿ ਤੂੰ ਝੂਠੀ ਤੇ ਕਪਟੀ ਹੈਂ। ਪਹਿਲਾਂ ਵੀ ਬਚਨ ਦੇ ਕੇ ਨਹੀਂ ਛੱਡਿਆ ਤੇ ਬਦਲ ਗਈ ਹੈਂ। ਹੁਣ ਤੇਰੀ ਕੀ ਗਾਰੰਟੀ ਜਾਂ ਸਬੂਤ ਹੈ ਕਿ ਤੂੰ ਇਸ ਨੂੰ ਛੱਡ ਜਾਵੇਂਗੀ। ਉਸ ਨੇ ਕਿਹਾ ਕਿ ਮੇਰੇ ਨਮਿੱਤ ਸ੍ਰੀ ਅਖੰਡ ਪਾਠ/ਅਰਦਾਸ ਤੇ ਦੇਗ ਕਰੋ ਅਤੇ ਮੇਰੇ ਨਮਿੱਤ ਦੇਗ ਇਕ ਡੌਂਗੇ ਵਿਚ ਰੱਖ ਦੇਣੀ। ਜੇ ਮੇਰੀ ਗਤੀ ਹੋ ਜਾਵੇਗੀ, ਤਾਂ ਮੈਂ ਦੇਗ ਛਕ ਜਾਵਾਂਗੀ। ਫਿਰ ਇਸੇ ਤਰ੍ਹਾਂ ਹੀ ਕੀਤਾ ਗਿਆ। ਬੀਬੀ ਨੂੰ ਸਾਰਾ ਪਾਠ ਸੁਣਨ ਲਈ ਕਿਹਾ ਗਿਆ। ਸਮਾਪਤੀ 'ਤੇ ਉਹ ਗ਼ੈਬੀ ਰੂਹ ਦੇਗ ਛਕ ਕੇ ਚਲੀ ਗਈ ਅਤੇ ਡੌਂਗਾ ਖ਼ਾਲੀ ਸੀ। ਨਾਮ ਬਾਣੀ ਦੇ ਪ੍ਰਵਾਹ ਕਾਰਨ ਉਸ ਦੀ ਗਤੀ ਹੋ ਗਈ, ਜੋ ਕਿ ਭਾਈ ਸਾਹਿਬ ਜੀ ਵੱਲੋਂ ਇਕ ਪਰਉਪਕਾਰ ਦਾ ਕੰਮ ਸੀ।

ਇਸੇ ਤਰ੍ਹਾਂ ਇਕ ਆਦਮੀ ਅੰਬਾਲੇ ਸਮਾਗਮ 'ਤੇ ਭਾਈ ਸਾਹਿਬ ਜੀ ਨੂੰ ਮਿਲਿਆ ਤੇ ਕਿਹਾ ਕਿ ਮੈਨੂੰ ਇਕ ਪਠਾਣ ਭੂਤ ਦੇ ਰੂਪ ਵਿਚ ਚਿੰਬੜਿਆ ਹੈ। ਜਦ ਤੁਹਾਡੇ ਕੋਲ ਆਉਂਦਾ ਹਾਂ ਤਾਂ ਕੁਝ ਨਹੀਂ ਕਹਿੰਦਾ, ਪਿੱਛੋਂ ਫਿਰ ਡਰਾਉਣ ਲੱਗ ਪੈਂਦਾ ਹੈ। ਭਾਈ ਸਾਹਿਬ ਜੀ ਨੇ ਉਸ ਨੂੰ ਕਿਹਾ ਕਿ ਤੂੰ ਅੰਮ੍ਰਿਤ ਛਕ ਕੇ ਰਹਿਤ ਰੱਖਣੀ ਸ਼ੁਰੂ ਕਰ ਦੇ। ਉਸ ਨੇ ਇਸੇ ਤਰ੍ਹਾਂ ਹੀ ਕੀਤਾ ਅਤੇ ਉਸ ਦਾ ਛੁਟਕਾਰਾ ਹੋ ਗਿਆ।

## ਸ਼ਹੀਦ ਸਿੰਘਾਂ ਦਾ ਪਹਿਰਾ

ਸ੍ਰੀ ਅੰਮ੍ਰਿਤਸਰ ਨਿਵਾਸੀ ਮਾਤਾ ਜੋਗਿੰਦਰ ਕੌਰ ਭਾਈ ਸਾਹਿਬ ਦੀ ਧਰਮ-ਮਾਤਾ ਬਣੀ ਹੋਈ ਸੀ। ਉਸ ਦੀ ਇਕ ਲੜਕੀ ਬੀਬੀ ਸੁਰਜੀਤ ਕੌਰ ਸੀ ਤੇ ਗੁਰੂ-ਘਰ ਦੀ ਪ੍ਰੇਮਣ ਤੇ ਸੇਵਾਦਾਰਨੀ ਸੀ। ਇਕ ਵਾਰ ਉਸ ਦੇ ਹੱਥ 'ਤੇ ਜ਼ਖ਼ਮ ਹੋ ਗਿਆ ਤੇ ਹੱਥ ਖ਼ਰਾਬ ਹੋ ਗਿਆ। ਕਈ ਇਲਾਜ ਕੀਤੇ ਪਰ ਕੋਈ ਆਰਾਮ ਨਾ ਆਇਆ। ਬੀਮਾਰੀ ਵਧਣ ਨਾਲ ਜ਼ਖ਼ਮ ਨੇ ਕੈਂਸਰ ਦਾ ਰੂਪ ਧਾਰ ਲਿਆ ਤੇ ਡਾਕਟਰਾਂ ਨੇ ਬਾਂਹ ਵੱਢਣ ਦਾ ਫ਼ੈਸਲਾ ਕਰ ਲਿਆ। ਸਿੰਘਾਂ ਨੂੰ ਪਤਾ ਲੱਗਾ ਤਾਂ ਭਾਈ ਸਾਹਿਬ ਜੀ ਸਮੇਤ ਉਨ੍ਹਾਂ ਦੇ ਘਰ ਗਏ। ਮਾਤਾ ਜੀ ਨੇ ਬੜੇ ਵੈਰਾਗ ਵਿਚ ਬੇਨਤੀ ਕੀਤੀ ਕਿ ਜੇ ਬਾਂਹ ਵੱਢੀ ਗਈ ਤਾਂ ਕੱਜ ਪੈ ਜਾਵੇਗਾ ਤੇ ਬੀਬੀ ਕੋਈ ਕੰਮ ਵੀ ਨਹੀਂ ਕਰ ਸਕੇਗੀ ਤੇ ਵਿਆਹ-ਸ਼ਾਦੀ ਕਰਨ ਵਿਚ ਵੀ ਮੁਸ਼ਕਲ ਆਵੇਗੀ। ਕੋਈ ਉਪਰਾਲਾ ਕਰੋ। ਗੁਰਸਿੱਖ ਪਰਉਪਕਾਰੀ ਹੁੰਦੇ ਹਨ। ਭਾਈ ਸਾਹਿਬ ਨੇ ਸਿੰਘਾਂ ਨਾਲ ਵਿਚਾਰ ਕਰ ਕੇ ਸਲਾਹ ਬਣਾਈ ਕਿ ਪਰਸੋਂ ਅੰਮ੍ਰਿਤ ਵੇਲੇ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਗੁਰਦੁਆਰੇ ਜਾ ਕੇ ਸਰਬਲੋਹ ਦੇ ਬਰਤਨਾਂ ਵਿਚ ਦੇਗ ਘਰੋਂ ਸਜਾ ਕੇ ਪੰਜਾਂ ਸਿੰਘਾਂ ਵੱਲੋਂ ਅਰਦਾਸ ਕੀਤੀ ਜਾਵੇਗੀ ਤੇ ਜਥੇ ਦੇ ਸਾਰੇ ਸਿੰਘਾਂ ਨੂੰ, ਖ਼ਾਸਕਰ ਗਿਆਨੀ ਭਗਵਾਨ ਸਿੰਘ ਜੀ, ਮਾਸਟਰ ਜਸਵੰਤ ਸਿੰਘ ਜੀ, ਭਾਈ ਬਖਤਾਵਰ ਸਿੰਘ ਜੀ ਆਦਿ, ਬੇਨਤੀ ਕਰ ਦਿੱਤੀ ਜਾਵੇ।

ਬੀਬੀ ਸਮੇਤ ਸਾਰਾ ਪਰਿਵਾਰ ਗਰਮੀਆਂ ਦਾ ਮੌਸਮ ਕਰਕੇ ਕੋਠੇ ਦੀ ਛੱਤ ਉੱਪਰ ਸੁੱਤਾ ਪਿਆ ਸੀ। ਉਸੇ ਰਾਤ ਅੰਮ੍ਰਿਤ ਵੇਲੇ ਇਕ ਗ਼ੈਬੀ ਸਿੰਘ ਚਿੱਟੇ ਬਸਤਰਾਂ ਵਿਚ, ਚਿੱਟਾ ਸਫ਼ੇਦ ਦਾੜ੍ਹਾ, ਪਤਲਾ ਸਰੀਰ ਬੀਬੀ ਕੋਲ ਆਇਆ ਤੇ ਬੀਬੀ ਨੂੰ ਉਠਾ ਕੇ ਪੁੱਛਿਆ ਕਿ ਪੁੱਤਰ ਕਿਹੜਾ ਹੱਥ ਹੈ ? ਦਿਖਾਉਣ 'ਤੇ ਬਚਨ ਕੀਤਾ ਕਿ ਇਹ ਤਾਂ

www.AKJ.Org

ਠੀਕ ਹੈ ਅਤੇ ਉਹ ਰੂਹ ਗ਼ਾਇਬ ਹੋ ਗਈ। ਜਦ ਬੀਬੀ ਨੇ ਉੱਠ ਕੇ ਧਿਆਨ ਨਾਲ ਵੇਖਿਆ ਤਾਂ ਹੱਥ ਠੀਕ ਸੀ। ਉਸ ਨੂੰ ਯਕੀਨ ਨਾ ਆਵੇ ਕਿ ਇਹ ਸੱਚ ਹੈ ਜਾਂ ਮੈਂ ਸੁਪਨਾ ਦੇਖ ਰਹੀ ਹਾਂ। ਫਿਰ ਉਸ ਨੇ ਪਰਿਵਾਰ ਦੇ ਬਾਕੀ ਮੈਂਬਰਾਂ ਨੂੰ ਜਗਾਇਆ ਤੇ ਕਿਹਾ ਕਿ ਦੇਖੋ ਮੇਰਾ ਹੱਥ ਠੀਕ ਹੈ ਜਾਂ ਮੈਂ ਸੁਪਨਾ ਦੇਖ ਰਹੀ ਹਾਂ। ਪਰਿਵਾਰ ਦੇ ਮੈਂਬਰਾਂ ਨੇ ਗਹੁ ਕਰ ਕੇ ਦੇਖਿਆ ਕਿ ਹੱਥ ਬਿਲਕੁਲ ਠੀਕ ਸੀ। ਗੁਰੂ ਕਿਰਪਾ ਅਨੁਸਾਰ ਸ਼ਹੀਦ ਸਿੰਘਾਂ ਦਾ ਪਹਿਰਾ ਵਰਤਿਆ ਤੇ ਬੀਬੀ ਪੂਰਨ ਤੰਦਰੁਸਤ ਹੋ ਗਈ। ਸਵੇਰੇ ਪਤਾ ਲੱਗਣ 'ਤੇ ਭਾਈ ਸਾਹਿਬ ਜੀ ਤੇ ਸਿੰਘਾਂ ਨੇ ਫ਼ੈਸਲਾ ਕੀਤਾ ਕਿ ਅਰਦਾਸ ਸਮਾਗਮ ਮਿੱਥੇ ਪ੍ਰੋਗਰਾਮ ਅਨੁਸਾਰ ਹੀ ਹੋਵੇਗਾ, ਪਰੰਤੂ ਹੁਣ ਇਹ ਸ਼ੁਕਰਾਨਾ ਅਰਦਾਸ ਹੋਵੇਗੀ। ਜਿਹੜੇ ਸਿੰਘਾਂ ਨੂੰ ਅਜੇ ਸੂਚਿਤ ਨਹੀਂ ਕੀਤਾ ਗਿਆ ਸੀ, ਇਹ ਕਲਾ ਗੁਪਤ ਰੱਖਣ ਲਈ ਉਨ੍ਹਾਂ ਨੂੰ ਨਹੀਂ ਬੁਲਾਇਆ ਗਿਆ। ਕੇਵਲ ਬੀਬੀ ਤੇ ਉਸ ਦੇ ਪਰਿਵਾਰ ਦੇ ਮੈਂਬਰ ਤੇ ਹਾਜ਼ਰ ਸਿੰਘ ਹੀ ਸ਼ਾਮਲ ਹੋਏ। ਇਹ ਗੁਰਸਿੱਖਾਂ ਦੇ ਇਕ ਫੁਰਨੇ ਦੀ ਪੂਰਤੀ ਦੀ ਵਿਥਿਆ ਹੈ।

## ਜਲੰਧਰ ਜਨਸੰਘੀ ਮਹਾਸ਼ਿਆਂ ਨਾਲ ਟੱਕਰ

ਅਖੰਡ ਕੀਰਤਨੀ ਜਥਾ ਜਲੰਧਰ ਦੇ ਜਥੇਦਾਰ ਭਾਈ ਜਸਵੰਤ ਸਿੰਘ ਜੀ ਦੀ ਭਗਤ ਸਿੰਘ ਚੌਂਕ ਵਿਚ 'ਮੈਸ. ਹਰਭਜਨ ਸਿੰਘ ਜਸਵੰਤ ਸਿੰਘ' ਨਾਂ ਦੀ ਪੁਰਾਣੀ ਹਾਰਡਵੇਅਰ ਦੀ ਦੁਕਾਨ ਸੀ, ਜੋ ਕਿ ਕਿਸੇ ਹਿੰਦੂ ਲਾਲੇ ਦੀ ਮਲਕੀਅਤ ਸੀ। ਸਮੇਂ ਦੇ ਨਾਲ ਦੁਕਾਨ ਦੀ ਬਜ਼ਾਰੀ ਕੀਮਤ ਬਹੁਤ ਵੱਧ ਜਾਣ ਕਾਰਨ ਉਸ ਨੇ ਦੁਕਾਨ ਖ਼ਾਲੀ ਕਰਾਉਣ ਲਈ ਧਮਕੀਆਂ ਦੇਣੀਆਂ ਤੇ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਇਥੋਂ ਤਕ ਕਿ ਪਰਿਵਾਰ ਦੀਆਂ ਬੀਬੀਆਂ ਤੇ ਬੱਚੀਆਂ ਦੀ ਬੇਪਤੀ ਕਰਨ, ਚੁੱਕਣ ਤਕ ਦੀਆਂ ਧਮਕੀਆਂ ਵੀ ਦੇਣ ਲੱਗ ਪਿਆ। ਇਲਾਕੇ ਵਿਚ ਹਿੰਦੂਆਂ ਦੀ ਬਹੁਤਾਤ ਵਿਚ ਵੱਸੋਂ ਹੈ। ਇਹ ਇਲਾਕਾ ਜਨਸੰਘੀ ਮਹਾਸ਼ਿਆਂ ਦਾ ਗੜ੍ਹ ਮੰਨਿਆ ਜਾਂਦਾ ਹੈ। ਜਲੰਧਰ ਦੇ ਸਿੰਘਾਂ ਦੀ ਸਹਾਇਤਾ ਨਾਲ ਮਸਲਾ ਹੱਲ ਕਰਨ 'ਤੇ ਵੀ ਕੋਈ ਨਤੀਜਾ ਨਾ ਨਿਕਲਿਆ ਅਤੇ ਉਸ ਨੇ ਮੁਹੱਲੇ ਦੇ ਹੋਰ ਬਦਮਾਸ਼ਾਂ ਨਾਲ ਰਲ ਕੇ ਪਰਿਵਾਰ ਨੂੰ ਤੰਗ ਕਰਨਾ ਜਾਰੀ ਰੱਖਿਆ।

ਇਹ ਲਾਲਾ ਵੱਡ-ਪਰਵਾਰੀ ਸੀ, ਜਿਸ ਦੇ 7 ਪੁੱਤਰ ਸਨ ਤੇ ਇਸ ਦੀ ਵੀ ਸਰਕਾਰੇ-ਦਰਬਾਰੇ ਪਹੁੰਚ ਸੀ। ਜਲੰਧਰ ਦੀ ਆਰ.ਐੱਸ.ਐੱਸ. ਸ਼ਾਖ਼ਾ ਦਾ ਪ੍ਰਧਾਨ ਸੀ। ਕੋਈ ਵਕੀਲ ਜਾਂ ਸਿਆਸੀ ਨੇਤਾ ਵੀ ਮਦਦ ਕਰਨ ਨੂੰ ਤਿਆਰ ਨਹੀਂ ਸੀ। ਉਥੇ ਦੰਗੇ ਫ਼ਸਾਦ ਦਾ ਡਰ ਹੋਣ ਕਰਕੇ ਜਲੰਧਰ ਦੇ ਸਿੰਘ ਵੀ ਹੱਥ ਖੜੇ ਕਰ ਗਏ ਸਨ। ਭਾਈ ਸਾਹਿਬ ਜੀ ਆਪਣੇ ਸਾਥੀਆਂ ਸਮੇਤ ਗੁਰਦੁਆਰਾ ਰਾਮਸਰ ਸਾਹਮਣੇ ਗਰਾਉਂਡ ਵਿਚ ਜੂਨ-ਜੁਲਾਈ ਦੇ ਇਕ ਦਿਨ ਗਤਕੇ ਅਤੇ ਸ਼ਸਤਰ ਵਿੱਦਿਆ ਦਾ ਅਭਿਆਸ ਕਰ ਰਹੇ ਸਨ। ਉਸ ਵੇਲੇ ਇਕ ਸਿੰਘ ਜਲੰਧਰ ਤੋਂ ਬੀਬੀ ਹਰਸ਼ਰਨ ਕੌਰ ਜੀ ਦੀ ਲੰਬੀ-ਚੌੜੀ ਚਿੱਠੀ ਲੈ ਕੇ ਪੁੱਜਾ, ਜਿਸ ਵਿਚ ਭਾਈ ਸਾਹਿਬ ਜੀ ਨੂੰ ਪੁਰਾਤਨ ਸਿੰਘਾਂ ਦੇ ਮੁਗ਼ਲਾਂ ਕੋਲੋਂ ਹਿੰਦੂਆਂ ਦੀਆਂ ਇਸਤਰੀਆਂ ਛੁਡਾਉਣ ਦੇ ਹਵਾਲੇ ਦੇ ਕੇ ਬੜੀ ਹੀ ਹਿਰਦੇਵੇਧਕ ਪੁਕਾਰ ਗੁਰੂ ਦਾ ਵਾਸਤਾ ਪਾ ਕੇ ਲਿਖਿਆ ਸੀ ਕਿ ਹੁਣ ਆਪਣੀਆਂ

www.AKJ.Org

ਬੀਬੀਆਂ ਦੀ ਇੱਜ਼ਤ ਨੂੰ ਖ਼ਤਰਾ ਹੈ, ਜਿਸ ਨੂੰ ਬਚਾਉਣਾ ਤੁਹਾਡੇ ਵਰਗੇ ਸੂਰਬੀਰਾਂ ਦੇ ਵੱਸ ਦੀ ਗੱਲ ਹੈ ਤੇ ਤੁਸੀਂ ਹੀ ਇਹ ਕਾਰਜ ਕਰ ਸਕਦੇ ਹੋ। ਤੇ ਨਾਲ ਹੀ ਲਿਖਿਆ ਸੀ ਕਿ ਚਿੱਠੀ ਮਿਲਦੇ ਸਾਰ ਹੀ ਜਲੰਧਰ ਪਹੁੰਚ ਜਾਓ, ਆਪ ਜੀ ਦਾ ਅਗਲਾ ਕਦਮ ਜਲੰਧਰ ਹੋਣਾ ਚਾਹੀਦਾ ਹੈ।

ਚਿੱਠੀ ਪੜ੍ਹਦੇ ਸਾਰ ਹੀ ਭਾਈ ਸਾਹਿਬ ਜੀ ਦਾ ਬੀਰ-ਰਸ ਠਾਠਾਂ ਮਾਰਨ ਲੱਗ ਪਿਆ ਤੇ ਡੌਲੇ ਫਰਕਣ ਲੱਗ ਪਏ। ਉਨ੍ਹਾਂ ਨੇ ਉਸੇ ਵੇਲੇ ਹੀ ਉਸਤਾਦ ਮਿਲਖਾ ਸਿੰਘ ਨੂੰ ਨਾਲ ਲੈ ਕੇ ਜਲੰਧਰ ਵੱਲ ਚਾਲੇ ਪਾ ਦਿੱਤੇ ਤੇ ਇਕ ਸਿੰਘ ਰਾਹੀਂ ਆਪਣੇ ਪਿੰਡ ਦੋ ਭਰਾਵਾਂ ਨੂੰ ਵੀ ਸੁਨੇਹਾ ਭਿਜਵਾ ਦਿੱਤਾ ਕਿ ਉਹ ਵੀ ਸ਼ਸਤਰ ਲੈ ਕੇ ਸਿੱਧਾ ਜਲੰਧਰ ਪਹੁੰਚ ਜਾਣ।

ਭਾਈ ਸਾਹਿਬ ਜੀ ਜਲੰਧਰ ਪਹੁੰਚ ਕੇ ਮਕਾਨ ਦੀ ਛੱਤ ’ਤੇ ਜਾ ਬੈਠੇ। ਲਾਲੇ ਦਾ ਘਰ ਦੁਕਾਨ ਦੇ ਉਪਰ ਨਾਲ ਹੀ ਸੀ। ਉਸ ਨੂੰ ਵੰਗਾਰ ਕੇ ਕਿਹਾ ਕਿ ਜੇ ਮਾਂ ਦਾ ਦੁੱਧ ਪੀਤਾ ਹੈ ਤਾਂ ਹੁਣ ਦੁਕਾਨ ਖ਼ਾਲੀ ਕਰਵਾ ਕੇ ਦੇਖ, ਤੇਰੇ ਨਾਲ ਕੀ ਭਾਣਾ ਵਰਤਦਾ ਹੈ। ਉਸ ਨੇ ਇਕਦਮ ਮੁਹੱਲੇ ਦੇ ਲਾਲੇ, ਮਹਾਸ਼ੇ, ਹਿੰਦੂ ਆਰੀਆ ਸਮਾਜੀ ਤੇ ਆਰ.ਐੱਸ.ਐੱਸ. ਦੇ ਵਰਕਰ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਤੇ ਚੌਂਕ ਵਿਚ ਤਕਰੀਬਨ ਚਾਰ-ਪੰਜ ਹਜ਼ਾਰ ਦਾ ਹਜੂਮ ਇਕੱਠਾ ਹੋ ਗਿਆ। ਭਾਈ ਸਾਹਿਬ ਜੀ ਨੇ ਉਸਤਾਦ ਨਾਲ ਸਲਾਹ ਕਰ ਕੇ, ਪਿੱਠ ਨਾਲ ਪਿੱਠ ਜੋੜ ਕੇ ਗਤਕੇ ਰਾਹੀਂ ਹਜ਼ਾਰਾਂ ਦਾ ਮੁਕਾਬਲਾ ਕਰਨ ਲਈ ਸਕੀਮ ਬਣਾਈ ਅਤੇ ਸ੍ਰੀ ਸਾਹਿਬਾਂ ਕੱਢ ਕੇ, ‘ਬੋਲੇ ਸੋ ਨਿਹਾਲ’ ਦੇ ਜੈਕਾਰੇ ਛੱਡਦੇ ਹੋਏ, ਛਾਲ ਮਾਰ ਕੇ ਹਜ਼ਾਰਾਂ ਦੇ ਹਜੂਮ ’ਤੇ ਟੁੱਟ ਪਏ। ਉਨ੍ਹਾਂ ਨੇ ਸੋਡੇ ਤੇ ਤੇਜ਼ਾਬ ਦੀਆਂ ਬੋਤਲਾਂ ਲਿਆਂਦੀਆਂ ਹੋਈਆਂ ਸਨ, ਪਰ ਮਰਨ ਤੋਂ ਸਾਰੇ ਡਰਦੇ ਸਨ ਜਦ ਕਿ ਇਹ ਦੋਨੋਂ ਸਿੰਘ ਸ਼ਹੀਦੀਆਂ ਪਾਉਣ ਲਈ ਮੈਦਾਨੇ-ਜੰਗ ਵਿਚ ਕੁੱਦੇ ਸਨ। ਦੇਖਦਿਆਂ ਹੀ ਦੇਖਦਿਆਂ ਸਾਰਾ ਚੌਂਕ ਖ਼ਾਲੀ ਹੋ ਗਿਆ ਤੇ ਪੁਲਿਸ ਵੀ ਆ ਗਈ। ਇਕ ਡਾਢਾ ਮੋਟਾ ਲਾਲਾ, ਜਿਸ ਨੇ ਮੂੰਹ ਵਿਚ ਪਾਨ ਪਾਈ ਹੋਈ ਸੀ ਅਤੇ ਉਸ ਕੋਲ ਪਿਸਤੌਲ ਵੀ ਸੀ, ਭਾਈ ਸਾਹਿਬ ਕੋਲ ਆ ਕੇ ਬਾਂਹ ਫੜ ਕੇ ਰੌਲਾ ਪਾਉਣ ਲੱਗ ਪਿਆ ਕਿ ਪਿਸਤੌਲ ਫੜੀ ਗਈ ਹੈ। ਭਾਈ ਸਾਹਿਬ ਜੀ ਨੇ ਉਸ ਦੇ ਮੂੰਹ ’ਤੇ ਐਸਾ ਥੱਪੜ ਮਾਰਿਆ ਕਿ ਉਹ 10 ਫ਼ੁੱਟ ਪਰੇ ਜਾ ਡਿੱਗਾ। ਪੁਲਿਸ ਭਾਈ ਸਾਹਿਬ ਜੀ ਤੇ ਉਸਤਾਦ ਜੀ ਨੂੰ ਫੜ ਕੇ ਥਾਣੇ ਲੈ ਗਈ। ਇਨ੍ਹਾਂ ਇਕ ਰਾਤ ਥਾਣੇ ਹੀ ਬਿਤਾਈ।

ਦੂਸਰੇ ਦਿਨ ਪੁਲਿਸ ਨੇ ਦੋਹਾਂ ਧਿਰਾਂ ਨੂੰ ਸਮਝੌਤੇ ਲਈ ਬੁਲਾਇਆ। ਉਥੇ ਪੁਲਿਸ ਦੇ ਵੱਡੇ ਅਫ਼ਸਰ ਤੇ ਲਾਲੇ ਦੇ ਰਿਸ਼ਤੇਦਾਰ ਵੀ ਹਾਜ਼ਰ ਸਨ। ਭਾਈ ਸਾਹਿਬ ਜੀ ਨੇ ਲਾਲੇ ਨੂੰ ਕਿਹਾ ਕਿ ਜੇ ਹਿੰਮਤ ਹੈ ਤਾਂ ਸਾਨੂੰ ਮਰਵਾ ਦੇ। ਜੇ ਅਸੀਂ ਜੀਉਂਦੇ ਰਹੇ ਤਾਂ ਤੇਰਾ ਸਾਰਾ ਪਰਿਵਾਰ ਸੋਧ ਦਿਆਂਗੇ। ਲਾਲਾ ਡਰ ਗਿਆ। ਬੀਬੀ ਹਰਸ਼ਰਨ ਕੌਰ ਜੀ ਗੱਲਬਾਤ ਵਿਚ ਬਹੁਤ ਨਿਪੁੰਨ ਸਨ ਤੇ ਬੜੀ ਦਲੀਲਬਾਜ਼ੀ ਨਾਲ ਗੱਲ ਕਰਦੇ ਸਨ। ਉਨ੍ਹਾਂ ਨੇ ਪੁਲਿਸ ਅਫ਼ਸਰਾਂ ਨਾਲ ਇਸ ਤਰ੍ਹਾਂ ਕੇਸ ਦੇ ਹੱਕ ਵਿਚ ਦਲੀਲਾਂ ਦਿੱਤੀਆਂ ਅਤੇ ਕਾਇਲ ਕੀਤਾ ਕਿ ਉਨ੍ਹਾਂ ਦੇ ਕਿਸੇ ਗੱਲ ’ਤੇ ਪੈਰ ਨਹੀਂ ਲੱਗਣ ਦਿੱਤੇ। ਉਹ ਹੈਰਾਨ ਹੋ ਗਏ ਕਿ ਇਹ ਬੀਬੀ ਕੌਣ ਹੈ? ਜਦ ਪਤਾ ਲੱਗਾ ਕਿ ਇਹ

www.AKJ.Org

ਭਾਰਤੀ ਫ਼ੌਜ ਦੇ ਕਰਨਲ ਦੀ ਘਰ ਵਾਲੀ ਹੈ ਤਾਂ ਉਹ ਪਾਸਾ ਬਦਲ ਗਏ ਤੇ ਆਪਣਾ ਵਤੀਰਾ ਬਦਲ ਕੇ ਲਾਲੇ ਦੇ ਵਿਰੁੱਧ ਹੋ ਗਏ ਤੇ ਕਹਿਣ ਲੱਗੇ ਕਿ ਤੁਸੀਂ 5 ਹਜ਼ਾਰ ਇਕੱਲੇ ਸਿੰਘ ਅੱਗੇ ਨਹੀਂ ਟਿਕ ਸਕੇ, ਐਵੇਂ ਗਿੱਦੜ ਭਬਕੀਆਂ ਹੀ ਮਾਰਨਾ ਜਾਣਦੇ ਹੋ। ਅਖ਼ੀਰ ਲਾਲੇ ਨੇ ਮੁਆਫ਼ੀ ਮੰਗ ਕੇ ਖਹਿੜਾ ਛੁਡਾਇਆ ਤੇ ਅੱਗੋਂ ਪਰਿਵਾਰ ਨੂੰ ਤੰਗ ਨਾ ਕਰਨ ਦਾ ਵਾਅਦਾ ਕੀਤਾ। ਇਹ ਸਾਰਾ ਪਰਿਵਾਰ ਅੱਜ ਵੀ ਉਸੇ ਚੌਂਕ ਵਿਚ ਉਸੇ ਦੁਕਾਨ ’ਤੇ ਹੀ ਕਾਰੋਬਾਰ ਕਰਦਾ ਹੈ। ਸਾਰਿਆਂ ਨੇ ਭਾਈ ਸਾਹਿਬ ਜੀ ਨੂੰ ਕਿਹਾ ਕਿ ਇਹ ਕੰਮ ਤੁਸੀਂ ਹੀ ਕਰ ਸਕਦੇ ਸੀ, ਸਾਡੇ ਵੱਸ ਦਾ ਰੋਗ ਨਹੀਂ ਸੀ, ਅਸੀਂ ਤਾਂ ਕੇਵਲ ਕੀਰਤਨ ਹੀ ਕਰ ਸਕਦੇ ਹਾਂ। ਇਹ ਘਟਨਾ ਜੂਨ-ਜੁਲਾਈ ਸੰਨ 1972 ਦੀ ਹੈ।

## ਮਿਸ਼ਰੀ ਬਾਜ਼ਾਰ, ਸ੍ਰੀ ਅੰਮ੍ਰਿਤਸਰ ਦੀ ਘਟਨਾ

ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਪਿਛਲੇ ਪਾਸੇ ਮਿਸ਼ਰੀ ਬਾਜ਼ਾਰ ਸਥਿਤ ਹੈ। ਉਥੇ ਇਕ ਭੀੜੀ ਗਲੀ ਵਿਚ ਪੁਰਾਣੀ ਮਸੀਤ ਸੀ। ਦੇਸ਼ ਦੀ ਵੰਡ ਤੋਂ ਬਾਅਦ ਸਿੱਖ ਸੰਗਤਾਂ ਨੇ ਇਥੇ ਇਕ ਗੁਰਦੁਆਰਾ ਸਥਾਪਤ ਕਰ ਲਿਆ ਸੀ। ਮਸੀਤ ਕਾਫ਼ੀ ਖੁੱਲ੍ਹੀ ਜਗ੍ਹਾ ਵਿਚ ਸੀ। ਇਸੇ ਬਾਜ਼ਾਰ ਵਿਚ ਭਾਈ ਹਰਬੰਸ ਸਿੰਘ ਜੋ ਕਿ ਬੀਬੀ ਪਰਮਜੀਤ ਕੌਰ ਜੀ ਸ਼ਹੀਦ (ਛੋਟੀ ਭੈਣ ਬੀਬੀ ਅਮਰਜੀਤ ਕੌਰ ਜੀ) ਦੇ ਪਤੀ ਹਨ, ਦੀ ਦੁਕਾਨ ਤੇ ਰਿਹਾਇਸ਼ ਵੀ ਸੀ। ਜਥੇ ਦੇ ਸਿੰਘ ਕਈ ਵਾਰ ਇਥੇ ਸ਼ਾਮ ਨੂੰ ਕੀਰਤਨ ਸਮਾਗਮ ਵੀ ਕਰਦੇ ਸਨ। ਇਥੇ ਇਕ ਵਾਣ ਦੇ ਵਪਾਰੀ ਨਰੇਸ਼ ਕੁਮਾਰ, ਜੋ ਕਿ ਚਾਲ-ਚਲਣ ਦਾ ਮਾੜਾ, ਸਰਕਾਰੇ-ਦਰਬਾਰੇ ਪਹੁੰਚ ਵਾਲਾ ਸੀ, ਦੀ ਦੁਕਾਨ ਵੀ ਸੀ। ਉਹ ਉਥੇ ਬਲਿਊ ਫ਼ਿਲਮਾਂ ਵੀ ਚਲਾਉਂਦਾ ਸੀ ਤੇ ਪੁਲਿਸ ਅਫ਼ਸਰ ਤੇ ਮੁਲਾਜ਼ਮ ਵੀ ਉਥੇ ਆਉਂਦੇ ਰਹਿੰਦੇ ਸਨ। ਦੁਕਾਨ ਦੀ ਕੰਧ ਮਸੀਤ ਵਿਚ ਗੁਰਦੁਆਰੇ ਨਾਲ ਸਾਂਝੀ ਲੱਗਦੀ ਸੀ। 26 ਫ਼ਰਵਰੀ, 1973 ਦੀ ਰਾਤ ਨੂੰ ਉਸ ਨੇ ਉਥੇ ਕਬਜ਼ਾ ਕਰਨ ਦੀ ਨੀਅਤ ਨਾਲ ਕੰਧ ਢਾਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਚੁੱਕ ਕੇ ਆਪਣੀ ਦੁਕਾਨ ਵਿਚ ਰੱਖੇ ਵਾਣ ਵਿਚ ਰੱਖ ਕੇ ਲੁਕੋ ਦਿੱਤਾ ਤੇ ਇਸ ਜਗ੍ਹਾ ’ਤੇ ਆਪਣਾ ਕਬਜ਼ਾ ਕਰ ਲਿਆ। ਜਦ ਸੰਗਤ ਨੂੰ ਇਸ ਦਾ ਪਤਾ ਲੱਗਾ ਤਾਂ ਇਸ ਦਾ ਤਕੜਾ ਵਿਰੋਧ ਸ਼ੁਰੂ ਹੋ ਗਿਆ। ਪਰ ਨਰੇਸ਼ ਕੁਮਾਰ ਦੇ ਸੰਬੰਧ ਪੁਲਿਸ ਪ੍ਰਸ਼ਾਸਨ ਤੇ ਸਿਆਸੀ ਲੋਕਾਂ ਨਾਲ ਹੋਣ ਕਰਕੇ ਉਸ ਦੇ ਖ਼ਿਲਾਫ਼ ਕੋਈ ਵੀ ਕਾਰਵਾਈ ਨਾ ਹੋਈ ਤੇ ਉਹ ਆਕੜ ਗਿਆ। ਸ. ਰਛਪਾਲ ਸਿੰਘ ਬੇਦੀ ਕੌਂਸਲਰ, ਜੋ ਪੁਲਿਸ ਦਾ ਟਾਊਟ ਸੀ ਅਤੇ ਅੰਦਰੋਂ ਉਸ ਤੋਂ ਡਰਦਾ ਸੀ, ਉਹ ਵੀ ਕੋਈ ਕਾਰਵਾਈ ਕਰਨ ਤੋਂ ਆਨਾ-ਕਾਨੀ ਕਰਦਾ ਸੀ। ਭਾਈ ਫ਼ੌਜਾ ਸਿੰਘ ਜੀ ਨੂੰ ਪਤਾ ਲੱਗਣ ’ਤੇ ਉਹ ਵੀ ਸਾਥੀਆਂ ਨਾਲ ਪਹੁੰਚ ਗਏ ਤੇ ਝਗੜਾ ਕਾਫ਼ੀ ਵੱਧ ਗਿਆ। ਉਸ ਨੇ ਭਾਈ ਸਾਹਿਬ ਜੀ ਤੇ ਹੋਰ ਸਿੰਘਾਂ ਨੂੰ ਝੂਠਾ ਫਸਾਉਣ ਵਾਸਤੇ ਦੁਕਾਨ ਵਿਚ ਰੱਖੇ ਵਾਣ ਨੂੰ ਅੱਗ ਲਾ ਦਿੱਤੀ ਤੇ ਸਿੰਘਾਂ ਦਾ ਨਾਂ ਲਗਾ ਦਿੱਤਾ। ਸਿੰਘਾਂ ਨੇ ਸਖ਼ਤ ਤਾੜਨਾ ਕੀਤੀ ਕਿ ਜੇ ਤੂੰ ਬੰਦਾ ਨਾ ਬਣਿਆ ਤਾਂ ਇਹ ਦੁਕਾਨ ਤੇਰੇ ਸਮੇਤ ਸਾੜ ਦਿੱਤੀ ਜਾਵੇਗੀ। ਭਾਈ ਸਾਹਿਬ ਜੀ ਨੇ ਉਸ ਨੂੰ ਮੁਆਫ਼ੀ ਮੰਗਣ ਤੇ ਗੁਰਦੁਆਰੇ ਦਾ ਕਬਜ਼ਾ ਵਾਪਸ

www.AKJ.Org

ਕਰਨ ਲਈ ਕਿਹਾ, ਪਰ ਉਹ ਅੱਗੋਂ ਮਾੜਾ-ਚੰਗਾ ਬੋਲਣ ਲੱਗ ਪਿਆ। ਉਸ ਦੀ ਸ਼ਹਿ 'ਤੇ ਪੁਲਿਸ ਦਾ ਡੀ.ਐੱਸ.ਪੀ. ਭਾਈ ਸਾਹਿਬ ਜੀ ਨੂੰ ਕੋਤਵਾਲੀ ਬੁਲਾ ਕੇ ਧਮਕੀਆਂ ਦੇਣ ਲੱਗ ਪਿਆ। ਉਥੇ ਉਸ ਵੇਲੇ ਸ. ਹਰੀ ਸਿੰਘ, ਨੈਸ਼ਨਲ ਸਟੋਰ ਵਾਲੇ ਜੋ ਰਾਤੀਂ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਇਸ਼ਨਾਨ ਦੀ ਸੇਵਾ ਕਰਦੇ ਸਨ, ਭੀ ਹਾਜ਼ਰ ਸਨ। ਪਰੰਤੂ ਭਾਈ ਸਾਹਿਬ ਜੀ ਨੇ ਬੜੀ ਦਲੇਰੀ ਨਾਲ ਨਿਧੜਕ ਹੋ ਕੇ ਕਿਹਾ ਕਿ ਜਾਂ ਤਾਂ ਉਸ ਨੂੰ ਸੀਖਾਂ ਅੰਦਰ ਬੰਦ ਕਰੋ, ਨਹੀਂ ਤਾਂ ਸਾਰਾ ਸ਼ਹਿਰ ਸਾੜ ਦਿੱਤਾ ਜਾਵੇਗਾ। ਭਾਈ ਸਾਹਿਬ ਜੀ ਬੇਸ਼ੱਕ ਇਕ ਮਾਮੂਲੀ ਇੰਸਪੈਕਟਰ ਸਨ, ਪਰ ਕਿਸੇ ਅੱਗੇ ਲੇਲ੍ਹੜੀਆਂ ਨਹੀਂ ਕੱਢਦੇ ਸਨ, ਸਗੋਂ ਬੱਬਰ ਸ਼ੇਰ ਦੀ ਤਰ੍ਹਾਂ ਗਰਜਦੇ ਸਨ। ਡੀ.ਐੱਸ.ਪੀ. ਠਠੰਬਰ ਗਿਆ। ਭਾਈ ਸਾਹਿਬ ਜੀ ਨੇ ਇਹ ਵੀ ਕਿਹਾ ਕਿ ਉਸ ਦੀ ਜਾਨ ਬਖ਼ਸ਼ੀ ਤਦ ਹੀ ਹੋਵੇਗੀ ਜੇ ਉਹ ਮੁਆਫ਼ੀ ਮੰਗੇ, ਨਹੀਂ ਤਾਂ ਉਸ ਨੂੰ ਜੇਲ੍ਹ ਜਾਣਾ ਹੀ ਪਵੇਗਾ।

ਇਹ ਝਗੜਾ ਕਾਫ਼ੀ ਦਿਨ ਚੱਲਦਾ ਰਿਹਾ ਪਰ ਹਾਲਾਤ ਜ਼ਿਆਦਾ ਵਿਗੜਦੇ ਦੇਖ ਕੇ ਆਖ਼ਰ ਪੁਲਿਸ ਵੱਲੋਂ ਉਸ ਨੂੰ ਗ੍ਰਿਫ਼ਤਾਰ ਕਰਨਾ ਪਿਆ ਤੇ ਲਾਹੌਰੀ ਗੇਟ ਥਾਣੇ ਅੰਦਰ ਹਵਾਲਾਤ ਵਿਚ ਬੰਦ ਕਰ ਦਿੱਤਾ। ਭਾਈ ਸਾਹਿਬ ਸਾਥੀਆਂ ਸਮੇਤ ਸ਼ਾਮ ਨੂੰ ਗ੍ਰਿਫ਼ਤਾਰੀ ਬਾਰੇ ਤਸੱਲੀ ਕਰਨ ਗਏ ਤਾਂ ਉਸ ਨੂੰ ਫਿਰ ਕਿਹਾ ਕਿ ਬੰਦਾ ਬਣ ਜਾ। ਉਸ ਨੇ ਭਾਈ ਸਾਹਿਬ ਜੀ ਦੇ ਚਰਨ ਫੜ ਲਏ ਤੇ ਘਗਿਆ ਕੇ ਮਿੰਨਤਾਂ ਕਰਨ ਲੱਗ ਪਿਆ ਕਿ ਮੇਰੀ ਜਾਨ ਬਖ਼ਸ਼ੀ ਕਰ ਦੇਵੋ। ਸੰਗਤਾਂ ਨੇ ਫ਼ੈਸਲਾ ਕਰ ਕੇ ਗੁਰਦੁਆਰੇ ਵਿਚ ਸਮਾਗਮ ਰੱਖਿਆ, ਜਿਸ ਵਿਚ ਜਥੇ ਦੇ ਸਿੰਘ ਤੇ ਇਲਾਕੇ ਦੀਆਂ ਸੰਗਤਾਂ ਸ਼ਾਮਲ ਹੋਈਆਂ। ਉਸ ਕਹਿੰਦੇ-ਕਹਾਉਂਦੇ ਬਦਮਾਸ਼ ਨੇ ਖ਼ੁਦ ਸੰਗਤ ਵਿਚ ਖਲੋ ਕੇ ਮੁਆਫ਼ੀ ਮੰਗੀ ਤੇ ਅੱਗੋਂ ਨੇਕ-ਨੀਅਤੀ ਨਾਲ ਵਿਚਰਣ ਦਾ ਵਾਅਦਾ ਕੀਤਾ ਤੇ ਮੁੜ ਕੇ ਕੰਧ ਉਸਾਰ ਕੇ ਗੁਰਦੁਆਰਾ ਸਥਾਪਤ ਕਰ ਦਿੱਤਾ। ਭਾਈ ਸਾਹਿਬ ਜੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਸਹਾਰਨਾ ਬਰਦਾਸ਼ਤ ਤੋਂ ਬਾਹਰ ਸੀ ਤੇ ਉਹ ਇਸ ਕਾਰਜ ਲਈ ਹਮੇਸ਼ਾਂ ਜਾਨ ਵਾਰਨ ਲਈ ਤਿਆਰ ਰਹਿੰਦੇ ਸਨ।

## ਨਿਹੰਗ ਸਿੰਘ ਦਾ ਸੋਧਾ

ਭਾਈ ਸਾਹਿਬ ਜੀ ਹੋਰ ਸਿੰਘਾਂ ਨਾਲ ਰਲ ਕੇ ਹਰ ਰੋਜ਼ ਗੁਰਦੁਆਰਾ ਰਾਮਸਰ ਦੀ ਗਰਾਉਂਡ ਵਿਚ ਗਤਕੇ ਤੇ ਸ਼ਸਤਰ ਅਭਿਆਸ ਕਰਦੇ ਹੁੰਦੇ ਸੀ। ਇਕ ਸ਼ਰਧਾਲੂ ਨੌਜਵਾਨ ਬੀਬੀ ਹਰ ਰੋਜ਼ ਸ੍ਰੀ ਦਰਬਾਰ ਸਾਹਿਬ ਜੀ ਅਤੇ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਦੇ ਦਰਸ਼ਨ ਪਰਸਣ ਜਾਇਆ ਕਰਦੀ ਸੀ। ਇਕ ਭੇਖੀ ਮਨਚਲਾ ਨਿਹੰਗ ਬਾਣੇ ਵਿਚ ਉਸ ਬੀਬੀ ਦਾ ਹਰ ਰੋਜ਼ ਪਿੱਛਾ ਕਰਦਾ ਸੀ ਤੇ ਛੇੜਖ਼ਾਨੀ ਕਰਦਾ ਰਹਿੰਦਾ ਸੀ। ਉਸ ਬੀਬੀ ਨੇ ਸਿੰਘਾਂ ਨੂੰ ਆਪਣੀ ਵਿਥਿਆ ਸੁਣਾਈ। ਭਾਈ ਸਾਹਿਬ ਇਹ ਸੁਣ ਕੇ ਕਿੱਥੋਂ ਚੁੱਪ ਹੋ ਕੇ ਬੈਠਣ ਵਾਲੇ ਸਨ? ਭਾਈ ਸਾਹਿਬ ਜੀ ਨੇ ਉਸ ਅਫ਼ੀਮ-ਖਾਣੇ ਨਿਹੰਗ ਦਾ ਐਸਾ ਸੋਧਾ ਫੇਰਿਆ ਕਿ ਉਹ ਅੰਮ੍ਰਿਤਸਰ ਛੱਡ ਕੇ ਹੀ ਚਲਾ ਗਿਆ। ਤਲਾਸ਼ੀ ਦੌਰਾਨ ਉਸ ਕੋਲੋਂ ਅਫ਼ੀਮ ਵੀ ਫੜੀ ਗਈ ਸੀ। ਭਾਈ ਸਾਹਿਬ ਅੰਮ੍ਰਿਤ ਛਕਣ ਤੋਂ ਬਾਅਦ ਆਮ ਪੁਰਾਤਨ ਗੁਰਸਿੱਖਾਂ ਵਾਲੇ ਸਾਦੇ ਗੁਰਮੁਖੀ ਲਿਬਾਸ ਵਿਚ ਹੀ ਵਿਚਰਦੇ ਹੁੰਦੇ ਸਨ ਤੇ ਸੁਰਮਈ/ਨੀਲੀ ਦਸਤਾਰ ਹੇਠਾਂ ਬਸੰਤੀ ਰੰਗ ਦੀ

www.AKJ.Org

ਕੇਸਕੀ ਵੀ ਸਿੱਧੀ ਹੀ ਸਜਾਉਂਦੇ ਸਨ। ਨੌਕਰੀ ਦੌਰਾਨ ਤਾਂ ਪੈਂਟ ਕਮੀਜ਼ ਪਾ ਕੇ ਸ੍ਰੀ ਸਾਹਿਬ ਉੱਪਰੋਂ ਦੀ ਸਜਾਉਂਦੇ ਸਨ। ਭਾਈ ਸਾਹਿਬ ਜੀ ਇਹ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਸਨ ਕਿ ਜੋ ਦਸਮੇਸ਼ ਜੀ ਨੇ ਅਕਾਲੀ ਫ਼ੌਜ ਤਿਆਰ ਕੀਤੀ ਸੀ ਤੇ ਸਿੰਘਾਂ ਨੂੰ ਰਹਿਤ ਬਹਿਤ ਵਿਚ ਪਰਪੱਕ ਕੀਤਾ ਸੀ, ਉਹ ਅੱਜ-ਕੱਲ੍ਹ ਬਾਣਾ ਪਾਉਣ ਵਾਲਾ ਉਪਰੋਕਤ ਕਿਸਮ ਦੇ ਜ਼ਿਆਦਾਤਰ ਨਿਹੰਗ ਸਿੰਘਾਂ ਵਿਚ ਨਹੀਂ ਮਿਲਦਾ ਅਤੇ ਉਹ ਇਸ ਬਾਣੇ ਨੂੰ ਬਦਨਾਮ ਕਰਦੇ ਹਨ। ਭਾਈ ਸਾਹਿਬ ਜੀ ਨੇ 1976 ਤੋਂ ਬਾਅਦ ਖ਼ਾਲਸਾ ਫ਼ਾਰਮ 'ਤੇ ਕੈਂਪ ਲਾਉਣ ਵੇਲੇ ਨੌਜਵਾਨ ਸਿੰਘਾਂ ਨੂੰ ਦੁਮਾਲੇ ਸਮੇਤ ਨਿਹੰਗ ਸਿੰਘਾਂ ਵਾਲਾ ਬਾਣਾ ਪਾਉਣ ਲਈ ਪ੍ਰੇਰਿਤ ਕੀਤਾ ਜੋ ਕਿ ਗਤਕਾ ਖੇਡਣ ਵਿਚ ਬਹੁਤ ਸਹਾਇਤਾ ਦਿੰਦਾ ਹੈ। ਆਪ ਨੇ ਵੀ ਉਦੋਂ ਤੋਂ ਇਸ ਬਾਣੇ ਨੂੰ ਅਪਣਾਇਆ। ਉਨ੍ਹਾਂ ਦੀ ਸੋਚ ਸੀ ਕਿ ਦਸਮੇਸ਼ ਜੀ ਵੱਲੋਂ ਬਖ਼ਸ਼ੇ ਬਾਣੇ ਨੂੰ ਧਾਰ ਕੇ ਸਿੰਘ ਵੀ ਉੱਚੀ ਸੁੱਚੀ ਰਹਿਣੀ ਬਹਿਣੀ ਕਰਨੀ ਵਾਲੇ ਹੋਣੇ ਚਾਹੀਦੇ ਹਨ, ਉਨ੍ਹਾਂ ਦਾ ਜੀਵਨ ਆਦਰਸ਼ਕ ਤੇ ਦੂਜਿਆਂ ਲਈ ਪ੍ਰੇਰਨਾ ਸ੍ਰੋਤ ਹੋਣਾ ਚਾਹੀਦਾ ਹੈ; ਨਾ ਕਿ ਅੱਜ-ਕੱਲ੍ਹ ਦੇ ਬਹੁਤ ਗਿਣਤੀ ਵਿਚ ਨਿਹੰਗੀ ਬਾਣਾ ਪਾ ਕੇ ਨਸ਼ਿਆਂ ਦੀ ਵਰਤੋਂ ਕਰਨ ਵਾਲੇ, ਮਖੱਟੂ, ਲੋਕਾਂ ਨਾਲ ਧੱਕਾਸ਼ਾਹੀ ਕਰਨ ਵਾਲੇ ਅਤੇ ਬੇਜ਼ੁਬਾਨ ਜਾਨਵਰਾਂ ਨੂੰ ਮਾਰ ਕੇ ਜੀਭ ਦੇ ਰਸਾਲੂ, ਜਿਨ੍ਹਾਂ ਦਾ ਆਮ ਲੋਕਾਂ ਵਿਚ ਕੋਈ ਸਤਿਕਾਰ ਨਹੀਂ ਹੈ, ਵਰਗੇ ਭੇਖੀ ਬਹੁ-ਰੂਪੀਏ ਨਿਹੰਗ ਸਿੰਘਾਂ ਵਾਂਗ। ਇਸ ਬਾਣੇ ਦੇ ਧਾਰਨੀ ਮਿੱਠ-ਬੋਲੜੇ, ਸੱਚੀ-ਸੁੱਚੀ ਹੱਥੀਂ ਕਿਰਤ ਕਰਨ ਵਾਲੇ, ਵੰਡ ਛਕਣ ਵਾਲੇ ਤੇ ਨਾਮ ਦੇ ਰਸੀਏ, ਦੂਜਿਆਂ ਦਾ ਭਲਾ ਚਾਹੁਣ ਵਾਲੇ ਤੇ ਧਰਮ ਲਈ ਮਰ-ਮਿਟਣ ਵਾਲੇ ਹੋਣੇ ਚਾਹੀਦੇ ਹਨ।

## ਗੁਰਦੁਆਰਾ ਟੋਭਾ ਭਾਈ ਸਾਲ੍ਹੋ ਜੀ ਤੇ ਗੁਰੂ ਕੇ ਮਹਿਲ ਦੀ ਘਟਨਾ

**(ਅਕਤੂਬਰ 1975 ਵਿਚ ਵਾਪਰੀ ਇਸ ਬੇਅਦਬੀ ਦੀ ਘਟਨਾ ਦਾ ਵਿਸਥਾਰ ਸਹਿਤ ਵੇਰਵਾ ਇਸ ਕਾਂਡ ਦੇ ਚਸ਼ਮਦੀਦ ਗਵਾਹ ਭਾਈ ਗੁਰਦਿਆਲ ਸਿੰਘ ਸੁਪ੍ਰਿੰਟੈਂਡੈਂਟ, ਪੰਜਾਬ ਰਾਜ ਬਿਜਲੀ ਬੋਰਡ, ਜੌੜਾ ਫਾਟਕ ਵਾਲੇ, ਜੋ ਇਸ ਕਾਂਡ ਵਿਚ ਗ੍ਰਿਫ਼ਤਾਰ ਹੋ ਕੇ ਭਾਈ ਸਾਹਿਬ ਜੀ ਨਾਲ ਜੇਲ੍ਹ ਵਿਚ ਵੀ ਰਹੇ, ਵੱਲੋਂ ਸੋ ਕਹੀਅਤ ਹੈ ਸੂਰਾ ਰਸਾਲੇ ਦੇ ਨਵੰਬਰ 2013 ਅੰਕ ਵਿਚ ਛਪਿਆ ਸੀ, ਵਿਸਥਾਰ ਸਹਿਤ ਅਗਲੇ ਪੰਨਿਆਂ 'ਤੇ ਦਿੱਤਾ ਜਾ ਰਿਹਾ ਹੈ :)**

ਇਹ ਘਟਨਾ 17-10-1975 ਨੂੰ ਕੱਤਕ ਮਹੀਨੇ ਦੀ ਸੰਗਰਾਂਦ ਵਾਲੇ ਦਿਨ ਵਾਪਰੀ ਸੀ। ਸੰਗਰਾਂਦ ਵਾਲੇ ਦਿਨ ਗੁਰਦੁਆਰਾ ਭਾਈ ਸਾਲ੍ਹੋ ਦਾ ਟੋਭਾ ਵਿਖੇ ਬਹੁਤ ਰੌਣਕ ਹੁੰਦੀ ਹੈ। ਸ਼ਰਧਾਲੂ ਗੁਰਸਿੱਖ ਸੰਗਤਾਂ ਉਸ ਦਿਨ ਲੰਗਰ ਤਿਆਰ ਕਰਦੀਆਂ ਹਨ ਅਤੇ ਛਕਦੀਆਂ ਹਨ।

ਘਟਨਾ ਦੇ ਪਿਛੋਕੜ ਦਾ ਮੂਲ ਕਾਰਨ ਕੁਝ ਪਤਾ ਨਹੀਂ। ਪਰ ਉਸ ਗੁਰਦੁਆਰੇ ਦੀ ਲਾਗਲੀ ਆਬਾਦੀ ਵਿਚ ਰਹਿੰਦੇ ਇਕ ਨੌਜਵਾਨ ਅੰਮ੍ਰਿਤਧਾਰੀ ਸਿੱਖ ਭਾਈ ਕਾਕਾ ਸਿੰਘ (ਸੰਤ ਜੀ), ਜੋ ਕਿ ਰਿਸ਼ਤੇਦਾਰੀ ਵਿਚ ਮਾਸਟਰ ਜਸਵੰਤ ਸਿੰਘ ਜੀ

www.AKJ.Org

ਅੰਮ੍ਰਿਤਸਰ ਵਾਲਿਆਂ ਦਾ ਭਤੀਜ-ਦਾਮਾਦ ਲੱਗਦਾ ਹੈ, ਨੇ ਸਾਨੂੰ ਆ ਕੇ ਦੱਸਿਆ ਕਿ ਗੁਰਦੁਆਰਾ ਭਾਈ ਸਾਲ੍ਹੋ ਦਾ ਟੋਭਾ ਵਿਖੇ ਕੁਝ ਸ਼ਰਾਰਤੀ ਹਿੰਦੂ ਗੁੰਡਿਆਂ ਨੇ ਹਮਲਾ ਕਰ ਦਿੱਤਾ ਹੈ, ਬੀਬੀਆਂ ਦੀ ਬਹੁਤ ਬੇਇੱਜ਼ਤੀ ਕੀਤੀ ਹੈ। ਗੁਰੂ ਮਹਾਰਾਜ ਦੇ ਸੁਖ-ਆਸਨ ਵਾਲੇ ਪਲੰਘ ਨੂੰ ਅਤੇ ਗੁਰੂ ਦੀ ਗੋਲਕ ਨੂੰ ਤੋੜ ਦਿੱਤਾ ਹੈ, ਗੁਰਦੁਆਰੇ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਿੱਖ ਸੰਗਤਾਂ ਨਾਲ ਹੱਥੋਪਾਈ ਵੀ ਹੋਏ ਹਨ। ਇਹ ਗੁੰਡੇ ਗਿਣਤੀ ਵਿਚ ਲਗਭਗ 50 ਤੋਂ ਉਪਰ ਹੀ ਹੋਣਗੇ ਅਤੇ ਕਿਰਪਾਨਾਂ, ਡਾਂਗਾਂ, ਸੋਟਿਆਂ ਨਾਲ ਲੈਸ ਸਨ। ਦਾਸ (ਲਿਖਾਰੀ), ਭਾਈ ਸਾਹਿਬ ਭਾਈ ਫ਼ੌਜਾ ਸਿੰਘ ਜੀ (ਸ਼ਹੀਦ) ਅਤੇ ਭਾਈ ਜਗਮੋਹਨ ਸਿੰਘ ਜੀ ਉਸ ਵੇਲੇ ਭਾਈ ਹਰਬੰਸ ਸਿੰਘ ਮਿਸ਼ਰੀ ਬਾਜ਼ਾਰ ਵਾਲੇ, ਜੋ ਕਿ ਭਾਈ ਫ਼ੌਜਾ ਸਿੰਘ ਜੀ ਦੇ ਸਾਂਢੂ ਸਨ, ਦੇ ਘਰ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿੱਛੇ ਪਾਸੇ ਮਿਸ਼ਰੀ ਬਾਜ਼ਾਰ ਵਿਚ ਸੀ, ਵਿਖੇ ਬੈਠੇ ਸਾਂ। ਬੀਬੀ ਪਰਮਜੀਤ ਕੌਰ (ਸ਼ਹੀਦ), ਸੁਪਤਨੀ ਭਾਈ ਹਰਬੰਸ ਸਿੰਘ ਜੀ ਨੇ ਸਮੁੰਦਰ (ਦੁੱਧ) ਗਰਮ ਕਰ ਕੇ ਛਕਾਉਣ ਲਈ ਮੇਜ਼ 'ਤੇ ਰੱਖਿਆ ਸੀ। ਅਜੇ ਦੋ-ਚਾਰ ਘੁੱਟ ਹੀ ਪੀਤੇ ਸਨ ਤਾਂ ਉਪਰੋਕਤ ਖ਼ਬਰ ਸੁਣ ਕੇ ਬਾਕੀ ਦੁੱਧ ਕਿਸੇ ਨੇ ਵੀ ਨਹੀਂ ਪੀਤਾ। ਭਾਈ ਫ਼ੌਜਾ ਸਿੰਘ ਜੀ ਸਾਨੂੰ ਕਹਿਣ ਲੱਗੇ, "ਸਿੰਘੋ! ਜਲਦੀ ਕਰੋ, ਆਪਾਂ ਸਿੰਘਾਂ ਨੂੰ ਇਕੱਠੇ ਕਰ ਕੇ ਗੁਰਦੁਆਰਾ ਸਾਹਿਬ ਪਹੁੰਚੀਏ, ਕਿਉਂਕਿ ਇਹ ਘਟਨਾ ਲਗਭਗ ਇਕ-ਡੇਢ ਵਜੇ ਵਾਪਰ ਚੁੱਕੀ ਸੀ ਤੇ ਅਗਲਾ ਨਿਸ਼ਾਨਾ ਸ਼ਰਾਰਤੀਆਂ ਦਾ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਹਮਲਾ ਕਰਨ ਦਾ ਸੀ। ਸੋ ਅਸੀਂ ਤਿੰਨੇ ਜਣੇ ਭਾਈ ਜਗਮੋਹਨ ਸਿੰਘ ਦੇ ਥ੍ਰੀ ਵ੍ਹੀਲਰ (ਟੈਂਪੂ) 'ਤੇ ਚੱਲ ਪਏ। ਅਸੀਂ ਡੇਰਾ ਭਾਈ ਮਹਾਰਾਜ ਸਿੰਘ ਦੇ ਨਿਹੰਗ ਸਿੰਘਾਂ ਨੂੰ ਮਿਲੇ, ਫਿਰ ਗੁਰਦੁਆਰਾ ਅਕਾਲੀ ਫੂਲਾ ਸਿੰਘ ਬੁਰਜ ਦੇ ਡੇਰੇ ਦੇ ਨਿਹੰਗ ਸਿੰਘਾਂ ਨੂੰ ਮਿਲੇ, ਪਰ ਸਾਨੂੰ ਉਥੋਂ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਮਿਲਿਆ। ਫਿਰ ਅਸੀਂ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਕੋਲ ਗਏ। ਇਸ ਤਰ੍ਹਾਂ ਚਾਰ ਵਜੇ ਦੇ ਕਰੀਬ ਜਥੇ ਦੇ ਲਗਭਗ 150 ਸਿੰਘ ਤੇ ਹੋਰ ਪ੍ਰੇਮੀ ਸੰਗਤਾਂ ਗੁਰਦੁਆਰਾ ਮੰਜੀ ਸਾਹਿਬ ਦੇ ਕੋਲ ਜੋੜੇ ਘਰ ਦੇ ਸਾਹਮਣੇ ਇਕੱਤਰ ਹੋ ਗਏ। ਜੋ ਵੀ ਕਿਸੇ ਕੋਲ ਸ਼ਸਤਰ, ਡੰਡਾ-ਸੋਟਾ ਸੀ, ਨਾਲ ਲੈ ਲਿਆ। ਸਰਦਾਰ ਤੇਜਾ ਸਿੰਘ ਸਮੁੰਦਰੀ ਹਾਲ ਦੇ ਕੋਲੋਂ ਲੰਘਣ ਲੱਗੇ ਤਾਂ ਭਾਈ ਫ਼ੌਜਾ ਸਿੰਘ ਜੀ ਧਰਤੀ 'ਤੇ ਇਕ ਲਕੀਰ ਜਿਹੀ ਖਿੱਚ ਕੇ ਆਖਣ ਲੱਗੇ, "ਸਿੰਘੋ! ਮੈਂ ਬਾਬਾ ਦੀਪ ਸਿੰਘ ਜੀ ਤਾਂ ਨਹੀਂ ਹਾਂ ਪਰ ਸਿੰਘਾਂ ਦੀ ਪੁਰਾਤਨ ਰੀਤ ਅਨੁਸਾਰ ਆਪ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਅੱਗੇ ਪਤਾ ਨਹੀਂ ਕਿਹੋ ਜਿਹੇ ਹਾਲਾਤ ਦਾ ਸਾਹਮਣਾ ਕਰਨਾ ਪੈਣਾ ਹੈ, ਜਿਨ੍ਹਾਂ ਦਾ ਮਨ ਮਰਨ ਤੋਂ ਜਾਂ ਕੋਈ ਸੱਟ-ਫੇਟ ਖਾਣ ਤੋਂ ਡਰਦਾ ਹੈ, ਉਹ ਨਿਸ਼ੰਗ ਹੁਣੇ ਹੀ ਘਰ ਪਰਤ ਜਾਉ ਤੇ ਇਸ ਲਕੀਰ ਨੂੰ ਟੱਪਣ ਦੀ ਕੋਸ਼ਿਸ਼ ਨਾ ਕਰਿਓ ਤੇ ਜਿਨ੍ਹਾਂ ਨੂੰ ਗੁਰਧਾਮਾਂ ਦੀ ਖ਼ਾਤਰ ਕੁਰਬਾਨੀ ਦੇਣ ਦਾ ਚਾਅ ਹੈ ਤਾਂ ਉਹ ਲਕੀਰ ਟੱਪ ਕੇ ਅੱਗੇ ਆ ਜਾਓ।" ਇਸ ਤਰ੍ਹਾਂ ਕਾਫ਼ੀ ਸਿੰਘ ਲਗਭਗ ਸੌ-ਸਵਾ ਸੌ ਦੇ ਕਰੀਬ ਲਕੀਰ ਟੱਪ ਕੇ ਚੱਲ ਪਏ। ਘੰਟਾ ਘਰ ਵਾਲੇ ਪਾਸਿਓਂ ਬਾਜ਼ਾਰ ਮਾਈ ਸੇਵਾਂ, ਦਰਸ਼ਨੀ ਡਿਉੜ੍ਹੀ ਲੰਘ ਕੇ ਗੁਰੂ ਬਾਜ਼ਾਰ ਦੇ ਰਸਤੇ ਤੰਗ ਗਲੀਆਂ ਵਿੱਚੋਂ ਸ਼ਬਦ ਪੜ੍ਹਦੇ, 'ਸਤਿਨਾਮ ਵਾਹਿਗੁਰੂ' ਦਾ ਜਾਪ ਜਪਦੇ, ਗੁਰਦੁਆਰਾ ਭਾਈ ਸਾਲ੍ਹੋ ਦਾ ਟੋਭਾ ਪਹੁੰਚੇ। ਸਾਰਾ ਦ੍ਰਿਸ਼

www.AKJ.Org

ਦੇਖਿਆ, ਗੁਰਦੁਆਰੇ ਅੰਦਰ ਬਹੁਤ ਭਿਆਨਕ ਦ੍ਰਿਸ਼ ਸੀ। ਸੇਵਾਦਾਰ ਨੇ ਦੱਸਿਆ ਕਿ ਉਸ ਨੂੰ ਵੀ ਮਾਰਿਆ ਕੁੱਟਿਆ ਗਿਆ ਹੈ। ਉਥੋਂ ਅਸੀਂ ਫਿਰ ਗੁਰਦੁਆਰਾ ਗੁਰੂ ਕੇ ਮਹਿਲ ਵੱਲ ਤੁਰ ਪਏ, ਜੋ ਕਿ ਗੁਰਦੁਆਰਾ ਭਾਈ ਸਾਲ੍ਹੋ ਦਾ ਟੋਭਾ ਦੇ ਲਾਗੇ ਹੀ ਹੈ। ਸ਼ਰਾਰਤੀਆਂ ਦੀ ਕਾਰਵਾਈ ਕਰਨ ਤੋਂ ਪਹਿਲਾਂ ਪੰਜ-ਸਾਢੇ ਪੰਜ ਵਜੇ ਪਹੁੰਚ ਗਏ। ਉਦੋਂ ਗੁਰਦੁਆਰਾ ਸਾਹਿਬ ਦੀ ਇਮਾਰਤ ਅਜੇ ਪੁਰਾਣੀ ਹੀ ਸੀ। ਨਵੀਂ ਇਮਾਰਤ ਬਣਾਉਣ ਦੀ ਤਿਆਰੀ ਆਰੰਭੀ ਸੀ। ਇਹ ਕਾਰ-ਸੇਵਾ ਬਾਬਾ ਸੇਵਾ ਸਿੰਘ ਜੀ, ਕਿਲ੍ਹਾ ਅਨੰਦਗੜ੍ਹ, ਅਨੰਦਪੁਰ ਸਾਹਿਬ ਵਾਲਿਆਂ ਨੇ ਕਰਵਾਉਣੀ ਸ਼ੁਰੂ ਕੀਤੀ ਸੀ। ਸ਼ਰਾਰਤੀ ਅਨਸਰ ਪਹਿਲਾਂ ਬਣਾਈ ਯੋਜਨਾ ਅਨੁਸਾਰ ਗੁਰਦੁਆਰੇ ਦੇ ਆਸੇ-ਪਾਸੇ ਰਿਹਾਇਸ਼ੀ ਚੁਬਾਰਿਆਂ 'ਤੇ ਚੜ੍ਹੇ ਹੋਏ ਸਨ, ਜੋ ਕਿ ਗੁਰਦੁਆਰੇ ਦੀ ਇਮਾਰਤ ਤੋਂ ਉੱਚੇ ਸਨ। ਉਨ੍ਹਾਂ ਨੇ ਇੱਟਾਂ-ਰੋੜੇ ਤੇ ਤੇਜ਼ਾਬ ਇਕੱਠਾ ਕੀਤਾ ਹੋਇਆ ਸੀ। ਗੁਰਦੁਆਰਾ ਗੁਰੂ ਕੇ ਮਹਿਲ ਨੂੰ ਛੋਟੀ ਗਲੀ ਵਾਲੇ ਪਾਸਿਉਂ ਇਕ ਦਰਵਾਜ਼ਾ ਸੀ। ਸਿੰਘ ਉਸ ਦਰਵਾਜ਼ਿਉਂ ਹੀ ਦਾਖ਼ਲ ਹੋਏ ਸਨ ਕਿ ਉਨ੍ਹਾਂ ਸ਼ਰਾਰਤੀਆਂ ਨੇ ਉਪਰੋਂ ਇੱਟਾਂ-ਰੋੜੇ ਤੇ ਤੇਜ਼ਾਬ ਦੀਆਂ ਭਰੀਆਂ ਬੋਤਲਾਂ ਵਿਚ ਬੱਤੀ ਪਾ ਕੇ ਤੇ ਅੱਗ ਲਗਾ ਕੇ ਸਿੰਘਾਂ ਉਪਰ ਵਰ੍ਹਾਉਣੇ ਸ਼ੁਰੂ ਕਰ ਦਿੱਤੇ। ਸਿੱਖ ਸੰਗਤਾਂ ਬਚਾਅ ਵਾਸਤੇ ਥੋੜ੍ਹਾ ਅੱਗੇ-ਪਿੱਛੇ ਹੋ ਗਈਆਂ ਪਰ ਕੁਝ ਸਿੰਘਾਂ ਨੇ ਜਾਨ ਦੀ ਪਰਵਾਹ ਨਾ ਕਰਦਿਆਂ ਸ਼ਰਾਰਤੀਆਂ ਨੂੰ ਲਲਕਾਰਿਆ ਤੇ ਉਨ੍ਹਾਂ ਵੱਲੋਂ ਵਰ੍ਹਾਏ ਗਏ ਰੋੜੇ-ਇੱਟਾਂ ਉਪਰ ਨੂੰ ਮਾਰਨੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਵਿਚ ਭਾਈ ਜਸਵੰਤ ਸਿੰਘ (ਜੱਸਾ ਸਿੰਘ) ਸਪੁੱਤਰ ਬਾਬਾ ਲਾਭ ਸਿੰਘ ਜੀ ਕਾਰ-ਸੇਵਾ ਕਿਲ੍ਹਾ ਅਨੰਦਗੜ੍ਹ, ਅਨੰਦਪੁਰ ਸਾਹਿਬ ਵਾਲੇ, ਭਾਈ ਫ਼ੌਜਾ ਸਿੰਘ ਜੀ, ਭਾਈ ਰਘਬੀਰ ਸਿੰਘ ਪਟਵਾਰੀ ਜੀ ਤੇ ਕੁਝ ਹੋਰ ਸਿੰਘ ਸਨ। ਇਨ੍ਹਾਂ ਦੇ ਸਰੀਰਾਂ 'ਤੇ ਤੇਜ਼ਾਬ ਪੈਣ ਨਾਲ ਮੂੰਹ ਅਤੇ ਬਾਹਾਂ 'ਤੇ ਜ਼ਖ਼ਮ ਹੋ ਗਏ ਸਨ। ਭਾਵੇਂ ਭਾਈ ਫ਼ੌਜਾ ਸਿੰਘ ਜੀ ਕੋਲ ਗੈਂਡੇ ਦੀ ਢਾਲ ਸੀ, ਉਸ ਨਾਲ ਉਹ ਰੋੜਿਆਂ ਅਤੇ ਤੇਜ਼ਾਬ ਦੇ ਹਮਲਿਆਂ ਨੂੰ ਰੋਕਦੇ ਸਨ, ਪਰ ਤੇਜ਼ਾਬ ਖਿੱਲਰ ਕੇ ਪੈਂਦਾ ਸੀ। ਸ਼ਰਾਰਤੀਆਂ ਨੇ ਆਪਣੀ ਯੋਜਨਾ ਦੇ ਉਲਟ ਸਿੰਘਾਂ ਨੂੰ ਆਪਣੇ 'ਤੇ ਭਾਰੀ ਪੈਂਦੇ ਦੇਖਦਿਆਂ ਪੁਲਿਸ ਨੂੰ ਬੁਲਾ ਲਿਆ, ਜੋ ਘੰਟੇ ਕੁ ਬਾਅਦ ਇੰਸਪੈਕਟਰ ਅਪਾਰ ਸਿੰਘ ਬਾਜਵਾ ਦੀ ਅਗਵਾਈ ਵਿਚ ਪਹੁੰਚੀ।

ਪੁਲਿਸ ਅਮਲੇ ਨੇ ਆ ਕੇ ਪਹਿਲਾਂ ਤਾਂ ਕਾਫ਼ੀ ਦੇਰ ਸਿੰਘਾਂ ਨਾਲ ਬਹਿਸਬਾਜ਼ੀ ਕੀਤੀ। ਗੁਰਦੁਆਰਾ ਸਾਹਿਬ 'ਤੇ ਹਮਲਾ ਕਰਨ ਆਏ ਸ਼ਰਾਰਤੀ ਲੋਕ ਪੁਲਿਸ ਨੂੰ ਕਹਿ ਰਹੇ ਸਨ ਕਿ ਇਨ੍ਹਾਂ ਸਿੰਘਾਂ ਦੀਆਂ ਪੱਗਾਂ ਲਾਹ ਕੇ ਇਨ੍ਹਾਂ ਦੇ ਹੱਥ ਬੰਨ੍ਹ ਦਿਉ ਤੇ ਇਨ੍ਹਾਂ ਨੂੰ ਲੈ ਚੱਲੋ। ਇਹ ਸੁਣ ਕੇ ਭਾਈ ਫ਼ੌਜਾ ਸਿੰਘ ਨੇ ਗੁੰਡਿਆਂ ਨੂੰ ਲਲਕਾਰਿਆ ਤੇ ਕਿਹਾ, "ਜੇ ਕੋਈ ਆਪਣੀ ਮਾਂ ਦਾ ਪੁੱਤ ਹੈ ਤਾਂ ਸਾਹਮਣੇ ਆਵੇ ਤੇ ਸਾਡੀ ਪੱਗ ਨੂੰ ਹੱਥ ਪਾ ਕੇ ਦੱਸੇ, ਫਿਰ ਅਸੀਂ ਦੱਸਾਂਗੇ ਕਿ ਸਿੱਖ ਦੀ ਪੱਗ ਨੂੰ ਹੱਥ ਪਾਉਣ ਦਾ ਕੀ ਹਸ਼ਰ ਹੁੰਦਾ ਹੈ।" ਭਾਈ ਫ਼ੌਜਾ ਸਿੰਘ ਹੁਰਾਂ ਦੀ ਲਲਕਾਰ ਸੁਣ ਕੇ ਕੋਈ ਵੀ ਅੱਗੇ ਨਹੀਂ ਹੋਇਆ। ਪੁਲਿਸ ਵਾਲੇ ਭਾਈ ਫ਼ੌਜਾ ਸਿੰਘ ਨੂੰ ਕਾਬੂ ਕਰਨਾ ਚਾਹੁੰਦੇ ਸਨ। ਸੋ, ਉਨ੍ਹਾਂ ਦੇ ਪੰਜ-ਸੱਤ ਤਕੜੇ ਤਕੜੇ ਬੰਦੇ ਭਾਈ ਸਾਹਿਬ ਦੀਆਂ ਬਾਹਾਂ ਅਤੇ ਮੋਢਿਆਂ ਨੂੰ ਚਿੰਬੜ ਗਏ।

www.AKJ.Org

ਪੁਲਿਸ ਵਾਲੇ ਚਾਹੁੰਦੇ ਸਨ ਕਿ ਉਨ੍ਹਾਂ ਦੇ ਗਾਤਰੇ ਪਾਈ ਹੋਈ ਕਿਰਪਾਨ ਜੋ ਕਿ ਡੇਢ ਕੁ ਫ਼ੁੱਟ ਦੀ ਸੀ, ਕਾਬੂ ਕਰ ਲਈ ਜਾਵੇ, ਪਰ ਭਾਈ ਸਾਹਿਬ ਨੇ ਪੂਰੇ ਜ਼ੋਰ ਨਾਲ ਸਰੀਰ ਨੂੰ ਐਸਾ ਗੇੜਾ ਦਿੱਤਾ ਕਿ ਉਹ ਸਾਰੇ ਪੁਲਸੀਏ ਪਿਛਾਂਹ ਜਾ ਡਿੱਗੇ ਤੇ ਫਿਰ ਸਾਹੋ-ਸਾਹ ਹੋਏ ਉੱਠ ਕੇ ਉਨ੍ਹਾਂ ਨੂੰ ਫੜਨ ਲੱਗੇ। ਭਾਈ ਸਾਹਿਬ ਇਨ੍ਹਾਂ ਨੂੰ ਮੁੜ ਪਛਾੜ ਦੇਂਦੇ। ਕਾਫ਼ੀ ਜੱਦੋ-ਜਹਿਦ ਤੋਂ ਬਾਅਦ ਪੁਲਸੀਆਂ ਨੇ ਭਾਈ ਸਾਹਿਬ ਦੇ ਗਾਤਰੇ ਵਿਚੋਂ ਕਿਰਪਾਨ ਕੱਢ ਲਈ ਤੇ ਕਹਿਣ ਲੱਗੇ ਕਿ ਹੁਣ ਸਾਨੂੰ ਕੋਈ ਡਰ ਨਹੀਂ। ਸਿੰਘਾਂ ਨੇ ਪੁਲਿਸ ਕੋਲ ਰੋਸ ਜ਼ਾਹਰ ਕੀਤਾ ਕਿ ਤੁਸੀਂ ਹਮਲਾਵਰਾਂ ਨੂੰ ਕੁਝ ਨਹੀਂ ਕਹਿ ਰਹੇ, ਉਲਟਾ ਆਪਣੇ ਗੁਰੂ-ਘਰ ਦੀ ਰੱਖਿਆ ਵਾਸਤੇ ਆਇਆਂ ਹੋਇਆਂ ਨੂੰ ਪਕੜ ਰਹੇ ਹੋ। ਖ਼ੈਰ! ਇਸ ਤਰ੍ਹਾਂ ਕਰਦਿਆਂ ਦਰਸ਼ਨੀ ਡਿਉੜੀ, ਜੋ ਕਿ ਬਾਜ਼ਾਰ ਮਾਈ ਸੇਵਾਂ, ਗੁਰੂ ਬਾਜ਼ਾਰ ਕੋਲ ਪੈਂਦੀ ਹੈ, ਲਾਗੇ ਪਹੁੰਚਦਿਆਂ ਭਾਈ ਫ਼ੌਜਾ ਸਿੰਘ ਜੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਅਤੇ ਬਾਕੀ ਸੰਗਤ ਨੂੰ ਕਹਿ ਦਿੱਤਾ ਕਿ ਤੁਸੀਂ ਜਿਧਰ-ਜਿਧਰ ਕਿਸੇ ਨੇ ਜਾਣਾ ਹੈ, ਚਲੇ ਜਾਉ। ਕਾਫ਼ੀ ਸੰਗਤ ਘਰਾਂ ਨੂੰ ਵਾਪਸ ਚਲੀ ਗਈ। ਅਸੀਂ ਕੁਝ ਸਿੰਘਾਂ ਨੇ ਵਿਚਾਰ ਕੀਤੀ ਕਿ ਭਾਈ ਸਾਹਿਬ ਨੂੰ ਇਕੱਲਿਆਂ ਨਹੀਂ ਛੱਡਣਾ, ਅਸੀਂ ਵੀ ਇਨ੍ਹਾਂ ਦੇ ਨਾਲ ਹੀ ਰਹਾਂਗੇ। ਸੋ ਛੇ ਕੁ ਅਖੰਡ ਕੀਰਤਨੀ ਜਥੇ ਦੇ ਤੇ ਚਾਰ ਹੋਰ ਪ੍ਰੇਮੀ ਭਾਈ ਫ਼ੌਜਾ ਸਿੰਘ ਜੀ ਦੇ ਨਾਲ ਚੱਲ ਪਏ। ਸਾਨੂੰ ਇਸ ਤਰ੍ਹਾਂ ਭਾਈ ਸਾਹਿਬ ਸਮੇਤ ਗਿਆਰਾਂ ਜਣਿਆਂ ਨੂੰ ਕੋਤਵਾਲੀ ਲੈ ਗਏ। ਉਥੇ ਸਾਡੀ ਗ੍ਰਿਫ਼ਤਾਰੀ ਪਾਈ ਗਈ। ਇਥੇ ਇਕ ਬਹੁਤ ਤਕੜਾ ਪੁਲਿਸ ਇੰਸਪੈਕਟਰ ਸੀ, ਉਹ ਕਹਿੰਦਾ ਕਿ ਮੈਂ ਵੱਡੇ ਵੱਡੇ ਬਦਮਾਸ਼ਾਂ ਨੂੰ ਦਬੋਚਿਆ ਹੈ, ਪਰ ਅੱਜ ਮੈਨੂੰ ਪਤਾ ਲੱਗਾ ਹੈ ਕਿ ਸਾਡਾ ਵਾਹ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਸਿੰਘ ਨਾਲ ਪਿਆ ਹੈ ਜੋ ਕਿ ਇਕੱਲਾ ਹੀ ਸਾਡੇ ਛਿਆਂ-ਸੱਤਾਂ 'ਤੇ ਭਾਰੂ ਸੀ। ਭਾਈ ਸਾਹਿਬ ਨੇ ਉਸ ਨੂੰ ਬਹੁਤ ਸ਼ਰਮਿੰਦਾ ਕੀਤਾ ਤੇ ਕਿਹਾ ਕਿ ਤੁਸੀਂ ਵੀ ਸਿੱਖ ਸਰਦਾਰ ਹੋ, ਤੁਸੀਂ ਗੁਰਧਾਮਾਂ ਦੀ ਰੱਖਿਆ ਕਰਨ ਵਾਲੇ ਸਿੰਘਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਤੇ ਦੋਸ਼ੀਆਂ ਨੂੰ ਕੁਝ ਨਹੀਂ ਕਿਹਾ। ਤੁਹਾਡੇ ਨਾਲੋਂ ਤਾਂ ਇਹ ਸਾਡੇ ਨਾਲ ਆਇਆ ਦਾੜ੍ਹੀ ਕੱਟਿਆ ਨੌਜਵਾਨ ਚੰਗਾ ਹੈ, ਜਿਸ ਨੇ ਸਾਡਾ ਸਾਥ ਦਿੱਤਾ। ਉਹ ਕਹਿਣ ਲੱਗਾ ਕਿ ਫ਼ੌਜਾ ਸਿੰਘ, ਸਾਨੂੰ ਹੋਰ ਸ਼ਰਮਿੰਦਾ ਨਾ ਕਰ, ਸਾਡੀ ਮਜਬੂਰੀ ਹੈ।

ਰਾਤ ਸਾਨੂੰ ਕੋਤਵਾਲੀ ਰੱਖਿਆ ਗਿਆ। ਸਵੇਰੇ ਸਾਨੂੰ ਸੈਂਟਰਲ ਜੇਲ੍ਹ ਲੈ ਗਏ ਅਤੇ ਸਾਡੀਆਂ ਗਾਤਰੇ ਵਾਲੀਆਂ ਵੱਡੀਆਂ ਛੋਟੀਆਂ ਕਿਰਪਾਨਾਂ ਜ਼ਬਤ ਕਰ ਲਈਆਂ। ਸਿੰਘ ਮੋਰਚਾ ਲਾਉਣ ਲੱਗੇ ਸਨ ਤੇ ਕੁਝ ਸਿੰਘਾਂ ਨੇ ਵਿਚਾਰ ਕੀਤੀ ਕਿ ਸਾਡਾ ਜੇਲ੍ਹ ਕਰਮਚਾਰੀਆਂ ਨਾਲ ਕੋਈ ਝਗੜਾ ਨਹੀਂ। ਜੇਲ੍ਹ ਨਿਯਮਾਂ ਅਨੁਸਾਰ ਅੰਦਰ ਕੋਈ ਸ਼ਸਤਰ ਨਹੀਂ ਜਾ ਸਕਦਾ, ਇਸ ਲਈ ਕੋਈ ਕਾਰਵਾਈ ਨਾ ਕੀਤੀ ਜਾਵੇ। ਸਾਨੂੰ ਉਨ੍ਹਾਂ ਅੰਦਰ ਲਿਜਾ ਕੇ ਮੈਂਟਲ ਚੱਕੀਆਂ, ਜੋ ਕਿ ਬਹੁਤ ਛੋਟੇ ਛੋਟੇ ਆਕਾਰ ਦੇ ਕਮਰੇ ਸਨ, ਵਿਚ ਇਕ ਘੜਾ ਪਾਣੀ ਦਾ ਅਤੇ ਵਿਚੇ ਹੀ ਫ਼ਲੱਸ਼ ਸੀ, ਵਿਚ ਡੱਕ ਦਿੱਤਾ। ਇਕ ਕਮਰੇ ਵਿਚ ਅਸੀਂ ਛੇ ਜਣੇ ਸਾਂ। ਜਿਹੜੇ ਸਿੰਘ ਤੇਜ਼ਾਬ ਨਾਲ ਜ਼ਖ਼ਮੀ ਹੋਏ ਸਨ, ਉਨ੍ਹਾਂ ਨੂੰ ਹਸਪਤਾਲ ਲਿਜਾ ਕੇ ਦਵਾਈ ਦੁਆ ਕੇ ਇਕ ਵੱਖਰੀ ਚੱਕੀ ਵਿਚ ਡੱਕ ਦਿੱਤਾ ਗਿਆ, ਉਹ ਪੰਜ ਜਣੇ ਸਨ। ਸਿੰਘਾਂ ਨੇ ਜੇਲ੍ਹ ਦੀ ਰੋਟੀ ਨਹੀਂ

www.AKJ.Org

ਖਾਧੀ। ਸਾਰਾ ਦਿਨ ਚੱਕੀ ਵਿਚ ਬੰਦ ਰਹੇ। ਕੁਝ ਸਮਾਂ ਬਾਹਰ ਫਿਰਨ-ਤੁਰਨ ਵਾਸਤੇ ਦਿੱਤਾ ਗਿਆ ਤੇ ਖਾਣ ਲਈ ਭੁੱਜੇ ਛੋਲੇ ਤੇ ਗੁੜ ਦਿੱਤਾ ਗਿਆ, ਉਹ ਸਿੰਘਾਂ ਨੇ ਛਕ ਲਿਆ। ਰਾਤ ਫਿਰ ਚੱਕੀ ਵਿਚ ਬੰਦ ਕਰ ਦਿੱਤਾ। ਸਵੇਰੇ ਸਿੰਘਾਂ ਨੇ ਯਥਾਸ਼ਕਤ ਆਪਣਾ ਨਿੱਤਨੇਮ ਕੀਤਾ ਤੇ ਦਿਨ ਚੜ੍ਹੇ ਸਾਨੂੰ ਮੁਲਾਹਜ਼ੇ ਵਾਸਤੇ ਜੇਲ੍ਹ ਦੇ ਅੰਦਰ ਹੀ ਇਕ ਜਗ੍ਹਾ 'ਤੇ ਲਿਜਾ ਕੇ ਸਾਡੇ ਸਾਰੇ ਵੇਰਵੇ, ਨਾਮ, ਪਤੇ, ਕੱਦ ਵਗ਼ੈਰਾ ਨੋਟ ਕੀਤੇ। ਉਥੇ ਇਕ ਨੌਜਵਾਨ ਪੜ੍ਹਿਆ-ਲਿਖਿਆ ਸਿੱਖ ਕੈਦੀ ਸਾਨੂੰ ਕਹਿਣ ਲੱਗਾ ਕਿ ਤੁਸੀਂ ਦੇਖਣ ਵਿਚ ਪੁਰਾਤਨ ਗੁਰਸਿੱਖ ਜਾਪਦੇ ਹੋ, ਪਰ "What means Chardi Kala?" (ਚੜ੍ਹਦੀ ਕਲਾ ਦਾ ਕੀ ਮਤਲਬ ?) ਕਿਉਂਕਿ ਤੁਸੀਂ ਗੁਰਧਾਮਾਂ ਦੀ ਰੱਖਿਆ ਕਰਨ ਗਏ ਸੀ ਤੇ ਤੁਹਾਨੂੰ ਪੁਲਿਸ ਨੇ ਫੜ ਕੇ ਚੱਕੀਆਂ ਵਿਚ ਡੱਕਿਆ ਹੋਇਆ ਹੈ, ਜਦੋਂ ਕਿ ਗੁਰਦੁਆਰਾ ਸਾਹਿਬ ਉੱਤੇ ਹਮਲਾ ਕਰਨ ਗਏ ਗੁੰਡੇ ਖੁੱਲ੍ਹੀਆਂ ਬੈਰਕਾਂ ਵਿਚ ਚਾਹ-ਪਕੌੜੇ ਛਕ ਰਹੇ ਹਨ। ਇਹ ਗੱਲ ਸੁਣ ਕੇ ਭਾਈ ਫ਼ੌਜਾ ਸਿੰਘ ਕਹਿਣ ਲੱਗੇ, "ਸਿੰਘੋ, ਅੱਜ ਸ਼ਾਮ ਨੂੰ ਚੱਕੀਆਂ ਵਿਚ ਬੰਦ ਨਹੀਂ ਹੋਣਾ। ਅਸੀਂ ਵੀ ਖੁੱਲ੍ਹੀਆਂ ਬੈਰਕਾਂ ਵਿਚ ਰਹਾਂਗੇ।" ਜੇਲ੍ਹ ਕਰਮਚਾਰੀ ਸਾਨੂੰ ਸ਼ਾਮ ਨੂੰ ਚੱਕੀਆਂ ਵਿਚ ਬੰਦ ਕਰਨ ਆਏ ਤਾਂ ਅਸੀਂ ਉਨ੍ਹਾਂ ਨੂੰ ਅੰਦਰ ਬੰਦ ਹੋਣ ਤੋਂ ਨਾਂਹ ਕਰ ਦਿੱਤੀ। ਬਹੁਤ ਬਹਿਸ-ਮੁਬਾਹਿਸੇ ਤੋਂ ਬਾਅਦ ਜੇਲ੍ਹ ਦੇ ਡਿਪਟੀ ਸੁਪਰਡੈਂਟ ਸੁਰਜੀਤ ਸਿੰਘ ਨੇ ਸਾਨੂੰ ਆਪਣੇ ਦਫ਼ਤਰ ਗੱਲਬਾਤ ਲਈ ਬੁਲਾ ਲਿਆ। ਭਾਈ ਫ਼ੌਜਾ ਸਿੰਘ ਨੇ ਲਗਭਗ ਪੌਣਾ ਘੰਟਾ ਉਨ੍ਹਾਂ ਨਾਲ ਡੱਟ ਕੇ ਦਲੀਲਾਂ ਸਹਿਤ ਗੱਲਬਾਤ ਕੀਤੀ।

ਭਾਈ ਸਾਹਿਬ ਨੇ ਕਿਹਾ ਕਿ "ਤੁਸੀਂ ਗੁਰਧਾਮਾਂ 'ਤੇ ਹਮਲਾ ਕਰਨ ਵਾਲਿਆਂ ਨੂੰ ਸੁੱਖ ਸਹੂਲਤਾਂ ਦਿੱਤੀਆਂ ਹੋਈਆਂ ਹਨ ਅਤੇ ਗੁਰਧਾਮਾਂ ਦੀ ਰੱਖਿਆ ਵਾਸਤੇ ਆਇਆਂ ਨੂੰ ਮੈਂਟਲ ਚੱਕੀਆਂ ਵਿਚ ਬੰਦ ਕੀਤਾ ਹੋਇਆ ਹੈ। ਤੁਸੀਂ ਵੀ ਸਿੱਖ ਹੋ। ਕੀ ਇਹ ਇਨਸਾਫ਼ ਹੋ ਰਿਹਾ ਹੈ ?" ਉਹ ਡਿਪਟੀ ਸੁਪਰਡੈਂਟ ਭੈ-ਭਾਵਨੀ ਵਾਲਾ ਸੀ। ਉਸ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਕਹਿਣ ਲੱਗਾ, "ਮੇਰੇ ਅਖ਼ਤਿਆਰ ਵਿਚ ਜੋ ਵੀ ਸਹੂਲਤ ਦਿੱਤੀ ਜਾ ਸਕਦੀ ਹੈ, ਦੇਵਾਂਗਾ। ਤੁਹਾਡੇ ਵਿੱਚੋਂ ਦੋ ਜਣਿਆਂ ਨੂੰ, ਜੋ ਗ੍ਰੈਜੂਏਟ ਹਨ, ਭਾਈ ਫ਼ੌਜਾ ਸਿੰਘ ਜੀ ਖੇਤੀਬਾੜੀ ਇੰਸਪੈਕਟਰ ਤੇ ਮਾਸਟਰ ਜਸਵੰਤ ਸਿੰਘ ਜੀ ਬੀ.ਏ.,ਬੀ.ਟੀ. ਨੂੰ 'ਬੀ ਕਲਾਸ' ਵਿਚ ਭੇਜ ਦਿੰਦਾ ਹਾਂ ਅਤੇ ਬਾਕੀਆਂ ਨੂੰ ਸਾਧਾਰਨ ਬੈਰਕਾਂ ਵਿਚ। ਭਾਈ ਸਾਹਿਬ ਨੇ ਕਿਹਾ ਕਿ ਅਸੀਂ ਗਿਆਰਾਂ ਜਣਿਆਂ ਨੇ ਇਕ ਹੀ ਜਗ੍ਹਾ ਰਹਿਣਾ ਹੈ, ਭਾਵੇਂ 'ਬੀ ਕਲਾਸ' ਦੇ ਦਿਉ ਤੇ ਭਾਵੇਂ 'ਸੀ ਕਲਾਸ' ਦੇ ਦਿਉ। ਸੁਪਰਡੈਂਟ ਕਹਿਣ ਲੱਗਾ ਕਿ ਇਹ ਮੁਸ਼ਕਲ ਹੈ। ਪਰ ਸਿੰਘ ਅੜੇ ਰਹੇ। ਅਖ਼ੀਰ ਉਹ ਕਹਿਣ ਲੱਗਾ—ਮੈਨੂੰ ਦੋ ਚਾਰ ਘੰਟੇ ਦਾ ਸਮਾਂ ਦਿਉ। ਮੈਂ ਲੱਕੜਾਂ ਦੇ ਟਾਲ ਵਾਲੀ ਇਕ ਬੈਰਕ ਜੋ 'ਬੀ ਕਲਾਸ' ਵਿਚ ਹੈ, ਉਹ ਸਾਫ਼ ਕਰਵਾ ਕੇ ਤੁਹਾਨੂੰ ਸਾਰਿਆਂ ਨੂੰ ਉਥੇ ਭੇਜ ਦਿੰਦਾ ਹਾਂ। ਸਿੰਘ ਇਸ ਵਾਸਤੇ ਮੰਨ ਗਏ। ਡਿਪਟੀ ਨੇ ਉਹ ਬੈਰਕ ਸਾਫ਼ ਕਰਵਾ ਕੇ ਸਾਨੂੰ ਦੱਭ ਦੀਆਂ ਸਫ਼ਾਂ ਤੇ ਕੰਬਲ ਦੇ ਦਿੱਤੇ। ਸਿੰਘਾਂ ਨੇ ਕਿਹਾ ਕਿ ਅਸੀਂ ਲੰਗਰ ਆਪਣਾ ਆਪ ਤਿਆਰ ਕਰਾਂਗੇ। ਸਾਨੂੰ ਸੁੱਕੀ ਰਸਦ ਜੋ ਸਾਡੇ ਹਿੱਸੇ ਬਣਦੀ ਹੈ, ਉਹ ਦੇ ਦਿਉ। ਉਸ ਨੇ ਇਹ ਵੀ ਇਜਾਜ਼ਤ ਦੇ ਦਿੱਤੀ। ਸਿੰਘਾਂ ਨੇ ਕਿਹਾ ਕਿ ਅਸੀਂ ਸਾਰਾ ਦਿਨ ਵਿਹਲੇ ਬੈਰਕ ਵਿਚ ਬੰਦ ਕੀ ਕਰਾਂਗੇ ?

www.AKJ.Org

ਸਾਨੂੰ ਨਿੱਤਨੇਮ ਕਰਨ ਵਾਸਤੇ ਗੁਰਬਾਣੀ ਦੇ ਗੁਟਕੇ, ਪੋਥੀਆਂ ਅਤੇ ਜੋੜੀ-ਵਾਜਾ, (ਤਬਲਾ, ਹਾਰਮੋਨੀਅਮ) ਤੇ ਖੜਤਾਲਾਂ ਦੀ ਆਗਿਆ ਦੇ ਦਿਉ। ਇਹ ਮੰਗ ਵੀ ਪਰਵਾਨ ਕਰ ਲਈ ਗਈ। ਅਸੀਂ ਜੇਲ੍ਹੋਂ ਬਾਹਰ ਦੇ ਸਿੰਘਾਂ ਕੋਲੋਂ ਸਰਬਲੋਹ ਦੇ ਬਰਤਨ ਤੇ ਕੀਰਤਨ ਵਾਸਤੇ ਸਾਜ਼, ਗੁਟਕੇ, ਪੋਥੀਆਂ ਮੰਗਵਾ ਲਏ। ਮਾਸਟਰ ਜਸਵੰਤ ਸਿੰਘ ਜੀ ਨੇ ਦੋ ਦਿਨ ਰੋਟੀ ਨਹੀਂ ਖਾਧੀ ਸੀ। ਉਹ ਛੋਟੀ ਕਿਰਪਾਨ ਮੰਗਦੇ ਸਨ। ਇਸ ਵਾਸਤੇ ਡਿਪਟੀ ਨੇ ਗਲੇ ਵਿਚ ਪਾਉਣ ਵਾਲੀਆਂ ਛੋਟੀਆਂ ਕਿਰਪਾਨਾਂ ਦੀ ਇਜਾਜ਼ਤ ਦੇ ਦਿੱਤੀ, ਜੋ ਅਸੀਂ ਬਾਹਰੋਂ ਸਿੰਘਾਂ ਕੋਲੋਂ ਮੰਗਵਾ ਲਈਆਂ। ਸੰਗਤਾਂ ਨੂੰ ਜਦੋਂ ਇਸ ਘਟਨਾ ਬਾਰੇ ਪਤਾ ਲੱਗ ਗਿਆ ਤਾਂ ਰੋਜ਼ ਹੀ ਕੋਈ ਨਾ ਕੋਈ ਮੁਲਾਕਾਤ ਵਾਸਤੇ ਆਉਂਦਾ ਰਹੇ ਤੇ ਨਾਲ ਹੀ ਸਿੰਘਾਂ ਵਾਸਤੇ ਸੁੱਕੀ ਰਸਦ, ਫਲ ਆਦਿ ਲੈ ਆਇਆ ਕਰੇ। ਸਿੰਘਾਂ ਨੇ ਲੋੜ ਅਨੁਸਾਰ ਆਪਣੇ ਲਈ ਰੱਖ ਕੇ ਬਾਕੀ ਜੇਲ੍ਹ ਵਿਚ ਹੀ ਕੈਦੀਆਂ ਤੇ ਕਰਮਚਾਰੀਆਂ ਨੂੰ ਵਰਤਾ ਦੇਣਾ। ਮੁਲਾਕਾਤ ਵਾਸਤੇ ਡਿਪਟੀ ਸੁਪਰਡੈਂਟ ਨੇ ਇਜਾਜ਼ਤ ਦਿੱਤੀ ਹੋਈ ਸੀ ਕਿ ਤੁਸੀਂ ਆਪਣੇ ਰਿਸ਼ਤੇਦਾਰਾਂ/ਮੁਲਾਕਾਤੀਆਂ ਨਾਲ ਮੇਰੇ ਦਫ਼ਤਰ ਵਿਚ ਬੈਠ ਕੇ ਗੱਲਬਾਤ ਕਰ ਸਕਦੇ ਹੋ। ਉਹ ਸਿੰਘਾਂ ਦਾ ਬਹੁਤ ਸਤਿਕਾਰ ਕਰਦਾ ਸੀ। ਸਾਡੇ ਸਾਰੇ ਸਿੰਘ ਭਾਈ ਫ਼ੌਜਾ ਸਿੰਘ ਨੂੰ 'ਜਥੇਦਾਰ ਸਾਹਿਬ' ਆਖ ਕੇ ਬੁਲਾਉਂਦੇ ਸਨ। ਇਸ ਤਰ੍ਹਾਂ ਜੇਲ੍ਹ ਵਿਚ ਜਥੇਬੰਦਕ ਤੌਰ 'ਤੇ ਸਾਡਾ ਚੰਗਾ ਪ੍ਰਭਾਵ ਤੇ ਦਬਦਬਾ ਬਣ ਗਿਆ। ਸਾਂਝੀ ਬੈਰਕ ਮਿਲਣ ਕਰਕੇ ਹੁਣ ਸਿੰਘਾਂ ਦਾ ਰੋਜ਼ਾਨਾ ਉੱਠਣ, ਬੈਠਣ, ਸੌਣ ਦਾ ਨੇਮ ਸ਼ੁਰੂ ਹੋ ਗਿਆ। ਸਤਿਗੁਰੂ ਦੀ ਕਿਰਪਾ ਸਦਕਾ ਸਿੰਘ ਅੰਮ੍ਰਿਤ ਵੇਲੇ ਇਕ-ਦੋ ਵਜੇ ਤਕ ਉਠ ਕੇ ਸਿਮਰਨ ਕਰਨ ਲੱਗ ਜਾਂਦੇ, ਸਿਮਰਨ ਕਰਦਿਆਂ ਹਲਕੀ ਜਿਹੀ ਕਸਰਤ ਕਰ ਕੇ ਬੈਰਕ ਦੇ ਲਾਗੇ ਇਕ ਚੁਬੱਚੇ, ਜਿਸ ਵਿਚ ਪਾਣੀ ਦੀ ਟੂਟੀ ਲੱਗੀ ਹੋਈ ਸੀ, ਵਿੱਚੋਂ ਜਲ ਲੈ ਕੇ ਇਸ਼ਨਾਨ ਕਰਦੇ। ਇਸ਼ਨਾਨ ਕਰ ਕੇ ਫਿਰ ਥੋੜ੍ਹਾ ਸਮਾਂ ਸਿਮਰਨ ਅਭਿਆਸ ਕਰ ਕੇ ਗੁਰਬਾਣੀ ਦਾ ਨਿੱਤਨੇਮ ਕਰਦੇ ਅਤੇ ਉਸ ਤੋਂ ਬਾਅਦ ਆਸਾ ਕੀ ਵਾਰ ਦਾ ਕੀਰਤਨ ਕਰਦੇ। ਕੀਰਤਨ ਕਰਨ ਵੇਲੇ ਜੋੜੀ ਭਾਈ ਜੱਸਾ ਸਿੰਘ ਤੇ ਭਾਈ ਫ਼ੌਜਾ ਸਿੰਘ ਜੀ ਵਜਾ ਲੈਂਦੇ ਅਤੇ ਵਾਜੇ ਨਾਲ ਕੀਰਤਨ, ਦਾਸ (ਲੇਖਕ), ਭਾਈ ਜੱਸਾ ਸਿੰਘ ਤੇ ਪਟਵਾਰੀ ਜੀ ਵੀ ਕਰ ਲੈਂਦੇ। ਇਸ ਤਰ੍ਹਾਂ ਦਿਨ ਚੜ੍ਹੇ ਤਕ ਨਾਮ ਬਾਣੀ ਦਾ ਲਾਹਾ ਲੈ ਕੇ ਫਿਰ ਸਾਰੇ ਰਲ ਕੇ ਲੰਗਰ ਤਿਆਰ ਕਰਦੇ ਤੇ ਛਕਦੇ। ਲੰਗਰ ਛਕ ਕੇ ਥੋੜ੍ਹਾ ਆਰਾਮ ਕਰਦੇ।

ਦਿਨੇ 'ਬੀ ਕਲਾਸ' ਦੇ ਅਹਾਤੇ ਦਾ ਮੁੱਖ ਦਰਵਾਜ਼ਾ ਖੁੱਲ੍ਹ ਜਾਂਦਾ ਸੀ। ਅਹਾਤੇ ਵਿਚ ਬਣੀਆਂ ਛੋਟੀਆਂ ਬੈਰਕਾਂ, ਜਿਨ੍ਹਾਂ ਵਿਚ ਇਕ ਜਾਂ ਦੋ ਕੈਦੀ ਹੁੰਦੇ ਸਨ, ਨੂੰ ਰਾਤ ਨੂੰ ਬੰਦ ਕਰ ਕੇ ਜਿੰਦਰੇ ਮਾਰ ਦਿੰਦੇ ਸਨ। ਪਰ ਸਾਡੀ ਬੈਰਕ ਰਾਤ ਨੂੰ ਖੁੱਲ੍ਹੀ ਰਹਿੰਦੀ ਸੀ ਕਿਉਂਕਿ ਅਸੀਂ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨਾ ਹੁੰਦਾ ਸੀ। ਦਿਨੇ ਜੇਲ੍ਹ ਵਿਚ ਅਸੀਂ ਖੁੱਲ੍ਹਾ ਘੁੰਮ ਲੈਂਦੇ ਸੀ ਜਾਂ ਆਏ ਗੁਰਸਿੱਖਾਂ, ਰਿਸ਼ਤੇਦਾਰਾਂ ਨਾਲ ਮੁਲਾਕਾਤਾਂ ਕਰਨ ਵਿਚ ਸਮਾਂ ਬਤੀਤ ਹੋ ਜਾਂਦਾ ਸੀ। ਸ਼ਾਮ ਨੂੰ ਬਾਲਣ ਵਾਲੀਆਂ ਲੱਕੜਾਂ ਵਿੱਚੋਂ ਅਸੀਂ ਡੰਡੇ ਕੱਢ ਲੈਂਦੇ ਜਾਂ ਪਿੱਪਲ ਦੇ ਦਰੱਖ਼ਤ ਦੀਆਂ ਟਾਹਣੀਆਂ ਤੋੜ ਕੇ ਗਤਕੇ ਦਾ ਅਭਿਆਸ ਕਰਦੇ। ਇਕ ਦਿਨ ਸਾਡੀ ਬੈਰਕ ਵਿਚ ਲਗਭਗ ਪੈਂਤੀ ਕੁ ਸਾਲ ਦਾ ਬਹੁਤ ਤਕੜਾ ਨੌਜਵਾਨ ਸਾਡੇ ਗਤਕੇ ਦੇ ਅਭਿਆਸ

www.AKJ.Org

ਕਰਨ ਵੇਲੇ ਆ ਗਿਆ। ਉਹ ਕਹਿੰਦਾ, ਮੈਨੂੰ ਕਈ ਕਤਲ ਕੇਸਾਂ ਵਿਚ ਉਮਰ ਕੈਦ ਹੋਈ ਹੈ। ਮੈਂ ਜਿਧਰ ਵੀ ਗਿਆ, ਕਿਸੇ ਨੂੰ ਚੂੰਅ ਨਹੀਂ ਕਰਨ ਦਿੱਤੀ। ਮੈਨੂੰ ਵੀ ਇਕ ਡੰਡਾ ਫੜਾਉ ਤੇ ਮੇਰੇ ਨਾਲ ਗਤਕਾ ਖੇਡੋ।

ਅਸਲ ਵਿਚ ਉਹ ਗਤਕਈ ਨਹੀਂ ਸੀ, ਕੇਵਲ ਤਾਕਤ ਦੇ ਜ਼ੋਰ ਨਾਲ ਜਟਕੀ ਡਾਂਗ ਹੀ ਚਲਾਉਣਾ ਜਾਣਦਾ ਸੀ। ਭਾਈ ਫ਼ੌਜਾ ਸਿੰਘ ਉਸ ਵੇਲੇ ਜੇਲ੍ਹ ਵਿਚ ਹੀ ਕਿਤੇ ਗਏ ਹੋਏ ਸਨ। ਉਸ ਨੌਜਵਾਨ ਦਾ ਵਾਹ ਭਾਈ ਰਘਬੀਰ ਸਿੰਘ ਜੀ ਪਟਵਾਰੀ ਨਾਲ ਪੈ ਗਿਆ। ਉਸ ਨੇ ਬੜੇ ਜ਼ੋਰ ਨਾਲ ਜਟਕੇ ਢੰਗ ਨਾਲ ਸੋਟੇ ਦੇ ਵਾਰ ਪਟਵਾਰੀ ਜੀ ਉੱਤੇ ਚਾਰ-ਪੰਜ ਵਾਰੀ ਕੀਤੇ। ਪਟਵਾਰੀ ਜੀ ਨੇ ਉਹਦੇ ਵਾਰ ਗਤਕਈ ਪੈਂਤੜੇ ਅਨੁਸਾਰ ਰੋਕ ਲਏ। ਫਿਰ ਪਟਵਾਰੀ ਜੀ ਨੂੰ ਰੋਹ ਚੜ੍ਹਿਆ ਅਤੇ ਉਨ੍ਹਾਂ ਨੇ ਜਿਸ ਵੇਲੇ ਚਾਰ-ਪੰਜ ਵਾਰੀ ਚੰਗਾ ਭੰਨਿਆ, ਉਹ ਵਾਰ ਰੋਕ ਨਾ ਸਕਿਆ ਅਤੇ ਉਹ ਹੱਥੋਪਾਈ ’ਤੇ ਆ ਗਿਆ ਤੇ ਉਸ ਨੇ ਪਟਵਾਰੀ ਜੀ ਨੂੰ ਜੱਫਾ ਮਾਰ ਲਿਆ। ਉਸ ਨੇ ਸਮਝਿਆ ਕਿ ਮੈਂ ਸਰੀਰਕ ਤਾਕਤ ਦੇ ਜ਼ੋਰ ਨਾਲ ਘੁੱਟ ਕੇ ਪਟਵਾਰੀ ਜੀ ਦੀ ਬੱਸ ਕਰਵਾ ਦਿਆਂਗਾ, ਪਰ ਪਟਵਾਰੀ ਜੀ ਨੇ ਉਸ ਨੂੰ ਐਸਾ ਘੁੱਟਿਆ ਕਿ ਉਹ ਹੱਥ ਜੋੜ ਗਿਆ ਤੇ ਕਹਿਣ ਲੱਗਾ ਕਿ ਮੈਨੂੰ ਅੱਜ ਪਤਾ ਲੱਗਾ ਹੈ ਕਿ ਗੁਰੂ ਦੇ ਸਿੰਘਾਂ ਵਿਚ ਕਿੰਨੀ ਤਾਕਤ ਹੈ। ਸ਼ਰਮਿੰਦਾ ਹੋ ਕੇ ਆਪਣੀ ਬੈਰਕ ਵਿਚ ਵਾਪਸ ਚਲਾ ਗਿਆ।

ਇਸੇ ਤਰ੍ਹਾਂ ਇਕ ਸਿੱਖ ਥਾਣੇਦਾਰ ਕਤਲ ਕੇਸ ਵਿਚ ਸਾਡੀ ਬੈਰਕ ਦੇ ਲਾਗੇ ਛੋਟੀ ਬੈਰਕ ਵਿਚ ਇਕੱਲਾ ਹੀ ਡੱਕਿਆ ਹੋਇਆ ਸੀ। ਉਹ ਅੰਮ੍ਰਿਤ ਵੇਲੇ ਉੱਠਣ-ਬੈਠਣ ਅਤੇ ਪਾਠ ਕਰਨ ’ਤੇ ਕਿੰਤੂ-ਪਰੰਤੂ ਕਰਦਾ ਸੀ ਤੇ ਵਿਰੁੱਧ ਵੀ ਬੋਲਦਾ ਸੀ। ਪਰ ਕੁਝ ਦਿਨਾਂ ਬਾਅਦ ਸਾਡੀ ਲਗਾਤਾਰ ਨਿੱਤ ਦੀ ਸਿੰਘ ਕਿਰਿਆ ਦੇਖ ਕੇ ਸਾਡੇ ਕੋਲ ਆਇਆ ਤੇ ਕਹਿੰਦਾ, ਮੈਨੂੰ ਖਿਮਾ ਕਰ ਦਿਉ। ਤੁਸੀਂ ਤਾਂ ਪੁਰਾਤਨ ਗੁਰਸਿੱਖ ਰੂਹਾਂ ਹੋ। ਮੈਂ ਤੁਹਾਨੂੰ ਆਪਣੇ ਵਾਂਗ ਸਮਝਦਾ ਸੀ ਕਿ ਇਹ ਸਾਰੇ ਮੇਰੇ ਵਾਂਗੂੰ ਹੀ ਕੋਈ ਕਾਰਾ ਕਰ ਕੇ ਆਏ ਹੋਣਗੇ। ਉਸ ਨੂੰ ਹੋਰਨਾਂ ਕੈਦੀਆਂ ਤੋਂ ਪਤਾ ਲੱਗ ਗਿਆ ਕਿ ਸਿੰਘ ਕਿਸ ਕਾਰਨ ਜੇਲ੍ਹ ਵਿਚ ਆਏ ਹਨ।

ਖੁੱਲ੍ਹੀਆਂ ਬੈਰਕਾਂ ਦੇ ਮੇਨ ਗੇਟ ਨੂੰ ਤਾਲਾ ਮਾਰ ਦਿੰਦੇ ਸਨ ਤੇ ਸਾਡੀ ਬੈਰਕ ’ਤੇ ਵੀ ਇਕ ਕੈਦੀ ਨੰਬਰਦਾਰ ਨੀਯਤ ਕੀਤਾ ਹੋਇਆ ਸੀ। ਅਸੀਂ ਸਵੇਰੇ ਜਦੋਂ ਚੁਬੱਚੇ ਵਿਚ ਇਸ਼ਨਾਨ ਕਰਨ ਜਾਣਾ ਤਾਂ ਉਹ ਬੀੜੀਆਂ ਸਿਗਰਟਾਂ ਪੀਂਦਾ ਹੁੰਦਾ ਸੀ, ਉਸ ਨੂੰ ਸਿੰਘਾਂ ਨੇ ਰੋਕਿਆ। ਉਹ ਅੱਗੋਂ ਬੋਲਿਆ, “ਮੈਂ ਬਥੇਰੀ ਕੈਦ ਕੱਟ ਲਈ ਹੈ ਤੇ ਹੋਰ ਕੱਟ ਲਵਾਂਗਾ, ਮੈਂ ਬੀੜੀਆਂ ਪੀਣ ਤੋਂ ਨਹੀਂ ਹਟਣਾ, ਤੁਸੀਂ ਮੇਰਾ ਕੀ ਕਰ ਲਵੋਗੇ ? ਮੈਂ ਤੁਹਾਨੂੰ ਦੇਖ ਲਵਾਂਗਾ।” ਭਾਈ ਫ਼ੌਜਾ ਸਿੰਘ ਨੇ ਉਸ ਨੂੰ ਚੰਗਾ ਦਬਕਾ ਮਾਰਿਆ। ਕੁਝ ਅਕਾਲੀ ਆਗੂ ਵੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਦੇਸ਼ ਵਿਚ ਲਗਾਈ ਐਮਰਜੈਂਸੀ ਕਾਰਨ ਜੇਲ੍ਹ ਵਿਚ ਨਜ਼ਰਬੰਦ ਸਨ, ਜੋ ਇਸੇ ‘ਬੀ ਕਲਾਸ’ ਅਹਾਤੇ ਵਿਚ ਵੱਖਰੀ ਬੈਰਕ ਵਿਚ ਸਨ, ਉਨ੍ਹਾਂ ਨੇ ਉਸ ਨੂੰ ਸਮਝਾਇਆ ਕਿ ਇਨ੍ਹਾਂ ਸਿੰਘਾਂ ਨਾਲ ਪੰਗਾ ਨਾ ਲਵੀਂ, ਬਹੁਤਾ ਔਖਾ ਹੋਵੇਂਗਾ। ਫਿਰ ਉਹ ਠਠੰਬਰ ਗਿਆ ਤੇ ਠੀਕ ਹੋ ਗਿਆ। ਜੇਲ੍ਹ ਵਿਚ ਇਸ ‘ਬੀ ਕਲਾਸ’ ਅਹਾਤੇ ਵਿਚ ਜੋ ਅਕਾਲੀ ਆਗੂ ਸਨ, ਉਨ੍ਹਾਂ ਵਿਚ ਜੀਵਨ ਸਿੰਘ ਉਮਰਾਨੰਗਲ, ਜਗਦੇਵ ਸਿੰਘ ਤਲਵੰਡੀ, ਉਜਾਗਰ ਸਿੰਘ

www.AKJ.Org

ਸੇਖਵਾਂ ਅਤੇ ਗੁਰਦਾਸਪੁਰ ਦੇ ਵਿਧਾਇਕ ਜੋਧ ਸਿੰਘ ਸਨ। ਇਹ ਸਾਰੇ ਆਗੂ ਕਦੇ-ਕਦਾਈਂ ਸਿੰਘਾਂ ਨਾਲ ਮੁਲਾਕਾਤ ਕਰਨ ਆਉਂਦੇ ਰਹਿੰਦੇ ਸਨ। ਜੀਵਨ ਸਿੰਘ ਉਮਰਾਨੰਗਲ ਭਾਈ ਫ਼ੌਜਾ ਸਿੰਘ ਹੁਰਾਂ ਦਾ ਬਹੁਤ ਸਤਿਕਾਰ ਕਰਦਾ ਸੀ। ਕਹਿੰਦੇ ਸਨ, "ਸਰਦਾਰ ਫ਼ੌਜਾ ਸਿੰਘ ਜੀ, ਜੇਕਰ ਅਸੀਂ ਤੁਹਾਥੋਂ ਪਹਿਲਾਂ ਬਾਹਰ ਚਲੇ ਗਏ ਤਾਂ ਤੁਹਾਡੇ ਬਾਹਰ ਆਉਣ 'ਤੇ ਅਸੀਂ ਤੁਹਾਨੂੰ ਬਹੁਤ ਸਤਿਕਾਰ ਅਤੇ ਸਨਮਾਨ ਨਾਲ ਜੇਲ੍ਹ ਤੋਂ ਲੈ ਕੇ ਜਾਵਾਂਗੇ।" ਉਹ ਅਕਸਰ ਧਾਰਮਿਕ ਇਤਿਹਾਸਕ ਕਿਤਾਬਾਂ ਅਤੇ ਗੁਰਬਾਣੀ ਦੀਆਂ ਸਟੀਕ-ਸੈਂਚੀਆਂ ਪੜ੍ਹਦੇ ਰਹਿੰਦੇ ਸਨ। ਇਕ ਵਾਰ ਉਨ੍ਹਾਂ ਕਿਸੇ ਕਿਤਾਬ ਦਾ ਜ਼ਿਕਰ ਭਾਈ ਸਾਹਿਬ ਕੋਲ ਕੀਤਾ, ਜੋ ਕਿ ਭਾਸ਼ਾ ਵਿਭਾਗ ਦੁਆਰਾ ਪ੍ਰਕਾਸ਼ਤ ਕੀਤੀ ਗਈ ਸੀ ਅਤੇ ਉਸ 'ਤੇ ਗਿਆਨੀ ਲਾਲ ਸਿੰਘ ਡਾਇਰੈਕਟਰ ਭਾਸ਼ਾ ਵਿਭਾਗ ਦੇ ਹਸਤਾਖ਼ਰ ਸਨ, ਉਸ ਵਿਚ ਸਿੱਖ ਗੁਰੂ ਸਾਹਿਬਾਨ ਬਾਰੇ ਅਤੇ ਸਿੱਖਾਂ ਬਾਰੇ ਬਹੁਤ ਅਪਮਾਨਜਨਕ ਸ਼ਬਦ ਲਿਖੇ ਹੋਏ ਸਨ। ਉਸ ਬਾਰੇ ਭਾਈ ਫ਼ੌਜਾ ਸਿੰਘ ਜੀ ਨੇ ਇਕ ਲੰਬੀ ਚਿੱਠੀ, ਉਸ ਵੇਲੇ ਦੇ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੂੰ ਕਿਤਾਬ ਦੇ ਲਿਖਾਰੀ ਵਿਰੁੱਧ ਕਾਰਵਾਈ ਕਰਨ ਲਈ ਲਿਖੀ ਸੀ, ਪਰ ਉਸ ਵੇਲੇ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸਾਰੇ ਦੇਸ਼ 'ਤੇ ਐਮਰਜੈਂਸੀ ਥੋਪੀ ਹੋਈ ਸੀ। ਇਸ ਲਈ ਪਤਾ ਨਹੀਂ, ਉਸ ਚਿੱਠੀ ਬਾਰੇ ਕੀ ਐਕਸ਼ਨ ਹੋਇਆ ਹੋਵੇਗਾ।

ਜਗਦੇਵ ਸਿੰਘ ਤਲਵੰਡੀ ਭਾਈ ਫ਼ੌਜਾ ਸਿੰਘ ਜੀ ਨੂੰ ਕਹਿਣ ਲੱਗਾ ਕਿ "ਅਸਲੀ ਮੋਰਚਾ ਤੁਹਾਡਾ ਹੈ ਕਿਉਂਕਿ ਤੁਸੀਂ ਪੁਰਾਤਨ ਸਿੰਘਾਂ ਵਾਂਗ ਗੁਰਧਾਮਾਂ ਦੀ ਖ਼ਾਤਰ ਮੋਰਚਾ ਲਾਇਆ ਹੈ। ਸਾਡੀ ਤਾਂ ਇਹ ਐਮਰਜੈਂਸੀ ਵਿਰੁੱਧ ਇਕ ਮੋਰਚੀ ਹੀ ਹੈ।" ਭਾਈ ਸਾਹਿਬ ਨੂੰ ਅਕਸਰ ਜਨਸੰਘੀ ਲੀਡਰ ਵੀ ਮਿਲਦੇ ਰਹਿੰਦੇ ਸਨ। ਕਿਉਂਕਿ ਉਹ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਮਾਮਲਿਆਂ ਬਾਰੇ ਬੜੀ ਦਲੀਲ ਤੇ ਸੁਚੱਜੇ ਢੰਗ ਨਾਲ ਗੱਲਬਾਤ ਕਰ ਕੇ ਦੂਜਿਆਂ 'ਤੇ ਆਪਣਾ ਜਾਦੂਮਈ ਪ੍ਰਭਾਵ ਛੱਡਦੇ ਸਨ। ਉਂਜ ਵੀ ਉਨ੍ਹਾਂ ਦਾ ਜੀਵਨ ਨਾਮ-ਸਿਮਰਨ ਅਤੇ ਗੁਰਸਿੱਖੀ ਰੰਗ ਵਿਚ ਰੰਗਿਆ ਹੋਇਆ ਸੀ ਅਤੇ ਚਿਹਰੇ 'ਤੇ ਵੀ ਜਲਾਲ ਹੁੰਦਾ ਸੀ। ਜੇਲ੍ਹਾਂ ਅੰਦਰ ਉਨ੍ਹਾਂ ਦੀ ਚੜ੍ਹਤ ਇੰਨੀ ਹੋ ਗਈ ਸੀ ਕਿ ਕਿਸੇ ਨੂੰ ਵੀ ਜੇਲ੍ਹ ਅੰਦਰ ਜੇਕਰ ਕੋਈ ਮੁਸ਼ਕਲ ਆਉਂਦੀ ਸੀ ਤਾਂ ਭਾਈ ਫ਼ੌਜਾ ਸਿੰਘ ਜੀ ਜੇਲ੍ਹ ਅਫ਼ਸਰਾਂ/ਅਧਿਕਾਰੀਆਂ ਨੂੰ ਕਹਿ ਕੇ ਹੱਲ ਕਰਵਾ ਦਿੰਦੇ ਸਨ।

ਜੇਲ੍ਹ ਦੀ ਇਸ ਸਾਡੀ ਬੈਰਕ ਵਿਚ ਗਿਆਰਾਂ ਵਿੱਚੋਂ ਹੇਠ ਲਿਖੇ ਸੱਤ ਸਿੰਘ ਅਖੰਡ ਕੀਰਤਨੀ ਜਥੇ ਦੇ ਤੇ ਬਾਕੀ ਚਾਰ ਹੋਰ ਪ੍ਰੇਮੀ ਸਿੱਖ ਸਨ :

1. ਭਾਈ ਫ਼ੌਜਾ ਸਿੰਘ ਜੀ (ਸ਼ਹੀਦ 1978, ਨਕਲੀ ਨਿਰੰਕਾਰੀ ਕਾਂਡ)
2. ਮਾਸਟਰ ਜਸਵੰਤ ਸਿੰਘ ਜੀ, ਬੀ.ਏ.,ਬੀ.ਟੀ. (ਰਾਮਗੜ੍ਹੀਆ ਹਾਇਰ ਸੈਕੰਡਰੀ ਸਕੂਲ)
3. ਭਾਈ ਰਘਬੀਰ ਸਿੰਘ ਜੀ ਪਟਵਾਰੀ
4. ਭਾਈ ਧਰਮਬੀਰ ਸਿੰਘ ਜੀ (ਸ਼ਹੀਦ 1978, ਨਕਲੀ ਨਿਰੰਕਾਰੀ ਕਾਂਡ)
5. ਭਾਈ ਜਸਵੰਤ ਸਿੰਘ ਜੀ (ਭਾਈ ਜੱਸਾ ਸਿੰਘ ਜੀ)
6. ਦਾਸ (ਗੁਰਦਿਆਲ ਸਿੰਘ)
7. ਭਾਈ ਜਗਮੋਹਨ ਸਿੰਘ ਜੀ

www.AKJ.Org

8. ਭਾਈ ਬਚਿੱਤਰ ਸਿੰਘ ਜੀ (ਇਹ ਇਕ ਅੰਮ੍ਰਿਤਧਾਰੀ ਸਿੰਘ ਆਜ਼ਾਦ ਸੁਭਾਅ ਦਾ, ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਰਹਿੰਦਾ ਹੈ ਅਤੇ ਤਿੰਨ ਪਹਿਰੇ ਦੇ ਇਸ਼ਨਾਨ ਦੀ ਸੇਵਾ ਅਤੇ ਨਗਰ ਕੀਰਤਨਾਂ ਵਿਚ ਰੱਥ 'ਤੇ ਬੈਠ ਕੇ ਪ੍ਰਸ਼ਾਦ ਵੰਡਣ ਦੀ ਸੇਵਾ ਕਰਦਾ ਹੈ।)
9. ਸਰਦਾਰ ਸੁਰਿੰਦਰ ਸਿੰਘ ਜੀ (ਇਹ ਨੌਜਵਾਨ ਪੁਲਿਸ ਦੀ ਨੌਕਰੀ ਛੱਡ ਕੇ ਆਇਆ ਹੋਇਆ ਸੀ ਅਤੇ ਦਾੜ੍ਹੀ ਕੱਟਿਆ ਹੋਇਆ ਸੀ, ਪਰ ਸਿੰਘਾਂ ਵਿਚ ਆਉਣ ਕਰਕੇ ਸਿੱਖੀ ਵੱਲ ਪ੍ਰੇਰਿਤ ਹੋ ਗਿਆ ਸੀ। ਸਿੰਘਾਂ ਨੂੰ ਨਾਮ-ਬਾਣੀ ਅਤੇ ਕੀਰਤਨ ਵਿਚ ਜੁੜੇ ਹੋਏ ਵੇਖ ਕੇ ਵੈਰਾਗ ਵਿਚ ਆ ਜਾਂਦਾ ਸੀ ਅਤੇ ਕਹਿੰਦਾ ਸੀ ਕਿ ਮੈਂ ਕਿਹੋ ਜਿਹਾ ਮੰਦ-ਕਰਮੀ ਹਾਂ। ਇਹ ਸਿੰਘ ਕਿੰਨੇ ਚੰਗੇ ਗੁਰਸਿੱਖ ਹਨ, ਜੋ ਮੈਨੂੰ ਫਿਰ ਵੀ ਪਿਆਰ ਕਰਦੇ ਹਨ, ਇਸ ਬਾਰੇ ਪਤਾ ਨਹੀਂ ਕਿ ਇਹ ਬਾਹਰ ਆ ਕੇ ਸਿੰਘ ਬਣਿਆ ਕਿ ਨਹੀਂ।)
10. ਭਾਈ ਹਰਭਜਨ ਸਿੰਘ ਜੀ (ਇਹ ਨੌਜਵਾਨ ਪਹਿਲਾਂ ਹੀ ਸਾਬਤ ਸੂਰਤ ਸੀ, ਜੇਲ੍ਹ ਤੋਂ ਬਾਹਰ ਆ ਕੇ ਅੰਮ੍ਰਿਤਧਾਰੀ ਸਿੰਘ ਬਣ ਗਿਆ ਸੀ।)
11. ਭਾਈ ਮਹੰਤੀ (ਅਸਲ ਨਾਂ ਯਾਦ ਨਹੀਂ, ਇਹ ਛੋਟੀ ਉਮਰ ਦਾ ਸਿੱਖ ਨੌਜਵਾਨ ਸੀ ਅਤੇ ਕਿਸੇ ਦੁਕਾਨ 'ਤੇ ਹਲਵਾਈ ਦਾ ਕੰਮ ਕਰਦਾ ਸੀ। ਬਾਹਰ ਆ ਕੇ ਇਹ ਵੀ ਅੰਮ੍ਰਿਤਧਾਰੀ ਸਿੰਘ ਬਣ ਗਿਆ ਸੀ।)

ਇਕ ਵਾਰੀ ਅਸੀਂ ਜੇਲ੍ਹ ਵਿੱਚੋਂ ਹੀ ਕਚਹਿਰੀ ਵਿਚ ਤਰੀਕ ਭੁਗਤਣ ਆਏ ਸਾਂ। ਜਦੋਂ ਬਾਹਰੋਂ ਸੰਗਤਾਂ ਅਤੇ ਸਿੰਘ ਆ ਕੇ ਮਿਲੇ ਤਾਂ ਸਿੰਘਾਂ ਨੇ ਜੈਕਾਰੇ ਗਜਾ ਦਿੱਤੇ ਅਤੇ ਖ਼ੁਸ਼ੀਆਂ ਨਾਲ ਗਲਵਕੜੀਆਂ ਪਾ ਕੇ ਮਿਲੇ। ਦੂਜੇ ਪਾਸੇ ਉਸੇ ਸ਼ਰਾਰਤੀ ਟੋਲੇ ਦੇ ਬੰਦਿਆਂ ਦੇ ਵੀ ਭੈਣ-ਭਰਾ ਅਤੇ ਰਿਸ਼ਤੇਦਾਰ ਆਏ ਹੋਏ ਸਨ, ਜਿਨ੍ਹਾਂ ਨੇ ਸਾਡੇ ਨਾਲ ਟਕਰਾਅ ਕੀਤਾ ਸੀ। ਸ਼ਰਾਰਤੀ ਟੋਲੇ ਦੇ ਸਾਰੇ ਬੰਦੇ ਆਪੋ-ਆਪਣੇ ਘਰਦਿਆਂ ਦੇ ਗਲੇ ਲੱਗ ਕੇ ਭੁੱਬਾਂ ਮਾਰ ਕੇ ਉੱਚੀ-ਉੱਚੀ ਰੋਣ ਲੱਗੇ, "ਸਾਨੂੰ ਜੇਲ੍ਹ ਵਿੱਚੋਂ ਜਲਦੀ ਬਾਹਰ ਕਢਵਾਓ।" ਅਖੰਡ ਕੀਰਤਨੀ ਜਥੇ ਦੇ ਸਤਿਕਾਰਯੋਗ ਬਾਊ ਮੱਲ ਸਿੰਘ ਜੀ ਕਚਹਿਰੀ ਵਿਚ ਮਿਲਣ ਆਏ ਤਾਂ ਪੁਲਿਸ ਵਾਲੇ ਬਾਊ ਜੀ ਅਤੇ ਸਿੰਘਾਂ ਵਿਚਕਾਰ ਖੜੇ ਹੋ ਗਏ ਅਤੇ ਕਹਿਣ ਲੱਗੇ ਕਿ ਇਸ ਤਰ੍ਹਾਂ ਹੀ ਦੂਰੋਂ ਗੱਲਬਾਤ ਕਰ ਲਵੋ ਪਰ ਭਾਈ ਫ਼ੌਜਾ ਸਿੰਘ ਜੀ ਨੇ ਉਨ੍ਹਾਂ ਪੁਲਸੀਆਂ ਨੂੰ ਆਪਣੇ ਜ਼ੋਰ ਨਾਲ ਲਾਂਭੇ ਕਰ ਦਿੱਤਾ ਤੇ ਉਨ੍ਹਾਂ ਨੂੰ ਕਹਿਣ ਲੱਗੇ ਕਿ ਤੁਸੀਂ ਕੌਣ ਹੁੰਦੇ ਹੋ ਸਾਨੂੰ ਰੋਕਣ ਵਾਲੇ। ਸਾਡਾ ਬ੍ਰਹਮਗਿਆਨੀ ਗੁਰਸਿੱਖ ਬਾਪ ਆਇਆ ਹੈ। ਅਸੀਂ ਉਨ੍ਹਾਂ ਨੂੰ ਸਤਿਕਾਰ ਨਾਲ ਮਿਲਾਂਗੇ। ਫਿਰ ਭਾਈ ਸਾਹਿਬ ਜੀ ਨੇ ਬਾਊ ਜੀ ਨੂੰ ਝੁਕ ਕੇ ਨਮਸਕਾਰ ਕੀਤੀ। ਬਾਊ ਜੀ ਨੇ ਭਾਈ ਫ਼ੌਜਾ ਸਿੰਘ ਜੀ ਨੂੰ ਗਲਵਕੜੀ ਵਿਚ ਲੈ ਲਿਆ ਅਤੇ ਖ਼ੁਸ਼ ਹੋ ਕੇ ਤਿੰਨ ਵਾਰੀ ਅਸੀਸ ਦਾ ਬਚਨ ਕੀਤਾ ਕਿ "ਫ਼ੌਜਾ ਸਿੰਘ, ਤੁਸੀਂ ਬਹੁਤ ਵਧੀਆ ਕਾਰਨਾਮਾ ਕੀਤਾ ਹੈ। ਤੇਰੇ ਸਾਰੇ ਗੁਨਾਹ ਮੁਆਫ਼, ਤੈਨੂੰ ਗੁਰੂ ਨਾਨਕ ਦੇ ਘਰੋਂ ਵੀ ਮੁਆਫ਼ੀ।" ਭਾਈ ਸਾਹਿਬ ਜੀ ਇਹ ਬਚਨ ਸੁਣ ਕੇ ਵੈਰਾਗ ਵਿਚ ਆ ਗਏ ਤੇ ਕਹਿਣ ਲੱਗੇ, "ਸਿੰਘੋ, ਤੁਸੀਂ ਮੈਨੂੰ ਪੂਰਾ ਸਾਥ ਦਿੱਤਾ ਹੈ। ਤੁਹਾਡੇ ਵੀ ਸਾਰੇ ਗੁਨਾਹ ਮੁਆਫ਼ ਹੋਣਗੇ।"

www.AKJ.Org

ਇਸ ਤਰ੍ਹਾਂ ਅਸੀਂ ਲਗਭਗ ਸਵਾ ਕੁ ਮਹੀਨਾ ਜੇਲ੍ਹ ਅੰਦਰ ਰਹੇ। ਦੀਵਾਲੀ ਅਸੀਂ ਅੰਦਰ ਹੀ ਮਨਾਈ। ਨਵੰਬਰ ਦੇ ਮਹੀਨੇ ਵਿਚ ਸਾਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ। ਗੁਰਸਿੱਖਾਂ ਨੇ ਜ਼ਮਾਨਤਾਂ ਕਰਾ ਦਿੱਤੀਆਂ ਸਨ।

ਜੇਲ੍ਹ ਅੰਦਰ ਰਹਿਣ ਦੌਰਾਨ ਗਿਆਨੀ ਹਜ਼ਾਰਾ ਸਿੰਘ ਗੁਰਦਾਸਪੁਰ ਵਾਲੇ (ਰਿਟਾਇਰਡ ਡੀ.ਐੱਸ.ਪੀ.) ਨੇ ਸੁਨੇਹਾ ਭੇਜਿਆ ਕਿ "ਸਿੰਘੋ ! ਤੁਹਾਨੂੰ ਜੇਲ੍ਹ ਤੋਂ ਤਾਂ ਹੀ ਬਾਹਰ ਕੱਢਣਾ ਹੈ ਜੇਕਰ ਤੁਸੀਂ ਸੁਖਮਨੀ ਸਾਹਿਬ ਤੇ ਸ੍ਰੀ ਆਸਾ ਕੀ ਵਾਰ ਜ਼ੁਬਾਨੀ ਕੰਠ ਕਰੋਗੇ।" ਸੁਖਮਨੀ ਸਾਹਿਬ ਦੀ ਬਾਣੀ ਤਾਂ ਸਿਵਾਏ ਮਾਸਟਰ ਜਸਵੰਤ ਸਿੰਘ ਦੇ ਹੋਰ ਕਿਸੇ ਨੂੰ ਕੰਠ ਨਹੀਂ ਹੋਈ, ਪਰ ਸ੍ਰੀ ਆਸਾ ਕੀ ਵਾਰ ਦਾ ਰੋਜ਼ਾਨਾ ਕੀਰਤਨ ਕਰਨ ਕਰਕੇ ਅਤੇ ਮਾਸਟਰ ਜਸਵੰਤ ਸਿੰਘ ਜੀ ਦੀ ਗੁਰਬਾਣੀ ਪ੍ਰਤੀ ਅਗਵਾਈ ਨਾਲ ਦਾਸ (ਲਿਖਾਰੀ) ਨੂੰ ਪੂਰੀ ਕੰਠ ਹੋ ਗਈ ਸੀ।

ਜੇਲ੍ਹ 'ਚੋਂ ਬਾਹਰ ਆਉਣ ਸਮੇਂ ਜਥੇ ਦੇ ਸਿੰਘ ਅਤੇ ਭਾਈ ਵਾਹਿਗੁਰੂ ਸਿੰਘ ਜੀ (ਗੁਰੂ ਕੇ ਮਹਿਲ ਵਾਲੇ) ਸਿੰਘਾਂ ਨੂੰ ਸਤਿਕਾਰ ਨਾਲ ਲੈਣ ਵਾਸਤੇ ਆਏ ਸਨ। ਜੇਲ੍ਹ ਵਿੱਚੋਂ ਬਾਹਰ ਆਉਂਦਿਆਂ ਸਭ ਤੋਂ ਪਹਿਲਾਂ ਸਾਰੇ ਸਿੰਘ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਗਏ। ਉਥੇ ਸਰਦਾਰ ਤੇਜਾ ਸਿੰਘ ਸਮੁੰਦਰੀ ਹਾਲ ਕੋਲ ਪਹੁੰਚਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਗਿਆਨੀ ਮਹਿੰਦਰ ਸਿੰਘ ਹਾਰ ਲੈ ਕੇ ਸਾਡਾ ਸਨਮਾਨ ਕਰਨ ਆਏ ਹੋਏ ਸਨ। ਭਾਈ ਫ਼ੌਜਾ ਸਿੰਘ ਜੀ ਨੇ ਉਹ ਹਾਰ ਲੈਣ ਤੋਂ ਨਾਂਹ ਕਰ ਦਿੱਤੀ ਕਿਉਂਕਿ ਜਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਨੂੰ ਇਸ ਘਟਨਾ ਬਾਰੇ ਦੱਸਿਆ ਗਿਆ ਸੀ ਤਾਂ ਉਨ੍ਹਾਂ ਕਿਹਾ ਸੀ ਕਿ, "ਸਾਨੂੰ ਕਿਹੜਾ ਪੁੱਛ ਕੇ ਸਿੰਘ ਗਏ ਹਨ।" ਜਦ ਕਿ ਗੁਰਧਾਮਾਂ ਦੀ ਰੱਖਿਆ ਕਰਨ ਦਾ ਫ਼ਰਜ਼ ਇਨ੍ਹਾਂ ਦਾ ਬਣਦਾ ਸੀ। ਸਾਨੂੰ ਬਾਅਦ ਵਿਚ ਪਤਾ ਲੱਗਾ ਸੀ ਕਿ ਕਾਂਗਰਸ ਦੇ ਕੁਝ ਸਥਾਨਕ ਆਗੂਆਂ ਨੇ (ਜਿਨ੍ਹਾਂ ਵਿਚ ਪ੍ਰਿਥੀਪਾਲ ਸਿੰਘ ਉਸਾਹਨ ਅਤੇ ਜੈਇੰਦਰ ਸਿੰਘ ਦਾ ਨਾਂ ਆਉਂਦਾ ਸੀ) ਸ਼ਰਾਰਤੀ ਟੋਲੇ ਦੇ ਕੁਝ ਬੰਦੇ ਛੁਡਵਾ ਲਏ ਸਨ ਤੇ ਕਈ ਬੇਗੁਨਾਹ ਬੰਦੇ ਪੁਲਿਸ ਦੀ ਗ੍ਰਿਫ਼ਤ ਵਿਚ ਆ ਗਏ ਸਨ ਅਤੇ ਇਹੀ ਸਿਆਸੀ ਆਗੂ ਸ਼ਰਾਰਤੀਆਂ ਦੀ ਮਦਦ ਕਰ ਰਹੇ ਸਨ।

ਜੇਲ੍ਹ ਤੋਂ ਬਾਹਰ ਆਉਣ 'ਤੇ ਸਿੰਘਾਂ ਵਿੱਚੋਂ ਜਿਹੜੇ-ਜਿਹੜੇ ਸਰਕਾਰੀ ਮੁਲਾਜ਼ਮ ਸਨ, ਉਨ੍ਹਾਂ ਨੂੰ ਮਹਿਕਮਿਆਂ ਨੇ ਮੁਅੱਤਲ ਕਰ ਦਿੱਤਾ, ਜਿਨ੍ਹਾਂ ਵਿਚ ਦਾਸ ਗੁਰਦਿਆਲ ਸਿੰਘ (ਬਿਜਲੀ ਮਹਿਕਮਾ), ਭਾਈ ਫ਼ੌਜਾ ਸਿੰਘ ਜੀ (ਖੇਤੀਬਾੜੀ ਮਹਿਕਮਾ), ਭਾਈ ਰਘਬੀਰ ਸਿੰਘ ਪਟਵਾਰੀ ਜੀ (ਪਟਵਾਰ ਮਹਿਕਮਾ) ਅਤੇ ਮਾਸਟਰ ਜਸਵੰਤ ਸਿੰਘ ਜੀ (ਰਾਮਗੜ੍ਹੀਆ ਹਾਇਰ ਸੈਕੰਡਰੀ ਸਕੂਲ) ਸ਼ਾਮਲ ਸਨ। ਇਸ ਮੁਅੱਤਲੀ ਸਮੇਂ ਦੌਰਾਨ ਬਾਕੀਆਂ ਨੂੰ ਤਾਂ ਅੱਧੀ ਤਨਖ਼ਾਹ ਗੁਜ਼ਾਰੇ-ਭੱਤੇ ਵਜੋਂ ਮਿਲਦੀ ਰਹੀ ਪਰ ਮਾਸਟਰ ਜੀ ਨੂੰ ਕੁਝ ਵੀ ਨਹੀਂ ਮਿਲਿਆ। ਲਗਭਗ 21 ਮਹੀਨੇ ਬਾਅਦ ਇਸ ਕੇਸ ਵਿੱਚੋਂ ਬਰੀ ਹੋ ਜਾਣ 'ਤੇ ਜੁਲਾਈ 1977 ਵਿਚ ਸਾਨੂੰ ਨੌਕਰੀਆਂ 'ਤੇ ਮੁੜ ਬਹਾਲ ਕੀਤਾ ਗਿਆ ਅਤੇ ਸਾਡੀ ਬਣਦੀ ਕਮਾਈ ਛੁੱਟੀ ਕੱਢ ਕੇ ਸਾਡਾ ਸਰਵਿਸ ਸਮਾਂ ਰੈਗੂਲਰ ਕਰ ਦਿੱਤਾ ਗਿਆ।

www.AKJ.Org

## ਸਿੱਧੀ ਗੱਲ ਮੂੰਹ 'ਤੇ ਕਹਿਣ ਵਾਲੇ

ਇਸ ਘਟਨਾ ਤੋਂ ਬਾਅਦ ਭਾਈ ਸਾਹਿਬ ਜੀ ਪੰਥਕ ਹਲਕਿਆਂ ਵਿਚ ਕਾਫ਼ੀ ਪ੍ਰਸਿੱਧ ਹੋ ਗਏ ਅਤੇ ਉਨ੍ਹਾਂ ਦਾ ਬਹੁਤ ਸਤਿਕਾਰ ਹੋਣ ਲੱਗ ਪਿਆ। ਭਾਈ ਸਾਹਿਬ ਜੀ ਦੀ ਜੇਲ੍ਹ ਰਿਹਾਈ ਤੋਂ ਬਾਅਦ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਨੇਤਾਵਾਂ ਵੱਲੋਂ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਕਾਨਫ਼ਰੰਸ ਕੀਤੀ ਗਈ, ਜਿਸ ਵਿਚ ਭਾਈ ਸਾਹਿਬ ਜੀ ਨੂੰ ਉਨ੍ਹਾਂ ਦੀਆਂ ਸੇਵਾਵਾਂ ਕਰਕੇ ਸਿਰੋਪੇ ਦੀ ਬਖ਼ਸ਼ਿਸ਼ ਕੀਤੀ ਗਈ। ਜਦੋਂ ਭਾਈ ਸਾਹਿਬ ਜੀ ਸਿਰੋਪਾ ਲੈਣ ਸਟੇਜ 'ਤੇ ਗਏ ਤਾਂ ਉਨ੍ਹਾਂ ਨੇ ਬੜਾ ਜ਼ਬਰਦਸਤ ਭਾਸ਼ਣ ਦਿੱਤਾ। ਉਨ੍ਹਾਂ ਉਥੇ ਅਕਾਲੀ ਨੇਤਾਵਾਂ ਦੀ ਬੜੀ ਤਿੱਖੀ ਆਲੋਚਨਾ ਉਨ੍ਹਾਂ ਦੇ ਮੂੰਹ ਉੱਤੇ ਬੜੇ ਨਿਰਭੈ ਅਤੇ ਨਿਧੜਕ ਹੋ ਕੇ ਕੀਤੀ। ਉਨ੍ਹਾਂ ਨੇ ਅਕਾਲੀਆਂ ਨੂੰ ਕਿਹਾ ਕਿ ਉਨ੍ਹਾਂ ਨੂੰ ਸ਼ਰਮ ਨਾਲ ਡੁੱਬ ਕੇ ਮਰ ਜਾਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਦੇ ਰਾਜ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰਧਾਮਾਂ ਦੀ ਗੁਰੂ ਘਰ ਦੇ ਦੋਖੀਆਂ ਵੱਲੋਂ ਬੇਅਦਬੀ ਕੀਤੀ ਜਾਂਦੀ ਹੈ, ਜਿਸ ਦੀ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਨੂੰ ਭਾਰੀ ਕੀਮਤ ਚੁਕਾਉਣੀ ਪਵੇਗੀ।

(**ਇਸ ਤੋਂ ਅਗਲੇ ਬਿਰਤਾਂਤ ਪੁਸਤਕ *ਕੁਰਬਾਨੀ* ਵਿਚ ਵੱਖ-ਵੱਖ ਗੁਰਸਿੱਖਾਂ ਵੱਲੋਂ ਵਰਣਨ ਕੀਤੇ ਤਜਰਬਿਆਂ 'ਤੇ ਆਧਾਰਿਤ ਹਨ।**)

## ਖ਼ਾਲਸਾ ਫ਼ਾਰਮ ਦੀ ਸਥਾਪਤੀ ਤੇ ਪਿੰਡਾਂ ਵਿਚ ਗੁਰਮਤਿ ਪ੍ਰਚਾਰ

ਉਪਰੋਕਤ ਵਾਪਰੀਆਂ ਘਟਨਾਵਾਂ ਨੇ ਭਾਈ ਸਾਹਿਬ ਨੂੰ ਬਹੁਤ ਚਿੰਤਾਤੁਰ ਤੇ ਗੰਭੀਰ ਕਰ ਦਿੱਤਾ। ਉਹ ਕਹਿੰਦੇ ਸਨ ਕਿ ਸਿੱਖ ਕੌਮ ਨੂੰ ਕੀ ਹੋ ਗਿਆ ਹੈ, ਜਿਹੜੀ ਕਿ ਆਪਣੇ ਗੁਰੂ ਤੇ ਗੁਰਧਾਮਾਂ ਦੀ ਬੇਅਦਬੀ ਅਤੇ ਬੀਬੀਆਂ/ਬੱਚੀਆਂ ਦੀ ਬੇਪਤੀ ਵੀ ਨਹੀਂ ਰੋਕ ਸਕਦੀ। ਉਨ੍ਹਾਂ ਦਾ ਵਿਚਾਰ ਸੀ ਕਿ ਇਕੱਲਾ ਗੁਰਮਤਿ ਪ੍ਰਚਾਰ ਹੀ ਨਹੀਂ ਬਲਕਿ ਖ਼ੂਨ ਨਾਲ ਸਿੰਞੇ ਤੋਂ ਬਗ਼ੈਰ ਸਿੱਖ ਕੌਮ ਦੀ ਚੜ੍ਹਦੀ ਕਲਾ ਨਹੀਂ ਹੋ ਸਕਦੀ। ਸ਼ਹਿਰਾਂ ਵਿਚ ਰਹਿੰਦੇ, ਸੁੱਖ ਆਰਾਮ, ਐਸ਼-ਪ੍ਰਸਤੀ ਵਿਚ ਗ਼ਲਤਾਨ ਸਿੱਖਾਂ, ਖ਼ਾਸ ਕਰਕੇ ਵਪਾਰੀ ਵਰਗ ਤੋਂ ਉਪਰੋਕਤ ਘਟਨਾਵਾਂ ਵਿਚ ਸਹਿਯੋਗ ਨਾ ਮਿਲਣ ਕਰਕੇ ਉਨ੍ਹਾਂ ਆਪਣਾ ਰੁਖ਼ ਪਿੰਡਾਂ ਵਿਚ ਗੁਰਮਤਿ ਪ੍ਰਚਾਰ ਵੱਲ ਕੀਤਾ, ਕਿਉਂਕਿ ਉਨ੍ਹਾਂ ਦਾ ਬਚਪਨ ਪਿੰਡਾਂ ਵਿਚ ਬੀਤਿਆ ਹੋਣ ਕਰਕੇ ਉਨ੍ਹਾਂ ਨੂੰ ਪਤਾ ਸੀ ਕਿ ਪਿੰਡਾਂ ਵਿੱਚੋਂ ਹੀ ਦੇਸ਼ ਕੌਮ ਲਈ ਆਪਾ ਵਾਰਨ ਵਾਲੇ ਸੂਰਬੀਰ ਯੋਧੇ ਤਿਆਰ ਕੀਤੇ ਜਾ ਸਕਦੇ ਹਨ।

ਇਕ ਵਾਰ ਉਹ ਵੈਰਾਗ ਦੀ ਅਵਸਥਾ ਵਿਚ ਆ ਕੇ ਸ੍ਰੀ ਅੰਮ੍ਰਿਤਸਰ ਤੋਂ ਮਾਛੀਵਾੜੇ ਦੇ ਨਜ਼ਦੀਕ ਸਤਲੁਜ ਦਰਿਆ ਦੇ ਕਿਨਾਰੇ ਇਕਾਂਤ ਵਿਚ ਭਾਈ ਦਰਸ਼ਨ ਸਿੰਘ ਤੇ ਭਾਈ ਹਰਦਿਆਲ ਸਿੰਘ ਦੇ ਖੇਤਾਂ ਵਿਚ ਬਣੇ ਡੇਰੇ 'ਤੇ ਸਿਮਰਨ-ਭਜਨ ਕਰਨ ਲਈ ਚਲੇ ਗਏ। ਸਿੰਘ ਇਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਸਨ। ਕਾਫ਼ੀ ਸਮਾਂ ਉਥੇ ਰਹਿਣ ਤੋਂ ਬਾਅਦ ਵਾਪਸ ਆਉਣ ਲੱਗੇ ਤਾਂ ਸਿੰਘ ਵਾਪਸ ਨਾ ਆਉਣ ਦੇਣ ਤੇ ਉਥੇ ਹੀ ਚਾਰ ਕਿੱਲੇ ਜ਼ਮੀਨ ਦੇਣ ਨੂੰ ਤਿਆਰ ਸਨ। ਜਦੋਂ ਇਹ ਗੱਲ ਬੀਬੀ

www.AKJ.Org

ਅਮਰਜੀਤ ਕੌਰ ਜੀ ਤਕ ਪਹੁੰਚੀ ਤਾਂ ਉਨ੍ਹਾਂ ਨੇ ਯਾਦ ਕਰਵਾਇਆ ਕਿ ਆਪਣੇ ਪਿੰਡ ਭਰਾਵਾਂ ਦੀ ਜ਼ਮੀਨੀ ਵੰਡ ਵਿਚ ਆਈ ਜੱਦੀ ਜ਼ਮੀਨ ਰਾਵੀ ਦਰਿਆ ਦੇ ਪਾਰ ਮੰਡ ਵਿਚ ਹੈ, ਉਥੇ ਕਿਉਂ ਨਹੀਂ ਫ਼ਾਰਮ ਬਣਾ ਕੇ ਇਕਾਂਤ ਵਿਚ ਹੱਥੀਂ ਆਪਣੀ ਖੇਤੀ ਦੀ ਕਿਰਤ ਕਰਨ ਤੇ ਇਕਾਂਤ ਵਿਚ ਭਜਨ/ਸਿਮਰਨ ਲਈ ਗੁਫ਼ਾ ਬਣਾ ਲੈਂਦੇ। ਇਹ ਵਿਉਂਤ ਉਨ੍ਹਾਂ ਨੂੰ ਜਚ ਗਈ। ਇਸ ਤਰ੍ਹਾਂ ਖ਼ਾਲਸਾ ਫ਼ਾਰਮ ਦੀ ਸਥਾਪਤੀ ਹੋਈ। ਸਭ ਤੋਂ ਪਹਿਲਾਂ 2 ਕਮਰੇ ਬਣਾ ਕੇ ਥੋੜ੍ਹੀ ਰਿਹਾਇਸ਼, ਲੰਗਰ ਲਈ ਤੇ ਸਿਰ ਢਕਣ ਦਾ ਵਸੀਲਾ ਬਣਾ ਲਿਆ ਤੇ ਇਕ ਕਮਰੇ ਵਿਚ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਕਰ ਲਿਆ। ਇਹ ਜਗ੍ਹਾ ਰਾਵੀ ਦਰਿਆ ਦੇ ਕੰਢੇ ਬਹੁਤ ਰਮਣੀਕ ਤੇ ਇਕਾਂਤਮਈ ਵਾਤਾਵਰਣ ਵਿਚ ਸੀ। ਹੌਲੀ ਹੌਲੀ ਮੁੱਢਲੀਆਂ ਸਹੂਲਤਾਂ ਦਾ ਪ੍ਰਬੰਧ ਕਰਨ ਤੋਂ ਬਾਅਦ ਸਿੰਘਾਂ ਨੂੰ ਬੁਲਾ ਕੇ 15 ਦਿਨ ਜਾਂ ਇਕ ਮਹੀਨੇ ਦਾ ਕੈਂਪ ਲਾਉਣਾ ਸ਼ੁਰੂ ਕਰ ਦਿੱਤਾ। ਭਾਈ ਸਾਹਿਬ ਜੀ ਦੇ ਦੱਸਣ ਮੁਤਾਬਕ ਛੋਟੇ ਘੱਲੂਘਾਰੇ ਵੇਲੇ ਦਾ ਇਹ ਸ਼ਹੀਦ ਸਿੰਘਾਂ ਦਾ ਸਥਾਨ ਸੀ, ਜਿਸ ਦਾ ਕਈ ਸਿੰਘਾਂ ਨੂੰ ਇਥੇ ਸ਼ਹੀਦੀ ਪਹਿਰੇ ਦਾ ਅਨੁਭਵ ਵੀ ਹੋਇਆ ਕਰਦਾ ਸੀ।

ਕੈਂਪ ਦੌਰਾਨ ਸਾਰੇ ਸਿੰਘ ਤਕਰੀਬਨ ਦੋ ਵਜੇ ਉੱਠ ਕੇ ਜੰਗਲ-ਪਾਣੀ, ਇਸ਼ਨਾਨ ਦੀ ਕਿਰਿਆ ਤੋਂ ਬਾਅਦ ਨਾਮ ਅਭਿਆਸ ਵਿਚ ਜੁੱਟ ਕੇ ਸੰਗਤੀ ਤੌਰ ’ਤੇ ਅੰਮ੍ਰਿਤ ਵੇਲੇ ਦੀ ਸੰਭਾਲ ਕਰਿਆ ਕਰਦੇ ਸਨ। ਲੋੜ ਅਨੁਸਾਰ ਸੰਗਤਾਂ ਵਾਸਤੇ ਟੈਂਟ ਜਾਂ ਘਾਹ-ਫੂਸ ਦੀਆਂ ਛੰਨਾਂ (ਝੌਂਪੜੀਆਂ) ਬਣਾ ਲਈਆਂ ਜਾਂਦੀਆਂ ਸਨ। ਭਾਈ ਸਾਹਿਬ ਬੁਲੰਦ ਆਵਾਜ਼ ਵਿਚ ਖੰਡਾ ਖੜਕਾਇਆ (ਨਾਮ ਜਪਿਆ) ਕਰਦੇ ਸਨ।

ਨਾਮ ਅਭਿਆਸ ਤੋਂ ਬਾਅਦ ਨਿਤਨੇਮ, ਕੀਰਤਨ ਸ੍ਰੀ ਆਸਾ ਕੀ ਵਾਰ ਦਾ ਹੋਇਆ ਕਰਦਾ ਸੀ। ਫਿਰ ਗਤਕਾ ਅਭਿਆਸ ਆਦਿ ਸਾਰਾ ਦਿਨ ਚੱਲਦਾ ਰਹਿੰਦਾ ਸੀ। ਮਾਸਟਰ ਨਿਰੰਜਨ ਸਿੰਘ ਗੁਰਦਾਸਪੁਰ ਜੋ ਆਮ ਤੌਰ ’ਤੇ ਇਨ੍ਹਾਂ ਕੈਂਪਾਂ ਵਿਚ ਸ਼ਾਮਲ ਹੁੰਦੇ ਰਹਿੰਦੇ ਸਨ, ਮੁਤਾਬਕ ਇਕ ਵਾਰੀ ਅੰਮ੍ਰਿਤ ਵੇਲੇ ਨਾਮ ਅਭਿਆਸ ਬੜੀ ਚੜ੍ਹਦੀ ਕਲਾ ਵਿਚ ਹੋ ਰਿਹਾ ਸੀ, ਸਾਰੇ ਸਿੰਘ ਨਾਮ-ਰਸ ਦੇ ਛਾਂਦੇ ਭੁੰਚ ਰਹੇ ਸਨ ਤੇ ਸ੍ਰੀ ਗੁਰਦੇਵ ਜੀ ਨਾਲ ਵਿਸਮਾਦ ਵਿਚ ਸਨ, ਇਕ ਸਿੰਘ ਨੇ ਨਿਤਨੇਮ ਆਰੰਭ ਕੀਤਾ। ਜਦੋਂ ਅਨੰਦੁ ਸਾਹਿਬ ਜੀ ਦੇ ਪਾਠ ਦੀ ਵਾਰੀ ਆਈ ਤਾਂ ਭਾਈ ਸਾਹਿਬ ਜੀ ਨੇ ਚਮਤਕਾਰੀ ਉੱਚੀ ਆਵਾਜ਼ ਤੇ ਬੈਰਾਗ ਅਵਸਥਾ ਵਿਚ ਪਾਠ ਆਰੰਭ ਕੀਤਾ। ਉਸ ਸਮੇਂ ਇਤਨਾ ਅਨੰਦ ਬਣਿਆ ਕਿ ਕੋਈ ਵੀ ਸਿੰਘ ਅਜਿਹਾ ਨਹੀਂ ਸੀ ਜੋ ਕਿ ਪੂਰੇ ਜੋਸ਼ ਵਿਚ ਨਾਮ ਨਾ ਜਪ ਰਿਹਾ ਹੋਵੇ। ਭਾਈ ਸਾਹਿਬ ਜੀ ਕਿਸੇ ਉੱਚ ਅਵਸਥਾ ਵਿਚ ਸਨ ਤੇ ਕਈ ਘੰਟੇ ਲੰਘ ਗਏ। ਸਭ ਪਾਸੇ ਅਨੰਦ ਹੀ ਅਨੰਦ ਬਣ ਗਿਆ ਸੀ। ਇਹੋ ਜਿਹੇ ਚੜ੍ਹਦੀ ਕਲਾ ਵਾਲੇ ਗੁਰਸਿੱਖਾਂ ਦੀ ਸੰਗਤ ਵਿਚ ਬੈਠਣਾ ਵੀ ਗੁਰੂ ਸਾਹਿਬ ਜੀ ਦੀ ਅਪਾਰ ਬਖ਼ਸ਼ਿਸ਼ ਹੁੰਦੀ ਹੈ।

ਭਾਈ ਸਾਹਿਬ ਜੀ ਸਰੀਰਕ ਤੌਰ ’ਤੇ ਰਿਸ਼ਟ-ਪੁਸ਼ਟ ਸਨ। ਉਹ ਰੋਜ਼ ਕਸਰਤ ਕਰਦੇ ਸਨ ਤੇ ਹੋਰ ਨੌਜਵਾਨਾਂ ਨੂੰ ਵੀ ਸਖ਼ਤ ਕਸਰਤ ਕਰ ਕੇ ਸਰੀਰ ਨੂੰ ਨਰੋਆ ਰੱਖਣ ਲਈ ਪ੍ਰੇਰਨਾ ਦਿੰਦੇ ਸਨ। ਉਨ੍ਹਾਂ ਦਾ ਸਰੀਰਕ ਬਲ ਮਜ਼ਬੂਤ ਹੋਣ ਕਾਰਨ ਥਕਾਵਟ ਤਾਂ ਉਨ੍ਹਾਂ ਦੇ ਨੇੜੇ ਹੀ ਨਹੀਂ ਆਉਂਦੀ ਸੀ। ਉਨ੍ਹਾਂ ਦੇ ਬਚਨ ਸੁਣ ਕੇ ਡਰਪੋਕ

www.AKJ.Org

ਆਦਮੀ ਵੀ ਸ਼ੇਰ (ਬਹਾਦਰ) ਬਣ ਜਾਂਦਾ ਸੀ। ਉਨ੍ਹਾਂ ਵਿਚ ਸਹਿਨਸ਼ੀਲਤਾ ਬਹੁਤ ਸੀ, ਪਰ ਗੁਰੂ ਸਾਹਿਬ ਜਾਂ ਕਿਸੇ ਸਿੰਘ ਦੀ ਬੇਅਦਬੀ/ਬੇਇੱਜ਼ਤੀ ਸਹਾਰਨਾ ਉਨ੍ਹਾਂ ਦੇ ਬਰਦਾਸ਼ਤ ਦੇ ਮਾਦੇ ਤੋਂ ਬਾਹਰ ਸੀ।

ਉਹ ਹਰ ਰੋਜ਼ ਕਈ ਕਈ ਘੰਟੇ ਦਰੱਖ਼ਤਾਂ/ਕਾਹੀ ਆਦਿ ਨੂੰ ਕਹੀ ਜਾਂ ਹੋਰ ਸੰਦਾਂ ਨਾਲ ਜੜ੍ਹੋਂ ਪੁੱਟਦੇ ਰਹਿੰਦੇ ਤੇ ਫ਼ਾਰਮ ਦੇ ਆਲੇ-ਦੁਆਲੇ ਵਾੜ ਲਾਉਣ ਤੇ ਹੋਰ ਕੰਮ ਕਰਦੇ ਰਹਿੰਦੇ ਸਨ। ਗਰਮੀ ਜ਼ਿਆਦਾ ਹੋਣ ਕਾਰਨ ਉਨ੍ਹਾਂ ਦੇ ਸਿਰ ’ਤੇ ਦਸਤਾਰ ਅਤੇ ਤੇੜ ਕਛਹਿਰਾ ਹੀ ਹੁੰਦਾ। ਗਰਮੀ ਕਰਕੇ ਉਨ੍ਹਾਂ ਦੇ ਸਰੀਰ ਦਾ ਰੰਗ ਵੀ ਬਦਲ ਜਾਂਦਾ ਪਰ ਉਹ ਕੋਈ ਪਰਵਾਹ ਕੀਤੇ ਬਿਨਾਂ ਆਪਣਾ ਕੰਮ ਕਰਦੇ ਰਹਿੰਦੇ। ਸ਼ਾਮ ਨੂੰ ਬਾਕੀ ਸਿੰਘਾਂ ਨਾਲ ਪਿੰਡਾਂ ਵਿਚ ਗੁਰਮਤਿ ਪ੍ਰਚਾਰ ਲਈ ਜਾਂਦੇ ਸਨ।

ਉਨ੍ਹਾਂ ਨੇ ਇਲਾਕੇ ਦੇ ਸਿੰਘ ਦੀ ਇਕ ਟ੍ਰੈਕਟਰ-ਟਰਾਲੀ ਦਾ ਪ੍ਰਬੰਧ ਕੀਤਾ ਹੋਇਆ ਸੀ, ਜਿਸ ਉਪਰ ਕੀਰਤਨ ਲਈ ਸਾਜ਼ ਤੇ ਦੇਗ ਲਈ ਜ਼ਰੂਰੀ ਬਰਤਨ ਆਦਿ ਤੋਂ ਬਿਨਾਂ ਬੀਬੀਆਂ, ਬੱਚੇ ਤੇ ਕੀਰਤਨੀ ਸਿੰਘ ਕੀਰਤਨ ਦੀਆਂ ਅਗੰਮੀ ਧੁਨੀਆਂ ਗਜਾਉਂਦੇ ਸਫ਼ਰ ਕਰਦੇ ਸਨ। ਸਿੰਘ ਤਾਂ ਪੈਦਲ ਹੀ ਚੱਲ ਪੈਂਦੇ। ਹਰ ਸ਼ਾਮ ਨੂੰ ਪਹਿਲਾਂ ਮਿੱਥੇ ਪ੍ਰੋਗਰਾਮ ਅਨੁਸਾਰ ਕਿਸੇ ਇਕ ਪਿੰਡ ਦੇ ਗੁਰਦੁਆਰੇ ਪਹੁੰਚ ਜਾਂਦੇ, ਜਿਥੇ ਉਸ ਪਿੰਡ ਤੇ ਆਲੇ-ਦੁਆਲੇ ਦੇ ਪਿੰਡਾਂ ਦੀ ਸੰਗਤ ਪਹੁੰਚੀ ਹੁੰਦੀ ਸੀ। ਸੋਦਰੁ ਦੇ ਪਾਠ ਤੋਂ ਬਾਅਦ ਰਾਤ ਨੂੰ ਦੋ ਘੰਟੇ ਕੀਰਤਨ ਤੋਂ ਬਾਅਦ ਭਾਈ ਸਾਹਿਬ ਬੜੇ ਪ੍ਰਭਾਵਸ਼ਾਲੀ, ਸਿੱਧੇ-ਸਾਦੇ ਲਫ਼ਜ਼ਾਂ ਵਿਚ ਗੁਰਮਤਿ ਰਹਿਤ-ਬਹਿਤ ਬਾਰੇ ਦੱਸ ਕੇ ਸੰਗਤਾਂ ਨੂੰ ਅੰਮ੍ਰਿਤ ਛਕ ਕੇ ਰਹਿਤ-ਬਹਿਤ ਦੇ ਧਾਰਨੀ ਹੋ ਕੇ ਗੁਰਮਤਿ ਮਾਰਗ ’ਤੇ ਚੱਲਣ ਦੀ ਪ੍ਰੇਰਨਾ ਦਿੰਦੇ। ਸਿੰਘਾਂ ਦੀ ਇਸ ਵਹੀਰ ਦੇ ਪ੍ਰਚਾਰ ਸਦਕਾ ਇਲਾਕੇ ਵਿਚ ਗੁਰਮਤਿ ਦੀ ਲਹਿਰ ਚੱਲ ਪਈ ਤੇ ਸੈਂਕੜੇ ਨੌਜਵਾਨ ਆਪਣੇ ਪਰਿਵਾਰਾਂ ਸਮੇਤ ਗੁਰੂ ਦੇ ਲੜ ਲੱਗ ਕੇ ਜੀਵਨ ਸਫਲ ਕਰਨ ਲੱਗ ਪਏ।

ਇਸ ਗੁਰਮਤਿ ਪ੍ਰਚਾਰ ਤੋਂ ਖ਼ਫ਼ਾ ਹੋ ਕੇ ਨਿਰੰਜਨ ਸਿੰਘ ਡੀ.ਸੀ., ਜੋ ਕਿ ਖ਼ੁਦ ਇਕ ਨਕਲੀ ਨਿਰੰਕਾਰੀ ਸੀ, ਨੇ ਇਨ੍ਹਾਂ ਪਿੱਛੇ ਸੀ.ਆਈ.ਡੀ. ਦੀ ਟੀਮ ਲਗਾ ਦਿੱਤੀ। ਇਹ ਟੀਮ ਇਸ ਡੀ.ਸੀ. ਵੱਲੋਂ ਜਾਣ-ਬੁੱਝ ਕੇ ਪ੍ਰਚਾਰ ਬੰਦ ਕਰਾ ਕੇ ਫ਼ਸਾਦ ਕਰਾਉਣ ਲਈ ਭੇਜੀ ਸੀ। ਇਕ ਪਿੰਡ ਵਿਚ ਸ਼ਾਮ ਦੇ ਪ੍ਰੋਗਰਾਮ ਵੇਲੇ ਉਹ ਭਾਈ ਸਾਹਿਬ ਜੀ ਨੂੰ ਪੁੱਛ-ਗਿੱਛ ਲਈ ਇਕ ਡਾਕਟਰ ਦੀ ਇਮਾਰਤ ਵਿਚ ਲੈ ਗਏ ਤੇ ਕਹਿਣ ਲੱਗੇ ਕਿ ਪਿੰਡ ਵਿਚ ਪ੍ਰਚਾਰ ਦੀ ਕਿਸ ਕੋਲੋਂ ਇਜਾਜ਼ਤ ਲਈ ਹੈ। ਭਾਈ ਸਾਹਿਬ ਜੀ ਨੇ ਜੁਆਬ ਦਿੱਤਾ ਕਿ ਸਿੱਖੀ ਦੇ ਮਿਸ਼ਨ ’ਤੇ ਕੰਮ ਕਰਨ ਲਈ ਸਾਨੂੰ ਕਿਸੇ ਇਜਾਜ਼ਤ ਦੀ ਲੋੜ ਨਹੀਂ। ਸੀ.ਆਈ.ਡੀ. ਦੀ ਟੀਮ ਉਨ੍ਹਾਂ ਦੇ ਤੇਜ਼ ਅਤੇ ਤਿੱਖੇ ਸੁਆਲਾਂ ਅਤੇ ਸਿੱਖੀ ਪ੍ਰਤੀ ਜੋਸ਼ ਨੂੰ ਦੇਖ ਕੇ ਚੁੱਪ ਹੋਣ ਲਈ ਮਜਬੂਰ ਹੋ ਗਈ ਅਤੇ ਮੁਆਫ਼ੀ ਮੰਗ ਕੇ ਪੱਤਰਾ ਵਾਚ ਗਈ। ਇਸ ਪ੍ਰਚਾਰ ਨਾਲ ਸਿੱਖ ਨੌਜਵਾਨ ਬਹੁਤ ਪ੍ਰਭਾਵਤ ਹੁੰਦੇ ਸਨ। ਟਰਾਲੀ ਉੱਤੇ ਸਫ਼ਰ ਕਰਨ ਵੇਲੇ ਵੀ ਸਿੰਘ ਸਿੰਘਣੀਆਂ ਨੂੰ ਕੀਰਤਨ ਕਰਦੇ ਦੇਖ ਕੇ ਅਤੇ ਉਨ੍ਹਾਂ ਦੇ ਬਾਣੇ/ਰਹਿਤ-ਬਹਿਤ ਦੇ ਅਮਲੀ ਜੀਵਨ ਕਰਕੇ ਪਿੰਡ ਵਾਸੀਆਂ ਉੱਤੇ ਇਕ ਅਦਭੁੱਤ ਪ੍ਰਭਾਵ ਪੈਂਦਾ। ਕਈ ਉਨ੍ਹਾਂ ਨਾਲ ਤੁਰ ਪੈਂਦੇ ਤੇ ਕਾਫ਼ਲਾ ਇਕ ਵੱਡੇ ਜਲੂਸ ਦਾ ਰੂਪ ਧਾਰਨ ਕਰ ਲੈਂਦਾ। ਮਾਸਟਰ ਨਿਰੰਜਨ ਸਿੰਘ

www.AKJ.Org

ਜੀ ਗੁਰਦਾਸਪੁਰ, ਭਾਈ ਹਜ਼ਾਰਾ ਸਿੰਘ ਜੀ ਡੀ.ਐਸ.ਪੀ., ਪ੍ਰਿੰਸੀਪਲ ਗੁਰਮੁਖ ਸਿੰਘ ਜੀ ਪਟਿਆਲਾ, ਭਾਈ ਗੋਪਾਲ ਸਿੰਘ ਜੀ ਬਟਾਲਾ ਤੇ ਹੋਰ ਕਈ ਗੁਰਮੁਖ ਛੁੱਟੀਆਂ ਲੈ ਕੇ ਇਸ ਕਾਫ਼ਲੇ ਦਾ ਹਿੱਸਾ ਬਣਦੇ।

ਇਸ ਸਮੇਂ ਇਕ ਹਿੰਦੂ ਔਰਤ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ। ਪੁੱਛਗਿੱਛ ਦੌਰਾਨ ਪੁਲਿਸ ਅਫ਼ਸਰ ਉਸ ਨਾਲ ਜ਼ਿਆਦਤੀ ਕਰਨ ਲੱਗੇ। ਉਸ ਦਾ ਪਤੀ ਪਤਨੀ ਦੇ ਸਰੀਰਕ ਸ਼ੋਸ਼ਣ ਨੂੰ ਬੰਦ ਕਰਨ ਤੋਂ ਅਸਮਰੱਥ ਰਹਿਣ ’ਤੇ ਜੱਜ ਅੱਗੇ ਪੇਸ਼ ਹੋਇਆ ਤਾਂ ਕਿ ਪਤਨੀ ਨੂੰ ਦਰਿੰਦਿਆਂ ਦੇ ਚੁੰਗਲ ਵਿੱਚੋਂ ਛੁਡਵਾਇਆ ਜਾ ਸਕੇ ਤੇ ਪੁਲਿਸ ਵਿਰੁੱਧ ਰਸਮੀ ਸ਼ਿਕਾਇਤ ਵੀ ਦਰਜ ਕਰਵਾਈ, ਪਰ ਕੋਈ ਹੱਲ ਨਾ ਨਿਕਲਣ ’ਤੇ ਉਸ ਨੇ ਆਪਣੇ ਭਾਈਚਾਰੇ ਦੇ ਆਗੂਆਂ, ਜਿਨ੍ਹਾਂ ਵਿਚ ਪੰਡਤ, ਮੌਲਵੀ ਤੇ ਆਪਣੇ ਇਲਾਕੇ ਦੇ ਸਿਆਸੀ ਆਗੂ ਸ਼ਾਮਲ ਸਨ, ਤਾਈਂ ਪਹੁੰਚ ਕੀਤੀ, ਪਰ ਕੋਈ ਵੀ ਦੋਸ਼ੀਆਂ ਨੂੰ ਚੁਣੌਤੀ ਨਹੀਂ ਦੇਣਾ ਚਾਹੁੰਦਾ ਸੀ, ਸਾਰੇ ਉਨ੍ਹਾਂ ਕੋਲੋਂ ਡਰਦੇ ਸਨ। ਕੋਈ ਚਾਰਾ ਨਾ ਹੁੰਦਿਆਂ ਵੇਖ ਉਸ ਨੇ ਸਿੰਘਾਂ ਕੋਲ ਪਹੁੰਚਣ ਦਾ ਫ਼ੈਸਲਾ ਕੀਤਾ।

ਕਈ ਲੋਕਾਂ ਨੇ ਉਸ ਨੂੰ ਭਾਈ ਫ਼ੌਜਾ ਸਿੰਘ ਜੀ ਬਾਰੇ ਦੱਸਿਆ। ਭਾਈ ਸਾਹਿਬ ਜੀ ਨਿਡਰ ਰਵੱਈਏ ਦੇ ਹੋਣ ਕਰਕੇ ਸਾਰੇ ਇਲਾਕੇ ਵਿਚ ਜਾਣੇ ਜਾਂਦੇ ਸਨ। ਉਹ ਪੀੜਤ ਭਾਈ ਸਾਹਿਬ ਜੀ ਕੋਲ ਖ਼ਾਲਸਾ ਫ਼ਾਰਮ ’ਤੇ ਪਹੁੰਚ ਗਿਆ। ਗੱਲ ਸੁਣਨ ਸਾਰ ਹੀ ਭਾਈ ਸਾਹਿਬ ਜੀ ਹੋਰ ਸਿੰਘਾਂ ਨੂੰ ਲੈ ਕੇ ਸਿੱਧੇ ਪੁਲਿਸ ਸਟੇਸ਼ਨ ਪਹੁੰਚ ਗਏ ਅਤੇ ਔਰਤ ਦੀ ਤਰਸਯੋਗ ਹਾਲਤ ਦੇਖ ਕੇ ਉਸ ਦੀ ਰਿਹਾਈ ਨੂੰ ਯਕੀਨੀ ਬਣਾਇਆ। ਦੋਸ਼ੀ ਅਫ਼ਸਰਾਂ ਨੂੰ ਵੀ ਸਖ਼ਤ ਸਜ਼ਾਵਾਂ ਦਿਵਾਈਆਂ ਅਤੇ ਅਪਰਾਧੀ ਗਰਦਾਨ ਕੇ ਜੇਲ੍ਹ ਵਿਚ ਭਿਜਵਾਇਆ। ਭਾਈ ਸਾਹਿਬ ਜੀ ਦਾ ਇਹ ਕਰਮ ਸਿੱਖ ਕੌਮ ਦੇ ਪੁਰਾਤਨ ਇਤਿਹਾਸ ਨੂੰ ਯਾਦ ਕਰਾਉਂਦਾ ਹੈ, ਜਦੋਂ ਸਿੰਘ ਮੁਗ਼ਲਾਂ ਖ਼ਿਲਾਫ਼ ਖ਼ਤਰਨਾਕ ਤੇ ਦਲੇਰ ਮਿਸ਼ਨਾਂ ’ਤੇ ਜਾ ਕੇ ਗ਼ੁਲਾਮ ਬਣਾਈਆਂ ਗਈਆਂ ਹਿੰਦੂ ਔਰਤਾਂ ਨੂੰ ਜਰਵਾਣਿਆਂ ਤੋਂ ਛੁਡਾ ਕੇ ਲਿਆਉਂਦੇ ਹੁੰਦੇ ਸਨ।

ਇਕ ਵਾਰ ਭਾਈ ਸਾਹਿਬ ਜੀ ਸਿੰਘਣੀ ਅਤੇ ਇਕ-ਦੋ ਹੋਰ ਸਿੰਘਾਂ ਨਾਲ ਫ਼ਾਰਮ ਵੱਲ ਜਾ ਰਹੇ ਸੀ। ਰਸਤੇ ਵਿਚ ਪੈਂਦੇ ਦਰਿਆ ਨੂੰ ਕਿਸ਼ਤੀ ਰਾਹੀਂ ਪਾਰ ਕਰਨਾ ਪੈਂਦਾ ਸੀ। ਜਿਸ ਕਿਸ਼ਤੀ ਵਿਚ ਭਾਈ ਸਾਹਿਬ ਜੀ ਸਵਾਰ ਹੋਏ ਸਨ, ਉਸ ਵਿਚ ਮੇਜਰ ਸਮੇਤ ਕੁਝ ਫ਼ੌਜੀ ਵੀ ਬੈਠੇ ਸਨ। ਮੇਜਰ ਨੇ ਸਿਗਰਟ ਬਾਲ ਲਈ। ਲੱਗਦਾ ਸੀ ਕਿ ਸ਼ਾਇਦ ਉਸ ਨੇ ਸਿੰਘਾਂ ਦਾ ਗੁਰਮੁਖੀ ਬਾਣਾ ਦੇਖ ਕੇ ਜਾਣ-ਬੁੱਝ ਕੇ ਅਜਿਹਾ ਕੀਤਾ ਸੀ। ਭਾਈ ਸਾਹਿਬ ਜੀ ਨੇ ਹਲੀਮੀ ਨਾਲ ਸਿਗਰਟ ਬੰਦ ਕਰਨ ਲਈ ਕਿਹਾ, ਪਰ ਉਸ ਨੇ ਭਾਈ ਸਾਹਿਬ ਜੀ ਦੀ ਗੱਲ ਸੁਣੀ ਅਣਸੁਣੀ ਕਰ ਕੇ ਹੋਰ ਵੱਡੇ ਕਸ਼ ਲੈਣੇ ਸ਼ੁਰੂ ਕਰ ਦਿੱਤੇ। ਦੁਬਾਰਾ ਕਹਿਣ ’ਤੇ ਵੀ ਉਸ ਨੇ ਇਸ ਗੱਲ ਦਾ ਨੋਟਿਸ ਨਾ ਲਿਆ। ਭਾਈ ਸਾਹਿਬ ਜੀ ਨੇ ਖੰਡੇ ’ਤੇ ਹੱਥ ਰੱਖਿਆ ਤੇ ਗਰਜ ਕੇ ਸਿਗਰਟ ਬੰਦ ਕਰਨ ਲਈ ਕਿਹਾ, ਜਿਸ ਤੋਂ ਬੀਬੀ ਜੀ ਅਤੇ ਸਾਥੀ ਸਿੰਘ ਘਬਰਾ ਗਏ ਕਿ ਹੁਣ ਭਾਣਾ ਵਰਤਣ ਲੱਗਾ ਹੈ। ਭਾਈ ਸਾਹਿਬ ਜੀ ਨੇ ਮੇਜਰ ਨੂੰ ਕਿਹਾ ਕਿ ਉਹ ਉਸ ਦੀ ਗੱਲ ਦਾ ਮਜ਼ਾਕ ਉਡਾ ਰਿਹਾ ਹੈ। ਤੂੰ ਆਪਣੇ ਆਪ ਨੂੰ ਜੋ ਸਮਝਦਾ ਹੈਂ, ਜੋ ਉਹ ਹੈਂ; ਤਾਂ ਅਗਰ ਹੁਣ ਸਿਗਰਟ ਨਾ ਬੁਝਾਈ ਤਾਂ ਮੈਂ ਹੁਣੇ ਤੇਰੇ ਟੁਕੜੇ ਕਰ ਦਿਆਂਗਾ। ਇਹ ਸੁਣਦਿਆਂ

www.AKJ.Org

ਸਾਰ ਹੀ ਮੇਜਰ ਨੇ ਸਿਗਰਟ ਪਾਣੀ ਵਿਚ ਸੁੱਟ ਦਿੱਤੀ ਅਤੇ ਭਾਈ ਸਾਹਿਬ ਜੀ ਨੂੰ ਮੁਆਫ਼ ਕਰਨ ਲਈ ਕਿਹਾ। ਭਾਈ ਸਾਹਿਬ ਜੀ ਦੀ ਸ਼ਖ਼ਸੀਅਤ ਮਹਾਨ ਨਿਮਰ ਸੰਤ ਤੇ ਬੇਖ਼ੌਫ਼ ਸਿਪਾਹੀ ਦਾ ਸੁਮੇਲ ਸੀ। ਉਹ ਗੁਰਸਿੱਖਾਂ, ਪੰਥ, ਕੌਮ ਤੇ ਧਾਰਮਿਕ ਅਸੂਲਾਂ ਦੀ ਪਾਲਣਾ ਲਈ ਹਮੇਸ਼ਾਂ ਜਾਨ ਵਾਰਨ ਨੂੰ ਤਿਆਰ ਰਹਿੰਦੇ ਸਨ। ਉਹ ਚਾਹੁੰਦੇ ਸਨ ਕਿ ਕਿਸੇ ਮਸਲੇ ਵਿਚ ਉਲਝੇ ਬਿਨਾਂ ਰੱਬ ਦਾ ਨਾਮ ਲੈਣ, ਪਰ ਗੁਰੂ ਸਾਹਿਬ ਜੀ ਪ੍ਰਤੀ ਨਿਰਾਦਰ ਦੀਆਂ ਘਟਨਾਵਾਂ ਅਤੇ ਪੰਥ ਵਿਚ ਆ ਰਹੀ ਗਿਰਾਵਟ ਨੇ ਉਨ੍ਹਾਂ ਨੂੰ ਸ਼ਮਸ਼ੀਰ ਨੂੰ ਹੱਥ ਪਾਉਣ ਲਈ ਮਜਬੂਰ ਕੀਤਾ।

## ਰੰਗਲੇ ਸੱਜਣ ਡਾ. ਸੁਰਿੰਦਰ ਸਿੰਘ ਜੀ ਅਤੇ ਭਾਈ ਫ਼ੌਜਾ ਸਿੰਘ ਜੀ

ਇਕ ਵਾਰ ਖ਼ਾਲਸਾ ਫ਼ਾਰਮ 'ਤੇ ਸ੍ਰੀ ਅਖੰਡ ਪਾਠ ਸਮਾਗਮ ਹੋਇਆ ਅਤੇ ਉਸ ਵਿਚ ਰੰਗਲੇ ਸੱਜਣ ਡਾਕਟਰ ਸੁਰਿੰਦਰ ਸਿੰਘ ਜੀ ਅਤੇ ਹੋਰ ਗੁਰਸਿੱਖ ਸ਼ਾਮਲ ਹੋਏ। ਬਹੁਤ ਸਮਾਂ ਡਾਕਟਰ ਸਾਹਿਬ ਜੀ ਹਜ਼ੂਰੀ ਵਿਚ ਬੈਠੇ ਪਾਠ ਸੁਣਦੇ ਰਹੇ। ਇਕ ਸਮੇਂ ਡਾਕਟਰ ਸਾਹਿਬ ਹਜ਼ੂਰੀ ਤੋਂ ਬਾਹਰ ਆਏ ਅਤੇ ਭਾਈ ਸਾਹਿਬ ਜੀ ਉਨ੍ਹਾਂ ਦੇ ਪਿੱਛੇ ਆ ਗਏ ਤੇ ਲੰਗਰ-ਪਾਣੀ ਛਕਣ ਲਈ ਬੇਨਤੀ ਕੀਤੀ। ਡਾਕਟਰ ਸਾਹਿਬ ਜੀ ਨੇ ਕਿਹਾ ਕਿ ਮੈਂ ਥੋੜ੍ਹੀ ਦੇਰ ਬਾਹਰ ਜਾ ਰਿਹਾ ਹਾਂ ਤੇ ਅੱਧੇ ਘੰਟੇ ਵਿਚ ਵਾਪਸ ਆ ਜਾਵਾਂਗਾ।

ਲੁਧਿਆਣਾ ਵਿਚ ਭਾਈ ਗੁਰਦੀਪ ਸਿੰਘ ਜੀ ਨਾਂ ਦਾ ਇਕ ਸਿੰਘ ਰਹਿੰਦਾ ਸੀ ਤੇ ਹਾਲ ਹੀ ਵਿਚ ਉਸ ਦਾ ਪੁੱਤਰ ਚੜ੍ਹਾਈ ਕਰ ਗਿਆ ਸੀ। ਉਹ ਡਾਕਟਰ ਸਾਹਿਬ ਜੀ ਦਾ ਨਜ਼ਦੀਕੀ ਤੇ ਪ੍ਰੇਮੀ ਸੀ ਅਤੇ ਨਿਰਾਸ਼ ਹਾਲਤ ਵਿਚ ਸੀ। ਡਾਕਟਰ ਸਾਹਿਬ ਜੀ ਉਸ ਦੀ ਮਾਨਸਿਕ ਅਵਸਥਾ ਮਹਿਸੂਸ ਕਰ ਕੇ ਉਸ ਕੋਲ ਰੂਹਾਨੀ ਢੰਗ ਨਾਲ ਪਹੁੰਚੇ, ਕਿਉਂਕਿ ਹੋਰ ਕੋਈ ਵਸੀਲਾ ਉਥੇ ਪਹੁੰਚਣ ਦਾ ਨਹੀਂ ਸੀ। ਡਾਕਟਰ ਸਾਹਿਬ ਜੀ ਨੇ ਪ੍ਰੇਮੀ ਨੂੰ ਨਿਰਾਸ਼ ਨਾ ਹੋਣ ਤੇ ਗੁਰਬਾਣੀ ਦਾ ਓਟ-ਆਸਰਾ ਲੈਣ ਦੀ ਸਲਾਹ ਦਿੱਤੀ ਅਤੇ ਕਿਹਾ ਕਿ ਸਿੰਘ ਆਪਣੀ ਦੁਨਿਆਵੀ ਸੰਪਤੀ ਗਵਾ ਕੇ ਨਿਰਾਸ਼ ਨਹੀਂ ਹੁੰਦੇ ਸਗੋਂ ਭਾਣਾ ਮੰਨ ਕੇ ਨਾਮ-ਬਾਣੀ ਰਾਹੀਂ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਅੱਧਾ ਕੁ ਘੰਟਾ ਉਥੇ ਰਹਿਣ ਤੋਂ ਬਾਅਦ ਵਾਪਸ ਚਾਲੇ ਪਾਉਣ ਲਈ ਉੱਠੇ। ਪ੍ਰੇਮੀ ਡਾਕਟਰ ਸਾਹਿਬ ਜੀ ਨੂੰ ਬਾਹਰ ਛੱਡਣ ਆਇਆ। ਇਕ ਪਲ ਲਈ ਪਿੱਛੇ ਮੁੜ ਕੇ ਬਾਹਰ ਵੱਲ ਵੇਖਿਆ ਤਾਂ ਡਾਕਟਰ ਸਾਹਿਬ ਜੀ ਉਸ ਨੂੰ ਕਿਤੇ ਵੀ ਨਾ ਦਿਸੇ। ਕੁਝ ਦਿਨ ਬਾਅਦ ਉਹ ਪ੍ਰੇਮੀ ਭਾਈ ਸਾਹਿਬ ਫ਼ੌਜਾ ਸਿੰਘ ਜੀ ਨੂੰ ਮਿਲਿਆ ਅਤੇ ਡਾਕਟਰ ਸਾਹਿਬ ਜੀ ਦੇ ਆਉਣ ਵਾਲੇ ਵਤੀਰੇ ਬਾਰੇ ਦੱਸਿਆ। ਭਾਈ ਸਾਹਿਬ ਜੀ ਨੇ ਜਦ ਪ੍ਰੇਮੀ ਤੋਂ ਤਾਰੀਖ਼ ਪੁੱਛੀ ਤਾਂ ਹੈਰਾਨੀ ਹੋਈ, ਕਿਉਂਕਿ ਉਸ ਦਿਨ ਡਾਕਟਰ ਸਾਹਿਬ ਜੀ ਤਾਂ ਅਖੰਡ ਪਾਠ ਸਮਾਗਮ ਵਿਚ ਖ਼ਾਲਸਾ ਫ਼ਾਰਮ ਵਿਚ ਹਾਜ਼ਰ ਸਨ। ਫਿਰ ਭਾਈ ਸਾਹਿਬ ਜੀ ਨੂੰ ਯਾਦ ਆਇਆ ਕਿ ਡਾਕਟਰ ਸਾਹਿਬ ਅੱਧੇ ਕੁ ਘੰਟੇ ਲਈ ਬਾਹਰ ਗਏ ਸਨ। ਉਨ੍ਹਾਂ ਹਿਸਾਬ ਲਾਇਆ ਕਿ ਇਸ ਸਮੇਂ ਡਾਕਟਰ ਸਾਹਿਬ ਜੀ ਪ੍ਰੇਮੀ ਨਾਲ ਦੁੱਖ ਸਾਂਝਾ ਕਰਨ ਲਈ ਲੁਧਿਆਣੇ ਪਹੁੰਚੇ ਸਨ, ਕਿਉਂਕਿ ਉਹ ਉਸ ਵੇਲੇ ਬਹੁਤ ਹੀ ਨਿਰਾਸ਼ ਤੇ ਉਦਾਸ ਹਾਲਤ ਵਿਚ ਸੀ। ਇਹ ਡਾਕਟਰ ਸਾਹਿਬ ਜੀ ਦੀ ਉੱਚ ਆਤਮਿਕ ਅਵਸਥਾ ਦੀ ਇਕ ਉਦਾਹਰਣ ਹੈ।

www.AKJ.Org

## ਦੁਸ਼ਟ ਬਦਮਾਸ਼ ਦੀ ਸੁਧਾਈ

ਜ਼ਿਲ੍ਹਾ ਗੁਰਦਾਸਪੁਰ ਦੇ ਕਸਬੇ ਬਹਿਰਾਮਪੁਰ ਵਿਚ ਇਕ ਮੰਨਿਆ ਪ੍ਰਮੰਨਿਆ ਬਦਮਾਸ਼ ਰਹਿੰਦਾ ਸੀ ਅਤੇ ਸਾਰਿਆਂ ਨਾਲ ਬਹੁਤ ਧੱਕੇਸ਼ਾਹੀ ਕਰਦਾ ਸੀ। ਉਹ ਕਾਰੋਬਾਰ ਕਰਨ ਵਾਲਿਆਂ ਤੋਂ ਜ਼ਬਰਦਸਤੀ ਹਫ਼ਤਾ ਵੀ ਵਸੂਲ ਕਰਦਾ ਹੁੰਦਾ ਸੀ ਅਤੇ ਗਾਹੇ-ਬਗਾਹੇ ਜਾਂਦੀਆਂ ਪਿੰਡ ਅਤੇ ਇਲਾਕੇ ਦੀਆਂ ਨੌਜਵਾਨ ਬੱਚੀਆਂ ਨਾਲ ਵੀ ਠੱਠਾ-ਮਸ਼ਕਰਾ ਤੇ ਛੇੜਖ਼ਾਨੀ ਕਰਦਾ ਰਹਿੰਦਾ ਸੀ, ਪਰ ਇਸ ਤੋਂ ਡਰਦਾ ਹੋਇਆ ਕੋਈ ਵੀ ਇਸ ਨੂੰ ਕੁਝ ਨਹੀਂ ਸੀ ਕਹਿੰਦਾ। ਆਮ ਲੋਕਾਂ ਨੂੰ ਸੜਕਾਂ 'ਤੇ ਦਿਨ-ਦਿਹਾੜੇ ਕੁੱਟਣ ਕਰਕੇ ਸਭ ਭੈਅ ਖਾਂਦੇ ਸਨ ਤੇ ਪੁਲਿਸ ਵੀ ਡਰਦੀ ਉਸ ਨੂੰ ਕੁਝ ਨਹੀਂ ਸੀ ਕਹਿੰਦੀ। ਉਹ ਸਾਢੇ ਛੇ ਫ਼ੁੱਟ ਤੋਂ ਜ਼ਿਆਦਾ ਲੰਮਾ ਤੇ ਬਹੁਤ ਬਲਵਾਨ ਸੀ। ਕਾਲਾ ਰੰਗ ਹੋਣ ਕਰਕੇ ਉਸ ਦਾ ਨਾਮ ਭੈਰੋਂ ਪਿਆ ਹੋਇਆ ਸੀ। ਭਾਈ ਸਾਹਿਬ ਜੀ ਦੇ ਇਸ ਇਲਾਕੇ ਵਿਚ ਗੁਰਮਤਿ ਪ੍ਰਚਾਰ ਵਹੀਰ ਚਲਾਉਣ ਕਰਕੇ ਉਸ ਨੂੰ ਭਾਈ ਸਾਹਿਬ ਜੀ ਬਾਰੇ ਜਾਣਕਾਰੀ ਮਿਲ ਚੁੱਕੀ ਸੀ।

ਇਕ ਦਿਨ ਉਸ ਨੇ ਉਸੇ ਪਿੰਡ ਦੀ ਇਕ ਨੌਜੁਆਨ ਅੰਮ੍ਰਿਤਧਾਰੀ ਬੱਚੀ, ਜੋ ਕਿ ਭਾਈ ਸਾਹਿਬ ਜੀ ਵੱਲੋਂ ਚਲਾਈ ਪ੍ਰਚਾਰ ਵਹੀਰ ਵਿਚ ਵੀ ਸ਼ਾਮਲ ਹੁੰਦੀ ਸੀ, ਨਾਲ ਛੇੜਖ਼ਾਨੀ ਕੀਤੀ। ਜਦੋਂ ਇਹ ਖ਼ਬਰ ਖ਼ਾਲਸਾ ਫ਼ਾਰਮ 'ਤੇ ਭਾਈ ਫ਼ੌਜਾ ਸਿੰਘ ਕੋਲ ਪਹੁੰਚੀ ਤਾਂ ਇਸ ਵੱਲੋਂ ਕੀਤੀ ਵਧੀਕੀ ਕਰਕੇ ਇਸ ਨੂੰ ਸਿੱਧੇ ਰਾਹ ਪਾਉਣ ਲਈ ਅਗਲੇ ਦਿਨ ਭਾਈ ਸਾਹਿਬ ਜੀ ਬਹਿਰਾਮਪੁਰ ਪਹੁੰਚ ਗਏ। ਫ਼ਾਰਮ ਵਿਚਲੇ ਕੁਝ ਨੌਜਵਾਨ ਵੀ ਨਾਲ ਸਨ। ਬਦਮਾਸ਼ ਅੱਗੇ ਵੱਧ ਕੇ ਭਾਈ ਸਾਹਿਬ ਜੀ ਦੇ ਸਾਹਮਣੇ ਆ ਗਿਆ। ਭਾਈ ਸਾਹਿਬ ਜੀ ਨੇ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਸ ਨੂੰ ਜੋ ਤਾਕਤ ਮਿਲੀ ਹੋਈ ਹੈ, ਉਹ ਗੁਰੂ ਵੱਲੋਂ ਮਿਲੀ ਦਾਤ ਹੈ। ਉਸ ਨੂੰ ਮਾੜੇ ਕੰਮ ਛੱਡ ਕੇ ਗੁਰੂ ਦੇ ਲੜ ਲੱਗ ਕੇ ਲੋਕਾਂ ਦੇ ਭਲੇ ਲਈ ਕੰਮ ਕਰਨੇ ਚਾਹੀਦੇ ਹਨ। ਪਰ ਉਹ ਗਾਲ੍ਹੀ-ਗਲੋਚ ਕਰਦਾ ਹੋਇਆ ਭਾਈ ਸਾਹਿਬ ਜੀ 'ਤੇ ਹਮਲਾਵਰ ਹੋ ਗਿਆ। ਭਾਈ ਸਾਹਿਬ ਜੀ ਫਿਰ ਵੀ ਸਹਿਜ ਵਿਚ ਰਹੇ, ਉਸ ਨੂੰ ਗ਼ਲਤ ਕੰਮਾਂ ਨੂੰ ਛੱਡਣ ਲਈ ਪ੍ਰੇਰਨਾ ਦਿੰਦੇ ਰਹੇ। ਬਦਮਾਸ਼ ਨੇ ਭਾਈ ਸਾਹਿਬ ਜੀ ਦੀ ਨਸੀਹਤ ਸੁਣਨ ਦੀ ਬਜਾਏ ਆਪਣਾ ਸ਼ਸਤਰ ਕੱਢ ਕੇ ਭਾਈ ਸਾਹਿਬ ਜੀ 'ਤੇ ਵਾਰ ਕਰ ਦਿੱਤਾ। ਇਸ ਦੌਰਾਨ ਹੋਈ ਝੜਪ ਵਿਚ ਬਦਮਾਸ਼ ਆਪਣੀ ਜਾਨ ਗੁਆ ਬੈਠਾ, ਕਿਉਂਕਿ ਭਾਈ ਸਾਹਿਬ ਸ਼ਸਤਰ ਦਾ ਵਾਰ ਰੋਕਣ ਤੇ ਚਲਾਉਣ ਵਿਚ ਖ਼ਾਸ ਮੁਹਾਰਤ ਰੱਖਦੇ ਸਨ। ਸ਼ਹਿਰ ਦੇ ਕਾਫ਼ੀ ਲੋਕ ਵੀ ਇਕੱਠੇ ਹੋਏ ਸਨ ਤੇ ਭਾਈ ਸਾਹਿਬ ਜੀ ਦਾ ਸ਼ੁਕਰਾਨਾ ਕਰਨ ਲੱਗੇ ਕਿ ਸਾਡੀ ਇਸ ਤੋਂ ਬੰਦ-ਖ਼ਲਾਸੀ ਕਰਵਾ ਦਿੱਤੀ ਹੈ ਅਤੇ ਖ਼ੁਸ਼ ਸਨ ਕਿ ਜ਼ੁਲਮ ਦਾ ਅੰਤ ਹੋ ਗਿਆ। ਪਰ ਭਾਈ ਸਾਹਿਬ ਜੀ ਖ਼ੁਸ਼ ਨਹੀਂ ਸਨ ਤੇ ਕਹਿੰਦੇ ਸਨ ਕਿ ਇਸ ਨੇ ਗ਼ਲਤ ਰਾਹ ਚੁਣ ਕੇ ਆਪਣੀ ਜਾਨ ਭੰਗ ਦੇ ਭਾੜੇ ਗਵਾ ਲਈ ਹੈ। ਭਾਈ ਸਾਹਿਬ ਜੀ ਨੇ ਸਿੰਘਾਂ ਨੂੰ ਕਿਹਾ ਕਿ ਇਹ ਬੜਾ ਦਲੇਰ ਸੀ ਤੇ ਜੇ ਇਸ ਨੇ ਸਿੱਖੀ ਧਾਰਨ ਕਰ ਲਈ ਹੁੰਦੀ ਤਾਂ ਬਹੁਤ ਸਾਰੇ ਲੋਕਾਂ ਦੀ ਮਦਦ ਕਰਨ ਯੋਗ ਹੋਣਾ ਸੀ।

ਇਸ ਵਾਰਦਾਤ ਤੋਂ ਪਿੱਛੋਂ ਪੁਲਿਸ ਪਿੱਛੇ ਪੈ ਗਈ ਹੋਣ ਕਰਕੇ ਇਨ੍ਹਾਂ ਨੂੰ

www.AKJ.Org

ਇਲਾਕਾ ਛੱਡਣਾ ਪਿਆ। ਜਦ ਇਹ ਬਦਮਾਸ਼ ਲੋਕਾਂ ਨੂੰ ਭੈ-ਭੀਤ ਕਰ ਕੇ ਹਊਆ ਬਣਿਆ ਪਿਆ ਸੀ ਤਾਂ ਉਦੋਂ ਪੁਲਿਸ ਨੇ ਉਸ ਨੂੰ ਕੁਝ ਨਹੀਂ ਕਿਹਾ ਤੇ ਹੁਣ ਲੋਕਾਂ ਨੂੰ ਉਸ ਤੋਂ ਰਾਹਤ ਮਿਲਣ ਦੇ ਬਾਵਜੂਦ ਪੁਲਿਸ ਭਾਈ ਸਾਹਿਬ ਜੀ ਦੇ ਪਿੱਛੇ ਪਈ ਹੋਈ ਸੀ। ਭਾਈ ਸਾਹਿਬ ਸ੍ਰੀ ਅੰਮ੍ਰਿਤਸਰ ਆ ਕੇ ਆਪਣੇ ਆਪ ਪੁਲਿਸ ਥਾਣੇ ਗਏ ਤੇ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ। ਭਾਈ ਸਾਹਿਬ ਜੀ ਦੇ ਇਸ ਪਰਉਪਕਾਰ ਲਈ ਉਸ ਇਲਾਕੇ ਦੇ ਲੋਕ ਅਜੇ ਵੀ ਆਪ ਜੀ ਨੂੰ ਯਾਦ ਕਰਦੇ ਹਨ।

## ਗੁਰਦਾਸਪੁਰ ਜੇਲ੍ਹ ਦੇ ਬਿਰਤਾਂਤ

ਭਾਈ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਦੇ ਪੁਲਿਸ ਥਾਣੇ ਵਿਚ ਪੇਸ਼ ਹੋਏ ਸਨ, ਪਰੰਤੂ ਇਹ ਕੇਸ ਜ਼ਿਲ੍ਹਾ ਗੁਰਦਾਸਪੁਰ ਦਾ ਹੋਣ ਕਰਕੇ ਇਨ੍ਹਾਂ ਨੂੰ ਗੁਰਦਾਸਪੁਰ ਜੇਲ੍ਹ ਵਿਚ ਭੇਜ ਦਿੱਤਾ ਗਿਆ। ਉਥੋਂ ਦਾ ਜੇਲ੍ਹ ਸੁਪ੍ਰਿੰਟੈਂਡੈਂਟ ਇਕ ਕੱਟੜ ਹਿੰਦੂ ਸੀ। ਭਾਈ ਸਾਹਿਬ ਜੀ ਦਾ ਜੇਲ੍ਹ ਅੰਦਰ ਹੱਥੀਂ ਪ੍ਰਸ਼ਾਦਾ ਸਜਾਉਣ ਦੀ ਇਜਾਜ਼ਤ ਨਾ ਮਿਲਣ ਕਰਕੇ ਕੜਾਕੇ ਦਾ ਮੋਰਚਾ ਲੱਗ ਗਿਆ। ਲਗਾਤਾਰ 40 ਦਿਨ ਭਾਈ ਸਾਹਿਬ ਜੀ ਨੇ ਕੇਵਲ ਭੁੱਜੇ ਛੋਲਿਆਂ ਤੇ ਪਾਣੀ ’ਤੇ ਗੁਜ਼ਾਰਾ ਕੀਤਾ, ਪਰੰਤੂ ਜੇਲ੍ਹ ਵਿਚ ਵਾਧੂ ਸਮਾਂ ਮਿਲਣ ਕਰਕੇ ਨਾਮ ਬਾਣੀ ਦੀ ਅਤੁੱਟ ਕਮਾਈ ਸਦਕਾ ਨਾਮ ਦਾ ਆਹਾਰ ਹੀ ਰੱਖਿਆ ਤੇ ਚਿਹਰੇ ਦਾ ਜਾਹੋ-ਜਲਾਲ ਉਵੇਂ ਹੀ ਕਾਇਮ ਰਿਹਾ। ਭਾਈ ਸਾਹਿਬ ਜੀ ਦੇ ਹਰ ਵੇਲੇ ਨਾਮ ਸਿਮਰਨ ਵਿਚ ਜੁਟੇ ਰਹਿਣ ਕਰਕੇ ਉਸ ਸੁਪ੍ਰਿੰਟੈਂਡੈਂਟ ਉਪਰ ਭਾਈ ਸਾਹਿਬ ਜੀ ਦੀ ਸ਼ਖ਼ਸੀਅਤ ਦਾ ਬਹੁਤ ਪ੍ਰਭਾਵ ਪਿਆ ਅਤੇ ਉਸ ਨੇ ਹੱਥੀਂ ਪ੍ਰਸ਼ਾਦਾ ਬਣਾ ਕੇ ਛਕਣ ਦੀ ਇਜਾਜ਼ਤ ਦੇ ਦਿੱਤੀ। ਮੁਲਾਕਾਤ ਲਈ ਆਈਆਂ ਸੰਗਤਾਂ ਵੀ ਫਲ ਅਤੇ ਹੋਰ ਖਾਣ-ਪੀਣ ਦੀਆਂ ਰਸਦਾਂ ਦੇ ਜਾਂਦੀਆਂ ਸਨ, ਜਿਸ ਕਰਕੇ ਜੇਲ੍ਹ ਵਿਚ ਹੀ ਅਤੁੱਟ ਲੰਗਰ ਚੱਲਣ ਲੱਗ ਪਏ। ਹੌਲੀ ਹੌਲੀ ਸੁਪ੍ਰਿੰਟੈਂਡੈਂਟ ਇਤਨਾ ਸ਼ਰਧਾਲੂ ਹੋ ਗਿਆ ਕਿ ਉਸ ਨੇ ਭਾਈ ਸਾਹਿਬ ਜੀ ਕੋਲੋਂ ਆਪਣੇ ਪੁੱਤਰ ਦੀ ਅਰਦਾਸ ਵੀ ਕਰਵਾਈ। ਜੇਲ੍ਹ ਦੇ ਹੋਰ ਕੈਦੀ ਵੀ ਭਾਈ ਸਾਹਿਬ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਇਸ ਜੇਲ੍ਹ ਸੁਪ੍ਰਿੰਟੈਂਡੈਂਟ ਨੇ ਇਕ ਪੱਤਰ ਵਿਚ ਜ਼ਿਕਰ ਕੀਤਾ ਕਿ ਕਿਸ ਤਰ੍ਹਾਂ ਭਾਈ ਸਾਹਿਬ ਜੀ ਸਾਰੀ ਰਾਤ ਬੈਠ ਕੇ ਨਾਮ ਜਪਦੇ ਰਹਿੰਦੇ ਸਨ। ਬਾਕੀ ਕੈਦੀ ਵੀ ਹੈਰਾਨ ਸਨ ਕਿ ਇਹ ਸੌਂਦੇ ਕਦੋਂ ਹਨ। ਜਦ ਵੀ ਰਾਤ ਨੂੰ ਉੱਠ ਕੇ ਦੇਖੀਦਾ ਹੈ ਤਾਂ ਇਹ ਬੈਠ ਕੇ ਨਾਮ ਅਭਿਆਸ ਕਰ ਰਹੇ ਹੁੰਦੇ ਹਨ। ਉਹ ਹੈਰਾਨ ਹੁੰਦੇ ਸਨ ਕਿ ਇਨ੍ਹਾਂ ਕੋਲ ਇਤਨੀ ਤਾਕਤ ਕਿਥੋਂ ਆਉਂਦੀ ਹੈ। ਭਾਈ ਸਾਹਿਬ ਜੀ ਜੇਲ੍ਹ ਦੇ ਗੁਰਦੁਆਰੇ ਵਿਚ ਕੈਦੀਆਂ ਨੂੰ ਗੁਰਸਿੱਖੀ ਜੀਵਨ-ਜਾਚ, ਰਹਿਤ-ਬਹਿਤ, ਸਿੱਖ ਇਤਿਹਾਸ ਬਾਰੇ ਜਾਣਕਾਰੀ ਦੇ ਕੇ ਗੁਰਮਤਿ ਦਾ ਪ੍ਰਚਾਰ ਕਰਦੇ ਸਨ। ਬਹੁਤ ਸਾਰੇ ਕੈਦੀਆਂ ਦਾ ਜੀਵਨ ਪਲਟਣਾ ਸ਼ੁਰੂ ਹੋ ਗਿਆ। ਉਸੇ ਜੇਲ੍ਹ ਵਿਚ ਤਰਲੋਕ ਸਿੰਘ ਨਾਂ ਦਾ ਇਕ ਕੈਦੀ ਸੀ, ਜੋ 40-50 ਕੇਸਾਂ ਵਿਚ ਕੈਦ ਸੀ। ਉਹ ਸਿੱਖ ਪਰਿਵਾਰ ਨਾਲ ਸੰਬੰਧਿਤ ਸੀ, ਪਰ ਕੁਸੰਗਤ ਕਰਕੇ ਸਿਰ-ਮੂੰਹ ਮੁਨਾ ਕੇ ਗੁਰਸਿੱਖੀ ਮਾਰਗ ਤੋਂ ਥਿੜਕਿਆ ਪਿਆ ਸੀ। ਉਹ ਨੰਗੇ ਸਿਰ ਹੀ ਰਹਿੰਦਾ ਸੀ। ਭਾਈ ਸਾਹਿਬ ਜੀ ਨੇ ਪ੍ਰੇਰ ਕੇ ਉਸ ਨੂੰ ਦਸਤਾਰ ਸਜਾਉਣ ਲਈ ਮਨਾ ਲਿਆ, ਜਿਸ ਨਾਲ ਉਸ ਦਾ

www.AKJ.Org

ਚਿਹਰਾ-ਮੁਹਰਾ ਪ੍ਰਭਾਵਸ਼ਾਲੀ ਲੱਗਣ ਲੱਗ ਪਿਆ। ਇਕ ਦਿਨ ਉਹ ਫਿਰ ਨੰਗੇ ਸਿਰ ਬਾਹਰ ਦਰੱਖ਼ਤ ਹੇਠਾਂ ਬੈਠਾ ਸੀ ਤੇ ਭਾਈ ਸਾਹਿਬ ਜੀ ਨੂੰ ਦੂਰੋਂ ਦੇਖ ਕੇ ਭੱਜ ਕੇ ਬੈਰਕ ਵਿਚ ਜਾ ਕੇ ਦਸਤਾਰ ਸਜਾ ਕੇ ਆ ਗਿਆ। ਭਾਈ ਸਾਹਿਬ ਜੀ ਨੇ ਉਸ ਨੂੰ ਹੱਸ ਕੇ ਕਿਹਾ ਕਿ ਇਸ ਤਰ੍ਹਾਂ ਹੀ ਰਹਿਣਾ ਹੈ।

ਫਿਰ ਉਸ ਨੇ ਕੇਸ ਰੱਖ ਲਏ ਤੇ ਅੰਮ੍ਰਿਤ ਛਕਣ ਲਈ ਤਿਆਰ ਹੋ ਗਿਆ। ਹੋਰ ਵੀ ਕਈ ਕੈਦੀ ਭਾਈ ਸਾਹਿਬ ਜੀ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਅੰਮ੍ਰਿਤ ਛਕਣ ਲਈ ਤਿਆਰ ਹੋ ਗਏ। ਕੈਦੀ ਬਾਹਰ ਤਾਂ ਜਾ ਨਹੀਂ ਸੀ ਸਕਦੇ, ਜੇਲ੍ਹ ਪ੍ਰਸ਼ਾਸਨ ਨੇ ਜੇਲ੍ਹ ਅੰਦਰ ਆ ਕੇ ਹੀ ਸਿੰਘਾਂ ਨੂੰ ਰੈਣ-ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਕਰਨ ਦੀ ਪ੍ਰਵਾਨਗੀ ਦੇ ਦਿੱਤੀ। ਬਹੁਤ ਸਾਰੀਆਂ ਸੰਗਤਾਂ ਬੱਸਾਂ, ਟਰਾਲੀਆਂ ਭਰ ਕੇ ਸ਼ਸਤਰਾਂ ਸਮੇਤ ਜੇਲ੍ਹ ਅੰਦਰ ਪਹੁੰਚੀਆਂ। ਬੜੀ ਚੜ੍ਹਦੀ ਕਲਾ ਵਿਚ ਰੈਣ-ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ ਹੋਏ, ਜਿਸ ਵਿਚ ਭਾਈ ਤਰਲੋਕ ਸਿੰਘ ਸਮੇਤ ਕਈ ਕੈਦੀ ਗੁਰੂ ਸ਼ਰਣ ਵਿਚ ਆਏ। ਇਸ ਤਰ੍ਹਾਂ ਇਸ ਗੁਰਮੁਖ ਰੂਹ ਨੇ ਜੇਲ੍ਹ ਦੀਆਂ ਕਾਲ-ਕੋਠੜੀਆਂ ਵਿਚ ਵੀ ਨਾਮ ਬਾਣੀ ਦੇ ਪ੍ਰਵਾਹ ਚਲਾਏ। ਜੇਲ੍ਹ ਨਿਵਾਸ ਦੌਰਾਨ ਭਾਈ ਸਾਹਿਬ ਜੀ ਨੇ ਸ਼ਹੀਦੀ ਤੋਂ ਅੱਠ ਮਹੀਨੇ ਪਹਿਲਾਂ ਆਪਣੀ ਪਲੇਠੀ ਕਵਿਤਾ ਲਿਖੀ, ਜੋ ਹੇਠਾਂ ਦਿੱਤੀ ਜਾ ਰਹੀ ਹੈ:

## ਕੁਰਬਾਨੀ

ਤੇਰੀ ਅਮਰ ਸਿੱਖੀ ਨੂੰ ਸਤਿਗੁਰੂ,
ਮਨ ਬਚ ਕਰਮ ਦੇ ਨਾਲ ਨਿਭਾ ਦਿਆਂਗੇ।
ਧਨ, ਧਾਮ, ਜਵਾਨੀ, ਜਾਇਦਾਦ ਸਭ ਕੁਝ,
ਲੇਖੇ ਪੰਥ ਦੇ ਅਸੀਂ ਲਗਾ ਦਿਆਂਗੇ।
ਬਾਲ ਬਿਵਸਥਾ ਤੋਂ ਦੇਹ ਸੰਭਾਲ ਰੱਖੀ,
ਹੁਣ ਤਾਂ ਲੋੜ ਹੈ ਘੋਲ ਘੁਮਾ ਦਿਆਂਗੇ।
ਤੇਰੀ ਬਾਣੀ ਨੂੰ ਰਿਦੇ ਨਿਵਾਸ ਦੇ ਕੇ,
ਅਵਗਣ ਆਪਣੇ ਸਾਰੇ ਗਵਾ ਦਿਆਂਗੇ।
ਜੇ ਤੂੰ ਮੇਹਰ ਰੱਖੀ, ਮਿਹਰਬਾਨ ਮੇਰੇ,
ਬੰਦ ਬੰਦ ਭੀ ਅਸੀਂ ਕਟਾ ਦਿਆਂਗੇ।
ਨਾਮ ਨਾਮ ਨਿਧਾਨੀ ਸੋਹਣਾ ਨਿਸ਼ਾਨ ਸਾਹਿਬ,
ਦਸੋਂ ਦਿਸ਼ਾਂ ਵਿਚ ਅਸੀਂ ਝੁਲਾ ਦਿਆਂਗੇ।
ਬੁਝ ਰਹੀ ਜੋਤਿ ਜੋ ਅਸਾਂ ਨੂੰ ਜਾਪਦੀ ਹੈ,
ਖ਼ੂਨ ਆਪਣੇ ਨਾਲ ਜਗਾ ਦਿਆਂਗੇ।
ਮਨ ਕੀ ਮਤਿ ਨੂੰ ਮੇਟ ਕੇ ਮੇਰੇ ਦਾਤਾ,
ਤੇਰੀ ਜੋਤਿ ਵਿਚ ਜੋਤਿ ਮਿਲਾ ਦਿਆਂਗੇ।
ਧੁਰੋਂ ਧੁਰੰਦਰੀ ਅਵਤਰੀ ਗੀਤ ਸੁੰਦਰ,
ਰਾਹੂ ਕੇਤੂ ਨੂੰ ਰੋਕ ਚਮਕਾ ਦਿਆਂਗੇ।

www.AKJ.Org

ਮਿਟ ਰਹੇ ਨਿਸ਼ਾਨ ਜੋ ਧਰਮ ਵਾਲੇ,
ਲੁਕ ਛੁਪ ਕੇ ਅਸੀਂ ਪ੍ਰਗਟਾ ਦਿਆਂਗੇ।
ਮਿਹਰ ਤੇਰੀ ਨਾਲ ਖ਼ਾਲਸਾ ਬੋਲਦਾ ਏ,
ਆਵਾਜ਼ ਅੰਦਰਲੀ ਬਾਹਰ ਸੁਣਾ ਦਿਆਂਗੇ।
ਅੰਮ੍ਰਿਤ ਰੂਪ ਸਿੱਖੀ ਹੈ ਅਮਰ ਕਰਦੀ,
ਕੇਸਾਂ ਸੁਆਸਾਂ ਦੇ ਨਾਲ ਨਿਭਾ ਦਿਆਂਗੇ।
ਜਬ ਆਵ ਕੀ ਅਉਧ ਨਿਧਾਨ ਬਣਸੀ,
ਸੀਸ ਤੇਰਾ ਹੈ ਤੈਨੂੰ ਚੜ੍ਹਾ ਦਿਆਂਗੇ।

(**ਇਸੇ ਤਰ੍ਹਾਂ ਇਕ ਪੱਤਰ ਵੀ ਜੇਲ੍ਹ ਵਿੱਚੋਂ ਬੀਬੀ ਅਮਰਜੀਤ ਕੌਰ ਨੂੰ ਲਿਖਿਆ ਸੀ, ਉਸ ਦੀ ਕਾਪੀ ਵੀ ਹੇਠਲੇ ਪੰਨਿਆਂ 'ਤੇ ਦਿੱਤੀ ਜਾ ਰਹੀ ਹੈ:**)

## ਅਮਰ ਸ਼ਹੀਦ ਭਾਈ ਫ਼ੌਜਾ ਸਿੰਘ ਜੀ ਦਾ ਇਕ ਯਾਦਗਾਰੀ ਪੱਤਰ

ੴ ਸਤਿਗੁਰਪ੍ਰਸਾਦਿ॥

ਸਤਿਕਾਰੇ ਅਮਰਜੀਤ ਕੌਰ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਮੈਂ ਆਪ ਜੀ ਦੀ ਨਸੀਹਤ ਮੰਨ ਲਈ ਹੈ ਤੇ ਉਸ ਸਿੰਘ ਨੂੰ ਭੁਲਾ ਦਿੱਤਾ ਹੈ। ਉਸ ਦੀ ਮਰਜ਼ੀ ਜੋ ਜੀਅ ਕਰਦਾ ਹੈ, ਕਰਦਾ ਫਿਰੇ। ਸਾਨੂੰ ਕੀ!

ਬਾਕੀ ਮੈਂ ਇਕ ਬੇਨਤੀ ਆਪ ਜੀ ਅੱਗੇ ਕਰਨਾ ਚਾਹੁੰਦਾ ਹਾਂ ਕਿ ਦੁਨਿਆਵੀ ਜਨਮ ਖ਼ਤਮ ਕਰ ਕੇ ਗੁਰੂ ਘਰ ਵਿਚ ਜੰਮੇ ਹਾਂ ਤੇ ਇਸ ਤੋਂ ਵੱਧ ਕੇ ਗੁਰੂ ਕੀ ਫ਼ੌਜ ਵਿਚ ਭਰਤੀ ਲਈ ਹੈ। ਗੁਰੂ ਘਰ ਵਿਚ ਜੰਮੇ ਹੋਏ ਹਰ ਸਿੱਖ ਦਾ ਫ਼ਰਜ਼ ਹੈ ਕਿ ਉਹ ਕੋਈ ਨਾ ਕੋਈ ਸੇਵਾ ਕਰੇ, ਅਸੀਂ ਅੱਜ ਤਕ ਪੰਥ ਦੀ ਹੱਥੀਂ ਸੇਵਾ ਨਾ ਕਰ ਸਕੇ। ਪਰ ਸਾਨੂੰ ਕੋਈ ਨਾ ਕੋਈ ਸੇਵਾ ਕਰਨੀ ਬਣਦੀ ਹੈ। ਜਿਹੜਾ ਕੇਸ ਤੁਸੀਂ ਲੜ ਰਹੇ ਹੋ, ਇਹ ਕੇਸ ਤੁਹਾਨੂੰ ਗੁਰਸਿੱਖੀ ਦੀ ਸੇਵਾ ਜਾਣ ਕੇ ਲੜਨਾ ਚਾਹੀਦਾ ਹੈ, ਦਿਲੋਂ ਧਰ ਕੇ ਖੇੜੇ ਵਿਚ, ਧੰਨਵਾਦ ਵਿਚ, ਸਤਿਗੁਰੂ ਕੋਈ ਤਜਰਬਾ ਕਰਵਾ ਰਹੇ ਹਨ ਤੇ ਇਸ ਤਜਰਬੇ ਵਿਚੋਂ ਭਲਾਈ ਨਿਕਲੇਗੀ। ਜੇ ਹੱਸਦੇ ਖੇਡਦੇ ਰਹੋਗੇ ਤਾਂ ਜਾਣ ਲੈਣਾ ਕਿ ਭਾਣਾ ਮਿੱਠਾ-ਮਿੱਠਾ ਲੱਗ ਰਿਹਾ ਹੈ। ਸਿੰਘਾਂ ਵਿਚ ਸਿੱਖੀ ਸਪਿਰਿਟ ਦਾ ਕਿਤੇ ਨਾਂ-ਮਾਤਰ ਅੰਸ਼ ਨਹੀਂ ਰਿਹਾ। ਜੇ ਹੱਸਦੇ ਖੇਡਦੇ ਰਹੋਗੇ ਤਾਂ ਇਕੱਲੇ ਫ਼ੌਜਾ ਸਿੰਘ ਦੀ ਕੀ ਸਾਰੀ ਦੁਨੀਆਂ ਦੀ ਜੇਲ੍ਹ ਤੋੜ ਦਿਉਗੇ। ਰਣ ਹਾਰ ਗਏ, ਘਬਰਾ ਗਏ ਤੇ ਜੇ ਕਿਤੇ ਇਕੱਲੇ ਬੈਠ ਕੇ ਭੀ ਅਫ਼ਸੋਸ ਕੀਤਾ ਤਾਂ ਜਾਣ ਲੈਣਾ ਕਿ ਸਿੱਖੀ ਦੀ ਜਗਦੀ ਮਿਸਾਲ 'ਤੇ ਡੋਲਣਾ ਸ਼ੁਰੂ ਕਰ ਦਿੱਤਾ ਹੈ। ਜਿਸ ਤਰ੍ਹਾਂ ਦੇ ਸਿੰਘ ਸਿੰਘਣੀਆਂ ਹੁੰਦੇ ਹਨ, ਉਸੇ ਤਰ੍ਹਾਂ ਦੇ ਹੀ ਬਣੋ। ਜੀਵਨ ਨੂੰ ਅਮਲੀ ਜਾਮੇ ਵਿਚ ਢਾਲ ਦਿਉ। ਜਿਸ ਗਰਮ ਹਵਾ ਵਿਚ ਆਪ ਫਿਰ ਰਹੇ ਹੋ, ਇਹ ਆਪ ਜੀ ਦੇ ਸਰੀਰ ਨਾਲ ਲੱਗ ਕੇ ਠੰਢੀ ਹੋ ਜਾਣੀ ਚਾਹੀਦੀ ਹੈ। ਜਿਨ੍ਹਾਂ ਜੰਗਲਾਂ ਵਿੱਚੋਂ ਦੀ ਆਪ ਨੇ ਗੁਜ਼ਰਨਾ ਹੈ, ਉਹ ਪਿੱਛੋਂ ਸੈਂਕੜੇ ਸਾਲ ਨੂਰ ਵਿਚ ਹੱਸਦੇ ਰਹਿਣ। ਜਿਨ੍ਹਾਂ ਸਮੁੰਦਰਾਂ ਨੂੰ ਆਪ ਜੀ

www.AKJ.Org

ਨੇ ਤਰਨਾ ਹੈ, ਉਨ੍ਹਾਂ ਦੀ ਡੂੰਘਾਈ ਅਤੇ ਭਿਆਨਕਤਾ ਹਮੇਸ਼ਾਂ ਵਾਸਤੇ ਘੱਟ ਜਾਣੀ ਚਾਹੀਦੀ ਹੈ। ਜਿਹੜਿਆਂ ਰਸਤਿਆਂ ਤੋਂ ਆਪ ਜੀ ਨੇ ਗੁਜ਼ਰਨਾ ਹੈ, ਉਥੇ ਸਦਾ ਲਈ ਨਿਸ਼ਾਨ ਰਹਿ ਜਾਣੇ ਚਾਹੀਦੇ ਹਨ। ਜਿਹੜਾ ਜੀਵਨ ਖ਼ੁਦਗ਼ਰਜ਼ੀ ਤੋਂ ਉੱਤੇ ਉੱਠ ਗਿਆ ਸਮਝੋ, ਪਿਆਰ ਦਾ ਸੋਮਾ ਬਣ ਗਿਆ, ਸਮਝੋ ਕੁਰਬਾਨੀ ਦਾ ਮੁਨਾਰਾ ਬਣ ਗਿਆ, ਜਿਹੜੇ ਲੋਕ ਕੁਰਬਾਨੀ ਨੂੰ ਤਬਾਹ ਹੋਣਾ ਦੱਸਦੇ ਹਨ, ਉਨ੍ਹਾਂ ਨੂੰ ਕਹਿਣ ਦਿਉ, ਇਹ ਉਨ੍ਹਾਂ ਦਾ ਸੁਭਾਅ ਹੈ, ਜੋ ਭਾਵੇਂ ਪਲੰਘ ਦੀ ਨਵਾਰ 'ਤੇ ਆਰਾਮ ਕਰਨ ਨੂੰ ਜੀਵਨ ਦੱਸਦੇ ਹਨ, ਉਨ੍ਹਾਂ ਨੂੰ ਕਹਿਣ ਦਿਉ, ਇਹ ਉਨ੍ਹਾਂ ਦਾ ਭੁਲੇਖਾ ਹੈ।

ਜਿਨ੍ਹਾਂ ਨੂੰ ਜੇਲ੍ਹ ਤੇ ਸੂਲੀ ਮਨਮਤ ਦਿਸਦੀ ਹੈ, ਉਨ੍ਹਾਂ ਨੂੰ ਆਰਾਮ ਕਰਨ ਦਿਉ, ਉਹ ਕੌਮਾਂ ਦਾ ਕੁਝ ਨਹੀਂ ਸੰਵਾਰ ਸਕਦੇ। ਜਿਹੜੇ ਗੋਲੀ ਦਾ ਖੜਾਕ ਸੁਣ ਕੇ ਭੈਅ-ਭੀਤ ਹੋ ਜਾਂਦੇ ਹਨ, ਉਨ੍ਹਾਂ ਨੂੰ ਨਾਮ ਜਪਣ ਦਿਉ ਤਾਂ ਕਿ ਉਨ੍ਹਾਂ ਦੀ ਬੁਜ਼ਦਿਲੀ ਦੂਰ ਹੋ ਜਾਏ।

ਜਿਹੜੇ ਜਾਨ, ਧਰਮ ਤੇ ਧੀਆਂ-ਭੈਣਾਂ ਦੀ ਰਾਖੀ ਨਹੀਂ ਕਰ ਸਕਦੇ, ਉਨ੍ਹਾਂ ਨੂੰ ਔਰਨ ਦੇ ਮੱਤੀ ਸਿਆਣੇ ਬਣ ਜਾਣ ਦਿਉ, ਕਿਉਂਕਿ ਕੁਰਬਾਨੀ ਕਰਨੀ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ। ਜਿਨ੍ਹਾਂ ਨੂੰ ਆਪਣੇ ਧੀਆਂ ਪੁੱਤਰਾਂ ਤੇ ਜਾਇਦਾਦਾਂ ਦਾ ਮੋਹ ਹੈ, ਉਨ੍ਹਾਂ ਨੂੰ ਮਸਤ ਰਹਿਣ ਦਿਉ, ਕਿਉਂਕਿ ਉਨ੍ਹਾਂ ਨੂੰ ਬਹਾਨੇ ਬਹੁਤ ਆਉਂਦੇ ਹਨ ਤੇ ਦੁੱਖ ਨੂੰ ਸੁੱਖ ਕਹਿਣਾ ਉਨ੍ਹਾਂ ਦਾ ਸੁਭਾਅ ਨਹੀਂ।

ਜੋ ਲੋਕ ਭਗਤੀ ਦਾ ਢੌਂਗ ਰਚ ਕੇ ਕੌਮੀ ਕੰਮਾਂ ਵੱਲ ਧਿਆਨ ਨਹੀਂ ਦਿੰਦੇ, ਉਨ੍ਹਾਂ 'ਤੇ ਅਫ਼ਸੋਸ ਨਾ ਕਰੋ, ਉਨ੍ਹਾਂ ਦਾ ਧੁਰੀ ਕਿਰਤ ਹੀ ਇਹੋ ਜਿਹਾ ਹੈ।

ਖੂਹ ਦੇ ਡੱਡੂ ਨੂੰ ਸਮੁੰਦਰ ਦੀ ਗੱਲ ਨਾ ਦੱਸੋ, ਸਮੁੰਦਰ ਦਾ ਕਿਆਸ ਕਰਨਾ ਉਸ ਦੇ ਦਿਮਾਗ਼ ਦੀ ਬੇਬਸੀ ਹੈ, ਸਿਗਰਟਾਂ ਤੇ ਤਮਾਕੂ ਪੀਣ ਵਾਲੀਆਂ ਕੌਮਾਂ ਜਥੇਬੰਦ ਹੋ ਕੇ ਸਿਖਰਾਂ ਨੂੰ ਛੋਹ ਰਹੀਆਂ ਹਨ।

ਸਿੰਘਾਂ ਦੀ ਔਲਾਦ, ਦਸਮ ਗੁਰੂ ਦੀਆਂ ਆਜ਼ਾਦ ਫ਼ੌਜਾਂ, ਨਿਹਕਲੰਕ ਨੂੰ ਰੋ ਰਹੀਆਂ ਹਨ।

ਸਰਬੱਤ ਖ਼ਾਲਸੇ ਨੂੰ ਸਤਿ ਸ੍ਰੀ ਅਕਾਲ!

ਫ਼ੌਜਾ ਸਿੰਘ

## ਜੇਲ੍ਹ ਤੋਂ ਰਿਹਾਈ

ਤਕਰੀਬਨ 9 ਮਹੀਨੇ ਜੇਲ੍ਹ ਵਿਚ ਰਹਿਣ ਤੋਂ ਬਾਅਦ ਭਾਈ ਸਾਹਿਬ ਜ਼ਮਾਨਤ 'ਤੇ ਰਿਹਾਅ ਹੋ ਗਏ। ਉਨ੍ਹਾਂ ਫਿਰ ਖ਼ਾਲਸਾ ਫ਼ਾਰਮ 'ਤੇ ਕੈਂਪ ਲਾਉਣੇ ਤੇ ਚੱਲਦੇ ਵਹੀਰ ਰਾਹੀਂ ਗੁਰਮਤਿ ਪ੍ਰਚਾਰ ਨੂੰ ਸ਼ੁਰੂ ਕਰ ਦਿੱਤਾ। ਇਨ੍ਹਾਂ ਦਿਨਾਂ ਵਿਚ ਹੀ ਯੋਗੀ ਹਰਭਜਨ ਸਿੰਘ ਵੱਲੋਂ ਸਜਾਏ ਅਮਰੀਕਨ ਸਿੰਘ ਸਿੰਘਣੀਆਂ ਸ੍ਰੀ ਅੰਮ੍ਰਿਤਸਰ ਪੁੱਜੇ। ਜਥੇ ਦੇ ਸਿੰਘ ਪੜ੍ਹੇ-ਲਿਖੇ ਹੋਣ ਕਾਰਨ ਅੰਗਰੇਜ਼ੀ ਬੋਲਣ ਵਿਚ ਮੁਹਾਰਤ ਰੱਖਦੇ ਸਨ। ਪਹਿਲਾਂ ਉਨ੍ਹਾਂ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਕੋਲੋਂ ਕੀਰਤਨ ਸਿੱਖਣਾ ਆਰੰਭ ਕੀਤਾ। ਇਸ ਦੌਰਾਨ ਉਨ੍ਹਾਂ ਦਾ ਮੇਲ ਭਾਈ ਫ਼ੌਜਾ ਸਿੰਘ ਜੀ, ਭਾਈ ਅਮੋਲਕ ਸਿੰਘ, ਭਾਈ ਬਖ਼ਸ਼ੀਸ਼ ਸਿੰਘ ਜੀ ਬੈਂਕ ਵਾਲੇ, ਜੋ ਅੰਗਰੇਜ਼ੀ ਭਾਸ਼ਾ ਬੋਲਣ ਦੇ ਮਾਹਰ ਸਨ, ਨਾਲ

www.AKJ.Org

ਹੋ ਗਿਆ ਤੇ ਇਹ ਸਿੰਘ ਸਿੰਘਣੀਆਂ ਜਥੇ ਦੇ ਸਿੰਘਾਂ ਦੇ ਬਾਣੇ ਅਤੇ ਗੁਰਮਤਿ ਜੀਵਨ ਤੋਂ ਪ੍ਰਭਾਵਿਤ ਹੋ ਕੇ ਕੇਂਦਰੀ ਸਮਾਗਮਾਂ ’ਤੇ ਆਉਣ-ਜਾਣ ਲੱਗ ਪਏ ਤੇ ਆਪਸੀ ਪਿਆਰ ਸਤਿਕਾਰ ਦੀਆਂ ਪੀਢੀਆਂ ਗੰਢਾਂ ਪੈ ਗਈਆਂ। ਭਾਈ ਸਾਹਿਬ ਜੀ ਨੇ ਜੇਲ੍ਹ ਦੀ ਰਿਹਾਈ ਤੋਂ ਬਾਅਦ ਸੁਧਾਈ ਲਈ ਪੰਚਾਂ ਕੋਲ ਪੇਸ਼ ਹੋਣਾ ਸੀ। ਉਥੇ ਅਮਰੀਕਨ ਸਿੰਘ ਵੀ ਅਭਿਲਾਸ਼ੀਆਂ ਵਿਚ ਸ਼ਾਮਲ ਸਨ। ਅੰਮ੍ਰਿਤ ਸੰਚਾਰ ਵੇਲੇ ਜਦੋਂ ਪੰਚਾਂ ਵੱਲੋਂ ਰਹਿਤ ਦ੍ਰਿੜ੍ਹਾਈ ਜਾ ਰਹੀ ਸੀ ਤਾਂ ਦੇਖਿਆ ਕਿ ਅਮਰੀਕਨ ਸਿੰਘਾਂ ਨੂੰ ਪੰਜਾਬੀ ਭਾਸ਼ਾ ਦੇ ਜਾਣਕਾਰ ਨਾ ਹੋਣ ਕਾਰਨ ਸਮਝਣ ਵਿਚ ਦਿੱਕਤ ਆ ਰਹੀ ਸੀ। ਪੰਚਾਂ ਵੱਲੋਂ ਭਾਈ ਫ਼ੌਜਾ ਸਿੰਘ ਜੀ ਨੂੰ ਅੰਗਰੇਜ਼ੀ ਭਾਸ਼ਾ ਦੇ ਜਾਣਕਾਰ ਹੋਣ ਕਰਕੇ ਅਮਰੀਕਨ ਸਿੰਘਾਂ ਨੂੰ ਅੰਗਰੇਜ਼ੀ ਭਾਸ਼ਾ ਵਿਚ ਖ਼ਾਲਸਾ ਰਹਿਤ ਤੇ ਜੀਵਨ ਬਾਰੇ ਦੱਸਣ ਲਈ ਕਿਹਾ ਗਿਆ। ਭਾਈ ਸਾਹਿਬ ਜੀ ਮੱਥਾ ਟੇਕ ਕੇ ਪੰਚਾਂ ਕੋਲ ਖੜ ਕੇ ਵਖਿਆਨ ਕਰਨ ਲੱਗ ਪਏ। ਉਨ੍ਹਾਂ ਦੇ ਨੇਤਰ ਬੰਦ ਸਨ ਤੇ ਸੀਸ ਉੱਚਾ ਸੀ, ਜਿਉਂ ਹੀ ਉਹ ਬੋਲਦੇ ਗਏ, ਇਕ ਰੌਸ਼ਨੀ ਉਨ੍ਹਾਂ ਦੇ ਸਰੀਰ ਵਿੱਚੋਂ ਨਿਕਲਣ ਲੱਗੀ। ਚਾਨਣ ਇਤਨਾ ਜ਼ਿਆਦਾ ਹੋ ਗਿਆ ਕਿ ਅਭਿਲਾਖੀਆਂ ਨੇ ਆਪਣੀਆਂ ਅੱਖਾਂ ਉੱਤੇ ਹੱਥ ਰੱਖ ਲਏ ਅਤੇ ਕਈ ਉੱਚੀ ਉੱਚੀ ਨਾਮ ਅਭਿਆਸ ਕਰਨ ਲੱਗ ਪਏ। ਭਾਈ ਸਾਹਿਬ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਸ਼ੇਸ਼ ਸਿੱਖ ਸਨ ਤੇ ਇਕ ਲਿਸ਼ਕਦਾ ਚਾਨਣ ਸਨ।

## ਬਾਬਾ ਕਰਤਾਰ ਸਿੰਘ ਜੀ ਜਥਾ ਭਿੰਡਰਾਂ (ਮਹਿਤਾ); ਅਤੇ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਨਾਲ ਪਿਆਰ

ਜਥਾ ਭਿੰਡਰਾਂ ਵੱਲੋਂ ਹਰ ਸਾਲ ਬਾਬਾ ਗੁਰਬਚਨ ਸਿੰਘ ਜੀ ਦੀ ਬਰਸੀ ਜੂਨ ਮਹੀਨੇ ਵਿਚ ਮਨਾਈ ਜਾਂਦੀ ਹੈ। ਇਸ ਸਮਾਗਮ ’ਤੇ ਹਰ ਸਾਲ ਬਾਬਾ ਕਰਤਾਰ ਸਿੰਘ ਜੀ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨੂੰ ਲੁਧਿਆਣਾ, ਸ੍ਰੀ ਅੰਮ੍ਰਿਤਸਰ ਤੇ ਗੁਰਦਾਸਪੁਰ ਬੱਸਾਂ ਭੇਜ ਕੇ ਬੁਲਾ ਕੇ ਰੈਣ-ਸਬਾਈ ਕੀਰਤਨ ਕਰਵਾਇਆ ਕਰਦੇ ਸਨ। ਬਾਬਾ ਜੀ ਸਿੰਘਾਂ ਦਾ ਬਹੁਤ ਸਤਿਕਾਰ ਕਰਦੇ ਸਨ। ਗਰਮੀਆਂ ਦੇ ਦਿਨਾਂ ਵਿਚ ਜਦੋਂ ਉਨ੍ਹਾਂ ਨੇ ਗੇਟ ’ਤੇ ਬੱਸਾਂ ਪਹੁੰਚਦੀਆਂ ਦੇਖਣਾ ਤਾਂ ਨੰਗੀਂ ਪੈਰੀਂ ਕਣਕਾਂ ਦੇ ਵੱਢਾਂ ਵਿਚ ਦੌੜਦੇ ਹੋਏ ਅੱਗੋਂ ਆ ਕੇ ਸਿੰਘਾਂ ਦਾ ਸੁਆਗਤ ਕਰਨਾ ਤੇ ਲੰਗਰ ਵਿਚ ਆਪ ਖਲੋ ਕੇ ਸਿੰਘਾਂ ਨੂੰ ਖੁੱਲ੍ਹਾ ਸ਼ੱਕਰ, ਘਿਉ ਤੇ ਹੋਰ ਵਧੀਆ ਪਕਵਾਨ ਬਣਵਾ ਕੇ ਛਕਾਉਣੇ। ਇਕ ਵਾਰ ਰੈਣ-ਸਬਾਈ ਕੀਰਤਨ ਦੌਰਾਨ ਜ਼ੋਰਦਾਰ ਮੀਂਹ ਝੱਖੜ ਆ ਗਿਆ ਤੇ ਕੀਰਤਨ ਦੀ ਵਿੱਚੋਂ ਹੀ ਸਮਾਪਤੀ ਕਰਨੀ ਪਈ। ਬਾਬਾ ਜੀ ਨੇ ਗੁਰਦੁਆਰੇ ਦੇ ਹਾਲ ਵਿਚ ਕੀਰਤਨ ਜਾਰੀ ਰੱਖਣ ਲਈ ਕਿਹਾ ਪਰ ਉਥੇ ਸ੍ਰੀ ਅਖੰਡ ਪਾਠ ਚੱਲ ਰਹੇ ਹੋਣ ਕਾਰਨ ਸਿੰਘਾਂ, ਖ਼ਾਸਕਰ ਡਾਕਟਰ ਦਰਸ਼ਨ ਸਿੰਘ ਜੀ ਲੁਧਿਆਣਾ, ਜੋ ਹੋਰ ਸੰਗਤਾਂ ਨਾਲ ਉਥੇ ਪਹੁੰਚੇ ਹੋਏ ਸਨ, ਨੇ ਮਨ੍ਹਾਂ ਕਰ ਦਿੱਤਾ ਕਿ ਅਸੀਂ ਜਿਥੇ ਪਾਠ ਚੱਲ ਰਿਹਾ ਹੋਵੇ, ਉਥੇ ਕੀਰਤਨ ਨਹੀਂ ਕਰ ਸਕਦੇ। ਦੋਹਾਂ ਵਿੱਚੋਂ ਇਕ ਹੀ ਗੱਲ ਹੋ ਸਕਦੀ ਹੈ। ਗੁਰੂ ਸਾਹਿਬ ਦੀ ਹਜ਼ੂਰੀ ਵਿਚ ਜਾਂ ਤਾਂ ਗੁਰਬਾਣੀ ਦਾ ਪਾਠ ਹੋਵੇ ਜਾਂ ਫਿਰ ਕੀਰਤਨ। ਬਾਬਾ ਜੀ ਨੇ ਉਸੇ ਵੇਲੇ ਇਕ ਹੋਰ ਵੱਡੇ ਕਮਰੇ ਵਿਚ ਵਿਛਾਈ ਕਰਵਾ ਕੇ ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਕਰਵਾ ਕੇ ਕੀਰਤਨ ਆਰੰਭ ਕਰਵਾਇਆ ਤੇ ਸਿੰਘਾਂ ਦੇ

www.AKJ.Org

ਗੁਰਮਤਿ ਅਸੂਲ ਦੀ ਪ੍ਰੋੜ੍ਹਤਾ ਕੀਤੀ, ਕੋਈ ਕਿੰਤੂ-ਪਰੰਤੂ ਨਹੀਂ ਕੀਤਾ। ਉਹ ਖ਼ੁਦ ਸਾਰੀ ਰਾਤ ਸੰਗਤ ਵਿਚ ਬੈਠ ਕੇ ਕੀਰਤਨ ਸ੍ਰਵਣ ਕਰਦੇ ਹੁੰਦੇ ਸਨ।

1975 ਵਿਚ ਗੁਰੂ ਕੇ ਮਹਿਲ ਦੀ ਘਟਨਾ ਤੋਂ ਬਾਅਦ ਉਹ ਭਾਈ ਫ਼ੌਜਾ ਸਿੰਘ ਜੀ ਦਾ ਬਹੁਤ ਸਤਿਕਾਰ ਕਰਨ ਲੱਗ ਪਏ। ਜਦੋਂ ਭਾਈ ਸਾਹਿਬ ਜੀ ਨੂੰ ਮਿਲਦੇ ਤਾਂ ਆਪਣਾ ਸਾਫ਼ਾ ਭਾਈ ਸਾਹਿਬ ਜੀ ਦੇ ਬੈਠਣ ਲਈ ਵਿਛਾ ਦਿੰਦੇ। ਇਨ੍ਹਾਂ ਦਿਨਾਂ ਵਿਚ ਹੀ ਨਕਲੀ ਨਿਰੰਕਾਰੀਆਂ ਵੱਲੋਂ ਨਿਰੰਜਨ ਸਿੰਘ ਡੀ.ਸੀ., ਗੁਰਦਾਸਪੁਰ ਦੀ ਸ਼ਹਿ 'ਤੇ ਅੰਮ੍ਰਿਤਸਰ ਤੇ ਗੁਰਦਾਸਪੁਰ ਪਿੰਡਾਂ ਕਸਬਿਆਂ ਵਿਚ ਕੁਸੰਗ ਕਰ ਕੇ ਗੁਰੂ ਸਾਹਿਬ, ਸਿੱਖੀ ਸਿਧਾਂਤਾਂ ਵਿਰੁੱਧ ਪ੍ਰਚਾਰ ਕੀਤਾ ਜਾ ਰਿਹਾ ਸੀ, ਜਿਸ ਦਾ ਬਾਬਾ ਕਰਤਾਰ ਸਿੰਘ ਜੀ ਵੱਲੋਂ ਜਥੇ ਦੇ ਸਿੰਘਾਂ ਅਤੇ ਹੋਰ ਸੰਗਤਾਂ ਦੇ ਸਹਿਯੋਗ ਨਾਲ ਤਕੜਾ ਵਿਰੋਧ ਕੀਤਾ ਜਾਂਦਾ ਸੀ। ਐਮਰਜੈਂਸੀ ਲੱਗੀ ਹੋਣ ਦੇ ਬਾਵਜੂਦ ਉਨ੍ਹਾਂ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਤੀਸਰੀ ਸ਼ਤਾਬਦੀ ਵੇਲੇ ਕਈ ਨਗਰ ਕੀਰਤਨ ਵੀ ਕੱਢੇ। ਉਸ ਵੇਲੇ ਗੁਰਸਿੱਖਾਂ ਵਿਚ ਆਪਸੀ ਪਿਆਰ, ਸਤਿਕਾਰ ਤੇ ਇਤਫ਼ਾਕ ਬਹੁਤ ਸੀ। ਗੁਰਮਤਿ ਵਿਰੋਧੀ ਪ੍ਰਚਾਰ ਨੂੰ ਠੱਲ੍ਹ ਪਾਉਣ ਲਈ ਸਾਰੀਆਂ ਜਥੇਬੰਦੀਆਂ ਦੇ ਸਿੰਘ ਮਤਭੇਦ ਭੁਲਾ ਕੇ "ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ" (ਪੰਨਾ 766) ਦੇ ਗੁਰਵਾਕ ਅਨੁਸਾਰ ਇਕੱਠੇ ਹੋ ਕੇ ਦੰਭੀਆਂ ਨੂੰ ਭਜਾ ਦਿੰਦੇ ਸਨ। ਦੋਹਾਂ ਜਥੇਬੰਦੀਆਂ ਦੇ ਆਪਸੀ ਮਿਲਵਰਤਣ, ਪਿਆਰ, ਸਤਿਕਾਰ ਕਰਕੇ ਹੀ ਬਾਬਾ ਜਰਨੈਲ ਸਿੰਘ ਜੀ ਨੇ ਵੈਸਾਖੀ 1978 ਦੇ ਸਾਕੇ ਸਮੇਂ ਇਨ੍ਹਾਂ ਨਕਲੀਆਂ ਦਾ ਵਿਰੋਧ ਕਰਨ ਸਮੇਂ ਸਭ ਤੋਂ ਪਹਿਲਾਂ ਜਥੇ ਦੇ ਸਿੰਘਾਂ, ਖ਼ਾਸ ਕਰ ਭਾਈ ਫ਼ੌਜਾ ਸਿੰਘ ਜੀ ਨੂੰ ਸੱਦਾ ਭੇਜਿਆ ਸੀ ਤੇ ਦੋਹਾਂ ਜਥੇਬੰਦੀਆਂ ਦੇ ਸਿੰਘਾਂ ਨੇ ਗੁਰੂ ਦੀ ਆਨ-ਸ਼ਾਨ ਕਾਇਮ ਰੱਖਣ ਖ਼ਾਤਰ ਰਲ-ਮਿਲ ਕੇ ਇਕ ਮੈਦਾਨੇ-ਜੰਗ ਵਿਚ ਸ਼ਹੀਦੀਆਂ ਪਾਈਆਂ।

ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ ਹਰ ਸਾਲ ਦੋ ਵਾਰੀ, ਅਕਤੂਬਰ ਤੇ ਅਪ੍ਰੈਲ ਦੇ ਮਹੀਨੇ, ਦਸ ਦਿਨ ਜਪੁ-ਤਪੁ ਸਮਾਗਮ ਕਰਵਾਉਂਦੇ ਸਨ, ਜਿਸ ਵਿਚ ਜਥੇ ਦੇ ਸਿੰਘ ਕਾਫ਼ੀ ਵੱਡੀ ਗਿਣਤੀ ਵਿਚ ਸ਼ਾਮਲ ਹੁੰਦੇ ਸਨ ਤੇ ਸਮਾਗਮ ਦੇ ਅਖ਼ੀਰ ਵਿਚ ਰੈਣ-ਸਬਾਈ ਕੀਰਤਨ ਹੁੰਦਾ ਸੀ, ਜਿਸ ਵਿਚ ਭਾਈ ਮਹਿੰਦਰ ਸਿੰਘ ਜੀ S.D.O., ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਤੇ ਜਥੇ ਦੇ ਹੋਰ ਨਾਮਵਰ ਕੀਰਤਨੀਏ ਹਾਜ਼ਰੀਆਂ ਭਰਦੇ ਸਨ। ਤਲਵਾੜਾ, ਹੁਸ਼ਿਆਰਪੁਰ, ਜਲੰਧਰ, ਦਸੂਹਾ, ਸ੍ਰੀ ਅੰਮ੍ਰਿਤਸਰ, ਗੁਰਦਾਸਪੁਰ ਤੇ ਲੁਧਿਆਣੇ ਤੋਂ ਜਥੇ ਦੀਆਂ ਸੰਗਤਾਂ ਇਸ ਸਮਾਗਮ ਵਿਚ ਵੱਧ ਤੋਂ ਵੱਧ ਹਾਜ਼ਰੀਆਂ ਭਰਦੀਆਂ ਸਨ। ਭਾਈ ਫ਼ੌਜਾ ਸਿੰਘ ਜੀ ਵੀ ਇਸ ਸਮਾਗਮ ਦੀਆਂ ਹਾਜ਼ਰੀਆਂ ਭਰਿਆ ਕਰਦੇ ਸਨ ਅਤੇ ਬਾਬਾ ਜੀ ਨਾਲ ਉਨ੍ਹਾਂ ਦਾ ਅਥਾਹ ਪ੍ਰੇਮ ਸੀ। ਬਾਬਾ ਕਰਤਾਰ ਸਿੰਘ ਜੀ, ਜਥਾ ਭਿੰਡਰਾਂ (ਮਹਿਤਾ) ਵੀ ਆਪਣੇ ਜਥੇ ਸਮੇਤ ਇਸ ਸਮਾਗਮ ਵਿਚ ਹਾਜ਼ਰ ਹੋ ਕੇ ਸਵੇਰੇ-ਸ਼ਾਮ ਗੁਰਮਤਿ ਵਿਚਾਰਾਂ ਤੇ ਕਥਾ ਨਾਲ ਸੰਗਤਾਂ ਨੂੰ ਨਿਹਾਲ ਕਰਦੇ ਹੁੰਦੇ ਸਨ। ਉਥੇ ਸਿੰਘਾਂ ਦੇ ਆਪਸੀ ਪਿਆਰ, ਸਤਿਕਾਰ ਅਤੇ ਇਤਫ਼ਾਕ ਵਿਚ ਹੋਰ ਵੀ ਵਾਧਾ ਹੁੰਦਾ। ਇਕ ਵਾਰੀ ਬਾਬਾ ਹਰਨਾਮ ਸਿੰਘ ਜੀ ਸ੍ਰੀ ਅੰਮ੍ਰਿਤਸਰ ਆਏ। ਗੁਰੂ ਰਾਮਦਾਸ ਸਰਾਂ ਵਿਚ ਬੀਬੀ ਅਮਰਜੀਤ ਕੌਰ ਨੂੰ ਮਿਲੇ। ਬੀਬੀ ਜੀ ਬੇਨਤੀ ਕਰ ਕੇ ਉਨ੍ਹਾਂ ਨੂੰ ਆਪਣੇ ਘਰ ਲੈ ਗਏ। ਉਸ ਵੇਲੇ

www.AKJ.Org


ਉਨ੍ਹਾਂ ਦੀ ਅਵਸਥਾ ਵੈਰਾਗਮਈ ਸੀ। ਬਾਬਾ ਜੀ ਨੇ ਕਈ ਦਿਨ ਤੋਂ ਪ੍ਰਸ਼ਾਦਾ ਨਹੀਂ ਛਕਿਆ ਸੀ। ਬੀਬੀ ਜੀ ਨੇ ਯਥਾਸ਼ਕਤ ਬਾਬਾ ਜੀ ਦੀ ਸੇਵਾ ਕੀਤੀ ਤੇ ਕਿਹਾ ਕਿ ਮੇਰਾ ਸੁਨੇਹਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਦੇ ਦੇਣਾ। ਬਾਬਾ ਜੀ ਨੇ ਕਿਹਾ ਕਿ ਠੀਕ ਹੈ ਬੇਟਾ, ਦੇ ਦੇਵਾਂਗਾ। ਪਰ ਸੁਨੇਹਾ ਕੀ ਦੇਣਾ ਹੈ, ਇਸ ਬਾਰੇ ਨਾ ਬੀਬੀ ਨੂੰ ਸੁੱਝਿਆ ਤੇ ਨਾ ਹੀ ਉਨ੍ਹਾਂ ਪੁੱਛਿਆ। ਦੂਸਰੇ ਦਿਨ ਬਾਬਾ ਜੀ ਕਹਿਣ ਲੱਗੇ ਕਿ ਬੇਟਾ, ਮੈਂ ਤੇਰਾ ਸੁਨੇਹਾ ਗੁਰੂ ਸਾਹਿਬ ਜੀ ਨੂੰ ਦੇ ਦਿੱਤਾ ਸੀ। ਗੁਰੂ ਸਾਹਿਬ ਜੀ ਨੇ ਕਿਹਾ ਕਿ "ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥" (ਪੰਨਾ 601) ਉਦੋਂ ਬੀਬੀ ਜੀ ਨੂੰ ਸਮਝ ਨਹੀਂ ਆਇਆ ਕਿ ਗੁਰੂ ਸਾਹਿਬ ਜੀ ਦਾ ਕੀ ਭਾਣਾ ਹੈ ? ਅਖ਼ੀਰ ਜਦੋਂ ਭਾਈ ਸਾਹਿਬ ਜੀ ਸ਼ਹੀਦ ਹੋ ਗਏ ਤਾਂ ਇਸ ਗੱਲ ਦੇ ਭੇਦ ਦਾ ਪਤਾ ਲੱਗਿਆ ਕਿ ਬਾਬਾ ਜੀ ਕਿਹੜੇ ਭਾਣੇ ਦੀ ਗੱਲ ਕਰਦੇ ਸਨ।

## ਆਖ਼ਰੀ ਤਕਰੀਰ

ਕੇਂਦਰੀ ਸਿੰਘ ਸਭਾ ਸ਼ਤਾਬਦੀ ਕਮੇਟੀ 1973 ਵਿਚ ਹੋਂਦ ਵਿਚ ਆਈ। ਇਸ ਦੇ ਜਨਰਲ ਸਕੱਤਰ ਗਿਆਨੀ ਗੁਰਦਿੱਤ ਸਿੰਘ ਜੀ ਨਾਲ ਵੀ ਭਾਈ ਫ਼ੌਜਾ ਸਿੰਘ ਜੀ ਦਾ ਮੇਲ-ਮਿਲਾਪ ਹੁੰਦਾ ਰਹਿੰਦਾ ਸੀ। ਉਹ ਗਿਆਨੀ ਜੀ ਨੂੰ ਕਹਿੰਦੇ ਰਹਿੰਦੇ ਸਨ ਕਿ ਸੁਧਾਰ ਪ੍ਰਚਾਰ ਵੀ ਕਰ ਦੇਖੋ, ਪਰ ਅਸਲ ਪ੍ਰਚਾਰ ਅਤੇ ਕੌਮ ਦੀ ਚੜ੍ਹਦੀ ਕਲਾ ਖ਼ੂਨ ਡੋਲ੍ਹੇ ਬਿਨਾਂ ਨਹੀਂ ਹੋਣੀ। ਉਹ ਪੰਥਕ ਆਗੂਆਂ ਦੀਆਂ ਕਮਜ਼ੋਰੀਆਂ ਵੱਲ ਕਰੜਾ ਧਿਆਨ ਰੱਖਦੇ ਸਨ। ਉਹ ਹਰ ਵੇਲੇ ਸੁੱਤੀ ਕੌਮ ਨੂੰ ਜਗਾਉਣ ਅਤੇ ਪੰਥ ਦੀ ਸੇਵਾ ਲਈ ਆਪਣਾ ਜੀਵਨ ਅਰਪਣ ਕਰਨ ਲਈ ਤਿਆਰ ਰਹਿੰਦੇ ਸਨ। 2 ਅਪ੍ਰੈਲ 1978 ਨੂੰ ਸਿੰਘ ਸਭਾ ਸ਼ਤਾਬਦੀ ਕਮੇਟੀ ਵੱਲੋਂ ਗੁਰਦੁਆਰਾ ਫਲਾਹੀ ਸਾਹਿਬ, ਪਿੰਡ ਦੁਲੇਅ, ਜ਼ਿਲ੍ਹਾ ਲੁਧਿਆਣਾ ਵਿਖੇ ਪੰਥਕ ਸੁਧਾਰਾਂ ਵਾਸਤੇ ਇਕ ਕਾਨਫ਼ਰੰਸ ਕੀਤੀ ਗਈ। ਉਸ ਇਕੱਠ ਵਿਚ ਭਾਈ ਸਾਹਿਬ ਜੀ ਵੱਲੋਂ ਅੱਧਾ ਘੰਟਾ ਬੜੀ ਪ੍ਰਭਾਵਸ਼ਾਲੀ ਤੇ ਜਜ਼ਬਾਤ-ਟੁੰਬਵੀਂ ਤਕਰੀਰ ਕੀਤੀ ਗਈ। ਭਾਈ ਸਾਹਿਬ ਜੀ ਨੇ ਕੌਮ ਦੀ ਚੜ੍ਹਦੀ ਕਲਾ ਲਈ ਸ਼ਹੀਦੀਆਂ ਲਈ ਸਿਰ ਮੰਗੇ ਤੇ ਆਪਣਾ ਆਪ ਭੇਟ ਕਰਨ ਦਾ ਐਲਾਨ ਕੀਤਾ। ਉਸ ਵੇਲੇ ਭਾਈ ਅਵਤਾਰ ਸਿੰਘ ਜੀ ਖੁੱਡਾ ਕੁਰਾਲਾ, ਭਾਈ ਕੇਵਲ ਸਿੰਘ ਜੀ, ਹੁਸ਼ਿਆਰਪੁਰ ਵੀ ਮੌਜੂਦ ਸਨ, ਜਿਨ੍ਹਾਂ ਨੇ ਵੀ ਆਪਣਾ ਸੀਸ ਅਰਪਣ ਕਰਨ ਦਾ ਐਲਾਨ ਕੀਤਾ। ਇਹ ਤਿੰਨੇ ਸਿੰਘ ਆਪਣੇ ਹੋਰ ਸਾਥੀਆਂ ਨਾਲ 13 ਅਪ੍ਰੈਲ, ਵੈਸਾਖੀ ਵਾਲੇ ਪਵਿੱਤਰ ਦਿਹਾੜੇ, ਜਿਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਅੰਮ੍ਰਿਤ ਦੀ ਦਾਤ ਦੇਣ ਵੇਲੇ ਸਿਰ ਮੰਗੇ ਸਨ, ਅਮਲੀ ਤੌਰ 'ਤੇ ਆਪਣਾ ਸਿਰ ਗੁਰੂ ਜੀ ਨੂੰ ਭੇਟ ਕਰ ਕੇ ਸ਼ਹੀਦੀਆਂ ਪਾ ਕੇ ਤੋੜ ਨਿਭਾ ਗਏ ਅਤੇ ਸੁੱਤੀ ਕੌਮ ਨੂੰ ਹਲੂਣਾ ਦੇ ਕੇ ਜਗਾ ਗਏ। ਇਨ੍ਹਾਂ ਗੁਰਸਿੱਖਾਂ ਦੀ ਕਰੜੀ ਕਮਾਈ ਧੰਨ ਹੈ, ਜਿਸ ਅੱਗੇ ਹਰ ਸਿੱਖ ਦਾ ਸੀਸ ਝੁਕ ਜਾਂਦਾ ਹੈ।

*('ਸਿੰਘ ਸਭਾ ਪੱਤ੍ਰਿਕਾ' ਜੂਨ 1978 ਦੇ ਅੰਕ ਵਿੱਚੋਂ ਸੰਪਾਦਕੀ ਨੋਟ)*

www.AKJ.Org




ਭਾਈ ਅਵਤਾਰ ਸਿੰਘ ਜੀ ਕੁਰਾਲਾ

www.AKJ.Org

# ਸ਼ਹੀਦ ਭਾਈ ਅਵਤਾਰ ਸਿੰਘ ਜੀ ਕੁਰਾਲਾ

*—ਭਾਈ ਇਕਬਾਲ ਸਿੰਘ ਜੀ, ਸ੍ਰੀ ਅੰਮ੍ਰਿਤਸਰ*

ਆਪ ਦਾ ਜਨਮ 1912 ਵਿਚ ਪਿੰਡ ਕੁਰਾਲਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਮਾਤਾ ਦਾ ਨਾਂ ਧੰਨ ਕੌਰ ਅਤੇ ਪਿਤਾ ਦਾ ਨਾਂ ਸ. ਭਗਵਾਨ ਸਿੰਘ ਸੀ। ਮੁੱਢਲੀ ਵਿੱਦਿਆ ਆਪ ਨੇ ਪ੍ਰਾਇਮਰੀ ਸਕੂਲ, ਮੂਲਕ ਕਲਾਂ ਵਿਖੇ ਪ੍ਰਾਪਤ ਕੀਤੀ। ਇਨ੍ਹਾਂ ਦੇ ਪਿਤਾ ਫ਼ੌਜ ਵਿਚ ਨੌਕਰ ਸਨ। ਉਨ੍ਹਾਂ ਨੂੰ ਬਹਾਦਰੀ ਕਾਰਨ ਚੱਕ ਨੰਬਰ 4, ਜ਼ਿਲ੍ਹਾ ਮਿੰਟਗੁਮਰੀ (ਪਾਕਿਸਤਾਨ) ਵਿਖੇ ਮੁਰੱਬੇ ਇਨਾਮ ਵਜੋਂ ਮਿਲੇ, ਜਿਸ ਕਰਕੇ ਸਾਰਾ ਪਰਿਵਾਰ ਮਿੰਟਗੁਮਰੀ ਦੀ ਬਾਰ ਵਿਚ ਚਲਾ ਗਿਆ। ਆਪ ਨੇ ਦਸਵੀਂ ਤਕ ਵਿੱਦਿਆ ਉਥੇ ਹੀ ਪ੍ਰਾਪਤ ਕੀਤੀ ਅਤੇ ਆਪ ਜੀ ਦਾ ਅਨੰਦ ਕਾਰਜ ਬੀਬੀ ਗੁਰਬਚਨ ਕੌਰ ਨਾਲ ਹੋਇਆ। ਪਾਕਿਸਤਾਨ ਬਣਨ ਤਕ ਆਪ ਉਥੇ ਹੀ ਖੇਤੀਬਾੜੀ ਦਾ ਕੰਮ ਕਰਦੇ ਰਹੇ।

ਪੰਜਾਬ ਦਾ ਬਟਵਾਰਾ ਹੋ ਜਾਣ ਕਾਰਨ ਆਪ ਨੂੰ ਵਾਪਸ ਆਪਣੇ ਪੁਰਾਣੇ ਨਗਰ ਕੁਰਾਲਾ ਵਿਖੇ ਆਉਣਾ ਪਿਆ ਅਤੇ ਉਥੇ ਖੇਤੀਬਾੜੀ ਦਾ ਕੰਮ ਕਰਦੇ ਰਹੇ।

ਇਥੇ ਆਪ ਜੀ ਦਾ ਮੇਲ ਭਾਈ ਹਰਨਾਮ ਸਿੰਘ, ਪ੍ਰੀਤਮ ਸਿੰਘ ਜੀ ਦਸੂਹਾ ਵਾਲਿਆਂ ਨਾਲ ਹੋਇਆ, ਜਿਨ੍ਹਾਂ ਦੀ ਸੰਗਤ ਨਾਲ ਆਪ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਗੁਰਮਤਿ ਪੁਸਤਕਾਂ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਇਨ੍ਹਾਂ ਪੁਸਤਕਾਂ ਦੇ ਪੜ੍ਹਨ ਨਾਲ ਇਨ੍ਹਾਂ ਦੇ ਸਾਧਾਰਨ ਸਿੱਖੀ ਜੀਵਨ ਵਿਚ ਇਕ ਨਵਾਂ ਪਲਟਾ ਆਇਆ ਅਤੇ ਇਨ੍ਹਾਂ ਦੇ ਮਨ ਵਿਚ ਅੰਮ੍ਰਿਤ ਛਕ ਕੇ ਗੁਰਮਤਿ ਰਹਿਤ-ਰਹਿਣੀ ਵਿਚ ਤਿਆਰ-ਬਰ-ਤਿਆਰ ਹੋ ਕੇ ਨਾਮ ਸਿਮਰਨ ਦੀ ਕਮਾਈ ਕਰਨ ਦੀ ਤੀਬਰ ਇੱਛਾ ਉਤਪੰਨ ਹੋਈ। ਇਸੇ ਲਗਨ ਵਿਚ ਗੁਰਸਿੱਖ ਸੰਗਤਾਂ ਦੇ ਸੰਗ-ਸਾਥ ਤਲਵਾੜਾ, ਦਸੂਹਾ ਅਤੇ ਹੋਰ ਆਸ-ਪਾਸ ਦੇ ਗੁਰਮਤਿ ਸਮਾਗਮਾਂ ਵਿਚ ਵਿਚਰਦੇ ਰਹੇ ਅਤੇ ਮਾਡਲ ਟਾਊਨ, ਲੁਧਿਆਣਾ ਵਿਖੇ ਪੁੱਜ ਕੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਦਰਸ਼ਨ ਕੀਤੇ ਅਤੇ ਪਿਆਰ-ਅਸੀਸਾਂ ਲਈਆਂ।

ਆਖ਼ਰਕਾਰ 13 ਅਪ੍ਰੈਲ 1961, ਵੈਸਾਖੀ ਸਮਾਗਮ, ਲੁਧਿਆਣਾ ਵਿਖੇ ਸਿੰਘਣੀ ਸਮੇਤ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ ਅਤੇ ਪੂਰਨ ਵੈਰਾਗੀ ਤਿਆਗੀ ਦਸ਼ਾ ਵਿਚ ਵਿਚਰਨ ਲੱਗ ਪਏ। ਜਿਥੇ ਆਪ ਨੇ ਖ਼ਾਲਸਈ ਬਾਣਾ ਧਾਰਨ ਕੀਤਾ, ਉਥੇ ਨਾਲ ਹੀ ਸਰਬਲੋਹ ਬਿਬੇਕ ਦੀ ਬਿਖਮ ਰਹਿਤ ਧਾਰਨ ਕਰ ਲਈ, ਜਿਸ ਨੂੰ ਆਯੂ ਪਰਯੰਤ ਤੋੜ ਨਿਭਾਇਆ। ਇਨ੍ਹਾਂ ਦੀ ਉੱਚੀ-ਸੁੱਚੀ ਰਹਿਤ ਰਹਿਣੀ ਨੂੰ ਵੇਖ ਕੇ ਕਈਆਂ ਹੋਰਨਾਂ ਨੇ ਪ੍ਰੇਰਨਾ ਲਈ ਅਤੇ ਪਰਿਵਾਰਾਂ ਸਮੇਤ ਅੰਮ੍ਰਿਤ ਪਾਨ ਕੀਤਾ।

ਆਪ ਜੀ ਅਖੰਡ ਕੀਰਤਨੀ ਜਥੇ ਨਾਲ ਅਜਿਹੇ ਮਿਲੇ ਕਿ ਹਰ ਥਾਂ ਕੀਰਤਨ ਸਮਾਗਮਾਂ ਵਿਚ ਪੁੱਜ ਕੇ ਕੀਰਤਨ ਤੇ ਨਾਮ ਬਾਣੀ ਦਾ ਅਨੰਦ ਮਾਣਦੇ ਰਹੇ। 1969 ਵਿਚ ਅਖੰਡ ਕੀਰਤਨੀ ਜਥੇ ਨੇ ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਦੀ ਯਾਤਰਾ ਪੜਾਓ-ਦਰ-ਪੜਾਓ ਬੱਸਾਂ ਰਾਹੀਂ ਕੀਤੀ ਅਤੇ ਹਰ ਥਾਂ ਕੀਰਤਨ ਦੀਆਂ ਘੁੰਮਰਾਂ ਪੈਂਦੀਆਂ ਰਹੀਆਂ। ਆਪ ਜੀ ਨੇ ਇਸ ਯਾਤਰਾ ਵਿਚ ਸੰਗ-ਸਾਥ ਰਹਿ ਕੇ ਖ਼ੂਬ ਅਨੰਦ ਮਾਣੇ ਅਤੇ ਲੋੜ ਅਨੁਸਾਰ ਕਈ ਸਮਾਗਮਾਂ ਵਿਚ ਪੰਚਾਂ ਦੀ ਸੇਵਾ ਵਿਚ ਸ਼ਾਮਲ ਹੁੰਦੇ ਰਹੇ। ਇਨ੍ਹਾਂ ਦੀ ਅਤੁੱਟ ਨਾਮ ਅਭਿਆਸ ਦੀ ਕਮਾਈ, ਅੰਮ੍ਰਿਤ ਵੇਲੇ ਦੀ ਸੰਭਾਲ, ਉੱਚੀ-ਸੁੱਚੀ ਕਰਨੀ ਅਤੇ ਸਰਬਲੋਹ ਰਹਿਤ-ਬਿਬੇਕ ਦੇ ਧਾਰਨੀ ਹੋਣ ਕਾਰਨ ਆਪ ਜੀ ਨੂੰ ਆਮ ਸਮਾਗਮਾਂ 'ਤੇ ਪੰਚਾਂ ਦੀ ਸੇਵਾ ਵਿਚ ਲਿਆ ਜਾਂਦਾ ਸੀ। ਇਹ ਸੇਵਾ ਆਪ ਜੀ ਨੇ ਅੰਤਮ ਸਵਾਸਾਂ ਤਾਈਂ ਨਿਭਾਈ।

ਆਪ ਨੂੰ ਭਜਨ-ਬੰਦਗੀ ਤੇ ਇਕਾਂਤ ਰਹਿਣ ਦੀ ਇੰਨੀ ਚੇਟਕ ਲੱਗੀ ਕਿ ਆਪ ਜੀ ਨੇ ਪਿੰਡ ਦੀ ਰਿਹਾਇਸ਼ ਤਿਆਗ ਕੇ, ਪਿੰਡ ਤੋਂ ਦੂਰ ਆਪਣੀ ਜ਼ਮੀਨ ਵਿਚ ਹੀ ਇਕ ਬੁੰਗਾ ਸਾਜ ਲਿਆ, ਜਿਥੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਇਕਾਂਤ ਭਜਨ ਵਿਚ ਨਿਮਗਨ ਰਹਿਣ ਲੱਗ ਪਏ ਅਤੇ ਅੰਤ ਸਮੇਂ ਤਕ ਉਸੇ ਇਕਾਂਤ-ਗ਼ੁਫ਼ਾ ਵਿਚ ਲਿਵ-ਸਮਾਧੀਆਂ ਜੋੜਦੇ ਰਹੇ। ਰਾਤ 12 ਵਜੇ ਤੋਂ ਬਾਅਦ ਆਪ ਜੀ ਨੇ ਸਾਵਧਾਨ ਹੋ ਜਾਣਾ ਅਤੇ ਸੌਚ-ਇਸ਼ਨਾਨ ਤੋਂ ਬਾਅਦ ਅਨਿਕ ਤਰੰਗੀ ਨਾਮ-ਅਭਿਆਸ ਕਮਾਈਆਂ ਵਿਚ ਜੁੱਟ ਜਾਣਾ ਅਤੇ ਸੂਰਜ ਉਦੈ ਹੋਣ ਤਕ ਰੱਜ ਰੱਜ ਨਾਮ-ਭੋਜਨ ਛਕਣੇ।

ਅਖ਼ੀਰ ਭਾਣੇ ਵਿਚ ਧੁਰ ਦੇ ਸੱਦੇ ਆ ਗਏ। ਪਰ ਕੌਣ ਜਾਣਦਾ ਸੀ ਕਿ ਇਹ ਦਰਗਾਹੀ ਸੱਦੇ ਹਨ। ਆਪ ਜੀ ਨੇ ਅਖੰਡ ਕੀਰਤਨੀ ਜਥਿਆਂ ਵੱਲੋਂ ਸ੍ਰੀ ਅੰਮ੍ਰਿਤਸਰ ਵਿਖੇ ਹੋ ਰਹੇ ਵੈਸਾਖੀ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਕਮਰਕੱਸੇ ਕੀਤੇ ਤਾਂ ਪਰਿਵਾਰ ਨੂੰ ਪਿਆਰ-ਮਿਲਣੀਆਂ ਮਿਲ ਕੇ ਕਹਿਣ ਲੱਗੇ ਕਿ ਗੁਰਸਿੱਖੀ ਜੀਵਨ ਵਿਚ ਪਰਪੱਕ ਰਹਿ ਕੇ, ਆਪੋ ਵਿਚ ਪਿਆਰ ਨਾਲ ਰਹਿਣਾ, ਅਸੀਂ ਹੁਣ ਵਾਪਸ ਨਹੀਂ ਆਉਣਾ। ਉਸ ਵੇਲੇ ਆਪ ਦਾ ਵਿਚਾਰ ਘਰ-ਬਾਰ ਨੂੰ ਤਿਆਗ ਕੇ ਨਿਵੇਕਲੇ ਹੋ ਕੇ ਖ਼ਾਲਸਾ ਫ਼ਾਰਮ, ਜ਼ਿਲ੍ਹਾ ਗੁਰਦਾਸਪੁਰ ਵਿਖੇ ਰਹਿਣ ਦਾ ਸੀ, ਪਰ ਵਿਧਾਤੇ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਆਪ ਜੀ ਵੈਸਾਖੀ ਸਮਾਗਮ ਸ੍ਰੀ ਅੰਮ੍ਰਿਤਸਰ ਵਿਖੇ ਪੁੱਜ ਗਏ ਅਤੇ ਖ਼ੂਨੀ ਸਾਕੇ ਵਿਚ ਸਭ ਤੋਂ ਪਹਿਲਾਂ ਸ਼ਹੀਦੀ ਪਾਈ।

ਆਪ ਜੀ ਦੇ ਸ਼ਹੀਦੀ ਸਾਕੇ ਨੂੰ ਅੱਖੀਂ ਵੇਖਣ ਵਾਲੇ ਗੁਰਮੁਖ ਸੰਗੀ-ਸਾਥੀ ਦੱਸਦੇ ਹਨ ਕਿ ਜਦੋਂ ਅਖੌਤੀ ਨਿਰੰਕਾਰੀ ਬੁੱਚੜਾਂ ਵੱਲੋਂ ਦਾਗਿਆ ਹੋਇਆ ਤੀਰ ਆਪ ਜੀ ਨੂੰ ਲੱਗਾ ਤਾਂ ਆਪ ਜੀ ਧਰਤੀ 'ਤੇ ਡਿੱਗ ਪਏ, ਪਰ ਛੇਤੀ ਹੀ ਸੰਭਲ ਕੇ ਚੌਂਕੜਾ ਮਾਰ ਕੇ ਸੜਕ ਦੇ ਵਿਚਕਾਰ ਹੀ ਬੈਠ ਗਏ। ਆਪ ਜੀ ਨੇ ਅੰਤ ਸਮਾਂ ਨੇੜੇ ਜਾਣ ਕੇ 'ਹਾਏ, ਊਈ' ਦੀ ਥਾਂ ਉੱਚੀ ਉੱਚੀ ਨਾਮ ਅਭਿਆਸ ਕਰਨਾ ਸ਼ੁਰੂ ਕਰ ਦਿੱਤਾ ਅਤੇ ਫਿਰ ਸਮਾਧੀ ਵਿਚ ਲੀਨ ਹੋ ਗਏ।

ਇਸੇ ਤਰ੍ਹਾਂ ਬੈਠਿਆਂ ਦੇ ਨਗਨ ਸੀਸ ਵਿਚ (ਡਿੱਗਣ ਨਾਲ ਦੁਮਾਲਾ ਸੀਸ ਤੋਂ ਲੱਥ ਚੁੱਕਾ ਸੀ) ਦੋਖੀਆਂ ਨੇ ਇਤਨੀਆਂ ਡਾਂਗਾਂ ਵਰ੍ਹਾਈਆਂ ਕਿ ਸੀਸ ਫੁੱਟ ਕੇ

www.AKJ.Org

ਖੱਖੜੀ ਹੋ ਗਿਆ। ਉਥੇ ਸਾਵਧਾਨ ਬੈਠੇ ਰਹੇ, ਰਤਾ ਨਹੀਂ ਜਿਮਕੇ, ਜਦ ਤਕ ਕਿ ਪੰਖੇਰੂ ਉਡਾਰੀ ਨਹੀਂ ਮਾਰ ਗਿਆ। ਆਪ ਜੀ ਦੇ ਅੰਤਮ ਦਰਸ਼ਨ ਵੀ ਸਮਾਧ-ਸਥਿਤ ਦਸ਼ਾ ਵਿਚ ਹੀ ਹੋ ਰਹੇ ਹਨ।

ਆਪ ਜੀ ਦੇ ਪੰਜ ਸਪੁੱਤਰ ਤੇ ਇਕ ਸਪੁੱਤਰੀ ਹੈ, ਜਿਨ੍ਹਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ :

ਭਾਈ ਕਿਰਪਾਲ ਸਿੰਘ, ਭਾਈ ਹਰਬਖ਼ਸ਼ ਸਿੰਘ, ਭਾਈ ਇਕਬਾਲ ਸਿੰਘ, ਭਾਈ ਰਤਨ ਸਿੰਘ, ਭਾਈ ਹਰਭਜਨ ਸਿੰਘ ਅਤੇ ਬੀਬੀ ਸੁਰਜੀਤ ਕੌਰ ਜੀ।

ਇਸ ਸ਼ਹੀਦੀ ਸਾਕੇ ਸਮੇਂ ਇਨ੍ਹਾਂ ਦਾ ਸਪੁੱਤਰ ਭਾਈ ਇਕਬਾਲ ਸਿੰਘ ਭੀ ਸੰਗ-ਸਾਥ ਹੀ ਫੱਟੜ ਹੋਇਆ ਸੀ, ਜਿਸ ਦੇ ਪੱਟ ਵਿਚ ਦੁਸ਼ਟਾਂ ਦਾ ਚਲਾਇਆ ਹੋਇਆ ਤੀਰ ਤੇ ਗੋਲੀ ਲੱਗੀ ਸੀ।

**(ਅਗਲੇ ਬਿਰਤਾਂਤ ਪੁਸਤਕ *ਕੁਰਬਾਨੀ* ਵਿੱਚੋਂ ਛਾਪੇ ਗਏ ਹਨ।)**

## ਭਾਈ ਸਾਹਿਬ ਜੀ ਦੇ ਜੀਵਨ ਦੀਆਂ ਕੁਝ ਖ਼ਾਸ ਘਟਨਾਵਾਂ

### ਸ਼ਹੀਦ ਭਾਈ ਅਵਤਾਰ ਸਿੰਘ ਅਤੇ ਰੰਗਲੇ ਸੱਜਣ ਡਾ. ਸੁਰਿੰਦਰ ਸਿੰਘ

ਇਕ ਵਾਰ ਲੁਧਿਆਣਾ ਸਮਾਗਮ 'ਤੇ ਡਾਕਟਰ ਸਾਹਿਬ ਨੇ ਭਾਈ ਅਵਤਾਰ ਸਿੰਘ ਨੂੰ ਬੇਨਤੀ ਕੀਤੀ ਕਿ ਉਹ ਉਨ੍ਹਾਂ ਵੱਲੋਂ ਤਿਆਰ ਕੀਤਾ ਹੋਇਆ ਲੰਗਰ ਉਨ੍ਹਾਂ ਵੱਲੋਂ ਦੱਸੀ ਥਾਂ 'ਤੇ ਆ ਕੇ ਛਕਣ। ਉਦੋਂ ਸਵੇਰ ਦਾ ਸਮਾਂ ਸੀ ਅਤੇ ਰੈਣ-ਸਬਾਈ ਕੀਰਤਨ ਰਾਤ ਨੂੰ ਹੋਣੇ ਸਨ। ਆਪ ਜੀ ਨੇ ਕਿਹਾ ਕਿ ਉਹ ਸਮਾਗਮ ਉੱਤੇ ਹੀ ਲੰਗਰ ਛਕ ਲੈਣਗੇ, ਪਰ ਡਾਕਟਰ ਸਾਹਿਬ ਆਪਣੀ ਬੇਨਤੀ ਉੱਤੇ ਕਾਇਮ ਰਹੇ। ਆਪ ਜੀ ਨੇ ਕਿਹਾ ਕਿ ਉਹ ਥੋੜ੍ਹੀ ਦੇਰ ਬਾਅਦ ਆਉਣਗੇ, ਪਰ ਉਹ ਬਾਅਦ ਵਿਚ ਜਾਣਾ ਭੁੱਲ ਗਏ। ਰਾਤ ਨੂੰ ਰੈਣ-ਸਬਾਈ ਸ਼ੁਰੂ ਹੋ ਗਈ। ਰੈਣ-ਸਬਾਈ ਦੀ ਸਮਾਪਤੀ ਤੋਂ ਕੁਝ ਸਮਾਂ ਪਹਿਲਾਂ ਆਪ ਜੀ ਨੂੰ ਯਾਦ ਆਇਆ ਕਿ ਉਨ੍ਹਾਂ ਨੇ ਡਾਕਟਰ ਸਾਹਿਬ ਨਾਲ ਉਨ੍ਹਾਂ ਵੱਲੋਂ ਤਿਆਰ ਕੀਤਾ ਪ੍ਰਸ਼ਾਦਾ ਛਕਣ ਦਾ ਵਾਅਦਾ ਕੀਤਾ ਸੀ।

ਆਪ ਜੀ ਉਸ ਜਗ੍ਹਾ ਵੱਲ ਛੇਤੀ ਨਾਲ ਗਏ, ਜਿਥੇ ਡਾਕਟਰ ਸਾਹਿਬ ਨੇ ਉਨ੍ਹਾਂ ਨੂੰ ਆਉਣ ਲਈ ਕਿਹਾ ਸੀ। ਜਦੋਂ ਭਾਈ ਸਾਹਿਬ ਉਥੇ ਪਹੁੰਚੇ ਤਾਂ ਉਨ੍ਹਾਂ ਦੇਖਿਆ ਕਿ ਡਾਕਟਰ ਸਾਹਿਬ ਸਮਾਧੀ ਵਿਚ ਬੈਠੇ ਸਨ ਤੇ ਜਿਹੜਾ ਲੰਗਰ ਉਨ੍ਹਾਂ ਤਿਆਰ ਕੀਤਾ ਸੀ, ਉਹ ਉਨ੍ਹਾਂ ਦੇ ਸਾਹਮਣੇ ਇਕ ਕੱਪੜੇ ਨਾਲ ਢੱਕਿਆ ਪਿਆ ਸੀ। ਇਹ ਦੇਖ ਕੇ ਭਾਈ ਸਾਹਿਬ ਜੀ ਵੈਰਾਗ ਵਿਚ ਆ ਗਏ ਤੇ ਡਾਕਟਰ ਸਾਹਿਬ ਨੇ ਬੜੇ ਪਿਆਰ ਨਾਲ ਭਾਈ ਸਾਹਿਬ ਨੂੰ ਲੰਗਰ ਛਕਾਇਆ।

ਜਦੋਂ ਭਾਈ ਸਾਹਿਬ ਲੰਗਰ ਛਕਣ ਤੋਂ ਬਾਅਦ ਉੱਠ ਕੇ ਜਾਣ ਲੱਗੇ ਤਾਂ ਡਾਕਟਰ ਸਾਹਿਬ ਉਨ੍ਹਾਂ ਨੂੰ ਬਾਹਰ ਛੱਡਣ ਆਏ। ਇਸ ਵੇਲੇ ਡਾਕਟਰ ਸਾਹਿਬ ਦੀਆਂ ਅੱਖਾਂ 'ਚੋਂ ਹੰਝੂ ਵਗ ਰਹੇ ਸਨ। ਉਨ੍ਹਾਂ ਅੱਗੇ ਵੱਧ ਕੇ ਭਾਈ ਸਾਹਿਬ ਨੂੰ ਗਲਵਕੜੀ ਵਿਚ ਲੈ ਲਿਆ। ਫਿਰ ਡਾਕਟਰ ਸਾਹਿਬ ਨੇ ਦੱਸਿਆ ਕਿ ਉਹ ਦੋਨੋਂ ਸਰਸਾ ਨਦੀ ਦੇ ਕੰਢੇ 'ਤੇ ਵਿੱਛੜ ਗਏ ਸਨ ਤੇ ਸੈਂਕੜੇ ਸਾਲਾਂ ਬਾਅਦ ਦੁਬਾਰਾ ਮਿਲੇ ਹਨ। ਸਰਸਾ

www.AKJ.Org

ਨਦੀ 'ਤੇ ਵਿਛੋੜੇ ਦਾ ਮਤਲਬ ਕਿ ਉਹ ਦੋਨੋਂ ਗੁਰੂ ਪਿਆਰੇ ਅਨੰਦਪੁਰ ਸਾਹਿਬ ਦੀ ਲੜਾਈ ਵੇਲੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਸਨ।

ਭਾਈ ਅਵਤਾਰ ਸਿੰਘ ਜੀ ਦੀ ਸ਼ਖ਼ਸੀਅਤ, ਸ਼ੈਲੀ, ਗੱਲਬਾਤ ਦਾ ਤਰੀਕਾ ਤੇ ਰਹਿਣੀ-ਬਹਿਣੀ 18ਵੀਂ ਸਦੀ ਦੇ ਸਿੰਘਾਂ ਨਾਲ ਮੇਲ ਖਾਂਦੀ ਸੀ। ਉਨ੍ਹਾਂ ਦੀ ਗੱਲਬਾਤ ਬਹੁਤ ਹੀ ਅਸਰਦਾਇਕ ਤੇ ਪ੍ਰਭਾਵਸ਼ਾਲੀ ਹੁੰਦੀ ਸੀ। ਭਾਈ ਸਾਹਿਬ ਜੀ ਖ਼ਾਲਸਾ ਰਹਿਤ ਅਤੇ ਸਰਬਲੋਹ ਰਹਿਤ ਵਿਚ ਬਹੁਤ ਪਰਪੱਕ ਸਨ।

## ਸ਼ਹੀਦ ਭਾਈ ਅਵਤਾਰ ਸਿੰਘ ਜੀ ਅਤੇ ਇਕ ਮਸ਼ਹੂਰ ਸੰਤ, ਜਿਸ ਨੇ ਉਨ੍ਹਾਂ ਨੂੰ ਸਰਬਲੋਹ ਛੱਡਣ ਲਈ ਕਿਹਾ

ਜ਼ਿਲ੍ਹਾ ਹੁਸ਼ਿਆਰਪੁਰ ਵਿਚ ਇਕ ਮਸ਼ਹੂਰ ਡੇਰਾ ਹੈ ਤੇ ਉਸ ਵਿਚ ਇਕ ਬਹੁਤ ਹੀ ਮਸ਼ਹੂਰ ਤੇ ਉੱਘੇ ਸੰਤ ਦਾ ਵਾਸਾ ਸੀ। ਸੰਤ ਜੀ ਬਹੁਤ ਕਮਾਈ ਵਾਲੇ ਸਨ ਅਤੇ ਜਥੇ ਦੇ ਬਹੁਤ ਸਿੰਘਾਂ ਦਾ ਉਨ੍ਹਾਂ ਨਾਲ ਪਿਆਰ ਭਰਿਆ ਰਿਸ਼ਤਾ ਸੀ। ਭਾਈ ਅਵਤਾਰ ਸਿੰਘ ਜੀ ਡੇਰੇ ਦੇ ਕੁਝ ਸਮਾਗਮਾਂ ਵਿਚ ਸ਼ਾਮਲ ਹੁੰਦੇ ਸਨ। ਭਾਈ ਸਾਹਿਬ ਜੀ ਸਰਬਲੋਹ ਰਹਿਤ ਦੇ ਧਾਰਨੀ ਸਨ, ਇਸ ਲਈ ਉਹ ਸਮਾਗਮ ਵਿਚ ਦੇਗ ਨਹੀਂ ਲੈਂਦੇ ਸੀ, ਕਿਉਂਕਿ ਉਥੇ ਦੇਗ, ਪੂਰਨ ਮਰਿਆਦਾ ਅਨੁਸਾਰ ਤਿਆਰ ਨਹੀਂ ਸੀ ਹੁੰਦੀ।

ਸੰਤ ਜੀ ਨੇ ਕਈ ਵਾਰ ਭਾਈ ਸਾਹਿਬ ਨੂੰ ਦੇਗ ਨਾ ਲੈਂਦਿਆਂ ਦੇਖਿਆ ਸੀ। ਇਕ ਦਿਨ ਉਨ੍ਹਾਂ ਨੇ ਆਪਣੇ ਸੇਵਾਦਾਰ ਨੂੰ ਭਾਈ ਸਾਹਿਬ ਜੀ ਦੇ ਘਰ ਇਹ ਦੱਸਣ ਲਈ ਭੇਜਿਆ ਕਿ ਸੰਤ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਦਰਸ਼ਨ ਦਿੱਤੇ ਹਨ ਅਤੇ ਗੁਰੂ ਸਾਹਿਬ ਜੀ ਨੇ ਸੰਤ ਜੀ ਨੂੰ ਹਦਾਇਤ ਕੀਤੀ ਹੈ ਕਿ ਉਹ ਭਾਈ ਅਵਤਾਰ ਸਿੰਘ ਜੀ ਨੂੰ ਦੱਸ ਦੇਣ ਕਿ ਭਾਈ ਸਾਹਿਬ ਸਰਬਲੋਹ ਰਹਿਤ ਦਾ ਫ਼ਿਕਰ ਨਾ ਕਰਿਆ ਕਰਨ ਤੇ ਡੇਰੇ ਵਿੱਚੋਂ ਦੇਗ ਛਕ ਲਿਆ ਕਰਨ।

ਭਾਈ ਸਾਹਿਬ ਜੀ ਇਹ ਸੁਣ ਕੇ ਘਬਰਾ ਗਏ। ਉਨ੍ਹਾਂ ਸੋਚਿਆ ਕਿ ਗੁਰੂ ਸਾਹਿਬ ਜੀ ਨੇ ਇਹ ਹੁਕਮ ਉਨ੍ਹਾਂ ਨੂੰ ਆਪ ਸਿੱਧਾ ਕਿਉਂ ਨਹੀਂ ਕੀਤਾ। ਫਿਰ ਵੀ ਉਨ੍ਹਾਂ ਨੇ ਸੇਵਾਦਾਰ ਨੂੰ ਅਗਲੇ ਦਿਨ ਵਾਪਸ ਆਉਣ ਲਈ ਕਿਹਾ। ਭਾਈ ਸਾਹਿਬ ਜੀ ਨੇ ਸੇਵਾਦਾਰ ਨੂੰ ਕਿਹਾ ਕਿ ਉਹ ਗੁਰੂ ਸਾਹਿਬ ਜੀ ਨਾਲ ਸਿੱਧਾ ਇਸ ਗੱਲ ਦੀ ਪੁਸ਼ਟੀ ਕਰਨਾ ਚਾਹੁੰਦੇ ਹਨ। ਅਗਲੇ ਦਿਨ ਉਸ ਸੇਵਾਦਾਰ ਦੇ ਮੁੜ ਕੇ ਆਉਣ 'ਤੇ ਭਾਈ ਸਾਹਿਬ ਜੀ ਨੇ ਸੇਵਾਦਾਰ ਨੂੰ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੁਸ਼ਟੀ ਕੀਤੀ ਹੈ ਕਿ ਜਿਸ ਕਿਸੇ ਨੇ ਵੀ ਉਨ੍ਹਾਂ ਨੂੰ ਸਰਬਲੋਹ ਛੱਡਣ ਲਈ ਕਿਹਾ ਹੈ, ਉਸ ਦੇ ਸਿਰ ਵਿਚ ਸੌ ਛਿੱਤਰ ਮਾਰੇ ਜਾਣ। ਭਾਈ ਸਾਹਿਬ ਜੀ ਨੇ ਸੇਵਾਦਾਰ ਨੂੰ ਕਿਹਾ ਕਿ ਉਹ ਸੰਤ ਜੀ ਨੂੰ ਦੱਸ ਦੇਣ ਕਿ ਉਹ ਗੁਰੂ ਸਾਹਿਬ ਜੀ ਦਾ ਹੁਕਮ ਪੂਰਾ ਕਰਨ ਲਈ ਜਲਦ ਹੀ ਆਉਣਗੇ।

ਸੇਵਾਦਾਰ ਨੇ ਭਾਈ ਸਾਹਿਬ ਦੀ ਕਹੀ ਗੱਲ ਸੰਤ ਜੀ ਨੂੰ ਆਣ ਦੱਸੀ। ਸੰਤ ਜੀ ਨੇ ਤੁਰੰਤ ਹੀ ਸੇਵਾਦਾਰ ਨੂੰ ਵਾਪਸ ਇਹ ਸੁਨੇਹਾ ਦੇ ਕੇ ਮੋੜ ਦਿੱਤਾ ਕਿ ਉਹ ਭਾਈ ਸਾਹਿਬ ਜੀ ਨੂੰ ਦੱਸ ਦੇਵੇ ਕਿ ਭਾਈ ਸਾਹਿਬ ਜੀ ਆਪਣੀ ਸਰਬਲੋਹ ਰਹਿਤ ਨਾ ਤਿਆਗਣ ਤੇ ਡੇਰੇ ਵਿਚ ਉਹ ਆਪਣੀ ਮਰਿਆਦਾ ਅਨੁਸਾਰ ਦੇਗ ਨਾ ਲਿਆ ਕਰਨ।

www.AKJ.Org

## ਸ਼ਹੀਦ ਭਾਈ ਅਵਤਾਰ ਸਿੰਘ ਜੀ ਅਤੇ ਜੰਗਲੀ ਪੱਤਿਆਂ ਦੀ ਸਬਜ਼ੀ

ਭਾਈ ਸ਼ੇਰ ਸਿੰਘ ਜੀ, ਜੋ ਕਿ ਇਸ ਵੇਲੇ ਵੈਨਕੂਵਰ ਵਿਚ ਰਹਿੰਦੇ ਹਨ, ਪੂਰਨ ਖ਼ਾਲਸਾ ਰਹਿਤ ਅਤੇ ਸਰਬਲੋਹ ਬਿਬੇਕ ਦੇ ਧਾਰਨੀ ਹਨ। ਉਨ੍ਹਾਂ ਨੇ ਭਾਈ ਅਵਤਾਰ ਸਿੰਘ ਜੀ ਦੀ ਕਈ ਸਾਲ ਸੰਗਤ ਕੀਤੀ ਹੈ। ਉਨ੍ਹਾਂ ਨੇ ਭਾਈ ਅਵਤਾਰ ਸਿੰਘ ਜੀ ਨਾਲ ਬਿਤਾਏ ਸਮੇਂ ਦੇ ਕੁਝ ਅਨੁਭਵ ਸਾਡੇ ਨਾਲ ਸਾਂਝੇ ਕੀਤੇ ਹਨ। ਇਕ ਵਾਰ ਉਹ ਕਿਤੇ ਪੈਦਲ ਜਾ ਰਹੇ ਸਨ ਤੇ ਸਿੰਘਾਂ ਨੂੰ ਭੁੱਖ ਲੱਗ ਗਈ। ਸਿੰਘਾਂ ਨੇ ਕਾਫ਼ੀ ਸਮੇਂ ਤੋਂ ਕੁਝ ਛਕਿਆ ਨਹੀਂ ਸੀ। ਭਾਈ ਅਵਤਾਰ ਸਿੰਘ ਜੀ ਤੇ ਬਾਕੀ ਸਿੰਘਾਂ ਨੇ ਕਿਸੇ ਉਚਿਤ ਸਥਾਨ ’ਤੇ ਆਰਾਮ ਕਰਨ ਦਾ ਫ਼ੈਸਲਾ ਕੀਤਾ। ਉਥੇ ਨੇੜੇ ਤੇੜੇ ਕੋਈ ਸ਼ਹਿਰ ਜਾਂ ਪਿੰਡ ਨਹੀਂ ਸੀ। ਸਿੰਘਾਂ ਨੇ ਇਕ ਜਗ੍ਹਾ ਬੈਠ ਕੇ ਪਾਠ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਈ ਅਵਤਾਰ ਸਿੰਘ ਜੀ ਜੰਗਲ ਵੱਲ ਚਲੇ ਗਏ ਤੇ ਉਥੋਂ ਪੱਤੇ ਅਤੇ ਝਾੜੀਆਂ ਇਕੱਠੀਆਂ ਕਰ ਕੇ ਵਾਪਸ ਲਿਆਏ। ਭਾਈ ਸਾਹਿਬ ਜੀ ਨੇ ਲਾਗੇ ਟੋਭੇ ਵਿੱਚੋਂ ਪਾਣੀ ਲੈ ਕੇ ਜੰਗਲੀ ਪੱਤਿਆਂ ਤੇ ਝਾੜੀਆਂ ਨੂੰ ਸਾਫ਼ ਕੀਤਾ ਤੇ ਉਨ੍ਹਾਂ ਨੂੰ ਪਾਣੀ ਵਿਚ ਰਿੰਨ੍ਹਣ ਲੱਗ ਪਏ। ਪੱਤਿਆਂ ਨੂੰ ਪਕਾਉਣ ਦੇ ਨਾਲ ਨਾਲ ਭਾਈ ਅਵਤਾਰ ਸਿੰਘ ਜੀ ਨਾਮ ਸਿਮਰਨ ਤੇ ਗੁਰਬਾਣੀ ਦਾ ਪਾਠ ਕਰਦੇ ਰਹੇ।

ਭਾਈ ਸ਼ੇਰ ਸਿੰਘ ਜੀ ਨੇ ਸਾਨੂੰ ਦੱਸਿਆ ਕਿ ਪਹਿਲਾਂ ਤਾਂ ਸਿੰਘ ਜੰਗਲੀ ਪੱਤਿਆਂ ਤੇ ਝਾੜੀਆਂ ਦੀ ਸਬਜ਼ੀ ਨੂੰ ਖਾਣ ਤੋਂ ਹਿਚਕਿਚਾਉਂਦੇ ਰਹੇ ਪਰ ਜਦੋਂ ਉਨ੍ਹਾਂ ਨੇ ਸਬਜ਼ੀ ਖਾਧੀ ਤਾਂ ਸਿੰਘਾਂ ਨੂੰ ਬਹੁਤ ਸੁਆਦ ਲੱਗੀ। ਇਸ ਵਿਲੱਖਣ ਸਬਜ਼ੀ ਵਿਚ ਕੋਈ ਲੂਣ, ਮਸਾਲਾ ਜਾਂ ਤੜਕਾ ਨਹੀਂ ਸੀ, ਬੱਸ ਭਾਈ ਅਵਤਾਰ ਸਿੰਘ ਜੀ ਦੀ ਕਮਾਈ ਤੇ ਗੁਰਬਾਣੀ ਦੇ ਪਾਠ ਕਰਕੇ ਹੀ ਸਬਜ਼ੀ ਇੰਨੀ ਸਵਾਦ ਬਣੀ ਸੀ। ਭਾਈ ਅਵਤਾਰ ਸਿੰਘ ਜੀ ਕਿਹਾ ਕਰਦੇ ਸਨ ਕਿ ਸਰਬਲੋਹੀ ਸਿੰਘਾਂ ਨੂੰ ਖਾਣੇ ਦੇ ਸੁਆਦ ਨੂੰ ਤਿਆਗ ਦੇਣਾ ਚਾਹੀਦਾ ਹੈ।

www.AKJ.Org





ਭਾਈ ਰਘਬੀਰ ਸਿੰਘ ਜੀ ਭੱਗੂਪੁਰ

www.AKJ.Org

# ਸ਼ਹੀਦ ਭਾਈ ਰਘਬੀਰ ਸਿੰਘ ਜੀ ਭੱਗੂਪੁਰ

*—ਭਾਈ ਕਿਰਪਾਲ ਸਿੰਘ ਜੀ ਸ਼ਾਹਪੁਰ, ਅੰਬਾਲਾ ਛਾਉਣੀ*

ਸ਼ਹੀਦ ਭਾਈ ਰਘਬੀਰ ਸਿੰਘ ਜੀ ਦਾ ਜਨਮ ਪਿੰਡ ਭੱਗੂਪੁਰ, ਤਹਿਸੀਲ ਤੇ ਥਾਣਾ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਰਦਾਰ ਨਵਾਬ ਸਿੰਘ ਦੇ ਘਰ 10-3-1949 ਨੂੰ ਹੋਇਆ। ਮੁੱਢਲੀ ਵਿੱਦਿਆ ਇਨ੍ਹਾਂ ਆਪਣੇ ਪਿੰਡ ਵਿਚ ਅੱਠਵੀਂ ਤਕ ਪ੍ਰਾਪਤ ਕੀਤੀ ਤੇ 1963 ਵਿਚ ਫ਼ੌਜ ਦੀ ਬੱਚਾ ਕੰਪਨੀ ਬੰਬੇ ਇੰਜੀਨੀਅਰਿੰਗ ਗਰੁੱਪ, ਕਿਰਕੀ, ਪੂਨਾ ਵਿਖੇ ਭਰਤੀ ਹੋਏ। ਪੰਜ ਸਾਲ ਨੌਕਰੀ ਕਰ ਕੇ 1968 ਵਿਚ ਫ਼ੌਜ ਤੋਂ ਨਾਮ ਕਟਵਾ ਕੇ ਪਟਿਆਲੇ ਆ ਗਏ।

ਦਾਸ ਦਾ ਪਹਿਲਾ ਮਿਲਾਪ ਭਾਈ ਸਾਹਿਬ ਨਾਲ ਕਿਰਕੀ, ਪੂਨਾ ਵਿਖੇ 14-12-1966 ਨੂੰ ਹੋਇਆ, ਜਦੋਂ ਕਿ ਦਾਸ ਫ਼ੌਜ ਵਿਚ ਸੇਵਾ ਕਰਦਾ ਹੋਇਆ ਸਾਗਰ (ਮੱਧ ਪ੍ਰਦੇਸ਼) ਤੋਂ ਬਦਲੀ ਹੋ ਕੇ ਟ੍ਰੇਨਿੰਗ ਬਟਾਲੀਅਨ ਨੰਬਰ-1, ਬੰਬੇ ਇੰਜੀਨੀਅਰਿੰਗ ਗਰੁੱਪ ਵਿਚ ਗਿਆ ਸੀ। ਦਾਸ ਦਫ਼ਤਰ ਵਿਚ ਕਲਰਕ ਦੀ ਡਿਊਟੀ ਕਰ ਰਿਹਾ ਸੀ, ਭਾਈ ਸਾਹਿਬ ਇੰਜਣ ਫ਼ਿਟਰ ਸਨ, ਪਰ ਗੁਰੂ ਘਰ ਦੇ ਪ੍ਰੇਮੀ ਹੋਣ ਕਾਰਨ ਗੁਰਦੁਆਰੇ ਵਿਚ ਸੇਵਾਦਾਰ ਦੀ ਡਿਊਟੀ ’ਤੇ ਨਿਯੁਕਤ ਕੀਤੇ ਗਏ ਸਨ। ਉਨ੍ਹਾਂ ਦੇ ਪੂਰਬਲੇ ਕਰਮ ਉਦੈ ਹੋਣੇ ਸਨ, ਇਸ ਲਈ ਦਾਸ ਨੂੰ ਕੁਝ ਅਨੁਭਵ ਹੋਇਆ ਕਿ ਜੇ ਇਹ ਗੁਰੂ ਕੇ ਬਣ ਜਾਣ ਤਾਂ ਚੰਗਾ ਹੈ। ਹਫ਼ਤਾਵਾਰੀ ਕੀਰਤਨ ਸਮਾਗਮ ਪੂਨੇ ਵਿਚ ਪ੍ਰੋਫ਼ੈਸਰ ਬੇਅੰਤ ਸਿੰਘ ਜੀ ਦੀ ਅਗਵਾਈ ਹੇਠ ਚੱਲ ਰਹੇ ਸਨ। ਦਾਸ ਇਨ੍ਹਾਂ ਨੂੰ ਆਪਣੇ ਸੰਗ-ਸਾਥ ਹੀ ਕੀਰਤਨ ਸਮਾਗਮਾਂ ਵਿਚ ਲੈ ਜਾਣ ਦੀ ਪ੍ਰੇਰਨਾ ਕਰਦਾ ਰਿਹਾ। ਦਾਸ ਦੇ ਪਾਸ ਟੇਪ-ਰਿਕਾਰਡਰ ਸੀ। ਭਾਈ ਮਹਿੰਦਰ ਸਿੰਘ ਜੀ ਐੱਸ.ਡੀ.ਓ., ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਅਤੇ ਹੋਰ ਕਈ ਬੀਬੀਆਂ ਦੇ ਮਨੋਹਰ ਕੀਰਤਨ ਰੀਕਾਰਡ ਕੀਤੇ ਹੋਏ ਸਨ ਤੇ ਅਸੀਂ ਹਰ ਰੋਜ਼ ਹੀ ਤਕਰੀਬਨ ਇਕ ਮਹੀਨਾ ਨੇਮ ਨਾਲ ਸੁਣਦੇ ਰਹੇ। ਹੋਰ ਵੀ ਸਿੰਘ ਆ ਜਾਂਦੇ ਸਨ, ਕਿਉਂਕਿ ਪੂਨੇ ਵਿਚ ਕਾਫ਼ੀ ਪਿਆਰ ਵਾਲੇ ਸਿੰਘ ਸਨ। ਇਨ੍ਹਾਂ ਨੂੰ ਬਾਣੀ ਦੇ ਤੇ ਕੀਰਤਨ ਦੇ ਅਣਿਆਲੇ ਤੀਰ ਘਾਉ ਕਰ ਗਏ, ਜਿਸ ਦਾ ਸਦਕਾ ਇਨ੍ਹਾਂ ਨੇ ਕੁਝ ਦਿਨਾਂ ਵਿਚ ਨਿਤਨੇਮ ਦੀਆਂ ਬਾਣੀਆਂ ਕੰਠ ਕਰ ਲਈਆਂ ਤੇ ਪੰਜ ਕਕਾਰੀ ਰਹਿਤ ਵਿਚ ਪਰਪੱਕ ਹੋ ਗਏ। ਇਕ ਦਿਨ ਬੇਨਤੀ ਕਰਨ ਲੱਗੇ : “ਜਿਨ੍ਹਾਂ ਸਿੰਘਾਂ ਦੇ ਤੁਸੀਂ ਰਸ-ਭਿੰਨੇ ਕੀਰਤਨ ਰੀਕਾਰਡ ਕੀਤੇ ਹਨ, ਉਨ੍ਹਾਂ ਦੇ ਪ੍ਰਤੱਖ ਦਰਸ਼ਨ-ਦੀਦਾਰੇ ਕਰਾਉ ਤੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਨਾਮ ਦੀ ਦਾਤ ਦੀ ਬਖ਼ਸ਼ਿਸ਼ ਕਰਾਉ।” ਦਾਸ ਨੇ ਬੇਨਤੀ ਕੀਤੀ ਕਿ ਇਸ ਵੈਸਾਖੀ ’ਤੇ ਲੁਧਿਆਣੇ ਜਾ ਕੇ ਪੰਚਾਂ ਦੇ ਪੇਸ਼ ਹੋ ਜਾਓ, ਬਖ਼ਸ਼ਿਸ਼ ਹੋ ਜਾਵੇਗੀ। ਉੱਤਰ

www.AKJ.Org

ਵਿਚ ਕਿਹਾ ਕਿ ਮੈਂ ਅਨਜਾਣ ਬੱਚਾ ਹਾਂ, ਮੈਨੂੰ ਕੋਈ ਜਾਣਦਾ ਨਹੀਂ ਹੈ, ਤੁਸੀਂ ਛੁੱਟੀ ਲੈ ਕੇ ਮੇਰੇ ਨਾਲ ਚੱਲੋ ਤੇ ਮੇਰੀ ਵਿਚੋਲਗੀ ਕਰੋ। ਦਾਸ ਦਾ ਓਦੋਂ ਪੱਕਾ ਟਿਕਾਣਾ ਲੁਧਿਆਣੇ ਹੀ ਸੀ।

ਭਾਈ ਸਾਹਿਬ ਜੀ ਨੂੰ ਛੁੱਟੀ ਦਾ ਅੜਿੱਕਾ ਪੈ ਗਿਆ ਤੇ ਕਹਿਣ ਲੱਗੇ, ਕੁਝ ਵੀ ਹੋਵੇ, ਮੈਂ ਹਰ ਹਾਲਤ ਵਿਚ ਵੈਸਾਖੀ ਨੂੰ ਲੁਧਿਆਣੇ ਹੋਵਾਂਗਾ, ਤੁਸੀਂ ਚੱਲੋ। ਦਾਸ ਨੂੰ ਤਾਂ ਦੋ ਮਹੀਨੇ ਦੀ ਛੁੱਟੀ ਮਿਲ ਗਈ ਤੇ ਅਸੀਂ ਦੋਵੇਂ ਪ੍ਰੋਫ਼ੈਸਰ ਬੇਅੰਤ ਸਿੰਘ ਜੀ ਪਾਸ ਗਏ। ਉਨ੍ਹਾਂ ਦਾ ਅਫ਼ਸਰਾਂ ਨਾਲ ਕਾਫ਼ੀ ਰਸੂਖ਼ ਸੀ। ਉਨ੍ਹਾਂ ਨੇ ਭਾਈ ਰਘਬੀਰ ਸਿੰਘ ਦੇ ਅਫ਼ਸਰ ਨੂੰ ਟੈਲੀਫ਼ੂਨ ਕੀਤਾ ਕਿ ਇਨ੍ਹਾਂ ਨੂੰ ਦਸ ਦਿਨ ਦੀ ਛੁੱਟੀ ਦੇ ਦਿਓ। ਇਸ ਤਰ੍ਹਾਂ ਇਕ ਘੰਟੇ ਦੇ ਅੰਦਰ ਹੀ ਛੁੱਟੀ ਮਨਜ਼ੂਰ ਹੋ ਗਈ ਅਤੇ ਅਸੀਂ ਦੋਨੋਂ 9-4-1967 ਨੂੰ ਗੱਡੀ 'ਤੇ ਸਵਾਰ ਹੋ ਕੇ 11-4-1967 ਨੂੰ ਅੰਮ੍ਰਿਤ ਵੇਲੇ ਲੁਧਿਆਣੇ ਪੁੱਜ ਗਏ। ਵੈਸਾਖੀ ਵਾਲੇ ਦਿਨ ਪੰਚਾਂ ਦੇ ਪੇਸ਼ ਕਰਵਾ ਦਿੱਤਾ ਤੇ ਭਾਈ ਰਘਬੀਰ ਸਿੰਘ ਜੀ ਨੂੰ ਅੰਮ੍ਰਿਤ ਨਾਮ ਦੀਆਂ ਦਾਤਾਂ ਪ੍ਰਾਪਤ ਹੋ ਗਈਆਂ। ਗੁਰਮਤਿ ਰਹਿਤ-ਰਹਿਣੀ ਵਿਚ ਪਰਪੱਕ ਹੋ ਗਏ ਅਤੇ ਮਨਮੁੱਖ ਸਨਬੰਧੀਆਂ ਨਾਲ ਨਾ-ਮਿਲਵਰਤਣ ਦੀ ਪੱਕੀ ਠਾਣ ਲਈ।

ਇਹ ਆਪਣੇ ਪਿੰਡ ਨਹੀਂ ਗਏ, ਵਾਪਸ ਪੂਨੇ ਪੁੱਜ ਗਏ ਤੇ ਨਾਮ-ਕਮਾਈ ਵਿਚ ਜੁੱਟ ਗਏ। ਦਾਸ ਜਦੋਂ ਦੋ ਮਹੀਨੇ ਦੀ ਛੁੱਟੀ ਕੱਟ ਕੇ ਪੁੱਜਾ ਤਾਂ ਦਰਸ਼ਨ ਕਰ ਕੇ ਗਦ ਗਦ ਹੋ ਗਿਆ। ਦਾਸ ਦੇ ਵੀ ਭਾਗ ਜਾਗੇ ਕਿ ਐਸੇ ਗੁਰੂ ਕੇ ਲਾਲ ਦੇ ਸੱਚੇ ਪਾਤਸ਼ਾਹ ਨੇ ਮਿਲਾਪ ਕਰਵਾਏ ਹਨ। ਭਾਈ ਸਾਹਿਬ ਜੀ ਬਾਰ੍ਹਾਂ ਵਜੇ ਦੇ ਪਿੱਛੋਂ ਕਦੀ ਨਹੀਂ ਸੌਂਦੇ ਸਨ, ਇਸ਼ਨਾਨ ਕਰ ਕੇ ਨਾਮ ਜਪਣ ਵਿਚ ਦਿਨ ਚੜ੍ਹੇ ਤਕ ਜੁਟੇ ਰਹਿੰਦੇ ਸਨ। ਉਹ ਆਪਣਾ ਪ੍ਰਸ਼ਾਦਾ ਆਪਣੇ ਹੱਥੀਂ ਆਪ ਹੀ ਸਜਾਇਆ ਕਰਦੇ ਸਨ, ਪਰ ਫ਼ੌਜ ਵਿਚ ਐਸਾ ਕਰਨਾ ਮਨ੍ਹਾ ਸੀ, ਇਸ ਲਈ ਉਨ੍ਹਾਂ ਨੂੰ ਪ੍ਰਸ਼ਾਦਾ ਆਪ ਸਜਾਣਾ ਬੰਦ ਕਰਨਾ ਪਿਆ। ਦਾਸ ਉਨ੍ਹਾਂ ਦਿਨਾਂ ਵਿਚ ਸਿੰਘਣੀ ਸਮੇਤ ਰਹਿੰਦਾ ਸੀ। ਦਾਸ ਨੇ ਬੇਨਤੀ ਕੀਤੀ ਕਿ ਪ੍ਰਸ਼ਾਦਾ ਸਾਡੇ ਘਰ ਛਕ ਲਿਆ ਕਰੋ ਤੇ ਉਹ ਛਕਦੇ ਰਹੇ।

ਪੂਨੇ ਦੇ ਇਕ ਸਿੰਘ ਭਾਈ ਗੁਰਚਰਨ ਸਿੰਘ ਜੀ ਨੇ ਆਪਣੇ ਘਰ ਸ੍ਰੀ ਅਖੰਡ ਪਾਠ ਆਰੰਭ ਕਰਵਾਇਆ ਜੋ 23-12-1967 ਤੋਂ 25-12-1967 ਤਕ ਹੋਇਆ। ਭਾਈ ਰਘਬੀਰ ਸਿੰਘ ਜੀ 'ਤੇ ਅਕਾਲ ਪੁਰਖ ਦੀ ਕ੍ਰਿਪਾ ਹੋਈ, ਇਨ੍ਹਾਂ ਨੇ ਇੱਕੋ ਚੌਂਕੜੇ ਵਿਚ ਬੈਠ ਕੇ ਸਾਰਾ ਅਖੰਡ ਪਾਠ ਬਿਨਾਂ ਅੰਨ-ਜਲ ਦੇ ਸ੍ਵਣ ਕੀਤਾ। ਭੋਗ ਉਪਰੰਤ ਛੇ ਘੰਟੇ ਕੀਰਤਨ ਉਸੇ ਚੌਂਕੜੇ ਵਿਚ ਕੀਤਾ। ਕੋਈ ਥਕਾਵਟ ਮਹਿਸੂਸ ਨਹੀਂ ਕੀਤੀ। ਆਪ ਘੰਟਿਆਂ ਬੱਧੀ ਕੰਠਾਗਰ ਕੀਰਤਨ ਕਰਦੇ ਰਹਿੰਦੇ ਸਨ ਅਤੇ ਤਕੜੇ ਅਖੰਡ ਪਾਠੀ ਵੀ ਸਨ। ਪਰਮਾਰਥ ਸਿੱਧੀ ਦੀ ਆਪ ਨੂੰ ਇਤਨੀ ਲਗਨ ਸੀ ਕਿ ਆਪ ਨੇ ਥੋੜ੍ਹੇ ਸਮੇਂ ਵਿਚ ਹੀ ਨਿਤਨੇਮ ਤੋਂ ਇਲਾਵਾ ਸੁਖਮਨੀ ਸਾਹਿਬ, ਆਸਾ ਕੀ ਵਾਰ, ਬਸੰਤ ਕੀ ਵਾਰ, ਸਤੇ ਬਲਵੰਡ ਕੀ ਵਾਰ, ਸ਼ਬਦ ਹਜ਼ਾਰੇ ਪਾ: ੧੦, ਸਵਯੇ ਦੀਨਨ ਕੇ ਪ੍ਰਤਿਪਾਲ ਕਰੈ, ਚੌਪਈ ਪ੍ਰਣਵੋ ਆਦਿ, ਅਕਾਲ ਉਸਤਤ, ਬਾਰਹਮਾਹਾ ਮਾਝ ਤੇ ਤੁਖਾਰੀ, ਸਲੋਕ ਮਹਲਾ ੯, ਗੂਜਰੀ ਕੀ ਵਾਰ ਮਹਲਾ ੫ ਅਤੇ ਹੋਰ ਬੇਅੰਤ ਸ਼ਬਦ ਕੰਠਾਗਰ ਕਰ ਲਏ, ਜਿਨ੍ਹਾਂ ਦਾ ਰੋਜ਼ ਪਾਠ ਕਰਦੇ ਸਨ।

www.AKJ.Org

ਕੁਝ ਸਮੇਂ ਪਿੱਛੋਂ ਉਹ ਮਿਲਟਰੀ ਸਰਵਿਸ ਤੋਂ ਉਪਰਾਮ ਹੋ ਗਏ। ਉਨ੍ਹਾਂ ਦੇ ਵੱਡੇ ਭਰਾ ਕੈਪਟਨ ਪਿਆਰਾ ਸਿੰਘ ਜੀ ਨੇ ਭਾਈ ਸਾਹਿਬ ਨੂੰ ਕੋਸ਼ਿਸ਼ ਕਰ ਕੇ ਡਿਸਚਾਰਜ ਕਰਵਾ ਲਿਆ ਤੇ ਡਿਊਟੀ ਲਾਈ ਕਿ ਤੁਸੀਂ ਹੁਣ ਪਿੰਡ ਜਾ ਕੇ ਖੇਤੀ-ਬਾੜੀ ਦਾ ਕੰਮ ਸੰਭਾਲ ਲਵੋ, ਕਿਉਂਕਿ ਪਿੱਛੇ ਕੰਮ ਕਰਨ ਵਾਲਾ ਕੋਈ ਨਹੀਂ ਸੀ।

ਭਾਈ ਸਾਹਿਬ ਜੀ ਨੇ ਕਿਹਾ ਕਿ ਮੈਂ ਪਿੰਡ ਨਹੀਂ ਜਾਣਾ, ਉਥੇ ਦਾ ਵਾਤਾਵਰਣ ਠੀਕ ਨਹੀਂ ਹੈ। ਘਰ ਜਾਣ ਨਾਲ ਮੇਰਾ ਸਭ ਕੁਝ ਖ਼ਤਮ ਹੋ ਜਾਏਗਾ। ਦਾਸ ਨੇ ਤੇ ਪ੍ਰੋਫ਼ੈਸਰ ਬੇਅੰਤ ਸਿੰਘ ਜੀ ਨੇ ਪਟਿਆਲੇ 'ਸੂਰਾ ਪ੍ਰਿੰਟਿੰਗ ਪ੍ਰੈੱਸ' ਵਿਚ ਭੇਜ ਦਿੱਤਾ ਕਿਉਂਕਿ 'ਸੂਰਾ' ਪ੍ਰੈੱਸ ਵਿਚ ਇਕ ਕੰਪਾਜ਼ੀਟਰ ਦੀ ਲੋੜ ਸੀ।

60 ਰੁਪਏ ਮਹੀਨੇ 'ਤੇ ਸੂਰਾ ਪ੍ਰਿੰਟਿੰਗ ਪ੍ਰੈੱਸ ਵਿਚ ਕੰਮ ਕਰਨਾ ਆਰੰਭ ਕਰ ਦਿੱਤਾ। ਪ੍ਰਸ਼ਾਦਾ ਹਮੇਸ਼ਾਂ ਆਪ ਹੀ ਸਜਾਇਆ ਕਰਦੇ ਸਨ। ਉਸ ਦੇ ਪਿੱਛੋਂ ਪ੍ਰਕਾਸ਼ ਪ੍ਰਿੰਟਿੰਗ ਪ੍ਰੈੱਸ ਵਿਚ ਵੀ ਕੰਮ ਕਰਦੇ ਰਹੇ। ਇਨ੍ਹਾਂ ਨੂੰ ਪੜ੍ਹਾਈ ਕਰਨ ਦਾ ਪਹਿਲਾਂ ਤੋਂ ਹੀ ਬਹੁਤ ਸ਼ੌਂਕ ਸੀ। ਪੜ੍ਹਾਈ ਕਰਨੀ, ਪ੍ਰਸ਼ਾਦਾ ਸਜਾਉਣਾ, ਆਪਣਾ ਨਿਤਨੇਮ ਵੀ ਰੋਜ਼ਾਨਾ ਕਰਨਾ ਤੇ ਫਿਰ ਸਾਰਾ ਦਿਨ ਪ੍ਰੈੱਸ ਵਿਚ ਵੀ ਡਿਊਟੀ ਕਰਨੀ, ਇਹ ਸਾਰਾ ਕੰਮ ਬੜਾ ਕਠਨ ਸੀ, ਇਸ ਲਈ ਆਪ ਜੀ ਨੂੰ ਨੌਕਰੀ ਛੱਡਣੀ ਪਈ, ਕੇਵਲ ਨਾਮ-ਕਮਾਈ ਅਤੇ ਪੜ੍ਹਾਈ ਕਰਨ ਵਿਚ ਜੁੱਟ ਗਏ। ਉਹ ਅੰਮ੍ਰਿਤ ਵੇਲੇ ਦੀ ਸੰਭਾਲ ਵਿਚ ਬਹੁਤ ਪਰਪੱਕ ਸਨ ਅਤੇ ਅੰਮ੍ਰਿਤ ਵੇਲਾ ਉਨ੍ਹਾਂ ਲਈ ਸਭ ਕੁਝ ਸੀ। ਉਨ੍ਹਾਂ ਨੂੰ ਇਤਨੀਆਂ ਬਾਣੀਆਂ ਕੰਠ ਸਨ ਕਿ ਉਨ੍ਹਾਂ ਦਾ ਨਿਤਨੇਮ ਕਈ ਘੰਟਿਆਂ ਤਾਈਂ ਚੱਲਦਾ ਰਹਿੰਦਾ ਸੀ। 1968 ਤੋਂ 1973 ਤਕ ਖ਼ੂਬ ਨਾਮ-ਕਮਾਈ ਤੇ ਦੁਨਿਆਵੀ ਪੜ੍ਹਾਈ ਕੀਤੀ। ਦਾਸ ਵੀ 7 ਫ਼ਰਵਰੀ 1970 ਨੂੰ ਪੈਨਸ਼ਨ 'ਤੇ ਆ ਗਿਆ ਸੀ।

ਇਸ ਸਮੇਂ ਭਾਈ ਮਹਿੰਦਰ ਸਿੰਘ ਜੀ ਐੱਸ.ਡੀ.ਓ. ਦੀ ਅਗਵਾਈ ਵਿਚ 9 ਅਕਤੂਬਰ 1970 ਤੋਂ 1 ਨਵੰਬਰ 1970 ਤਕ ਗੁਰਮਤਿ ਪ੍ਰਚਾਰ ਇਲਾਕੇ ਵਿਚ ਫਿਰ ਕੇ ਕੀਤਾ ਗਿਆ। ਭਾਈ ਰਘਬੀਰ ਸਿੰਘ ਜੀ ਤੇ ਭਾਈ ਫ਼ੌਜਾ ਸਿੰਘ ਜੀ ਇਸ ਪ੍ਰਚਾਰ ਫੇਰੀ ਸਮੇਂ ਅੰਮ੍ਰਿਤ ਸੰਚਾਰ ਸਮਾਗਮਾਂ ਵਿਚ ਪੰਜ ਪਿਆਰਿਆਂ ਦੀ ਸੇਵਾ ਨਿਭਾਉਂਦੇ ਰਹੇ।

ਇਨ੍ਹਾਂ ਨੇ ਬਹੁਤਾ ਸਮਾਂ ਪਟਿਆਲੇ ਵਿਖੇ ਭਾਈ ਮਨੋਹਰ ਸਿੰਘ ਜੀ ਰੈੱਡ ਕਰਾਸ ਅਤੇ ਭਾਈ ਸੁਰਜੀਤ ਸਿੰਘ ਜੀ ਟਰੱਕਾਂ ਵਾਲਿਆਂ ਨਾਲ ਬਿਤਾਇਆ। ਕੁਝ ਸਮਾਂ ਦਾਸ ਦੇ ਪਾਸ ਲੁਧਿਆਣੇ ਰਹਿ ਕੇ ਵੀ ਪੜ੍ਹਾਈ ਕੀਤੀ। ਪੜ੍ਹਾਈ ਦਾ ਵੇਰਵਾ ਇਸ ਤਰ੍ਹਾਂ ਹੈ: ਮੈਟ੍ਰਿਕ, ਗਿਆਨੀ ਤੇ ਬੀ.ਏ.।

ਸਮਾਗਮਾਂ ਸਮੇਂ ਲੰਗਰ ਦੀ ਸੇਵਾ ਬੜੇ ਪਿਆਰ ਨਾਲ ਕਰਿਆ ਕਰਦੇ ਸਨ। ਜਦੋਂ ਦਾਸ ਨੇ ਘਰ ਵਿਚ ਸਮਾਗਮ ਰਖਵਾਉਣਾ ਤਾਂ ਇਨ੍ਹਾਂ ਨੇ ਲੰਗਰ ਦੀ ਸੇਵਾ ਬੜੇ ਚਾਅ ਤੇ ਉਤਸ਼ਾਹ ਨਾਲ ਨਿਭਾਉਣੀ। ਦਾਸ ਨੇ ਪੜ੍ਹਾਈ ਦੇ ਦੌਰਾਨ ਉਨ੍ਹਾਂ ਨੂੰ ਖ਼ਰਚ ਵਗ਼ੈਰਾ ਦੀ ਕੋਈ ਔਕੜ ਨਹੀਂ ਆਉਣ ਦਿੱਤੀ। ਸੱਚੇ ਪਾਤਸ਼ਾਹ ਨੇ ਪ੍ਰੇਰਨਾ ਕਰ ਕੇ ਇਹ ਦਾਸ ਦੀ ਡਿਊਟੀ ਲਾਈ ਹੋਈ ਸੀ। ਆਪ 1-11-1973 ਨੂੰ ਪਟਿਆਲਾ ਯੂਨੀਵਰਸਿਟੀ ਵਿਚ ਕਲਰਕ ਨਿਯੁਕਤ ਕੀਤੇ ਗਏ। 1-2-1975 ਤੋਂ ਪੰਜਾਬ ਐਂਡ

www.AKJ.Org

ਸਿੰਧ ਬੈਂਕ ਵਿਚ ਸਰਵਿਸ ਮਿਲ ਗਈ। ਸ਼ਹੀਦ ਹੋਣ ਤਕ ਪੰਜਾਬ ਐਂਡ ਸਿੰਧ ਬੈਂਕ ਸੁਨਾਮ, ਜ਼ਿਲ੍ਹਾ ਸੰਗਰੂਰ ਵਿਚ ਲੱਗੇ ਰਹੇ। ਦਾਸ ਨਾਲ ਆਪ ਦਾ ਬਹੁਤ ਪਿਆਰ ਸੀ ਅਤੇ ਦਾਸ ਨੂੰ ਪਿਤਾ ਸਮਾਨ ਸਮਝਦੇ ਸਨ।

ਆਪ ਬੜੇ ਮਿੱਠ-ਬੋਲੜੇ ਤੇ ਮਿਲਾਪੜੇ ਸੁਭਾਅ ਵਾਲੇ ਸਨ ਅਤੇ ਹਰਮਨ ਪਿਆਰੇ ਸਨ। ਖਿੜਿਆ ਹੋਇਆ ਹਸੂੰ-ਹਸੂੰ ਕਰਦਾ ਚਿਹਰਾ ਦੇਖਣ ਵਾਲਿਆਂ ਨੂੰ ਮੋਹ ਲੈਂਦਾ ਸੀ। ਆਪ ਬੜੇ ਬੈਰਾਗੀ, ਤਿਆਗੀ ਸਨ ਅਤੇ ਬੜੀ ਬਿਹਬਲਤਾ ਵਿਚ ਸਤਿਗੁਰਾਂ ਅੱਗੇ ਅਰਦਾਸ ਕਰਦੇ ਹੋਏ ਅੱਧਾ ਅੱਧਾ ਘੰਟਾ ਰੁਦਨ ਕਰਦੇ ਰਹਿੰਦੇ ਸਨ। ਅੰਮ੍ਰਿਤ ਵੇਲੇ ਘੰਟਿਆਂ ਬੱਧੀ ਜੁੱਟ ਕੇ ਨਾਮ-ਅਭਿਆਸ ਦਾ ਜ਼ੋਰੋ-ਜ਼ੋਰ ਖੰਡਾ ਖੜਕਾਉਣਾ। ਨਾਮ ਦੀ ਇਉਂ ਗੂੰਜ ਪੈਣੀ ਕਿ ਕਈ ਸਿੰਘ ਮਿਲ ਕੇ ਖੰਡਾ ਖੜਕਾ ਰਹੇ ਹੋਣ। ਇਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਸੁਨਾਮ ਵਿਚ ਕਈ ਸਿੰਘ ਸਜੇ ਅਤੇ ਕਈਆਂ ਨੂੰ ਪਰਮਾਰਥ ਦੀ ਲਾਗ ਲੱਗੀ। ਦਾਨੀ ਇੰਨੇ ਸਨ ਕਿ ਸ਼ਹੀਦ ਹੋਣ ਉਪਰੰਤ ਇਨ੍ਹਾਂ ਨਮਿੱਤ ਰੱਖੇ ਪਾਠ ਦੇ ਭੋਗ ਸਮੇਂ ਕਿਸੇ ਵਿਅਕਤੀ ਨੇ ਸ਼ਰਧਾਂਜਲੀ ਦਿੰਦਿਆਂ ਇਨ੍ਹਾਂ ਪ੍ਰਥਾਇ ਇਹ ਸ਼ਬਦ ਕਹੇ ਕਿ ਗੁਰਸਿੱਖ ਨੂੰ ਆਪਣੀ ਕਮਾਈ ਵਿੱਚੋਂ ਦਸਵੰਧ ਕੱਢਣ ਦਾ ਹੁਕਮ ਹੈ, ਪਰ ਇਹ ਗੁਰੂ ਕੇ ਲਾਲ ਅਜਿਹੇ ਸਨ ਕਿ ਦਸਵੰਧ ਨਾਲ ਤਾਂ ਆਪਣਾ ਨਿਰਬਾਹ ਕਰਦੇ ਸਨ ਅਤੇ ਬਾਕੀ ਸਾਰੀ ਮਾਇਆ ਗੁਰੂ ਕੇ ਲੇਖੇ ਲਾ ਦਿੰਦੇ ਸਨ।

ਉਨ੍ਹਾਂ ਦਾ ਅਨੰਦ ਕਾਰਜ 18-10-1975 ਨੂੰ ਬੀਬੀ ਹਰਦੇਵ ਕੌਰ ਸਪੁੱਤਰੀ ਸ. ਰਾਮ ਸਿੰਘ (ਰਿਟਾਇਰਡ ਕੈਪਟਨ) ਪਿੰਡ ਬੁਤਾਲਾ, ਜ਼ਿਲ੍ਹਾ ਕਪੂਰਥਲਾ ਨਾਲ ਹੋਇਆ। ਇਹ ਅਨੰਦ ਕਾਰਜ ਵੀ ਆਪਣੀ ਮਿਸਾਲ ਆਪ ਹੀ ਸੀ। ਆਮ ਸੰਸਾਰੀਆਂ ਵਾਂਗ ਨਾ ਕੋਈ ਜੰਞ ਸੀ ਤੇ ਨਾ ਕੋਈ ਮਨਮੁਖੀ ਵਿਆਹਾਂ ਵਾਲੇ ਅਡੰਬਰ ਸਨ। ਇਕ ਆਪ ਅਤੇ ਦੂਜੇ ਉਨ੍ਹਾਂ ਦੇ ਪਿਤਾ ਜੀ ਸਨ। ਹੋਰ ਚਾਰ ਗੁਰਸਿੱਖ ਨਾਲ ਸਨ ਤੇ ਬੱਸ ਇਹੋ ਜੰਞ ਸੀ। ਨਾ ਕੋਈ ਵਾਜੇ-ਗਾਜੇ ਤੇ ਨਾ ਕੋਈ ਮਿਲਣੀ-ਗਿਲਣੀ।

ਬੀਬੀ ਜੀ ਵੀ ਆਪਣੀ ਰਹਿਤ-ਰਹਿਣੀ ਵਿਚ ਪਰਪੱਕ ਸਨ। ਭਾਈ ਸਾਹਿਬ ਦੀ ਸੰਗਤ ਨਾਲ ਸਿੱਖੀ ਦਾ ਰੰਗ ਹੋਰ ਗੂੜ੍ਹਾ ਚੜ੍ਹ ਗਿਆ। ਬੀਬੀ ਜੀ ਵੀ ਗੁਰਮੁਖੀ ਬਾਣੇ ਵਿਚ ਰਹਿਣ ਲੱਗ ਪਏ।

ਭਾਈ ਰਘਬੀਰ ਸਿੰਘ ਜੀ ਸੁਨਾਮ ਵਿਚ ਸਵਾ ਤਿੰਨ ਸਾਲ ਰਹੇ ਅਤੇ ਇਨ੍ਹਾਂ ਦੇ ਉੱਦਮ ਨਾਲ ਉਥੇ ਹਰ ਸਾਲ ਰੈਣ ਸਬਾਈ ਕੀਰਤਨ ਚੜ੍ਹਦੀਆਂ ਕਲਾਂ ਵਿਚ ਹੁੰਦੇ ਰਹੇ।

ਸ਼ਹੀਦੀ ਪਾਉਣ ਤੋਂ ਮਹੀਨਾ ਕੁ ਪਹਿਲਾਂ ਭਾਈ ਰਘਬੀਰ ਸਿੰਘ ਜੀ ਨੇ ਇਕ ਰਾਤ੍ਰੀ ਸੁਪਨ-ਚਮਤਕਾਰ ਦੇਖਿਆ, ਜੋ ਇਉਂ ਹੈ:

ਉਸ ਨੇ ਡਿੱਠਾ ਕਿ ਇਕ ਪਾਸੇ ਕੁਝ ਦੇਵਤੇ ਖੜੇ ਹਨ ਅਤੇ ਦੂਸਰੇ ਪਾਸੇ ਰਾਕਸ਼ ਖੜੇ ਹਨ, ਜੋ ਇਸ ਨੂੰ ਘੇਰੀ ਬੈਠੇ ਹਨ। ਇਸ ਦੀ ਉਨ੍ਹਾਂ ਰਾਕਸ਼ਾਂ ਨਾਲ ਬੜੀ ਜ਼ਬਰਦਸਤ ਟੱਕਰ ਇਉਂ ਹੋ ਰਹੀ ਹੈ ਕਿ ਰਾਕਸ਼ ਆਪਣੇ ਜਾਦੂ-ਟੂਣੇ ਦੇ ਪ੍ਰਭਾਵ ਇਨ੍ਹਾਂ 'ਤੇ ਪਾ ਰਹੇ ਹਨ, ਜਿਸ ਨਾਲ ਇਨ੍ਹਾਂ ਦਾ ਸਰੀਰ ਭਾਰਾ ਤੇ ਸਿੱਥਲ ਹੁੰਦਾ ਜਾ ਰਿਹਾ

www.AKJ.Org

ਹੈ ਅਤੇ ਲੱਤਾਂ ਅਗਾਂਹ ਤੁਰਦੀਆਂ ਨਹੀਂ। ਦੂਰ ਖੜੇ ਦੇਵਤੇ ਇਉਂ ਕਹਿੰਦੇ ਸੁਣਾਈ ਦਿੰਦੇ ਹਨ ਕਿ ਗੁਰੂ ਕੇ ਸਿੰਘ ਦਾ ਮੁਕਾਬਲਾ ਆਦਮਖ਼ੋਰਾਂ ਨਾਲ ਪੈ ਗਿਆ ਹੈ, ਦੇਖੀਏ ਕੌਣ ਜਿੱਤਦਾ ਹੈ। ਇੰਨੇ ਨੂੰ ਭਾਈ ਰਘਬੀਰ ਸਿੰਘ ਜੀ ਉੱਚੀ ਉੱਚੀ ਨਾਮ-ਅਭਿਆਸ ਦਾ ਖੰਡਾ ਖੜਕਾਉਣ ਲੱਗ ਪਏ, ਜਿਸ ਨਾਲ ਉਨ੍ਹਾਂ ਦਾ ਸਰੀਰ ਹੌਲਾ ਹੋ ਗਿਆ ਤੇ ਆਪ ਛੜੱਪ ਦੇਵਤਿਆਂ ਵਿਚ ਜਾ ਰਲੇ। ਦੇਵਤਿਆਂ ਨੇ 'ਵਾਹ ਵਾਹ' ਤੇ 'ਧੰਨ ਗੁਰਸਿੱਖੀ' ਦੀਆਂ ਆਵਾਜ਼ਾਂ ਬੁਲੰਦ ਕੀਤੀਆਂ ਅਤੇ ਸ਼ਾਬਾਸ਼ ਦੇ ਥਾਪੜੇ ਦਿੱਤੇ। ਜਦੋਂ ਹੀ ਇਸ ਸੁਪਨੇ ਤੋਂ ਉਪਰੰਤ ਉਹ ਅੰਮ੍ਰਿਤ ਵੇਲੇ ਸਾਵਧਾਨ ਹੁੰਦੇ ਹਨ ਤਾਂ ਉਹ ਉੱਚੀ ਉੱਚੀ ਨਾਮ-ਖੰਡਾ ਖੜਕਾ ਰਹੇ ਹੁੰਦੇ ਹਨ।

ਆਪ ਜੀ ਸੁਨਾਮ ਤੋਂ ਹੀ ਅਖੰਡ ਕੀਰਤਨੀ ਜੱਥਿਆਂ ਦੇ ਵੈਸਾਖੀ ਸਮਾਗਮ ਵਿਚ ਸ਼ਾਮਲ ਹੋਣ ਲਈ ਸ੍ਰੀ ਅੰਮ੍ਰਿਤਸਰ ਪੁੱਜੇ। ਭਾਣੇ ਵਿਚ ਇਥੇ ਸ਼ਹੀਦੀ ਸਾਕੇ ਵਰਤ ਗਏ। ਸਤਿਗੁਰੂ ਦੇ ਹੁਕਮਾਂ ਤੋਂ ਘੋਲ-ਘੁਮਾਈ ਹੋਣ ਵਾਲੇ ਗੁਰ-ਚਰਨਾਂ ਦੇ ਪਤੰਗਿਆਂ ਨੇ ਜਿਉਂ ਹੀ ਇਹ ਮੰਦੀ ਸੋਇ ਸੁਣੀ ਕਿ ਸ੍ਰੀ ਅੰਮ੍ਰਿਤਸਰ ਦੀ ਪਾਵਨ ਧਰਤੀ ਵਿਚ ਖ਼ਾਲਸੇ ਦੇ ਜਨਮ-ਦਿਵਸ ਅਵਸਰ ਸਮੇਂ ਕੋਈ ਪਾਖੰਡੀ ਤੇ ਵਿਕਾਰੀ ਪੁਰਸ਼ ਜਲੂਸ ਕੱਢ ਕੇ ਗੁਰੂ-ਰੀਸੇ ਪਾਲਕੀ ਵਿਚ ਬੈਠ ਕੇ ਆਪਣੀ ਮਲ-ਮੂਤਰ ਦੀ ਦੇਹੀ ਉਪਰ ਚੌਰ ਕਰਵਾਉਂਦਾ ਹੋਇਆ, ਆਪਣੇ ਆਪ ਨੂੰ ਸਭ ਗੁਰੂ-ਪੀਰਾਂ ਤੋਂ ਵੱਡਾ ਜਣਾਉਂਦਾ ਫਿਰਦਾ ਹੈ ਅਤੇ ਇਉਂ ਕਹਿ ਕੇ ਗੁਰੂ ਘਰ ਦੀ ਘੋਰ ਨਿੰਦਾ ਕਰਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਤਾਂ ਪੰਜ ਪਿਆਰੇ ਸਾਜੇ ਸਨ, ਮੈਂ ਸੱਤ ਪਿਆਰੇ ਬਣਾਏ ਹਨ, ਤਾਂ "ਗੁਰ ਕੀ ਨਿੰਦਾ ਸੁਨਹਿ ਨ ਕਾਨ" ਦੇ ਹੁਕਮ ਅਨੁਸਾਰ ਉਨ੍ਹਾਂ ਦਾ ਖ਼ੂਨ ਖੌਲ ਉੱਠਿਆ ਅਤੇ ਉਹ ਨੰਗੇ ਪੈਰੀਂ ਹੀ ਉੱਠ ਭੱਜੇ। ਭਾਣੇ ਵਿਚ ਵਰ੍ਹਦੀਆਂ ਗੋਲੀਆਂ ਤੇ ਡਾਂਗਾਂ-ਤਲਵਾਰਾਂ ਦੀ ਮਾਰ ਵਿਚ ਸਨਮੁੱਖ ਜੂਝ ਗਏ। ਛਾਤੀ ਵਿਚ ਗੋਲੀਆਂ ਖਾਧੀਆਂ, ਮੱਥੇ 'ਤੇ ਫੱਟ ਸਹੇ ਅਤੇ ਡਾਂਗਾਂ ਨਾਲ ਹੱਡ ਤੋੜੇ ਗਏ, ਪਰ ਸੀ ਨਹੀਂ ਕੀਤੀ। ਭਾਈ ਅਵਤਾਰ ਸਿੰਘ ਜੀ ਵਾਂਗ ਆਪ ਵੀ ਚੜ੍ਹਦੀ ਕਲਾ ਵਿਚ ਸ਼ਹੀਦੀ ਪ੍ਰਾਪਤ ਕਰ ਗਏ।

**ਜਿਉ ਜਲ ਮਹਿ ਜਲੁ ਆਇ ਖਟਾਨਾ॥**
**ਤਿਉ ਜੋਤੀ ਸੰਗਿ ਜੋਤਿ ਸਮਾਨਾ॥** *(ਗਉੜੀ ਸੁਖਮਨੀ ਮ: ੫, ਪੰਨਾ 278)*

ਆਪ ਆਪਣੇ ਪਿੱਛੇ ਨੌਜੁਆਨ ਸਿੰਘਣੀ ਅਤੇ ਦੋ ਬੱਚੀਆਂ, ਇਕ ਦੀ ਉਮਰ ਡੇਢ ਸਾਲ ਤੇ ਦੂਜੀ ਦੀ ਕੇਵਲ ਪੰਜ ਮਹੀਨੇ ਸੀ, ਗੁਰੂ ਆਸਰੇ ਛੱਡ ਗਏ। ਬੀਬੀ ਜੀ ਮੈਟ੍ਰਿਕ ਪਾਸ ਹਨ, ਇਸ ਲਈ ਆਪ ਜੀ ਦੀ ਸ਼ਹੀਦੀ ਪਿੱਛੋਂ ਪੰਜਾਬ ਐਂਡ ਸਿੰਧ ਬੈਂਕ ਨੇ ਹਮਦਰਦੀ ਵਜੋਂ ਉਨ੍ਹਾਂ ਨੂੰ ਬੈਂਕ ਵਿਚ ਕੈਸ਼ੀਅਰ ਦੀ ਪੋਸਟ, ਜਿਸ ਉਪਰ ਭਾਈ ਸਾਹਿਬ ਜੀ ਆਪ ਕੰਮ ਕਰਦੇ ਸਨ, ਨਿਯੁਕਤ ਕਰ ਲਿਆ। ਉਹ ਰਿਟਾਇਰ ਹੋਣ ਤਕ ਨਡਾਲੇ ਬ੍ਰਾਂਚ ਵਿਚ ਕੰਮ ਕਰਦੇ ਰਹੇ। ਉਨ੍ਹਾਂ ਦੇ ਵੱਡੇ ਭਰਾ ਜੀ ਭਾਈ ਬਖ਼ਸ਼ੀਸ਼ ਸਿੰਘ ਜੀ ਵੀ ਬੈਂਕ ਵਿਚ ਲੰਬੀ ਨੌਕਰੀ ਕਰਨ ਤੋਂ ਬਾਅਦ ਮੈਨੇਜਰ ਦੇ ਪਦ ਤੋਂ ਸੇਵਾ-ਮੁਕਤ ਹੋਏ ਹਨ। ਉਨ੍ਹਾਂ ਨੇ ਸਾਰੀ ਨੌਕਰੀ ਗੁਰਮੁਖੀ ਨਿਹੰਗ ਬਾਣੇ ਵਿਚ

www.AKJ.Org

ਰਹਿ ਕੇ ਨਿਭਾਈ ਸੀ ਅਤੇ ਪੁਲਿਸ ਦੇ ਤਸ਼ੱਦਦ ਦਾ ਸ਼ਿਕਾਰ ਵੀ ਹੋਏ ਸਨ। ਜੂਨ 1984 ਵਿਚ ਸਾਕਾ ਨੀਲਾ ਤਾਰਾ ਫ਼ੌਜੀ ਕਾਰਵਾਈ ਦੌਰਾਨ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਸਥਿਤ ਬੈਂਕ ਦੀ ਬਰਾਂਚ ਵਿਚ ਨੌਕਰੀ ਕਰਦੇ ਸਮੇਂ ਗ੍ਰਿਫ਼ਤਾਰ ਕਰ ਕੇ ਜੋਧਪੁਰ ਜੇਲ੍ਹ ਵਿਚ ਭੇਜਿਆ ਗਿਆ ਸੀ, ਜਿਥੇ ਉਹ ਪੰਜ ਸਾਲ ਤੋਂ ਵੱਧ ਸਮਾਂ ਕੈਦ ਰਹੇ ਸਨ।

www.AKJ.Org

# ਸ਼ਹੀਦ ਭਾਈ ਕੇਵਲ ਸਿੰਘ ਜੀ, ਹੁਸ਼ਿਆਰਪੁਰ

*—ਭਾਈ ਹਰਮਿੰਦਰ ਸਿੰਘ ਜੀ, ਹੁਸ਼ਿਆਰਪੁਰ*

ਗੁਰਮੁਖ ਪਿਆਰੇ ਗੁਰੂ ਕੇ ਲਾਲ ਭਾਈ ਸਾਹਿਬ ਭਾਈ ਕੇਵਲ ਸਿੰਘ ਜੀ ਸ਼ਹੀਦ ਦਾ ਜਨਮ 8 ਮਾਰਚ 1953 ਨੂੰ ਹੁਸ਼ਿਆਰਪੁਰ ਸ਼ਹਿਰ ਦੇ ਮੁਹੱਲਾ ਪ੍ਰੇਮਗੜ੍ਹ ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸ. ਅਮਰ ਸਿੰਘ ਤੇ ਮਾਤਾ ਜੀ ਦਾ ਨਾਮ ਸੱਤਿਆ ਕੌਰ ਹੈ। ਬਚਪਨ ਦੇ 5-7 ਸਾਲ ਹੁਸ਼ਿਆਰਪੁਰ ਦੀਆਂ ਗਲੀਆਂ ਵਿਚ ਗੁਜ਼ਾਰੇ ਤੇ ਸੰਨ 1960 ਵਿਚ ਪਿਤਾ ਜੀ ਨਾਲ ਕਲਕੱਤੇ ਚਲੇ ਗਏ।

ਆਪ ਦੇ ਪਿਤਾ ਜੀ ਦੀ ਕਲਕੱਤੇ ਵਿਖੇ ਆਪਣੀ ਟ੍ਰਾਂਸਪੋਰਟ ਹੈ ਅਤੇ ਚੰਗਾ ਕਾਰੋਬਾਰ ਹੈ। ਉਥੇ ਆਪ ਨੂੰ ਪੜ੍ਹਨ ਲਈ ਸਕੂਲ ਵਿਚ ਪਾਇਆ ਗਿਆ, ਪਰ ਆਪ ਨੇ ਸਿਰਫ਼ ਚਾਰ ਜਮਾਤਾਂ ਹੀ ਪਾਸ ਕੀਤੀਆਂ। ਘਰਦਿਆਂ ਨੇ ਬੜਾ ਜ਼ੋਰ ਲਾਇਆ ਕਿ ਹੋਰ ਪੜ੍ਹਾਈ ਕਰ, ਪਰ ਆਪ ਦਾ ਸ਼ੌਕ ਦਸਤਕਾਰੀ ਵੱਲ ਬਹੁਤਾ ਸੀ, ਇਸ ਕਰਕੇ 1966 ਵਿਚ ਆਪ ਜੀ ਕਿਸ਼ਨ ਗੰਜ (ਬਿਹਾਰ) ਚਲੇ ਗਏ ਤੇ ਮੋਟਰ ਇਲੈਕਟ੍ਰੀਸ਼ੀਅਨ (electrician) ਦਾ ਕੰਮ ਸਿੱਖਣ ਲੱਗ ਪਏ। ਲਗਭਗ ਤਿੰਨ ਸਾਲ ਕੰਮ ਸਿੱਖਿਆ ਤੇ ਫਿਰ ਵਾਪਸ ਕਲਕੱਤੇ ਆ ਗਏ।

ਹੱਥੀਂ ਕੰਮ ਕਰਨ ਦੇ ਨਾਲ ਨਾਲ ਗੁਰੂ ਘਰ ਦੀ ਅਤੇ ਗੁਰਬਾਣੀ ਦੀ ਲਗਨ ਲੱਗੀ ਤੇ ਆਪ ਨੇ 1971-72 ਵਿਚ ਅਖੰਡ ਕੀਰਤਨੀ ਜੱਥਿਆਂ ਦੇ ਸਮਾਗਮ ਵਿਚ ਅੰਮ੍ਰਿਤ ਛਕਿਆ। ਕੰਮ ਸਿੱਖਣ ਤੋਂ ਬਾਅਦ ਆਪ ਨੇ ਕਿਤੇ ਨੌਕਰੀ ਨਹੀਂ ਕੀਤੀ, ਬਲਕਿ ਘਰਦਿਆਂ ਦੇ ਨਾਲ ਹੀ ਛੋਟੇ ਮੋਟੇ ਕੰਮ ਕਰਦੇ ਰਹੇ। ਵਾਹਿਗੁਰੂ ਦੀ ਕਰਨੀ ਐਸੀ ਹੋਈ ਕਿ ਆਪ ਜੀ ਉਥੇ ਸਖ਼ਤ ਬੀਮਾਰ ਹੋ ਗਏ। ਖ਼ੂਨ ਦੀਆਂ ਜ਼ਬਰਦਸਤ ਉਲਟੀਆਂ ਆਈਆਂ ਤੇ 72 ਘੰਟੇ ਬੇਹੋਸ਼ ਰਹੇ। 18 ਬੋਤਲਾਂ ਖ਼ੂਨ ਦੀਆਂ ਤੇ 7 ਬੋਤਲਾਂ ਗੁਲੂਕੋਜ਼ ਦੀਆਂ ਚੜ੍ਹਾਈਆਂ ਗਈਆਂ। ਫਿਰ ਵੀ ਨਿਰਾਸਤਾ ਹੀ ਹੋਈ। ਡਾਕਟਰਾਂ ਨੇ ਜੁਆਬ ਦੇ ਦਿੱਤਾ, ਪਰ ਵਾਹਿਗੁਰੂ ਨੇ ਤਾਂ ਇਸ ਪਿਆਰੇ ਕੋਲੋਂ ਹੋਰ ਹੀ ਸੇਵਾ ਲੈਣੀ ਸੀ। ਆਪਣੇ ਸੇਵਕ ਨੂੰ ਹੱਥ ਦੇ ਕੇ ਰੱਖਿਆ। ਭਾਈ ਸਾਹਿਬ ਜੀਵਨ ਸਿੰਘ ਜੀ ਰਾਗੀ, ਲੁਧਿਆਣੇ ਵਾਲਿਆਂ (ਜੋ ਉਸ ਸਮੇਂ ਤਖ਼ਤ ਸ੍ਰੀ ਪਟਨਾ ਸਾਹਿਬ ਹਜ਼ੂਰੀ ਰਾਗੀ ਦੀ ਸੇਵਾ ਨਿਭਾ ਰਹੇ ਸਨ) ਨੇ ਆਪ ਦੇ ਨਮਿੱਤ ਅਰਦਾਸ ਕੀਤੀ ਤੇ ਆਪ ਅਰੋਗ ਹੋ ਗਏ। ਫਿਰ ਕਲਕੱਤੇ ਤੋਂ ਹੁਸ਼ਿਆਰਪੁਰ ਆਏ। ਇਥੇ ਦਾਸ ਨਾਲ ਤੇ ਹੋਰ ਸਿੰਘਾਂ ਨਾਲ ਮੇਲ-ਮਿਲਾਪ ਹੋਇਆ ਅਤੇ ਗੁਰਸਿੱਖ ਸੰਗਤਾਂ ਵਿਚ ਵਿਚਰਨ ਲੱਗੇ।

ਆਪ ਜੀ ਇਕ ਬੀਰ-ਰਸੀ ਗੁਰਮੁਖ ਰੂਹ ਸਨ। ਅਸਾਂ ਦੋਹਾਂ ਨੇ ਸ਼ਸਤਰ-ਵਿੱਦਿਆ ਸਿੱਖਣ ਦਾ ਮਨ ਬਣਾਇਆ ਤੇ ਰੋਜ਼ਾਨਾ 7 ਮੀਲ ਦੀ ਦੂਰੀ 'ਤੇ





ਭਾਈ ਕੇਵਲ ਸਿੰਘ ਜੀ, ਹੁਸ਼ਿਆਰਪੁਰ

www.AKJ.Org

ਰਹਿੰਦੇ ਇਕ ਸਿੰਘ ਪਾਸੋਂ ਸ਼ਸਤਰ-ਵਿੱਦਿਆ ਸਿੱਖਣ ਜਾਂਦੇ ਰਹੇ। ਸਤਿਗੁਰੂ ਜੀ ਨੇ ਕਿਰਪਾ ਕੀਤੀ ਤੇ ਦਾਸਾਂ ਨੂੰ ਇਹ ਦਾਤ ਬਖ਼ਸ਼ੀ। ਕਿਉਂਕਿ ਬੀਮਾਰੀ ਵਿਚ ਆਪ ਦੇ ਪੇਟ ਦਾ ਆਪ੍ਰੇਸ਼ਨ ਹੋਇਆ ਤੇ ਰੋਮਾਂ ਦੀ ਬੇਅਦਬੀ ਵੀ ਹੋਈ ਸੀ, ਇਸ ਲਈ ਆਪ ਨੇ 1973 ਵਿਚ ਜਲੰਧਰ, ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਸਮਾਗਮ ਵਿਚ ਦੁਬਾਰਾ ਅੰਮ੍ਰਿਤ ਛਕਿਆ। ਇਸ ਤੋਂ ਬਾਅਦ ਗੁਰਸਿੱਖੀ ਦੀ ਤੀਬਰ ਲਗਨ ਲੱਗੀ। ਪੰਜ ਬਾਣੀਆਂ ਆਪ ਜੀ ਨੂੰ ਕੰਠ ਸਨ ਤੇ ਆਸਾ ਕੀ ਵਾਰ ਤੇ ਸੁਖਮਨੀ ਸਾਹਿਬ ਦਾ ਪਾਠ ਵੀ ਨਿੱਤ ਕਰਦੇ ਸਨ। ਹੋਰ ਵੀ ਬਾਣੀਆਂ ਦਾ ਪਾਠ ਆਪ ਕਰਿਆ ਕਰਦੇ ਸਨ। ਗੁਰਬਾਣੀ 'ਤੇ ਅਗਾਧ ਸ਼ਰਧਾ ਸੀ।

ਇਕ ਵਾਰ ਹੁਸ਼ਿਆਰਪੁਰ ਆਪਣੇ ਗ੍ਰਹਿ ਵਿਖੇ ਬੀਮਾਰ ਹੋ ਗਏ। ਪੇਟ ਵਿਚ ਸਖ਼ਤ ਦਰਦ ਸ਼ੁਰੂ ਹੋ ਗਿਆ। ਮਾਤਾ ਜੀ ਨੇ ਕਿਹਾ ਕਿ ਕਾਕਾ ਮੈਂ ਡਾਕਟਰ ਨੂੰ ਬੁਲਾ ਲਿਆਉਂਦੀ ਹਾਂ, ਪਰ ਆਪ ਨੇ ਛੋਟੀ ਭੈਣ ਨੂੰ ਸੁਖਮਨੀ ਸਾਹਿਬ ਦਾ ਪਾਠ ਕਰਨ ਲਈ ਕਿਹਾ। ਦੋ-ਤਿੰਨ ਘੰਟੇ ਗੁਰਬਾਣੀ ਦੀ ਮਧੁਰ ਧੁਨੀ ਆਪ ਦੇ ਕੰਨਾਂ ਵਿਚ ਪਈ ਤੇ ਆਪ ਨੂੰ ਨੀਂਦ ਆ ਗਈ। ਸਵੇਰੇ ਉੱਠੇ ਤਾਂ ਬਿਲਕੁਲ ਨੌਂ-ਬਰ-ਨੌਂ ਸਨ। ਬਾਣੀ ਨਾਲ ਐਸਾ ਗੂੜ੍ਹਾ ਪਿਆਰ ਸੀ।

ਇਸੇ ਤਰ੍ਹਾਂ ਪਿਤਾ ਜੀ ਦੇ ਕਹਿਣ 'ਤੇ ਫਿਰ ਕਲਕੱਤੇ ਚਲੇ ਗਏ ਤੇ ਘਰੇਲੂ ਕੰਮਾਂ ਵਿਚ ਹੀ ਹੱਥ ਵਟਾਉਣ ਲੱਗੇ। ਉਥੇ ਵੀ ਬਾਣੀ ਪੜ੍ਹਦਿਆਂ ਤੇ ਗੁਰਸਿੱਖਾਂ ਵਿਚ ਵਿਚਰਦਿਆਂ ਸਮਾਂ ਬਤੀਤ ਕੀਤਾ। ਭਾਣੇ ਅੰਦਰ ਹੀ ਆਪ ਫਿਰ ਸਖ਼ਤ ਬੀਮਾਰ ਹੋ ਗਏ। ਦੁਬਾਰਾ ਖ਼ੂਨ ਦੀਆਂ ਉਲਟੀਆਂ ਆਉਣੀਆਂ ਸ਼ੁਰੂ ਹੋ ਗਈਆਂ। ਸਰੀਰ 'ਤੇ ਬੜਾ ਕਸ਼ਟ ਆਇਆ। ਬਚਣ ਦੀ ਬਿਲਕੁਲ ਹੀ ਆਸ ਨਾ ਰਹੀ। ਭਾਈ ਕੇਵਲ ਸਿੰਘ ਜੀ ਨੇ ਦਾਸ ਨੂੰ ਆਪ ਦੱਸਿਆ ਸੀ ਕਿ ਜਦੋਂ ਮੇਰੀ ਐਸੀ ਹਾਲਤ ਹੋ ਗਈ ਕਿ ਮੈਨੂੰ ਪ੍ਰਤੱਖ ਮੌਤ ਸਾਹਮਣੇ ਖੜੀ ਦਿਸਣ ਲੱਗੀ ਤਾਂ ਮੈਂ ਗੁਰੂ ਚਰਨਾਂ ਵਿਚ ਇਹ ਅਰਜ਼ੋਈ ਕੀਤੀ ਕਿ "ਹੇ ਸੱਚੇ ਪਾਤਸ਼ਾਹ ਜੀਓ! ਮਰਨਾ ਤਾਂ ਇਕ ਦਿਨ ਹੈ ਹੀ, ਪਰ ਪਿਤਾ ਜੀ! ਮੈਨੂੰ ਇਸ ਮੌਤੇ ਨਾ ਮਾਰੋ। ਇਹ ਤਾਂ ਕੁੱਤਿਆਂ ਬਿੱਲਿਆਂ ਵਾਲੀ ਮੌਤ ਹੈ। ਪਿਤਾ ਜੀਓ! ਮੈਨੂੰ ਰਣ-ਤੱਤੇ ਵਿਚ ਸ਼ਹੀਦੀਆਂ ਬਖ਼ਸ਼ ਕੇ ਜਨਮ ਮਰਨ ਤੋਂ ਮੁਕਤ ਕਰਨਾ ਜੀ। ਮੇਰਾ ਸਰੀਰ ਆਪ ਦੀ ਸੇਵਾ ਕਰਦਿਆਂ ਲੇਖੇ ਲੱਗੇ।" ਕਿਤਨਾ ਚਿਰ ਉਨ੍ਹਾਂ ਇਹ ਅਰਦਾਸ ਵੈਰਾਗ ਵਿਚ ਕੀਤੀ ਤੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਸੁਣ ਲਈ। ਆਪ ਫਿਰ ਰਾਜ਼ੀ ਹੋ ਗਏ।

ਆਪ ਜੀ ਨੂੰ ਸ਼ਸਤਰ-ਵਿੱਦਿਆ ਤੇ ਸ਼ਸਤਰਾਂ ਦਾ ਬਹੁਤ ਹੀ ਸ਼ੌਂਕ ਸੀ। ਇਸ ਦੀ ਮਿਸਾਲ ਇਹ ਹੈ ਕਿ ਜਿਹੜਾ ਵੀ ਚੰਗਾ ਸ਼ਸਤਰ ਇਨ੍ਹਾਂ ਦੀ ਨਿਗਾਹ ਵਿਚ ਆਉਣਾ, ਇਨ੍ਹਾਂ ਉਹ ਲੈ ਲੈਣਾ, ਭਾਵੇਂ ਕਿੰਨੀ ਵੀ ਕੀਮਤ ਦੇਣੀ ਪਵੇ ਤੇ ਇਉਂ ਬੀਰ-ਰਸੀ ਦੋਹਰਾ ਪੜ੍ਹਨਾ :

**ਅਸ ਕ੍ਰਿਪਾਨ ਖੰਡੋ ਖੜਗ, ਤੁਪਕ ਤਬਰ ਅਰੁ ਤੀਰ ॥**
**ਸੈਫ ਸਰੋਹੀ ਸੈਥੀ, ਯਹੈ ਹਮਾਰੈ ਪੀਰ ॥੩॥**
**ਤੀਰ ਤੁਹੀ, ਸੈਥੀ ਤੁਹੀ, ਤੁਹੀ ਤਬਰ ਤਰਵਾਰ ॥**
**ਨਾਮ ਤਿਹਾਰੋ ਜੋ ਜਪੈ, ਭਯੇ ਸਿੰਧ ਭਵ ਪਾਰ ॥੪॥**

www.AKJ.Org

**ਕਾਲ ਤੁਹੀ, ਕਾਲੀ ਤੁਹੀ, ਤੁਹੀ ਤੇਗ ਅਰ ਤੀਰ॥**
**ਤੁਹੀ ਨਿਸਾਨੀ ਜੀਤ ਕੀ, ਆਜ ਤੁਹੀ ਜਗ ਬੀਰ॥੫॥**

ਜਿਥੇ ਆਪ ਵਿਚ ਇਤਨਾ ਬੀਰ-ਰਸੀ ਪਿਆਰ ਸੀ, ਉਥੇ ਆਪ ਜੀ ਵਿਚ ਨਾਮ-ਬਾਣੀ ਦਾ ਪਿਆਰ ਵੀ ਰੱਜ-ਰੱਜ ਕੇ ਸੀ। ਜੇ ਕਿਸੇ ਵੇਲੇ ਸਿੰਘਾਂ ਨੂੰ ਗ਼ੁੱਸੇ ਵਿਚ ਕੋਈ ਗੱਲ ਕਹਿ ਵੀ ਦੇਣੀ ਤਾਂ ਝੱਟ ਹੀ ਪਿੱਛੋਂ ਹੱਥ ਜੋੜ ਕੇ ਨਿਮਰਤਾ ਵਿਚ ਆ ਜਾਣਾ ਤੇ ਮੁਆਫ਼ੀ ਮੰਗ ਲੈਣੀ। ਗੁਰਸਿੱਖਾਂ ਨੂੰ ਰੱਜ-ਰੱਜ ਪਿਆਰ ਕਰਨਾ ਤੇ ਦੇਖ ਦੇਖ ਜੀਣਾ। ਘਰ ਦੇ ਜੀਆਂ ਨਾਲ ਬਹੁਤਾ ਲਗਾਓ ਨਹੀਂ ਸੀ, ਬਸ ਲੋੜ ਜੋਗਾ ਹੀ ਠਾਠਾ-ਬਾਗਾ ਰੱਖਦੇ ਸੀ। ਕਿਸੇ ਵੇਲੇ ਘਰਦਿਆਂ ਨੇ ਕਹਿਣਾ ਕਿ ਤੂੰ ਹਰ ਵੇਲੇ ਸਿੰਘਾਂ ਵਿਚ ਹੀ ਘੁੰਮਦਾ ਰਹਿੰਦਾ ਹੈਂ ਤੇ ਹੋਰ ਤੈਨੂੰ ਕੋਈ ਕੰਮ ਨਹੀਂ। ਤਾਂ ਕਹਿਣਾ ਕਿ ਬਸ ਸਿੰਘ ਮੇਰੇ ਆਪਣੇ ਹਨ ਤੇ ਮੈਂ ਸਿੰਘਾਂ ਜੋਗਾ ਹੀ ਹਾਂ। ਮੈਨੂੰ ਕੁਝ ਨਾ ਕਿਹਾ ਕਰੋ।

ਘਰ ਵਿਚ ਲੱਖਾਂ ਦੀ ਜਾਇਦਾਦ ਹੈ, ਕਿਸੇ ਗੱਲ ਦੀ ਕੋਈ ਪਰਵਾਹ ਨਹੀਂ, ਪਰ ਆਪ ਬਿਲਕੁਲ ਬੇ-ਪਰਵਾਹ ਸਨ ਤੇ ਫ਼ਕੀਰਾਂ ਵਾਲਾ ਜੀਵਨ ਸੀ। ਪੈਸੇ ਦਾ ਰਤੀ ਭਰ ਵੀ ਲਾਲਚ ਨਹੀਂ ਸੀ। ਇਕ ਵਾਰ ਮੈਂ ਸਹਿਜ-ਸੁਭਾਅ ਹੀ ਕਿਹਾ ਕਿ ਕੇਵਲ ਸਿੰਘ, ਤੂੰ ਕੋਈ ਕੰਮ ਤਾਂ ਕਰਦਾ ਨਹੀਂ, ਨਾ ਹੀ ਘਰਦਿਆਂ ਦਾ ਕਹਿਣਾ ਮੰਨਦਾ ਹੈਂ, ਇਸ ਕਰਕੇ ਤੈਨੂੰ ਉਨ੍ਹਾਂ ਆਪਣੀ ਜਾਇਦਾਦ ਵਿੱਚੋਂ ਕੁਝ ਨਹੀਂ ਦੇਣਾ। ਤਾਂ ਉੱਤਰ ਦਿੱਤਾ ਕਿ ਭਾਈ ਸਾਹਿਬ, ਮੈਨੂੰ ਕੋਈ ਲੋੜ ਹੀ ਨਹੀਂ, ਮੈਂ ਜੜੀ-ਜਾਇਦਾਦ ਕੀ ਕਰਨੀ ਹੈ! ਮੈਂ ਤਾਂ ਸਾਰੀ ਉਮਰ ਗੁਰਸਿੱਖਾਂ ਵਿਚ ਹੀ ਵਿਹਾਣੀ ਹੈ। ਸਿੰਘਾਂ ਨੂੰ ਦੇਖ ਦੇਖ ਹੀ ਜੀਣਾ ਹੈ। ਆਪ ਜੀ ਝੂਠ ਬਿਲਕੁਲ ਹੀ ਨਹੀਂ ਸਨ ਬੋਲਦੇ ਤੇ ਝੂਠ ਬੋਲਣ ਦੇ ਸਖ਼ਤ ਖ਼ਿਲਾਫ਼ ਸਨ।

ਨਵੰਬਰ 1977 ਵਿਚ ਹੁਸ਼ਿਆਰਪੁਰ ਫਿਰ ਆ ਗਏ ਪਰੰਤੂ ਘਰੇਲੂ ਕੰਮਾਂ ਵਿਚ ਕੋਈ ਰੁਚੀ ਨਾ ਰੱਖੀ ਤੇ ਨਾ ਹੀ ਕੋਈ ਕਾਰੋਬਾਰ ਕੀਤਾ। ਸਿੰਘਾਂ ਨੇ ਕਹਿਣਾ ਕਿ ਭਾਈ ਕੇਵਲ ਸਿੰਘ! ਬਿਲਕੁਲ ਵਿਹਲੇ ਨਾ ਰਹੋ ਤੇ ਕੋਈ ਛੋਟਾ-ਮੋਟਾ ਕੰਮ ਆਪ ਵੀ ਕਰੋ। ਤਾਂ ਆਪ ਨੇ ਇਸ ਘਟਨਾ ਤੋਂ ਦੋ ਮਹੀਨੇ ਪਹਿਲਾਂ ਇਕ ਦੁਕਾਨ 'ਤੇ ਸਰਵਿਸ ਕਰ ਲਈ। ਸਿੰਘਾਂ ਨੂੰ ਕਹਿਣ ਲੱਗੇ ਕਿ ਪਹਿਲੀ ਤਨਖ਼ਾਹ ਵਿੱਚੋਂ ਸਿੰਘਾਂ ਨੂੰ ਲੰਗਰ ਤੇ ਆਈਸ ਕਰੀਮ ਖੁਆਣੀ ਹੈ। ਪਰ ਅਫ਼ਸੋਸ ਕਿ ਉਹ ਆਪਣੇ ਹੱਥੀਂ ਇਹ ਸੇਵਾ ਨਹੀਂ ਕਰ ਸਕੇ ਤੇ ਸ਼ਹੀਦੀ ਬਾਟੇ ਪੀ ਗਏ। ਪਿੱਛੋਂ ਪਰਿਵਾਰ ਨੇ ਉਨ੍ਹਾਂ ਦੀ ਇਹ ਇੱਛਾ ਪੂਰੀ ਕੀਤੀ ਤੇ ਸਿੰਘਾਂ ਨੇ ਵੈਰਾਗ ਵਿਚ ਲੰਗਰ ਪਾਣੀ ਛਕਿਆ।

ਆਪ ਜੀ ਨੂੰ ਤਬਲੇ ਦਾ ਵੀ ਸ਼ੌਂਕ ਸੀ ਤੇ ਕੀਰਤਨ ਵੀ ਕਰ ਲੈਂਦੇ ਸਨ। ਵਾਹਿਗੁਰੂ 'ਤੇ ਅਟੱਲ ਭਰੋਸਾ ਸੀ। ਕੀਰਤਨ ਵੀ ਪਿਆਰ ਨਾਲ ਕਰਿਆ ਕਰਦੇ ਸਨ। ਇਸ ਘਟਨਾ ਤੋਂ 10 ਮਿੰਟ ਪਹਿਲਾਂ ਵੀ ਮੈਂ ਆਪ ਨੂੰ ਚੜ੍ਹਦੀਆਂ ਕਲਾਂ ਵਿਚ ਵਿਚਰਦੇ ਦੇਖਿਆ। ਭਾਈ ਫ਼ੌਜਾ ਸਿੰਘ ਜੀ ਤੇ ਕੇਵਲ ਸਿੰਘ ਜੀ ਇਕੱਠੇ ਹੀ ਸਨ, ਗੋਲੀਆਂ ਖਾਂਦੇ ਖਾਂਦੇ ਭਾਈ ਫ਼ੌਜਾ ਸਿੰਘ ਜੀ ਡਿੱਗ ਪਏ ਤਾਂ ਵੀਰ ਕੇਵਲ ਸਿੰਘ ਜੀ ਨੇ ਆਪਣੀ ਢਾਲ ਉਨ੍ਹਾਂ ਉੱਪਰ ਤਾਣ ਦਿੱਤੀ ਤਾਂ ਕਿ ਹੁਣ ਜ਼ਾਲਮ ਹੋਰ ਗੋਲੀਆਂ, ਡਾਂਗ, ਸੋਟੇ ਨਾ ਮਾਰ ਸਕਣ। ਪਰ ਜ਼ਾਲਮ ਨਰਕਧਾਰੀਆਂ ਨੇ ਵੀਰ ਕੇਵਲ ਸਿੰਘ ਜੀ ਨੂੰ ਵੀ ਗੋਲੀਆਂ ਨਾਲ ਭੁੰਨ ਦਿੱਤਾ ਅਤੇ ਆਪ ਸ਼ਹੀਦੀ ਪਾ ਗਏ।

www.AKJ.Org

ਆਪ ਜੀ ਦਾ ਇਕ ਵੱਡਾ ਭਾਈ ਜਗਜੀਤ ਸਿੰਘ ਹੈ, ਜੋ ਕਿ ਪੂਰਨ ਗੁਰਸਿੱਖ ਅਤੇ ਨਿਤਨੇਮੀ ਹੈ। ਆਪ ਜੀ ਦੀਆਂ ਤਿੰਨ ਭੈਣਾਂ ਹਨ, ਜੋ ਵਿਆਹੀਆਂ ਹੋਈਆਂ ਹਨ। ਭਾਵੇਂ ਆਪ ਦਾ ਵਿਛੋੜਾ ਪਰਿਵਾਰ ਲਈ ਅਸਹਿ ਹੈ, ਪਰ ਆਪ ਦੀ ਕੁਰਬਾਨੀ ਬੇਮਿਸਾਲ ਹੈ ਤੇ ਆਉਣ ਵਾਲੀਆਂ ਨਸਲਾਂ ਲਈ ਚਾਨਣ-ਮੁਨਾਰਾ ਹੈ। ਚਾਰ ਲਾਈਨਾਂ ਲਿਖ ਕੇ ਸਮਾਪਤ ਕਰਦਾ ਹਾਂ :

*ਧਰਮ ਦੀ ਖ਼ਾਤਰ ਕੇਵਲ ਸਿੰਘ ਜੀ, ਗਏ ਸ਼ਹੀਦੀ ਪਾ।*
*ਖ਼ੂਨ ਆਪਣਾ ਡੋਲ੍ਹ ਕੇ, ਸੁੱਤੀ ਕੌਮ ਨੂੰ ਗਏ ਜਗਾ।*
*ਅਦਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ, ਇੰਜ ਰੱਖੀਦੈ ਕਾਇਮ,*
*ਪੁਰਜ਼ਾ ਪੁਰਜ਼ਾ ਕਟ ਮਰਨ ਦੇ, ਗਏ ਪੂਰਨੇ ਪਾ।*

www.AKJ.Org



ਭਾਈ ਪਿਆਰਾ ਸਿੰਘ ਭੁੰਗਰਨੀ

www.AKJ.Org

# ਰੰਗ-ਰੱਤੜਾ ਸ਼ਹੀਦ ਭਾਈ ਪਿਆਰਾ ਸਿੰਘ ਜੀ ਭੁੰਗਰਨੀ

*—ਸ਼ਹੀਦ ਭਾਈ ਗੁਰਚਰਨਜੀਤ ਸਿੰਘ ਜੀ, ਕਾਨ੍ਹਪੁਰ*

ਭਾਈ ਪਿਆਰਾ ਸਿੰਘ ਜੀ ਦਾ ਜਨਮ 2 ਫ਼ਰਵਰੀ, 1954 ਨੂੰ ਸ. ਕਿਸ਼ਨ ਸਿੰਘ ਜੀ ਦੇ ਗ੍ਰਹਿ ਪਿੰਡ ਭੁੰਗਰਨੀ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਆਪ ਦੀ ਮਾਤਾ ਦਾ ਨਾਂ ਮਾਤਾ ਭਾਗੋ ਸੀ। ਉਦੋਂ ਦੋ ਭੈਣਾਂ ਤੇ ਦੋ ਭਰਾ ਪਿੱਛੇ ਸਨ; ਇਕ ਭੈਣ ਵਿਆਹੀ ਹੋਈ ਸੀ ਅਤੇ ਦੂਜੀ ਅਮਰੀਕਾ ਵਿਚ ਨਰਸ ਦਾ ਕੋਰਸ ਕਰ ਰਹੀ ਸੀ। ਉਦੋਂ ਇਕ ਭਰਾ ਮਹੀਨਾ ਕੁ ਪਹਿਲਾਂ ਆਰਮੀ ਵਿਚ ਭਰਤੀ ਹੋਇਆ ਸੀ। ਪਿਤਾ ਜੀ ਘਰ ਵਿਚ ਕਿਰਸਾਣੀ ਦਾ ਕੰਮ ਕਰਦੇ ਸਨ।

ਆਪ ਜੀ ਯਾਰ੍ਹਵੀਂ ਪਾਸ ਕਰ ਕੇ 10 ਜੁਲਾਈ 1971 ਨੂੰ ਏਅਰ ਫ਼ੋਰਸ ਵਿਚ ਭਰਤੀ ਹੋਏ। ਉਸ ਵੇਲੇ ਆਮ ਪਿੰਡਾਂ ਦੇ ਨੌਜਵਾਨਾਂ ਵਾਂਗ ਆਪ ਗੁਰਸਿੱਖੀ ਦੇ ਮਾਰਗ ਤੋਂ ਦੂਰ ਸਨ, ਕੁਸੰਗਤ ਦੇ ਅਸਰ ਹੇਠ ਰੋਮਾਂ ਦੀ ਬੇਅਦਬੀ ਵੀ ਕਰ ਲੈਂਦੇ ਸਨ। ਆਪ ਜੀ ਨੇ ਮਦਰਾਸ ਰਹਿ ਕੇ ਬੜੀ ਮਿਹਨਤ ਤੇ ਲਗਨ ਨਾਲ ਟ੍ਰੇਨਿੰਗ ਦਾ ਕੋਰਸ ਪਾਸ ਕੀਤਾ। ਆਪ ਦਾ ਸੁਭਾਅ ਮਿਲਣਸਾਰ ਤੇ ਮਿੱਠਬੋਲੜਾ ਸੀ, ਇਸ ਕਰਕੇ ਆਪਣੇ ਅਫ਼ਸਰਾਂ ਤੇ ਸਾਥੀਆਂ ਵਿਚ ਬੜੇ ਹਰਮਨ ਪਿਆਰੇ ਹੋ ਗਏ।

ਭਾਈ ਪਿਆਰਾ ਸਿੰਘ ਦੀ ਬਦਲੀ ਸ਼ਬੂਆ (ਆਸਾਮ) ਹੈਲੀਕਾਪਟਰ ਯੂਨਿਟ ਵਿਚ ਹੋ ਗਈ। ਉਥੇ ਇਨ੍ਹਾਂ ਨੂੰ ਗੁਰਦੁਆਰੇ ਜਾਣ ਦੀ ਆਦਤ ਪੈ ਗਈ ਅਤੇ ਉਥੇ ਇਨ੍ਹਾਂ ਦਾ ਮਿਲਾਪ ਇਕ ਗੁਰਮੁਖ ਪਿਆਰੇ ਸਾਰਜੈਂਟ ਪ੍ਰਿਥੀਪਾਲ ਸਿੰਘ ਜੀ ਨਾਲ ਹੋਇਆ, ਇਨ੍ਹਾਂ ਦੀ ਸੰਗਤ ਨਾਲ ਇਨ੍ਹਾਂ ਦੇ ਸਾਧਾਰਨ ਜੀਵਨ ਵਿਚ ਪਲਟਾ ਆਇਆ। ਜਦੋਂ ਭਾਈ ਪ੍ਰਿਥੀਪਾਲ ਸਿੰਘ ਜੀ ਗੁਰਦੁਆਰੇ ਕੀਰਤਨ ਕਰਦੇ ਸਨ ਤੇ ਆਪ ਪਾਸ ਬੈਠ ਕੇ ਨਾਲ-ਨਾਲ ਉੱਚੀ-ਉੱਚੀ ਬੋਲਦੇ ਸਨ। ਭਾਈ ਸਾਹਿਬ ਜੀ ਦੀ ਸੰਗਤ ਕਰਕੇ ਆਪ ਜੀ ਨੇ ਰੋਮਾਂ ਦੀ ਬੇਅਦਬੀ ਬੰਦ ਕਰ ਦਿੱਤੀ ਤੇ ਗੁਰਮਤਿ ਮਾਰਗ ਦੇ ਪਾਂਧੀ ਬਣ ਗਏ। ਪੂਰਬਲੇ ਕਰਮ ਜਾਗੇ ਤੇ ਗੁਰਮਤਿ ਦੀ ਸੋਝੀ ਪ੍ਰਾਪਤ ਹੋਈ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਰਚਿਤ ਗੁਰਮਤਿ ਪੁਸਤਕਾਂ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਆਪ ਜੀ ਨੇ 1974 ਈ. ਵਿਚ ਕੁਮਾਰ ਹੱਟੀ ਪੰਚਮ ਪਾਤਸ਼ਾਹ ਦੇ ਸ਼ਹੀਦੀ ਗੁਰਪੁਰਬ ਸਮਾਗਮ ਵਿਚ ਪੰਜ ਪਿਆਰਿਆਂ ਦੇ ਪੇਸ਼ ਹੋ ਕੇ ਅੰਮ੍ਰਿਤ ਪਾਨ ਕਰ ਲਿਆ ਅਤੇ ਤਿਆਰ-ਬਰ-ਤਿਆਰ ਸਿੰਘ ਸਜ ਗਏ। ਅੱਠੇ ਪਹਿਰ ਹੀ ਨਾਮ-ਬਾਣੀ ਵਿਚ ਵਿਹਾਉਣ ਲੱਗੇ। ਅੰਮ੍ਰਿਤ ਵੇਲੇ ਦੋ ਵਜੇ ਉੱਠ ਕੇ ਇਸ਼ਨਾਨ ਕਰ ਕੇ ਦੋ ਘੰਟੇ ਲਗਾਤਾਰ ਨਾਮ-ਅਭਿਆਸ ਦਾ ਅਤੁੱਟ ਖੰਡਾ ਖੜਕਾਉਣਾ। ਫਿਰ ਨਿਤਨੇਮ ਕਰਨਾ ਅਤੇ ਗੁਰਦੁਆਰੇ ਸਾਹਿਬ ਜਾ ਸੀਸ ਨਿਵਾਉਣਾ। ਨਾਮ ਦੇ ਐਸੇ

www.AKJ.Org

ਚਲੂਲੇ ਰੰਗ ਚੜ੍ਹੇ ਕਿ ਆਪ-ਮੁਹਾਰਾ ਸਿਮਰਨ ਅੰਦਰੋਂ ਫੁੱਟ ਪਿਆ ਅਤੇ ਅਜਿਹਾ ਫੁੱਟਿਆ ਜੋ ਮੁੜ ਕਦੇ ਬੰਦ ਨਹੀਂ ਹੋਇਆ। ਇਨ੍ਹਾਂ ਦੀ ਰੰਗ-ਰੱਤੜੀ ਹਾਲਤ ਦੇਖ ਕੇ ਭਾਈ ਪ੍ਰਿਥੀਪਾਲ ਸਿੰਘ ਜੀ ਕਹਿਣ ਲਈ ਮਜਬੂਰ ਹੋ ਗਏ ਕਿ ਤੁਹਾਨੂੰ ਪੰਜਾਂ ਪਿਆਰਿਆਂ ਕੋਲੋਂ ਜ਼ਿਆਦਾ ਹੀ ਡੋਜ਼ (dose) ਮਿਲ ਗਈ ਹੈ।

ਆਪ ਡਿਊਟੀ ਦੇ ਬੜੇ ਪਾਬੰਦ ਸਨ। ਸ਼ਬੂਏ ਵਿਚ ਆਪ ਜੀ ਨੂੰ ਗੁਰੂ ਘਰ ਦਾ ਪ੍ਰੇਮੀ ਹੋਣ ਕਰਕੇ, ਯੂਨਿਟ ਵੱਲੋਂ ਗੁਰਦੁਆਰਾ ਸਾਹਿਬ ਦੀ ਸੇਵਾ ਵੀ ਸੌਂਪੀ ਗਈ। ਉਥੇ ਆਪ ਸੁਖਮਨੀ ਸਾਹਿਬ ਅਤੇ ਆਸਾ ਕੀ ਵਾਰ ਦਾ ਪਾਠ ਰੋਜ਼ਾਨਾ ਨੇਮ ਨਾਲ ਕਰਦੇ ਸਨ। ਥੋੜ੍ਹੇ ਸਮੇਂ ਵਿਚ ਹੀ ਬਹੁਤ ਬਾਣੀ ਕੰਠ ਕਰ ਲਈ ਅਤੇ ਆਪ ਹਰ ਸਮੇਂ ਨਾਮ ਬਾਣੀ ਵਿਚ ਹੀ ਰੁੱਝੇ ਰਹਿੰਦੇ। ਜੇ ਕੋਈ ਬੁਲਾਵੇ ਤਾਂ ਇਸ਼ਾਰੇ ਨਾਲ ਹੀ ਮਨ੍ਹਾਂ ਕਰ ਦਿੰਦੇ ਸਨ। ਕਈ ਵਾਰੀ ਕਹਿ ਦਿੰਦੇ ਸਨ ਕਿ ਜ਼ਿਆਦਾ ਗੱਲਬਾਤ ਨਾ ਕਰੋ, ਨਾਮ ਬਾਣੀ ਨਾਲ ਹੀ ਲੱਗੇ ਰਹੋ।

ਜਿਥੇ ਆਪ ਨੂੰ ਨਾਮ ਸਿਮਰਨ ਦੀ ਚੌਂਪ ਲੱਗ ਰਹੀ ਸੀ, ਉਥੇ ਨਾਲ ਨਾਲ ਕੀਰਤਨ ਸਿੱਖਣ ਦੇ ਵੀ ਉਮਾਹੇ ਜਾਗ ਪਏ। ਆਪ ਨੂੰ ਬਾਣੀ ਇਤਨੀ ਕੰਠ ਹੋ ਗਈ ਸੀ ਕਿ ਸਾਰੀ ਸਾਰੀ ਰਾਤ ਕੰਠਾਗਰ ਬਾਣੀ ਦੁਆਰਾ ਕੀਰਤਨ ਕਰਦੇ ਅੱਕਦੇ ਥੱਕਦੇ ਨਹੀਂ ਸਨ।

ਸ਼ਬੂਏ ਤੋਂ ਆਪ ਦੀ ਬਦਲੀ ਏਅਰ ਫ਼ੋਰਸ ਅਕੈਡਮੀ ਡੁੰਡੀਗਲ ਹੈਦਰਾਬਾਦ ਦੀ ਹੋ ਗਈ ਅਤੇ ਹੈਦਰਾਬਾਦ ਤੋਂ ਆਪ ਮਦਰਾਸ ਵਿਖੇ ਟ੍ਰੇਨਿੰਗ ਕੋਰਸ ਲਈ ਗਏ। ਉਨ੍ਹਾਂ ਦੀ ਸਾਦਗੀ, ਹਲੀਮੀ, ਮਿਲਣਸਾਰੀ, ਸੇਵਾ-ਭਾਵ ਤੇ ਗੁਰਮਤਿ ਲਗਨ ਆਪਣੇ ਆਪ ਵਿਚ ਇਕ ਮਿਸਾਲ ਸੀ। ਇਨ੍ਹਾਂ ਦੇ ਪੂਰਬਲੇ ਜਨਮ ਦੇ ਸੰਜੋਗੀ ਭਾਈ ਦਲਵਿੰਦਰ ਸਿੰਘ ਜੀ U.S.A. ਵਾਲੇ, ਜੋ ਇਨ੍ਹਾਂ ਤੋਂ ਇਕ ਸਾਲ ਜੂਨੀਅਰ ਸਨ, ਵੀ ਇਨ੍ਹਾਂ ਦੀ ਸ਼ਬੂਆ ਪੋਸਟਿੰਗ ਵੇਲੇ ਮਦਰਾਸ ਟ੍ਰੇਨਿੰਗ ਤੋਂ ਬਾਅਦ ਜੋਰਹਟ ਆਸਾਮ ਪਹੁੰਚ ਗਏ। ਆਪ ਜੀ ਭਾਈ ਦਲਵਿੰਦਰ ਸਿੰਘ ਜੀ ਨੂੰ ਮਿਲਣ ਜੋਰਹਟ ਗਏ, ਪਰ ਭਾਈ ਸਾਹਿਬ ਜੀ ਦਾ ਦੁਬਾਰਾ ਟ੍ਰੇਨਿੰਗ ਲਈ ਮਦਰਾਸ ਜਾਣ ਕਰਕੇ ਮੇਲ ਨਹੀਂ ਹੋ ਸਕਿਆ। ਜਦੋਂ ਤਿੰਨ ਮਹੀਨੇ ਬਾਅਦ ਆਪ ਜੀ ਟ੍ਰੇਨਿੰਗ ਲਈ ਮਦਰਾਸ ਗਏ ਤਾਂ ਉਥੇ ਅਜਿਹਾ ਸਰੀਰਕ ਮੇਲ ਹੋਇਆ ਜੋ ਆਪ ਜੀ ਦੇ ਸ਼ਹੀਦ ਹੋਣ ਤਾਈਂ ਤੋੜ ਨਿਭਿਆ।

ਆਪ ਡਿਊਟੀ ਤੋਂ ਬਾਅਦ ਹਮੇਸ਼ਾਂ ਪਜਾਮਾ-ਕੁੜਤਾ ਪਹਿਨ ਕੇ ਗਾਤਰੇ ਦੀ ਕਿਰਪਾਨ ਉੱਪਰ ਦੀ ਸਜਾ ਕੇ ਰੱਖਦੇ ਸਨ, ਨਹੀਂ ਤਾਂ ਆਮ ਸਿੱਖ ਸੂਟਿਡ-ਬੂਟਿਡ ਹੋ ਕੇ ਅੰਗਰੇਜ਼ ਹੀ ਬਣੇ ਰਹਿੰਦੇ ਸਨ। ਆਪ ਜੀ ਗੁਣਾਂ ਦੇ ਭੰਡਾਰ ਸਨ ਅਤੇ ਇਹ ਖ਼ੁਸ਼ਬੋਈ ਆਪ ਜੀ ਨੇ ਸਾਰੇ ਆਸ ਪਾਸ ਦੇ ਪ੍ਰੇਮੀਆਂ ਵਿਚ ਖ਼ੂਬ ਵੰਡੀ। ਕਈਆਂ ਨੂੰ ਗੁਰਬਾਣੀ ਪੜ੍ਹਨ ਲਾ ਦਿੱਤਾ, ਕਈਆਂ ਨੂੰ ਕੀਰਤਨ ਸਿਖਾਇਆ। ਹੋਰ ਕਈ ਪ੍ਰੇਮੀਆਂ ਨੂੰ ਵੀ ਉਹ ਸੁਖਮਨੀ ਸਾਹਿਬ, ਨਿੱਤਨੇਮ ਦੀਆਂ ਬਾਣੀਆਂ ਜਾਂ ਸ੍ਰੀ ਆਸਾ ਕੀ ਵਾਰ ਅਤੇ ਹੋਰ ਬਾਣੀਆਂ ਦਾ ਪਾਠ ਕਰਨ ਲਈ ਪ੍ਰੇਰਨਾ ਦਿੰਦੇ ਰਹਿੰਦੇ ਸਨ।

ਆਪ ਜੀ ਦਾ ਸੁਭਾਅ ਬਹੁਤ ਨਰਮ ਸੀ। ਬੱਚੇ, ਬੁੱਢੇ ਜਾਂ ਔਰਤਾਂ ਨੂੰ ਵੀ ਬੜੀ ਨਿਮਰਤਾ ਨਾਲ ਭੈਣ ਜੀ, ਬਾਬਾ ਜੀ ਜਾਂ ਭਾਈ ਸਾਹਿਬ ਕਰ ਕੇ ਬੁਲਾਉਂਦੇ ਸਨ। ਛੋਟੇ ਬੱਚਿਆਂ ਨੂੰ ਭੀ ਭੈਣ ਜੀ ਤੇ ਭਾਈ ਸਾਹਿਬ ਹੀ ਕਹਿੰਦੇ ਸਨ। ਕਈਆਂ

www.AKJ.Org

ਬੱਚਿਆਂ ਨੂੰ ਪੰਜਾਬੀ ਸਿਖਾਈ। ਸਭ ਬੱਚੇ ਰੋਂਦੇ ਸਨ ਤੇ ਕਹਿੰਦੇ ਹਨ ਕਿ "ਪਿਆਰੇ ਅੰਕਲ ਸਿੰਘ ਕਦੋਂ ਆਉਣਗੇ ?" ਉਹ ਅੰਕਲ ਪਿਆਰਾ ਸਿੰਘ ਦੀ ਥਾਂ ਪਿਆਰੇ ਅੰਕਲ ਸਿੰਘ ਹੀ ਕਹਿੰਦੇ ਸਨ।

ਆਪ ਜੀ ਦੇ ਉੱਦਮ ਸਦਕਾ ਇਥੇ ਹੈਦਰਾਬਾਦ ਵਿਚ ਸਥਿਤ ਏਅਰ ਫ਼ੋਰਸ ਤੇ ਫ਼ੌਜ ਦੇ ਹੋਰ ਯੂਨਿਟਾਂ ਦੇ ਗੁਰਦੁਆਰਿਆਂ ਵਿਚ ਰੈਣ-ਸਬਾਈ ਕੀਰਤਨ ਹੋਣੇ ਸ਼ੁਰੂ ਹੋ ਗਏ ਸਨ। 25-25, 30-30 ਮੀਲ ਦੂਰ ਸਥਿਤ ਯੂਨਿਟਾਂ ਵਿਚ ਵੀ ਹੋਰ ਸੰਗਤਾਂ ਦੇ ਨਾਲ ਆਪ ਜਾਂਦੇ ਸਨ ਅਤੇ ਸਾਰੀ ਸਾਰੀ ਰਾਤ ਅਡੋਲ ਚੌਂਕੜੇ ਵਿਚ ਰੈਣ ਸਬਾਈ ਕੀਰਤਨਾਂ ਵਿਚ ਨਿਰੰਤਰ ਜੁਟੇ ਰਹਿੰਦੇ ਸਨ।

ਬੇਸ਼ੱਕ ਆਪ ਜੀ ਬਹੁਤ ਹੀ ਰਸੀਲੇ ਕੀਰਤਨੀਏ ਸਨ, ਪਰ ਆਪ ਨੂੰ ਕੀਰਤਨ ਸੁਣਨ ਦਾ ਸ਼ੌਂਕ ਕੀਰਤਨ ਕਰਨ ਨਾਲੋਂ ਵੀ ਵਧੇਰੇ ਸੀ। ਆਪ ਦੀ ਆਵਾਜ਼ ਬਹੁਤ ਉੱਚੀ ਤੇ ਸੁਰੀਲੀ ਸੀ। ਆਪ ਜੀ ਹਮੇਸ਼ਾਂ ਨੇਤਰ ਮੁੰਦ ਕੇ ਵੈਰਾਗ-ਮਈ ਆਵਾਜ਼ ਵਿਚ ਕੀਰਤਨ ਕਰਦੇ ਸਨ। ਆਪ ਦੇ ਹਿਰਦੇ ਵਿੱਚੋਂ ਨਿਕਲੀ ਪਿਆਰ-ਭਿੱਜੀ ਆਵਾਜ਼ ਕਠੋਰ ਤੋਂ ਕਠੋਰ ਹਿਰਦਿਆਂ ਨੂੰ ਵੀ ਮੋਮ ਕਰ ਜਾਂਦੀ ਸੀ। ਗੁਰਦੁਆਰਾ ਸਾਹਿਬ ਜਾਂਦਿਆਂ ਆਂਦਿਆਂ ਗੱਲਾਂ ਨਹੀਂ ਸਨ ਕਰਨ ਦਿੰਦੇ। ਹਮੇਸ਼ਾਂ ਆਪ ਜੀ ਕੋਈ ਸ਼ਬਦ ਪੜ੍ਹਨ ਲੱਗ ਜਾਂਦੇ ਜਾਂ ਫਿਰ ਕਿਸੇ ਬਾਣੀ ਦਾ ਪਾਠ ਕਰਦੇ ਰਹਿੰਦੇ ਅਤੇ ਆਪਣੇ ਸਾਥੀਆਂ ਨੂੰ ਅਜਿਹਾ ਕਰਨ ਲਈ ਪ੍ਰੇਰਦੇ ਰਹਿੰਦੇ। ਜੇ ਭਾਣੇ ਵਿਚ ਕਿਤੇ ਦੁੱਖ-ਸੁੱਖ ਆ ਵਿਆਪੇ ਤਾਂ ਆਪਣੀ ਅੰਦਰਲੀ ਨਾਮ ਦੀ ਲਿਵ-ਤਾਰ ਟੁੱਟਣ ਨਹੀਂ ਸਨ ਦਿੰਦੇ, ਹਰ ਅਵਸਥਾ ਵਿਚ ਸੁਰਤੀ ਇਕ-ਬਰਾਬਰ ਕਾਇਮ ਰੱਖਦੇ।

ਜਿਥੇ ਕਿਤੇ ਵੀ ਸ੍ਰੀ ਅਖੰਡ ਪਾਠ ਸਮਾਗਮ ਹੋਣਾ ਤਾਂ ਆਪ ਨੇ ਲਗਾਤਾਰ ਤਿੰਨ ਦਿਨ ਪਾਠ ਸੁਣਦੇ ਰਹਿਣਾ ਅਤੇ ਪਾਠ ਦੀ ਸੇਵਾ ਕਰਦੇ ਰਹਿਣਾ। ਬਾਣੀ ਦਾ ਪਾਠ ਆਪ ਬਹੁਤ ਸਮਝ ਕੇ ਤੇ ਬੈਰਾਗ ਵਿਚ ਕਰਦੇ ਸਨ। ਡੁੰਡੀਗਲ ਹੈਦਰਾਬਾਦ ਯੂਨਿਟ ਵਿਚ ਆਪ ਨੇ ਸਭ ਨੂੰ ਬਾਣੀ ਪੜ੍ਹਨੇ ਲਾ ਦਿੱਤਾ। ਆਪ ਮਾਸ ਸ਼ਰਾਬ ਬਾਰੇ ਪ੍ਰਭਾਵਸ਼ਾਲੀ ਲੈਕਚਰ ਕਰਿਆ ਕਰਦੇ ਸਨ, ਜਿਸ ਦਾ ਸਦਕਾ ਬਹੁਤੇ ਆਦਮੀ ਇਹ ਦੋਵੇਂ ਚੀਜ਼ਾਂ ਦਾ ਸੇਵਨ ਛੱਡ ਗਏ।

ਅੰਮ੍ਰਿਤ ਛਕਣ ਤੋਂ ਬਾਅਦ, ਪਹਿਲਾਂ ਪਹਿਲ ਤਾਂ ਉਹ ਕਿਸੇ ਸਿੱਖ ਦੇ ਘਰੋਂ ਕੁਝ ਖਾ-ਪੀ ਲੈਂਦੇ ਸਨ। ਫਿਰ ਰਹਿਤ ਨੂੰ ਹੋਰ ਪੱਕਿਆਂ ਕਰਨ ਵਾਸਤੇ ਕਿਹਾ ਕਿ ਮੈਂ ਸਿਰਫ਼ ਅੰਮ੍ਰਿਤਧਾਰੀ ਤੋਂ ਹੀ ਬਣੀ ਚੀਜ਼ ਖਾਵਾਂਗਾ। ਫਿਰ ਹੋਰ ਵੀ ਵੱਧ ਕੇ ਪੂਰੇ ਸਰਬਲੋਹੀ ਬਣ ਗਏ। ਸਾਰੇ ਫ਼ੌਜੀਆਂ ਨੂੰ ਮੈੱਸ (mess) ਵਿਚ ਬਣਿਆ ਫ਼੍ਰੀ ਲੰਗਰ ਮਿਲਦਾ ਹੈ, ਪਰ ਆਪ ਨੇ ਲੰਗਰ ਦੀ ਪਰਵਾਹ ਨਾ ਕੀਤੀ ਅਤੇ ਆਪਣੇ ਪੈਸੇ ਖ਼ਰਚ ਕੇ, ਆਪ ਰਸਦ-ਪਾਣੀ ਖ਼ਰੀਦ ਕੇ ਆਪਣਾ ਲੰਗਰ ਆਪ ਸਜਾਉਂਦੇ ਰਹੇ। ਕਿਉਂਕਿ ਆਪ ਦੀ ਬਿਬੇਕ ਘਾਲਣਾ ਬੜੀ ਕਰੜੀ ਸੀ, ਇਸ ਲਈ ਸ਼ਾਦੀ ਕਰਾਉਣ ਵਿਚ ਰਾਜ਼ੀ ਸਨ। ਜਦ ਆਪ ਛੁੱਟੀ ਜਾਂਦੇ ਤਾਂ ਮਾਤਾ-ਪਿਤਾ ਜਦੋਂ ਕੋਈ ਸਾਕ ਲਿਆਉਂਦੇ ਤਾਂ ਇਨ੍ਹਾਂ ਦੇ ਪਸੰਦ ਨਹੀਂ ਸੀ ਆਉਂਦਾ। ਆਪ ਕਹਿੰਦੇ ਕਿ ਲੜਕੀ ਚੜ੍ਹਦੀ ਕਲਾ ਵਾਲੀ ਹੋਣੀ ਚਾਹੀਦੀ ਹੈ, ਜੋ ਮੇਰਾ ਠੀਕ ਸਾਥ ਨਿਭਾ ਸਕੇ। ਇਸ ਤਰ੍ਹਾਂ ਕਾਫ਼ੀ ਦੇਰ ਤੋਂ ਘਰ ਵਾਲੇ ਜ਼ੋਰ ਪਾ ਰਹੇ ਸਨ। ਇਨ੍ਹਾਂ ਨੇ ਇਕ ਦਿਨ ਅਰਦਾਸ ਕੀਤੀ ਤੇ ਗੁਰੂ

www.AKJ.Org

ਮਹਾਰਾਜ ਦੀ ਹਜ਼ੂਰੀ ਵਿਚ ਦੋ ਪਰਚੀਆਂ ਪਾਈਆਂ ਕਿ ਸ਼ਾਦੀ ਦਾ ਹੁਕਮ ਹੈ ਜਾਂ ਨਹੀਂ। ਮਹਾਰਾਜ ਦਾ ਹੁਕਮ ਹੋਇਆ, "ਨਹੀਂ।" ਥੋੜ੍ਹੇ ਉਦਾਸ ਵੀ ਹੋਏ, ਪਰ 'ਹੁਕਮ' ਮੰਨ ਕੇ ਘਰਦਿਆਂ ਨੂੰ ਲਿਖ ਦਿੱਤਾ ਕਿ ਮੈਂ ਸਾਰੀ ਉਮਰ ਬਿਹੰਗਮ ਹੀ ਰਹਿਣਾ ਹੈ ਅਤੇ ਸ਼ਾਦੀ ਨਹੀਂ ਕਰਾਉਣੀ। ਮੈਂ ਪੰਥ ਦੀ ਸੇਵਾ ਕਰਾਂਗਾ।

ਐਤਕੀਂ ਇਕ-ਦੋ ਸਿੰਘਾਂ ਨੇ ਪ੍ਰੇਰਨਾ ਕੀਤੀ ਕਿ ਆਪ ਜੀ ਨੂੰ ਗ੍ਰਿਹਸਤੀ ਜੀਵਨ ਧਾਰ ਲੈਣਾ ਚਾਹੀਦਾ ਹੈ, ਇਹ ਗੁਰਸਿੱਖੀ ਮਾਰਗ ਹੈ। ਆਪ ਮੰਨ ਗਏ ਤੇ ਕਹਿਣ ਲੱਗੇ ਕਿ ਮੈਂ ਆਪ ਦਾ ਕਹਿਣਾ ਮੋੜ ਤਾਂ ਨਹੀਂ ਸਕਦਾ, ਪਰ ਮਹਾਰਾਜ ਦਾ ਹੁਕਮ ਨਹੀਂ ਹੈ। ਮਾਤਾ-ਪਿਤਾ ਅਤੇ ਸਿੰਘਾਂ ਦੇ ਆਖੇ-ਵੇਖੇ ਉਨ੍ਹਾਂ ਨੇ ਮੰਗਣੀ, ਜੋ 3 ਅਪ੍ਰੈਲ 1978 ਨੂੰ ਪਿੰਡ ਭੁੰਗਰਨੀ ਦੇ ਇਤਿਹਾਸਕ ਸਥਾਨ ਗੁਰਦੁਆਰਾ ਹਰਿਰਾਇ ਸਾਹਿਬ ਜੀ ਵਿਖੇ ਹੋਈ ਸੀ, ਪਰ ਭਾਣੇ ਵਿਚ ਵਿਆਹ ਦਾ ਹੁਕਮ ਨਹੀਂ ਸੀ। ਇਸ ਤੋਂ ਪਹਿਲੀ ਰਾਤ 2 ਅਪ੍ਰੈਲ ਨੂੰ ਪਿੰਡ ਖ਼ਾਨ-ਖ਼ਾਨਾ ਨੇੜੇ ਬੰਗਾ ਵਿਚ ਹੋਏ ਰੈਣ ਸਬਾਈ ਕੀਰਤਨ ਦੀ ਹਾਜ਼ਰੀ ਆਪ ਜੀ ਨੇ ਭਰੀ ਸੀ। ਸਮਾਪਤੀ ਵੇਲੇ ਅਖ਼ੀਰ 'ਤੇ ਬਹੁਤ ਵੈਰਾਗਮਈ ਰੰਗਾਂ ਵਿਚ ਕੀਰਤਨ ਕੀਤਾ ਤੇ ਸਵੇਰੇ ਅਰਦਾਸ ਸਮਾਗਮ ਲਈ ਭੁੰਗਰਨੀ ਪਹੁੰਚ ਗਏ। ਉਨ੍ਹਾਂ ਦੇ ਉੱਚੇ-ਸੁੱਚੇ ਜੀਵਨ ਦਾ ਇਥੋਂ ਪਤਾ ਲੱਗਦਾ ਹੈ ਕਿ ਆਪ ਜੀ ਨੇ ਆਪਣੀ ਹੋਣ ਵਾਲੀ ਸਿੰਘਣੀ ਦੇ ਪਿਤਾ ਨੂੰ ਕਿਹਾ ਕਿ ਭੈਣ ਜੀ ਨੂੰ ਕਹਿਣਾ ਕਿ ਆਪਣਾ ਨਿੱਤਨੇਮ ਵਧਾ ਲੈਣ, ਭਾਵ ਵੱਧ ਤੋਂ ਵੱਧ ਬਾਣੀਆਂ ਦਾ ਪਾਠ ਕਰਿਆ ਕਰਨ। ਜਦੋਂ ਵੀ ਉਹ ਅਰਦਾਸ ਕਰਦੇ ਤਾਂ ਇਹੀ ਮੰਗ ਮੰਗਦੇ ਕਿ ਜਿਸ ਕਾਰਨ ਜੀਵਨ ਬਖ਼ਸ਼ਿਆ ਹੈ, ਉਸੇ ਕਾਰੇ ਲਾਉਣਾ ਹੈ। ਉਹ ਦਿਲੋਂ ਸ਼ਹੀਦੀ ਮੰਗਦੇ ਸਨ ਤੇ ਸ਼ਹੀਦੀ ਪਾ ਗਏ।

ਆਪ ਹਮੇਸ਼ਾਂ ਗੁਪਤ ਤੌਰ 'ਤੇ ਹੀ ਵਿਚਰਦੇ ਸਨ, ਅੰਦਰੂਨੀ ਕੌਤਕਾਂ ਬਾਰੇ ਕਦੇ ਵੀ ਕਿਸੇ ਨੂੰ ਨਹੀਂ ਸਨ ਦੱਸਦੇ, ਅਜਰ ਨੂੰ ਜਰਦੇ ਸਨ। ਜੇ ਬਹੁਤ ਹੀ ਜ਼ੋਰ ਦੇ ਕੇ ਪੁੱਛੀਏ ਤਾਂ ਕਹਿ ਦਿੰਦੇ ਸਨ ਕਿ ਮੈਨੂੰ ਤਾਂ ਕੁਝ ਪਤਾ ਨਹੀਂ। ਹਾਂ, ਕਿਤਾਬਾਂ ਵਿਚ ਇਉਂ ਲਿਖਿਆ ਹੈ ਕਿ ਸਭ ਕੁਝ ਹੈ। ਛੁੱਟੀ ਵਿਚ ਉਹ ਮਾਤਾ-ਪਿਤਾ ਨੂੰ ਮਿਲਣ ਨਹੀਂ ਸਨ ਜਾਂਦੇ, ਸਿਰਫ਼ ਜਥੇ ਦੇ ਖ਼ਾਸ ਸਮਾਗਮਾਂ 'ਤੇ ਹੀ ਜਾਂਦੇ ਸਨ। ਉਹ ਆਪਣਾ ਦਸਵੰਧ ਦੇਣ ਜਾਂ ਹੋਰ ਸਾਮਾਨ ਖ਼ਰੀਦ ਕੇ ਗੁਰਦੁਆਰਾ ਸਾਹਿਬ ਲਿਆਉਣ ਸਮੇਂ ਕਿਸੇ ਨੂੰ ਇਹ ਪਤਾ ਨਹੀਂ ਸੀ ਲੱਗਣ ਦਿੰਦੇ ਕਿ ਇਹ ਚੀਜ਼ਾਂ ਭਾਈ ਸਾਹਿਬ ਨੇ ਲਿਆਂਦੀਆਂ ਹਨ। ਦਸਵੰਧ ਨੂੰ ਬਿਲਕੁਲ ਨਹੀਂ ਸੀ ਜਣਾਉਂਦੇ। ਆਪਣੀ ਸੇਵਾ ਕਿਸੇ ਨੂੰ ਵੀ ਨਹੀਂ ਸਨ ਕਰਨ ਦਿੰਦੇ, ਸਗੋਂ ਆਪ ਸਭ ਦੀ ਸੇਵਾ ਕਰ ਕੇ ਖ਼ੁਸ਼ ਹੁੰਦੇ ਸਨ। ਨਾਮ ਦੀ ਤੁਫ਼ੈਲ ਉਨ੍ਹਾਂ ਦੇ ਅੰਦਰ ਨਿਮਰਤਾ ਤੇ ਗ਼ਰੀਬੀ ਕੁੱਟ ਕੁੱਟ ਕੇ ਭਰੀ ਹੋਈ ਸੀ।

ਇਹ ਅਖੰਡ ਕੀਰਤਨੀ ਜਥੇ ਦੇ ਬੜੇ ਗੁੱਝੇ ਲਾਲ ਸਨ ਤੇ ਸੰਗਤਾਂ ਵਿਚ ਲੁਕ ਛਿਪ ਕੇ ਹੀ ਰਹਿੰਦੇ ਸਨ, ਆਪਾ ਬਿਲਕੁਲ ਨਹੀਂ ਸਨ ਜਣਾਉਂਦੇ। ਜਥਿਆਂ ਦੇ ਸਮਾਗਮਾਂ ਵਿਚ ਬੜੇ ਉਤਸ਼ਾਹ ਨਾਲ ਪੁੱਜਦੇ ਸਨ। ਨਾਮ ਸਿਮਰਨ ਵਿਚ ਜੁੜੇ ਰਹਿੰਦੇ ਸਨ। ਇਨ੍ਹਾਂ ਦੀ ਪ੍ਰਭੂ-ਮਿਲਾਪ ਦੀ ਸਿੱਕ ਦਿਨ-ਬ-ਦਿਨ ਵੱਧਦੀ ਗਈ ਤੇ ਆਪ ਸਾਦ-ਮੁਰਾਦੀ ਭੋਲੀ-ਭਾਲੀ ਅਵਸਥਾ ਵਿਚ ਵਿਚਰਨ ਲੱਗ ਪਏ। ਆਪ ਨੂੰ ਪਹਿਲੀ ਨਜ਼ਰੇ ਦੇਖਣ ਵਾਲਾ ਕੋਈ ਵੀ ਸੱਜਣ ਇਹ ਅਨੁਮਾਨ ਨਹੀਂ ਸੀ ਲਾ ਸਕਦਾ ਕਿ

www.AKJ.Org

ਇਹ ਗੁਰੂ ਕਾ ਲਾਲ ਇੰਨੇ ਗੁਹਜ ਗੁਣਾਂ ਵਾਲਾ ਹੈ। ਕੀਰਤਨ ਸਮਾਗਮਾਂ ਸਮੇਂ ਆਮ ਤੌਰ 'ਤੇ ਇਕਾਂਤ ਵਿਚ ਹੀ ਵਿਚਰਦੇ ਸਨ ਅਤੇ ਘੱਟ ਹੀ ਬੋਲਦੇ-ਚਾਲਦੇ ਸਨ।

1978 ਦੇ ਵੈਸਾਖੀ ਸਮਾਗਮ ਤੋਂ ਪਹਿਲਾਂ ਆਪ ਦੋ ਮਹੀਨੇ ਦੀ ਛੁੱਟੀ ਆਏ ਹੋਏ ਸਨ। ਆਪ ਪਿੰਡ ਨਹੀਂ ਟਿਕੇ, ਸਗੋਂ ਪਿੰਡ 'ਮੰਨਣ' ਅਤੇ ਆਲੇ-ਦੁਆਲੇ ਦੇ ਪਿੰਡਾਂ ਵਿਚ ਚੱਲ ਰਹੀ ਕੀਰਤਨ-ਵਹੀਰ ਵਿਚ ਹੀ ਮਹੀਨਾ ਭਰ ਵਿਚਰਦੇ ਰਹੇ ਅਤੇ ਉਥੋਂ ਹੀ ਵੈਸਾਖੀ ਸਮਾਗਮ ਲਈ ਸ੍ਰੀ ਅੰਮ੍ਰਿਤਸਰ ਪੁੱਜੇ ਸਨ।

ਹੈਦਰਾਬਾਦ ਯੂਨਿਟ ਅਤੇ ਆਪਣੇ ਪਿੰਡ ਭੁੰਗਰਨੀ ਵਿਚ ਆਪਣੇ ਦਸਵੰਧ ਰਾਹੀਂ ਗੁਰਮਤਿ ਪ੍ਰਚਾਰ ਹਿੱਤ ਕਈਆਂ ਸੱਜਣਾਂ ਦੇ ਨਾਮ *ਸੂਰਾ* ਮਾਸਿਕ ਪੱਤਰ ਜਾਰੀ ਕਰਵਾਇਆ ਅਤੇ ਕਈਆਂ ਨੂੰ ਗੁਪਤੋ-ਗੁਪਤੀ ਹੀ ਭਾਈ ਸਾਹਿਬ ਰਣਧੀਰ ਸਿੰਘ ਜੀ ਰਚਿਤ ਗੁਰਮਤਿ ਪੁਸਤਕਾਂ ਭਿਜਵਾਉਂਦੇ ਰਹਿੰਦੇ ਸਨ।

ਹੈਰਾਨੀ ਦੀ ਗੱਲ ਇਹ ਹੈ ਕਿ ਬਹੁਤ ਥੋੜ੍ਹੇ ਨਿਕਟਵਰਤੀ ਸੱਜਣ ਹੀ ਜਾਣਦੇ ਸਨ ਕਿ ਉਹ ਵੀਰ ਇਕ ਚੰਗਾ ਰਸੀਲਾ ਕੀਰਤਨੀਆ ਵੀ ਹੈ। ਪਰ ਉਸ ਵੀਰ ਨੇ ਜਥੇ ਦੇ ਕੀਰਤਨ ਸਮਾਗਮਾਂ ਵਿਚ ਆਪਣਾ ਆਪ ਕਦੇ ਵੀ ਕਿਸੇ ਨੂੰ ਨਹੀਂ ਸੀ ਜਣਾਇਆ। ਭਾਈ ਵੀਰ ਸਿੰਘ ਜੀ ਦੇ ਕਥਨ ਅਨੁਸਾਰ ਇਹ ਵੀਰ ਇਸ ਤਰ੍ਹਾਂ ਪੂਰਾ ਉਤਰਿਆ ਕਿ :

*ਮੇਰੀ ਛੁਪੇ ਰਹਿਣ ਦੀ ਚਾਹ ਤੇ ਛਿਪ ਤੁਰ ਜਾਣ ਦੀ।*

ਇਸ ਪਿਆਰੇ ਦੇ ਵਿਛੋੜੇ ਦਾ ਵੈਰਾਗਮਈ ਅਸਰ ਇਸ ਦੇ ਮਾਤਾ-ਪਿਤਾ 'ਤੇ ਇੰਨਾ ਡੂੰਘਾ ਹੋਇਆ ਕਿ ਉਨ੍ਹਾਂ ਨੇ 23 ਅਪ੍ਰੈਲ, 1978 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਇਨ੍ਹਾਂ ਸ਼ਹੀਦਾਂ ਦੇ ਪਰਿਵਾਰਾਂ ਦੇ ਸਨਮਾਨ ਸਮਾਗਮ ਦੇ ਸੰਬੰਧ ਵਿਚ ਜੁੜੇ ਪੰਥਕ ਇਕੱਠ ਸਮੇਂ ਆਪਣੇ ਸਪੁੱਤਰ ਵਾਂਗ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋਣ ਦਾ ਪ੍ਰਣ ਕੀਤਾ।

ਸ਼ਹੀਦ ਭਾਈ ਪਿਆਰਾ ਸਿੰਘ ਦੀ ਸ਼ਹੀਦੀ ਯਾਦ ਵਿਚ ਪਿੰਡ ਭੁੰਗਰਨੀ ਵਿਖੇ ਨਗਰ ਨਿਵਾਸੀਆਂ ਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਬੜਾ ਭਾਰੀ ਸ਼ਹੀਦੀ ਸਮਾਗਮ ਹੋਇਆ। ਇਸ ਨਗਰ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਇਤਿਹਾਸਕ ਗੁਰਦੁਆਰਾ ਹੈ। ਇਸ ਇਲਾਕੇ ਦੀਆਂ ਸੰਗਤਾਂ ਇਥੇ ਜੁੜਦੀਆਂ ਹੀ ਰਹਿੰਦੀਆਂ ਹਨ।

ਭਾਈ ਪਿਆਰਾ ਸਿੰਘ ਦੀ ਸ਼ਹੀਦੀ ਨੇ ਦੁਆਬੇ ਦੇ ਇਸ ਇਲਾਕੇ ਵਿਚ ਗੁਰਸਿੱਖੀ ਲਈ ਨਵੀਂ ਜਾਗ੍ਰਿਤੀ ਪੈਦਾ ਕੀਤੀ ਅਤੇ ਨਿਰਭੈਤਾ ਪ੍ਰਦਾਨ ਕਰਨ ਵਾਲੀ ਗੁਰਸਿੱਖੀ ਵਿਚ ਤਤਪਰ ਹੋ ਕੇ ਮਰ-ਮਿਟਣ ਦੀ ਸਪਿਰਿਟ ਭਰ ਦਿੱਤੀ। ਇਨ੍ਹਾਂ ਸ਼ਹੀਦੀਆਂ ਨੇ ਕੌਮ ਨੂੰ ਨਵੀਂ ਸੱਤਾ ਬਖ਼ਸ਼ੀ ਅਤੇ ਇਹ ਸ਼ਹੀਦੀਆਂ ਚਾਨਣ-ਮੁਨਾਰੇ ਵਾਂਗ ਸਦਾ ਚਮਕਦੀਆਂ ਰਹਿਣਗੀਆਂ।

## ਭਾਈ ਸਾਹਿਬ ਜੀ ਦੀਆਂ ਕੁਝ ਅਭੁੱਲ ਯਾਦਾਂ

**ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ,**
**ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥੧੭॥**

*(ਬਿਹਾਗੜੇ ਕੀ ਵਾਰ, ਮ: ੪, ਪੰਨਾ 555)*

www.AKJ.Org

ਭਾਈ ਪਿਆਰਾ ਸਿੰਘ ਜੀ ਹੋਰਾਂ ਨਾਲ ਸਾਡੀ ਪਹਿਲੀ ਮਿਲਣੀ ਦਿੱਲੀ ਦੁਸਹਿਰੇ ਦੇ ਸਮਾਗਮ 1976 ਵਿਚ ਹੋਈ ਸੀ। ਮਿਲਣ ਸਾਰ ਹੀ ਪ੍ਰੇਮ ਦੀਆਂ ਗੰਢਾਂ ਇਤਨੀਆਂ ਪੀਡੀਆਂ ਪੈ ਗਈਆਂ ਕਿ ਜਿਵੇਂ ਅਸੀਂ ਉਨ੍ਹਾਂ ਦੇ ਬਹੁਤ ਪਹਿਲੇ ਤੋਂ ਹੀ ਜਾਣੂ ਹੁੰਦੇ ਹਾਂ। ਉਨ੍ਹਾਂ ਦੇ ਸੰਗੀਆਂ ਸਾਥੀਆਂ ਪਾਸੋਂ ਉਨ੍ਹਾਂ ਬਾਰੇ ਜੋ ਕੁਝ ਵੀ ਸੁਣਿਆ ਸੀ, ਦੇਖਣ ਵਿਚ ਉਸ ਤੋਂ ਵੀ ਵੱਧ ਆਇਆ।

ਉਨ੍ਹਾਂ ਦੇ ਸੰਗੀ-ਸਾਥੀ ਭਾਈ ਦਲਵਿੰਦਰ ਸਿੰਘ ਜੀ, ਜੋ ਉਨ੍ਹਾਂ ਨਾਲ ਮਦਰਾਸ ਇਕੱਠੇ ਰਹੇ ਹਨ, ਦੱਸਦੇ ਹਨ ਕਿ ਭਾਈ ਸਾਹਿਬ ਜੀ ਨੇ ਰਾਤ ਦੇ ਇਕ ਵਜੇ ਪਹਿਲਾਂ ਆਪ ਉੱਠਣਾ ਤੇ ਫਿਰ ਸਾਨੂੰ ਵੀ ਉਠਾਉਣਾ, ਪਰ ਪਾਣੀ ਦੀ ਘਾਟ ਕਾਰਨ ਹਸਪਤਾਲ ਦੀ ਟੂਟੀ 'ਚੋਂ ਹੀ ਰਾਤ ਵੇਲੇ ਇਸ਼ਨਾਨ ਲਈ ਜਲ ਮਿਲਦਾ ਸੀ, ਉਥੇ ਜਾ ਕੇ ਇਸ਼ਨਾਨ ਕਰ ਕੇ ਦੂਰ ਹਵਾਈ ਪਟੜੀ ਦੇ ਕਿਨਾਰੇ ਇਕਾਂਤ ਵਿਚ ਬੈਠ ਕੇ ਨਾਮ-ਅਭਿਆਸ ਕਰਨਾ ਅਤੇ ਸਵੇਰ ਹੋਣ ਤਕ ਨਿੱਤਨੇਮ, ਸੁਖਮਨੀ ਸਾਹਿਬ ਸਹਿਤ ਪੂਰੇ ਕਰਨੇ ਅਤੇ ਦਿਨ ਚੜ੍ਹੇ ਵਾਪਸ ਆ ਜਾਣਾ। ਇਕ ਦਿਨ ਦੀ ਗੱਲ ਹੈ ਕਿ ਭਾਈ ਸਾਹਿਬ ਜੀ ਨੂੰ ਨੇਮ ਅਨੁਸਾਰ ਇਕ ਵਜੇ ਇਸ਼ਨਾਨ ਕਰਨ ਜਾਂਦਿਆਂ ਇਕ ਏਅਰ-ਫ਼ੋਰਸ ਦੇ ਪੁਲਿਸ ਕਰਮਚਾਰੀ ਨੇ ਰੋਕ ਲਿਆ ਅਤੇ ਪੁੱਛਿਆ ਕਿ ਤੁਸੀਂ ਇਸ ਵਕਤ ਕਿਥੇ ਜਾ ਰਹੇ ਹੋ ? ਭਾਈ ਪਿਆਰਾ ਸਿੰਘ ਜੀ ਨੇ ਉੱਤਰ ਦਿੱਤਾ ਕਿ ਇਸ਼ਨਾਨ ਕਰਨ ਵਾਸਤੇ ਜਾ ਰਿਹਾ ਹਾਂ। ਪੁਲਿਸ ਕਰਮਚਾਰੀ ਨੇ ਹੈਰਾਨੀ ਵਿਚ ਪੁੱਛਿਆ ਕਿ ਇਹ ਕਿਹੜਾ ਇਸ਼ਨਾਨ ਕਰਨ ਦਾ ਵਕਤ ਹੈ। ਉਨ੍ਹਾਂ ਨੇ ਆਪਣੀ ਮਸਤੀ ਵਿਚ ਕਿਹਾ ਕਿ ਸਾਡਾ ਇਹੋ ਹੀ ਇਸ਼ਨਾਨ ਕਰਨ ਦਾ ਸਮਾਂ ਹੈ। ਇਹ ਸਭ ਦੇਖਦਿਆਂ ਇਨ੍ਹਾਂ ਸਿੰਘਾਂ ਪਿੱਛੇ ਪੁਲਿਸ ਨੂੰ ਲਗਾ ਦਿੱਤਾ ਗਿਆ। ਇਕ ਸਿੱਖ ਪੁਲਿਸ ਮੁਲਾਜ਼ਮ 24 ਘੰਟੇ ਇਨ੍ਹਾਂ ਦੀਆਂ ਹਰਕਤਾਂ ਉੱਤੇ ਨਜ਼ਰ ਰੱਖਦਾ ਸੀ, ਪਰ ਇਨ੍ਹਾਂ ਦੇ ਹਰ ਵੇਲੇ ਨਾਮ ਸਿਮਰਨ ਵਿਚ ਜੁਟੇ ਅਤੇ ਪ੍ਰਭੂ ਦੀ ਭਗਤੀ ਵਿਚ ਲੀਨ ਰਹਿਣ ਕਾਰਨ ਉਹ ਵੀ ਇਨ੍ਹਾਂ ਦੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ। ਉਨ੍ਹਾਂ ਦੇ ਸੰਗੀ-ਸਾਥੀ ਭਾਈ ਦਲਵਿੰਦਰ ਸਿੰਘ ਜੀ ਨੇ ਦੱਸਿਆ ਕਿ ਭਾਈ ਸਾਹਿਬ ਹਮੇਸ਼ਾਂ ਹੀ ਨਾਮ ਜਪਦੇ ਰਹਿੰਦੇ ਸਨ। ਬੈਠੇ, ਖਲੋਤੇ, ਤੁਰਦੇ, ਫਿਰਦੇ ਨਾਮ ਅਭਿਆਸ ਕਰਦੇ ਰਹਿੰਦੇ ਸਨ। ਇਥੋਂ ਤਕ ਕਿ ਉਨ੍ਹਾਂ ਦੇ ਲਾਗੇ ਰਹਿਣ ਵਾਲੇ ਬੰਗਾਲੀ, ਮਦਰਾਸੀਆਂ ਨੇ ਭਾਈ ਦਲਵਿੰਦਰ ਸਿੰਘ ਹੋਰਾਂ ਨੂੰ ਕਿਹਾ ਕਿ ਇਨ੍ਹਾਂ ਨੂੰ ਤਾਂ ਸਾਹ ਦੀ ਬੀਮਾਰੀ ਲੱਗਦੀ ਹੈ। ਭਾਈ ਦਲਵਿੰਦਰ ਸਿੰਘ ਜੀ ਨੇ ਹੱਸਦਿਆਂ ਹੱਸਦਿਆਂ ਉੱਤਰ ਦਿੱਤਾ ਕਿ ਹੈ ਤਾਂ ਸਾਨੂੰ ਵੀ, ਪਰ ਇਨ੍ਹਾਂ ਨੂੰ ਕੁਝ ਜ਼ਿਆਦਾ ਹੀ ਹੈ। ਚੱਲਦਿਆਂ ਫਿਰਦਿਆਂ ਨਾਮ ਜਪਣ ਦੀ ਵਿਧੀ ਅਸਾਂ ਉਨ੍ਹਾਂ ਦੀ ਸੰਗਤ ਕਰ ਕੇ ਸਿੱਖੀ। ਉਨ੍ਹਾਂ ਸਾਨੂੰ ਇਕ ਵਾਰੀ ਇਹ ਵੀ ਕਿਹਾ ਕਿ ਪੁਰਾਤਨ ਸਿੰਘ ਘੋੜਿਆਂ ਦੀਆਂ ਟਾਪਾਂ ਨਾਲ ਨਾਮ ਜਪਦੇ ਹੋਏ ਕਈ ਕੋਹਾਂ ਦਾ ਪੈਂਡਾ ਤਹਿ ਕਰ ਲੈਂਦੇ ਸਨ।

ਇਤਨਾ ਕੁਝ ਹੁੰਦਿਆਂ ਹੋਇਆਂ ਵੀ ਉਨ੍ਹਾਂ ਵਿਚ ਇਤਨੀ ਨਿਰਮਾਣਤਾ ਸੀ, ਜਿਸ ਦਾ ਵਰਣਨ ਕਰਨਾ ਸਾਡੀ ਕਲਮ ਦੇ ਵੱਸ ਨਹੀਂ ਹੈ। ਅਸਾਂ ਇਤਨੀ ਨਿਰਮਾਣਤਾ ਵਾਲੇ ਸਿੰਘ ਦੇ ਦਰਸ਼ਨ ਇਸ ਤੋਂ ਪਹਿਲਾਂ ਨਹੀਂ ਕੀਤੇ। ਮਿਲਣਾ ਇਤਨੇ ਪਿਆਰ ਨਾਲ ਕਿ ਕਿੰਨੀ ਦੇਰ ਤਕ ਗਲਵਕੜੀਆਂ ਪਾ ਕੇ ਨਾਮ ਅਭਿਆਸ ਕਰਦੇ ਰਹਿਣਾ।

www.AKJ.Org

ਜੇ ਦੂਸਰਾ ਸਿੰਘ ਹਟਣ ਦੀ ਕੋਸ਼ਿਸ਼ ਕਰੇ ਤਾਂ ਉਸ ਨੂੰ ਛੱਡਣਾ ਹੀ ਨਾ। ਸੱਚੇ ਪਾਤਸ਼ਾਹ ਦੇ ਸਨਮੁਖ ਦਰਸ਼ਨ ਕਰਨ ਗਏ ਅੱਧਾ ਅੱਧਾ ਘੰਟਾ ਜੋਦੜੀ ਕਰਦੇ ਰਹਿਣਾ। ਬੈਠਣਾ ਵੀ ਤਾਂ ਆਮ ਸਿੰਘਾਂ ਵਾਂਗ ਨਹੀਂ ਕਿ ਦੌੜ ਕੇ ਅੱਗੇ ਬੈਠਣ ਦੀ ਕੋਸ਼ਿਸ਼ ਕਰਨੀ, ਸਗੋਂ ਜਿਥੇ ਵੀ ਥਾਂ ਮਿਲੀ, ਉਥੇ ਹੀ ਬੈਠ ਜਾਂਦੇ ਅਤੇ ਅੰਮ੍ਰਿਤ ਕੀਰਤਨ ਦੇ ਭੋਜਨ ਰੱਜ ਰੱਜ ਕੇ ਭੁੰਚਣੇ। ਕੀਰਤਨ ਸਮਾਗਮਾਂ ਵਿਚ ਉਹ ਬਹੁਤ ਹੀ ਬਿਹਬਲ ਦਸ਼ਾ ਵਿਚ ਵਿਚਰਦੇ ਰਹੇ। ਉਨ੍ਹਾਂ ਦੇ ਚਿਹਰੇ ਦਾ ਜਲਾਲ ਝੱਲਿਆ ਨਹੀਂ ਸੀ ਜਾਂਦਾ ਅਤੇ ਮਨ ਕਰਦਾ ਕਿ ਉਨ੍ਹਾਂ ਦੇ ਕੀਰਤਨ ਵਿਚ ਦਰਸ਼ਨ ਕਰਦੇ ਹੀ ਰਹੀਏ। ਇਸੇ ਲਈ ਸਾਡੀ ਕੋਸ਼ਿਸ਼ ਇਹੋ ਹੁੰਦੀ ਕਿ ਕੀਰਤਨ ਵਿਚ ਉਨ੍ਹਾਂ ਦੇ ਲਾਗੇ ਬੈਠੀਏ। ਭਾਈ ਸਾਹਿਬ ਬੈਠਦੇ ਵੀ ਐਸੀ ਥਾਂ ਸਨ ਕਿ ਹਰੇਕ ਸਿੰਘ ਉਨ੍ਹਾਂ ਨੂੰ ਦੇਖ ਨਹੀਂ ਸੀ ਸਕਦਾ।

ਆਪ ਜੀ ਨੇ ਅੰਮ੍ਰਿਤ ਛਕਣ ਤੋਂ ਸ਼ਹੀਦੀ ਤਾਈਂ ਤਕਰੀਬਨ ਚਾਰ ਸਾਲ ਦਾ ਸਮਾਂ ਰੈਣ ਸਬਾਈ ਕੀਰਤਨ ਦੀ ਹਾਜ਼ਰੀ ਭਰਦਿਆਂ, ਕਿਸੇ ਤੋਂ ਸੰਥਿਆ ਲਏ ਬਗ਼ੈਰ ਲੜੀਦਾਰ ਸਰੂਪ ਤੋਂ ਅਖੰਡ ਪਾਠ ਕਰਦਿਆਂ, ਗੱਡੀ ਵਿਚ ਸਫ਼ਰ ਦੇ ਦੌਰਾਨ ਉੱਚੀ-ਉੱਚੀ ਕੀਰਤਨ ਕਰਦਿਆਂ, ਇਕਾਂਤ ਵਿਚ ਜਾ ਕੇ ਘੰਟਿਆਂ-ਬੱਧੀ ਅੱਖਾਂ ਬੰਦ ਕਰ ਕੇ ਸਿਮਰਨ ਕਰਦਿਆਂ, ਬਾਣੀ ਕੰਠ ਕਰਦਿਆਂ, ਵੈਰਾਗ ਵਿਚ ਪ੍ਰੀਤਮ ਪਿਆਰੇ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਮਿਲਣ ਦੀਆਂ ਤਾਂਘਾਂ ਵਿਚ ਹੀ ਬਿਤਾਇਆ।

ਭਾਈ ਪਿਆਰਾ ਸਿੰਘ ਜੀ ਹੋਰੀਂ ਕਿਸੇ ਸੇਵਾ ਵਿਚ ਪਿੱਛੇ ਨਹੀਂ ਰਹਿੰਦੇ ਸਨ, ਪਰ ਗੁਪਤੋ-ਗੁਪਤ ਰੂਪ ਵਿਚ ਹੀ ਵਿਚਰਦੇ ਸਨ। ਇਸੇ ਲਈ ਉਨ੍ਹਾਂ ਨੂੰ ਅਖੰਡ ਕੀਰਤਨੀ ਜਥੇ ਦੇ ਥੋੜ੍ਹੇ ਹੀ ਸਿੰਘ ਜਾਣਦੇ ਹੋਣਗੇ। ਕੀਰਤਨ ਤੋਂ ਬਾਅਦ ਲੰਗਰ ਛਕ ਕੇ ਅਸੀਂ ਤਾਂ ਆਰਾਮ ਕਰਨ ਚਲੇ ਜਾਂਦੇ, ਪਰ ਭਾਈ ਪਿਆਰਾ ਸਿੰਘ ਜੀ ਉਸ ਵੇਲੇ ਲੰਗਰ ਦੀ ਸੇਵਾ ਵਿਚ ਜੁਟੇ ਹੁੰਦੇ ਅਤੇ ਲੰਗਰ ਦੀ ਸਮਾਪਤੀ ਤੋਂ ਬਾਅਦ ਕਰੀਬ ਚਾਰ ਕੁ ਵਜੇ ਫਿਰ ਆ ਸਾਨੂੰ ਜਗਾਉਂਦੇ। ਇਸ਼ਨਾਨ ਕਰ ਕੇ ਫਿਰ ਸ਼ਾਮ ਦੇ ਕੀਰਤਨ ਦੀ ਤਿਆਰੀ ਵਿਚ ਜੁੱਟ ਜਾਂਦੇ। ਸਭ ਸਿੰਘ ਹੈਰਾਨ ਰਹਿੰਦੇ ਸਨ ਕਿ ਨਾ ਇਨ੍ਹਾਂ ਪਾਸ ਆਲਸ ਹੈ, ਨਾ ਥਕਾਵਟ ਅਤੇ ਨਾ ਹੀ ਇਨ੍ਹਾਂ ਨੂੰ ਨੀਂਦ ਆਉਂਦੀ ਹੈ। ਇਹ ਕਿਸ ਮਿੱਟੀ ਦੇ ਬਣੇ ਹੋਏ ਹਨ। ਕੀਰਤਨੀਆਂ ਦੇ ਪਿੱਛੋਂ ਜਦੋਂ ਬੋਲਦੇ ਸਨ ਤਾਂ ਬਹੁਤ ਹੀ ਉੱਚੀ ਆਵਾਜ਼ ਵਿਚ। ਗੁਰਬਾਣੀ ਦੇ ਅਨੇਕਾਂ ਹੀ ਸ਼ਬਦ ਉਨ੍ਹਾਂ ਨੂੰ ਕੰਠਾਗਰ ਸਨ। ਬਾਣੀਆਂ ਜਪੁ ਸਾਹਿਬ, ਸ਼ਬਦ ਹਜਾਰੇ, ਜਾਪੁ ਸਾਹਿਬ, ਸ਼ਬਦ ਹਜ਼ਾਰੇ ਪਾਤਸ਼ਾਹੀ ੧੦, ਸਵੈਯੇ ਪਾਤਸ਼ਾਹੀ ੧੦, ਸਵੈਯੇ (ਦੀਨਨ ਕੀ ਪ੍ਰਤਿਪਾਲ), ਅਨੰਦੁ ਸਾਹਿਬ, ਬਾਰਹਮਾਹਾ, ਰਹਰਾਸਿ ਸਾਹਿਬ, ਸੁਖਮਨੀ ਸਾਹਿਬ, ਆਸਾ ਕੀ ਵਾਰ, ਰਾਮਕਲੀ ਕੀ ਵਾਰ ਅਤੇ ਹੋਰ ਬੇਅੰਤ ਗੁਰਬਾਣੀ ਉਨ੍ਹਾਂ ਨੂੰ ਜ਼ਬਾਨੀ ਯਾਦ ਸੀ।

ਭਾਈ ਦੀਦਾਰ ਸਿੰਘ ਹੋਰਾਂ ਦੇ ਪਿੰਡ (ਘਰ) ਅਖੰਡ ਪਾਠ ਸਾਹਿਬ ਆਰੰਭ ਹੋਏ। ਆਪ ਜੀ ਵੀ ਆਪਣੇ ਸੰਗੀਆਂ ਸਾਥੀਆਂ ਸਮੇਤ ਉਥੇ ਪਹੁੰਚੇ ਹੋਏ ਸਨ। ਰਾਤੀਂ 10 ਤੋਂ 12 ਵਜੇ ਤਕ ਆਪ ਜੀ ਨੇ ਪਾਠ ਦੀ ਸੇਵਾ ਕੀਤੀ। ਜਦ ਆਪ ਜੀ ਸੇਵਾ ਤੋਂ ਉੱਠੇ ਤਾਂ ਕਿੰਨੀ ਦੇਰ ਤਕ ਖੜੇ ਹੋ ਕੇ ਜੋਦੜੀ ਕਰਦੇ ਰਹੇ। ਭਾਈ ਦੀਦਾਰ ਸਿੰਘ ਜੀ ਉਨ੍ਹਾਂ ਨੂੰ ਅੰਦਰ ਜੋਦੜੀ ਕਰਦਿਆਂ ਛੱਡ ਕੇ ਆਪ ਬਾਹਰ ਆਏ ਤਾਂ ਇਕਾ-ਇਕ

www.AKJ.Org

ਆਪ ਜੀ ਦਾ ਧਿਆਨ ਸਾਹਮਣੇ ਬਾਹਰ ਦੂਰ ਖੂਹੀ ਵੱਲ ਖਿੱਚਿਆ ਗਿਆ। ਉਧਰੋਂ ਬੜੇ ਜ਼ੋਰ ਜ਼ੋਰ ਦੀ ਨਾਮ ਅਭਿਆਸ ਕਰਦੇ ਸਿੰਘ ਦੀ ਆਵਾਜ਼ ਆ ਰਹੀ ਸੀ। ਉਨ੍ਹਾਂ ਨੇ ਸਾਰਿਆਂ ਸਿੰਘਾਂ ਨੂੰ ਦੇਖਿਆ, ਪਰ ਸਭ ਆਰਾਮ ਕਰ ਰਹੇ ਸਨ। ਇਕ ਸਿੰਘ ਨੂੰ ਜਗਾਇਆ ਅਤੇ ਵਿਚਾਰ ਕਰਨ ਲੱਗੇ ਕਿ ਇਹ ਕਿਹੜਾ ਸਿੰਘ ਹੈ ? ਉਨ੍ਹਾਂ ਆਵਾਜ਼ ਪਛਾਣੀ ਤਾਂ ਕਹਿਣ ਲੱਗੇ ਕਿ ਪਿਆਰਾ ਸਿੰਘ ਹੋਰਾਂ ਦੀ ਲੱਗਦੀ ਹੈ। ਦੀਦਾਰ ਸਿੰਘ ਹੋਰਾਂ ਨੇ ਕਿਹਾ ਕਿ ਉਹ ਤਾਂ ਅੰਦਰ ਜੋਦੜੀ ਕਰ ਰਹੇ ਹਨ। ਇੰਨਾ ਕਹਿ ਕੇ ਆਪ ਜੀ ਦੋਬਾਰਾ ਉਨ੍ਹਾਂ ਨੂੰ ਦੇਖਣ ਅੰਦਰ ਗਏ ਤਾਂ ਭਾਈ ਪਿਆਰਾ ਸਿੰਘ ਹੋਰੀਂ ਅੰਦਰ ਨਹੀਂ ਸਨ। ਸੱਚੇ ਪਾਤਸ਼ਾਹ ਆਪ ਹੀ ਜਾਨਣ, ਇਹ ਕੀ ਕੌਤਕ ਵਰਤਿਆ।

ਭਾਈ ਪਿਆਰਾ ਸਿੰਘ ਹੋਰੀਂ ਤਿਆਗੀ ਇਤਨੇ ਸਨ ਕਿ ਦੁਸਹਿਰੇ 1977 ਦੇ ਦਿੱਲੀ ਸਮਾਗਮ ’ਤੇ ਬਾਬਾ ਸੁਰੈਣ ਸਿੰਘ ਜੀ ਪਾਸੋਂ ਆਪ ਜੀ ਨੇ ਇਕ ਗਾਤਰੇ ਦੀ ਕਿਰਪਾਨ ਲਈ। ਉਨ੍ਹਾਂ ਨੂੰ ਉਸ ਦੀ ਕੀਮਤ ਪੁੱਛੀ ਤਾਂ ਉਨ੍ਹਾਂ 100 ਰੁਪਿਆ ਦੱਸਿਆ। ਪਿਆਰਾ ਸਿੰਘ ਹੋਰਾਂ ਪਾਸ ਉਸ ਵੇਲੇ ਇੰਨੀ ਮਾਇਆ ਨਹੀਂ ਸੀ। ਉਨ੍ਹਾਂ ਬੇਨਤੀ ਕੀਤੀ ਕਿ ਅਸੀਂ ਮਾਇਆ ਆਪ ਜੀ ਨੂੰ ਭੇਜ ਦਿਆਂਗੇ। ਅਸਾਂ ਵੀ ਥੋੜ੍ਹਾ ਮਹਿਸੂਸ ਕੀਤਾ ਕਿ ਕੀਮਤ ਜ਼ਿਆਦਾ ਹੈ, ਪਰ ਫਿਰ ਵੀ ਮਸ਼ਟ ਹੀ ਰਹੇ। ਜਦ ਕਮਰੇ ਵਿਚ ਆਏ ਤਾਂ ਭਾਈ ਰਣਧੀਰ ਸਿੰਘ (ਜਿਨ੍ਹਾਂ ਨੂੰ ਆਮ ਸਿੰਘ ਪਹਿਲੇ ਨਾਮ ਦਲਵਿੰਦਰ ਸਿੰਘ ਨਾਲ ਹੀ ਜਾਣਦੇ ਹਨ) ਨੂੰ ਦੱਸਿਆ ਅਤੇ ਕਿਰਪਾਨ ਦੇ ਦਰਸ਼ਨ ਵੀ ਕਰਾਏ। ਜਦ ਉਨ੍ਹਾਂ ਕੀਮਤ ਪੁੱਛੀ ਤਾਂ ਭਾਈ ਪਿਆਰਾ ਸਿੰਘ ਹੋਰਾਂ ਨੇ ਕਿਹਾ ਕਿ 100 ਰੁਪਿਆ ! ਉਨ੍ਹਾਂ ਆਪਣੀ ਰਾਏ ਦਿੰਦਿਆਂ ਕਿਹਾ ਕਿ ਇਹ ਕੀਮਤ ਜ਼ਿਆਦਾ ਲੱਗਦੀ ਹੈ, ਪਰ ਭਾਈ ਪਿਆਰਾ ਸਿੰਘ ਹੋਰਾਂ ਨੇ ਬੜੀ ਨਿਮਰਤਾ ਨਾਲ ਜਵਾਬ ਦਿੱਤਾ ਕਿ ਵੀਰ ਜੀ, ਸ਼ਸਤਰ ਦੀ ਵੀ ਕੋਈ ਕੀਮਤ ਹੈ। ਇਹ ਸੁਣ ਕੇ ਅਤੇ ਆਪ ਜੀ ਦਾ ਸ਼ਸਤਰਾਂ ਪ੍ਰਤੀ ਸਤਿਕਾਰ ਦੇਖ ਕੇ, ਉਨ੍ਹਾਂ ਦਾ ਇਹ ਬਚਨ ਸੁਣ ਕੇ ਸਾਰੇ ਚੁੱਪ ਹੋ ਗਏ।

ਉਨ੍ਹਾਂ ਦੇ ਤਿਆਗ ਦੀਆਂ ਉਦਾਹਰਣਾਂ ਤਾਂ ਬਹੁਤ ਹਨ, ਪਰ ਇਕ ਦੋ ਅਸੀਂ ਲਿਖਣੀਆਂ ਜ਼ਰੂਰੀ ਸਮਝਦੇ ਹਾਂ। ਇਕ ਵਾਰੀ ਜਦੋਂ ਉਹ ਮਦਰਾਸ ਸਨ, ਉਨ੍ਹਾਂ ਨੂੰ ਚਿੱਠੀ ਮਿਲੀ ਕਿ ਆਪ ਦੇ ਪਿੰਡ ਭੁੰਗਰਨੀ ਰੈਣ-ਸਬਾਈ ਹੈ, ਜ਼ਰੂਰੀ ਪਹੁੰਚੋ। ਇਤਨਾ ਸਮਾਂ ਹੀ ਨਹੀਂ ਸੀ ਕਿ ਆਪ ਪੁੱਜ ਸਕਣ, ਕਿਉਂਕਿ ਮਦਰਾਸ ਤੋਂ ਤਿੰਨ ਦਿਨ ਦਾ ਗੱਡੀ ਦਾ ਸਫ਼ਰ ਸੀ। ਰੈਣ-ਸਬਾਈ ਵਿਚ ਦੋ ਦਿਨ ਹੀ ਬਾਕੀ ਸਨ। ਆਪ ਸ਼ਨੀਵਾਰ ਡਿਊਟੀ ਕਰ ਕੇ, ਬਗ਼ੈਰ ਛੁੱਟੀ ਲਏ ਹਵਾਈ ਜਹਾਜ਼ ’ਤੇ ਆਦਮਪੁਰ ਪਹੁੰਚੇ ਅਤੇ ਰੈਣ-ਸਬਾਈ ਦੀ ਹਾਜ਼ਰੀ ਭਰ ਕੇ ਐਤਵਾਰ ਫਿਰ ਮਦਰਾਸ ਜਾ ਪਹੁੰਚੇ। ਸਾਨੂੰ ਪੂਰਾ ਪਤਾ ਨਹੀਂ ਕਿ ਕਿੰਨਾ ਕਿਰਾਇਆ ਲੱਗਦਾ ਹੈ ਪਰ ਅੰਦਾਜ਼ਨ ਸੱਤ-ਅੱਠ ਸੌ ਰੁਪਏ ਤੋਂ ਘੱਟ ਨਹੀਂ ਹੋਵੇਗਾ।

ਇਕ ਵਾਰੀ ਮਦਰਾਸ ਆਪ ਹਵਾਈ ਜਹਾਜ਼ (ਹੈਲੀਕਾਪਟਰ) ’ਤੇ ਕੰਮ ਕਰ ਰਹੇ ਸਨ। ਹਥੌੜੀ ਦੀ ਚੋਟ ਮਾਰਨ ਦੇ ਨਾਲ-ਨਾਲ ਅਭਿਆਸ ਵੀ ਕਰ ਰਹੇ ਸਨ। ਭਾਣਾ ਐਸਾ ਵਰਤਿਆ ਕਿ ਅਚਾਨਕ ਹੀ ਭਾਈ ਸਾਹਿਬ ਜਹਾਜ਼ ਤੋਂ ਥੱਲੇ ਡਿੱਗ ਪਏ। ਬਾਰ੍ਹਾਂ-ਤੇਰ੍ਹਾਂ ਫ਼ੁੱਟ ਦੀ ਉਚਾਈ, ਥੱਲੇ ਪੱਕਾ ਫ਼ਰਸ਼ ਅਤੇ ਡਿੱਗੇ ਵੀ ਮੋਢੇ ਪਰਨੇ। ਉਨ੍ਹਾਂ ਨੂੰ ਡਿੱਗਦਿਆਂ ਦੇਖ ਕੇ ਦੂਰ-ਨੇੜੇ ਖੜੇ ਆਦਮੀ ਉਨ੍ਹਾਂ ਵੱਲ ਦੌੜ ਪਏ। ਭਾਈ

www.AKJ.Org

ਸੁਖਦੇਵ ਸਿੰਘ ਹੋਰਾਂ ਦੇ ਕਥਨ ਅਨੁਸਾਰ ਜਦੋਂ ਸਭ ਆਦਮੀ ਉਨ੍ਹਾਂ ਦੇ ਪਾਸ ਪਹੁੰਚੇ ਤਾਂ ਭਾਈ ਸਾਹਿਬ 'ਵਾਹਿਗੁਰੂ ਵਾਹਿਗੁਰੂ' ਕਰ ਕੇ ਉੱਠ ਕੇ ਆਪਣੇ ਕੱਪੜੇ ਝਾੜ ਰਹੇ ਸਨ ਅਤੇ ਉਨ੍ਹਾਂ ਨੂੰ ਆਂਚ ਨਾ ਆਈ। ਇਹ ਦੇਖ ਕੇ ਸਭ ਹੈਰਾਨ ਸਨ ਕਿ ਇਤਨੀ ਉਚਾਈ ਤੋਂ ਡਿੱਗੇ ਅਤੇ ਕੋਈ ਥੋੜ੍ਹੀ ਸੱਟ ਵੀ ਨਾ ਲੱਗੀ।

ਉਨ੍ਹਾਂ ਦੇ ਹਵਾਈ ਸੈਨਾ ਦੇ ਸਾਥੀਆਂ ਦੇ ਦੱਸਣ ਮੁਤਾਬਕ ਉਹ ਆਪਣੀ ਡਿਊਟੀ ਆਮ ਤੌਰ 'ਤੇ ਹਵਾਈ ਪਟੜੀ 'ਤੇ ਲੁਆ ਲੈਂਦੇ ਸਨ। ਥੋੜ੍ਹਾ ਵੀ ਵਿਹਲਾ ਸਮਾਂ ਮਿਲਣ 'ਤੇ ਉਹ ਪਟੜੀ 'ਤੇ ਬੈਠ ਕੇ ਨਾਮ ਅਭਿਆਸ ਵਿਚ ਮਗਨ ਹੋ ਜਾਂਦੇ ਸਨ। ਸੁਰਤੀ ਦਸਮ ਦੁਆਰ ਚੜ੍ਹ ਜਾਂਦੀ ਸੀ ਤੇ ਉਨ੍ਹਾਂ ਨੂੰ ਡਿਊਟੀ ਵੀ ਭੁੱਲ ਜਾਂਦੀ ਸੀ, ਪਰ ਅਫ਼ਸਰਾਂ ਨੂੰ ਉਨ੍ਹਾਂ ਦੀ ਇਸ ਉੱਚੀ ਆਤਮਕ ਅਵਸਥਾ ਬਾਰੇ ਪਤਾ ਸੀ ਤੇ ਉਨ੍ਹਾਂ ਦੇ ਮਿੱਠ-ਬੋਲੜੇ ਅਤੇ ਸਾਧੂ-ਬਿਰਤੀ ਸੁਭਾਅ ਕਰਕੇ ਸਭ ਅਣਡਿੱਠ ਕਰ ਦਿੰਦੇ ਸਨ।

ਗੁਰਮੁਖ ਪਿਆਰੇ ਭਾਈ ਪਿਆਰਾ ਸਿੰਘ ਵਿਚ ਸਾਨੂੰ ਇਕ ਖ਼ਾਸ ਗੱਲ ਦਿਸੀ ਜੋ ਹਰ ਇਕ ਗੁਰਮੁਖ ਪਿਆਰੇ ਵਿਚ ਮਿਲਣੀ ਮੁਸ਼ਕਲ ਹੈ। ਉਨ੍ਹਾਂ ਨੂੰ ਕੋਈ ਸਿੰਘ ਜੋ ਕੁਝ ਵੀ ਕਹਿੰਦਾ, ਉਹ ਉਸ ਦਾ ਉੱਤਰ 'ਸਤਿ ਬਚਨ' ਵਿਚ ਹੀ ਦਿੰਦੇ। ਕਹਿਣਾ ਆਸਾਨ ਹੈ, ਪਰ ਨਿਭਾਉਣਾ ਹਰ ਇਕ ਦੇ ਵੱਸ ਦੀ ਗੱਲ ਨਹੀਂ ਹੈ। ਨਿਭਾਉਣ ਵਾਲਾ ਕੋਈ ਵਿਰਲਾ ਹੀ ਮਿਲਦਾ ਹੈ। ਪਰ ਭਾਈ ਪਿਆਰਾ ਸਿੰਘ ਜੀ ਵਿਰਲਿਆਂ ਵਿੱਚੋਂ ਇਕ ਸਨ ਅਤੇ 'ਸਤਿ ਬਚਨ' ਕਹਿ ਕੇ ਉਸ ਨੂੰ ਨਿਭਾਉਂਦੇ ਵੀ ਸਨ। ਇਥੋਂ ਤਕ ਕਿ ਉਨ੍ਹਾਂ ਦੇ ਮਾਤਾ ਜੀ ਕਹਿੰਦੇ ਸਨ ਕਿ ਮੇਰੇ ਦਿਲ ਦੀ ਸਿੱਕ ਇਹ ਸੀ ਕਿ ਮੇਰਾ ਬੇਟਾ ਸ਼ਹੀਦ ਹੋਣ ਤੋਂ ਪਹਿਲਾਂ ਮੈਨੂੰ ਇਕ ਵਾਰ ਤਾਂ ਨਾਂਹ ਵਿਚ ਜਵਾਬ ਦੇ ਜਾਂਦਾ। ਮਤਲਬ ਕਿ ਭਾਈ ਸਾਹਿਬ ਆਪਣੇ ਮਾਤਾ-ਪਿਤਾ ਦੇ ਇਤਨੇ ਆਗਿਆਕਾਰ ਸਨ ਕਿ ਉਨ੍ਹਾਂ ਦੇ ਬਚਨਾਂ ਨੂੰ ਸਾਰੀ ਉਮਰ ਪਾਲਿਆ ਅਤੇ ਕਦੀ ਨਾਂਹ ਵਿਚ ਜਵਾਬ ਦਿੱਤਾ ਹੀ ਨਹੀਂ ਸੀ। ਉਹ ਸਿੰਘਾਂ ਦੇ ਬਚਨਾਂ ਨੂੰ ਵੀ ਇਸੇ ਤਰ੍ਹਾਂ ਹੀ ਪਾਲਦੇ ਸਨ।

ਕੀਰਤਨ ਕਰਦਿਆਂ ਉਨ੍ਹਾਂ ਨੂੰ ਮੈਂ ਕਦੀ ਨਹੀਂ ਦੇਖਿਆ ਸੀ, ਪਰ ਪਤਾ ਲੱਗਾ ਹੈ ਕਿ ਉਹ ਇਕ ਤਕੜੇ ਕੀਰਤਨੀਏ ਵੀ ਸਨ। ਇਕ ਵਾਰੀ ਦੀ ਗੱਲ ਹੈ ਕਿ ਰੈਣ-ਸਬਾਈ ਕੀਰਤਨ ਸ਼ੁਰੂ ਕਰ ਦਿੱਤਾ ਅਤੇ ਸਭ ਤੋਂ ਪਹਿਲਾਂ ਭਾਈ ਪਿਆਰਾ ਸਿੰਘ ਹੋਰਾਂ ਨੂੰ ਕੀਰਤਨ 'ਤੇ ਬਿਠਾ ਦਿੱਤਾ। ਗੁਰੂ ਨੇਤ ਐਸੀ ਹੋਈ ਕਿ ਕੋਈ ਹੋਰ ਕੀਰਤਨੀਆ ਸਿੰਘ ਨਾ ਪਹੁੰਚਿਆ ਅਤੇ ਭਾਈ ਪਿਆਰਾ ਸਿੰਘ ਹੋਰਾਂ ਨੇ ਹੀ ਇੱਕੋ ਚੌਂਕੜੇ ਵਿਚ ਪੂਰੀ ਰੈਣ-ਸਬਾਈ ਨਿਭਾ ਦਿੱਤੀ। ਉਹ ਸਮਾਗਮਾਂ ਵਿਚ ਰਾਈ ਭਰ ਵੀ ਕੀਰਤਨ ਕਰਨ ਦੀ ਇੱਛਾ ਨਹੀਂ ਰੱਖਦੇ ਸਨ ਅਤੇ ਸਿਰਫ਼ ਸੁਣਨ ਹੀ ਆਉਂਦੇ ਸਨ।

"ਹਉ ਤਿਸੁ ਘੋਲਿ ਘੁਮਾਇਆ ਪਰਨਿੰਦਾ ਸੁਣਿ ਆਪੁ ਹਟਾਵੈ" ਦੇ ਹੁਕਮ ਅਨੁਸਾਰ ਭਾਈ ਪਿਆਰਾ ਸਿੰਘ ਹੋਰੀਂ ਕਿਸੇ ਦੀ ਵੀ ਨਿੰਦਾ ਸੁਣਨ ਵਾਸਤੇ ਹਰਗਿਜ਼ ਤਿਆਰ ਨਹੀਂ ਸਨ ਹੁੰਦੇ। ਜੇ ਕੋਈ ਸੱਜਣ ਪਰ-ਨਿੰਦਾ ਕਰਨੀ ਉਨ੍ਹਾਂ ਦੇ ਸਾਹਮਣੇ ਸ਼ੁਰੂ ਕਰ ਵੀ ਦੇਵੇ ਤਾਂ ਆਪ ਉਸ ਨੂੰ ਰੋਕ ਦਿੰਦੇ ਸਨ। ਪਰ ਫਿਰ ਵੀ ਸਾਡੇ ਵਰਗਾ ਨਾ ਹਟੇ ਤਾਂ ਉਹ ਖ਼ੁਦ ਉਥੋਂ ਚਲੇ ਜਾਂਦੇ ਸਨ।

ਗੁਰਮਤਿ ਦੇ ਅਸੂਲਾਂ ਦਾ ਇਤਨਾ ਸਤਿਕਾਰ ਕਰਦੇ ਸਨ ਕਿ ਐਸੀ ਮਿਸਾਲ

www.AKJ.Org

ਮਿਲਣੀ ਮੁਸ਼ਕਲ ਹੀ ਹੈ। ਇਕ ਵਾਰੀ ਭਾਈ ਸੁਖਦੇਵ ਸਿੰਘ ਹੋਰਾਂ ਦੇ ਪਿੰਡ (ਉਨ੍ਹਾਂ ਦੇ ਘਰ) ਅਖੰਡ ਪਾਠ ਸਾਹਿਬ ਆਰੰਭ ਕਰਨ ਦੀ ਤਿਆਰੀ ਸੀ। ਅਖੰਡ ਪਾਠ ਕਰਨ ਵਾਲੇ ਸਿਰਫ਼ ਭਾਈ ਪਿਆਰਾ ਸਿੰਘ ਹੋਰੀਂ ਹੀ ਪਹੁੰਚੇ ਸਨ। ਭਾਈ ਸੁਖਦੇਵ ਸਿੰਘ ਹੋਰੀਂ ਕਹਿਣ ਲੱਗੇ ਕਿ ਪਾਠੀ ਆਪ ਜੀ ਤੋਂ ਬਗ਼ੈਰ ਕੋਈ ਵੀ ਨਹੀਂ ਹੈ, ਇਸ ਲਈ ਅਖੰਡ ਪਾਠ ਸਾਹਿਬ ਪਦ-ਛੇਦ ਬੀੜ 'ਤੇ ਰੱਖਿਆ ਜਾਵੇ। ਪਿਆਰਾ ਸਿੰਘ ਹੋਰੀਂ ਕਹਿਣ ਲੱਗੇ ਕਿ ਪਾਠੀਆਂ ਬਾਰੇ ਤੁਸੀਂ ਫ਼ਿਕਰ ਨਾ ਕਰੋ, ਪਰ ਅਖੰਡ ਪਾਠ ਸਾਹਿਬ ਗੁਰਮਤਿ ਮਰਯਾਦਾ ਅਨੁਸਾਰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਜੁੜਤ ਸਰੂਪ 'ਤੇ ਹੀ ਸੋਭਦਾ ਹੈ। ਭਾਈ ਸੁਖਦੇਵ ਸਿੰਘ ਹੋਰਾਂ ਨੇ ਕਿਹਾ ਕਿ ਪਾਠੀਆਂ ਤੋਂ ਬਗ਼ੈਰ ਮੁਸ਼ਕਲ ਹੋ ਜਾਏਗੀ। ਉਨ੍ਹਾਂ ਨੇ ਫਿਰ ਦ੍ਰਿੜ੍ਹਤਾ ਨਾਲ ਸਹਿਜ ਸੁਭਾਅ ਹੀ ਕਹਿ ਦਿੱਤਾ ਕਿ ਪਾਠੀਆਂ ਦਾ ਆਪ ਜੀ ਬਿਲਕੁਲ ਹੀ ਫ਼ਿਕਰ ਨਾ ਕਰੋ ਅਤੇ ਅਖੰਡ ਪਾਠ ਸਾਹਿਬ ਜੁੜਤ ਸਰੂਪ ਪਰ ਹੀ ਰੱਖਿਆ ਜਾਵੇ, ਫਿਰ ਦੇਖਣਾ ਕਿ ਕੀ ਕਲਾ ਵਰਤਦੀ ਹੈ। ਗੁਰਮਤਿ ਅਸੂਲਾਂ ਨੂੰ ਕਮਾਉਣ ਪ੍ਰਥਾਇ ਉਨ੍ਹਾਂ ਦਾ ਇਤਨਾ ਦ੍ਰਿੜ੍ਹ ਵਿਸ਼ਵਾਸ ਸੀ।

ਦਿੱਲੀ ਦੁਸਹਿਰੇ (1976) ਦੇ ਸਮਾਗਮ 'ਤੇ ਭੋਗ ਪੈਣ ਤੋਂ ਬਾਅਦ ਸਭ ਕਮਰਕੱਸੇ ਕਰੀ ਬੈਠੇ ਸਾਂ। ਪਿਆਰਾ ਸਿੰਘ ਹੋਰੀਂ, ਜੋ ਸਾਡੇ ਲਾਗੇ ਹੀ ਬੈਠੇ ਸਨ, ਸਾਨੂੰ ਕਹਿਣ ਲੱਗੇ ਕਿ ਮੇਰਾ ਮਨ ਕਰਦਾ ਹੈ ਕਿ ਤੁਸੀਂ ਮੇਰੇ ਨਾਲ ਪਿੰਡ ਚੱਲੋ ਅਤੇ ਉਥੇ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਜਾਵੇ। ਜਦ ਨੀਅਤ ਖ਼ਰਾਬ ਤਾਂ ਹਜ਼ਾਰ ਬਹਾਨੇ। ਅਸੀਂ ਕਈ ਬਹਾਨੇ ਲਾ ਕੇ ਉਨ੍ਹਾਂ ਨੂੰ ਨਾਂਹ ਕਰ ਗਏ। ਉਨ੍ਹਾਂ ਥੋੜ੍ਹੀ ਦੇਰ ਬਾਅਦ ਬੜੇ ਪ੍ਰੇਮ ਸਹਿਤ ਸਾਨੂੰ ਫਿਰ ਕਿਹਾ, ਪਰ ਅਸੀਂ ਉਹ ਮੌਕਾ (ਜੋ ਉਹ ਦੋਬਾਰਾ ਕਿਸੇ ਨੂੰ ਦਿੰਦੇ ਹੀ ਨਹੀਂ ਸਨ) ਗਵਾ ਦਿੱਤਾ ਅਤੇ ਉਨ੍ਹਾਂ ਦੇ ਨਾਲ ਨਾ ਗਏ। ਸਾਡੇ ਮੂੰਹ 'ਤੇ ਉਸ ਸਮੇਂ ਇਕ ਕਰਾਰਾ ਥੱਪੜ ਵੱਜਾ, ਜਦੋਂ ਕਾਨ੍ਹਪੁਰ ਪਹੁੰਚ ਕੇ ਦੋ ਦਿਨ ਬਾਅਦ ਹੀ ਸਾਨੂੰ ਕਿਸੇ ਕਾਰਨ ਵੱਸ ਵਾਪਸ ਪੰਜਾਬ ਨੂੰ ਮੁੜਨਾ ਪਿਆ। ਉਸ ਵੇਲੇ ਉਨ੍ਹਾਂ ਦੇ ਬਚਨ ਸਾਡੇ ਕੰਨਾਂ ਵਿਚ ਗੂੰਜ ਰਹੇ ਸਨ।

ਉਨ੍ਹਾਂ ਦੇ ਦਸਵੰਧ ਕੱਢਣ ਬਾਰੇ ਉਨ੍ਹਾਂ ਦੇ ਸੰਗੀ ਸਾਥੀ ਦੱਸਦੇ ਹਨ ਕਿ ਉਹ ਆਪਣੀ ਅੱਧੀ ਤਨਖ਼ਾਹ ਤੋਂ ਜ਼ਿਆਦਾ ਸੇਵਾ ਦੇ ਕੰਮਾਂ ਵਿਚ ਖ਼ਰਚ ਕਰਦੇ ਰਹੇ। ਕਈ ਵਾਰੀ ਉਨ੍ਹਾਂ ਦੀ ਪੂਰੀ ਤਨਖ਼ਾਹ ਵੀ ਸੇਵਾ ਦੇ ਕੰਮਾਂ ਵਿਚ ਲੱਗ ਜਾਂਦੀ। ਪਰ ਫਿਰ ਵੀ ਉਨ੍ਹਾਂ ਨੂੰ ਮਾਇਕ ਤੋਟ ਕਦੇ ਨਹੀਂ ਸੀ ਆਈ।

1976 ਵਿਚ ਭਾਈ ਦਲਵਿੰਦਰ ਸਿੰਘ ਜੀ ਜਦੋਂ ਕਾਨ੍ਹਪੁਰ ਸਨ ਤਾਂ ਉਨ੍ਹਾਂ ਦੇ ਅਨੰਦ ਕਾਰਜ ਦਾ ਪ੍ਰੋਗਰਾਮ ਮਿਥਿਆ ਗਿਆ। ਅੰਮ੍ਰਿਤ ਛਕਣ ਤੋਂ ਬਾਅਦ ਆਪ ਜੀ ਹੈਦਰਾਬਾਦ ਸਨ ਤੇ ਹਮੇਸ਼ਾਂ ਛੁੱਟੀਆਂ ਵਿਚ ਇਕੱਠੇ ਆਉਂਦੇ ਸਨ ਤੇ ਇਕੱਠਿਆਂ ਹੀ ਸਮਾਗਮਾਂ 'ਤੇ ਵਿਚਰ ਕੇ ਛੁੱਟੀਆਂ ਬਿਤਾਉਂਦੇ ਸਨ। ਜ਼ਿਆਦਾ ਸਮਾਂ ਭਾਈ ਸੁਬੇਗ ਸਿੰਘ ਜੀ ਮੰਨਣ ਵਾਲਿਆਂ ਵੱਲੋਂ ਚਲਾਈ ਜਾਂਦੀ ਪ੍ਰਚਾਰ ਵਹੀਰ ਨਾਲ ਵਿਚਰ ਕੇ ਨਾਮ-ਬਾਣੀ ਦੇ ਲਾਹੇ ਲੈਂਦੇ। ਅਨੰਦ ਕਾਰਜ ਵਾਲੇ ਦਿਨ ਭੁੰਗਰਨੀ ਗੁਰਦੁਆਰਾ ਹਰਿਰਾਇ ਸਾਹਿਬ ਜੀ ਵਿਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਸਨ, ਆਪ ਜੀ ਪਾਠ ਦੀ ਸੇਵਾ ਨਿਭਾ ਕੇ ਸਾਈਕਲ 'ਤੇ ਹੀ ਅੱਧੀ ਰਾਤ ਵੇਲੇ ਭਾਈ ਦਲਵਿੰਦਰ ਸਿੰਘ ਜੀ ਦੇ ਅਨੰਦ ਕਾਰਜ ਸਮਾਗਮ 'ਤੇ ਪਹੁੰਚ ਗਏ।

www.AKJ.Org

1977 ਵਿਚ ਖ਼ਾਲਸਾ ਫ਼ਾਰਮ ਗੁਰਦਾਸਪੁਰ ਵਿਚ ਭਾਈ ਫ਼ੌਜਾ ਸਿੰਘ ਜੀ ਵੱਲੋਂ ਲਗਾਏ ਕੈਂਪ ਵਿਚ ਸ਼ਾਮਲ ਹੋਏ। ਕੈਂਪ ਦੀ ਸਮਾਪਤੀ 'ਤੇ ਭਾਈ ਫ਼ੌਜਾ ਸਿੰਘ ਜੀ ਨੇ ਪੁੱਛਿਆ ਕਿ ਕਿਹੜੇ-ਕਿਹੜੇ ਸਿੰਘ ਹਨ, ਜੋ ਗੁਰੂ ਪੰਥ ਤੋਂ ਤਨ, ਮਨ, ਧਨ ਅਰਪਣ ਕਰ ਸਕਣ। ਉਨ੍ਹਾਂ ਵਿਚ ਸਭ ਤੋਂ ਪਹਿਲਾਂ ਆਪ ਜੀ ਖੜੇ ਹੋਏ। ਇਸੇ ਕੈਂਪ ਵਿਚ ਭਾਈ ਸਾਹਿਬ ਜੀ ਨੇ ਜ਼ਿਕਰ ਕੀਤਾ ਸੀ ਕਿ ਮੇਰੇ ਨਾਲ ਨਿਭਣ ਵਾਲੇ ਕਈ ਸਿੰਘ ਇਥੇ ਹਾਜ਼ਰ ਹਨ।

ਵੈਸਾਖੀ ਸਮਾਗਮ ਲਈ ਭਾਈ ਦਲਵਿੰਦਰ ਸਿੰਘ ਜੀ ਨਾਲ 11 ਅਪ੍ਰੈਲ ਨੂੰ ਆਪ ਜੀ ਅੰਮ੍ਰਿਤਸਰ ਪੁੱਜ ਗਏ ਤੇ ਦਰਸ਼ਨ ਇਸ਼ਨਾਨ ਤੇ ਨਾਮ-ਬਾਣੀ ਦੇ ਲਾਹੇ ਲੈਣੇ ਸ਼ੁਰੂ ਕਰ ਦਿੱਤੇ। 12 ਅਪ੍ਰੈਲ ਨੂੰ ਬਜ਼ਾਰ ਵਿੱਚੋਂ ਹੈਦਰਾਬਾਦ ਏਅਰ ਫ਼ੋਰਸ ਅਕੈਡਮੀ ਦੇ ਗੁਰਦੁਆਰੇ ਲਈ ਗੁਟਕੇ, ਪੋਥੀਆਂ, ਰੁਮਾਲੇ, ਚਿਮਟੇ, ਛੈਣੇ ਆਦਿ ਖ਼ਰੀਦਦੇ ਰਹੇ ਅਤੇ ਆਪਣੇ ਸਜਾਉਣ ਵਾਸਤੇ ਖ਼ਾਸ ਤੌਰ 'ਤੇ ਨੀਲੀਆਂ ਦਸਤਾਰਾਂ, ਦੁਮਾਲੇ, ਹਜ਼ੂਰੀਏ, ਕਮਰਕੱਸੇ, ਕਕਾਰ ਆਦਿ ਵੀ ਖ਼ਰੀਦੇ।

13 ਅਪ੍ਰੈਲ ਨੂੰ ਅੰਮ੍ਰਿਤ ਵੇਲੇ ਸ੍ਰੀ ਦਰਬਾਰ ਸਾਹਿਬ ਵਿਖੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ, ਉਥੇ ਹੀ ਪਰਿਕਰਮਾ ਵਿਚ ਬੈਠ ਕੇ ਨਿਤਨੇਮ ਕੀਤਾ ਅਤੇ ਖ਼ੁਦ ਹੀ ਅਰਦਾਸ ਕੀਤੀ। ਉਸ ਦਿਨ ਨਿਤਨੇਮ ਦੀਆਂ ਸਾਰੀਆਂ ਬਾਣੀਆਂ ਵੀ ਆਪ ਹੀ ਖ਼ੁਦ ਪੜ੍ਹੀਆਂ, ਜਦ ਕਿ ਅੱਗੇ ਵਾਰੀ-ਵਾਰੀ ਸਾਰੇ ਸਿੰਘ ਪਾਠ ਕਰਦੇ ਸਨ। ਅਰਦਾਸ ਵਿਚ ਵੀ ਬਾਰੰਬਾਰ ਸ਼ਹੀਦੀ ਦੀ ਮੰਗ, ਭੁੱਲਾਂ ਬਖ਼ਸ਼ਣ ਅਤੇ ਮਨੁੱਖਾ ਜਨਮ ਸਫਲਾ ਕਰਨ ਲਈ ਜੋਦੜੀਆਂ ਕਰਦੇ ਰਹੇ। ਇਹ ਸ਼ਬਦ ਕਈ ਵਾਰ ਪੜ੍ਹਿਆ : "ਬਹੁਰਿ ਨ ਭਉਜਲਿ ਫੇਰਾ"। ਰਿਹਾਇਸ਼ੀ ਸਥਾਨ 'ਤੇ ਵਾਪਸ ਪਹੁੰਚ ਕੇ ਨਵਾਂ ਅਸਮਾਨੀ ਰੰਗ ਦਾ ਕੁੜਤਾ-ਪਜਾਮਾ, ਜੋ ਉਨ੍ਹਾਂ ਦੇ ਸਹੁਰਿਆਂ ਵੱਲੋਂ ਮਿਲਿਆ ਸੀ, ਪਹਿਨਿਆ ਤੇ ਦੁਮਾਲਾ ਵੀ ਭਾਈ ਦਲਵਿੰਦਰ ਸਿੰਘ ਜੀ ਦੀ ਸਹਾਇਤਾ ਨਾਲ ਸਜਾਇਆ ਅਤੇ ਕਮਰਕੱਸਾ ਵੀ ਕੀਤਾ ਤੇ ਨਾਲ ਹੀ ਕਿਹਾ ਕਿ ਅੱਗੋਂ ਮੈਂ ਆਪ ਹੀ ਇਹ ਸਭ ਕੁਝ ਖ਼ੁਦ ਸਜਾਇਆ ਕਰਾਂਗਾ। ਇਸ ਤੋਂ ਬਾਅਦ ਆਪ ਕੀਰਤਨ ਮੰਡਲ ਵਿਚ ਸਮਾਧੀ ਲਾ ਕੇ ਜਾ ਬੈਠੇ। ਉਸ ਵੇਲੇ ਸੰਗਤ ਸਵਾਈ ਹੋਣ ਕਰਕੇ ਆਪ ਜੀ ਨੂੰ ਬੋਲਣ ਵਾਸਤੇ ਸਟੇਜ 'ਤੇ ਬੁਲਾ ਲਿਆ ਗਿਆ। 9.30 ਵਜੇ ਨਕਲੀ ਨਿਰੰਕਾਰੀਆਂ ਦੇ ਵਿਰੁੱਧ ਰੋਸ ਪ੍ਰਗਟ ਕਰਨ ਜਾਣ ਵਾਸਤੇ ਜਦੋਂ ਐਲਾਨ ਹੋਇਆ ਤਾਂ ਆਪ ਭਾਈ ਦਲਵਿੰਦਰ ਸਿੰਘ ਜੀ ਨਾਲ ਉੱਠ ਕੇ ਭਾਈ ਫ਼ੌਜਾ ਸਿੰਘ ਜੀ ਨਾਲ ਸ਼ਹੀਦੀ ਬਰਾਤ ਵਿਚ ਜਾ ਸ਼ਾਮਲ ਹੋਏ। ਆਪ ਜੀ ਬਾਕੀ ਸਿੰਘਾਂ ਨਾਲ ਗੁਰਮੰਤਰ ਦਾ ਜਾਪ ਕਰਦੇ ਹੋਏ ਨਕਲੀ ਨਿਰੰਕਾਰੀਆਂ ਵੱਲੋਂ ਕੀਤੇ ਜਾ ਰਹੇ ਕੁਸੰਗ ਕੋਲ ਪਹੁੰਚ ਗਏ। ਪੁਲਿਸ ਵੱਲੋਂ ਕੁਝ ਸਮਾਂ ਰੋਕਣ ਤੋਂ ਬਾਅਦ ਜਦੋਂ ਵਰਦੀਧਾਰੀ ਨਕਲੀਆਂ ਦੇ ਗੁੰਡਿਆਂ ਵੱਲੋਂ ਸਿੰਘਾਂ 'ਤੇ ਤੀਰਾਂ, ਗੋਲੀਆਂ, ਇੱਟਾਂ, ਵੱਟਿਆਂ, ਤੇਜ਼ਾਬ ਦੀਆਂ ਬੋਤਲਾਂ ਨਾਲ ਹਮਲਾ ਕੀਤਾ ਗਿਆ ਤਾਂ ਆਪ ਜੀ ਪਹਿਲੀ ਹੀ ਝੜਪ ਵਿਚ ਸ਼ਹੀਦੀ ਪਾ ਗਏ। ਇਹੋ ਜਿਹੀਆਂ ਬਖ਼ਸ਼ੀਆਂ ਹੋਈਆਂ ਰੂਹਾਂ ਧੁਰੋਂ ਹੀ ਆਉਂਦੀਆਂ ਹਨ : "ਤਿਨਾ ਦੇਖਿ ਮਨ ਚਾਉ ਉਠੰਦਾ" ਵਾਲੇ ਜ਼ਿੰਦਗੀ ਵਿਚ ਘੱਟ ਹੀ ਮਿਲਦੇ ਹਨ ਪਰ ਇਹੋ ਜਿਹੀ ਪਿਆਰੀ ਰੂਹ ਦਾ ਮੁੜ ਮਿਲਣਾ ਇਸ ਜਨਮ ਵਿਚ ਮੁਸ਼ਕਲ ਹੀ ਹੈ। ਧੰਨ ਹਨ ਇਹ ਗੁਰੂ ਪਿਆਰੇ ਤੇ ਧੰਨ ਹਨ ਇਨ੍ਹਾਂ ਦੇ ਮਾਤਾ-ਪਿਤਾ।

www.AKJ.Org

**ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥** *(ਆਸਾ ਫਰੀਦ ਜੀ, ਪੰਨਾ 488)*

ਭਾਈ ਦਲਵਿੰਦਰ ਸਿੰਘ ਜੀ U.S.A. ਹੋਰਾਂ ਦੇ ਦੱਸਣ ਮੁਤਾਬਕ ਕਈ ਵਾਰੀ ਸੁਪਨੰਤਰ ਹੀ ਕੀਰਤਨ ਕਰਦਿਆਂ ਦਰਸ਼ਨ ਦੇ ਜਾਂਦੇ ਸਨ ਤੇ ਤਸੱਲੀ ਵੀ ਕਰਵਾ ਜਾਂਦੇ ਸਨ। ਉਨ੍ਹਾਂ ਨੂੰ ਆਪ ਜੀ ਦੇ ਵਿਛੋੜੇ ਦੀ ਯਾਦ ਨੇ ਬਹੁਤ ਵਿਆਕੁਲ ਕੀਤਾ, ਜਿਸ ਕਾਰਨ ਹਮੇਸ਼ਾਂ ਉਦਾਸ, ਵੈਰਾਗ ਅਵਸਥਾ ਵਿਚ ਰਹਿਣ ਲੱਗ ਪਏ ਅਤੇ ਉਨ੍ਹਾਂ ਦੇ ਘਰ ਵਾਲੇ, ਸਿੰਘਣੀ ਸਮੇਤ ਔਖੇ ਹੋਣ ਲੱਗ ਪਏ। ਅਚਾਨਕ ਇਕ ਦਿਨ ਭਾਈ ਸਾਹਿਬ ਨੇ ਉਨ੍ਹਾਂ ਨੂੰ ਸੁਪਨੇ ਵਿਚ ਦਰਸ਼ਨ ਦਿੱਤੇ ਅਤੇ ਬੇਨਤੀ ਕੀਤੀ ਕਿ ਜਿਥੇ ਅਸੀਂ ਪਹੁੰਚਣਾ ਸੀ, ਅਸੀਂ ਓਥੇ ਪਹੁੰਚ ਗਏ ਹਾਂ ਅਤੇ ਹਮੇਸ਼ਾਂ ਹੀ ਤੇਰੇ ਪਾਸ ਹਾਂ। ਇਸ ਤਰ੍ਹਾਂ ਨਾ ਕਰਿਆ ਕਰ।

www.AKJ.Org

# ਸ਼ਹੀਦ ਭਾਈ ਗੁਰਚਰਨ ਸਿੰਘ ਜੀ, ਲੁਧਿਆਣਾ

*—ਭਾਈ ਗੁਰਦੀਪ ਸਿੰਘ ਜੀ, ਸ੍ਰੀ ਅੰਮ੍ਰਿਤਸਰ*

ਵੈਸਾਖੀ, 13 ਅਪ੍ਰੈਲ, 1978 ਨੂੰ ਨਕਲੀ ਨਿਰੰਕਾਰੀਆਂ ਵੱਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਖ਼ਿਲਾਫ਼ ਰੋਸ ਵਿਖਾਵਾ ਕਰਨ ਗਏ ਸ਼ਹੀਦ ਹੋਏ 13 ਸਿੰਘਾਂ ਵਿੱਚੋਂ ਭਾਈ ਗੁਰਚਰਨ ਸਿੰਘ ਜੀ ਦਾ ਜਨਮ 1 ਅਕਤੂਬਰ 1946 ਨੂੰ ਪਿੰਡ ਰੁੜਕਾ ਕਲਾਂ, ਜ਼ਿਲ੍ਹਾ ਜਲੰਧਰ, ਮਾਤਾ ਨਾਰਾਇਣ ਕੌਰ ਜੀ ਦੀ ਕੁੱਖੋਂ ਭਾਈ ਦਲੀਪ ਸਿੰਘ ਜੀ (ਨੰਗਲ ਵਾਲਿਆਂ) ਦੇ ਘਰ ਹੋਇਆ। ਇਨ੍ਹਾਂ ਦਾ ਜੱਦੀ ਪਿੰਡ ਨੰਗਲ ਨੇੜੇ ਨਿਹਾਲਸਿੰਘ ਵਾਲਾ, ਜ਼ਿਲ੍ਹਾ ਫ਼ਰੀਦਕੋਟ (ਹੁਣ ਮੋਗਾ) ਸੀ, ਪਰੰਤੂ ਇਨ੍ਹਾਂ ਦੇ ਪਿਤਾ ਜੀ ਜੋ ਪੰਜਾਬ ਸਰਕਾਰ ਦੇ ਖੇਤੀਬਾੜੀ ਵਿਭਾਗ ਵਿਚ ਜ਼ਰਾਇਤ ਇੰਸਪੈਕਟਰ ਵਜੋਂ ਸਰਕਾਰੀ ਨੌਕਰੀ ਕਰਦੇ ਸਨ, ਦੀ ਬਦਲੀ ਹੋ ਜਾਣ ਨਾਲ ਇਹ ਪਰਿਵਾਰ (ਜਿਹੜਾ ਕਿ ਵੀਰ ਪਰਿਵਾਰ ਲੁਧਿਆਣਾ ਦੇ ਨਾਮ ਨਾਲ ਪ੍ਰਸਿੱਧ ਹੈ), ਕਈ ਥਾਈਂ ਰਿਹਾ, ਜਿਹਾ ਕਿ ਰੁੜਕਾ ਕਲਾਂ (ਜ਼ਿਲ੍ਹਾ ਜਲੰਧਰ), ਕਿਲ੍ਹਾ ਰਾਇਪੁਰ (ਜ਼ਿਲ੍ਹਾ ਲੁਧਿਆਣਾ), ਗਿੱਦੜਬਾਹਾ ਅਤੇ ਲੰਬੀ (ਜ਼ਿਲ੍ਹਾ ਮੁਕਤਸਰ), ਪੂਹਲਾ (ਜ਼ਿਲ੍ਹਾ ਬਠਿੰਡਾ) ਆਦਿ। ਇਨ੍ਹਾਂ ਦੇ ਪਿਤਾ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਬਹੁਤ ਨਿਕਟਵਰਤੀ ਸਿੰਘਾਂ ਵਿੱਚੋਂ ਸਨ।

ਇਨ੍ਹਾਂ ਦੇ ਪਿਤਾ ਜੀ ਦੀ ਬਦਲੀ ਰੁੜਕਾ ਕਲਾਂ, ਜ਼ਿਲ੍ਹਾ ਜਲੰਧਰ ਤੋਂ ਡੇਹਲੋਂ, ਜ਼ਿਲ੍ਹਾ ਲੁਧਿਆਣਾ ਦੀ ਹੋ ਗਈ ਤੇ ਉਨ੍ਹਾਂ ਆਪਣੀ ਰਿਹਾਇਸ਼ ਕਿਲ੍ਹਾ ਰਾਇਪੁਰ ਰੱਖ ਲਈ। ਕਿਲ੍ਹਾ ਰਾਇਪੁਰ ਨਾਰੰਗਵਾਲ ਤੋਂ ਕੇਵਲ 4 ਮੀਲ ਹੀ ਦੂਰ ਹੈ ਅਤੇ ਇਥੇ ਇਹ ਸਾਰਾ ਪਰਿਵਾਰ ਭਾਈ ਸਾਹਿਬ ਜੀ ਦੀ ਸੰਗਤ ਦਾ ਖ਼ੂਬ ਅਨੰਦ ਮਾਣਦਾ ਰਿਹਾ। ਜਦੋਂ ਭਾਈ ਗੁਰਚਰਨ ਸਿੰਘ ਜੀ ਅਜੇ 3 ਕੁ ਸਾਲ ਦੇ ਸਨ ਤਾਂ ਇਨ੍ਹਾਂ ਸਮੂਹ ਪਰਿਵਾਰ ਸਮੇਤ 1949 ਵਿਚ ਨਾਰੰਗਵਾਲ ਵਿਚ ਇਕ ਸਮਾਗਮ ’ਤੇ ਅੰਮ੍ਰਿਤ ਛਕ ਲਿਆ। ਇਹ ਸੱਤ ਭੈਣ-ਭਰਾਵਾਂ ਵਿੱਚੋਂ ਚੌਥੇ ਨੰਬਰ ’ਤੇ ਸਨ। ਇਸ ਪਰਿਵਾਰ ਦੇ ਬਾਕੀ ਸਾਰੇ ਮੈਂਬਰ, ਮਾਤਾ ਜੀ ਸਮੇਤ, ਤਿਆਰ-ਬਰ-ਤਿਆਰ, ਗੁਰਮਤਿ ਰਹਿਤ ਦੇ ਧਾਰਨੀ, ਅਖੰਡਪਾਠੀ ਤੇ ਕੀਰਤਨੀਏ ਹਨ।

ਭਾਈ ਸਾਹਿਬ ਜੀ ਨੇ ਮੁੱਢਲੀ ਵਿੱਦਿਆ ਬਾਦਲ ਪਿੰਡ, ਤਹਿਸੀਲ ਮੁਕਤਸਰ ਤੋਂ ਪ੍ਰਾਪਤ ਕੀਤੀ। ਨੌਂਵੀਂ ਜਮਾਤ ਉਨ੍ਹਾਂ ਪਿੰਡ ਪੂਹਲਾ, ਨੇੜੇ ਨਥਾਣਾ, ਜ਼ਿਲ੍ਹਾ ਬਠਿੰਡਾ ਅਤੇ ਪ੍ਰੀ-ਯੂਨੀਵਰਸਿਟੀ ਗੁਰੂ ਨਾਨਕ ਖ਼ਾਲਸਾ ਹਾਇਰ ਸੈਕੰਡਰੀ ਸਕੂਲ, ਤਖ਼ਤੂਪੁਰਾ, ਜ਼ਿਲ੍ਹਾ ਫ਼ਿਰੋਜ਼ਪੁਰ (ਹੁਣ ਮੋਗਾ) ਤੋਂ ਪਾਸ ਕੀਤੀ ਤੇ ਫਿਰ ਪਿੰਡ ਖੇਤੀਬਾੜੀ ਦਾ ਕੰਮ ਕਰਨ ਲੱਗ ਪਏ। 1965 ਵਿਚ ਉਨ੍ਹਾਂ ਨੇ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ



ਭਾਈ ਗੁਰਚਰਨ ਸਿੰਘ ਜੀ, ਲੁਧਿਆਣਾ

www.AKJ.Org

ਵਿਚ ਦਾਖ਼ਲਾ ਲੈ ਲਿਆ ਅਤੇ ਐਗਰੀਕਲਚਰ ਦਾ ਡਿਪਲੋਮਾ ਕੋਰਸ ਪਾਸ ਕਰ ਲਿਆ। 1967-68 ਵਿਚ ਮੱਲਾਂਵਾਲਾ, ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਐਕਸਟੈਨਸ਼ਨ ਡੀਮੌਨਸਟ੍ਰੇਟਰ (Extension Demonstrator) ਵਜੋਂ ਨੌਕਰੀ ਆਰੰਭ ਕੀਤੀ। ਫਿਰ ਸਰਕਾਰੀ ਨੌਕਰੀ ਮਿਲਣ 'ਤੇ ਸ੍ਰੀ ਹਰਿਗੋਬਿੰਦਪੁਰ, ਜ਼ਿਲ੍ਹਾ ਗੁਰਦਾਸਪੁਰ ਵਿਚ ਨਿਯੁਕਤੀ ਹੋ ਗਈ। ਇਹ ਨੌਕਰੀ ਛੱਡ ਕੇ 1973 ਵਿਚ ਉਨ੍ਹਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ, ਜੋ ਕਿ 1978 ਵਿਚ ਸ਼ਹੀਦ ਹੋਣ ਤਾਈਂ ਜਾਰੀ ਸੀ।

ਇਨ੍ਹਾਂ ਨੂੰ ਬਚਪਨ ਤੋਂ ਹੀ ਭਾਈ ਸਾਹਿਬ ਜੀ ਅਤੇ ਉਨ੍ਹਾਂ ਦੇ ਸੰਗੀ ਸਾਥੀ ਸਿੰਘਾਂ ਦੀ ਸੰਗਤ ਮਿਲ ਗਈ ਸੀ। ਪਿਤਾ ਜੀ ਦੀ ਨਥਾਣੇ ਨਿਯੁਕਤੀ ਵੇਲੇ ਇਨ੍ਹਾਂ ਦੀ ਰਿਹਾਇਸ਼ ਪੂਹਲੇ ਪਿੰਡ ਵਿਚ ਸੀ, ਜਿਥੇ ਗਿਆਨੀ ਦਲੀਪ ਸਿੰਘ ਜੀ ਫੁੱਲਾਂਵਾਲ ਵਾਲੇ ਵੀ ਪੰਜਾਬੀ ਅਧਿਆਪਕ ਦੀ ਨੌਕਰੀ ਕਰਦੇ ਸਨ ਅਤੇ ਉਸ ਪਿੰਡ ਵਿਚ ਹੋਰ ਵੀ ਪੁਰਾਤਨ ਸਿੰਘ ਭਾਈ ਜਗੀਰ ਸਿੰਘ ਜੀ ਪੂਹਲਾ ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਜਥੇਦਾਰ ਅਮਰ ਸਿੰਘ ਜੀ ਕੀਰਤਨੀਏ ਸਮੇਤ 10-12 ਪਰਿਵਾਰ ਉਥੇ ਰਹਿੰਦੇ ਸਨ। ਸ੍ਰੀ ਮਾਨਯੋਗ ਬਾਊ ਮੱਲ ਸਿੰਘ ਜੀ ਸਪੁੱਤਰ ਭਾਊ ਪ੍ਰੀਤਮ ਸਿੰਘ ਜੀ ਉਸ ਪਿੰਡ ਵਿਆਹੇ ਹੋਏ ਸਨ। ਗਿਆਨੀ ਜੀ ਦਾ ਇਸ ਪਰਿਵਾਰ ਨਾਲ ਬਹੁਤ ਨੇੜਲਾ ਅਤੇ ਡੂੰਘਾ ਸੰਬੰਧ ਸੀ। ਫਿਰ ਲੁਧਿਆਣੇ ਆ ਕੇ ਇਨ੍ਹਾਂ ਨੂੰ ਡਾਕਟਰ ਦਰਸ਼ਨ ਸਿੰਘ ਜੀ, ਡਾਕਟਰ ਹਰਦਿਆਲ ਸਿੰਘ ਜੀ, ਭਾਈ ਬਲਬੀਰ ਸਿੰਘ ਜੀ ਦੀ ਸੰਗਤ ਪ੍ਰਾਪਤ ਹੋਈ। ਇਨ੍ਹਾਂ ਦੇ ਵੱਡੇ ਭਾਈ ਸਾਹਿਬ ਦਇਆ ਸਿੰਘ ਜੀ ਦਾ ਅਨੰਦ ਕਾਰਜ ਭਾਈ ਬਚਨ ਸਿੰਘ ਜੀ ਠਾਣੇਦਾਰ ਅਤੇ ਬੀਬੀ ਕ੍ਰਿਪਾਲ ਕੌਰ ਜੀ ਦੀ ਸਪੁੱਤਰੀ ਬੀਬੀ ਗੁਰਮੀਤ ਕੌਰ ਜੀ ਨਾਲ ਹੋਣ ਕਰਕੇ ਇਨ੍ਹਾਂ ਨੂੰ ਭਾਈ ਮਹਿੰਦਰ ਸਿੰਘ ਜੀ S.D.O. ਸਾਹਿਬ ਜੀ ਦੀ ਵੀ ਨੇੜਲੀ ਸੰਗਤ ਪ੍ਰਾਪਤ ਰਹੀ ਹੈ। ਲੁਧਿਆਣੇ ਨਿਊ ਮਾਡਲ ਟਾਊਨ ਰਿਹਾਇਸ਼ ਹੋਣ ਕਰਕੇ ਭਾਈ ਜੀਵਨ ਸਿੰਘ ਜੀ, ਭਾਈ ਅਮਰੀਕ ਸਿੰਘ ਜੀ ਅਖੰਡਪਾਠੀ ਤੇ ਭਾਈ ਹਰਨਾਮ ਸਿੰਘ ਜੀ ਕੋਮਲ ਦੀ ਸੰਗਤ ਦਾ ਵੀ ਨਿੱਘ ਮਾਣਨ ਦਾ ਸੁਭਾਗ ਸਮਾਂ ਮਿਲਦਾ ਰਿਹਾ। ਲੁਧਿਆਣੇ ਆਉਣ ਤੋਂ ਬਾਅਦ ਇਨ੍ਹਾਂ ਦੇ ਭਾਈ ਫ਼ੌਜਾ ਸਿੰਘ ਜੀ ਨਾਲ ਵੀ ਨੇੜਲੇ ਸੰਬੰਧ ਬਣ ਗਏ ਤੇ ਉਨ੍ਹਾਂ ਨਾਲ ਗੂੜ੍ਹਾ ਮੇਲ-ਮਿਲਾਪ ਤੇ ਪਿਆਰ ਹੋ ਗਿਆ। ਇਹ ਭਾਈ ਸਾਹਿਬ ਜੀ ਦੇ ਨਿਰਭੈ ਅਤੇ ਨਿਧੜਕ ਜੀਵਨ ਤੋਂ ਬਹੁਤ ਪ੍ਰਭਾਵਤ ਹੋ ਗਏ। ਸਿੰਘ ਸਭਾ ਸ਼ਤਾਬਦੀ ਕਮੇਟੀ ਵੱਲੋਂ ਕੀਤੇ ਗੁਰਮਤਿ ਸਮਾਗਮਾਂ ਵਿਚ ਭਾਈ ਮਹਿੰਦਰ ਸਿੰਘ ਜੀ S.D.O. ਨਾਲ ਦੇਸ਼ ਭਰ ਦੇ ਸ਼ਹਿਰਾਂ, ਕਸਬਿਆਂ ਵਿਚ ਵੀ ਆਪਣੇ ਵੱਡੇ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਨਾਲ (ਜੋ ਕਿ S.D.O. ਸਾਹਿਬ ਨਾਲ ਤਬਲੇ ਦੀ ਸੇਵਾ ਕਰਦੇ ਸਨ) ਹਾਜ਼ਰੀਆਂ ਭਰਦੇ ਰਹੇ।

ਇਸ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਮਾਤਾ ਜੀ ਦੀ ਪ੍ਰੇਰਨਾ ਹੁੰਦੀ ਸੀ ਕਿ ਦਸਵੀਂ ਦਾ ਇਮਤਿਹਾਨ ਦੇਣ ਤੋਂ ਬਾਅਦ ਵਿਹਲੇ ਸਮੇਂ ਵਿਚ ਇਕ ਸਹਿਜ ਪਾਠ ਪੂਰਾ ਕਰਨਾ ਹੈ, ਜਿਸ ਦੀ ਸੰਥਿਆ ਉਹ ਆਪ ਬੱਚਿਆਂ ਕੋਲ ਬੈਠ ਕੇ ਦਿੰਦੇ ਸਨ। ਮਾਤਾ

www.AKJ.Org

ਜੀ ਬਹੁਤ ਸ਼ਾਂਤ ਸੁਭਾਅ, ਹਮੇਸ਼ਾਂ ਭਾਣੇ ਵਿਚ ਰਹਿਣ ਵਾਲੇ, ਤਿਆਗ ਦੀ ਮੂਰਤੀ ਸਨ। ਅਖੰਡ ਪਾਠੀ ਵੀ ਸਨ ਤੇ ਕੀਰਤਨੀ ਵੀ ਸਨ। ਸਾਰੇ ਬੱਚਿਆਂ ਨੂੰ ਨਿਤਨੇਮ ਦੀਆਂ ਬਾਣੀਆਂ ਦੇ ਪਾਠ ਤੋਂ ਬਾਅਦ ਹੀ ਸਵੇਰੇ ਪ੍ਰਸ਼ਾਦਾ ਛਕਣ ਨੂੰ ਮਿਲਦਾ ਸੀ। ਗੁਰੂ ਕ੍ਰਿਪਾ ਸਦਕਾ ਮਾਤਾ ਜੀ ਦੀ ਮਿਹਨਤ ਨਾਲ ਉਨ੍ਹਾਂ ਪੰਜਵੀਂ ਜਮਾਤ ਤਾਈਂ ਪੜ੍ਹਦਿਆਂ ਹੀ ਨਿਤਨੇਮ ਦੀਆਂ ਸਾਰੀਆਂ ਬਾਣੀਆਂ ਕੰਠ ਕਰ ਲਈਆਂ ਸਨ। ਅਖੰਡ ਪਾਠੀ ਹੋਣ ਦੇ ਨਾਲ ਨਾਲ ਇਸ ਵੀਰ ਨੇ ਲੁਧਿਆਣੇ ਆ ਕੇ ਡਾਕਟਰ ਸਾਹਿਬ ਕੋਲੋਂ ਥੋੜ੍ਹਾ ਗੁਜ਼ਾਰੇ ਮਾਤਰ ਕੀਰਤਨ ਕਰਨਾ ਵੀ ਸਿੱਖ ਲਿਆ ਸੀ। ਨੰਗਲ ਪਿੰਡ ਰਹਿੰਦਿਆਂ ਉਹ ਰੋਜ਼ਾਨਾ ਗੁਰਦੁਆਰਾ ਸਾਹਿਬ ਜਾ ਕੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਨ ਦੀ ਸੇਵਾ ਨਿਭਾਉਂਦੇ ਸਨ।

ਇਹ ਵੀਰ ਕੋਈ ਵੀ ਕੀਰਤਨ ਸਮਾਗਮ ਚਾਹੇ ਲੋਕਲ ਹੋਵੇ ਜਾਂ ਕੇਂਦਰੀ ਸਮਾਗਮ, ਉਥੇ ਨਾਮ-ਬਾਣੀ ਦੇ ਲਾਹੇ ਲੈਣ ਚਲਾ ਜਾਂਦਾ ਸੀ। ਕੀਰਤਨ ਪੰਡਾਲ ਵਿਚ ਉਹ ਹਮੇਸ਼ਾਂ ਕੀਰਤਨੀਆਂ ਦੇ ਬਿਲਕੁਲ ਸਾਹਮਣੇ ਬੈਠ ਕੇ ਅੱਖਾਂ ਮੁੰਦ ਕੇ ਅਟੱਲ ਸਮਾਧੀ ਲਾ ਕੇ ਬੈਠਦਾ ਸੀ। ਉਹ ਕੀਰਤਨ ਸਮਾਗਮਾਂ ਦੀ ਹਾਜ਼ਰੀ ਭਰਨ ਲਈ ਸੰਗਤਾਂ ਨੂੰ ਪ੍ਰੇਰਦੇ ਰਹਿੰਦੇ ਤੇ ਲੋੜਵੰਦਾਂ ਨੂੰ ਆਪਣੇ ਸਾਈਕਲ ਦੇ ਅੱਗੇ-ਪਿੱਛੇ ਬਿਠਾ ਕੇ ਉਨ੍ਹਾਂ ਨੂੰ ਸਮਾਗਮਾਂ ਵਿਚ ਲਿਆਉਂਦੇ ਸਨ। ਲੁਧਿਆਣੇ ਦੇ ਪੋਹ ਸੁਦੀ ਅਤੇ ਹਫ਼ਤਾਵਾਰੀ ਸਮਾਗਮ ਵਿਚ ਲੰਗਰ ਦੀ ਦਿਨ ਰਾਤ ਸੇਵਾ ਕਰਦੇ ਅਤੇ ਕਦੇ ਥੱਕਦੇ ਨਹੀਂ ਸਨ। ਸਮਾਗਮ ਦੇ ਸਾਰੇ ਦਿਨ ਗੁਰਦੁਆਰਾ ਸਾਹਿਬ ਵਿਚ ਹੀ ਰਹਿ ਕੇ ਸਾਰੇ ਪਰਿਵਾਰ ਸਮੇਤ ਇਹ ਬਾਹਰੋਂ ਆਏ ਗੁਰਸਿੱਖਾਂ ਦੀ ਸੇਵਾ ਵਿਚ ਹਰ ਵੇਲੇ ਤਤਪਰ ਰਹਿੰਦੇ ਅਤੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ ਸਨ।

ਇਸ ਵੀਰ ਨੇ ਕਦੀ ਵੀ ਕਿਸੇ ਪ੍ਰਤੀ ਮਾੜੀ ਭਾਵਨਾ ਨਹੀਂ ਰੱਖੀ, ਨਾ ਹੀ ਕਿਸੇ ਨਾਲ ਵੈਰ-ਵਿਰੋਧ ਰੱਖਦਾ ਸੀ। ਨਿਮਰਤਾ ਦਾ ਪੁੰਜ ਅਤੇ ਮਿੱਠ-ਬੋਲੜੇ ਸੁਭਾਅ ਵਾਲਾ ਸੀ। ਜੇਕਰ ਕੋਈ ਵਿਚਾਰਾਂ ਦੇ ਵਖਰੇਵੇਂ ਜਾਂ ਨਿੱਜੀ ਕਾਰਨਾਂ ਕਰਕੇ ਉਨ੍ਹਾਂ ਨਾਲ ਨਾ ਬੋਲਦਾ ਤਾਂ ਇਹ ਵੀਰ ਉਨ੍ਹਾਂ ਦੇ ਘਰ ਆਪ ਚੱਲ ਕੇ ਜਾਂਦੇ, ਜਿਸ ਨਾਲ ਆਪਣੇ ਆਪ ਹੀ ਕਿਸੇ ਗ਼ਲਤ-ਫ਼ਹਿਮੀ ਦਾ ਮਨ-ਮਿਟਾਵ ਹੋ ਜਾਂਦਾ। ਨੰਗਲ ਪਿੰਡ ਰਹਿੰਦਿਆਂ ਜ਼ਮੀਨੀ ਝਗੜੇ ਕਾਰਨ ਇਨ੍ਹਾਂ ਦੇ ਪਰਿਵਾਰ ਤੋਂ ਇਨ੍ਹਾਂ ਦੇ ਚਾਚੇ ਦਾ ਕਤਲ ਹੋ ਗਿਆ। ਉਸ ਪਰਿਵਾਰ ਨਾਲ ਬੋਲ-ਚਾਲ ਤੇ ਮਿਲਵਰਤੋਂ ਬੰਦ ਹੋਣ ਦੇ ਬਾਵਜੂਦ ਵੀ ਇਹ ਗੁਰੂ ਪਿਆਰਾ ਵੈਰ-ਵਿਰੋਧ ਭੁਲਾ ਕੇ ਉਸ ਪਰਿਵਾਰ ਦੇ ਮੈਂਬਰਾਂ ਨੂੰ ਵੀ ਮਿਲ ਆਉਂਦਾ ਸੀ।

ਇਕ ਵਾਰ 5-6 ਸਾਲ ਦੀ ਉਮਰ ਵਿਚ ਇਹ ਵੀਰ ਬਾਕੀ ਪਰਿਵਾਰਕ ਮੈਂਬਰਾਂ ਨਾਲ ਭਾਈ ਸਾਹਿਬ ਜੀ ਨੂੰ ਨਾਰੰਗਵਾਲ ਮਿਲਣ ਗਏ। ਹਰ ਇਕ ਨੇ ਉਦੋਂ ਦੀ ਰੀਤ ਅਨੁਸਾਰ ਭਾਈ ਸਾਹਿਬ ਜੀ ਨੂੰ ਪਿਆਰ ਨਾਲ ਗਲਵਕੜੀ ਪਾਈ ਅਤੇ ਭਾਈ ਸਾਹਿਬ ਨੇ ਸਭ ਬੱਚਿਆਂ ਨੂੰ ਚੁੱਕਿਆ ਅਤੇ ਪਿਆਰ ਦਿੱਤਾ। ਜਦੋਂ ਇਨ੍ਹਾਂ ਦੀ ਵਾਰੀ ਆਈ ਤਾਂ ਅਜਿਹੀ ਗਲਵਕੜੀ ਭਾਈ ਸਾਹਿਬ ਜੀ ਨਾਲ ਪਾਈ ਅਤੇ ਐਸਾ ਨਾਮ ਅਭਿਆਸ ਦਾ ਅਤੁੱਟ ਖੰਡਾ ਖੜਕਾਇਆ ਕਿ ਇਕ-ਦੂਜੇ ਨੂੰ ਛੱਡਿਆ ਹੀ ਨਹੀਂ

www.AKJ.Org

ਅਤੇ ਦੋਵੇਂ ਕਿੰਨਾ ਚਿਰ ਇਕੱਠੇ ਨਾਮ ਸਿਮਰਨ ਕਰਦੇ ਰਹੇ। ਇਹ ਉਨ੍ਹਾਂ ਦੀ ਪੂਰਬਲੀ ਕਮਾਈ ਦੀ ਇਕ ਉਦਾਹਰਣ ਹੈ। ਉਨ੍ਹਾਂ ਦਿਨਾਂ ਵਿਚ ਸਿੰਘਾਂ ਦਾ ਆਪਸ ਵਿਚ ਮਿਲਣ ਦਾ ਇਹ ਅਨੋਖਾ ਤਰੀਕਾ ਸੀ, ਜੋ ਅੱਜ-ਕੱਲ੍ਹ ਮੁਸ਼ਕਲ ਨਾਲ ਹੀ ਵੇਖਣ ਨੂੰ ਮਿਲਦਾ ਹੈ।

ਇਹ ਗੁਰੂ ਕਾ ਲਾਲ ਬਿਨਾਂ ਕਿਸੇ ਹਿਚਕਿਚਾਹਟ ਦੇ ਲੋੜਵੰਦਾਂ ਦੀ ਸੇਵਾ ਨੂੰ ਹਮੇਸ਼ਾਂ ਤਿਆਰ ਰਹਿੰਦਾ ਸੀ। ਦੂਰ-ਨੇੜੇ ਪਿੰਡਾਂ ਤੋਂ ਆਏ ਸਿੰਘਾਂ/ਰਿਸ਼ਤੇਦਾਰਾਂ ਲਈ ਹਸਪਤਾਲ ਵਿਚ ਸਵੇਰੇ, ਰਾਤ ਦਾ ਲੰਗਰ ਦੇਣ ਦੀ ਸੇਵਾ ਵੀ ਸੰਭਾਲੀ ਹੋਈ ਸੀ। ਆਪਣੀ ਨੌਕਰੀ ਦੀ ਜ਼ਿੰਮੇਵਾਰੀ ਤੋਂ ਬਿਨਾਂ ਲੋਕਲ ਸਮਾਗਮਾਂ ਦੀ ਹਾਜ਼ਰੀ ਭਰਨ ਦੇ ਨਾਲ-ਨਾਲ ਦਿਨ ਵਿਚ ਦੋ ਵਾਰ ਇਹ ਸੇਵਾ ਵੀ ਨਿਭਾਉਂਦਾ ਸੀ ਅਤੇ ਹੋਰ ਉੱਚ ਵਿੱਦਿਆ ਲਈ ਸ਼ਾਮ ਦੀਆਂ ਕਲਾਸਾਂ ਵੀ ਲਗਾਉਂਦਾ ਸੀ। ਇਹੋ ਜਿਹੇ ਉੱਦਮੀ ਤੇ ਅਣਥੱਕ ਸੇਵਾ ਕਰਨ ਵਾਲੇ ਵਿਰਲੇ ਹੀ ਹੁੰਦੇ ਹਨ। ਬੇਸ਼ੱਕ ਪਰਿਵਾਰ ਦੀ ਮਾਇਕ ਹਾਲਤ ਗੁਜ਼ਾਰੇ ਜੋਗੀ ਹੀ ਸੀ, ਪਰੰਤੂ ਬਾਹਰੋਂ ਆਇਆ ਕੋਈ ਵੀ ਅਤਿਥੀ ਸਿੰਘ ਲੰਗਰ ਪਾਣੀ ਛਕਣ ਲਈ ਨਿਝੱਕ ਹੋ ਕੇ ਇਸ ਪਰਿਵਾਰ ਕੋਲ ਆ ਜਾਂਦਾ ਸੀ। ਇਹ ਪਰਿਵਾਰ ਵੀ ਆਏ-ਗਏ ਲਈ ਕੋਈ ਉਚੇਚ ਨਹੀਂ ਸੀ ਕਰਦਾ, ਜੋ ਸਾਦ-ਮੁਰਾਦਾ ਬਣਿਆ ਹੁੰਦਾ, ਰਲ-ਮਿਲ ਕੇ ਛਕ ਲੈਂਦੇ ਸਨ। ਇਹ ਪਰਿਵਾਰ ਬਹੁਤ ਸਬਰ-ਸੰਤੋਖੀ ਸੀ ਤੇ ਆਏ ਹੋਏ ਅਤਿਥੀ ਨੂੰ ਵੀ ਇਥੇ ਆ ਕੇ ਲੰਗਰ ਛਕ ਕੇ ਤ੍ਰਿਪਤੀ ਅਤੇ ਪ੍ਰਸੰਨਤਾ ਹਾਸਲ ਹੁੰਦੀ ਸੀ।

ਇਹ ਵੀਰ ਜੀ ਬਾਬਾ ਗਿਆਨੀ ਕਰਤਾਰ ਸਿੰਘ ਜੀ ਜਥਾ ਭਿੰਡਰਾਂ, ਮਹਿਤਾ ਵੱਲੋਂ ਹਰ ਸਾਲ ਜੂਨ ਮਹੀਨੇ ਮਹਿਤੇ ਵਿਚ ਕਰਵਾਏ ਜਾਣ ਵਾਲੇ ਰੈਣ ਸਬਾਈ ਕੀਰਤਨ ਦੀ ਹਾਜ਼ਰੀ ਵੀ ਲੁਧਿਆਣੇ ਦੀ ਸੰਗਤ ਨਾਲ ਉਥੇ ਜਾ ਕੇ ਭਰਦੇ ਸਨ। ਇਸ ਤੋਂ ਉਪਰੰਤ ਨਕਲੀ ਨਿਰੰਕਾਰੀਆਂ ਵੱਲੋਂ ਕੀਤੇ ਜਾ ਰਹੇ ਗੁਰੂ ਡੰਮ ਅਤੇ ਗੁਰੂ ਘਰ ਵਿਰੋਧੀ ਪ੍ਰਚਾਰ ਨੂੰ ਰੋਕਣ ਲਈ ਜਥਾ ਭਿੰਡਰਾਂ (ਮਹਿਤਾ) ਤੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਵੱਲੋਂ ਇੱਕੋ ਮੋਰਚੇ 'ਤੇ ਇਕੱਠੇ ਕੰਮ ਕਰਨ ਕਰਕੇ ਇਨ੍ਹਾਂ ਦਾ ਬਾਬਾ ਗਿਆਨੀ ਕਰਤਾਰ ਸਿੰਘ ਜੀ ਨਾਲ ਵੀ ਨੇੜਲਾ ਸੰਬੰਧ ਅਤੇ ਪਿਆਰ ਸਤਿਕਾਰ ਬਣਿਆ ਹੋਇਆ ਸੀ। 1977 ਵਿਚ ਲੁਧਿਆਣੇ ਆਉਂਦੇ ਸਮੇਂ ਬਾਬਾ ਜੀ ਦਾ ਲਾਡੋਵਾਲ ਕੋਲ ਭਿਆਨਕ ਹਾਦਸਾ ਹੋ ਗਿਆ ਅਤੇ ਬਾਬਾ ਜੀ ਗੰਭੀਰ ਜ਼ਖ਼ਮੀ ਹੋ ਗਏ। ਉਸੇ ਵੇਲੇ ਇਹ ਪਿਆਰਾ ਪਤਾ ਨਹੀਂ ਕਿਥੋਂ ਆ ਪਹੁੰਚਾ ਤੇ ਬਾਬਾ ਜੀ ਨੂੰ ਬਾਕੀ ਸਿੰਘਾਂ ਨਾਲ ਸੀ.ਐੱਮ.ਸੀ. ਹਸਪਤਾਲ, ਲੁਧਿਆਣਾ ਪਹੁੰਚਾਉਣ ਵਿਚ ਮਦਦ ਕੀਤੀ। ਬਾਬਾ ਜੀ ਦਾ ਖ਼ੂਨ ਵੀ ਜ਼ਿਆਦਾ ਵਹਿ ਜਾਣ ਕਾਰਨ ਉਥੇ ਆਪਣਾ ਖ਼ੂਨ ਵੀ ਬਾਬਾ ਜੀ ਲਈ ਦਾਨ ਕੀਤਾ। ਜਿਤਨਾ ਚਿਰ ਬਾਬਾ ਜੀ ਹਸਪਤਾਲ ਰਹੇ, ਸਵੇਰੇ ਸ਼ਾਮ ਭਾਈ ਹਰਮੋਹਨ ਸਿੰਘ ਜੀ ਨਾਲ ਰਲ ਕੇ ਸਿੰਘਾਂ ਲਈ ਲੰਗਰ ਲਿਜਾਣ ਦੀ ਸੇਵਾ ਵੀ ਕਰਦੇ ਰਹੇ।

1 ਅਪ੍ਰੈਲ 1978 ਨੂੰ ਭਾਈ ਫ਼ੌਜਾ ਸਿੰਘ ਜੀ, ਭਾਈ ਅਵਤਾਰ ਸਿੰਘ ਜੀ ਸ਼ਹੀਦ, ਖੁੱਡਾ ਕੁਰਾਲਾ, ਭਾਈ ਕੇਵਲ ਸਿੰਘ ਜੀ ਸ਼ਹੀਦ, ਹੁਸ਼ਿਆਰਪੁਰ ਲੁਧਿਆਣੇ

www.AKJ.Org

ਲਾਗੇ ਪਿੰਡ ਦੁਲੇਅ ਵਿਚ ਗੁਰਦੁਆਰਾ ਫਲਾਹੀ ਸਾਹਿਬ ਵਿਖੇ ਸਿੰਘ ਸਭਾ ਸ਼ਤਾਬਦੀ ਕਮੇਟੀ ਵੱਲੋਂ ਕਰਵਾਈ ਜਾ ਰਹੀ ਕਾਨਫ਼ਰੰਸ ਵਿਚ ਭਾਗ ਲੈਣ ਲਈ ਆਏ। ਰਾਤ ਨੂੰ ਇਨ੍ਹਾਂ ਸਿੰਘਾਂ ਨੇ ਆਪ ਜੀ ਦੀ ਪਰਖ ਲੈਣ ਦੀ ਸਕੀਮ ਬਣਾਈ। ਭਾਈ ਫ਼ੌਜਾ ਸਿੰਘ ਜੀ ਤੇ ਭਾਈ ਅਵਤਾਰ ਸਿੰਘ ਜੀ ਤਾਂ ਕਿਸੇ ਕੀਰਤਨ ਸਮਾਗਮ 'ਤੇ ਚਲੇ ਗਏ। ਪਿੱਛੋਂ ਭਾਈ ਕੇਵਲ ਸਿੰਘ ਜੀ, ਭਾਈ ਮਹਾਂਬੀਰ ਸਿੰਘ ਜੀ ਅਤੇ ਇਕ-ਦੋ ਹੋਰ ਸਿੰਘ ਇਨ੍ਹਾਂ ਦੀ ਰਿਹਾਇਸ਼, ਜੋ ਲੁਧਿਆਣਾ-ਫ਼ਿਰੋਜ਼ਪੁਰ ਲਾਈਨ 'ਤੇ ਮਾਡਲ ਗਰਾਮ ਰੇਲਵੇ ਸਟੇਸ਼ਨ ਕੋਲ ਸੀ, ਉਥੇ ਰਾਤ 11 ਵਜੇ ਰੇਲਵੇ ਲਾਈਨ ਕੋਲ ਆ ਕੇ ਖਲੋ ਗਏ। ਉਨ੍ਹਾਂ ਨੇ ਇਕ ਸਿੰਘ ਇਨ੍ਹਾਂ ਦੇ ਘਰ ਭੇਜਿਆ ਜੋ ਭੱਜਾ ਗਿਆ। ਆਪ ਅਜੇ ਸੌਣ ਦੀ ਤਿਆਰੀ ਹੀ ਕਰ ਰਹੇ ਸਨ। ਕੇਵਲ ਸਿਰ 'ਤੇ ਦਸਤਾਰ ਤੇ ਤੇੜ ਕਛਹਿਰਾ ਹੀ ਸੀ। ਉਹ ਸਿੰਘ ਆ ਕੇ ਕਹਿਣ ਲੱਗਾ ਕਿ ਰੇਲਵੇ ਲਾਈਨ 'ਤੇ ਸਿੰਘਾਂ ਦਾ ਕੁਝ ਗ਼ੈਰ-ਸਮਾਜੀ ਸ਼ਰਾਰਤੀ ਅਨਸਰਾਂ ਨਾਲ ਝਗੜਾ ਹੋ ਗਿਐ, ਫਟਾਫਟ ਉਥੇ ਪਹੁੰਚੋ। ਆਪ ਜੀ ਨੇ ਨਾ ਆ ਦੇਖਿਆ ਨਾ ਤਾਅ ਦੇਖਿਆ, ਉਸੇ ਵੇਲੇ ਇਕ ਮੋਟਾ ਡੰਡਾ ਚੁੱਕ ਕੇ ਉਸ ਸਿੰਘ ਦੇ ਮਗਰ ਮਗਰ ਭੱਜ ਪਏ। ਉਥੇ ਪਹੁੰਚੇ ਤਾਂ ਦੇਖਿਆ ਕਿ ਇਥੇ ਤਾਂ ਕੋਈ ਵੀ ਨਹੀਂ, ਅੱਗੋਂ ਸਿੰਘ ਹੱਸ ਕੇ ਕਹਿਣ ਲੱਗੇ ਕਿ ਸਿੰਘਾ, ਤੂੰ ਇਮਤਿਹਾਨ ਵਿੱਚੋਂ ਪਾਸ ਹੋ ਗਿਐਂ। ਅਸੀਂ ਤਾਂ ਸਿਰਫ਼ ਤੇਰੀ ਪਰਖ ਕਰਨ ਲਈ ਇਕ ਢੌਂਗ ਰਚਿਆ ਸੀ। ਇਹ ਸਾਰੇ ਪੂਰਬਲੇ ਜਨਮ ਦੇ ਸੰਜੋਗੀ ਸਨ, ਜਿਨ੍ਹਾਂ ਨੇ ਗੁਰੂ ਸਾਹਿਬ ਜੀ ਦੀ ਆਨ-ਸ਼ਾਨ ਖ਼ਾਤਰ ਇਕੱਠਿਆਂ ਹੀ ਸ਼ਹੀਦੀਆਂ ਪਾਈਆਂ।

ਆਪ ਆਪਣੀ ਸੰਸਾਰਕ ਡਿਊਟੀ ਨਾਲੋਂ ਸਿੰਘਾਂ ਦੇ ਦਰਸ਼ਨ ਅਤੇ ਸੰਗਤ ਕਰਨ ਨੂੰ ਜ਼ਿਆਦਾ ਮਹੱਤਵ ਦਿੰਦੇ ਸਨ। 15 ਅਪ੍ਰੈਲ 1978 ਨੂੰ ਉਨ੍ਹਾਂ ਦਾ ਬੀ.ਏ. (ਪਹਿਲਾ ਸਾਲ) ਦੇ ਇਮਤਿਹਾਨ ਦਾ ਪਹਿਲਾ ਪਰਚਾ ਸੀ, ਪਰ ਇਮਤਿਹਾਨ ਨਾਲੋਂ ਸ੍ਰੀ ਅੰਮ੍ਰਿਤਸਰ ਹੋ ਰਹੇ ਸਮਾਗਮ ਵਿਚ ਹਾਜ਼ਰੀ ਭਰਨੀ ਜ਼ਿਆਦਾ ਜ਼ਰੂਰੀ ਸਮਝ ਕੇ 12 ਅਪ੍ਰੈਲ ਰਾਤ ਨੂੰ ਅਜੀਤ ਨਗਰ ਵਿਚ ਚੱਲ ਰਹੇ ਸਮਾਗਮ 'ਤੇ ਪਹੁੰਚ ਗਏ। ਇਸ ਸਮਾਗਮ 'ਤੇ ਉਨ੍ਹਾਂ ਦੇ ਬਾਕੀ ਪਰਿਵਾਰਕ ਮੈਂਬਰ ਪਹਿਲਾਂ ਹੀ ਪਹੁੰਚੇ ਹੋਏ ਸਨ।

ਉਨ੍ਹਾਂ ਦੇ ਦੁਨਿਆਵੀ ਇਮਤਿਹਾਨ ਤਾਂ ਲੁਧਿਆਣੇ ਹੀ ਪਿੱਛੇ ਰਹਿ ਗਏ ਅਤੇ ਉਹ 13 ਅਪ੍ਰੈਲ 1978 ਨੂੰ ਅਗਲੀ ਪਰੀਖਿਆ ਵਿਚ ਪਾਸ ਹੋਣ ਲਈ ਨਕਲੀ ਨਿਰੰਕਾਰੀਆਂ ਵੱਲੋਂ ਕੀਤੇ ਜਾ ਰਹੇ ਸਮਾਗਮ, ਜਿਸ ਵਿਚ ਗੁਰੂ ਸਾਹਿਬ, ਗੁਰੂ ਘਰ ਦੇ ਭਗਤਾਂ ਅਤੇ ਗੁਰਸਿੱਖਾਂ ਦੀ ਨਿੰਦਾ ਕੀਤੀ ਜਾ ਰਹੀ ਸੀ, ਨੂੰ ਰੋਕਣ ਲਈ ਭਾਈ ਫ਼ੌਜਾ ਸਿੰਘ ਜੀ ਦੀ ਅਗਵਾਈ ਵਿਚ ਜਾ ਰਹੇ ਜਥੇ ਵਿਚ ਸ਼ਾਮਲ ਹੋ ਕੇ ਗੋਲੀਆਂ ਅਤੇ ਡਾਂਗਾਂ ਦੀ ਮਾਰ ਖਾਂਦਿਆਂ ਸ਼ਹਾਦਤ ਦਾ ਜਾਮ ਪੀ ਗਏ। ਨਕਲੀਆਂ ਵੱਲੋਂ ਸਿੰਘਾਂ 'ਤੇ ਕੀਤੇ ਹਮਲੇ ਦੌਰਾਨ ਇਹ ਵੀਰ ਬਹੁਤ ਤੇਜ਼ ਫੁਰਤੀ ਨਾਲ ਨਕਲੀਆਂ ਦੇ ਪੰਡਾਲ ਵੱਲ ਭੱਜਿਆ ਅਤੇ ਗੇਟ ਤਕ ਪਹੁੰਚਣ ਵਿਚ ਕਾਮਯਾਬ ਵੀ ਹੋ ਗਿਆ ਸੀ, ਪਰ ਜ਼ਾਲਮਾਂ ਨੇ ਡਾਂਗਾਂ ਤੇ ਗੋਲੀਆਂ ਨਾਲ ਉਥੇ ਹੀ ਇਨ੍ਹਾਂ ਨੂੰ ਸ਼ਹੀਦ ਕਰ ਦਿੱਤਾ।

www.AKJ.Org

# ਸ਼ਹੀਦ ਭਾਈ ਹਰਭਜਨ ਸਿੰਘ ਜੀ ਭੱਟੀਆਂ

*—ਗੁਰਪੁਰਵਾਸੀ ਭਾਈ ਬਲਦੇਵ ਸਿੰਘ ਜੀ*

ਮੇਰੇ ਪਰਮ ਸਨੇਹੀ ਵੀਰ ਹਰਭਜਨ ਸਿੰਘ ਜੀ, ਜੋ ਕਿ 13 ਅਪ੍ਰੈਲ, 1978 ਦੇ ਖ਼ੂੰ-ਖ਼ਾਰ ਸਾਕੇ ਵਿਚ ਸ਼ਹੀਦ ਹੋ ਗਏ, ਪੰਥ ਦੇ ਇਕ ਅਨਮੋਲ ਹੀਰੇ ਸਨ। ਉਹ ਇਕ ਸੱਚੇ ਤੇ ਸੁੱਚੇ ਹੀਰੇ ਦੀ ਨਿਆਈਂ ਜੀਵੇ ਅਤੇ ਜਦੋਂ ਉਨ੍ਹਾਂ ਦੀ ਗੁਰਮਤਿ ਕਸਵੱਟੀ 'ਤੇ ਪਰਖ ਹੋਈ ਤਾਂ ਦੂਣੀ ਚੌਣੀ ਚਮਕ ਦੇ ਕੇ ਆਪਣੇ ਸੱਚੇ ਅਤੇ ਸੁੱਚੇਪਨ ਦਾ ਸਬੂਤ ਦਿੱਤਾ।

ਇਸ ਮਰਜੀਵੜੇ ਦਾ ਜਨਮ ਇਕ ਖੇਤੀ-ਬਾੜੀ ਕਰਨ ਵਾਲੇ ਪਰਿਵਾਰ, ਪਿੰਡ ਭੱਟੀਆਂ, ਜ਼ਿਲ੍ਹਾ ਗੁਰਦਾਸਪੁਰ ਵਿਚ 17 ਵੈਸਾਖ (29 ਅਪ੍ਰੈਲ) 1947 ਈ. ਨੂੰ ਹੋਇਆ। ਆਪ ਦੇ ਪਿਤਾ ਸ. ਜਗਤ ਸਿੰਘ ਜੀ ਬਹੁਤ ਗੁਰਮੁਖ ਅਤੇ ਤਿਆਰ-ਬਰ-ਤਿਆਰ ਖ਼ਾਲਸੇ ਸਨ। ਉਹ ਬਹੁਤ ਉੱਘੇ ਅਤੇ ਪੁਰਾਣੇ ਵਰਕਰ ਰਹੇ। ਖ਼ਾਸ ਕਰਕੇ ਭੱਟੀਆਂ ਵਰਗੇ ਪਿੰਡ ਵਿਚ ਜਿਥੇ ਕਿ ਆਮ ਲੋਕ ਕਮਿਊਨਿਸਟ ਖ਼ਿਆਲਾਂ ਦੇ ਹਨ, ਇਸ ਦੇ ਬਾਵਜੂਦ ਵੀ ਭਾਈ ਜਗਤ ਸਿੰਘ ਜੀ ਆਪਣੇ ਕੱਟੜ ਖ਼ਿਆਲਾਂ ਵਿਚ ਅਟੰਕ ਵਿਚਰਦੇ ਰਹੇ। ਭਾਈ ਹਰਭਜਨ ਸਿੰਘ ਜੀ ਦੀ ਸ਼ਹੀਦੀ ਬਾਰੇ ਦਾਸ ਉਨ੍ਹਾਂ ਨਾਲ ਜਦੋਂ ਵੀ ਕੋਈ ਗੱਲ ਕਰਦਾ ਤਾਂ ਉਨ੍ਹਾਂ ਦੀਆਂ ਅੱਖਾਂ ਵਿਚ ਅਲੌਕਿਕ ਚਮਕ-ਦਮਕ ਹੁੰਦੀ ਸੀ ਅਤੇ ਆਪਣੇ ਜੋਸ਼ੀਲੇ ਨੇਤਰਾਂ ਨੂੰ ਉੱਪਰ ਚੁੱਕ ਕੇ ਬੜੇ ਹੀ ਠੰਢੇ ਮਿਜ਼ਾਜ ਨਾਲ ਇਉਂ ਕਹਿੰਦੇ ਕਿ ਮੇਰਾ ਪੁੱਤਰ 31 ਸਾਲ ਦੀ ਨਿੱਕੀ ਜਿੰਨੀ ਉਮਰ ਵਿਚ ਬਹੁਤ ਕੁਝ ਕਰ ਕੇ ਦਿਖਾ ਗਿਆ ਅਤੇ ਸਾਡੇ ਤੋਂ ਬਹੁਤ ਅੱਗੇ ਨਿਕਲ ਗਿਆ ਏ। ਉਹ ਇਹ ਵੀ ਬੜੀ ਨਿਮਰਤਾ ਸਹਿਤ ਕਹਿ ਦਿਆ ਕਰਦੇ ਕਿ ਮੈਨੂੰ ਬੜਾ ਮਾਣ ਹੈ, ਮੇਰਾ ਪੁੱਤਰ ਗੁਰੂ ਪੰਥ ਖ਼ਾਲਸੇ ਦੀ ਸ਼ਾਨ ਨੂੰ ਕਾਇਮ ਰੱਖਣ ਵਾਸਤੇ ਅਤੇ ਗੁਰੂ ਸਾਹਿਬਾਂ ਦੀ ਨਿੰਦਾ ਨੂੰ ਨਾ ਸਹਾਰਦਾ ਹੋਇਆ ਸ਼ਹੀਦੀ ਪਾ ਗਿਆ ਏ।

ਭਾਈ ਹਰਭਜਨ ਸਿੰਘ ਦੇ ਮਾਤਾ ਜੀ ਵੀ ਅੰਮ੍ਰਿਤਧਾਰੀ ਬੀਬੀ ਜੀ ਸਨ। ਪੁੱਤਰ ਦੀ ਸ਼ਹੀਦੀ 'ਤੇ ਉਨ੍ਹਾਂ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ, ਜਿਵੇਂ ਕਿ ਗੁਰੂ ਸਾਹਿਬ ਦਾ ਹੁਕਮ ਹੈ:

**ਜਿਸ ਕੀ ਬਸਤੁ ਤਿਸੁ ਆਗੈ ਰਾਖੈ॥**
**ਪ੍ਰਭ ਕੀ ਆਗਿਆ ਮਾਨੈ ਮਾਥੈ॥**

*(ਗਉੜੀ ਸੁਖਮਨੀ ਮਃ ੫, ਪੰਨਾ 268)*

ਪਰ ਅੱਖਾਂ ਵਿੱਚੋਂ ਇਕ ਅੱਥਰੂ ਤਕ ਨਹੀਂ ਕੇਰਿਆ, ਬਲਕਿ ਜੇ ਕੋਈ ਹੋਰ ਰੋਂਦਾ ਤਾਂ ਉਸ ਨੂੰ ਚੁੱਪ ਹੋਣ ਵਾਸਤੇ ਕਹਿੰਦੇ ਰਹੇ। ਆਪ ਦੇ ਮਾਤਾ ਹਰਬੰਸ ਕੌਰ

www.AKJ.Org



ਭਾਈ ਹਰਭਜਨ ਸਿੰਘ ਜੀ, ਭੱਟੀਆਂ

www.AKJ.Org

ਜੀ ਬਹੁਤ ਧੀਮੇ ਅਤੇ ਨੇਕ ਸੁਭਾਅ ਦੇ ਸਨ। ਉਨ੍ਹਾਂ ਵਿਚ ਨਿਮਰਤਾ ਕੁੱਟ ਕੁੱਟ ਕੇ ਭਰੀ ਪਈ ਸੀ ਅਤੇ ਘਰ ਵਿਚ ਵਿਚਰਦਿਆਂ ਕਦੀ ਵੀ ਕਿਸੇ ਨਾਲ ਉੱਚੀ ਨਹੀਂ ਸਨ ਬੋਲਦੇ। ਭਾਈ ਹਰਭਜਨ ਸਿੰਘ ਜੀ ਨੂੰ ਇਹ ਸਭ ਕੁਝ ਜੋ ਪ੍ਰਾਪਤ ਹੋਇਆ, ਇਹ ਬਹੁਤ ਕੁਝ, ਉਸ ਦੇ ਗੁਰਮੁਖ ਮਾਤਾ-ਪਿਤਾ ਦੀ ਦੇਣ ਹੈ।

ਭਾਈ ਹਰਭਜਨ ਸਿੰਘ ਜੀ ਆਪਣੇ ਪਿੱਛੇ ਪਤਨੀ ਜੋਗਿੰਦਰ ਕੌਰ ਜੀ, ਜੋ ਕਿ ਕੇਸਕੀ ਸਹਿਤ ਤਿਆਰ-ਬਰ-ਤਿਆਰ ਹਨ ਅਤੇ ਤਿੰਨ ਬੱਚੇ—ਬਲਜਿੰਦਰ ਸਿੰਘ 11 ਸਾਲ, ਕੁਲਵੰਤ ਕੌਰ 8 ਸਾਲ ਅਤੇ ਕਾਕਾ ਬਲਕਾਰ ਸਿੰਘ 8 ਮਹੀਨੇ, ਛੱਡ ਗਏ ਸਨ। ਆਪ ਜੀ ਦੀ ਸਿੰਘਣੀ ਵੀ ਭਾਣੇ ਵਿਚ ਵਿਚਰਦੇ ਹੋਏ ਜਿਉਂ ਦੇ ਤਿਉਂ ਚੜ੍ਹਦੀਆਂ ਕਲਾਂ ਵਿਚ ਰਹੇ। ਤਿੰਨਾਂ ਬੱਚਿਆਂ ਦੀ ਰਹਿਤ-ਬਹਿਤ ਦਾ ਵੀ ਪੂਰਾ ਖ਼ਿਆਲ ਰੱਖਦੇ ਰਹੇ। ਇਨ੍ਹਾਂ ਬੱਚਿਆਂ ਵੱਲ ਦੇਖ ਕੇ ਮਨ ਬਹੁਤ ਖਿੜਦਾ ਰਿਹਾ, ਜਦੋਂ ਕਿ ਤਿੰਨਾਂ ਦੇ ਸੀਸ 'ਤੇ ਕੇਸਕੀ, ਗਲ ਵਿਚ ਕਿਰਪਾਨਾਂ, ਤੇੜ ਕਛਹਿਰੇ, ਹੱਥਾਂ ਵਿਚ ਕੜੇ ਸੁਸ਼ੋਭਤ ਨਜ਼ਰੀਂ ਆਂਵਦੇ।

ਹਰਭਜਨ ਸਿੰਘ ਜੀ ਦੇ ਤਿੰਨ ਭਾਈ—ਸ. ਨਿਰੰਜਨ ਸਿੰਘ ਸਰਕਾਰੀ ਸਕੂਲ ਵਿਚ ਅਧਿਆਪਕ, ਸ. ਗੁਰਮੀਤ ਸਿੰਘ ਜੀ ਬੀ.ਐੱਸ.ਐੱਫ਼. ਵਿਚ ਰਹੇ ਅਤੇ ਸ. ਹਰਦੇਵ ਸਿੰਘ ਜੀ ਖੇਤੀਬਾੜੀ ਦਾ ਕੰਮ ਕਰਦੇ ਰਹੇ। ਆਪ ਦੀਆਂ ਦੋ ਭੈਣਾਂ ਵੀ ਆਪਣੇ ਘਰੇ ਸੁਖੀ ਜੀਵਨ ਬਤੀਤ ਕਰ ਰਹੀਆਂ ਹਨ।

ਆਪਣੇ ਸਾਰੇ ਭੈਣ-ਭਰਾਵਾਂ ਵਿਚ ਸਿਰਫ਼ ਆਪ ਹੀ ਅੰਮ੍ਰਿਤਧਾਰੀ ਸਨ। ਪਰ ਉਹ ਆਪਣੇ ਭਰਾਵਾਂ ਅਤੇ ਭੈਣਾਂ ਨੂੰ ਅੰਮ੍ਰਿਤ ਪਾਨ ਕਰਨ ਦੀ ਪ੍ਰੇਰਨਾ ਲਗਾਤਾਰ ਦਿੰਦੇ ਰਹਿੰਦੇ ਸਨ। ਸਾਨੂੰ ਇਹ ਆਸ ਹੈ ਕਿ ਹੁਣ ਸ਼ਹੀਦ ਭਾਈ ਹਰਭਜਨ ਸਿੰਘ ਜੀ ਦੀ ਸ਼ਹਾਦਤ ਪੂਰੇ ਪਰਿਵਾਰ ਨੂੰ ਕੀ, ਪੂਰੇ ਗੁਰਦਾਸਪੁਰ ਜ਼ਿਲ੍ਹੇ ਨੂੰ ਗੁਰਸਿੱਖੀ ਰੰਗਣ ਵਿਚ ਰੰਗ ਦਏਗੀ। ਆਪ ਦੇ ਸਾਰੇ ਭੈਣ ਭਰਾ ਬਹੁਤ ਨੇਕ, ਪੜ੍ਹੇ-ਲਿਖੇ ਅਤੇ ਰੱਬ ਦਾ ਭਾਉ ਰੱਖ ਕੇ ਜੀਊਣ ਵਾਲੇ ਹਨ।

ਭਾਈ ਹਰਭਜਨ ਸਿੰਘ ਜੀ ਨੇ ਆਪਣੀ ਮੁੱਢਲੀ ਵਿੱਦਿਆ ਪਿੰਡ ਭੱਟੀਆਂ ਵਿਖੇ ਅਤੇ ਦਸਵੀਂ ਤਕ ਦੀ ਪੜ੍ਹਾਈ ਸਰਕਾਰੀ ਸਕੂਲ, ਕਾਹਨੂੰਵਾਨ ਛੰਭ ਵਿਖੇ ਸੰਪੂਰਨ ਕੀਤੀ। ਆਪ ਪੜ੍ਹਾਈ ਵਿਚ ਬਹੁਤ ਲਾਇਕ ਸਨ। ਇਹੀ ਕਾਰਨ ਸੀ ਕਿ ਉਹ ਪਹਿਲੀ ਤੋਂ ਲੈ ਕੇ ਦਸਵੀਂ ਤਕ ਕਦੀ ਫ਼ੇਲ੍ਹ ਨਹੀਂ ਸਨ ਹੋਏ। ਮੈਟ੍ਰਿਕ ਤੋਂ ਬਾਅਦ ਕੁਝ ਦੇਰ ਆਪ ਜੀ ਨੇ ਕਾਲਜ ਵਿਚ ਪੜ੍ਹਾਈ ਆਰੰਭ ਕੀਤੀ, ਪਰ ਪੜ੍ਹਾਈ ਵਿਚੇ ਛੱਡ ਕੇ ਲੁਧਿਆਣੇ, ਯੂਨੀਵਰਸਿਟੀ ਵਿਚ ਐਗਰੀਕਲਚਰ ਦਾ ਕੋਰਸ ਕਰਨ ਲਈ ਦਾਖ਼ਲ ਹੋ ਗਏ। ਕੋਰਸ ਕਰਨ ਤੋਂ ਕੁਝ ਕੁ ਦੇਰ ਬਾਅਦ ਆਪ ਇੰਸਪੈਕਟਰ ਦੇ ਤੌਰ 'ਤੇ ਕੰਮ ਕਰਨ ਲੱਗ ਪਏ ਅਤੇ ਇਸ ਸਮੇਂ ਆਪ ਸ੍ਰੀ ਹਰਿਗੋਬਿੰਦਪੁਰ ਬਲਾਕ ਵਿਚ ਕੰਮ ਕਰ ਰਹੇ ਸਨ। ਆਪ ਦੀ ਨੌਕਰੀ ਦਾ ਸਥਾਨ ਕਾਦੀਆਂ, ਜ਼ਿਲ੍ਹਾ ਗੁਰਦਾਸਪੁਰ ਸੀ। ਆਪ ਨੇ ਨੌਕਰੀ ਵਿਚ ਵੀ ਬਹੁਤ ਹੀ ਨੇਕ-ਦਿਲੀ ਤੋਂ ਕੰਮ ਲਿਆ ਅਤੇ ਜਿਥੇ ਵੀ ਜਾ ਕੇ ਅਸੀਂ ਆਪ ਜੀ ਦੇ ਬਾਰੇ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਬਹੁਤ ਹੀ ਡੂੰਘਾ ਸਦਮਾ ਮਹਿਸੂਸ ਕੀਤਾ।

ਪਹਿਲੇ ਜੀਵਨ ਵਿਚ ਆਪ ਬਹੁਤ ਹੀ ਸ਼ੌਕੀਨ ਸੁਭਾਅ ਦੇ ਸਨ। ਨੈਕਟਾਈ,

www.AKJ.Org

ਪੈਂਟ, ਕੋਟ, ਬੁਸ਼ਰਟ ਆਦਿ ਪਹਿਨ ਕੇ ਅੱਪ-ਟੂ-ਡੇਟ ਰਹਿੰਦੇ ਸਨ। ਅੱਜ ਤੋਂ ਤਿੰਨ ਕੁ ਸਾਲ ਪਹਿਲਾਂ (ਸੰਨ 1975 ਵਿਚ) ਆਪ ਜੀ ਨੇ ਬਟਾਲੇ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਜੋੜ ਮੇਲੇ ਸਮੇਂ ਅਖੰਡ ਕੀਰਤਨੀ ਜਥੇ ਦੇ ਸਮਾਗਮਾਂ 'ਤੇ ਪੂਰੇ ਪਰਿਵਾਰ ਸਮੇਤ ਅੰਮ੍ਰਿਤ ਪਾਨ ਕੀਤਾ। ਅੰਮ੍ਰਿਤ ਪਾਨ ਕਰਨ ਤੋਂ ਬਾਅਦ ਕੁਝ ਦੇਰ ਤਾਂ ਆਪ ਪੈਂਟਾਂ ਬੁਸ਼ਰਟਾਂ ਦੇ ਚੱਕਰ ਵਿਚ ਮਸਤ ਰਹੇ, ਪਰ ਇਕ ਦਿਨ ਇਕ ਘਟਨਾ ਅਜਿਹੀ ਵਾਪਰੀ ਜੋ ਕਿ ਭਾਈ ਹਰਭਜਨ ਸਿੰਘ ਜੀ ਦਾ ਜੀਵਨ ਪਲਟਾ ਗਈ। ਉਹ ਘਟਨਾ ਇਵੇਂ ਹੈ ਕਿ ਆਪ ਆਪਣੇ ਪਿੰਡ ਦੇ ਬੱਸ ਅੱਡਾ ਤੁਗ਼ਲਵਾਲੇ ਤੋਂ ਮਹਿਤੇ ਨੂੰ ਜਾਣ ਵਾਲੀ ਬੱਸ ਵਿਚ ਸਫ਼ਰ ਕਰ ਰਹੇ ਸਨ ਕਿ ਇਕ ਨੌਜਵਾਨ ਔਰਤ ਨੇ ਆਪ ਜੀ ਦੇ ਪੈਰ 'ਤੇ ਪੈਰ ਰੱਖ ਕੇ ਦਬਾਇਆ। ਆਪ ਬੱਸ ਵਿਚ ਸ਼ਾਂਤ ਬੈਠੇ ਰਹੇ, ਪਰ ਜਦੋਂ ਬੱਸ ਵਿੱਚੋਂ ਬਾਹਰ ਨਿਕਲੇ ਤਾਂ ਉਨ੍ਹਾਂ ਨੇ ਆਪਣੇ ਮੂੰਹ 'ਤੇ ਲਗਾਤਾਰ ਚਪੇੜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਆਪਣੇ ਮਨ ਨੂੰ ਇਉਂ ਫਿਟਕਾਰਾਂ ਪਾਈਆਂ ਕਿ "ਕੁੱਤਿਆ, ਜੇ ਤੂੰ ਪੈਂਟ ਬੁਸ਼ਰਟ ਨਾ ਪਾਈ ਹੁੰਦੀ, ਨਾ ਟਾਈ ਲਾਈ ਹੁੰਦੀ ਅਤੇ ਨਾ ਹੀ ਘੋਟਵੀਂ ਪੱਗ ਬੰਨ੍ਹੀ ਹੁੰਦੀ ਤਾਂ ਉਹ ਬਦਚਲਣ ਔਰਤ ਕਦੀ ਵੀ ਅਜਿਹੀ ਖਰਮਸਤੀ ਕਰਨ ਦੀ ਜੁਰਅਤ ਨਾ ਕਰਦੀ।" ਬਸ ਉਹ ਦਿਨ ਗਿਆ, ਭਾਈ ਹਰਭਜਨ ਸਿੰਘ ਜੀ ਨੇ ਗੁਰਮੁਖੀ ਬਾਣਾ 'ਸੀਸ 'ਤੇ ਦੁਮਾਲੜਾ ਅਤੇ ਨੀਲਾ ਚੋਲਾ' ਪਾਉਣਾ ਆਰੰਭ ਕਰ ਦਿੱਤਾ ਅਤੇ ਉਸ ਦਿਨ ਤੋਂ ਆਪ ਜੀ ਨੀਲੇ ਬਾਣੇ ਅਤੇ ਦੁਮਾਲੜੇ ਨਾਲ ਹੀ ਵਿਚਰਦੇ ਰਹੇ। ਆਪ ਨੂੰ ਇਹ ਬਾਣਾ ਇਤਨਾ ਸੱਜਦਾ ਸੀ ਕਿ ਪ੍ਰਕਾਸ਼ਮਾਨ ਦਾੜ੍ਹੇ ਵਿਚ ਆਪ ਦੇ ਚਿਹਰੇ ਦੀ ਚਮਕ ਡੁੱਲ੍ਹ ਡੁੱਲ੍ਹ ਪੈਂਦੀ ਸੀ। ਲਾਲ ਸੁਰਖ਼ ਚਿਹਰਾ, ਅੱਖਾਂ ਵਿਚ ਕੋਈ ਅਲੌਕਿਕ ਚਮਕ ਅਤੇ ਹਰ ਵਕਤ ਚੜ੍ਹਦੀ ਕਲਾ ਵਿਚ ਵਿਚਰਦੇ ਸਨ।

ਆਪ ਦੇ ਹਸੂੰ-ਹਸੂੰ ਕਰਦੇ ਚਿਹਰੇ 'ਤੇ ਕਦੀ ਵੀ ਤਿਊੜੀ ਪਈ ਹੋਈ ਨਜ਼ਰ ਨਹੀਂ ਸੀ ਆਈ। ਗੁਰਮਤਿ ਦੇ ਬਹੁਤ ਵੱਡੇ ਰਸੀਏ ਸਨ। ਆਪ ਸੱਚੀ ਗੱਲ ਅਗਲੇ ਦੇ ਮੂੰਹ 'ਤੇ ਕਹਿ ਦੇਣ ਦੀ ਜੁਰਅਤ ਦੇ ਮਾਲਕ ਸਨ। ਤਤ ਗੁਰਮਤਿ ਤੋਂ ਹੀਣੀ ਗੱਲ ਦੇ ਉਹ ਕਦੀ ਵੀ ਹਾਮੀ ਨਹੀਂ ਸਨ ਬਣਦੇ। ਜਿਸ ਦਿਨ ਤੋਂ ਅੰਮ੍ਰਿਤ ਪਾਨ ਕੀਤਾ ਸੀ, ਉਸ ਦਿਨ ਤੋਂ ਹੀ ਆਪ ਪੂਰਨ ਬਿਬੇਕੀ ਸਨ। ਇਥੋਂ ਤਕ ਕਿ ਸਮੁੰਦਰ (ਦੁੱਧ) ਵੀ ਅੰਮ੍ਰਿਤਧਾਰੀ ਬੀਬੀ ਦੇ ਹੱਥਾਂ ਦਾ ਚੋਇਆ ਹੀ ਛਕਦੇ ਸਨ।

ਕੁਝ ਦੇਰ ਆਪ ਜੀ ਨੂੰ ਹਸਪਤਾਲ ਵਿਚ ਦਾਖ਼ਲ ਰਹਿਣਾ ਪਿਆ, ਪਰ ਆਪ ਜੀ ਨੇ ਡਾਕਟਰਾਂ ਪਾਸੋਂ ਆਪਣੇ ਰੋਮਾਂ ਦੀ ਬੇਅਦਬੀ ਕਰਾਉਣ ਤੋਂ ਨਾਂਹ ਕਰ ਦਿੱਤੀ ਅਤੇ ਆਪਣੇ ਜੀਵਨ ਦੀ ਡੋਰੀ ਅਕਾਲ ਪੁਰਖ 'ਤੇ ਸੁੱਟ ਦਿੱਤੀ। ਪਰ ਗੁਰੂ ਸਾਹਿਬ ਨੇ ਗੁਰਦੇ ਵਿਚ ਲੱਗੀ ਹੋਈ ਸੱਟ ਦਾ ਜਲਦੀ ਹੀ ਆਰਾਮ ਬਖ਼ਸ਼ ਦਿੱਤਾ ਅਤੇ ਆਪ ਥੋੜ੍ਹੀ ਦੇਰ ਵਿਚ ਨੌਂ-ਬਰ-ਨੌਂ ਹੋ ਗਏ।

ਗੁਰੂ ਸਾਹਿਬਾਨ ਦੇ ਹੁਕਮ ਅਨੁਸਾਰ ਆਪ ਪਿਛਲੀ ਰਾਤ ਉੱਠ ਬੈਠਦੇ ਸਨ ਅਤੇ ਨਾਮ-ਅਭਿਆਸ ਦੀਆਂ ਉੱਚੀ ਉੱਚੀ ਗੂੰਜਾਂ ਪਾਉਂਦੇ ਸਨ। ਅਤੁੱਟ ਨਾਮ ਅਭਿਆਸ ਕਮਾਈ ਤੋਂ ਬਾਅਦ ਆਪ ਜੀ ਜਪੁ, ਜਾਪੁ, ਸੁਧਾ ਸਵਯੇ, ਚੌਪਈ ਅਤੇ ਅਨੰਦੁ ਸਾਹਿਬ ਪੂਰੇ ਦਾ ਪਾਠ ਕਰਦੇ ਸਨ। ਜਿਸ ਦਿਨ ਛੁੱਟੀ ਆਦਿ ਹੁੰਦੀ ਸੀ ਜਾਂ ਆਪ ਜੀ ਪਾਸ ਵਕਤ ਹੁੰਦਾ ਸੀ ਤਾਂ ਆਪ ਆਸਾ ਕੀ ਵਾਰ, ਸੁਖਮਨੀ ਸਾਹਿਬ,

www.AKJ.Org

ਸ਼ਬਦ ਹਜ਼ਾਰੇ ਪਾ: ੧੦, ਸ਼ਬਦ ਹਜ਼ਾਰੇ ਪਾ: ੫ ਦਾ ਵੀ ਪਾਠ ਕਰਦੇ ਸਨ। ਨਿਤਨੇਮ ਕਰਨ ਤੋਂ ਬਾਅਦ ਗੁਰੂ ਸਾਹਿਬ ਦੇ ਦਰਸ਼ਨ ਦੀਦਾਰੇ ਕਰ ਕੇ ਫਿਰ ਮੂੰਹ ਜੁਠਾਉਂਦੇ ਸਨ। ਇਸ਼ਨਾਨ ਕਰਨ ਲੱਗਿਆਂ ਇਹ ਸ਼ਬਦ ਪੜ੍ਹਿਆ ਕਰਦੇ ਸਨ: "ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥" (ਸੋਰਠਿ ਮ: ੫, ਪੰਨਾ 625) ਅਤੇ ਨਲਕੇ ਦੀ ਹੱਥੀ ਨੂੰ ਹੇਠਾਂ-ਉਤਾਂਹ ਹੋਣ ਦੀ ਆਵਾਜ਼ ਨਾਲ ਇਕਮਿਕ ਹੋ ਕੇ ਨਾਮ ਦੇ ਖੰਡੇ ਖੜਕਾਇਆ ਕਰਦੇ ਸਨ।

ਆਪ ਕੀਰਤਨ ਕਰਨ ਅਤੇ ਸੁਣਨ ਦੇ ਬਹੁਤ ਵੱਡੇ ਰਸੀਏ ਸਨ। ਪੂਰੀ ਪੂਰੀ ਰਾਤ ਅਟੰਕ ਜੁੜ ਕੇ ਬੈਠਣਾ, ਕੀਰਤਨੀਏ ਸਿੰਘਾਂ ਨਾਲ ਬੋਲਣਾ ਅਤੇ ਨਾਮ ਅਭਿਆਸ ਕਰਦੇ ਰਹਿਣਾ ਆਪ ਦਾ ਸਤੋਗੁਣੀ ਕਰਤੱਵ ਸੀ। ਆਪ ਬੜੀਆਂ ਹੀ ਮਿੱਠੀਆਂ ਸੁਰਾਂ ਨਾਲ ਇਹ ਦੋ ਸ਼ਬਦ ਗਾਇਨ ਕਰਿਆ ਕਰਦੇ ਸਨ: "ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ॥" (ਗਉੜੀ ਕੀ ਵਾਰ, ਪੰਨਾ 320) ਅਤੇ "ਲਾਖ ਜਿਹਵਾ ਦੇਹੁ ਮੇਰੇ ਪਿਆਰੇ...॥" (ਸੂਹੀ ਮ: ੫, ਪੰਨਾ 780) ਅਤੇ ਕੋਈ ਵੀ ਸ਼ਬਦ ਬਗ਼ੈਰ ਕੰਠ ਕੀਤੇ ਤੋਂ ਨਹੀਂ ਪੜ੍ਹਦੇ ਸਨ। ਆਮ ਕਰਕੇ ਇਹ ਸ਼ਬਦ ਪੰਚਮ ਦੀਆਂ ਸੁਰਾਂ ਵਿਚ ਪੜ੍ਹਦੇ ਸਨ ਅਤੇ ਜੁੜ ਜਾਂਦੇ ਸਨ ਅਤੇ ਅਨਿਆਲੇ ਅਣੀਆਂ ਵਾਲੇ ਤਿੱਖੇ ਤੀਰਾਂ ਨਾਲ ਹਿਰਦੇ ਵਿੰਨ੍ਹ ਦਿੰਦੇ ਸਨ। ਆਪ ਦੀ ਆਵਾਜ਼ ਬਹੁਤ ਹੀ ਮਿੱਠੀ ਤੇ ਰਸ ਭਰੀ ਸੀ। ਆਪ ਜਦੋਂ ਵੀ ਕਿਸੇ ਸਿੰਘ ਨੂੰ ਮਿਲਦੇ ਸਨ, ਬਹੁਤ ਹੀ ਨਿਮਰਤਾ ਨਾਲ। ਇਥੋਂ ਤਕ ਨਿਉਂ ਜਾਣਾ ਕਿ ਅਗਲੇ ਸਿੰਘ ਨੂੰ ਆਪ ਦੇ ਹੱਥ ਫੜ ਕੇ ਚੁੰਮਣੇ ਪੈਂਦੇ ਸਨ। ਹਰ ਇਕ ਸਿੰਘ ਨਾਲ ਜੱਫੀ ਪਾ ਕੇ ਖ਼ੂਬ ਅਭਿਆਸ ਕਰਿਆ ਕਰਦੇ ਸਨ ਅਤੇ ਇੰਜ ਜਾਪਦਾ ਸੀ ਕਿ ਇਹ ਪਤਾ ਨਹੀਂ ਕਦੋਂ ਕੁ ਦੇ ਵਿੱਛੜੇ ਹੋਏ ਹਨ। ਦਾਸ ਨੂੰ ਤਾਂ ਜਦੋਂ ਵੀ ਕਦੀ ਮਿਲਦੇ ਸਨ ਤਾਂ ਬੜੇ ਹੀ ਪਿਆਰ ਵਿਚ ਗੜੂੰਦ ਹੋ ਕੇ ਅਤੇ ਪ੍ਰੇਮ-ਮਿਲਣੀ ਪਾ ਕੇ। ਅਸੀਂ ਪਤਾ ਨਹੀਂ ਕਿੰਨੀ ਕਿੰਨੀ ਦੇਰ ਨਾਮ ਰਸਕ ਗਟਾਰਾਂ ਦੇ ਖੰਡੇ ਖੜਕਾਉਂਦੇ ਰਹਿਣਾ ਅਤੇ ਇਕ ਦੂਸਰੇ ਤੋਂ ਲਾਂਭੇ ਹੋਣ ਨੂੰ ਜੀਅ ਨਹੀਂ ਸੀ ਕਰਿਆ ਕਰਦਾ। ਉਨ੍ਹਾਂ ਦੀ ਪ੍ਰੇਮ-ਮਿਲਣੀ ਵਿਚ ਬਹੁਤ ਠੰਢ ਪ੍ਰਤੀਤ ਹੁੰਦੀ ਸੀ। ਵਾਕਿਆ ਹੀ ਉਹ ਪੂਰਬਲੇ ਕਰਮਾਂ ਦੇ ਧਨੀ ਸਨ। ਭਾਈ ਗੁਰਦਿਆਲ ਸਿੰਘ ਜੀ ਲਾਧੂਪੁਰ, ਭਾਈ ਜੋਗਿੰਦਰ ਸਿੰਘ ਜੀ ਨੈਨੋਕੋਟ, ਭਾਈ ਬਖ਼ਸ਼ੀਸ਼ ਸਿੰਘ ਜੀ ਬੈਂਕ ਵਾਲੇ ਅਤੇ ਭਾਈ ਸਰਬਜੀਤ ਸਿੰਘ ਜੀ ਉਦੋਨੰਗਲ ਨਾਲ ਆਪ ਜੀ ਦੀਆਂ ਪ੍ਰੇਮ-ਗੰਢਾਂ ਇੰਨੀਆਂ ਪੱਕੀਆਂ ਸਨ ਕਿ ਕੋਈ ਲੱਖ ਜਤਨ ਕਰੇ ਖੋਲ੍ਹਣ ਵਾਸਤੇ, ਉਸ ਨੂੰ ਮੂੰਹ ਦੀ ਹੀ ਖਾਣੀ ਪੈਂਦੀ ਸੀ। ਇਕੇਰਾਂ ਭਾਈ ਸਰਬਜੀਤ ਸਿੰਘ ਨੂੰ ਜਦ ਮਿਲੇ ਤਾਂ ਦਾੜ੍ਹਾ ਬੱਧਾ ਹੋਇਆ ਸੀ। ਭਾਈ ਸਾਹਿਬ ਨੇ ਕਿਹਾ ਕਿ ਸਿੰਘਾਂ ਨੂੰ ਦਾੜ੍ਹਾ ਕੱਸਿਆ ਹੋਇਆ ਸੋਭਦਾ ਨਹੀਂ ਤਾਂ ਆਪ ਨੇ ਉਸੇ ਵਕਤ ਖੋਲ੍ਹ ਦਿੱਤਾ ਅਤੇ ਫਿਰ ਕਦੇ ਨਾ ਬੱਧਾ। ਸਿੰਘਾਂ ਦੀ ਆਪ ਤਹਿ-ਦਿਲੋਂ ਇੱਜ਼ਤ ਕਰਦੇ ਸਨ।

ਮਾਸਟਰ ਨਿਰੰਜਨ ਸਿੰਘ ਜੀ ਗੁਰਦਾਸਪੁਰ ਦਾ ਆਪ ਹਿਰਦਿਉਂ ਬਹੁਤ ਸਤਿਕਾਰ ਕਰਦੇ ਸਨ। ਇਥੋਂ ਤਕ ਕਿ ਮਾਸਟਰ ਨਿਰੰਜਨ ਸਿੰਘ ਜੀ ਜੋ ਵੀ ਕਹਿ ਦੇਣ, 'ਸਤਿ' ਕਹਿ ਕੇ ਸਿਰ ਝੁਕਾ ਦਿਆ ਕਰਦੇ ਸਨ, ਕਦੇ ਵੀ ਕੋਈ ਮੋੜ ਨਹੀਂ ਕਰਿਆ ਕਰਦੇ ਸਨ ਅਤੇ ਆਪ ਮਾਸਟਰ ਜੀ ਦੇ ਕੀਰਤਨ ਦੇ ਬੜੇ ਵੱਡੇ ਆਸ਼ਕ

www.AKJ.Org

ਸਨ। ਮਾਸਟਰ ਦਰਸ਼ਨ ਸਿੰਘ ਜੀ ਬਸਰਾਵਾਂ ਦੇ ਤਾਂ ਆਪ ਬਦੋ-ਬਦੀ ਭੱਜ ਕੇ ਪੈਰ ਹੀ ਫੜ ਲਿਆ ਕਰਦੇ ਸਨ। ਭਾਵੇਂ ਮਾਸਟਰ ਦਰਸ਼ਨ ਸਿੰਘ ਜੀ ਲੱਖ ਜਤਨ ਕਰਨ ਭੱਜਣ ਦੇ, ਪਰ ਆਪ ਟਲਦੇ ਨਹੀਂ ਸਨ। ਭਾਵ ਕਿ ਆਪ ਦੇ ਮਨ ਵਿਚ ਸਿੰਘਾਂ ਪ੍ਰਤੀ ਅਥਾਹ ਪਿਆਰ ਸੀ।

ਭਾਈ ਹਰਭਜਨ ਸਿੰਘ ਜੀ ਆਪਣੀ ਛੋਟੀ ਜਿਹੀ ਉਮਰ ਵਿਚ ਗੁਰੂ-ਪੰਥ ਨੂੰ ਬਹੁਤ ਕੁਝ ਦੇ ਗਏ ਹਨ। "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥" (ਰਾਮਕਲੀ ਮ: ੩ ਅਨੰਦੁ, ਪੰਨਾ 918) ਦੇ ਮਹਾਂਵਾਕ ਅਨੁਸਾਰ ਸਭ ਕੁਝ ਸੌਂਪ ਗਏ ਹਨ। ਉਨ੍ਹਾਂ ਦੀ ਸ਼ਹੀਦੀ ਸਾਨੂੰ ਬਹੁਤ ਕੁਝ ਸਿਖਾ ਗਈ, ਪੂਰੇ ਪੰਥ ਨੂੰ ਝੰਜੋੜ ਕੇ ਜਗਾ ਗਈ ਅਤੇ ਆਪ 31 ਸਾਲ ਦੀ ਉਮਰ ਵਿਚ 'ਓਥੈ ਅੰਮ੍ਰਿਤੁ ਵੰਡੀਐ" ਵਾਲੇ ਅਸਥਾਨ ਵਿਚ ਨਿਰਸੰਦੇਹ ਜਾ ਟਿਕੇ ਹਨ। ਪਰ ਅਸਾਂ ਕਲਯੁਗੀ ਜੀਵਾਂ ਨਾਲ ਪਤਾ ਨਹੀਂ ਕੀ ਵਾਪਰੇਗੀ। ਗੁਰੂ ਕਰੇ ਸਾਡੇ ਵਰਗੇ ਮੂੜ੍ਹ, ਅੰਧ-ਵਿਸ਼ਵਾਸੀ, ਕੂਕਰ, ਸੂਕਰ ਨੂੰ ਵੀ ਗੁਰੂ ਸਾਹਿਬ ਆਪਣੇ ਲੇਖੇ ਲਾ ਦੇਣ।

www.AKJ.Org

# ਸ਼ਹੀਦ ਭਾਈ ਧਰਮਬੀਰ ਸਿੰਘ ਜੀ, ਅੰਮ੍ਰਿਤਸਰ

*—ਗੁਰਪੁਰਵਾਸੀ ਮਾਸਟਰ ਜਸਵੰਤ ਸਿੰਘ ਜੀ*


ਭਾਈ ਧਰਮਬੀਰ ਸਿੰਘ ਦਾ ਜਨਮ 15 ਮਾਰਚ 1953 ਨੂੰ ਦਿੱਲੀ ਵਿਖੇ ਹੋਇਆ। ਇਨ੍ਹਾਂ ਦੇ ਪਿਤਾ ਭਾਈ ਲਾਲ ਸਿੰਘ ਜੀ ਤੇ ਮਾਤਾ ਬਾਲ ਕੌਰ ਜੀ ਸਨ। ਇਨ੍ਹਾਂ ਦੇ ਪਿਤਾ ਪਿੱਛੋਂ ਪਾਕਿਸਤਾਨ ਵਿਚ ਜ਼ਿਲ੍ਹਾ ਸਿਆਲਕੋਟ ਦੀ ਡਸਕਾ ਤਹਿਸੀਲ ਦੇ ਪਿੰਡ ਸਾਹੋਵਾਲ ਦੇ ਸਨ। ਇਸੇ ਪਿੰਡ ਦੇ ਵਸਨੀਕ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਦੇ ਉੱਘੇ ਸ਼ਹੀਦ ਭਾਈ ਦਲੀਪ ਸਿੰਘ ਜੀ ਹੋਏ ਹਨ, ਜਿਨ੍ਹਾਂ ਦਾ ਆਪ ਦੇ ਪਰਿਵਾਰ ਨਾਲ ਅਤਿ ਦਾ ਪਿਆਰ ਸੀ।

ਭਾਈ ਧਰਮਬੀਰ ਸਿੰਘ ਜੀ ਦੇ ਪਿਤਾ ਦੇ ਸਿਰ ਤੋਂ ਛੋਟੀ ਉਮਰ ਤੋਂ ਹੀ ਬਜ਼ੁਰਗਾਂ ਦਾ ਸਾਇਆ ਚੁੱਕਿਆ ਗਿਆ ਸੀ, ਜਿਸ ਕਰਕੇ ਇਨ੍ਹਾਂ ਦੇ ਪਿਤਾ ਅਤੇ ਉਨ੍ਹਾਂ ਦੇ ਦੋ ਭਰਾਵਾਂ ਨੂੰ ਬਾਲ-ਉਮਰੇ ਹੀ ਰਾਜਗੀਰੀ ਦੇ ਕੰਮ ਵਿਚ ਪੈਣਾ ਪੈ ਗਿਆ। ਇਹ ਤਿੰਨੇ ਭਰਾ ਛੋਟੀ ਉਮਰ ਵਿਚ ਹੀ ਆਪਣੇ ਰਾਜਗੀਰੀ ਦੇ ਕੰਮ ਵਿਚ ਆਲੇ-ਦੁਆਲੇ ਦੇ ਪਿੰਡਾਂ ਵਿਚ ਜਾਂਦੇ ਹੁੰਦੇ ਸਨ, ਜਦ ਕਿ 'ਭਿਖੀ' ਪਿੰਡ ਵਿਚ ਇਕ ਉੱਚ ਜੀਵਨ ਵਾਲੇ ਨਿਰਮਾਣ ਸੇਵਕ ਭਾਈ ਸਾਹਿਬ ਜਵਾਲਾ ਸਿੰਘ ਜੀ ਦੀ ਸੰਗਤ ਇਨ੍ਹਾਂ ਨੂੰ ਪ੍ਰਾਪਤ ਹੋਈ। ਇਸ ਗੁਰਮੁਖ ਨੇ ਆਪ ਕੱਚੇ ਕੋਠਿਆਂ ਵਿਚ ਰਹਿਣਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਉੱਚੇ ਸੁੰਦਰ ਮੰਦਰ ਸਾਜੇ ਹੋਏ ਸਨ, ਜਿਥੇ ਰੋਜ਼ ਅੰਮ੍ਰਿਤ-ਬਾਣੀ ਦੀ ਵਰਖਾ ਹੋਣੀ, ਆਏ ਗਏ ਯਾਤਰੂਆਂ ਨੂੰ ਲੰਗਰ ਤੇ ਆਰਾਮ ਮਿਲਣਾ। ਇਸ ਗੁਰਦੁਆਰੇ ਦੇ ਗੁਰਮੁਖ ਗ੍ਰੰਥੀ ਭਾਈ ਸੋਭਾ ਸਿੰਘ ਜੀ ਤੇ ਸੰਤ ਸਰੂਪ ਲਾਂਗਰੀ ਭਾਈ ਤ੍ਰਿਲੋਕ ਸਿੰਘ ਜੀ ਦੀ ਸੰਗਤ ਨੇ ਭਾਈ ਲਾਲ ਸਿੰਘ ਜੀ ਤੇ ਉਨ੍ਹਾਂ ਦੇ ਛੋਟੇ ਵੀਰ ਭਾਈ ਗੋਪਾਲ ਸਿੰਘ ਨੂੰ ਐਸੀ ਖਿੱਚ ਪਾਈ ਕਿ ਪਾਕਿਸਤਾਨ ਬਣਨ ਤਕ ਇਹ ਭਿਖੀ ਪਿੰਡ ਵਿਚ ਹੀ ਰਾਜਗੀਰੀ ਦਾ ਕੰਮ ਕਰਦੇ ਰਹੇ।

ਭਾਈ ਲਾਲ ਸਿੰਘ ਤੇ ਭਾਈ ਗੋਪਾਲ ਸਿੰਘ ਜੀ ਇਸ ਗੁਰਮੁਖ ਦੀ ਸੰਗਤ ਵਿਚ ਰਹਿ ਕੇ ਗੁਰੂ ਘਰ ਦੇ ਚੰਗੇ ਸ਼ਰਧਾਲੂ ਬਣ ਗਏ ਅਤੇ ਇਨ੍ਹਾਂ ਦੀ ਗੁਰਸਿੱਖੀ ਵੱਲ ਰੁਚੀ ਦਿਨ-ਬਦਿਨ ਵੱਧਦੀ ਗਈ। ਇਨ੍ਹਾਂ ਦਾ ਸਭ ਤੋਂ ਵੱਡਾ ਭਾਈ ਮੁਨਸ਼ੀ ਰਾਮ ਖੋਤੀ ਚੁੰਘਦਾ ਸੀ, ਜਦ ਕਿ ਭਾਈ ਦਲੀਪ ਸਿੰਘ ਜੀ ਸ਼ਹੀਦ ਨੇ ਪ੍ਰੇਰਨਾ ਕਰ ਕੇ ਇਸ ਤੋਂ ਇਹ ਭੈੜੀ ਆਦਤ ਛੁਡਵਾ ਦਿੱਤੀ।

ਪਾਕਿਸਤਾਨ ਬਣਨ ਤੋਂ ਬਾਅਦ ਸਮੇਂ ਦੇ ਚੱਕਰ ਅਨੁਸਾਰ ਇਹ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਕੁਝ ਸਮਾਂ ਰਹਿ ਕੇ ਦਿੱਲੀ ਜਾ ਠਹਿਰੇ ਤੇ ਅਖ਼ੀਰ ਸ੍ਰੀ ਅੰਮ੍ਰਿਤਸਰ ਜੀ ਵਿਚ ਸਾਰੇ ਇਕੱਠੇ ਆ ਹੋਏ। ਭਾਈ ਸੋਭਾ ਸਿੰਘ ਜੀ ਨੇ ਇਥੇ ਇਕ ਮਸਜਿਦ





ਭਾਈ ਧਰਮਬੀਰ ਸਿੰਘ ਜੀ, ਅੰਮ੍ਰਿਤਸਰ

www.AKJ.Org

ਵਿਚ ਗੁਰਦੁਆਰਾ ਅਸਥਾਪਤ ਕਰ ਲਿਆ ਅਤੇ ਤਿਆਗ ਮੂਰਤ ਭਾਈ ਤ੍ਰਿਲੋਕ ਸਿੰਘ ਜੀ ਵੀ ਉਸੇ ਤਰ੍ਹਾਂ ਉਨ੍ਹਾਂ ਦੇ ਨਾਲ ਸਿੱਖ ਸੰਗਤਾਂ ਦੀ ਸੇਵਾ ਵਿਚ ਪ੍ਰਸੰਨ-ਚਿੱਤ ਜੁੱਟ ਗਏ। ਸਤਿਗੁਰਾਂ ਦੀ ਕ੍ਰਿਪਾ ਨਾਲ ਇਥੇ ਵੀ ਉਨ੍ਹਾਂ ਨੇ ਗੁਰਸਿੱਖੀ ਦਾ ਚੰਗਾ ਰੰਗ ਲਾਇਆ ਅਤੇ ਫਿਰ ਪਾਕਿਸਤਾਨ 'ਭਿਖੀ' ਦੇ ਗੁਰਦੁਆਰੇ ਵਾਂਗ ਕੀਰਤਨ, ਲੰਗਰ ਅਤੇ ਕੜਾਹ ਪ੍ਰਸ਼ਾਦ ਆਦਿ ਚਾਲੂ ਹੋ ਗਿਆ। ਸੰਗਤਾਂ ਆਉਣ ਜਾਣ ਲੱਗ ਪਈਆਂ।

ਇਸ ਗੁਰਦੁਆਰਾ ਸਾਹਿਬ ਦੇ ਨਾਲ ਚਾਰ-ਪੰਜ ਪਰਿਵਾਰ ਰਹਿੰਦੇ ਸਨ, ਜਿਨ੍ਹਾਂ ਵਿਚ ਭਾਈ ਧਰਮਬੀਰ ਸਿੰਘ ਜੀ ਦੇ ਪਿਤਾ ਤੇ ਚਾਚਾ (ਭਾਈ ਲਾਲ ਸਿੰਘ ਤੇ ਗੋਪਾਲ ਸਿੰਘ ਜੀ) ਵੀ ਪਰਿਵਾਰਾਂ ਸਮੇਤ ਆ ਵੱਸੇ ਸਨ। ਇਸ ਗੁਰਸਿੱਖ ਫੁਲਵਾੜੀ ਵਿਚ ਮਿਲਣ ਨਾਲ ਰੋਜ਼ਾਨਾ ਕੀਰਤਨ ਤੇ ਨਿਤਨੇਮ ਦਾ ਰੰਗ ਬੱਝਦਾ ਰਿਹਾ ਅਤੇ ਕੁਝ ਸਮੇਂ ਬਾਅਦ ਐਸੀ ਪ੍ਰੇਰਨਾ ਹੋਈ ਕਿ ਭਾਈ ਗੋਪਾਲ ਸਿੰਘ ਜੀ ਤੋਂ ਬਾਅਦ ਭਾਈ ਲਾਲ ਸਿੰਘ ਜੀ ਦੇ ਭੀ, ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਸਮਾਗਮਾਂ ਵਿਚ ਜਾਣ ਦੇ ਸਰੰਜਾਮ ਬਣਦੇ ਗਏ। ਸਹਿਜੇ ਸਹਿਜੇ ਦੋਵੇਂ ਪਰਿਵਾਰ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਗਏ।

ਭਾਈ ਧਰਮਬੀਰ ਸਿੰਘ ਜੀ ਨੇ ਸਕੂਲੀ ਵਿੱਦਿਆ ਦੀ ਪ੍ਰਾਪਤੀ ਦੇ ਸਮੇਂ ਤੋਂ ਹੀ ਅੰਮ੍ਰਿਤ ਛਕ ਲਿਆ ਸੀ। ਇਸ ਬੱਚੇ ਦੀ ਗੁਰਸਿੱਖੀ ਵੱਲ ਲਗਨ ਦਿਨ-ਦੂਣੀ ਵੱਧਦੀ ਗਈ। ਸ਼੍ਰੋਮਣੀ ਕਮੇਟੀ ਦੇ ਧਾਰਮਿਕ ਇਮਤਿਹਾਨ ਵੀ ਦਿੰਦਾ ਰਿਹਾ। ਦਸਵੀਂ ਤਕ ਵਿੱਦਿਆ ਪ੍ਰਾਪਤ ਕਰ ਕੇ ਫਿਰ ਇਹ ਨਵੇਂ ਮੋੜ ਵੱਲ ਮੁੜਿਆ।

ਇਸ ਸਮੇਂ ਵਿਚ ਦੋਹਾਂ ਮਿਸਤਰੀ ਭਰਾਵਾਂ ਨੇ ਉੱਦਮ ਕਰ ਕੇ ਅਜੀਤ ਨਗਰ ਵਿਚ ਰਲ ਕੇ ਇਕ ਮਕਾਨ ਬਣਾ ਲਿਆ ਅਤੇ ਛੋਟੇ ਭਾਈ ਗੋਪਾਲ ਸਿੰਘ ਨੇ ਕਿਰਪਾਨਾਂ ਦੀ ਛੋਟੀ ਜਿਹੀ ਫ਼ੈਕਟਰੀ ਲਾ ਲਈ। ਆਪਣੇ ਚਾਚਾ ਮਿਸਤਰੀ ਗੋਪਾਲ ਸਿੰਘ ਜੀ ਪਾਸੋਂ ਭਾਈ ਧਰਮਬੀਰ ਸਿੰਘ ਜੀ ਨੇ ਕਿਰਪਾਨਾਂ ਬਣਾਉਣ ਦਾ ਹੁਨਰ ਸਿੱਖ ਕੇ ਮਕਾਨ ਦੇ ਪਿਛਲੇ ਹਿੱਸੇ ਵਿਚ ਵੱਖਰੀ ਫ਼ੈਕਟਰੀ ਬਣਾ ਲਈ ਅਤੇ ਪੰਜ ਸਾਲ ਖ਼ੂਬ ਮਿਹਨਤ ਕਰ ਕੇ ਇਸ ਕੰਮ ਨੂੰ ਚਲਾਇਆ।

ਜਿਵੇਂ ਭਾਈ ਲਾਲ ਸਿੰਘ ਜੀ ਨੇ ਲਗਭਗ ਪੰਜਾਹ ਸਾਲ ਰਾਜਗੀਰੀ ਦੀ ਦਸਾਂ ਨਹੁੰਆਂ ਦੀ ਧਰਮ ਦੀ ਕਿਰਤ ਕੀਤੀ ਅਤੇ ਕਿਸੇ ਨਾਲ ਛਲ-ਕਪਟ ਨਹੀਂ ਕੀਤਾ, ਇਵੇਂ ਹੀ ਪਿਤਾ ਦੇ ਪੂਰਨਿਆਂ 'ਤੇ ਚੱਲ ਕੇ ਭੁਝੰਗੀ ਧਰਮਬੀਰ ਸਿੰਘ ਨੇ ਭੀ ਆਪਣੀ ਕਿਰਤ ਨੇਕ ਨੀਅਤੀ ਨਾਲ ਨਿਰਮਾਣ ਰਹਿ ਕੇ ਨਿਭਾਈ। ਕਦੇ ਕਿਸੇ ਨਾਲ ਉੱਚਾ ਨੀਵਾਂ ਨਹੀਂ ਬੋਲਿਆ ਅਤੇ ਨਾ ਹੀ ਕਿਸੇ ਨਾਲ ਵਲ-ਫ਼ਰੇਬ ਕੀਤਾ। ਹਰ ਵਕਤ ਹੀ ਹੱਸ ਖੇਡ ਕੇ ਵਕਤ ਪਾਸ ਕਰਦਾ ਸੀ।

ਕਾਕਾ ਧਰਮਬੀਰ ਸਿੰਘ ਅਜੇ ਨਿੱਕਾ ਜਿਹਾ ਹੀ ਹੁੰਦਾ ਸੀ ਜਦੋਂ ਜਪੁਜੀ ਸਾਹਿਬ ਦਾ ਗੁਟਕਾ ਲੈ ਕੇ ਪਾਠ ਸਿੱਖਣਾ ਆਰੰਭ ਕਰ ਦਿੱਤਾ ਸੀ ਅਤੇ ਰੋਜ਼ਾਨਾ ਸਵੇਰੇ ਗੁਰਦੁਆਰਾ ਸਾਹਿਬ ਨਿਤਨੇਮ ਰਲ-ਮਿਲ ਕੇ ਕਰਨ ਵਿਚ ਹਾਜ਼ਰੀ ਭਰਨੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਪਰਸਣੇ ਅਤੇ ਸ਼ਾਮ ਨੂੰ ਸੋਦਰੁ ਦੇ ਦੀਵਾਨ ਦੀ ਹਾਜ਼ਰੀ ਭਰਨੀ। ਕਿਰਪਾਨਾਂ ਦਾ ਕਾਰਖ਼ਾਨਾ ਲਾਉਣ ਤੋਂ ਬਾਅਦ ਅਜੀਤ ਨਗਰ ਵਿਚ

www.AKJ.Org

ਰਹਿੰਦਿਆਂ ਜਥੇ ਦੇ ਸਿੰਘਾਂ ਦੀ ਸੰਗਤ ਮਿਲਣ ਕਰਕੇ ਅਖੰਡ ਕੀਰਤਨ ਸਮਾਗਮਾਂ ਵਿਚ ਵੀ ਹਾਜ਼ਰੀਆਂ ਭਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਰਾਤ ਨੂੰ ਇਸ਼ਨਾਨ ਕਰਾਉਣ ਦੀ ਸੇਵਾ ਵਿਚ ਵੀ ਜਾ ਸ਼ਾਮਲ ਹੋਣਾ।

ਜਿਥੇ ਭਾਈ ਧਰਮਬੀਰ ਸਿੰਘ ਨੂੰ ਕੀਰਤਨ ਸੁਣਨ ਦਾ ਚਾਅ ਸੀ, ਉਥੇ ਕੀਰਤਨ ਸਿੱਖਣ ਦਾ ਵੀ ਬੜਾ ਉਮਾਹ ਸੀ। ਵਾਜਾ ਤੇ ਜੋੜੀ ਦੋਹਾਂ ਦੀ ਸਿਖਲਾਈ ਕਰਦਾ ਰਹਿੰਦਾ ਸੀ ਅਤੇ ਹੁਣ ਦਿਲਰੁਬਾ ਵੀ ਸਿੱਖਣਾ ਆਰੰਭ ਕਰ ਦਿੱਤਾ। ਦਿਲਰੁਬਾ ਦੇ ਨਾਲ ਗਾਇਨ ਕੀਤਾ ਹੋਇਆ ਉਸ ਦਾ ਇਕ ਸ਼ਬਦ ਟੇਪ-ਰਿਕਾਰਡ ਕੀਤਾ ਹੋਇਆ ਉਨ੍ਹਾਂ ਦੇ ਘਰ ਮੌਜੂਦ ਹੈ ਅਤੇ ਉਹ ਸ਼ਬਦ ਹੈ :

**ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥**
**ਕ੍ਰਿਪਾ ਕਟਾਖ੍ਯ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥੧॥**
**ਹਰਿ ਜਨ ਰਾਖੇ ਗੁਰ ਗੋਵਿੰਦ ॥**
**ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥ਰਹਾਉ॥**
**ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥**
**ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥੨॥**

*(ਧਨਾਸਰੀ ਮ: ੫, ਪੰਨਾ 681)*

ਕਿਰਪਾਨਾਂ ਦਾ ਕੰਮ ਚਾਲੂ ਕਰਨ 'ਤੇ ਭਾਈ ਧਰਮਬੀਰ ਸਿੰਘ ਪਾਸ ਗੁਰਸਿੱਖਾਂ ਦਾ ਆਉਣ-ਜਾਣ ਕਾਫ਼ੀ ਵੱਧ ਗਿਆ ਸੀ। ਆਪ ਗੁਰਸਿੱਖਾਂ ਨਾਲ ਪਿਆਰ ਵੀ ਬਹੁਤ ਕਰਦੇ ਸਨ ਅਤੇ ਆਏ-ਗਏ ਗੁਰਸਿੱਖਾਂ ਦੀ ਸੇਵਾ ਵੀ ਤਨੋਂ-ਮਨੋਂ ਕਰਦੇ ਸਨ। ਜਿਸ ਕਿਸੇ ਗੁਰਸਿੱਖ ਨੂੰ ਮਾਇਕ ਲੋੜ ਪੈਣੀ ਤਾਂ ਕਈ ਵਾਰ ਆਪਣੀ ਵਿੱਤ ਤੋਂ ਵੀ ਵੱਧ ਉਸ ਦੀ ਮਾਇਕ ਸਹਾਇਤਾ ਕਰਨੀ ਅਤੇ ਉਸ ਪਾਸੋਂ ਮੁੜ ਕਦੇ ਵੀ ਵਾਪਸ ਨਾ ਮੰਗਣੀ, ਭਾਵੇਂ ਆਪਣੇ ਘਰ ਦਾ ਗੁਜ਼ਾਰਾ ਤੰਗੀ ਨਾਲ ਵੀ ਕਰਨਾ ਪੈ ਜਾਂਦਾ।

ਭਾਈ ਧਰਮਬੀਰ ਸਿੰਘ ਜੀ ਦਾ ਭਾਈ ਫ਼ੌਜਾ ਸਿੰਘ ਜੀ ਦੇ ਅਜੀਤ ਨਗਰ ਨੇੜੇ ਰਿਹਾਇਸ਼ ਰੱਖਣ ਕਰਕੇ ਅਤੇ ਲੋਕਲ ਸਮਾਗਮਾਂ ਦੀ ਹਾਜ਼ਰੀ ਭਰਨ ਕਰਕੇ ਮੇਲ-ਮਿਲਾਪ ਦਿਨ-ਬਦਿਨ ਵੱਧਦਾ ਰਿਹਾ ਅਤੇ ਗੁਰੂ ਪਾਤਸ਼ਾਹ ਜੀ ਨਮਿੱਤ ਕੀਤੇ ਜਾਣ ਵਾਲੇ ਧਰਮ ਦੇ ਕਾਰਜਾਂ ਵਿਚ ਇਹ ਮੋਢੇ ਨਾਲ ਮੋਢਾ ਡਾਹ ਕੇ ਚੱਲਦਾ ਹੁੰਦਾ ਸੀ। ਕੁਝ ਚਿਰ ਪਹਿਲੋਂ ਜਦੋਂ ਗੁਰੂ ਕੇ ਮਹਿਲ ਅਤੇ ਟੋਭਾ ਭਾਈ ਸਾਲ੍ਹੋ ਜੀ ਵਿਖੇ ਕੁਝ ਸ਼ਰਾਰਤੀ ਅਨਸਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਅਤੇ ਗੁਰੂ ਕੇ ਮਹਿਲ 'ਤੇ ਹਮਲਾ ਕਰਨ ਦਾ ਪ੍ਰੋਗਰਾਮ ਬਣਾਇਆ ਤਾਂ ਵੀ ਭਾਈ ਫ਼ੌਜਾ ਸਿੰਘ ਤੇ ਹੋਰ ਸਿੰਘਾਂ ਦੇ ਨਾਲ ਭਾਈ ਧਰਮਬੀਰ ਸਿੰਘ ਜੀ ਉਥੇ ਪੁੱਜੇ ਸਨ ਅਤੇ ਸ਼ਰਾਰਤੀ ਅਨਸਰ ਪਾਸੋਂ ਵੱਟੇ, ਰੋੜੇ ਤੇ ਤੇਜ਼ਾਬ ਦੀਆਂ ਬੋਤਲਾਂ ਦੇ ਵਾਰ ਸਹਿ ਕੇ ਉਨ੍ਹਾਂ ਨੂੰ ਸਿੱਖੀ ਅਣਖ ਵਿਖਾ ਕੇ ਚਕ੍ਰਿਤ ਕਰ ਦਿੱਤਾ ਸੀ। ਉਸ ਕੇਸ ਵਿਚ ਸਿੰਘਾਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ ਅਤੇ ਭਾਈ ਧਰਮਬੀਰ ਸਿੰਘ ਨੇ ਵੀ ਡੇਢ ਕੁ ਮਹੀਨੇ ਸਿੰਘਾਂ ਨਾਲ ਜੇਲ੍ਹ ਕੱਟੀ।

ਭਾਈ ਧਰਮਬੀਰ ਸਿੰਘ ਜੀ ਦਾ ਭਾਈ ਤੇਜਿੰਦਰਪਾਲ ਸਿੰਘ (ਦੂਲਾ ਵੀਰ ਜੀ)

www.AKJ.Org

ਸਪੁੱਤਰ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਨਾਲ ਬਹੁਤ ਨੇੜ ਅਤੇ ਪਿਆਰ ਸੀ। ਇਹ ਨੌਜਵਾਨ ਖ਼ਾਲਸਾ ਫ਼ਾਰਮ, ਗੁਰਦਾਸਪੁਰ ਵਿਚ ਵੀ ਭਾਈ ਫ਼ੌਜਾ ਸਿੰਘ ਜੀ ਵੱਲੋਂ ਲਗਾਏ ਕੈਂਪਾਂ ਵਿਚ ਇਕੱਠੇ ਹਾਜ਼ਰੀ ਭਰਿਆ ਕਰਦੇ ਸਨ। ਸਾਕੇ ਵੇਲੇ ਇਹ ਦੋਨੋਂ ਇਕੱਠੇ ਸਨ, ਜਦੋਂ ਭਾਈ ਧਰਮਬੀਰ ਸਿੰਘ ਜੀ ਨਰਕਧਾਰੀਆਂ ਦੀਆਂ ਗੋਲੀਆਂ, ਡਾਂਗਾਂ ਤੇ ਤੀਰਾਂ ਦੀ ਬੁਛਾੜ ਨਾਲ ਗੰਭੀਰ ਜ਼ਖ਼ਮੀ ਹੋ ਗਏ ਤਾਂ ਦੂਲਾ ਜੀ ਭਾਈ ਕੇਸਰ ਸਿੰਘ ਜੀ ਦੀ ਸਹਾਇਤਾ ਨਾਲ ਇਕ ਆਟੋ-ਰਿਕਸ਼ਾ ਵਿਚ ਭਾਈ ਸਾਹਿਬ ਜੀ ਨੂੰ (ਗੁਰੂ ਚਰਨਾਂ ਵਿਚ ਜਾ ਬਿਰਾਜੇ ਸਮਝ ਕੇ) ਅਜੀਤ ਨਗਰ ਲੈ ਆਏ। ਪਰ ਕੁਝ ਸਿਆਣਿਆਂ ਵੱਲੋਂ ਨਬਜ਼ ਦੇਖੀ ਜੋ ਕਿ ਅਜੇ ਚੱਲ ਰਹੀ ਸੀ। ਉਹ ਉਸੇ ਵੇਲੇ ਆਟੋ-ਰਿਕਸ਼ਾ 'ਤੇ ਵਾਪਸ ਹਸਪਤਾਲ ਨੂੰ ਲੈ ਤੁਰੇ, ਪਰ ਭਾਈ ਸਾਹਿਬ ਜੀ ਰਸਤੇ ਵਿਚ ਹੀ ਗੁਰੂ ਚਰਨਾਂ ਵਿਚ ਜਾ ਬਿਰਾਜੇ ਅਤੇ ਆਪਣਾ ਪੰਜ ਭੂਤਕ ਸਰੀਰ ਗੁਰ-ਚਰਨਾਂ ਵਿਚ ਅਰਪਨ ਕਰ ਗਏ।

ਦੋ-ਚਾਰ ਮਹੀਨਿਆਂ ਨੂੰ ਪਰਿਵਾਰ ਨੇ ਬੱਚੇ ਦਾ ਅਨੰਦ ਕਾਰਜ ਰੱਖਿਆ ਹੋਇਆ ਸੀ, ਪਰ ਇਹ ਉਸ ਤੋਂ ਪਹਿਲਾਂ ਹੀ ਮੌਤ ਲਾੜੀ ਨਾਲ ਅਨੰਦ ਰਚਾ ਕੇ ਗੁਰੂ ਚਰਨਾਂ ਵਿਚ ਜਾ ਬਿਰਾਜਿਆ।

www.AKJ.Org




ਗਿਆਨੀ ਹਰੀ ਸਿੰਘ ਜੀ, ਅੰਮ੍ਰਿਤਸਰ

www.AKJ.Org

# ਸ਼ਹੀਦ ਗਿਆਨੀ ਹਰੀ ਸਿੰਘ ਜੀ, ਅੰਮ੍ਰਿਤਸਰ

*—ਜਸਬੀਰ ਸਿੰਘ ਪੁੱਤਰ ਸ਼ਹੀਦ ਭਾਈ ਹਰੀ ਸਿੰਘ ਜੀ*

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥**

*(ਮਾਰੂ, ਸਲੋਕ ਕਬੀਰ ਜੀ, ਪੰਨਾ 1105)*

ਗਿਆਨੀ ਹਰੀ ਸਿੰਘ ਦਾ ਜਨਮ 17 ਜੂਨ, 1923 ਨੂੰ ਪਿੰਡ ਜੰਡਾਂ ਵਾਲੇ, ਤਹਿਸੀਲ ਖਾਰੀਆਂ, ਜ਼ਿਲ੍ਹਾ ਗੁਜਰਾਤ ਵਿਖੇ ਮਾਤਾ ਭਾਗ ਕੌਰ ਜੀ ਦੀ ਕੁੱਖੋਂ ਹੋਇਆ। ਇਸੇ ਭਾਗਾਂ ਭਰੇ ਦਿਹਾੜੇ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਆਰੰਭ ਹੋਈ ਸੀ। ਆਪ ਦੇ ਪਿਤਾ ਗਿਆਨੀ ਗੁਰਚਰਨ ਸਿੰਘ ਜੀ ਸ੍ਰੀ ਅੰਮ੍ਰਿਤਸਰ ਵਿਖੇ ਆਪਣਾ ਕਾਰੋਬਾਰ ਕਰਦੇ ਸਨ। ਆਪ ਨੇ ਆਪਣੀ ਮੁੱਢਲੀ ਵਿੱਦਿਆ ਪ੍ਰਾਇਮਰੀ ਤੋਂ ਪਿੱਛੋਂ ਮੈਟ੍ਰਿਕ ਤਕ ਸ੍ਰੀ ਗੁਰੂ ਰਾਮਦਾਸ ਖ਼ਾਲਸਾ ਹਾਈ ਸਕੂਲ, ਸ੍ਰੀ ਅੰਮ੍ਰਿਤਸਰ ਵਿਖੇ ਪ੍ਰਾਪਤ ਕੀਤੀ। "ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ" ਦੇ ਹੁਕਮ ਅਨੁਸਾਰ ਆਪ ਆਪਣੀ ਛੋਟੀ ਜਿਹੀ ਉਮਰ (11 ਸਾਲ ਦੇ ਕਰੀਬ) ਵਿਚ ਹੀ ਅੰਮ੍ਰਿਤ ਪਾਨ ਕਰ ਕੇ ਤਿਆਰ-ਬਰ-ਤਿਆਰ ਸਿੰਘ ਸਜੇ।

ਆਪ ਦੇ ਪਿਤਾ ਗਿਆਨੀ ਗੁਰਚਰਨ ਸਿੰਘ ਜੀ ਇਕ ਮਹਾਨ ਆਦਰਸ਼ਵਾਦੀ ਗੁਰਸਿੱਖ, ਨਿਤਨੇਮੀ ਤੇ ਗੁਰਬਾਣੀ ਕੀਰਤਨ ਦੇ ਰਸੀਏ ਸਨ ਅਤੇ ਪਿੰਡ ਪਿੰਡ ਜਾ ਕੇ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਨਾਲ ਗੁਰਬਾਣੀ ਦਾ ਪ੍ਰਚਾਰ ਕਰਦੇ ਅਤੇ ਅੰਮ੍ਰਿਤ ਛਕਾਉਣ ਸਮੇਂ ਪੰਚਾਂ ਦੀ ਸੇਵਾ ਵਿਚ ਹਿੱਸਾ ਪਾਉਂਦੇ ਸਨ।

ਗਿਆਨੀ ਹਰੀ ਸਿੰਘ ਜੀ ਆਪਣੀ ਆਯੂ ਦੇ ਕੁਝ ਸਮੇਂ ਵਿਚ 1969 ਤਕ ਮੁਨਿਆਰੀ ਅਤੇ ਕਰਿਆਨੇ ਦਾ ਕਾਰੋਬਾਰ ਕਰਦੇ ਰਹੇ। ਉਪਰੰਤ ਇਸ ਸਮੇਂ 1969 ਤੋਂ 1978 ਤਕ ਇੰਡਸਟਰੀ ਦੇ ਕਾਰੋਬਾਰ ਵਿਚ ਆਪਣਾ ਉੱਘਾ ਸਥਾਨ ਰੱਖਦੇ ਸਨ। ਆਪ ਨੂੰ ਵੀ ਗੁਰਬਾਣੀ ਪੜ੍ਹਨ ਸੁਣਨ ਦੀ ਦਾਤ ਗੁਰੂ ਮਹਾਰਾਜ ਦੀ ਅਪਾਰ ਬਖ਼ਸ਼ਿਸ਼ ਦੁਆਰਾ ਆਪਣੇ ਪਿਤਾ ਜੀ ਪਾਸੋਂ ਬਚਪਨ ਵਿਚ ਹੀ ਪ੍ਰਾਪਤ ਹੋਈ। ਆਪ ਜਦੋਂ ਵੀ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਹਾਜ਼ਰੀ ਭਰਦੇ ਤਾਂ ਅਡੋਲਤਾ ਸਹਿਤ ਕੀਰਤਨ ਵਿਚ ਜੁੜ ਕੇ ਆਤਮਿਕ ਭੁੱਖ ਦੀ ਤ੍ਰਿਪਤੀ ਕਿੰਨਾ ਕਿੰਨਾ ਚਿਰ ਕਰਦੇ ਰਹਿੰਦੇ। ਆਪ ਰੋਜ਼ਾਨਾ ਨਿਤਨੇਮ ਕਰਨ ਤੋਂ ਇਲਾਵਾ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰ ਕੇ ਦਸਮ ਪਾਤਸ਼ਾਹ ਜੀ ਦੀ ਬਾਣੀ ਦੇ ਕੰਠ ਕੀਤੇ ਸ਼ਬਦ ਪੜ੍ਹਦੇ ਸਨ। ਆਪ ਆਪਣਾ ਕਾਰੋਬਾਰ ਕਰਦੇ ਸਮੇਂ ਵੀ ਆਪਣੀ ਸੁਰਤੀ ਉਸ ਅਰਸ਼ੀ ਪ੍ਰੀਤਮ ਦੇ ਨਾਲ ਜੋੜ ਕੇ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਦੇ ਰਹਿੰਦੇ ਸਨ।

www.AKJ.Org

ਆਪ ਦੇ ਪਿਤਾ ਗਿਆਨੀ ਗੁਰਚਰਨ ਸਿੰਘ ਜੀ ਗੁਰੂ ਕੇ ਬਾਗ਼ ਤੇ ਪੰਜਾਬੀ ਸੂਬੇ ਦੇ ਮੋਰਚਿਆਂ ਵਿਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਰਹੇ। ਆਪ ਨੇ ਬੋਰਸਟਲ ਜੇਲ੍ਹ ਵਿਚ ਢਾਈ ਸਾਲ ਦੀ ਸਖ਼ਤ ਸਜ਼ਾ ਕੱਟੀ ਸੀ।

ਆਪਣੇ ਪਿਤਾ ਗਿਆਨੀ ਗੁਰਚਰਨ ਸਿੰਘ ਜੀ ਵੱਲੋਂ ਇਹ ਕੁਰਬਾਨੀ ਦਾ ਜਜ਼ਬਾ ਦੇਖ ਕੇ ਇਸ ਮਹਾਨ ਪੰਥਕ ਕਾਰਜ ਲਈ ਆਪ ਦੇ ਮਨ ਵਿਚ ਵੀ ਪੰਥ ਲਈ ਜਜ਼ਬਾ ਪੈਦਾ ਹੋਇਆ ਤੇ ਆਪ ਦੋ ਵਾਰ 1955 ਤੇ 1960 ਵਿਚ ਪੰਜਾਬੀ ਸੂਬੇ ਦੇ ਮੋਰਚਿਆਂ ਵਿਚ ਸਾਢੇ ਸੱਤ ਮਹੀਨੇ ਦੀ ਸਖ਼ਤ ਸਜ਼ਾ ਕੱਟਣ ਉਪਰੰਤ ਰਿਹਾਅ ਹੋ ਕੇ ਆਏ।

ਆਪ ਆਪਣੇ ਪਰਿਵਾਰ ਨੂੰ ਸਦਾ ਇਹੋ ਹੀ ਸਿੱਖਿਆ ਦਿੰਦੇ ਸਨ ਕਿ ਆਪਣਾ ਕਾਰ-ਵਿਹਾਰ ਈਮਾਨਦਾਰੀ ਨਾਲ ਕਰੋ। ਇਸ ਧਨ-ਦੌਲਤ, ਦੁਨਿਆਵੀ ਵਡਿਆਈ ਤੇ ਕੂੜਾਵੇ ਫ਼ੈਸ਼ਨਾਂ ਦੇ ਜੰਜਾਲ ਤੋਂ ਬਚੋ। ਇਕ ਵਾਹਿਗੁਰੂ ਦੇ ਨਾਂ ਦਾ ਸੱਚਾ ਧਨ ਇਕੱਤਰ ਕਰੋ, ਜਿਸ ਨੇ ਕਿ ਤੁਹਾਡਾ ਅੱਗਾ ਸੰਵਾਰਨਾ ਹੈ। ਆਪਣੀ ਪ੍ਰੀਤ ਉਸ ਚੋਜੀ ਪ੍ਰੀਤਮ, ਦੋ ਜਹਾਨ ਦੇ ਵਾਲੀ ਨਾਲ ਜੋੜੋ, ਜਿਸ ਨੇ ਇਸ ਭਵ-ਸਾਗਰ ਤੋਂ ਆਪਣੀ ਕ੍ਰਿਪਾ-ਦ੍ਰਿਸ਼ਟੀ ਦੁਆਰਾ ਸਾਡਾ ਬੇੜਾ ਪਾਰ ਕਰਨਾ ਹੈ।

ਆਪ ਕਥਨੀ ਤੇ ਕਰਨੀ ਦੇ ਸੂਰੇ ਸਨ, ਉੱਚੇ ਸੁੱਚੇ ਆਚਰਣ ਵਾਲੇ ਨਾਮ ਅਭਿਆਸੀ ਪੁਰਖ ਸਨ। ਆਪ ਨੇ ਆਪਣੀ ਘਰੇਲੂ ਜ਼ਿੰਦਗੀ ਵਿਚ ਅਨੇਕਾਂ ਉਤਰਾਅ ਚੜ੍ਹਾਅ ਦੇਖੇ, ਪਰੰਤੂ ਆਪਣੇ ਸਿੱਖੀ ਸਿਦਕ ਤੇ ਧਰਮ ਤੋਂ ਨਾ ਡੋਲੇ ਤੇ ਗੁਰਬਾਣੀ ਦੀ ਇੱਕੋ ਤੁਕ :

**ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥੨॥**

*(ਸੂਹੀ ਅਸਟਪਦੀਆ, ਮ: ੪, ਪੰਨਾ 757)*

ਅਨੁਸਾਰ ਵਾਹਿਗੁਰੂ ਦਾ ਸ਼ੁਕਰਾਨਾ ਕਰਦੇ ਸਮਾਂ ਬਤੀਤ ਕਰਦੇ ਰਹਿੰਦੇ। ਆਪ ਨੂੰ ਜਿਥੇ ਵੀ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਸਮਾਗਮ ਦੀ ਸੂਚਨਾ ਮਿਲਦੀ, ਹਾਜ਼ਰੀ ਭਰਨ ਦੀ ਕੋਸ਼ਿਸ਼ ਕਰਦੇ ਸਨ।

ਆਪ ਬੜੇ ਮਿੱਠ-ਬੋਲੜੇ, ਹਸਮੁੱਖ ਤੇ ਮਿਲਣਸਾਰ ਸਨ। ਆਪ ਦੇ ਮਨ ਵਿਚ ਕਿਸੇ ਲਈ ਵੀ ਭੇਦ-ਭਾਵ, ਵੈਰ-ਵਿਰੋਧ ਨਹੀਂ ਸੀ। ਆਪ ਦੇ ਦਿਲ ਵਿਚ ਵੱਡੇ-ਛੋਟੇ ਲਈ ਇੱਕੋ ਜਿਹਾ ਸਤਿਕਾਰ ਸੀ। ਆਪ ਦਾ ਮਨ ਸਦਾ ਹੀ "ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ॥ (ਤਿਲੰਗ ਮ: ੪, ਪੰਨਾ 725) ਦੇ ਮਹਾਂਵਾਕ ਅਨੁਸਾਰ ਗੁਰਸਿੱਖਾਂ ਦੇ ਦਰਸ਼ਨ ਕਰ ਕੇ ਅਤੇ ਸੇਵਾ ਕਰ ਕੇ ਪ੍ਰਸੰਨ ਰਹਿੰਦਾ ਸੀ।

ਆਪ ਵੈਸਾਖੀ ਵਾਲੇ ਦਿਨ ਮਿਤੀ 13 ਅਪ੍ਰੈਲ 1978, ਵੀਰਵਾਰ ਨੂੰ ਅਜੀਤ ਨਗਰ, ਸ੍ਰੀ ਅੰਮ੍ਰਿਤਸਰ ਜੀ ਵਿਖੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ਦੇ ਸਾਲਾਨਾ ਵੈਸਾਖੀ ਸਮਾਗਮ ਵਿਚ ਕੀਰਤਨ ਸ੍ਰਵਣ ਕਰਨ ਲਈ ਪੁੱਜੇ ਹੋਏ ਸਨ ਅਤੇ ਉਥੋਂ ਹੀ, ਜਦੋਂ ਸਮਾਗਮ ਵਿਚ ਇਹ ਖ਼ਬਰ ਪੁੱਜੀ ਕਿ ਨਕਲੀ ਨਿਰੰਕਾਰੀ ਗੁਰਬਚਨ ਸਿਹੁੰ ਸ੍ਰੀ ਅੰਮ੍ਰਿਤਸਰ, ਗੁਰੂ ਦੀ ਪਵਿੱਤਰ ਨਗਰੀ ਵਿਚ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਬਾਰੇ ਘੋਰ ਬੇਅਦਬੀ ਤੇ ਨਿੰਦਾ ਭਰੇ ਲਫ਼ਜ਼ ਵਰਤ ਰਿਹਾ ਹੈ ਤਾਂ ਸਿੰਘਾਂ ਨੇ ਨਕਲੀ ਨਿਰੰਕਾਰੀਆਂ ਕੋਲ ਜਾ

www.AKJ.Org

ਕੇ ਸ਼ਾਂਤਮਈ ਪ੍ਰੋਟੈਸਟ ਕਰਨ ਦਾ ਪ੍ਰਣ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਰੇ ਇਹ ਕੋਝੇ ਤੇ ਭੈੜੇ ਲਫ਼ਜ਼ ਨਾ ਵਰਤੇ ਜਾਣ। ਸਾਰੇ ਸਿੰਘਾਂ ਨੇ ਕਿਲ੍ਹਾ ਗੋਬਿੰਦਗੜ੍ਹ ਦੇ ਨੇੜੇ ਪੰਡਾਲ ਵਿਚ, ਜਿਥੇ ਕਿ ਨਕਲੀ ਨਿਰੰਕਾਰੀ ਆਪਣਾ ਸੰਮੇਲਨ ਕਰ ਰਹੇ ਸਨ, ਵੱਲ ਚਾਲੇ ਪਾ ਦਿੱਤੇ, ਜਿਸ ਵਿਚ ਆਪ ਅਤੇ ਆਪ ਦਾ ਛੋਟਾ ਲੜਕਾ ਕਾਕਾ ਨੌਨਿਹਾਲ ਸਿੰਘ ਵੀ ਸਿੰਘਾਂ ਦੇ ਜਥੇ ਨਾਲ ਸ਼ਾਮਲ ਸੀ। ਜਦ ਸਿੰਘ ਪੰਡਾਲ ਤੋਂ ਤਕਰੀਬਨ 300 ਗਜ਼ ਦੀ ਦੂਰੀ ’ਤੇ ਸਨ ਤਾਂ ਪੁਲਿਸ ਨੇ ਰੋਕਿਆ। ਸਿੰਘਾਂ ਨੇ ਕਿਹਾ ਕਿ ਅਸੀਂ ਪ੍ਰੋਟੈਸਟ ਕਰਨ ਆਏ ਹਾਂ ਕਿ ਇਹ ਨਿਰੰਕਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਰੁੱਧ ਅਜਿਹੇ ਭੈੜੇ ਲਫ਼ਜ਼ ਤੇ ਕੋਝੀਆਂ ਹਰਕਤਾਂ ਨਾ ਕਰਨ। ਪਰੰਤੂ ਕੁਝ ਮਿੰਟਾਂ ਵਿਚ ਹੀ ਇਕਦਮ ਨਕਲੀ ਨਿਰੰਕਾਰੀਆਂ ਨੇ ਭਰੇ ਪੰਡਾਲ ਵਿੱਚੋਂ ਆ ਕੇ, ਜੋ ਕਿ ਤਲਵਾਰਾਂ, ਗੰਡਾਸਿਆਂ, ਬੰਦੂਕਾਂ ਤੇ ਤੀਰਾਂ ਨਾਲ ਲੈਸ ਸਨ, ਅਚਾਨਕ ਸਿੰਘਾਂ ’ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਅਨੇਕਾਂ ਸਿੰਘ ਸ਼ਹੀਦ ਤੇ ਜ਼ਖ਼ਮੀ ਹੋਏ। ਉਨ੍ਹਾਂ 13 ਸ਼ਹੀਦ ਸਿੰਘਾਂ ਵਿਚ ਗਿਆਨੀ ਹਰੀ ਸਿੰਘ ਜੀ ਵੀ ਸ਼ਾਮਲ ਸਨ। ਆਪ ਦਾ ਛੋਟਾ ਲੜਕਾ ਕਾਕਾ ਨੌਨਿਹਾਲ ਸਿੰਘ ਵੀ ਸਖ਼ਤ ਜ਼ਖ਼ਮੀ ਹੋਇਆ।

ਗਿਆਨੀ ਹਰੀ ਸਿੰਘ ਦਾ ਅੰਤਮ ਸੰਸਕਾਰ 15 ਅਪ੍ਰੈਲ, 1978 ਨੂੰ ਬਾਕੀ ਦੇ 12 ਸ਼ਹੀਦ ਸਿੰਘਾਂ ਦੇ ਨਾਲ ਹੀ ਇੱਕੋ ਚਿਖਾ ਵਿਚ ਪੂਰਨ ਖ਼ਾਲਸਈ ਸ਼ਾਨ ਅਤੇ ਗੁਰ-ਮਰਿਆਦਾ ਅਨੁਸਾਰ ਸ੍ਰੀ ਰਾਮਸਰ ਸਾਹਿਬ ਜੀ ਦੇ ਸਾਹਮਣੇ ਵਾਲੀ ਗਰਾਊਂਡ ਵਿਚ ਕੀਤਾ ਗਿਆ।

ਆਪ ਆਪਣੇ ਭਰਾਵਾਂ ਵਿੱਚੋਂ ਸਭ ਤੋਂ ਵੱਡੇ ਸਨ। ਆਪ ਆਪਣੇ ਪਿੱਛੇ ਪਤਨੀ, ਤਿੰਨ ਲੜਕੇ ਤੇ ਇਕ ਲੜਕੀ ਛੱਡ ਗਏ ਸਨ। ਆਪ ਦੀ ਇਸ ਸ਼ਹੀਦੀ ’ਤੇ ਪਰਿਵਾਰ ਨੇ ਸ਼ੋਕ ਨਹੀਂ ਕੀਤਾ, ਸਗੋਂ ਸਤਿਗੁਰੂ ਦਾ ਸ਼ੁਕਰਾਨਾ ਕੀਤਾ ਕਿ ਵਾਹਿਗੁਰੂ ਸੱਚੇ ਪਾਤਸ਼ਾਹ ਨੇ ਆਪਣੇ ਸੇਵਕ ਨੂੰ ਆਪਣੇ ਲੇਖੇ ਲਾਇਆ ਹੈ ਅਤੇ ਇਹੋ ਹੀ ਜੋਦੜੀ ਕੀਤੀ ਕਿ ਹੇ ਗੁਰੂ ਗ਼ਰੀਬ ਨਿਵਾਜ਼! ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਉ! ਜਿਸ ਤਰ੍ਹਾਂ ਉਨ੍ਹਾਂ ਸਿਰਲੱਥ ਸੂਰਬੀਰਾਂ ਤੇ ਮਰਜੀਵੜਿਆਂ ਨੇ ਆਪ ਜੀ ਦਾ ਪੂਰਨ ਸਤਿਕਾਰ ਤੇ ਅਦਬ ਕਾਇਮ ਰੱਖਣ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ, ਉਸੇ ਤਰ੍ਹਾਂ ਦਾਤਾਰ ਪਿਤਾ ਜੀਓ! ਉਨ੍ਹਾਂ ਅਣਖੀਲੇ ਤੇ ਮਹਾਨ ਸ਼ਹੀਦਾਂ ਦੇ ਦਰਸਾਏ ਮਾਰਗ ’ਤੇ ਚੱਲਣ ਦਾ ਬਲ ਬਖ਼ਸ਼ੋ ਤਾਂ ਜੁ ਅਸੀਂ ਆਪਣਾ ਆਪ ਕੁਰਬਾਨ ਕਰਦੇ ਹੋਏ "ਇਹ ਲੋਕ ਸੁਖੀਏ ਪਰਲੋਕ ਸੁਹੇਲੇ" ਕਰ ਸਕੀਏ।

ਸ਼ਹੀਦ ਦੇ ਸਾਰੇ ਪਰਿਵਾਰ ਨੇ ਅਖੰਡ ਕੀਰਤਨੀ ਜਥਿਆਂ ਦੇ ਸਾਲਾਨਾ ਸਮਾਗਮ ਵਿਚ ਕਈ ਵਰ੍ਹੇ ਪਹਿਲਾਂ ਅੰਮ੍ਰਿਤ ਸੰਚਾਰ ਸਮਾਗਮ ਵਿਚ ਪੇਸ਼ ਹੋ ਕੇ ਸੁਧਾਈ ਕਰਵਾਈ ਅਤੇ ਨਾਮ ਦ੍ਰਿੜ੍ਹ ਕਰਵਾਇਆ। ਜਿਸ ਦਾ ਸ਼ਹੀਦ ਦੇ ਜੀਵਨ ਵਿਚ ਬਹੁਤ ਡੂੰਘਾ ਅਸਰ ਪਿਆ ਤੇ ਆਪ ਪਹਿਲਾਂ ਨਾਲੋਂ ਵੀ ਵੱਧ ਗੰਭੀਰ ਹੋ ਗਏ ਅਤੇ ਗੁਪਤੀ ਸੇਵਾ-ਸਿਮਰਨ ਵਿਚ ਨਿਮਗਨ ਰਹਿੰਦੇ।

ਆਪ ਦੀ ਕਿਰਤ-ਕਮਾਈ ਸੰਕੋਚਵੀਂ ਹੀ ਸੀ ਅਤੇ ਬੱਚਿਆਂ ਦੀ ਪੜ੍ਹਾਈ ਆਦਿ ਦੇ ਖ਼ਰਚ ਹੀ ਖ਼ਰਚ ਸਨ, ਪਰ ਆਪ ਸਤਿ-ਸੰਤੋਖ ਵਿਚ ਰਹਿੰਦੇ ਹੋਏ ਸੰਕੋਚਵਾਂ ਜੀਵਨ ਨਿਰਬਾਹ ਕਰਦੇ ਰਹੇ ਅਤੇ ਆਪਣੀ ਤੰਗ-ਦਸਤੀ ਦੀ ਦਸ਼ਾ ਕਦੇ ਕਿਸੇ ਨੂੰ ਨਹੀਂ

www.AKJ.Org

ਸੀ ਜਣਾਈ। ਬੜੀ ਸਿੱਧੀ-ਸਾਦੀ ਤੇ ਭੋਲੀ-ਭਾਲੀ ਰੂਹ ਸੀ। ਆਪ ਜੀ ਸ਼ਹੀਦੀ ਪਾ ਕੇ ਆਪਣੇ ਪਿਤਾ ਦੀਆਂ ਪੰਥਕ ਕੁਰਬਾਨੀਆਂ ਵਾਂਗ ਇਕ ਨਜ਼ੀਰ ਪੈਦਾ ਕਰ ਗਏ ਹਨ।

23-4-1978 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਸਜੇ ਪੰਥਕ ਦੀਵਾਨ ਵਿਚ ਸ਼ਹੀਦ ਦੀ ਸੁਭਾਗ ਸੁਪਤਨੀ ਨੇ ਤਖ਼ਤ ਸਾਹਿਬ ਵੱਲੋਂ ਸਨਮਾਨਿਤ ਕੀਤੇ ਜਾਣ ਸਮੇਂ ਵੈਰਾਗ ਵਿਚ ਪੰਥ ਨੂੰ ਸੁਨੇਹਾ ਦਿੱਤਾ:

"ਮੇਰੇ ਪਤੀ ਜੀ ਗੁਰੂ ਦੇ ਲੇਖੇ ਲੱਗੇ ਹਨ ਅਤੇ ਜਦੋਂ ਪੰਥ ਨੂੰ ਲੋੜ ਪਵੇ ਤਾਂ ਮੇਰੇ ਇਹ ਤਿੰਨੇ ਪੁੱਤਰ ਵੀ ਹਾਜ਼ਰ ਹਨ।"

www.AKJ.Org

# ਸ਼ਹੀਦ ਜਥੇਦਾਰ ਰਣਬੀਰ ਸਿੰਘ ਫ਼ੌਜੀ, ਮਹਿਤਾ

*—ਭਾਈ ਅਮਰੀਕ ਸਿੰਘ ਜੀ, ਮਹਿਤਾ*

ਜਥੇਦਾਰ ਰਣਬੀਰ ਸਿੰਘ ਜੀ ਦਾ ਜਨਮ ਸਤੰਬਰ 1929 ਈ. ਵਿਚ ਜਥੇਦਾਰ ਕਾਲਾ ਸਿੰਘ ਜੀ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਹੋਇਆ। ਸ. ਕਾਲਾ ਸਿੰਘ ਜੀ ਪਿੰਡ ਥਰਾਜ, ਜ਼ਿਲ੍ਹਾ ਫ਼ਰੀਦਕੋਟ ਵਿਚ ਵਾਹੀ ਦਾ ਕੰਮ ਕਰਦੇ ਸਨ। ਜੈਤੋ ਦੇ ਮੋਰਚੇ ਸਮੇਂ 14 ਸਾਲ ਦੀ ਕੈਦ ਹੋਈ, ਜਿਸ ਵਿੱਚੋਂ 5 ਸਾਲ ਕੱਟੀ। ਸ. ਭਗਤ ਸਿੰਘ ਦੀ ਨੌਜੁਆਨ ਸਭਾ ਵਿਚ ਵੀ ਆਪ ਨੇ ਕੰਮ ਕੀਤਾ ਸੀ। ਮਾਤਾ ਵੀ ਜੈਤੋ ਵਾਲੇ ਮੋਰਚੇ ਵਿਚ ਨਾਲ ਸੀ।

6 ਸਾਲ ਦੀ ਉਮਰ ਤੋਂ ਭਾਈ ਰਣਬੀਰ ਸਿੰਘ ਅੰਮ੍ਰਿਤਧਾਰੀ ਬਣ ਗਿਆ। ਮੁੱਢਲੀ ਵਿੱਦਿਆ ਪ੍ਰਾਪਤ ਕਰਨ ਉਪਰੰਤ ਫ਼ੌਜ ਦੀ ਨੌਕਰੀ ਕਰ ਲਈ। ਪੰਜ ਬਾਣੀਆਂ ਅਤੇ ਸੁਖਮਨੀ ਸਾਹਿਬ ਜ਼ਬਾਨੀ ਯਾਦ ਸਨ। ਪੰਜ ਗ੍ਰੰਥੀ ਦਾ ਨਿਤਨੇਮੀ ਸੀ। ਫ਼ੌਜ ਵਿਚ ਵੀ ਧਾਰਮਿਕ ਸਰਗਰਮੀਆਂ ਵਿਚ ਮੁਖੀ ਹੁੰਦਾ ਸੀ।

20 ਸਾਲ ਫ਼ੌਜ ਦੀ ਨੌਕਰੀ ਕਰਨ ਉਪਰੰਤ ਹੌਲਦਾਰੀ ਪੈਨਸ਼ਨ ਲੈ ਕੇ ਸੰਤ ਕਰਤਾਰ ਸਿੰਘ ਜੀ ਖ਼ਾਲਸਾ, ਜਥਾ ਭਿੰਡਰਾਂ (ਮਹਿਤਾ) ਦੇ ਨਾਲ ਆ ਰਲੇ। ਮਨ ਦੀ ਮਜ਼ਬੂਤੀ ਤੇ ਦ੍ਰਿੜ੍ਹਤਾ ਦੇ ਕਾਰਨ ਹੀ ਸੰਤਾਂ ਨੇ ਮਹਿਤਾ ਗੁਰਦੁਆਰਾ ਦੀ ਉਸਾਰੀ ਲਈ ਆਪ ਨੂੰ ਜਥੇਦਾਰ ਬਣਾਇਆ ਹੋਇਆ ਸੀ। ਆਪ ਨੇ ਮਾਸਿਕ ਪੈਨਸ਼ਨ ਅਤੇ ਆਪਣਾ ਟਰੈਕਟਰ ਟਰਾਲੀ ਵੇਚ ਕੇ ਵੀ ਸੇਵਾ ਵਿਚ ਹੀ ਲਾ ਦਿੱਤਾ।

ਘੁਮਾਣ, ਮਹਿਤਾ, ਕਾਦੀਆਂ ਅਤੇ ਅੰਮ੍ਰਿਤਸਰ ਵਿਖੇ ਪਾਖੰਡੀ ਗੁਰੂਆਂ ਵਿਰੁੱਧ ਲੱਗੇ ਮੋਰਚਿਆਂ ਵਿਚ ਫ਼ੌਜੀ ਜੀ ਜਥੇਦਾਰ ਸਨ। ਗੁਰੂ-ਨਿੰਦਕਾਂ ਵਿਰੁੱਧ ਰੋਹ ਲੂੰ ਲੂੰ ਵਿਚ ਭਰਿਆ ਹੋਇਆ ਸੀ। 13 ਅਪ੍ਰੈਲ ਦੀ ਵੈਸਾਖੀ ਵਾਲੇ ਦਿਨ ਹੋਰਨਾਂ ਵੀਰਾਂ ਵਾਂਗ ਆਪ ਵੀ ਸ਼ਾਂਤਮਈ ਢੰਗ ਨਾਲ ਸ਼ਹੀਦੀ ਪ੍ਰਾਪਤ ਕਰ ਗਏ।

ਇਸ ਸ਼ਹੀਦੀ ਸਾਕੇ ਤੋਂ ਦੋ ਦਿਨ ਪਹਿਲਾਂ 11 ਅਪ੍ਰੈਲ ਨੂੰ ਭਾਈ ਰਣਬੀਰ ਸਿੰਘ ਜੀ ਸ੍ਰੀ ਗੋਇੰਦਵਾਲ ਸਾਹਿਬ ਪੁੱਜੇ ਅਤੇ ਉਥੇ ਬਾਉਲੀ ਸਾਹਿਬ ਵਿਖੇ ਪਉੜੀਆਂ 'ਤੇ ਚੌਰਾਸੀ ਪਾਠ ਕਰ ਕੇ ਸੱਚੇ ਪਾਤਸ਼ਾਹ ਜੀ ਪਾਸ ਇਉਂ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ! ਚੌਰਾਸੀ ਦਾ ਪਿਛਲਾ ਲੇਖਾ ਤਾਂ ਆਪ ਨੇ ਨਿਬੇੜ ਦਿੱਤਾ ਹੈ, ਹੁਣ ਕਿਰਪਾ ਕਰੋ ਤੇ ਇਸ ਨਿਮਾਣੇ ਸਰੀਰ ਨੂੰ ਆਪਣੇ ਲੇਖੇ ਲਾ ਲਵੋ ਤਾਂ ਜੁ ਕਿਧਰੇ ਅੱਗੋਂ ਕੋਈ ਨਵਾਂ ਲੇਖਾ ਨਾ ਸਿਰ ਚੜ੍ਹ ਜਾਵੇ। ਭਾਣੇ ਅੰਦਰ ਗੁਰੂ ਦਰਬਾਰ ਵਿਚ ਇਨ੍ਹਾਂ ਦੀ ਇਹ ਅਰਦਾਸ ਪ੍ਰਵਾਨ ਹੋ ਗਈ।



ਭਾਈ ਰਣਬੀਰ ਸਿੰਘ ਫ਼ੌਜੀ, ਮਹਿਤਾ

www.AKJ.Org

# ਸ਼ਹੀਦ ਜਥੇਦਾਰ ਅਮਰੀਕ ਸਿੰਘ ਖੁਜਾਲਾ

*—ਗੁਰਪੁਰਵਾਸੀ ਮਾਸਟਰ ਜਸਵੰਤ ਸਿੰਘ ਜੀ*

ਜਨਮ — ਫੱਗਣ 1957
ਪਿਤਾ — ਕੁੰਦਨ ਸਿੰਘ ਜੀ
ਪਿੰਡ — ਖੁਜਾਲਾ (ਅੰਮ੍ਰਿਤਸਰ)

ਗੁਰੂ ਕੀ ਪਾਵਨ ਨਗਰੀ, ਸ੍ਰੀ ਅੰਮ੍ਰਿਤਸਰ ਦੀ ਧਰਤੀ 'ਤੇ ਵੈਸਾਖੀ ਵਾਲੇ ਪਾਵਨ ਦਿਵਸ 'ਤੇ 'ਧਰਮ ਹੇਤ ਸਾਕਾ ਜਿਨ ਕੀਆ', ਉਨ੍ਹਾਂ ਤੇਰ੍ਹਾਂ ਸ਼ਹੀਦ ਸਿੰਘਾਂ ਵਿਚ ਇਕ ਇੱਕੀ ਸਾਲਾਂ ਦੀ ਅਤਿ ਨਿੱਕੀ ਅਵਸਥਾ ਵਾਲੇ ਖੁਜਾਲੇ ਦੇ ਬਾਂਕੇ ਸੂਰਬੀਰ ਵੀਰ, ਜਥੇਦਾਰ ਅਮਰੀਕ ਸਿੰਘ ਸਨ। 13 ਅਪ੍ਰੈਲ ਨੂੰ ਸ਼ਹੀਦ ਹੋਣ ਵਾਲੇ ਤੇਰ੍ਹਾਂ ਸਿੰਘਾਂ ਦੀ ਸ਼ਹੀਦੀ ਜੰਞ ਵਿਚਾਲੇ ਮਾਨੋ ਇਹ ਦੂਲਹੇ ਸਨ। ਸੰਸਾਰੀ ਮਾਪਿਆਂ ਨੇ ਇਸ ਬਾਂਕੜੇ ਛੈਲ-ਛਬੀਲੇ ਵੀਰ ਦੀ ਸ਼ਾਦੀ ਨੀਯਤ ਕੀਤੀ ਹੋਈ ਸੀ ਤੇ ਇਸ ਨੌਜੁਆਨ ਨੇ ਹਾਸੇ ਦੇ ਰੰਗ ਵਿਚ ਇਕ ਵੇਰਾਂ ਕਿਹਾ ਸੀ ਕਿ ਮੈਂ ਮਾਸ ਸ਼ਰਾਬ ਵਾਲੇ ਵਿਅਕਤੀ ਜੰਞੇ ਨਹੀਂ ਲਿਜਾਣੇ। ਹਾਸ-ਬਿਲਾਸ ਵਿਚ ਸੁਣਾਈ ਇਹ ਬਾਤ ਕਰਣਹਾਰ ਕਰਤਾਰ ਨੇ ਸੋਲ੍ਹਾਂ ਆਨੇ ਸੱਚ ਕਰ ਵਿਖਾਈ। ਸੱਚਮੁੱਚ ਸ਼ਹੀਦੀ ਵਿਚ ਪ੍ਰਵਾਨ ਪਏ ਇਨ੍ਹਾਂ ਪ੍ਰਧਾਨ, ਮਰਦਾਨਿ-ਮੈਦਾਨ ਸੰਤ ਜਨਾਂ ਦੀ ਜੰਞ ਵਿਚ ਕੋਈ ਵੀ ਮਾਸ ਸ਼ਰਾਬ ਦਾ ਸੇਵਨਹਾਰ ਨਹੀਂ ਸੀ। ਜਥੇਦਾਰ ਵਾਲੀ ਪਦਵੀ ਇਸ ਬਾਂਕੜੇ ਸਰਦਾਰ ਨੂੰ ਸੱਚੀ ਸਰਕਾਰ ਦੇ ਦਰਬਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉਦੋਂ ਪ੍ਰਾਪਤ ਹੋਈ, ਜਦੋਂ ਇਕ ਖ਼ਾਸੀ ਸੰਗਤ ਨੂੰ ਪ੍ਰੇਰ ਕੇ ਇਥੇ ਲਿਆਏ ਤੇ ਅੰਮ੍ਰਿਤ ਪਾਨ ਕਰਵਾਇਆ। ਖ਼ੁਦ ਵੀ ਇਸ ਬਾਂਕੇ ਬੀਰ ਨੇ ਅੰਮ੍ਰਿਤ ਦੀ ਦਾਤ, ਪੰਜ-ਛੇ ਸਾਲ ਹੋਏ, ਛੇਵੇਂ ਪਾਤਸ਼ਾਹ ਦੇ ਇਸ ਦਰੋਂ ਹੀ ਪ੍ਰਾਪਤ ਕੀਤੀ ਸੀ।

ਗੁਰੂ ਘਰ ਵੱਲ ਰੁਚੀ ਬਾਲਪਨ ਤੋਂ ਹੀ ਅਤਿ ਪ੍ਰਬਲ ਸੀ। ਪ੍ਰਾਇਮਰੀ ਦੀ ਪੜ੍ਹਾਈ ਪਿੱਛੋਂ ਮਨ ਸੰਸਾਰੀ ਵਿੱਦਿਆ ਵਿਚ ਨਾ ਖੁੱਭਿਆ। ਬੈਰਾਗੀ ਜੀਊੜਾ ਬੰਧਨਾਂ ਤੋਂ ਆਜ਼ਾਦ ਸੀ। ਵਾਹੀ ਵਾਲੀ ਕਾਰ ਨਿਬਾਹੀ ਤੇ ਵਾਹ-ਵਾਹ ਵੀ ਨਿਬਾਹੀ। ਹੱਥਾਂ ਪੈਰਾਂ ਨਾਲ ਕਿਰਤ ਕਰਦੇ ਸਮੇਂ ਵੀ ਬਿਰਤੀ ਬਿਰਹੁੰ ਵਿਚ ਵੈਰਾਗਮਈ ਰਹਿੰਦੀ ਸੀ। ਗੁਰਬਾਣੀ ਤੇ ਗੁਰ-ਇਤਿਹਾਸ ਵਾਲਾ ਪਿਆਰ ਹਿਰਦੇ ਅੰਦਰ ਘਰ ਕਰ ਗਿਆ ਸੀ। ਅੰਮ੍ਰਿਤ ਪਾਨ ਕਰਨ ਮਗਰੋਂ ਤਾਂ ਨਾਮ-ਬਾਣੀ ਦਾ ਰੰਗ ਰੋਮ ਰੋਮ ਵਿਚ ਰਚ ਗਿਆ। ਭਿੰਡਰਾਂ ਵਾਲੇ ਜਥੇ ਨਾਲ ਸੰਪਰਕ ਹੋ ਗਿਆ। ਮਹਿਤਾ ਚੌਂਕ, ਭਿੰਡਰਾਂ ਵਾਲੇ ਜਥੇ ਦਾ ਡੇਰਾ ਇਨ੍ਹਾਂ ਦੇ ਪਿੰਡ ਦੇ ਨੇੜੇ ਹੀ ਸੀ। ਗੁਰੂ ਘਰ ਦੀਆਂ ਮਹਿਮਾਮਈ ਸਾਖੀਆਂ ਤੇ ਵਿਚਾਰਾਂ ਸੁਣ ਸੁਣ ਕੇ ਗੁਰੂ ਘਰ ਦੀ ਵਡਿਆਈ ਪਰਪੱਕ ਹੋ ਕੇ ਸਥਾਈ ਰੂਪ

www.AKJ.Org





ਭਾਈ ਅਮਰੀਕ ਸਿੰਘ ਜੀ, ਖੁਜਾਾਲਾ

www.AKJ.Org

ਵਿਚ ਦਿਲ ਤੇ ਦਿਮਾਗ਼ ਵਿਚ ਵੱਸਦੀ ਰੱਸਦੀ ਤੇ ਧੱਸਦੀ ਗਈ। ਗੁਰੂ ਘਰ ਦੀਆਂ ਸੰਗਤਾਂ ਨਾਲ ਮੇਲ-ਜੋਲ ਵਧਣ ਲੱਗਾ। ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਕਰਨ ਲਈ ਚੜ੍ਹਾਈਆਂ, ਚਾਉ ਤੇ ਉਮਾਹ ਸਹਿਤ ਕਰੀ ਰੱਖਣੀਆਂ, ਇਸ ਨਿੱਕੜੇ ਵੀਰ ਦਾ ਵਿਸ਼ੇਸ਼ ਗੁਣ ਸੀ।

ਦੁਖੀਆਂ, ਲੋੜਵੰਦਾਂ ਦੀ ਅਵਸਥਾ ਵੇਖ ਕੇ ਹਿਰਦਾ ਦਇਆ ਦੇ ਘਰ ਵਿਚ ਆ ਜਾਂਦਾ। "ਅਪਨਾ ਬਿਗਾਰਿ ਬਿਰਾਨਾਂ ਸਾਂਢੈ" ਸੰਵਾਰਨ ਵਾਲੀ ਰੁਚੀ ਸਦਾ ਹੀ ਬਲਵਾਨ ਰਹਿਣੀ। ਗੁਰੂ ਘਰ ਦੀਆਂ ਫ਼ੌਜਾਂ ਉੱਤੇ ਤਾਂ ਲੋਟ-ਪੋਟ ਹੋ ਹੋ ਜਾਂਦੇ ਸਨ। ਲੋੜਵੰਦਾਂ ਦੀ ਸਹਾਇਤਾ ਸਮੇਂ ਕਦੇ ਗਿਣਤੀਆਂ-ਮਿਣਤੀਆਂ ਵਿਚ ਬਿਰਤੀ ਨਹੀਂ ਸੀ ਪੈਂਦੀ। ਅਣ-ਗਿਣੀ ਮਾਇਆ, ਘਰ ਦੀਆਂ ਵਸਤੂਆਂ, ਇਥੋਂ ਤਕ ਕਿ ਸਰੀਰ 'ਤੇ ਪਹਿਨੇ ਹੋਏ ਬਸਤਰ ਵੀ ਲੋੜਵੰਦਾਂ ਨੂੰ ਦੇਣ ਸਮੇਂ ਸੰਕੋਚ ਜਾਂ ਸੋਚ ਵਿਚ ਨਹੀਂ ਆਉਂਦੇ ਸੀ। ਇਕ ਵੇਰਾਂ ਗੁਰੂ ਦੀਆਂ ਫ਼ੌਜਾਂ ਲਈ ਸੇਵਾ ਦਾ ਉਮਾਹ ਐਸਾ ਪ੍ਰਬਲ ਹੋਇ ਉੱਠਿਆ ਕਿ ਘਰ ਵਿੱਚੋਂ ਆਪਣੀ ਮਾਈ ਪਾਸੋਂ ਜਦ ਲੋੜੀਂਦੀ ਮਾਇਆ ਨਾ ਮਿਲੀ ਤਾਂ ਘਰ ਵਿੱਚੋਂ ਇਕ ਸੋਨੇ ਦੀ ਛਾਪ ਵੇਚ ਕੇ ਆਪਣਾ ਉਤਸ਼ਾਹ ਪੂਰਾ ਕੀਤਾ।

ਭਾਵੇਂ ਭਰ ਜੁਆਨੀ ਦੀ ਅਵਸਥਾ ਸੀ, ਪਰ ਬਾਲ ਸੁਭਾਇ ਅਤੀਤ ਉਦਾਸੀ ਵਿਚ ਵਿਚਰਦੇ ਸਨ। ਮੁੰਡਿਆਂ ਖੁੰਡਿਆਂ ਵਾਲਾ ਫੈਲ-ਫੱਕੜ ਕਦੇ ਨੇੜੇ ਵੀ ਨਾ ਫਟਕਿਆ। ਇਸ ਜ਼ਮਾਨੇ ਵਿਚ ਏਨੀ ਛੋਟੀ ਆਯੂ ਵਿਚ ਏਨੀ ਲਗਨ ਗੁਰੂ ਘਰ ਦੀ ਬਹੁਤ ਟਾਵੀਂ ਹੀ ਨਜ਼ਰ ਆਉਂਦੀ ਹੈ। ਅੰਮ੍ਰਿਤ ਵੇਲਾ ਨਾਮ ਬਾਣੀ ਦੇ ਅਭਿਆਸ ਵਿਚ ਸਾਵਧਾਨਤਾ ਸਹਿਤ ਬਿਤਾਉਣਾ ਇਸ ਵੀਰ ਦਾ ਪੱਕਾ ਨਿਯਮ ਸੀ। ਚਾਹੇ ਰਾਤ ਨੂੰ ਸਤਿਸੰਗ ਜੁੜ ਜਾਣ ਦੇ ਕਾਰਨ ਕਿੰਨਾ ਵੀ ਕੁਵੇਲਾ ਹੋ ਜਾਏ, ਪਰੰਤੂ ਕੀ ਮਜਾਲ ਕਿ ਚਉਥੇ ਪਹਿਰ ਸੁਬਹ ਕੇ ਗ਼ਫ਼ਲਤ ਆਈ ਹੋਵੇ। ਸਾਂਝ ਸਮੇਂ ਸੋਦਰੁ ਲਈ ਘਰ ਬਾਹਰ ਦੇ ਹੱਥਲੇ ਕੰਮ ਭਾਵੇਂ ਕਿੰਨੇ ਹੀ ਜ਼ਰੂਰੀ ਹੋਣੇ, ਛੱਡ ਦੇਣੇ ਤੇ ਕਾਮਿਆਂ ਪਾਸੋਂ ਛੁਡਵਾ ਦੇਣੇ, ਸੋਦਰੁ ਦੇ ਦੀਵਾਨ ਜਾਂ ਚੌਂਕੀ ਦੀ ਹਾਜ਼ਰੀ ਲਈ ਇਉਂ ਸਾਵਧਾਨ ਹੋਣਾ ਤੇ ਹੋਰਾਂ ਨੂੰ ਕਰਨਾ ਆਪ ਦੇ ਨਿਤਨੇਮ ਦਾ ਅੰਗ ਸੀ। ਸਵੇਰ ਦੇ ਨਿਤਨੇਮ ਉਪਰੰਤ ਗੁਰੂ ਮਹਾਰਾਜ ਦੇ ਦਰਸ਼ਨ ਤੋਂ ਪਹਿਲੇ ਪ੍ਰਸ਼ਾਦਾ ਨਹੀਂ ਛਕਦੇ ਸਨ।

ਗੁਰਮਤਿ ਗੁਣਾਂ ਦੀ ਸਾਂਝ ਕਰਨ ਲਈ ਗੁਰਮੁਖਾਂ ਜਾਂ ਗੁਰੂ ਘਰ ਦੀ ਸੰਗਤ ਨਾਲ ਮੇਲ-ਜੋਲ ਰੱਖਣ ਵਿਚ ਤਤਪਰ ਰਹਿੰਦੇ ਸਨ। ਇਕ ਸੱਚੇ ਮੁਤਲਾਸ਼ੀ ਤੇ ਗੁਣ-ਗਾਹਕ ਬਣ ਕੇ ਆਪਣੀ ਰਹਿਣੀ ਬਹਿਣੀ ਵਿਚ ਗੁਰਮਤਿ ਬਿਬੇਕ ਅਨੁਸਾਰ ਵਾਧਾ ਨਿਰੰਤਰ ਜਾਰੀ ਰੱਖਦੇ ਸਨ। ਜੇ ਕਿਸੇ ਨੁਕਤੇ 'ਤੇ ਸੰਸਾ ਪੈਦਾ ਹੁੰਦਾ ਤਾਂ ਉਸ ਦੀ ਨਵਿਰਤੀ ਲਈ ਗੁਰਮੁਖਾਂ ਪਾਸ ਨਿਮਰਤਾ ਭਰੇ ਨੀਵੇਂ ਹਿਰਦੇ ਨਾਲ ਪੇਸ਼ ਹੋਣਾ। ਸਰਬਲੋਹ ਰਹਿਣੀ ਦਾ ਪ੍ਰੇਮ ਵੀ ਪੈਦਾ ਹੋ ਰਿਹਾ ਸੀ। ਬਾਟਾ ਆਪਣਾ ਵਾਹਵਾ ਲਿਸ਼ਕਾ ਕੇ ਰੱਖਣਾ ਤੇ ਬੇ-ਅੰਮ੍ਰਿਤੀਏ ਨੂੰ ਆਪਣਾ ਬਾਟਾ ਨਾ ਵਰਤਣ ਦੇਣਾ। ਮਾਤਾ-ਪਿਤਾ ਨੇ ਖੇਤੀਬਾੜੀ ਵਿਚ ਸਹਾਇਤਾ ਕਰਨ ਲਈ ਰੱਖੇ ਕਾਮਿਆਂ ਅਤੇ ਮੇਲ-ਜੋਲ ਵਿਚ ਆਉਣ ਵਾਲੇ ਅਨੇਕਾਂ ਪ੍ਰਾਣੀਆਂ ਨੂੰ ਗੁਰੂ ਲੜ ਲਾਇਆ। ਰੱਜੇ-ਪੁੱਜੇ ਘਰਾਣੇ ਦਾ ਚਾਨਣ-ਚਿਰਾਗ਼ ਹੋਣ ਦੇ ਬਾਵਜੂਦ ਗੁਰਮੁਖੀ ਸਾਦੇ ਬਾਣੇ ਵਿਚ ਵਿਚਰਦੇ ਸਨ। ਅਨੇਕਾਂ ਵੇਰ ਬਿਸਤਰਾ ਗੋਲ-ਮੋਲ ਹੋਇਆ ਕੋਲ ਪਿਆ ਰਹਿਣਾ ਤੇ ਆਪਣੀ ਮੰਜੀ

www.AKJ.Org

’ਤੇ ਅੜਿੰਗ-ਬੜਿੰਗ ਹੋ ਜਾਣਾ। ਅੰਬਰੀਕ ਭਗਤ ਵਾਂਗ ਸੱਚੇ ਸਤਿਗੁਰੂ ਦੇ ਦਰੋਂ-ਘਰੋਂ ਇਸ ਵੀਰ ਨੂੰ ਸੱਚੇ ਅਭੈ ਪਦ ਦਾ ਦਾਨ ਪ੍ਰਾਪਤ ਹੋਇਆ ਜਾਪਦਾ ਸੀ। ਇਨ੍ਹਾਂ ਸਤਰਾਂ ਦੇ ਲੇਖਕ ਨੂੰ ਇਸ ਦੇ ਸੰਬੰਧੀਆਂ ਤੇ ਸਨੇਹੀਆਂ ਵਿਚ ਬੈਠ ਕੇ ਇਸ ਬਾਰੇ ਬਚਨ ਸੁਣਦਿਆਂ ਇਉਂ ਮਹਿਸੂਸ ਹੋਇਆ, ਜਿਵੇਂ ਉਹ ਅਮਰੀਕ ਸਿੰਘ ਦੀਆਂ ਨਹੀਂ, ਫ਼ੌਜਾ ਸਿੰਘ ਦੀਆਂ ਗੱਲਾਂ ਸੁਣ ਰਿਹਾ ਹੈ। ਐਸੀ ਨਿਧੜਕ ਰੂਹ ਸੀ ਕਿ ਪਾਖੰਡੀਆਂ, ਨਿੰਦਕਾਂ, ਦੁਸ਼ਟਾਂ ਦੇ ਗੁਰ-ਵਿਰੋਧੀ ਬੋਲ-ਕੁਬੋਲ ਸੁਣ ਕੇ ਰੋਹ ਵਿਚ ਆ ਜਾਂਦੀ ਸੀ। ਵਾਹ ਪੈਣ ’ਤੇ ਕਰਾਰੇ ਹੱਥਾਂ ਨਾਲ ਐਸੀ ਸੋਧ-ਸੁਧਾਈ ਕਰਨੀ ਕਿ ਦੋਖੀਆਂ ਪਾਸੋਂ ਤੌਬਾ-ਤੌਬਾ ਕਰਵਾ ਦੇਣੀ। ਜੁੱਸਾ, ਜਿਸਮ ਸਰਬਲੋਹ ਦੀ ਕਿਸਮ ਦਾ ਮਜ਼ਬੂਤ ਸੀ। ਪਿਛਲੇ ਹੋਲੇ-ਮਹੱਲੇ ਸਮੇਂ ਅਨੰਦਪੁਰ ਸਾਹਿਬ ਦੀ ਯਾਤਰਾ ਕਰਦਿਆਂ ਤਿੰਨ ਮਣ ਚੌਲਾਂ ਦੀ ਬੋਰੀ ਚਾਉ-ਚਾਉਲੇ ਰੰਗਾਂ ਅੰਦਰ ਕਿਲ੍ਹਾ ਸ੍ਰੀ ਅਨੰਦਗੜ੍ਹ ਦੀਆਂ ਪੌੜੀਆਂ ਰਾਹੀਂ ਇਉਂ ਉੱਪਰ ਸਹਿਜ ਨਾਲ ਚੜ੍ਹਾ ਦਿੱਤੀ, ਜੀਕਰ ਫੁੱਲਾਂ ਦੀ ਮਾਲਾ ਹੋਵੇ। ਏਸੇ ਹੀ ਸਮੇਂ ਐਵੇਂ ਆਪਣੀਆਂ ਲੱਤਾਂ ਖੁੱਲ੍ਹੀਆਂ ਕਰਨ ਨੂੰ, ਇਹ ਦੂਲਾ ਵੀਰ ਨੈਣਾਂ ਦੇਵੀ ਦੇ ਅਸਥਾਨ ’ਤੇ ਜਾ ਚੜ੍ਹਿਆ। ਇਕ ਪੰਡਿਤ ਨੇ ਤਿਲਕ ਲਵਾਉਣ ਲਈ ਕਿਹਾ ਤਾਂ ਉੱਤਰ ਵਿਚ ਐਸਾ ਬਚਨ ਕੀਤਾ ਕਿ ਪੰਡਿਤ ਜੀ ਨਿਰੁੱਤਰ ਹੋ ਗਏ : “ਸਾਨੂੰ ਸਿੱਖਾਂ ਨੂੰ ਸਾਡੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਐਸੇ ਟਿੱਕੇ (ਤਿਲਕ) ਲਾਏ ਹਨ ਕਿ ਦਰਗਾਹ ਤੀਕ ਉਹ ਟਿਕੇ ਰਹਿਣਗੇ। ਤੁਹਾਡੇ ਲਾਏ ਤਿਲਕ ਤਾਂ ਭਲਕ ਤੀਕ ਹੀ ਤਿਲ੍ਹਕ ਜਾਣਗੇ।”

ਇਸ ਵੀਰ ਦੇ ਸਾਰੇ ਗੁਰਮਤਿ ਗੁਣਾਂ ਦੀ ਤਸਵੀਰ ਖਿੱਚਣ ਦਾ ਦਾਸ ਪਾਸ ਸਮਾਂ ਨਹੀਂ, ਨਾ ਹੀ ਪ੍ਰੋਖੋਂ ਹੈ। ਸੋ ਕੇਵਲ ਸਾਕੇ ਦੇ ਦਿਨ ਵਾਲੇ ਸ੍ਰੋਤ ਵਿਚ ਆਏ ਸਮਾਚਾਰ, ਜੋ ਹਿਰਦੇ ’ਤੇ ਉਲੀਕੇ ਹਨ, ਉਨ੍ਹਾਂ ਦਾ ਟੂਕ ਮਾਤਰ ਵਰਣਨ ਕਰ ਕੇ ਖਿਮਾ ਚਾਹਾਂਗਾ :

ਵੈਸਾਖ ਭਲਾ ਪ੍ਰਵੇਸ਼ ਕਰ ਰਿਹਾ ਸੀ। ਸਾਡਾ ਵਰਿਆਮ ਯੋਧਾ, ਦੂਲਾ ਦਲੇਰ, ਗੁਰੂ ਕਾ ਸ਼ੇਰ, ਅੰਮ੍ਰਿਤ ਵੇਲੇ ਉੱਠਦਾ ਹੈ। ਇਸ਼ਨਾਨ ਕਿਸੇ ਸੋਹਣੇ ਧਿਆਨ ਵਿਚ ਹੋਇਆ ਹੈ। ਫਿਰ ਪ੍ਰੇਮ-ਰੰਗਾਂ ਵਿਚ ਨਿਤਨੇਮ ਕੀਤਾ ਹੈ, ਫਿਰ ਗੁਰਦੁਆਰੇ ਜਾਇ ਕੇ ਦੇਗ ਕਰਵਾ ਕੇ ਅਤੇ ਪ੍ਰਸ਼ਾਦ ਲੈ ਚੜ੍ਹਾਈ ਕੀਤੀ ਹੈ, ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਲਈ, ਨਾਲ ਕੁਝ ਬਾਲ-ਸਖਾਈ ਮਿੱਤਰ ਹਨ। ਬੱਸ-ਸਟਾਪ ਤੋਂ ਗੁਰੂ ਗੁਣ ਗਾਉਂਦੇ ਗੁਰੂ ਨਾਨਕ ਨਿਵਾਸ ਦੇ ਕਮਰਾ ਨੰਬਰ ਪੰਜ ਵਿਚ ਪੁੱਜ ਕੇ ਜਥੇਦਾਰ ਕਾਲਾ ਸਿੰਘ, ਸੁਲਤਾਨਵਿੰਡ ਵਾਲੇ ਨੂੰ ਮਿਲੇ ਹਨ। ਉਸ ਕਮਰੇ ਵਿਚ ਜੋੜੇ ਉਤਾਰ, ਸ੍ਰੀ ਅੰਮ੍ਰਿਤਸਰ ਸਰੋਵਰ ਦੇ ਪਵਿੱਤਰ-ਕਰੇਰੇ ਇਸ਼ਨਾਨ ਕੀਤੇ ਹਨ। ਉਪਰੰਤ ਇਹ ਨਿੱਕੜੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਰਿਕਰਮਾ ਕਰਦੇ, ਸ਼ਸਤਰਾਂ ਦੇ ਦਰਸ਼ਨ ਵਿਚ ਸ਼ਹੀਦਾਂ ਦਾ ਧਿਆਨ ਧਰਦੇ, ਅਰਦਾਸ ਕਰਦੇ ਹਨ : “ਸਮਰੱਥ ਗੁਰਦੇਵ ! ਮੈਂ ਕੀਟ ਦੇ ਸਰੀਰ ਨੂੰ ਵੀ ਕੁਰਬਾਨੀ ਦਾ ਮੌਕਾ ਬਖ਼ਸ਼ ਕੇ ਸਫਲਾ ਕਰੋ। ਕੈਸੇ ਕੈਸੇ ਕਮਾਲ ਦੇ ਲਾਲ ਤੇਰੀ ਸ਼ਾਨ ਦੀ ਖ਼ਾਤਰ ਖੰਨੀਏ ਖੰਨੀਏ ਹੋ ਗਏ।”

ਤਖ਼ਤੋਂ ਉਤਰ ਕੇ ਨਿਸ਼ਾਨ ਸਾਹਿਬਾਨ ਦੀ ਪਰਿਕਰਮਾ ਕੀਤੀ ਤੇ ਫਿਰ ਇਹ ਬਿਨ ਜੱਥਿਓਂ ਜਥੇਦਾਰ ਹੁਕਮਨਾਮੇ ਦੀਆਂ ਤੁਕਾਂ ਪੜ੍ਹਦੇ ਹਨ! ਕੀ ਹਨ—ਇਹ ਤੁਕਾਂ ?

www.AKJ.Org

**ਕਾਇਆ ਕਾਗਦੁ ਮਨੁ ਪਰਵਾਣਾ॥**
**ਸਿਰ ਕੇ ਲੇਖ ਨ ਪੜੈ ਇਆਣਾ॥**

*(ਧਨਾਸਰੀ ਮ: ੧, ਪੰਨਾ 662)*

ਬਸ ਫਿਰ ਕੀ ਸੀ ? ਬਾਬਾ ਬੁੱਢਾ ਜੀ ਵਾਂਗ ਇਹ ਉਮਰੋਂ ਇਆਣਾ ਤੇ ਅੰਦਰੋਂ ਸਿਆਣਾ ਬਾਲਕ ਬਾਬਾ ਜੀ ਦੀ ਬੇਰੀ ਵੱਲੋਂ ਹੋ ਕੇ ਸਰਾਂ ਦੇ ਬਾਹਰਲੇ ਸਿੰਘ ਦੁਆਰ ਅੱਗੇ ਪਹੁੰਚਦੇ ਹਨ, ਸਾਹਮਣੇ ਹਰਿ ਕੀ ਪੌੜੀ ਨਜ਼ਰ ਆਉਂਦੀ ਹੈ, ਸਿਰ ਨਿਵਾਉਂਦੇ ਹੋਏ ਆਪਣੀ ਅਰਦਾਸ ਦੁਹਰਾਉਂਦੇ ਹਨ। ਇਥੇ ਇਕ ਗੁਰਮੁਖ ਪਿਆਰੇ ਇਸ ਭਾਵ ਦੇ ਸ਼ਬਦ ਕਹਿੰਦੇ ਹਨ: "ਗੁਰੂ ਕੇ ਸਿੰਘਾ, ਅੱਜ ਕੁਰਬਾਨੀ ਦਾ ਮੌਕਾ ਹੈ। ਗੁਰੂ ਨੂੰ ਸੀਸ ਦੀ ਲੋੜ ਹੈ। ਗੁਰੂ ਸ਼ਾਨ ਦੇ ਵਿਰੁੱਧ ਬਕਬਾਦ ਬੰਦ ਕਰਾਉਣ ਲਈ ਸਿੰਘਾਂ ਨੇ ਚੜ੍ਹਾਈਆਂ ਕੀਤੀਆਂ ਹਨ, ਸੋ ਤੁਸੀਂ ਵੀ ਸ਼ਾਮਲ ਹੋ ਜਾਓ।"

ਸਿੰਘ ਨੂੰ ਤਾਂ ਲਾਲੀਆਂ ਚੜ੍ਹ ਜਾਂਦੀਆਂ ਹਨ।

**ਤਨੁ ਮਨੁ ਧਨੁ ਅਰਪੀ ਸਭੋ ਸਗਲ ਵਾਰੀਐ ਇਹ ਜਿੰਦੁ॥**

*(ਸਿਰੀਰਾਗੁ ਮ: ੫, ਪੰਨਾ 47)*

ਗੁਰੂ ਪਿਆਰ ਵਾਲੀਆਂ ਫ਼ੌਜਾਂ ਵਿਚ ਸ਼ਾਮਲ ਹੋ ਕੇ ਪੇਸ਼ ਪੇਸ਼ ਜਾ ਰਿਹਾ ਹੈ ਗੁਰੂ ਕਾ ਲਾਲ। ਤੁਰਨ ਲੱਗਿਆਂ ਕਹਿੰਦੇ ਨੇ, ਪਿਆਸ ਬੁਝਾਉਣ ਲਈ ਪਾਣੀ ਪੀਣ ਲੱਗਦਾ ਹੈ, ਜਿਸ ਗਲਾਸ ਨੂੰ ਹੱਥ ਪਾਇਆ ਹੈ, ਉਸੇ ਨੂੰ ਕਿਸੇ ਹੋਰ ਸਿੰਘ ਨੇ ਉਚੱਕ ਲਿਆ ਹੈ। ਬਸ ਫਿਰ ਜਲ ਵੱਲ ਨਹੀਂ ਤੱਕਿਆ, ਪ੍ਰਸ਼ਾਦਾ ਵੀ ਨਹੀਂ ਛਕਿਆ, ਨਿਵਾਸ ਵੱਲ ਮੂੰਹ ਨਹੀਂ ਕੀਤਾ, ਪੈਰੀਂ ਜੋੜਾ ਨਹੀਂ ਲੀਤਾ ਤੇ ਅਗਾਂਹ ਕੂ ਤ੍ਰਾਂਘਿ ਸ਼ਹੀਦੀ ਜਾਮ ਜਾ ਪੀਤਾ। ਸ਼ਹੀਦੀ ਲਾੜ੍ਹੀ ਵਰਨ ਲਈ ਅਗਾੜੀ ਜਾ ਰਹੇ ਦੂਲਹੇ ਦਾ ਗੋਲੀਆਂ ਨੇ ਸਵਾਗਤ ਕੀਤਾ, ਆਪਣੀ ਬਰਾਤ ਵੱਲ ਝਾਤ ਪਾਉਂਦਾ, ਫ਼ਤਹਿ ਗਜਾਉਂਦਾ, ਗੁਰਜੋਤਿ ਦਾ ਪ੍ਰਵਾਨਾ, ਪ੍ਰਵਾਣ ਹੋ ਸਦੀਵੀ ਚਾਨਣ-ਮੁਨਾਰਾ ਬਣ ਕੇ ਸਮਾ ਗਿਆ।

www.AKJ.Org




ਭਾਈ ਗੁਰਦਿਆਲ ਸਿੰਘ ਮੋਦੇ

www.AKJ.Org

# ਸ਼ਹੀਦ ਭਾਈ ਗੁਰਦਿਆਲ ਸਿੰਘ ਮੋਦੇ

*—ਗੁਰਪੁਰਵਾਸੀ ਮਾਸਟਰ ਜਸਵੰਤ ਸਿੰਘ ਜੀ*

ਉਮਰ — 32 ਸਾਲ
ਪਿਤਾ — ਭਾਈ ਸੋਹਣ ਸਿੰਘ ਜੀ
ਪਿੰਡ — ਮੋਦੇ (ਨੇੜੇ ਅਟਾਰੀ), ਜ਼ਿਲ੍ਹਾ ਅੰਮ੍ਰਿਤਸਰ
ਸਿੰਘਣੀ — ਬੀਬੀ ਜਗੀਰ ਕੌਰ, ਉਮਰ 29 ਸਾਲ
ਬੱਚੇ — ਕੰਵਰਜੀਤ ਸਿੰਘ 7 ਸਾਲ, ਚਰਨਜੀਤ ਸਿੰਘ ਸਾਢੇ ਪੰਜ ਸਾਲ, ਸੁਖਰਾਜ ਕੌਰ 3 ਸਾਲ, ਕਰਮਜੀਤ ਸਿੰਘ ਡੇਢ ਸਾਲ
ਜਾਇਦਾਦ— ਕੇਵਲ ਦੋ ਕਿੱਲੇ ਜ਼ਮੀਨ

ਵੈਸਾਖੀ ਵਾਲੇ ਤਾਜ਼ਾ ਸਾਕੇ ਵਿਚ ਸ਼ਹੀਦੀ ਪਾਉਣ ਵਾਲੇ ਤੇਰ੍ਹਾਂ ਸਿੰਘਾਂ ਵਿੱਚੋਂ ਭਾਈ ਗੁਰਦਿਆਲ ਸਿੰਘ ਜੀ ਪਿੰਡ ਮੋਦੇ ਇਕ ਕਮਾਲ ਦੀ ਰੂਹ ਸੀ। ਪਿਉ ਦਾਦੇ ਦੇ ਪਰਿਵਾਰ ਵਿਚ ਕੋਈ ਤਿਆਰ-ਬਰ-ਤਿਆਰ ਸਿੰਘ ਸਰਦਾਰ ਨਹੀਂ ਸੀ, ਸਗੋਂ ਉਲਟ ਪ੍ਰਭਾਵ ਵਾਲਾ ਵਾਤਾਵਰਣ ਸੀ। ਕੱਲਰ ਵਿਚ ਕੰਵਲ ਆਣ ਉਗਵਿਆ। ਜਨਮ ਤੋਂ ਹੀ ਭਲੇ ਪਾਸੇ ਰੁਚੀ ਤਾਂ ਜ਼ਰੂਰ ਸੀ, ਪਰ ਗੁਰਮਤਿ ਸਿਧਾਂਤਾਂ ਵਾਲੀ ਸੇਧ ਸਹਿਜੇ ਸਹਿਜੇ ਇਖ਼ਤਿਆਰ ਕੀਤੀ। ਕੋਈ ਬੱਤੀ ਵਰ੍ਹੇ ਦੀ ਆਯੂ ਸੀ, ਉਸ ਵੇਲੇ ਇਸ ਵੀਰ ਦੀ। ਬੜੀ ਗੰਭੀਰ, ਧੀਰ ਭਰਪੂਰ ਮੂਰਤ ਸੀ। ਦਸ ਜਮਾਤਾਂ ਅਟਾਰੀ ਦੇ ਸਰਕਾਰੀ ਸਕੂਲ ਤੋਂ ਪਾਸ ਕੀਤੀਆਂ। ਘਰ ਦੇ ਕੰਮ-ਕਾਰ ਖੇਤੀਬਾੜੀ ਵਿਚ ਵਾਹ ਲੱਗੇ ਅਨੁਸਾਰ ਸਹਾਇਤਾ ਕਰਨ ਲੱਗੇ। ਗਿਆਨੀ ਪਾਸ ਕਰਨ ਦਾ ਵਿਚਾਰ ਬਣਾ ਕੇ ਸ੍ਰੀ ਅੰਮ੍ਰਿਤਸਰ ਵਿਚ ਦੋ-ਚਾਰ ਮਹੀਨੇ ਰਹਿ ਕੇ ਪੜ੍ਹਾਈ ਕੀਤੀ। ਫ਼ਾਲਤੂ ਵਿਚਾਰਾਂ ਵਿਚ ਦਿਲਚਸਪੀ ਨਾ ਪੈਦਾ ਹੋਈ, ਇਸ ਲਈ ਪਰੀਖਿਆ ਵਿੱਚੋਂ ਰਹਿ ਗਏ। ਹੁਣ ਹੋਰ ਪੜ੍ਹਾਈ ਵੱਲੋਂ ਰੁਚੀ ਰੋਕ ਕੇ ਕੇਵਲ ਗੁਰਮਤਿ ਪੜ੍ਹਾਈ ਕਰਨ ਵਾਲੀ ਨੀਅਤ ਧਾਰ ਲਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦਾ ਅਭਿਆਸ ਕਰਨ ਲੱਗੇ। ਸ਼ੁਰੂ ਤੋਂ ਹੀ ਪਾਠ ਲੜੀਦਾਰ ਬੀੜ ਤੋਂ ਹੀ ਕਰਦੇ ਸਨ। ਸਹਿਜੇ ਸਹਿਜੇ ਅਖੰਡ ਪਾਠ ਕਰਨ ਲੱਗੇ। ਆਲੇ-ਦੁਆਲੇ ਦੂਰ-ਨੇੜੇ ਪਾਠ ਵਿਚ ਸੇਵਾ ਕਰਦੇ ਤਾਂ ਪ੍ਰੇਮੀ ਹੋ ਕੇ ਪ੍ਰੇਮ ਨਾਲ ਹੀ ਸੇਵਾ ਕਰਦੇ ਸਨ ਅਤੇ ਭੇਟਾ ਨਹੀਂ ਸਨ ਲੈਂਦੇ।

ਪਰਮਾਰਥਕ ਪੱਖ ਪਰਪੱਕ ਹੋਣ ਲੱਗਿਆ। ਮਹਿਤੇ ਜਾਂ ਹੋਰ ਥਾਵਾਂ ’ਤੇ ਸਤਿਸੰਗ ਦੀ ਖ਼ਾਤਰ ਜਾਂਦੇ ਰਹਿੰਦੇ ਸਨ। ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਪਰਸਨ ਵੀ ਲੋਚ ਕੇ ਕਰਦੇ ਸਨ।

ਅੰਮ੍ਰਿਤ ਪਾਨ ਭਿੰਡਰਾਂਵਾਲੇ ਜਥੇ ਤੋਂ ਸੰਨ 1976 ਦੇ ਕੱਤਕ ਦੇ ਆਖ਼ਰੀ ਦਿਨਾਂ

www.AKJ.Org

ਵਿਚ ਹੋਏ ਅੰਮ੍ਰਿਤ ਸੰਚਾਰ ਸਮਾਗਮ ਵਿਚ ਕੀਤਾ। ਸਿੰਘਣੀ ਉਸ ਸਮੇਂ ਜਹਾਜ਼ੇ ਚੜ੍ਹਨ ਵਿਚ ਰਜ਼ਾਮੰਦ ਨਹੀਂ ਹੋਈ। ਅਖ਼ੀਰ ਉਹ ਭੀ ਆਉਂਦੇ ਹਾੜ ਵਿਚ ਅੰਮ੍ਰਿਤ ਛਕ ਕੇ ਆਪ ਦੀ ਹਮਸਫ਼ਰ ਹੋ ਗਈ। ਅੰਮ੍ਰਿਤ ਪਾਨ ਕਰਨ ਪਿੱਛੋਂ ਅੰਮ੍ਰਿਤ ਵੇਲਾ ਬਾਕਾਇਦਗੀ ਨਾਲ ਸੰਭਾਲਦੇ ਸਨ। ਪੰਜਾਂ ਬਾਣੀਆਂ ਦਾ ਨਿਤਨੇਮ ਤਾਂ ਕਰਨਾ ਹੀ ਸੀ, ਸ੍ਰੀ ਸੁਖਮਨੀ ਸਾਹਿਬ ਦਾ ਪਾਠ ਵੀ ਚਾਲੂ ਰੱਖਦੇ ਸਨ। ਇਸ ਤੋਂ ਬਿਨਾਂ ਧਾਰਮਿਕ ਪੁਸਤਕਾਂ ਦਾ ਅਧਿਐਨ ਕਰਦੇ ਰਹਿੰਦੇ ਸਨ ਤੇ ਇਹ ਪੁਸਤਕਾਂ ਸੱਜਣਾਂ ਮਿੱਤਰਾਂ ਪਾਸੋਂ ਲੋਚ ਲੋਚ ਕੇ ਲਿਆਉਂਦੇ ਸਨ। ਸ਼ਹੀਦੀ ਸਮੇਂ *ਗੁਰਮਤਿ ਨਿਰਣਯ ਭੰਡਾਰ* ਪੁਸਤਕ ਦਾ ਵਿਚਾਰ ਸਹਿਤ ਪਾਠ ਕਰ ਰਹੇ ਸਨ।

ਇਨ੍ਹਾਂ ਦੀ ਪ੍ਰੇਰਨਾ ਨਾਲ ਪਿੰਡ ਵਿਚ ਕਈ ਹੋਰ ਸਿੰਘਾਂ ਨੇ ਅੰਮ੍ਰਿਤ ਛਕਿਆ। ਪਿੰਡ ਦੇ ਗੁਰਦੁਆਰੇ ਦੇ ਪ੍ਰਬੰਧ ਵਿਚ ਤੇ ਹੋਰ ਧਾਰਮਿਕ ਖੇਤਰਾਂ ਵਿਚ ਇਹ ਮੁਖੀ ਜਾਂ ਪ੍ਰਧਾਨ ਸਨ। ਸਾਰੇ ਇਨ੍ਹਾਂ ਦੀ ਸਲਾਹ ਮੰਨ ਕੇ ਚੱਲਦੇ ਸਨ। ਸੁਭਾਅ ਵਿਚ ਕਾਹਲੀ, ਖਿੱਝ ਤੇ ਕ੍ਰੋਧ ਦਾ ਲੇਸ ਨਹੀਂ ਸੀ। "ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ" ਵਾਲੀ ਸੋਹਣੀ ਲੀਹ ਪਾ ਕੇ ਵਿਖਾਈ ਹੈ, ਇਨ੍ਹਾਂ ਨੇ। ਭਰਾਵਾਂ ਨਾਲ, ਗੁਰਮਤਿ ਆਸ਼ੇ ਅਨੁਸਾਰ ਨਾ ਬਣ ਸਕਣ ਦੇ ਕਾਰਨ ਆਪਣੇ ਹਿੱਸੇ ਦੀ ਦੋ ਕੁ ਕਿੱਲੇ ਜ਼ਮੀਨ ਲੈ ਕੇ ਆਪਣੀ ਨਿਵੇਕਲੀ ਹਵੇਲੀ ਬਣਾ ਕੇ ਅੱਡਰੀ ਹੀ ਵਾਹੀ ਕਰਨ ਲੱਗੇ। ਪਿੰਡ ਤੋਂ ਅਲੱਗ-ਥਲੱਗ ਇਨ੍ਹਾਂ ਦਾ ਨਿਵਾਸ ਅਸਥਾਨ, ਕਿਸੇ ਯਾਤਰੂ ਉਪਰ ਇਕ ਤੀਰਥ ਅਸਥਾਨ ਵਾਲਾ ਮਹਾਨ ਤੇ ਸ਼ਾਂਤ ਪ੍ਰਭਾਵ ਪਾਉਂਦਾ।

ਵੈਸਾਖੀ ਤੋਂ ਪਹਿਲੇ ਦਿਨ ਸ੍ਰੀ ਅੰਮ੍ਰਿਤਸਰ ਜਾਂਦੇ ਹਨ। ਮਨ ਵਿਚ ਪਿਆਸ ਗੁਰੂ ਦਰਬਾਰ ਦੇ ਦਰਸ਼ਨ-ਪਰਸਨ, ਅੰਮ੍ਰਿਤ ਸਰੋਵਰ ਦੇ ਇਸ਼ਨਾਨ ਤੇ ਜੱਥੇ ਦੇ ਆਗੂ ਸੰਤ ਜਰਨੈਲ ਸਿੰਘ ਨੂੰ ਮਿਲਣ ਦੀ ਤੀਬਰ ਹੈ। ਵੈਸਾਖੀ ਵਾਲੇ ਪੁਰਬ ਦੇ ਦਰਸ਼ਨ-ਇਸ਼ਨਾਨ ਤੇ ਨਿਤਨੇਮ ਪਿੱਛੋਂ ਮੰਜੀ ਸਾਹਿਬ ਦੇ ਦੀਵਾਨ ਵਿਚ ਹਾਜ਼ਰੀ ਭਰ ਰਹੇ ਹਨ। ਸੰਤ ਜਰਨੈਲ ਸਿੰਘ ਜੀ ਨੇ ਪੰਜਾਬ ਦੇ ਮਾਲ ਮੰਤਰੀ ਨੂੰ ਸੰਤ ਨਿਰੰਕਾਰੀ ਮੰਡਲ ਵੱਲੋਂ ਗੁਰੂ ਘਰ ਦੀ ਹੋ ਰਹੀ ਹੇਠੀ ਨੂੰ ਰੋਕਣ ਦਾ ਉਪਰਾਲਾ ਕਰਨ ਲਈ ਕਿਹਾ, ਪਰ ਤਸੱਲੀ ਨਹੀਂ ਹੋਈ। ਸੰਤ ਜੀ ਆਪਣੇ ਨਿਵਾਸ ਅਸਥਾਨ, ਜੋ ਇਸ ਵੇਲੇ ਸਰਾਂ ਦਾ ਇਕ ਹਾਲ ਕਮਰਾ ਸੀ, 'ਤੇ ਆਉਂਦੇ ਹਨ। ਅਖੰਡ ਕੀਰਤਨੀ ਜਥੇ ਤੇ ਭਿੰਡਰਾਂ ਵਾਲੇ ਜਥੇ ਦੇ ਕੁਝ ਸਿੰਘ ਵਿਰੋਧੀਆਂ ਵੱਲੋਂ ਹੋ ਰਹੇ ਖੁੱਲ੍ਹਮ-ਖੁੱਲ੍ਹਾ ਗੁਰੂ ਘਰ ਦੀ ਨਿੰਦਾ-ਪ੍ਰਚਾਰ ਵਾਲੇ ਸਮਾਗਮ ਨੂੰ ਸ਼ਾਂਤਮਈ ਢੰਗ ਨਾਲ ਰੋਕਣ ਲਈ ਪ੍ਰੋਗਰਾਮ ਬਣਾਉਂਦੇ ਹਨ। ਇਹ ਦਿਲਾਵਰ ਵੀਰ ਆਪਣੀ ਰੋਜ਼ਾਨਾ ਅਰਦਾਸ ਵਿਚ ਸਤਿਗੁਰੂ ਅੱਗੇ ਇਸ ਤਰ੍ਹਾਂ ਦੀ ਮੰਗ ਕਰਿਆ ਕਰਦੇ ਸਨ : "ਤੇਰੇ ਚਰਨਾਂ ਵਿਚ ਹੀ ਮੇਰਾ ਸੀਸ ਲੱਗੇ।"


ਇਹ ਬਾਂਕੇ ਸੂਰਬੀਰ ਵੀ ਆਪਣੇ ਬਚਨਾਂ 'ਤੇ ਪੂਰਾ ਪਹਿਰਾ ਦਿੰਦੇ ਹੋਏ ਮਨ, ਬਚ, ਕਰਮ ਦੀ ਪੂਰੀ ਏਕਤਾ ਦਰਸਾ ਗਏ ਹਨ। ਮਨ, ਬਚ, ਕਰਮ ਦੀ ਏਕਤਾ ਦੇ ਕੈਸੇ ਸੋਹਣੇ ਤੇ ਸਹੀ ਪੂਰਨੇ ਪਾਏ ਹਨ। ਆਪਣੇ ਪਿੱਛੇ ਆਪਣੀ ਪਤਨੀ ਤੋਂ ਇਲਾਵਾ ਤਿੰਨ ਬੱਚੇ ਜਿਨ੍ਹਾਂ ਦੀ ਉਮਰ ਤਰਤੀਬਵਾਰ 7 ਸਾਲ, ਸਾਢੇ ਪੰਜ ਸਾਲ ਤੇ ਡੇਢ ਕੁ

www.AKJ.Org

ਸਾਲ ਦੀ ਸੀ ਅਤੇ ਇਕ ਤਿੰਨ ਕੁ ਸਾਲ ਦੀ ਬੱਚੀ ਛੱਡ ਗਏ। ਧੰਨ ਹਨ ਐਸੇ ਅਨਿੰਨ ਸਿੱਖ ਸੂਰਮੇ, ਜਿਨ੍ਹਾਂ ਨੇ ਮਾਸੂਮ ਬਾਲਾਂ ਤੇ ਬਾਲਾਂ ਦੀ ਮਾਤਾ ਦਾ ਮੋਹ-ਮਈ ਜਾਲ ਚੂਰ-ਚੂਰ ਕੀਤਾ ਤੇ ਗੁਰੂ ਪੰਥ ਖ਼ਾਤਰ ਆਪਣਾ ਸਰੀਰ ਲੇਖੇ ਲਾ ਦਿੱਤਾ।

ਐਸੇ ਮਹਾਨ ਸ਼ਹੀਦਾਂ ਦਾ ਖ਼ੂਨ ਸਾਡੇ ਵਿਚ ਜਾਨ ਪਾਵੇ ਤੇ ਅਸੀਂ ਅਣਖ ਆਨ ਵਾਲਾ ਜੀਵਨ ਬਤੀਤ ਕਰੀਏ।

www.AKJ.Org




ਭਾਈ ਦਰਸ਼ਨ ਸਿੰਘ ਜੀ, ਮਹਿਤਾ

www.AKJ.Org

# ਸ਼ਹੀਦ ਬਾਬਾ ਦਰਸ਼ਨ ਸਿੰਘ ਜੀ, ਮਹਿਤਾ

*—ਭਾਈ ਅਮਰੀਕ ਸਿੰਘ ਜੀ, ਮਹਿਤਾ*

ਬਾਬਾ ਦਰਸ਼ਨ ਸਿੰਘ ਜੀ ਦਾ ਜਨਮ ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਨਵਾਂ ਵੈਰੋਨੰਗਲ ਵਿਖੇ ਸ. ਅੱਛਰ ਸਿੰਘ ਦੇ ਗ੍ਰਹਿ ਵਿਖੇ ਹੋਇਆ। ਸ਼ਹੀਦੀ ਸਮੇਂ ਆਪ ਜੀ ਦੀ ਉਮਰ 65 ਤੇ 70 ਸਾਲ ਦੇ ਦਰਮਿਆਨ ਸੀ। ਬਚਪਨ ਤੋਂ ਹੀ ਆਪ ਦੀਆਂ ਰੁਚੀਆਂ ਧਾਰਮਿਕ ਸਨ। ਆਪ ਦੇ ਮਾਤਾ ਪਿਤਾ ਅੰਮ੍ਰਿਤਧਾਰੀ ਸਨ ਅਤੇ ਆਪ ਨੇ ਵੀ ਦਸ ਸਾਲ ਦੀ ਉਮਰ ਵਿਚ ਅੰਮ੍ਰਿਤ ਛਕ ਲਿਆ। ਚਾਹੇ ਆਪ ਨੇ ਸਕੂਲੀ ਵਿੱਦਿਆ ਤਾਂ ਕੋਈ ਖ਼ਾਸ ਨਹੀਂ ਪ੍ਰਾਪਤ ਕੀਤੀ, ਪਰ ਆਪ ਜੀ ਗੁਰਮਤਿ ਵਿੱਦਿਆ ਵਿਚ ਪ੍ਰਬੀਨ ਸਨ। ਆਪ ਜੀ ਨਿਤਨੇਮੀ ਤੇ ਤਕੜੇ ਅਖੰਡ ਪਾਠੀ ਸਨ। ਪੰਜਾਂ ਬਾਣੀਆਂ ਤੋਂ ਇਲਾਵਾ ਆਸਾ ਕੀ ਵਾਰ ਅਤੇ ਸੁਖਮਨੀ ਸਾਹਿਬ ਵੀ ਆਪ ਦਾ ਨਿਤਨੇਮ ਸੀ। ਆਪ ਨੇ ਸਾਰੀ ਉਮਰ ਸ਼ਾਦੀ ਨਹੀਂ ਕਰਾਈ।

ਆਪ ਜੀ ਚੇਲੇਆਣੇ ਸਾਹਿਬ ਵੀਹ ਸਾਲ ਰਹੇ ਅਤੇ ਉਥੋਂ ਦੇ ਸ਼ਹੀਦੀ ਸਾਕੇ ਵਿਚ ਆਪ ਸ਼ਾਮਲ ਸਨ। ਚੇਲੇਆਣੇ ਸਾਕੇ ਵਿਚ 'ਸੁਤੰਤਰਤਾ ਸੰਗਰਾਮੀ' ਪੈਨਸ਼ਨ, ਦੋ ਸੌ ਰੁਪੈ ਮਹੀਨੇ ਇਨ੍ਹਾਂ ਨੂੰ ਮਿਲਦੀ ਰਹੀ। ਇਸ ਸਾਕੇ ਤੋਂ ਬਾਅਦ ਸ਼ਹੀਦ ਸਿੰਘਾਂ ਨਮਿਤ ਇਸ ਅਸਥਾਨ 'ਤੇ 101 ਸ੍ਰੀ ਅਖੰਡ ਪਾਠਾਂ ਵਿਚ ਇਹ ਸੇਵਾ ਕਰਦੇ ਰਹੇ। ਉਪਰੰਤ 202 ਸ੍ਰੀ ਅਖੰਡ ਪਾਠ ਇਨ੍ਹਾਂ ਸ਼ਹੀਦ ਸਿੰਘਾਂ ਨਮਿਤ ਪਿੰਡ ਕਾਲੇਕੇ ਰੱਖੇ ਗਏ। ਆਪ ਜੀ ਡੇਢ ਕੁ ਸਾਲ ਉਥੇ ਰਹਿ ਕੇ ਅਖੰਡ ਪਾਠਾਂ ਦੀ ਸੇਵਾ ਕਰਦੇ ਰਹੇ।

ਉਪਰੰਤ ਆਪ ਜੀ ਵੈਰੋਨੰਗਲ ਵਿਚ ਛੇਵੇਂ ਪਾਤਸ਼ਾਹ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਗੁਰੂਆਣਾ ਸਾਹਿਬ ਵਿਖੇ ਆ ਟਿਕੇ। ਇਥੇ ਆਪ ਜੀ ਨੇ ਗ੍ਰੰਥੀ ਰਹਿ ਕੇ ਬੜੀ ਸੇਵਾ ਕੀਤੀ ਅਤੇ ਕਈਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਿਖਾ ਕੇ ਅਖੰਡ ਪਾਠੀ ਬਣਾਇਆ। ਗੁਰਦੁਆਰਾ ਸਾਹਿਬ ਦੀ ਜ਼ਮੀਨ ਦੀ ਸੰਭਾਲ ਕਰਦਿਆਂ ਹੋਇਆਂ ਇਕ ਅੰਬਾਂ ਦਾ ਬਾਗ਼ ਲਾਇਆ। ਆਪ ਬਿਬੇਕ ਦਾ ਪ੍ਰਸ਼ਾਦਾ ਆਪਣੇ ਹੱਥੀਂ ਤਿਆਰ ਕਰ ਕੇ ਛਕਦੇ ਰਹੇ। ਆਪ ਸਰਬਲੋਹ ਦਾ ਸਿਮਰਨਾ ਸਦਾ ਹੱਥ ਵਿਚ ਰੱਖਦੇ ਸਨ।

ਨੌਂ-ਦਸ ਸਾਲ ਗੁਰਦੁਆਰਾ ਗੁਰੂਆਣਾ ਸਾਹਿਬ ਵਿਖੇ ਸੇਵਾ ਕਰ ਕੇ ਆਪ ਜੀ ਡੇਰਾ ਮਹਿਤਾ ਵਿਖੇ ਆ ਟਿਕੇ। ਇਥੇ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਨੇ ਆਪ ਨੂੰ ਡੇਰੇ ਦੀ ਜ਼ਮੀਨ ਦਾ ਜਥੇਦਾਰ ਥਾਪ ਦਿੱਤਾ। ਆਪ ਜੀ ਤਨ ਮਨ ਤੇ ਧਨ ਨਾਲ ਇਹ ਸੇਵਾ ਆਖ਼ਰੀ ਦਮ ਤਕ ਨਿਭਾਉਂਦੇ ਰਹੇ। ਵਾਹੀ ਦਾ ਕੰਮ ਬੜੀ ਲਗਨ ਨਾਲ

ਕਰਦੇ ਸਨ ਅਤੇ ਆਪਣਾ ਡੇਰਾ ਬਾਹਰ ਬੰਬੀ ਉੱਤੇ ਹੀ ਰੱਖਦੇ ਸਨ ਅਤੇ ਆਪ ਜੀ ਆਪਣੀ ਪੈਨਸ਼ਨ ਡੇਰੇ ਨੂੰ ਦੇ ਦੇਂਦੇ ਸਨ।

ਭਿੰਡਰਾਂਵਾਲੇ ਜਥੇ ਨਾਲ ਇਹ ਵੀ ਵੈਸਾਖੀ ਪੁਰਬ 'ਤੇ ਸ੍ਰੀ ਅੰਮ੍ਰਿਤਸਰ ਪੁੱਜੇ ਹੋਏ ਸਨ। ਵੈਸਾਖੀ ਵਾਲੇ ਦਿਨ ਗੁਰੂ ਨਿੰਦਕਾਂ ਦਾ ਵਿਰੋਧ ਕਰਨ ਗਏ ਸਿੰਘਾਂ ਦੇ ਜਥੇ ਵਿਚ ਵਡੇਰੀ ਆਯੂ ਦੇ ਬਾਵਜੂਦ ਵੀ ਆਪ ਸ਼ਾਮਲ ਹੋਏ ਅਤੇ ਦੁਸ਼ਟਾਂ ਨਿੰਦਕਾਂ ਵੱਲੋਂ ਕੀਤੇ ਹਮਲੇ ਵਿਚ ਬਾਕੀ ਸ਼ਹੀਦ ਸਿੰਘਾਂ ਦੇ ਨਾਲ ਸ਼ਹਾਦਤ ਦਾ ਜਾਮ ਪੀ ਗਏ।

www.AKJ.Org

# ਸਾਕਾ ਵਰਤਣ ਦੇ ਪਿੱਛੋਂ ਦਾ ਘਟਨਾਕ੍ਰਮ

*—ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ*

ਅਖੰਡ ਕੀਰਤਨੀ ਜਥੇ ਵੱਲੋਂ ਅਜੀਤ ਨਗਰ ਵਿਖੇ ਚੱਲ ਰਹੇ ਦਿਵਸ ਸੁਹੇਲਾ ਕੀਰਤਨ ਦੀ ਸ੍ਰੀ ਆਸਾ ਕੀ ਵਾਰ ਦੇ ਕੀਰਤਨ ਦੀ ਸੰਪੂਰਨਤਾ ਤੋਂ ਬਾਅਦ ਜਲਦੀ ਹੀ ਸਮਾਪਤੀ ਕਰ ਦਿੱਤੀ ਗਈ, ਕਿਉਂਕਿ ਸਿੰਘਾਂ ਦੇ ਜਾਣ ਤੋਂ ਬਾਅਦ ਬਾਕੀ ਸੰਗਤਾਂ ਵਿਚ ਬੇਚੈਨੀ ਪੈਦਾ ਹੋ ਚੁੱਕੀ ਸੀ। ਸੰਗਤਾਂ ਲੰਗਰ ਪਾਣੀ ਛਕ ਕੇ ਆਪਣੇ ਰਿਹਾਇਸ਼ੀ ਟਿਕਾਣਿਆਂ 'ਤੇ ਪੁੱਜ ਕੇ ਸਿੰਘਾਂ ਦੀ ਚੜ੍ਹਦੀ ਕਲਾ ਲਈ ਨਾਮ ਬਾਣੀ ਦਾ ਆਸਰਾ ਲੈ ਰਹੀਆਂ ਸਨ। ਉਦੋਂ ਮੋਬਾਈਲ ਫ਼ੋਨ ਤਾਂ ਹੁੰਦੇ ਨਹੀਂ ਸਨ, ਕੇਵਲ ਦਸਤੀ ਸੁਨੇਹੇ ਦੀ ਹੀ ਸਹੂਲਤ ਸੀ। ਇਕ ਵਜੇ ਦੇ ਕਰੀਬ ਸਭ ਤੋਂ ਪਹਿਲਾਂ ਭਾਈ ਅਮੋਲਕ ਸਿੰਘ ਜੀ ਆਸਟ੍ਰੇਲੀਆ, ਜੋ ਕਿ ਇਸ ਸਾਕੇ ਵਿਚ ਸਖ਼ਤ ਜ਼ਖ਼ਮੀ ਹੋਏ ਸਨ, ਦੇ ਸ਼ਹੀਦ ਹੋਣ ਦੀ ਅਫ਼ਵਾਹ ਪੁੱਜੀ ਤੇ ਨਾਲ ਹੀ ਭਾਈ ਧਰਮਬੀਰ ਸਿੰਘ ਸ਼ਹੀਦ ਨੂੰ ਵੀ ਭਾਈ ਕੇਸਰ ਸਿੰਘ ਤੇ ਭਾਈ ਤੇਜਿੰਦਰਪਾਲ ਸਿੰਘ ਦੂਲਾ ਜੀ, ਆਟੋ ਰਿਕਸ਼ਾ ਰਾਹੀਂ ਲੈ ਕੇ ਅਜੀਤ ਨਗਰ ਪਹੁੰਚ ਗਏ। ਕੁਝ ਸਿਆਣੇ ਬੰਦਿਆਂ ਨੇ ਦੇਖਿਆ ਕਿ ਉਨ੍ਹਾਂ ਦੀ ਨਬਜ਼ ਅਜੇ ਚੱਲ ਰਹੀ ਹੈ, ਸੋ ਫਟਾਫਟ ਉਨ੍ਹਾਂ ਨੂੰ ਉਸੇ ਹੀ ਆਟੋ ਰਿਕਸ਼ਾ ਵਿਚ ਹਸਪਤਾਲ ਲੈ ਜਾਣ ਦੀ ਕੋਸ਼ਿਸ਼ ਕੀਤੀ ਗਈ ਪਰ ਉਹ ਰਸਤੇ ਵਿਚ ਹੀ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਸੰਗਤਾਂ ਇਕਦਮ ਸਾਕੇ ਵਾਲੀ ਜਗ੍ਹਾ ਜਾਂ ਹਸਪਤਾਲਾਂ ਨੂੰ ਭੱਜ ਪਈਆਂ, ਕਿਉਂਕਿ ਪੁਲਿਸ ਅਤੇ ਸਥਾਨਕ ਪ੍ਰਸ਼ਾਸਨ ਦੀ ਇਨ੍ਹਾਂ ਨਕਲੀ ਨਿਰੰਕਾਰੀਆਂ ਨਾਲ ਪਹਿਲਾਂ ਹੀ ਆਪਸੀ ਗੰਢ ਤਰੁੱਪ ਸੀ, ਇਸ ਕਰਕੇ ਜ਼ਖ਼ਮੀ ਸਿੰਘਾਂ ਤੇ ਚੜ੍ਹਾਈ ਕਰ ਗਏ ਸਿੰਘਾਂ ਦੀ ਦੇਖ-ਭਾਲ ਲਈ ਕੋਈ ਸੰਜੀਦਗੀ ਨਹੀਂ ਦਿਖਾਈ ਜਾ ਰਹੀ ਸੀ। ਸ਼ਹੀਦ ਹੋਏ ਸਿੰਘਾਂ ਤੇ ਗੰਭੀਰ ਜ਼ਖ਼ਮੀਆਂ ਨੂੰ ਇੱਕੋ ਹੀ ਟਰੱਕ ਵਿਚ ਪਾ ਕੇ ਮੁਰਦਾਘਰ ਜਾਂ ਹਸਪਤਾਲ ਵਿਚ ਪਹੁੰਚਾਉਣਾ ਸ਼ੁਰੂ ਕਰ ਦਿੱਤਾ ਗਿਆ। ਭਾਈ ਫ਼ੌਜਾ ਸਿੰਘ ਜੀ, ਜੋ ਗੰਭੀਰ ਜ਼ਖ਼ਮੀ ਹੋ ਚੁੱਕੇ ਸਨ, ਉਨ੍ਹਾਂ ਨੂੰ ਵੀ ਸ਼ਹੀਦ ਸਿੰਘਾਂ ਦੀਆਂ ਮ੍ਰਿਤਕ ਦੇਹਾਂ ਦੇ ਨਾਲ ਹੀ ਮੁਰਦਾਘਰ ਵਿਚ ਲਿਜਾਇਆ ਗਿਆ। ਉਥੇ ਹਾਜ਼ਰ ਕਰਮਚਾਰੀਆਂ ਵੱਲੋਂ ਉਨ੍ਹਾਂ ਦੇ ਜ਼ਿੰਦਾ ਹੋਣ ਬਾਰੇ ਦੇਖ ਕੇ ਉਨ੍ਹਾਂ ਦੇ ਸਰੀਰ ਨੂੰ ਲੈਣ ਤੋਂ ਨਾਂਹ ਕਰਨ 'ਤੇ ਫਿਰ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ, ਤਦ ਤਾਈਂ ਬਹੁਤ ਦੇਰ ਹੋ ਚੁੱਕੀ ਸੀ ਤੇ ਜ਼ਿਆਦਾ ਖ਼ੂਨ ਵਹਿਣ ਕਰਕੇ ਭਾਈ ਸਾਹਿਬ ਜੀ ਸ਼ਹਾਦਤ ਦਾ ਜਾਮ ਪੀ ਚੁੱਕੇ ਸਨ। ਹਸਪਤਾਲ ਵਿਚ ਵੀ ਜ਼ਖ਼ਮੀਆਂ ਦੇ ਇਲਾਜ ਲਈ ਨਾ ਹੀ ਮੰਜੇ ਤੇ ਨਾ ਹੀ ਦਵਾਈਆਂ ਦਾ ਯੋਗ ਪ੍ਰਬੰਧ ਸੀ। ਐਮਰਜੈਂਸੀ ਵਾਰਡ ਵਿਚ ਦੋਹਾਂ ਧਿਰਾਂ

ਦੇ ਕਈ ਕਈ ਜ਼ਖ਼ਮੀਆਂ ਨੂੰ ਇੱਕੋ ਹੀ ਮੰਜੇ 'ਤੇ ਲਿਟਾਇਆ ਹੋਇਆ ਸੀ। ਸੰਗਤਾਂ ਨੇ ਹਸਪਤਾਲ ਪਹੁੰਚ ਕੇ ਲੋੜਵੰਦਾਂ ਲਈ ਦਵਾਈਆਂ ਅਤੇ ਖ਼ੂਨ ਦਾ ਪ੍ਰਬੰਧ ਆਪਣੇ ਤੌਰ 'ਤੇ ਕੀਤਾ। ਦੂਜੇ ਪਾਸੇ ਨਕਲੀ ਨਿਰੰਕਾਰੀਆਂ ਨੇ ਆਪਣਾ ਜਲਸਾ ਜਾਰੀ ਰੱਖਿਆ। ਪੁਲਿਸ ਵੱਲੋਂ ਨਾ ਕੋਈ ਗ੍ਰਿਫ਼ਤਾਰੀ ਹੋਈ, ਨਾ ਹੀ ਕੋਈ ਤਲਾਸ਼ੀ ਲਈ ਗਈ। ਨਕਲੀ ਬਾਬੇ ਨੂੰ ਸਰਕਾਰੀ ਸਵਾਰੀ ਤੇ ਪੁਲਿਸ ਪ੍ਰਬੰਧ ਹੇਠ ਅੰਮ੍ਰਿਤਸਰ ਤੋਂ ਸੁਰੱਖਿਅਤ ਬਾਹਰ ਕੱਢਣ ਲਈ ਤੁਰੰਤ ਪ੍ਰਬੰਧ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਤੇ ਲੋਕਲ ਅਕਾਲੀ ਨੇਤਾ ਇਸ ਕਾਂਡ ਨੂੰ ਨਿਹੰਗਾਂ/ਅਖੰਡ ਕੀਰਤਨੀ ਜਥਾ/ਦਮਦਮੀ ਟਕਸਾਲ ਤੇ ਨਿਰੰਕਾਰੀਆਂ ਦਾ ਆਪਸੀ ਝਗੜਾ ਕਹਿ ਕੇ ਪੱਲਾ ਝਾੜਨ ਦੀ ਕੋਸ਼ਿਸ਼ ਕਰਦੇ ਰਹੇ ਅਤੇ ਕਾਰਵਾਈ ਕਰਨ ਵਿਚ ਢਿੱਲ ਦਿਖਾਉਂਦੇ ਰਹੇ। ਬਾਬਾ ਜਰਨੈਲ ਸਿੰਘ ਜੀ, ਜੋ ਇਸ ਸਾਕੇ ਤੋਂ ਬਾਅਦ ਬਹੁਤ ਗ਼ਮਗੀਨ ਅਤੇ ਰੋਹ ਵਿਚ ਸਨ, ਆਪਣੇ ਸਾਥੀਆਂ ਨਾਲ ਹਸਪਤਾਲ ਪਹੁੰਚ ਕੇ ਜ਼ਖ਼ਮੀ ਸਿੰਘਾਂ ਦੇ ਇਲਾਜ ਅਤੇ ਸੇਵਾ-ਸੰਭਾਲ ਅਤੇ ਸ਼ਹੀਦ ਹੋਏ ਸਿੰਘਾਂ ਦੀ ਸ਼ਨਾਖ਼ਤ ਵਿਚ ਜੁੱਟ ਗਏ। ਹਸਪਤਾਲ ਅਤੇ ਮੁਰਦਾਘਰ ਵਿਚ ਸੰਗਤਾਂ ਦਾ ਭਾਰੀ ਇਕੱਠ ਹੋ ਗਿਆ। ਸ਼ਹਿਰ ਵਿਚ ਡਰ, ਭੈ ਤੇ ਗ਼ਮਗੀਨਤਾ ਦਾ ਮਾਹੌਲ ਬਣ ਚੁੱਕਾ ਸੀ।

ਸ਼ਾਮ ਨੂੰ ਉਸ ਵੇਲੇ ਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਸ੍ਰੀ ਅੰਮ੍ਰਿਤਸਰ ਆਉਣ ਉਪਰੰਤ, ਉਨ੍ਹਾਂ ਵੱਲੋਂ ਪ੍ਰਸ਼ਾਸਨ ਤੇ ਪੁਲਿਸ ਨੂੰ ਕੀਤੀ ਤਾੜਨਾ ਕਰਕੇ ਹਾਲਾਤ ਕੁਝ ਸੁਧਰੇ, ਜਿਸ ਨਾਲ ਜ਼ਖ਼ਮੀਆਂ ਦਾ ਸਹੀ ਇਲਾਜ ਹੋਣਾ ਸ਼ੁਰੂ ਹੋਇਆ ਅਤੇ ਦੂਸਰੇ ਪਾਸੇ ਨਿਰੰਕਾਰੀ ਭਵਨ ਤੇ ਜਲਸੇ ਵਾਲੀ ਜਗ੍ਹਾ ਦੀ ਤਲਾਸ਼ੀ ਲਈ ਗਈ ਤੇ ਕੁਝ ਗ੍ਰਿਫ਼ਤਾਰੀਆਂ ਵੀ ਹੋਈਆਂ। ਵੱਡੀ ਮਾਤਰਾ ਵਿਚ ਨਾਜਾਇਜ਼ ਹਥਿਆਰ ਵੀ ਬਰਾਮਦ ਕੀਤੇ ਗਏ ਤੇ ਨਾਲ ਹੀ ਭਾਰਤੀ ਦੰਡਾਵਲੀ ਦੀਆਂ ਵੱਖ-ਵੱਖ ਧਾਰਾਵਾਂ ਅਧੀਨ ਮੁਕੱਦਮਾ ਵੀ ਦਰਜ ਕੀਤਾ ਗਿਆ। ਇਸ ਕਾਂਡ ਦੇ ਮੁੱਖ ਸਾਜ਼ਿਸ਼ਕਾਰ ਨਿਰੰਜਨ ਸਿੰਘ ਡੀ.ਸੀ., ਗੁਰਦਾਸਪੁਰ ਦਾ ਨਾਮ ਵੀ ਐੱਫ਼.ਆਈ.ਆਰ. ਵਿਚ ਦਰਜ ਕਰ ਕੇ ਉਸ ਨੂੰ ਤਫ਼ਤੀਸ਼ ਵਿਚ ਸ਼ਾਮਲ ਕੀਤਾ ਗਿਆ, ਪਰ ਬਾਅਦ ਵਿਚ ਇਹ ਸਭ ਕੁਝ ਸਿੱਖ ਸੰਗਤਾਂ ਦੇ ਅੱਖੀਂ ਘੱਟਾ ਪਾਉਣ ਵਾਲਾ ਹੀ ਸਾਬਤ ਹੋਇਆ।

ਇਸ ਸਮੇਂ ਦੀ ਇਕ ਹੋਰ ਘਟਨਾ ਵਰਣਨਯੋਗ ਹੈ। ਭਾਈ ਬੇਅੰਤ ਸਿੰਘ ਜੀ ਪਟਿਆਲਾ ਨਿਵਾਸੀ ਜੋ ਕਿ ਜਥੇਦਾਰ ਭਾਈ ਰਾਮ ਸਿੰਘ ਜੀ ਦੇ ਕਾਨ੍ਹਪੁਰ ਠਹਿਰਾਅ ਵੇਲੇ ਉਨ੍ਹਾਂ ਦੇ ਨਾਲ ਹੀ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਦੇ ਸਹਿਯੋਗੀ ਸਨ, ਨੂੰ ਕਿਸੇ ਬੀਮਾਰੀ ਕਾਰਨ ਆਪ੍ਰੇਸ਼ਨ ਕਰਾਉਣਾ ਪਿਆ ਅਤੇ ਉਨ੍ਹਾਂ ਨੇ ਪੰਜਾਂ ਦੇ ਪੇਸ਼ ਹੋ ਕੇ ਭੁੱਲ ਬਖ਼ਸ਼ਾਉਣੀ ਸੀ, ਜਿਸ ਲਈ ਉਹ ਵੈਸਾਖੀ ਦੇ ਸਮਾਗਮ 'ਤੇ ਸ੍ਰੀ ਅੰਮ੍ਰਿਤਸਰ ਪਹੁੰਚੇ ਸਨ। ਸਾਕਾ ਵਰਤ ਜਾਣ ਕਰਕੇ ਅੰਮ੍ਰਿਤ ਸੰਚਾਰ ਸਮਾਗਮ ਰੱਦ ਹੋ ਗਿਆ ਸੀ। ਜਦੋਂ ਉਨ੍ਹਾਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਹ ਬਾਊ ਜੀ ਕੋਲ ਪਹੁੰਚੇ ਤੇ ਬੇਨਤੀ ਕੀਤੀ ਕਿ ਉਹ ਤਾਂ ਪੰਜਾਂ ਕੋਲ ਪੇਸ਼ ਹੋਣ ਲਈ ਆਇਆ ਸੀ। ਬਾਊ ਜੀ ਨੇ ਉਸ ਨੂੰ ਅਗਲੇ ਸਮਾਗਮ 'ਤੇ ਪੇਸ਼ ਹੋਣ ਲਈ ਕਿਹਾ, ਪਰੰਤੂ ਉਸ ਨੇ ਬਾਊ ਜੀ ਨੂੰ ਕਿਹਾ ਕਿ ਜੇ ਮੇਰੇ ਪ੍ਰਾਣ ਅਗਲੇ ਸਮਾਗਮ ਤੋਂ ਪਹਿਲਾਂ ਹੀ ਨਿਕਲ ਗਏ ਤਾਂ

www.AKJ.Org

ਮੇਰਾ ਕੀ ਬਣੂੰਗਾ ? ਮੈਂ ਪਤਿਤ ਹੀ ਉੱਪਰ ਜਾਵਾਂਗਾ ? ਇਹ ਸੁਣ ਕੇ ਬਾਊ ਜੀ ਨੇ ਤੁਰੰਤ ਭਾਈ ਸੇਵਾ ਸਿੰਘ ਜੀ ਨੂੰ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਕਰਨ ਲਈ ਕਿਹਾ ਅਤੇ ਹੋਰ ਵੀ ਜੋ ਪ੍ਰਾਣੀ ਅੰਮ੍ਰਿਤ ਛਕਣ ਜਾਂ ਪੇਸ਼ ਹੋਣ ਲਈ ਆਏ ਹਨ, ਉਨ੍ਹਾਂ ਨੂੰ ਵੀ ਸੂਚਿਤ ਕਰਨ ਲਈ ਕਿਹਾ। ਬਾਊ ਜੀ ਬਹੁਤ ਦਿਆਲਤਾ ਵਰਤਾਉਂਦੇ ਸਨ। ਉਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਜੇ ਕੋਈ ਵੀ ਪ੍ਰਾਣੀ ਗੁਰੂ ਸ਼ਰਨ ਵਿਚ ਆ ਕੇ ਪੰਚਾਂ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਆਪਣਾ ਸਿਰ ਦੇਣ ਅਤੇ ਗੁਰੂ ਹੁਕਮਾਂ ’ਤੇ ਚੱਲਣ ਦਾ ਪ੍ਰਣ ਕਰਦਾ ਹੈ ਤਾਂ ਉਸ ਨੂੰ ਅੰਮ੍ਰਿਤ ਦੀ ਦਾਤ ਤੋਂ ਵਿਰਵਾ ਨਹੀਂ ਰੱਖਣਾ ਚਾਹੀਦਾ। ਇਸੇ ਤਰ੍ਹਾਂ ਭੁੱਲ ਬਖ਼ਸ਼ਾਉਣ ਵਾਲੇ ਨੂੰ ਵੀ, ਉਸ ਕੋਲੋਂ ਹੋਈ ਗ਼ਲਤੀ ਦਾ ਪਸਚਾਤਾਪ ਕਰਨ ’ਤੇ ਉਸ ਨੂੰ ਵੀ ਬਖ਼ਸ਼ ਦੇਣਾ ਚਾਹੀਦਾ ਹੈ, ਕਿਉਂਕਿ ਜੇ ਕੋਈ ਪ੍ਰਾਣੀ ਗੁਰੂ ਸ਼ਰਨ ਵਿਚ ਆਉਣ ਤੋਂ ਬਾਅਦ ਨਿਗੁਰਾ ਹੀ ਚੜ੍ਹਾਈ ਕਰ ਜਾਵੇ ਤਾਂ ਉਸ ਦਾ ਜ਼ਿੰਮੇਵਾਰ ਕੌਣ ਹੋਵੇਗਾ।

ਕਾਂਡ ਤੋਂ ਦੂਸਰੇ ਦਿਨ 14 ਅਪ੍ਰੈਲ ਨੂੰ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਦੇ ਪੋਸਟ ਮਾਰਟਮ ਤੋਂ ਬਾਅਦ, ਉਨ੍ਹਾਂ ਦੀਆਂ ਮ੍ਰਿਤਕ ਦੇਹਾਂ ਨੂੰ ਸ੍ਰੀ ਗੁਰੂ ਰਾਮਦਾਸ ਸਰਾਂ ਵਿਖੇ ਸੰਗਤਾਂ ਦੇ ਦਰਸ਼ਨਾਂ ਲਈ ਲਿਆਂਦਾ ਗਿਆ। ਇਸ ਸਮੇਂ ਤਾਈਂ ਬਾਹਰ ਦੇ ਸ਼ਹਿਰਾਂ/ਪ੍ਰਾਂਤਾਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਸ਼ਹੀਦਾਂ ਦੇ ਦਰਸ਼ਨ ਅਤੇ ਅੰਤਮ ਸੰਸਕਾਰ ਵਾਸਤੇ ਪਹੁੰਚ ਚੁੱਕੀਆਂ ਸਨ। ਪੋਸਟ ਮਾਰਟਮ ਵੇਲੇ ਵੀ ਸ੍ਰੀ ਅੰਮ੍ਰਿਤਸਰ ਦੇ ਡੀ.ਸੀ. ਜੰਜੂਆ, ਜੋ ਕਿ ਨਿਰੰਕਾਰੀਆਂ ਦਾ ਹਮਦਰਦ ਸੀ ਤੇ ਜਿਸ ਨੇ ਇਹ ਸਾਕਾ ਰੋਕਣ ਵਾਸਤੇ ਕੋਈ ਵੀ ਕਾਰਵਾਈ ਨਹੀਂ ਕੀਤੀ ਸੀ, ਨੇ ਪਹਿਲਾਂ ਇਕ ਡਾਕਟਰ ਕੋਲੋਂ ਪੋਸਟ ਮਾਰਟਮ ਕਰਵਾਉਣ ਦੇ ਹੁਕਮ ਜਾਰੀ ਕੀਤੇ। ਬਾਅਦ ਵਿਚ ਪ੍ਰਧਾਨ ਸ਼੍ਰੋਮਣੀ ਕਮੇਟੀ ਤੇ ਸੰਗਤਾਂ ਦੇ ਵਿਰੋਧ ਕਰਨ ’ਤੇ ਤਿੰਨ ਡਾਕਟਰਾਂ ਦੇ ਪੈਨਲ ਤੋਂ ਪੋਸਟ ਮਾਰਟਮ ਕਰਵਾਏ ਗਏ। ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ, ਪਹਿਲਾਂ ਤਾਂ ਇਸ ਕਾਂਡ ਵਿਚ ਸ਼ਹੀਦ ਹੋਏ ਸਿੰਘਾਂ ਦੇ ਅੰਤਮ ਸੰਸਕਾਰ ਤੇ ਭੋਗ ਆਦਿ ਕਿਰਿਆਵਾਂ ਤੋਂ ਆਪਣਾ ਪੱਲਾ ਝਾੜ ਰਹੇ ਸਨ, ਪਰੰਤੂ ਜਥੇ ਦੇ ਮੁਖੀ ਸਿੰਘਾਂ ਖ਼ਾਸਕਰ ਬੀਬੀ ਹਰਸ਼ਰਨ ਕੌਰ ਜੀ ਅਤੇ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਵੱਲੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ, ਪ੍ਰਧਾਨ ਅਕਾਲੀ ਦਲ ’ਤੇ ਦਬਾਅ ਪਾ ਕੇ ਇਨ੍ਹਾਂ ਸ਼ਹੀਦ ਸਿੰਘਾਂ ਨੂੰ ਕੌਮੀ ਸ਼ਹੀਦਾਂ ਦਾ ਦਰਜਾ ਦਿਵਾਇਆ ਗਿਆ। ਅੱਗੋਂ ਹੋਣ ਵਾਲੀਆਂ ਸਾਰੀਆਂ ਰਸਮਾਂ/ਕਾਰਵਾਈਆਂ ਪੰਥਕ ਤੌਰ ’ਤੇ ਕਰਨ, ਜ਼ਖ਼ਮੀ ਸਿੰਘਾਂ ਦੇ ਇਲਾਜ, ਸ਼ਹੀਦ ਸਿੰਘਾਂ ਦੇ ਪਰਿਵਾਰਾਂ ਦੀ ਮਾਇਕ ਸਹਾਇਤਾ ਅਤੇ ਇਸ ਸਾਕੇ ਸੰਬੰਧੀ ਚੱਲਣ ਵਾਲੇ ਮੁਕੱਦਮੇ ਦੀ ਪੈਰਵਾਈ/ਖ਼ਰਚਾ ਆਦਿ ਕਰਨ ਦੀ ਜ਼ਿੰਮੇਵਾਰੀ ਵੀ ਸ਼੍ਰੋਮਣੀ ਕਮੇਟੀ ਵੱਲੋਂ ਕਰਨ ਦਾ ਐਲਾਨ ਕਰਵਾਇਆ। ਸ਼ਹੀਦ ਸਿੰਘਾਂ ਦੀਆਂ ਮ੍ਰਿਤਕ ਦੇਹਾਂ ਸ੍ਰੀ ਗੁਰੂ ਰਾਮਦਾਸ ਸਰਾਂ ਵਿਚ ਆਉਣ ਤੋਂ ਲੈ ਕੇ ਅੰਤਮ ਸੰਸਕਾਰ ਲਈ ਚਾਲੇ ਪਾਉਣ ਤਕ ਲਗਾਤਾਰ ਕੀਰਤਨ ਦਾ ਪ੍ਰਵਾਹ ਚੱਲਿਆ ਅਤੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਵੱਲੋਂ 14 ਅਪ੍ਰੈਲ ਰਾਤ ਨੂੰ ਰੈਣ-ਸਬਾਈ ਕੀਰਤਨ ਵੀ ਸਿੰਘਾਂ ਦੀਆਂ ਮਿਰਤਕ ਦੇਹਾਂ ਕੋਲ ਹੀ ਕੀਤੇ ਗਏ।

www.AKJ.Org



13 ਅਪ੍ਰੈਲ 1978 ਦੇ ਸ਼ਹੀਦ ਸਿੰਘਾਂ ਦੀਆਂ ਮ੍ਰਿਤਕ ਦੇਹਾਂ ਸਸਕਾਰ ਵਾਸਤੇ ਲਿਜਾਣ ਤੋਂ ਪਹਿਲਾਂ ਸ੍ਰੀ ਗੁਰੂ ਰਾਮਦਾਸ ਸਰਾਂ ਵਿਖੇ ਸੰਗਤਾਂ ਦੇ ਦਰਸ਼ਨ ਲਈ ਰੱਖੀਆਂ ਗਈਆਂ।



ਮਾਨਯਵਰ ਬਾਊ ਮੱਲ ਸਿੰਘ ਜੀ ਜਥੇਦਾਰ ਅਖੰਡ ਕੀਰਤਨੀ ਜਥਾ, ਸ਼ਹੀਦਾਂ ਦੀਆਂ ਮ੍ਰਿਤਕ ਦੇਹਾਂ ਨੂੰ ਸਸਕਾਰ ਲਈ ਲਿਜਾਣ ਤੋਂ ਪਹਿਲਾਂ ਦਰਸ਼ਨ ਕਰਦੇ ਹੋਏ ਅਰਦਾਸ ਰੂਪ ਵਿਚ ਖੜੇ ਹਨ।

www.AKJ.Org

15 ਅਪ੍ਰੈਲ ਸਵੇਰੇ ਦਸ ਵਜੇ ਸੰਗਤਾਂ ਅਤੇ ਸਮੁੱਚੇ ਪੰਥਕ ਲੀਡਰਾਂ, ਜਥੇਬੰਦੀਆਂ ਦੇ ਮੁਖੀਆਂ ਦੀ ਹਾਜ਼ਰੀ ਵਿਚ ਇਸ਼ਨਾਨ ਅਤੇ ਬਸਤਰ ਸਜਾਉਣ ਤੋਂ ਬਾਅਦ ਸਤਿਕਾਰਯੋਗ ਮਾਨਯਵਰ ਬਾਊ ਮੱਲ ਸਿੰਘ ਜੀ ਵੱਲੋਂ ਵਿਦਾਇਗੀ ਅਰਦਾਸ ਉਪਰੰਤ ਸਾਰੇ ਸ਼ਹੀਦ ਸਿੰਘਾਂ ਦੀਆਂ ਮ੍ਰਿਤਕ ਦੇਹਾਂ ਨੂੰ ਇੱਕੋ ਟਰੱਕ ਵਿਚ ਸਜਾ ਕੇ ਗੁਰਦੁਆਰਾ ਰਾਮਸਰ ਸਾਹਿਬ ਸਾਹਮਣੇ ਗਰਾਉਂਡ ਵਿਚ ਅੰਤਮ ਸੰਸਕਾਰ ਲਈ ਜਲੂਸ ਦੀ ਸ਼ਕਲ ਵਿਚ ਲਿਜਾਇਆ ਗਿਆ। ਸਾਰੇ ਰਸਤੇ ਵਿਚ ਸੰਗਤਾਂ ਗੁਰਮੰਤਰ ਦਾ ਜਾਪ ਅਤੇ ਗੁਰਬਾਣੀ ਦੇ ਕੀਰਤਨ ਰਾਹੀਂ ਵਿੱਛੜ ਚੁੱਕੀਆਂ ਰੂਹਾਂ ਨੂੰ ਅਸੀਸਾਂ ਦੇ ਰਹੀਆਂ ਸਨ। ਅੰਤਮ ਸੰਸਕਾਰ ਲਈ ਸਾਰੇ ਸ਼ਹੀਦ ਸਿੰਘਾਂ ਦਾ ਇੱਕੋ ਹੀ ਥਾਂ ਅੰਗੀਠਾ ਤਿਆਰ ਕਰ ਕੇ ਸਸਕਾਰ ਕੀਤਾ ਗਿਆ, ਜਿਥੇ ਹੁਣ ਇਨ੍ਹਾਂ ਸ਼ਹੀਦ ਸਿੰਘਾਂ ਦੀ ਯਾਦ ਵਿਚ ਗੁਰਦੁਆਰਾ ਅੰਗੀਠਾ ਸਾਹਿਬ ਸੁਸ਼ੋਭਿਤ ਹੈ। ਇਸ ਜਲੂਸ ਦੌਰਾਨ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਥਾਣਾ ਬੀ-ਡਿਵੀਜ਼ਨ ਸੁਲਤਾਨਵਿੰਡ ਗੇਟ 'ਤੇ ਪਥਰਾਅ ਕਾਰਨ ਪੁਲਿਸ ਵੱਲੋਂ ਪਹਿਲਾਂ ਹੰਝੂ ਗੈਸ ਅਤੇ ਬਾਅਦ ਵਿਚ ਗੋਲੀ ਵੀ ਚਲਾਈ ਗਈ, ਜਿਸ ਵਿਚ ਦੋ ਵਿਅਕਤੀ ਆਪਣੀ ਜਾਨ ਗਵਾ ਗਏ: ਇਕ ਸੁਰਿੰਦਰ ਸਿੰਘ ਪੁੱਤਰ ਸ. ਲਾਲ ਸਿੰਘ ਦਰਜੀ, ਗਲੀ ਨੰਬਰ 6, ਟੈਲੀਫ਼ੋਨ ਐਕਸਚੇਂਜ, ਸ੍ਰੀ ਅੰਮ੍ਰਿਤਸਰ, ਦੂਸਰਾ ਸ. ਕਸ਼ਮੀਰ ਸਿੰਘ ਵਾਸੀ ਸੁਲਤਾਨਵਿੰਡ ਪਿੰਡ, ਜ਼ਿਲ੍ਹਾ ਅੰਮ੍ਰਿਤਸਰ। ਇਸ ਦਿਨ ਸ਼ਹਿਰ ਵਿਚ ਮੁਕੰਮਲ ਹੜਤਾਲ ਤੇ ਦਫ਼ਤਰਾਂ ਵਿਚ ਛੁੱਟੀ ਕੀਤੀ ਗਈ। 16 ਅਪ੍ਰੈਲ ਨੂੰ ਸ਼ਹੀਦ ਸਿੰਘਾਂ ਦੇ ਅੰਗੀਠੇ ਨੂੰ ਇਕੱਤਰ ਕਰ ਕੇ ਹਜ਼ਾਰਾਂ ਸੰਗਤਾਂ ਵੱਲੋਂ ਜਲੂਸ ਦੀ ਸ਼ਕਲ ਵਿਚ ਵਾਹਿਗੁਰੂ ਗੁਰਮੰਤਰ ਦਾ ਜਾਪ ਕਰਦਿਆਂ ਸ੍ਰੀ ਗੋਇੰਦਵਾਲ ਸਾਹਿਬ ਜਾ ਕੇ ਜਲ-ਪ੍ਰਵਾਹ ਕੀਤਾ ਗਿਆ। ਇਸ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਭਾਵੁਕ ਹੋ ਕੇ ਬਹੁਤ ਵੈਰਾਗਮਈ ਅਰਦਾਸ ਕੀਤੀ।

## ਸ਼ਹੀਦੀ ਦਿਵਸ

ਵੈਸਾਖੀ ਵਾਲੇ ਦਿਨ ਸ਼ਹੀਦ ਹੋਏ 13 ਸਿੰਘਾਂ ਦੀ ਸਮੁੱਚੇ ਪੰਥ ਵੱਲੋਂ ਆਤਮਿਕ ਸਹਾਇਤਾ ਵਾਸਤੇ 22 ਅਪ੍ਰੈਲ ਸਵੇਰੇ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਪਾਏ ਗਏ ਅਤੇ ਸਾਰੇ ਸਿੰਘਾਂ ਨਮਿਤ ਸਮੁੱਚੀ ਅਰਦਾਸ ਕੀਤੀ ਗਈ। ਅਖੰਡ ਕੀਰਤਨੀ ਜਥੇ ਵੱਲੋਂ ਸ਼ਹੀਦਾਂ ਨਮਿਤ ਕੀਤੇ ਕੀਰਤਨ ਉਪਰੰਤ ਸ਼ਹੀਦੀ ਦੀਵਾਨ ਸਜਾ ਕੇ ਸ਼ਹੀਦ ਸਿੰਘਾਂ ਨੂੰ ਸਮੂਹ ਪੰਥਕ ਜਥੇਬੰਦੀਆਂ/ ਨੇਤਾਵਾਂ ਵੱਲੋਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਰਾਤ ਨੂੰ ਅਖੰਡ ਕੀਰਤਨੀ ਜਥੇ ਵੱਲੋਂ ਰੈਣ ਸਬਾਈ ਕੀਰਤਨ, ਇਸੇ ਹੀ ਅਸਥਾਨ 'ਤੇ ਸਜਾਏ ਗਏ ਅਤੇ ਕੀਰਤਨ ਰਾਹੀਂ ਵਿੱਛੜੀਆਂ ਰੂਹਾਂ ਨੂੰ ਅਸੀਸਾਂ ਦਿੱਤੀਆਂ ਗਈਆਂ। 23 ਅਪ੍ਰੈਲ ਸਵੇਰੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਰੋਜ਼ਾਨਾ ਅੰਮ੍ਰਿਤ ਵੇਲੇ ਦੀ ਮਰਿਆਦਾ ਤੋਂ ਬਾਅਦ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾ ਕੇ ਸ਼ਹੀਦਾਂ ਨਮਿੱਤ ਅਰਦਾਸ ਕੀਤੀ ਗਈ। (ਯਾਦ ਰਹੇ, ਉਸ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਅਤੇ ਸੰਬੰਧਤ ਗੁਰਦੁਆਰਿਆਂ ਵਿਚ 1945 ਦੇ ਸਟੇਟਸਕੋ ਦੇ ਫ਼ੈਸਲੇ ਮੁਤਾਬਕ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਮੁੰਦਾਵਣੀ ਉੱਪਰ ਹੀ ਪਾਏ ਜਾਂਦੇ ਸਨ ਅਤੇ ਰਾਗਮਾਲਾ ਨਹੀਂ ਪੜ੍ਹੀ ਜਾਂਦੀ

www.AKJ.Org



14 ਅਪ੍ਰੈਲ 1978 ਦੀ ਰਾਤ ਨੂੰ, ਸ਼ਹੀਦ ਹੋਏ ਸਿੰਘਾਂ ਦੀ ਆਤਮਿਕ ਸਹਾਇਤਾ ਲਈ
ਸ੍ਰੀ ਗੁਰੂ ਰਾਮਦਾਸ ਸਰਾਂ ਵਿਖੇ ਹੋਏ ਰੈਣ-ਸਬਾਈ ਕੀਰਤਨ ਦਾ ਦ੍ਰਿਸ਼

www.AKJ.Org

ਸੀ।) ਇਸ ਤੋਂ ਉਪਰੰਤ ਸਮੂਹ ਸ਼ਹੀਦ ਪਰਿਵਾਰਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵੱਲੋਂ ਸਿਰੋਪੇ ਦੀ ਬਖ਼ਸ਼ਿਸ਼ ਅਤੇ ਸਨਮਾਨ ਪੱਤਰ ਦਿੱਤੇ ਗਏ। ਸ਼੍ਰੋਮਣੀ ਕਮੇਟੀ ਵੱਲੋਂ ਪੰਜ ਹਜ਼ਾਰ ਪ੍ਰਤੀ ਪਰਿਵਾਰ ਮਾਇਕ ਸਹਾਇਤਾ ਵੀ ਦਿੱਤੀ ਗਈ। ਪੰਜਾਬ ਸਰਕਾਰ ਵੱਲੋਂ ਵੀ ਹਰੇਕ ਪਰਿਵਾਰ ਨੂੰ ਗਿਆਰਾਂ ਹਜ਼ਾਰ ਰੁਪਏ ਮਾਇਕ ਸਹਾਇਤਾ ਅਤੇ ਫੱਟੜ ਸਿੰਘਾਂ ਦੇ ਮੁਫ਼ਤ ਇਲਾਜ ਦਾ ਐਲਾਨ ਵੀ ਕੀਤਾ ਗਿਆ। ਪੰਜਾਬ ਐਂਡ ਸਿੰਧ ਬੈਂਕ ਵੱਲੋਂ ਸ਼ਹੀਦ ਪਰਿਵਾਰਾਂ ਵਿੱਚੋਂ ਨੌਕਰੀ ਦੀਆਂ ਸ਼ਰਤਾਂ ਪੂਰੀਆਂ ਕਰਨ ਵਾਲੇ ਯੋਗ ਮੈਂਬਰਾਂ ਨੂੰ ਬੈਂਕ ਵਿਚ ਨੌਕਰੀ ਦੇਣ ਦਾ ਵੀ ਵਾਅਦਾ ਕੀਤਾ ਗਿਆ। ਅਖੰਡ ਕੀਰਤਨੀ ਜਥਾ ਅਤੇ ਜਥਾ ਭਿੰਡਰਾਂ ਮਹਿਤਾ ਵੱਲੋਂ ਵੀ ਆਪਣੇ ਵਿੱਤ ਅਨੁਸਾਰ ਸ਼ਹੀਦ ਪਰਿਵਾਰਾਂ ਦੀ ਮਾਇਕ ਸਹਾਇਤਾ ਕੀਤੀ ਗਈ ਅਤੇ ਅੱਗੋਂ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਵੀ ਲਈ ਗਈ।

## ਪੰਥਕ ਕਨਵੈਨਸ਼ਨ

ਇਸ ਕਾਂਡ ਤੋਂ ਪੈਦਾ ਹੋਏ ਹਾਲਤਾਂ ਅਤੇ ਅਗਲੀ ਕਾਰਵਾਈ ਲਈ, ਪੰਥ ਦੀਆਂ ਸਮੁੱਚੀਆਂ ਜਥੇਬੰਦੀਆਂ ਦੀ ਇਕ ਇਕੱਤਰਤਾ ਮਿਤੀ 17 ਮਈ ਨੂੰ ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ ਵਿਖੇ ਹੋਈ। ਇਸ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੂੰ ਬੇਨਤੀ ਕਰ ਕੇ ਨਿਰੰਕਾਰੀਆਂ ਦਾ ਬਾਈਕਾਟ ਕਰਨ ਦਾ ਮਤਾ ਪਾਸ ਕੀਤਾ ਗਿਆ ਅਤੇ ਇਸ ਸੰਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਿੱਖ ਸੰਗਤਾਂ ਪ੍ਰਤੀ ਹੁਕਮਨਾਮਾ ਜਾਰੀ ਕਰਨ ਲਈ ਬੇਨਤੀ ਕੀਤੀ ਗਈ। ਇਸ ਫ਼ੈਸਲੇ ਮੁਤਾਬਕ 10 ਜੂਨ ਨੂੰ ਪੰਚਮ ਪਾਤਸ਼ਾਹ ਦੇ ਸ਼ਹੀਦੀ ਪੁਰਬ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਾਹਿਬ ਵੱਲੋਂ ਨਕਲੀ ਨਿਰੰਕਾਰੀਆਂ ਦੇ ਸਮਾਜਿਕ ਬਾਈਕਾਟ ਦਾ ਹੁਕਮਨਾਮਾ ਜਾਰੀ ਹੋ ਗਿਆ, ਜਿਸ ਦੀ ਕਾਪੀ ਅਗਲੇ ਪੰਨੇ 'ਤੇ ਦਿੱਤੀ ਗਈ ਹੈ। ਦੂਜੇ ਪਾਸੇ ਨਕਲੀਆਂ ਵੱਲੋਂ ਪੰਜਾਬ ਸਰਕਾਰ ਤੋਂ ਇਸ ਕਾਂਡ ਦੀ ਜੁਡੀਸ਼ੀਅਲ ਇਨਕੁਆਰੀ ਦੀ ਮੰਗ ਕੀਤੀ ਜਾ ਰਹੀ ਸੀ, ਪਰੰਤੂ ਸਰਕਾਰ ਨੇ ਕੁਝ ਦਲੇਰੀ ਦਿਖਾਉਂਦੇ ਹੋਏ ਸ੍ਰੀ ਨਨਕਾਣਾ ਸਾਹਿਬ ਜੀ ਦੇ ਸਾਕੇ ਵਾਂਗ ਦੋਸ਼ੀਆਂ ਵਿਰੁੱਧ ਫ਼ੌਜਦਾਰੀ ਕਾਰਵਾਈ ਕਰਨ ਦਾ ਫ਼ੈਸਲਾ ਕਰ ਦਿੱਤਾ ਤੇ ਨਕਲੀਆਂ ਨੂੰ ਹੱਥਾਂ-ਪੈਰਾਂ ਦੀ ਪੈ ਗਈ।

ਇਸ ਸਾਕੇ ਤੋਂ ਬਾਅਦ ਸਿੱਖ ਸੰਗਤਾਂ ਦੇ ਹਿਰਦੇ ਵਲੂੰਧਰੇ ਹੋਏ ਸਨ ਅਤੇ ਖ਼ਾਸਕਰ ਨੌਜਵਾਨ ਬਹੁਤ ਗ਼ੁੱਸੇ ਅਤੇ ਰੋਹ ਵਿਚ ਸਨ। ਸਾਰੇ ਭਾਰਤ ਵਿਚ ਸੰਗਤਾਂ ਨੇ ਨਕਲੀਆਂ ਦੇ ਕੁਸੰਗ ਘਰਾਂ ਨੂੰ ਬੰਦ ਕਰਾਉਣਾ ਸ਼ੁਰੂ ਕਰ ਦਿੱਤਾ। ਪੰਜਾਬ ਸਰਕਾਰ ਵੱਲੋਂ ਤਾਂ ਸਰਕਾਰੀ ਤੌਰ 'ਤੇ ਪਹਿਲਾਂ ਇਹ ਸ੍ਰੀ ਅੰਮ੍ਰਿਤਸਰ ਵਿਚ ਬੰਦ ਕਰ ਦਿੱਤੇ ਗਏ ਜੋ ਕਿ ਬਾਅਦ ਵਿਚ ਜਨਸੰਘੀ ਲੀਡਰਾਂ, ਜੋ ਕਿ ਪੰਜਾਬ ਦੀ ਅਕਾਲੀ ਦਲ ਦੀ ਸਰਕਾਰ ਵਿਚ ਭਾਈਵਾਲ ਸਨ, ਖ਼ਾਸਕਰ ਬਲਰਾਮਜੀ ਦਾਸ ਟੰਡਨ, ਹਰਬੰਸ ਲਾਲ ਖੰਨਾ, ਲਕਸ਼ਮੀ ਕਾਂਤਾ ਚਾਵਲਾ ਦੇ ਦਬਾਅ ਕਾਰਨ ਅਗਸਤ ਮਹੀਨੇ ਵਿਚ ਫਿਰ ਖੋਲ੍ਹ ਦਿੱਤੇ ਗਏ। ਸਿੱਖ ਸੰਗਤਾਂ ਵੱਲੋਂ ਪੰਜਾਬ ਦੇ ਦੂਸਰੇ ਸ਼ਹਿਰਾਂ ਅਤੇ ਭਾਰਤ ਦੇ ਬਾਕੀ ਸੂਬਿਆਂ ਵਿਚ ਨਿਰੰਕਾਰੀਆਂ ਵਿਰੁੱਧ ਰੋਹ ਪ੍ਰਦਰਸ਼ਨ ਜਾਰੀ ਰਹੇ। ਭਾਰਤ ਸਰਕਾਰ ਦੀਆਂ ਅੱਖਾਂ ਖੋਲ੍ਹਣ ਲਈ ਅਤੇ ਨਕਲੀ ਨਿਰੰਕਾਰੀਆਂ ਵਿਰੁੱਧ ਕਾਰਵਾਈ

www.AKJ.Org



13 ਅਪ੍ਰੈਲ 1978 ਦੇ ਸ਼ਹੀਦਾਂ ਦੇ ਸਸਕਾਰ ਤੋਂ ਬਾਅਦ ਅੰਗੀਠਾ ਇਕੱਤਰ ਕਰਨ ਸਮੇਂ ਜੁੜੀਆਂ ਸੰਗਤਾਂ



23 ਅਪ੍ਰੈਲ 1978 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਹੀਦਾਂ ਦੇ ਪਰਿਵਾਰਾਂ ਨੂੰ
ਸਨਮਾਨਤ ਕਰਨ ਦਾ ਦ੍ਰਿਸ਼

www.AKJ.Org

ਕਰਨ ਲਈ ਦਬਾਅ ਪਾਉਣ ਵਾਸਤੇ 14 ਮਈ ਨੂੰ ਸਵੇਰੇ ਦਸ ਵਜੇ ਇਕ ਬਹੁਤ ਵੱਡਾ ਜਲੂਸ ਗੁਰਦੁਆਰਾ ਬੰਗਲਾ ਸਾਹਿਬ ਤੋਂ ਸ਼ੁਰੂ ਕਰ ਕੇ ਗੁਰਦੁਆਰਾ ਰਕਾਬ ਗੰਜ ਸਾਹਿਬ ਤਕ ਕੱਢਿਆ ਗਿਆ, ਜਿਸ ਵਿਚ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਪੰਜਾਬ, ਹਰਿਆਣਾ, ਯੂ.ਪੀ. ਅਤੇ ਹੋਰ ਸੂਬਿਆਂ ਤੋਂ ਸ਼ਾਮਲ ਹੋਈਆਂ। ਉਥੇ ਹੀ ਸ਼ਾਮ ਤਕ ਇਕ ਪੰਥਕ ਕਨਵੈਨਸ਼ਨ ਹੋਈ, ਜਿਸ ਵਿਚ ਸਮੂਹ ਪੰਥਕ ਨੇਤਾਵਾਂ ਅਤੇ ਜਥੇਬੰਦੀਆਂ ਨੇ ਭਾਗ ਲਿਆ ਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਗਈ ਕਿ ਨਕਲੀ ਬਾਬੇ ਤੇ ਉਸ ਦੇ ਸਾਥੀਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ, ਉਨ੍ਹਾਂ ਦੀਆਂ ਪੁਸਤਕਾਂ 'ਤੇ ਪਾਬੰਦੀ ਲਾਈ ਜਾਵੇ ਅਤੇ ਦੋਸ਼ੀਆਂ ਨੂੰ ਜੇਲ੍ਹਾਂ ਦੀਆਂ ਸੀਖਾਂ ਅੰਦਰ ਡੱਕਿਆ ਜਾਵੇ। ਇਸ ਤੋਂ ਪਹਿਲਾਂ ਦਿੱਲੀ ਦੀ ਸੰਗਤ ਨੇ 7 ਮਈ ਨੂੰ ਇਕ ਵੱਡਾ ਰੋਸ ਮਾਰਚ ਕੱਢ ਕੇ ਸਰਕਾਰ ਤੋਂ ਇਹ ਮੰਗਾਂ ਮਨਵਾਉਣ ਲਈ ਪ੍ਰਧਾਨ ਮੰਤਰੀ ਨੂੰ ਇਕ ਮੈਮੋਰੰਡਮ ਵੀ ਦਿੱਤਾ।

ਪੰਜਾਬ ਸਰਕਾਰ ਅਤੇ ਸਥਾਨਕ ਪੁਲਿਸ ਵੱਲੋਂ ਸਿੱਖ ਸੰਗਤਾਂ ਨੂੰ ਸ਼ਾਂਤ ਕਰਨ ਲਈ ਨਕਲੀ ਆਗੂ ਗੁਰਬਚਨੇ ਅਤੇ ਉਸ ਦੇ ਚਾਟੜੇ ਪ੍ਰਤਾਪ ਸਿੰਘ ਸਿੰਧੀ, ਕਮਾਂਡੈਂਟ-ਇਨ-ਚੀਫ਼ ਨਕਲੀ ਸੈਨਾ ਜੋਗਿੰਦਰ ਸਿੰਘ ਖੁਰਾਣਾ, ਤਾਰਾ ਸਿੰਘ ਚੰਡੀਗੜ੍ਹ, ਨਿਰੰਜਨ ਸਿੰਘ ਡੀ.ਸੀ. ਅਤੇ ਹੋਰਨਾਂ ਵਿਰੁੱਧ ਮੁਕੱਦਮਾ ਦਰਜ ਕਰ ਕੇ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤੇ ਸਨ। ਪੰਜਾਬ ਪੁਲਿਸ ਵੱਲੋਂ ਦਿੱਲੀ ਵਿਖੇ ਇਨ੍ਹਾਂ ਦੇ ਹੈੱਡਕੁਆਰਟਰ 'ਤੇ ਮਾਰੇ ਗਏ ਛਾਪੇ ਦੌਰਾਨ ਇਹ ਤਾਂ ਸਾਰੇ ਖਿਸਕ ਗਏ ਪਰੰਤੂ ਨਿਰੰਜਨ ਸਿੰਘ ਡੀ.ਸੀ. ਕਾਬੂ ਆ ਗਿਆ। ਹੁਣ ਬਾਬੇ ਨੇ ਪ੍ਰੈੱਸ ਕਾਨਫ਼ਰੰਸ ਰਾਹੀਂ ਸਪੱਸ਼ਟੀਕਰਨ ਦੇਣੇ ਤੇ ਸ਼ੋਸ਼ੇ ਛੱਡਣੇ ਸ਼ੁਰੂ ਕਰ ਦਿੱਤੇ ਕਿ ਉਹ ਸਾਰੇ ਧਰਮਾਂ, ਪੀਰਾਂ, ਪੈਗ਼ੰਬਰਾਂ, ਗੁਰੂਆਂ ਦਾ ਪੂਰਾ ਸਤਿਕਾਰ ਕਰਦਾ ਹੈ ਜੋ ਕਿ ਇਕ ਧੋਖਾ ਹੀ ਸੀ। ਦੂਸਰੇ ਪਾਸੇ ਉਸ ਨੇ ਗ੍ਰਿਫ਼ਤਾਰੀ ਤੋਂ ਬਚਣ ਲਈ ਦਿੱਲੀ ਵਿਚ ਬੈਠੇ ਆਪਣੇ ਸਿਆਸੀ ਆਕਿਆਂ ਰਾਹੀਂ ਹੱਥਕੰਡੇ ਵਰਤਣੇ ਸ਼ੁਰੂ ਕਰ ਦਿੱਤੇ। ਪਹਿਲਾਂ ਉਸ ਨੇ ਆਪਣੀ ਜ਼ਮਾਨਤ ਲਈ ਅਦਾਲਤ ਦਾ ਦਰਵਾਜ਼ਾ ਖੜਕਾਇਆ। ਜ਼ਮਾਨਤ ਨਾ-ਮਨਜ਼ੂਰ ਹੋਣ 'ਤੇ ਫਿਰ ਇਸ ਨੇ ਗ੍ਰਿਫ਼ਤਾਰੀ ਅਤੇ ਸ੍ਰੀ ਅੰਮ੍ਰਿਤਸਰ ਦੀ ਅਦਾਲਤ ਵਿਚ ਪੇਸ਼ ਹੋਣ ਤੋਂ ਬਚਣ ਲਈ ਬੀਮਾਰੀ ਦੇ ਝੂਠੇ ਸਰਟੀਫ਼ਿਕੇਟ ਪੇਸ਼ ਕਰਨੇ ਸ਼ੁਰੂ ਕੀਤੇ, ਪਰੰਤੂ ਉਸ ਨੂੰ ਸੁਪਰੀਮ ਕੋਰਟ ਨੇ ਡਾਕਟਰਾਂ ਦੀ ਹਾਜ਼ਰੀ ਵਿਚ ਪੀ.ਜੀ.ਆਈ., ਚੰਡੀਗੜ੍ਹ ਜਾ ਕੇ ਬਿਆਨ ਦਰਜ ਕਰਵਾਉਣ ਦੇ ਹੁਕਮ ਦਿੱਤੇ, ਪਰ ਇਹ ਰਸਤੇ ਵਿੱਚੋਂ ਹੀ ਬੀਮਾਰੀ ਦਾ ਬਹਾਨਾ ਬਣਾ ਕੇ ਵਾਪਸ ਮੁੜ ਗਿਆ। ਇਸ ਤੋਂ ਬਾਅਦ ਇਸ ਨੂੰ ਸੁਪਰੀਮ ਕੋਰਟ ਦੇ ਹੁਕਮਾਂ ਰਾਹੀਂ 18 ਜੁਲਾਈ ਨੂੰ ਅੰਮ੍ਰਿਤਸਰ ਦੀ ਅਦਾਲਤ ਵਿਚ ਪੇਸ਼ ਹੋਣਾ ਹੀ ਪਿਆ। ਇਨ੍ਹਾਂ ਪਖੰਡੀ ਨਕਲੀਆਂ ਨੇ ਪੰਜਾਬ ਦੀ ਅਕਾਲੀ ਸਰਕਾਰ ਵੱਲੋਂ ਸਿੱਖਾਂ ਦਾ ਪੱਖ ਪੂਰਨ ਦਾ ਬਹਾਨਾ ਬਣਾ ਕੇ ਸੁਪਰੀਮ ਕੋਰਟ ਰਾਹੀਂ ਆਪਣਾ ਕੇਸ 17 ਮਈ ਨੂੰ ਕਰਨਾਲ ਤਬਦੀਲ ਕਰਵਾ ਲਿਆ। ਦੂਸਰੀ ਵਾਰ ਫਿਰ ਇਹ ਨਕਲੀ ਬਾਬਾ 17-18 ਅਗਸਤ ਨੂੰ ਸ. ਭਗਵਾਨ ਸਿੰਘ ਸੈਸ਼ਨ ਜੱਜ ਦੀ ਅਦਾਲਤ ਵਿਚ ਭਾਰੀ ਪੁਲਿਸ ਪਹਿਰੇ ਹੇਠ ਪੇਸ਼ ਹੋਇਆ। ਇਸ ਤੋਂ ਬਾਅਦ ਕੇਸ ਕਰਨਾਲ ਤਬਦੀਲ ਹੋਣ ਕਰਕੇ, ਉਥੇ ਇਸ ਨੇ ਪੇਸ਼ ਹੋ ਕੇ ਸੱਤ ਸਫ਼ਿਆਂ ਦਾ ਝੂਠਾ ਸਫ਼ਾਈ ਬਿਆਨ ਦਰਜ

www.AKJ.Org



ੴ ਵਾਹਿਗੁਰੂ ਜੀ ਕੀ ਫ਼ਤਹ॥

ਸ੍ਰੀ ਅਕਾਲ ਜੀ ਸਹਾਇ ॥

# ਹੁਕਮਨਾਮਾ

## ਸ੍ਰੀ ਅਕਾਲ ਤਖ਼ਤ ਸਾਹਿਬ

ਦੇਗ ਤੇਗ਼ ਫ਼ਤਹ ਨੁਸਰਤ ਬੇਦਰੰਗ ॥
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥

[illegible]

ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥

[illegible]

ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਹੈ,
ਜੋ ਮੰਨੇਗਾ, ਉਸ ਦਾ ਲੋਕ ਪ੍ਰਲੋਕ ਦੋਹੀਂ ਥਾਈਂ ਭਲਾ ਹੋਵੇਗਾ।

ਗੁਰੂ ਕੀ ਆਗਿਆ ਹੈ:
ਪੂਜਾ ਅਕਾਲ ਪੁਰਖ ਕੀ ॥
ਪਰਚਾ ਸ਼ਬਦ ਕਾ ॥
ਦੀਦਾਰ ਖ਼ਾਲਸੇ ਕਾ ॥

ਮਿਤੀ ੨੮ ਜੇਠ, ਸੰ: ਨਾਨਕਸ਼ਾਹੀ ੫੦੯
੧੦ ਜੂਨ, ੧੯੭੮

ਜਥੇਦਾਰ
ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

ਕਰਵਾਇਆ ਤੇ ਅਦਾਲਤ ਤੋਂ ਪੇਸ਼ੀ ਦੀ ਛੋਟ ਲੈ ਲਈ। ਅੰਮ੍ਰਿਤਸਰ ਪੁਲਿਸ ਵੱਲੋਂ ਸਿਟੀ ਇੰਸਪੈਕਟਰ ਅਨੂਪ ਸਿੰਘ, ਜੋ ਕਿ ਮੌਕੇ ਦਾ ਗਵਾਹ ਸੀ ਤੇ ਜਿਸ ਨੇ ਇਸ ਕੇਸ ਦੀ ਐੱਫ਼.ਆਈ.ਆਰ. ਤਿਆਰ ਕੀਤੀ ਸੀ, ਨੂੰ ਕੇਸ ਤੋਂ ਲਾਂਭੇ ਕਰ ਦਿੱਤਾ ਗਿਆ। ਬਾਬੇ ਦੇ ਵਕੀਲ ਨਿਰੰਜਨ ਐਡਵੋਕੇਟ ਨੇ ਚਲਾਕੀ ਨਾਲ ਅਨੂਪ ਸਿੰਘ, ਸਿਟੀ ਇੰਸਪੈਕਟਰ ਦੀ ਗੱਲਬਾਤ ਨੂੰ, ਜੋ ਮੁਕੱਦਮੇ ਦੇ ਉਲਟ ਸੀ, ਟੇਪ ਰਿਕਾਰਡ ਕਰ ਲਈ ਅਤੇ ਅਦਾਲਤ ਵਿਚ ਪੇਸ਼ ਕਰ ਦਿੱਤੀ, ਜਿਸ ਨੂੰ ਜੱਜ ਨੇ ਪ੍ਰਵਾਨ ਕਰ ਲਿਆ। ਪੈਸੇ ਦੀ ਤਾਕਤ ਨਾਲ ਨਕਲੀ ਬਾਬੇ ਨੇ ਕੁਝ ਹੋਰ ਗਵਾਹਾਂ ਨੂੰ ਭੁਚਲਾ ਕੇ ਉਲਟ-ਪੁਲਟ ਬਿਆਨ ਦਿਵਾ ਦਿੱਤੇ, ਜਿਸ ਕਾਰਨ ਮੁਕੱਦਮਾ ਹੋਰ ਕਮਜ਼ੋਰ ਹੋ ਗਿਆ। 28 ਅਕਤੂਬਰ ਨੂੰ ਸੈਸ਼ਨ ਜੱਜ ਕਰਨਾਲ ਨੇ ਨਕਲੀ ਬਾਬੇ ਤੇ ਉਸ ਦੇ 61 ਸਾਥੀਆਂ ਉੱਪਰ ਜ਼ੇਰੇ-ਦਫ਼ਾ 302, 307, 147, 120-A ਫ਼ਰਦ ਜੁਰਮ ਲਗਾ ਦਿੱਤੀ। ਸਿੱਖ ਸੰਗਤਾਂ ਨੇ ਕੁਝ ਰਾਹਤ ਮਹਿਸੂਸ ਕੀਤੀ ਕਿ ਜੇ ਫ਼ਰਦ ਜੁਰਮ ਲੱਗੀ ਹੈ ਤਾਂ ਸਜ਼ਾ ਵੀ ਜ਼ਰੂਰ ਹੋਵੇਗੀ, ਪਰ ਪੈਸਾ ਅਤੇ ਰਾਜਸੀ ਤਾਕਤ ਨਿਆਂ-ਪਾਲਿਕਾ 'ਤੇ ਵੀ ਭਾਰੂ ਹੋ ਜਾਂਦੀ ਹੈ। ਉਮੀਦ ਦੇ ਉਲਟ, ਅਦਾਲਤ ਨੇ 4 ਜਨਵਰੀ, 1980 ਨੂੰ ਇਹ ਸਾਰੇ ਦੋਸ਼ੀ ਬਰੀ ਕਰ ਦਿੱਤੇ। ਉਸ ਵੇਲੇ ਪੰਜਾਬ ਦੀ ਤੱਤਕਾਲੀਨ ਸਰਕਾਰ ਵੱਲੋਂ ਫ਼ੈਸਲੇ ਵਿਰੁੱਧ ਅਪੀਲ ਨਾ ਕਰਨ ਦਾ ਫ਼ੈਸਲਾ ਕਰ ਕੇ ਸਿੱਖਾਂ ਦੇ ਜ਼ਖ਼ਮਾਂ ਉਪਰ ਹੋਰ ਲੂਣ ਛਿੜਕਣ ਦਾ ਕੰਮ ਕੀਤਾ, ਜਿਸ ਨਾਲ ਅੱਗੋਂ ਪੰਜਾਬ ਦੀ ਕਾਨੂੰਨ ਵਿਵਸਥਾ ਵਿਗੜਨ ਦਾ ਅਤੇ ਸਿੱਖ ਜਵਾਨੀ ਦੇ ਘਾਣ ਹੋਣ ਦਾ ਬਾਨ੍ਹਣੂੰ ਬੱਝਿਆ। ਇਸ ਕੇਸ ਦੀ ਪੈਰਵੀ ਕਰਨ ਹਿੱਤ ਬੀਬੀ ਹਰਸ਼ਰਨ ਕੌਰ ਅਤੇ ਭਾਈ ਜੋਗਿੰਦਰ ਸਿੰਘ ਤਲਵਾੜਾ ਨੇ ਬਹੁਤ ਵੱਡਾ ਰੋਲ ਅਦਾ ਕੀਤਾ। ਬੀਬੀ ਜੀ ਨੇ ਆਪਣਾ ਘਰ ਛੇ ਮਹੀਨੇ ਲਈ ਛੱਡ ਛੱਡਿਆ ਅਤੇ ਤਲਵਾੜਾ ਜੀ ਨੇ ਦਫ਼ਤਰੋਂ ਲਗਤਾਰ ਤਿੰਨ-ਚਾਰ ਮਹੀਨੇ ਦੀ ਛੁੱਟੀ ਲੈ ਕੇ ਇਸ ਕੇਸ ਦੀ ਪੈਰਵੀ ਕੀਤੀ। ਉਹ ਦਿੱਲੀ ਅਤੇ ਚੰਡੀਗੜ੍ਹ ਜਾ ਕੇ ਵੱਡੇ ਵਕੀਲਾਂ ਨਾਲ ਲਗਾਤਾਰ ਸਲਾਹ-ਮਸ਼ਵਰਾ ਕਰਦੇ ਰਹੇ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਅਤੇ ਕੇਸ ਦੀ ਪੈਰਵੀ ਕਰ ਰਹੇ ਵਕੀਲਾਂ ਨਾਲ ਵੀ ਤਾਲਮੇਲ ਰੱਖਦੇ ਰਹੇ।

ਇਸ ਖ਼ੂਨੀ ਸਾਕੇ ਸਮੇਂ, ਪੰਜਾਬ ਦੀ ਅਕਾਲੀ ਸਰਕਾਰ ਅਤੇ ਕੇਂਦਰ ਵਿਚ ਇਨ੍ਹਾਂ ਦੀ ਭਾਈਵਾਲ ਜਨਤਾ ਪਾਰਟੀ ਦੀ ਸਰਕਾਰ, ਸਥਾਨਕ ਪ੍ਰਸ਼ਾਸਨ ਤੇ ਪੁਲਿਸ ਵੱਲੋਂ ਨਿਭਾਈ ਗਈ ਭੂਮਿਕਾ ਦੀ ਛਾਣ-ਬੀਣ ਕਰਨ ਤੋਂ ਇਹ ਸਾਫ਼ ਸਪੱਸ਼ਟ ਸੀ ਕਿ ਇਹ ਸਭ ਕੁਝ ਮਿਲੀ-ਭੁਗਤ ਨਾਲ ਵਾਪਰਿਆ। ਜੇਕਰ ਸਰਕਾਰ ਜਾਂ ਪ੍ਰਸ਼ਾਸਨ ਚਾਹੁੰਦਾ ਤਾਂ ਸਮੇਂ ਸਿਰ ਕਾਰਵਾਈ ਕਰ ਕੇ ਇਸ ਸਾਕੇ ਨੂੰ ਟਾਲਿਆ ਜਾ ਸਕਦਾ ਸੀ। ਸਿੱਖ ਸੰਗਤਾਂ ਦੀਆਂ ਮੁੱਖ ਮੰਗਾਂ ਨਕਲੀ ਬਾਬੇ ਅਤੇ ਉਸ ਦੇ ਚਾਟੜਿਆਂ, ਜਿਨ੍ਹਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਸੀ, ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਡੱਕਣਾ, ਇਨ੍ਹਾਂ ਦੀਆਂ ਕੁਫ਼ਰ-ਤੋੜ ਨਫ਼ਰਤ ਫੈਲਾਉਣ ਵਾਲੀਆਂ ਪੁਸਤਕਾਂ ਨੂੰ ਜ਼ਬਤ ਕਰਨਾ ਤੇ ਕੁਸੰਗ ਭਵਨਾਂ ਨੂੰ ਬੰਦ ਕਰਨਾ ਆਦਿ ਮੰਨਣ ਦੀ ਬਜਾਏ ਟਾਲ-ਮਟੋਲ ਦੀ ਨੀਤੀ ਹੀ ਅਪਣਾਈ ਗਈ। ਪੰਜਾਬ ਦੀ ਅਖੌਤੀ ਪੰਥਕ ਕਹਾਉਂਦੀ ਅਕਾਲੀ ਸਰਕਾਰ ਨੇ 27 ਅਗਸਤ ਨੂੰ ਸੰਗਤਾਂ ਦੇ ਦਬਾਅ ਹੇਠ ਸ੍ਰੀ ਅੰਮ੍ਰਿਤਸਰ ਵਿਖੇ ਬੰਦ ਕੀਤੇ ਕੁਸੰਗ ਘਰਾਂ ਨੂੰ ਖੋਲ੍ਹਣ ਦੀ ਆਗਿਆ ਦੇ ਦਿੱਤੀ ਅਤੇ ਨਾਲ ਹੀ ਚਿਤਾਵਨੀ ਦੇ ਦਿੱਤੀ

www.AKJ.Org

ਕਿ ਕਿਸੇ ਨੂੰ ਵੀ ਕਾਨੂੰਨ ਨੂੰ ਆਪਣੇ ਹੱਥਾਂ ਵਿਚ ਲੈਣ ਨਹੀਂ ਦਿੱਤਾ ਜਾਵੇਗਾ। ਸ੍ਰੀ ਅੰਮ੍ਰਿਤਸਰ ਵਿਖੇ ਰਾਣੀ ਕੇ ਬਾਗ਼ ਸਥਿਤ ਇਨ੍ਹਾਂ ਦੇ ਕੁਸੰਗ ਘਰ ਨੂੰ ਖੁਲ੍ਹਵਾਉਣ ਲਈ ਜਨਸੰਘੀ ਨੇਤਾ ਹਰਬੰਸ ਲਾਲ ਖੰਨਾ ਖ਼ੁਦ ਆਪ ਉਸ ਦੇ ਕੁਸੰਗ ਵਿਚ ਸ਼ਾਮਲ ਹੋਇਆ। ਦੂਸਰੇ ਪਾਸੇ ਬਾਬਾ ਜਰਨੈਲ ਸਿੰਘ ਜੀ ਨੇ ਵੀ ਐਲਾਨ ਕਰ ਦਿੱਤਾ ਕਿ ਇਹ ਕੁਸੰਗ ਕਿਸੇ ਵੀ ਕੀਮਤ 'ਤੇ ਨਹੀਂ ਹੋਣ ਦਿੱਤੇ ਜਾਣਗੇ।

ਸਿੱਖ ਸੰਗਤਾਂ, ਖ਼ਾਸਕਰ ਨੌਜਵਾਨ, ਜਿਹੜੇ ਕਿ ਪਹਿਲਾਂ ਹੀ ਬਹੁਤ ਰੋਹ ਵਿਚ ਸਨ, ਇਨ੍ਹਾਂ ਕਾਰਨਾਂ ਕਰਕੇ ਹੋਰ ਗ਼ੁੱਸੇ ਅਤੇ ਜੋਸ਼ ਵਿਚ ਭਰ ਗਈਆਂ। ਪੰਜਾਬ ਅਤੇ ਭਾਰਤ ਵਰਸ਼ ਦੇ ਸਾਰੇ ਸ਼ਹਿਰਾਂ ਵਿਚ ਨਕਲੀਆਂ ਦੇ ਕੁਸੰਗ ਘਰਾਂ ਨੂੰ ਬੰਦ ਕਰਾਉਣ ਲਈ ਮੁਜ਼ਾਹਰੇ, ਧਰਨੇ ਦੇਣੇ ਸ਼ੁਰੂ ਹੋ ਗਏ। ਕਈ ਵਾਰ ਸੰਗਤਾਂ ਨੂੰ ਪੁਲਿਸ ਦੇ ਤਸ਼ੱਦਦ ਦਾ ਸ਼ਿਕਾਰ ਵੀ ਹੋਣਾ ਪਿਆ। ਅਗਸਤ ਮਹੀਨੇ ਤੋਂ ਬਾਅਦ ਨਕਲੀਆਂ ਵਿਰੁੱਧ ਇਹ ਲਹਿਰ ਹੋਰ ਵੀ ਪ੍ਰਚੰਡ ਹੋ ਗਈ। ਇਹ ਨਕਲੀ ਬਾਬਾ ਪੰਜਾਬ ਵਿਚ ਤਾਂ ਫਿਰ ਨਹੀਂ ਵੜਿਆ, ਪਰੰਤੂ ਇਸ ਨੇ ਪੰਜਾਬੋਂ ਬਾਹਰ ਜਾਣਾ ਜਾਰੀ ਰੱਖਿਆ, ਪਰ ਸੰਗਤਾਂ ਦੇ ਰੋਹ ਅੱਗੇ ਕਈ ਥਾਈਂ ਬੇਰੰਗ ਵਾਪਸ ਮੁੜਿਆ, ਜਿਵੇਂ ਕਿ ਯੂ.ਪੀ. ਦੇ ਸ਼ਹਿਰ ਬਨਾਰਸ, ਆਜ਼ਮਗੜ੍ਹ, ਅਲਾਹਾਬਾਦ ਆਦਿ। ਅਲਾਹਾਬਾਦ ਤੋਂ ਚੱਲ ਕੇ ਇਹ ਨਕਲੀ ਬਾਬਾ ਆਪਣੇ ਹਥਿਆਰਬੰਦ ਗੁੰਡਿਆਂ ਸਮੇਤ 25 ਸਤੰਬਰ ਰਾਤ ਨੂੰ ਗੋਬਿੰਦ ਨਗਰ, ਕਾਨ੍ਹਪੁਰ, ਜਿਥੇ ਇਨ੍ਹਾਂ ਨੇ ਆਪਣਾ ਕੁਸੰਗ ਘਰ ਬਣਾਇਆ ਹੋਇਆ ਹੈ, ਪਹੁੰਚ ਗਿਆ। 26 ਸਤੰਬਰ ਸਾਢੇ ਨੌਂ ਵਜੇ ਸਵੇਰੇ, ਜੋ ਕਾਨ੍ਹਪੁਰ ਵਿਖੇ, ਅੰਮ੍ਰਿਤਸਰ ਦੀ ਤਰ੍ਹਾਂ ਫਿਰ ਖ਼ੂਨੀ ਸਾਕਾ ਵਰਤਿਆ, ਉਸ ਦਾ ਪੂਰਾ ਵੇਰਵਾ ਅਤੇ ਸ਼ਹੀਦ ਸਿੰਘਾਂ ਦੇ ਜੀਵਨ ਅੱਗੇ ਦਿੱਤੇ ਜਾ ਰਹੇ ਹਨ।

www.AKJ.Org

# ਕਾਨ੍ਹਪੁਰ ਖ਼ੂਨੀ ਸਾਕੇ ਦੀ ਕਹਾਣੀ

*—ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ*

ਕਾਨ੍ਹਪੁਰ ਸ਼ਹਿਰ ਉੱਤਰ ਪ੍ਰਦੇਸ਼ ਦਾ ਵੱਡਾ ਸਨਅਤੀ ਸ਼ਹਿਰ ਹੈ। ਇਥੋਂ ਦੀ ਆਬਾਦੀ 1978 ਵਿਚ 27 ਲੱਖ ਸੀ। ਪੰਜਾਬ ਅਤੇ ਦਿੱਲੀ ਤੋਂ ਬਾਅਦ ਬਾਹਰਲੇ ਸੂਬਿਆਂ ਵਿਚ ਸਿੱਖਾਂ ਦੀ ਆਬਾਦੀ ਦਾ ਇਹ ਗੜ੍ਹ ਮੰਨਿਆ ਜਾਂਦਾ ਸੀ। ਇਥੇ ਤਕਰੀਬਨ ਸਵਾ ਲੱਖ ਸਿੱਖਾਂ ਦੀ ਆਬਾਦੀ ਸੀ। ਨਕਲੀ ਨਿਰੰਕਾਰੀਆਂ, ਜਿਨ੍ਹਾਂ ਦੀ ਗਿਣਤੀ 15000 ਦੇ ਕਰੀਬ ਦੱਸੀ ਜਾਂਦੀ ਸੀ ਅਤੇ ਗੋਬਿੰਦ ਨਗਰ, ਜਿਹੜਾ ਸਿੱਖਾਂ ਦੀ ਆਬਾਦੀ ਦਾ ਗੜ੍ਹ ਸੀ, ਵਿਚ ਇਨ੍ਹਾਂ ਨੇ ਆਪਣਾ ਕੁਸੰਗ ਘਰ (ਭਵਨ) ਬਣਾਇਆ ਹੋਇਆ ਸੀ। ਸਿੱਖਾਂ ਦੀ ਜ਼ਿਆਦਾ ਆਬਾਦੀ ਗੁਮਟੀ ਨੰ. 5, ਗੋਬਿੰਦ ਨਗਰ, ਅਸ਼ੋਕ ਨਗਰ, ਰਣਜੀਤ ਨਗਰ, ਲਾਜਪਤ ਨਗਰ, ਜਵਾਹਰ ਨਗਰ, ਕਿਦਵਈ ਨਗਰ ਤੇ ਲਾਲ ਬੰਗਲੇ ਵਿਚ ਸੀ। ਉਸ ਸਮੇਂ 5 ਵੱਡੇ ਗੁਰਦੁਆਰੇ ਤੇ 19 ਛੋਟੇ ਗੁਰਦੁਆਰੇ ਸਨ। ਬਹੁਤੇ ਸਿੱਖ ਪਾਕਿਸਤਾਨ ਤੋਂ ਆ ਕੇ ਆਪਣਾ ਵਪਾਰ ਕਰਦੇ ਸਨ ਤੇ ਬਾਕੀ ਦੇ ਕੇਂਦਰੀ ਸਰਕਾਰ ਦੇ ਵੱਖ-ਵੱਖ ਮਹਿਕਮਿਆਂ ਦੇ ਮੁਲਾਜ਼ਮ ਸਨ।

ਨਕਲੀ ਬਾਬੇ ਦੀ ਕਾਨ੍ਹਪੁਰ ਵਿਚ ਆਮਦ ਦੀ ਖ਼ਬਰ ਸਿੱਖ ਸੰਗਤਾਂ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਸ੍ਰੀ ਅੰਮ੍ਰਿਤਸਰ ਦੇ ਸਾਕੇ ਤੋਂ ਬਾਅਦ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਨਕਲੀ ਬਾਬੇ ਤੇ ਉਸ ਦੇ ਪੈਰੋਕਾਰਾਂ ਵਿਰੁੱਧ ਕੋਈ ਠੋਸ ਕਾਰਵਾਈ ਨਾ ਕਰਨ ਕਰਕੇ ਸਿੱਖ ਸੰਗਤਾਂ ਵਿਚ ਇਨ੍ਹਾਂ ਵਿਰੁੱਧ ਰੋਹ ਅਤੇ ਜੋਸ਼ ਠਾਠਾਂ ਮਾਰ ਰਿਹਾ ਸੀ। ਵੱਡੇ ਗੁਰਦੁਆਰਿਆਂ ਖ਼ਾਸਕਰ ਗੁਰਦੁਆਰਾ ਕੀਰਤਨ ਗੜ੍ਹ, ਗੁੰਮਟੀ ਨੰ. 5, ਜਿਥੇ ਸੰਗਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤਿ ਦਿਵਸ ਮਨਾ ਰਹੀਆਂ ਸਨ, ਵਿਚ ਅੰਮ੍ਰਿਤ ਵੇਲੇ ਦੇ ਦੀਵਾਨ ਤੋਂ ਬਾਅਦ ਸਿੱਖ ਸੰਗਤਾਂ ਨੇ ਪੁਰ ਅਮਨ ਰਹਿ ਕੇ ਇਨ੍ਹਾਂ ਵਿਰੁੱਧ ਰੋਸ ਮੁਜ਼ਾਹਰਾ ਕਰਨ ਦਾ ਫ਼ੈਸਲਾ ਕੀਤਾ। ਬਣਾਈ ਗਈ ਯੋਜਨਾ ਅਧੀਨ ਸਿੱਖ ਸੰਗਤਾਂ ਨੇ 9 ਵਜੇ ਬਲਾਕ ਨੰ. 4, ਗੋਬਿੰਦ ਨਗਰ ਦੇ ਗੁਰਦੁਆਰੇ ਇਕੱਠੇ ਹੋਣਾ ਸੀ ਤੇ ਇਥੋਂ ਇਨ੍ਹਾਂ ਨਕਲੀਆਂ ਦਾ ਭਵਨ 3 ਕਿਲੋਮੀਟਰ ਦੀ ਦੂਰੀ ’ਤੇ ਹੈ, ਜਿਥੇ ਜਾ ਕੇ ਮੁਜ਼ਾਹਰਾ ਕਰਨਾ ਸੀ। ਕੋਈ 400-500 ਦੇ ਕਰੀਬ ਸਿੱਖ ਸੰਗਤ ਇਕੱਠੀ ਹੋ ਕੇ ਨੌਂ ਵਜੇ ਗੁਰਦੁਆਰਾ ਸਾਹਿਬ ਤੋਂ ਗੁਰਮੰਤਰ ਦਾ ਜਾਪ ਕਰਦੀ ਤੁਰ ਪਈ। ਗੁਮਟੀ ਨੰ. 5 ਤੋਂ ਸੰਗਤਾਂ ਦੇ ਚੱਲਣ ਵੇਲੇ ਅਰਦਾਸ ਸੰਤ ਬਾਬਾ ਮੋਹਨ ਸਿੰਘ ਜੀ ਨੇ ਕੀਤੀ ਸੀ। ਕੁਝ ਸਿੰਘਾਂ ਕੋਲ ਰਵਾਇਤੀ ਸ਼ਸਤਰ ਸ੍ਰੀ ਸਾਹਿਬ ਆਦਿ ਹੀ ਸਨ, ਹੋਰ ਕੋਈ ਮਾਰੂ ਹਥਿਆਰ ਨਹੀਂ ਸੀ। ਜ਼ਿਆਦਾਤਰ ਸਿੱਖ ਸੰਗਤਾਂ ਨਿਹੱਥੀਆਂ ਹੀ ਸਨ।। ਪੁਲਿਸ ਨੂੰ ਸੰਗਤਾਂ ਦੇ ਗੁਮਟੀ ਨੰ. 5 ਗੁਰਦੁਆਰੇ ਤੋਂ ਚੱਲਣ ਵੇਲੇ 8

www.AKJ.Org

ਵਜੇ ਹੀ ਖ਼ਬਰ ਮਿਲ ਗਈ ਸੀ। ਇਸ ਦੇ ਬਾਵਜੂਦ ਵੀ ਪੁਲਿਸ ਵੱਲੋਂ ਇਸ ਨੂੰ ਰੋਕਣ ਲਈ ਕੋਈ ਪੁਖ਼ਤਾ ਪ੍ਰਬੰਧ ਨਹੀਂ ਕੀਤੇ ਗਏ। ਪੁਲਿਸ ਬਿਲਕੁਲ ਅਵੇਸਲੀ ਰਹੀ। ਰਸਤੇ ਵਿਚ ਗੋਬਿੰਦ ਨਗਰ ਦੀ ਪੁਲਿਸ ਚੌਂਕੀ ਵੀ ਪੈਂਦੀ ਸੀ, ਪਰ ਪੁਲਿਸ ਦਾ ਕੋਈ ਆਹਲਾ ਅਧਿਕਾਰੀ ਜਾਂ ਡਿਊਟੀ ਮੈਜਿਸਟਰੇਟ ਹਾਲਤ ਨੂੰ ਕਾਬੂ ਵਿਚ ਰੱਖਣ ਲਈ ਉਥੇ ਤਾਇਨਾਤ ਨਹੀਂ ਸੀ ਕੀਤਾ ਗਿਆ।

ਸੰਗਤਾਂ ਤਕਰੀਬਨ ਸਾਢੇ ਨੌਂ ਵਜੇ ਭਵਨ ਦੇ ਬਾਹਰ ਪਹੁੰਚ ਗਈਆਂ। ਉਸ ਵੇਲੇ ਉਥੇ ਬਾਬੇ ਦੇ ਸੁਰੱਖਿਆ ਗਾਰਡ, ਪ੍ਰਾਈਵੇਟ ਫ਼ੌਜ ਦੇ ਖ਼ਾਕੀ ਵਰਦੀ ਪਹਿਨੇ ਵਲੰਟੀਅਰ ਅਤੇ ਪੁਲਿਸ ਦਾ ਇਕ ਛੋਟਾ ਅਧਿਕਾਰੀ ਕੁਝ ਸਿਪਾਹੀਆਂ ਸਮੇਤ ਮੌਜੂਦ ਸੀ। ਸੰਗਤਾਂ ਬਹੁਤ ਜੋਸ਼ ਵਿਚ ਸਨ। ਨਕਲੀ ਨਿਰੰਕਾਰੀਆਂ ਨੇ ਸੰਗਤਾਂ ਦੀ ਵੱਡੀ ਆਮਦ ਦੇਖ ਕੇ ਭਵਨ ਦੇ ਦਰਵਾਜ਼ੇ ਬੰਦ ਕਰ ਲਏ ਪਰ ਕਾਫ਼ੀ ਸੰਗਤਾਂ ਹੀਲੇ ਵਸੀਲੇ ਕਰ ਕੇ ਭਵਨ ਦੇ ਅੰਦਰ ਜਾਣ ਵਿਚ ਸਫਲ ਹੋ ਗਈਆਂ। ਨਕਲੀ ਨਿਰੰਕਾਰੀਆਂ ਦੇ ਕਾਫ਼ੀ ਪੈਰੋਕਾਰ ਡਰ ਕੇ ਉਥੋਂ ਭੱਜ ਗਏ, ਪਰੰਤੂ ਨਕਲੀ ਬਾਬੇ ਦੀ ਸੈਨਾ ਦੇ ਵਲੰਟੀਅਰਾਂ ਵੱਲੋਂ ਨਿਹੱਥੀਆਂ ਸਿੱਖ ਸੰਗਤਾਂ ਉੱਪਰ ਮਾਰੂ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਗਿਆ। ਚਸ਼ਮਦੀਦ ਗਵਾਹਾਂ ਮੁਤਾਬਕ ਪਹਿਲੀ ਗੋਲੀ ਨਕਲੀ ਨੇ ਆਪਣੇ ਰੀਵਾਲਵਰ ਤੋਂ ਚਲਾਈ। ਫਿਰ ਉਸ ਦੇ ਵਲੰਟੀਅਰਾਂ ਅਤੇ ਗੁੰਡਿਆਂ ਨੇ ਸੰਗਤਾਂ ਉਪਰ ਲਾਠੀਆਂ, ਡਾਂਗਾਂ, ਇੱਟਾਂ, ਪੱਥਰਾਂ ਦਾ ਮੀਂਹ ਵਰਸਾ ਦਿੱਤਾ, ਜਿਸ ਵਿਚ ਕਾਫ਼ੀ ਸੰਗਤਾਂ ਜ਼ਖ਼ਮੀ ਹੋ ਗਈਆਂ। ਇਕ ਸੂਰਬੀਰ ਬਹਾਦਰ ਯੋਧਾ ਭਾਈ ਜਗਜੀਤ ਸਿੰਘ, ਜੋ ਗਤਕੇ ਦਾ ਤਕੜਾ ਖਿਡਾਰੀ ਸੀ, ਫੁਰਤੀ ਨਾਲ ਪੌੜੀਆਂ ਚੜ੍ਹ ਗਿਆ ਤੇ ਚੁਬਾਰੇ, ਜਿਸ ਵਿਚ ਨਕਲੀ ਬਾਬਾ ਬੈਠਾ ਸੀ, ਦੇ ਦਰਵਾਜ਼ੇ ’ਤੇ ਪਹੁੰਚ ਗਿਆ, ਪਰ ਉਸ ਦੇ ਸੁਰੱਖਿਆ ਗਾਰਡਾਂ ਨੇ ਧੱਕਾ ਦੇ ਕੇ ਉਸ ਨੂੰ ਥੱਲੇ ਸੁੱਟ ਦਿੱਤਾ। ਇਕ ਸ੍ਰੀ ਸਾਹਿਬ ਉਸ ਕੋਲ ਪਹਿਲਾਂ ਸੀ ਤੇ ਇਕ ਹੋਰ ਸ੍ਰੀ ਸਾਹਿਬ ਲੈ ਕੇ ਦੋ ਹੱਥਾਂ ਵਿਚ ਸ੍ਰੀ ਸਾਹਿਬ ਫੜ ਕੇ ਉਸ ਨੇ ਗਤਕੇ ਦੇ ਐਸੇ ਜੌਹਰ ਦਿਖਾਏ ਕਿ ਨਕਲੀਆਂ ਨੂੰ ਭਾਜੜਾਂ ਪੈ ਗਈਆਂ ਅਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ। ਇਸ ਕਾਰਵਾਈ ਵਿਚ ਭਾਈ ਗੁਰਚਰਨਜੀਤ ਸਿੰਘ ਜੀ, ਜੋ ਨਵੰਬਰ 1984 ਵਿਚ ਇੰਦਰਾ ਗਾਂਧੀ ਦੇ ਕਤਲ ਵੇਲੇ ਹੋਏ ਦੰਗਿਆਂ ਵਿਚ ਸ਼ਹੀਦ ਹੋਇਆ ਸੀ, ਨੇ ਭਾਈ ਜਗਜੀਤ ਸਿੰਘ ਦਾ ਪੂਰਾ ਸਾਥ ਦਿੱਤਾ, ਕਿਉਂਕਿ ਉਹ ਵੀ ਗਤਕੇ ਦਾ ਤਕੜਾ ਖਿਡਾਰੀ ਸੀ। ਉਸ ਵੇਲੇ ਤਾਈਂ ਪੁਲਿਸ ਅਫ਼ਸਰ ਹੋਰ ਜ਼ਿਆਦਾ ਫ਼ੋਰਸ ਲੈ ਕੇ ਆ ਗਏ ਸਨ। ਉਨ੍ਹਾਂ ਨੇ ਵੀ ਸੰਗਤਾਂ ਨੂੰ ਤਿੱਤਰ-ਬਿੱਤਰ ਕਰਨ ਲਈ ਕੋਈ ਹੰਝੂ ਗੈਸ ਨਹੀਂ ਛੱਡੀ, ਨਾ ਹੀ ਲਾਠੀਚਾਰਜ ਕੀਤਾ, ਇਕਦਮ ਪੱਕੀਆਂ ਰਾਈਫ਼ਲਾਂ ਨਾਲ ਸਿੱਧੀ ਹੀ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਕ ਪਾਸੇ ਨਕਲੀ ਨਿਰੰਕਾਰੀਆਂ ਵੱਲੋਂ ਗੋਲੀਆਂ ਚੱਲ ਰਹੀਆਂ ਸਨ ਅਤੇ ਦੂਸਰੇ ਪਾਸੇ ਪੁਲਿਸ ਵੱਲੋਂ ਸੰਗਤਾਂ ਉਪਰ ਹੀ ਗੋਲੀ ਚਲਾਈ ਜਾ ਰਹੀ ਸੀ। ਬਹੁਤ ਸੰਗਤਾਂ ਨੇ ਆਪਣੇ ਬਚਾਓ ਵਾਸਤੇ ਇਧਰ-ਉਧਰ ਭੱਜਣਾ ਸ਼ੁਰੂ ਕਰ ਦਿੱਤਾ। ਕਾਇਦੇ ਕਾਨੂੰਨ ਛਿੱਕੇ ਟੰਗ ਕੇ ਪੁਲਿਸ ਵੱਲੋਂ ਲੱਤਾਂ ਜਾਂ ਪੈਰਾਂ ’ਤੇ ਗੋਲੀ ਮਾਰਨ ਦੀ ਬਜਾਏ ਸਿੱਧੀਆਂ ਸਿਰਾਂ ਜਾਂ ਛਾਤੀਆਂ ਵਿਚ ਗੋਲੀਆਂ ਮਾਰੀਆਂ ਗਈਆਂ। ਇਸ ਤਰ੍ਹਾਂ ਇਸ ਘਟਨਾ ਵਿਚ 8 ਸਿੰਘ ਸ਼ਹੀਦ

www.AKJ.Org

ਹੋ ਗਏ ਤੇ ਅਣਗਿਣਤ ਗੰਭੀਰ ਜ਼ਖ਼ਮੀ ਹੋ ਗਏ ਤੇ 5 ਰਾਹਗੀਰ ਅਤੇ ਨਕਲੀ ਵੀ ਮਾਰੇ ਗਏ। ਜਿਨ੍ਹਾਂ ਨੇ ਜ਼ਖ਼ਮੀਆਂ ਨੂੰ ਚੁੱਕਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਨੂੰ ਵੀ ਗੋਲੀਆਂ ਮਾਰੀਆਂ ਗਈਆਂ। ਗੋਲੀ ਕਾਂਡ ਵਾਪਰਨ ਵੇਲੇ ਤੋਂ ਲੈ ਕੇ 10 ਵਜੇ ਤਕ ਸਭ ਸੰਗਤਾਂ ਅੱਗੇ-ਪਿੱਛੇ ਹੋ ਗਈਆਂ ਸਨ। ਭੱਜ ਰਹੀਆਂ ਸੰਗਤਾਂ ’ਤੇ ਵੀ ਪਿੱਛੇ ਭੱਜ ਕੇ ਗੋਲੀਆਂ ਮਾਰੀਆਂ ਗਈਆਂ। ਇਕ ਸਿੰਘ ਭਾਈ ਮਨਮੋਹਨ ਸਿੰਘ, ਜੋ ਸਕੂਟਰ ’ਤੇ ਦੁਕਾਨ ’ਤੇ ਜਾ ਰਿਹਾ ਸੀ ਅਤੇ ਸਾਕਾ ਵਾਪਰਨ ਵੇਲੇ ਸੰਗਤਾਂ ਨਾਲ ਸ਼ਾਮਲ ਹੋ ਗਿਆ ਸੀ, ਜਦੋਂ ਇਸ ਘਟਨਾ ਤੋਂ 2 ਘੰਟੇ ਬਾਅਦ ਉਥੋਂ ਸਕੂਟਰ ਲੈਣ ਗਿਆ ਤਾਂ ਉਸ ਨੂੰ ਵੀ ਪੁਲਿਸ ਨੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ। ਇਕ ਗੋਲੀ ਉਸ ਦੀ ਪਿੱਠ, ਇਕ ਦਿਮਾਗ਼ ਅਤੇ ਇਕ ਛਾਤੀ ਵਿਚ ਲੱਗੀ।

ਗੰਭੀਰ ਜ਼ਖ਼ਮੀਆਂ ਨੂੰ ਵੱਖ-ਵੱਖ ਹਸਪਤਾਲਾਂ ਵਿਚ ਪਹੁੰਚਾਇਆ ਗਿਆ, ਜਿਨ੍ਹਾਂ ਵਿਚ ਭਾਈ ਕਿਸ਼ਨ ਸਿੰਘ ਜੀ ਅਨੇਕਾਂ ਕੋਸ਼ਿਸ਼ਾਂ ਦੇ ਬਾਵਜੂਦ ਰਾਤ ਅੱਠ ਵਜੇ ਚੜ੍ਹਾਈ ਕਰ ਗਏ। ਹਸਪਤਾਲਾਂ ਵਿਚ ਜ਼ਖ਼ਮੀਆਂ ਦਾ ਸਰਕਾਰੀ ਤੌਰ ’ਤੇ ਇਲਾਜ ਕਰਨ ਵਿਚ ਕਾਫ਼ੀ ਢਿੱਲ ਵਰਤੀ ਗਈ, ਪਰੰਤੂ ਸੰਗਤਾਂ ਤੇ ਸੰਬੰਧਤ ਪਰਿਵਾਰਾਂ ਨੇ ਆਪਣੇ ਤੌਰ ’ਤੇ ਚੰਗੇ ਇਲਾਜ ਲਈ ਪ੍ਰਬੰਧ ਕੀਤੇ। ਸ਼ਹੀਦ ਹੋਏ ਸਿੰਘਾਂ ਦੀਆਂ ਲਾਸ਼ਾਂ ਪੋਸਟ ਮਾਰਟਮ ਲਈ ਮੁਰਦਾਘਰਾਂ ਵਿਚ ਪਹੁੰਚਾਈਆਂ ਗਈਆਂ, ਜਿਨ੍ਹਾਂ ਦੀ ਸ਼ਨਾਖ਼ਤ ਸਾਰਾ ਦਿਨ ਹੁੰਦੀ ਰਹੀ ਤੇ ਦੇਰ ਰਾਤ ਤਾਈਂ ਸ਼ਹੀਦ ਹੋਏ ਸਿੰਘਾਂ ਦੇ ਕਈ ਪਰਿਵਾਰਾਂ ਨੂੰ ਖ਼ਬਰਾਂ ਪਹੁੰਚੀਆਂ ਕਿ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਪੰਥ ਲਈ ਗੁਰੂ ਚਰਨਾਂ ਵਿਚ ਸਮਾ ਚੁੱਕੇ ਹਨ।

## ਅੰਤਮ ਸੰਸਕਾਰ

ਇਸ ਘਟਨਾ ਦੀ ਖ਼ਬਰ ਇਕਦਮ ਸਾਰੇ ਦੇਸ਼ ਵਿਚ ਫੈਲ ਗਈ ਤੇ ਸਾਰੇ ਪਾਸਿਆਂ ਤੋਂ ਇਸ ਦੀ ਨਿੰਦਾ ਤੇ ਵਿਰੋਧਤਾ ਸ਼ੁਰੂ ਹੋ ਗਈ। ਕਾਨ੍ਹਪੁਰ ਦੀ ਪੁਲਿਸ ਵੱਲੋਂ ਨਿਭਾਈ ਭੂਮਿਕਾ ’ਤੇ ਉਂਗਲੀਆਂ ਉੱਠਣੀਆਂ ਸ਼ੁਰੂ ਹੋ ਗਈਆਂ ਤੇ ਲੱਗ ਰਿਹਾ ਸੀ ਕਿ ਇਸ ਘਟਨਾ ਵਿਚ ਵੀ ਨਕਲੀ ਨਿਰੰਕਾਰੀਆਂ ਅਤੇ ਪੁਲਿਸ ਦੀ ਆਮ ਸਿੱਖਾਂ ਨੂੰ ਸਬਕ ਸਿਖਾਉਣ ਲਈ ਆਪਸੀ ਗੰਢ-ਤਰੁੱਪ ਸੀ ਕਿਉਂਕਿ ਨਕਲੀ ਬਾਬੇ ਨੂੰ ਯੂ.ਪੀ. ਦੇ ਬਾਕੀ ਸ਼ਹਿਰਾਂ ਤੋਂ ਸਿੱਖਾਂ ਵੱਲੋਂ ਵਿਰੋਧ ਕਰਨ ਕਰਕੇ ਬੇਰੰਗ ਮੁੜਨਾ ਪਿਆ ਸੀ। ਸਿੱਖ ਆਬਾਦੀ ਵਾਲੇ ਸਾਰੇ ਇਲਾਕਿਆਂ ਵਿਚ ਇਕਦਮ ਕਰਫ਼ਿਊ ਲਗਾ ਦਿੱਤਾ ਗਿਆ ਤੇ ਗੁਰਦੁਆਰਿਆਂ ਦੇ ਅੱਗੇ ਵੀ ਪੁਲਿਸ ਤਾਇਨਾਤ ਕਰ ਦਿੱਤੀ ਗਈ। ਸਾਰੇ ਸ਼ਹਿਰ ਦੀਆਂ ਦੁਕਾਨਾਂ ਤੇ ਦਫ਼ਤਰ ਬੰਦ ਹੋ ਗਏ ਤੇ ਸੜਕਾਂ ’ਤੇ ਸੁੰਨਸਾਨ ਛਾ ਗਈ। ਪੰਥਕ ਨੇਤਾ, ਸ. ਗੁਰਚਰਨ ਸਿੰਘ ਟੌਹੜਾ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਜਗਦੇਵ ਸਿੰਘ ਤਲਵੰਡੀ, ਸ. ਹੁਕਮ ਸਿੰਘ ਪ੍ਰਧਾਨ, ਜਥੇਦਾਰ ਉਜਾਗਰ ਸਿੰਘ ਸੇਖਵਾਂ, ਸੀਨੀਅਰ ਮੀਤ-ਪ੍ਰਧਾਨ ਸਿੰਘ ਸਭਾ ਸ਼ਤਾਬਦੀ ਕਮੇਟੀ, ਜਥੇਦਾਰ ਰਛਪਾਲ ਸਿੰਘ, ਬੀਬੀ ਰਜਿੰਦਰ ਕੌਰ ਐਮ.ਪੀ., ਬੀਬੀ ਹਰਸ਼ਰਨ ਕੌਰ ਅਖੰਡ ਕੀਰਤਨੀ ਜਥਾ ਆਦਿ ਵੀ ਸ਼ਾਮ ਤਾਈਂ ਪੁੱਜਣੇ ਸ਼ੁਰੂ ਹੋ ਗਏ। ਮਿਤੀ 27 ਸਤੰਬਰ ਨੂੰ ਸ਼ਾਮ ਪੰਜ ਵਜੇ ਪੋਸਟ

www.AKJ.Org

ਮਾਰਟਮ ਤੋਂ ਬਾਅਦ ਸਾਰੇ ਸ਼ਹੀਦ ਹੋਏ ਸਿੰਘਾਂ ਦੀਆਂ ਲਾਸ਼ਾਂ ਇਕੱਠੀਆਂ ਹੀ, ਚਰਨ ਸਿੰਘ ਕਾਲੋਨੀ ਦੇ ਨੇੜੇ ਸ਼ਮਸ਼ਾਨ ਘਾਟ, ਜੋ ਸ਼ਹਿਰ ਤੋਂ 10 ਕਿਲੋਮੀਟਰ ਦੂਰ ਹੈ, ਨੂੰ ਜਲੂਸ ਦੀ ਸ਼ਕਲ ਵਿਚ ਲਿਜਾਇਆ ਗਿਆ। ਰਸਤੇ ਵਿਚ ਗੋਬਿੰਦ ਨਗਰ ਵਿਚ ਨਕਲੀਆਂ ਦਾ ਕੁਸੰਗ ਘਰ ਪੈਂਦਾ ਹੋਣ ਕਰਕੇ ਜਲੂਸ ਦਾ ਰਸਤਾ ਬਦਲਿਆ ਗਿਆ।

ਸ਼ਹੀਦ ਸਿੰਘਾਂ ਦੇ ਦਰਸ਼ਨਾਂ ਵਾਸਤੇ ਉਨ੍ਹਾਂ ਦੇ ਚਿਹਰੇ ਨੰਗੇ ਰੱਖੇ ਗਏ। ਸੰਗਤਾਂ ਤੇ ਆਮ ਲੋਕ ਮਕਾਨਾਂ ਦੀਆਂ ਛੱਤਾਂ, ਦਰੱਖ਼ਤਾਂ ਉਪਰ ਚੜ੍ਹ ਕੇ ਸ਼ਹੀਦਾਂ ਦੇ ਅੰਤਮ ਦਰਸ਼ਨ ਕਰ ਰਹੇ ਸਨ। ਮਾਹੌਲ ਬਹੁਤ ਭੈ-ਭੀਤ ਤੇ ਗ਼ਮਗੀਨ ਸੀ। ਵੱਡੀ ਗਿਣਤੀ ਵਿਚ ਪੁਲਿਸ ਤਾਇਨਾਤ ਸੀ। ਸਾਰਾ ਕਾਨ੍ਹਪੁਰ ਪੁਲਿਸ ਛਾਉਣੀ ਵਿਚ ਤਬਦੀਲ ਕਰ ਦਿੱਤਾ ਗਿਆ ਸੀ ਤੇ ਕਾਨ੍ਹਪੁਰ ਦੇ ਇਤਿਹਾਸ ਵਿਚ ਇਤਨੀ ਵੱਡੀ ਗਿਣਤੀ ਵਿਚ ਕਦੀ ਪੁਲਿਸ ਨਹੀਂ ਸੀ ਦੇਖੀ ਗਈ। ਜਲੂਸ ਪੋਸਟ ਮਾਰਟਮ ਹਾਊਸ ਤੋਂ ਚੱਲਿਆ ਅਤੇ ਰਾਹ ਵਿਚ ਗੁੰਮਟੀ ਨੰ. 5 ਦੇ ਗੁਰਦੁਆਰੇ ਪਹੁੰਚਿਆ, ਉਥੇ ਮੱਥਾ ਟੇਕਣ ਤੇ ਅਰਦਾਸ ਉਪਰੰਤ ਕੋਕਾ ਕੋਲਾ ਚੌਂਕ ਮੈਡੀਕਲ ਕਾਲਜ, ਫ਼ਜ਼ਲ ਰੋਡ, ਕਬਾੜੀ ਬਾਜ਼ਾਰ, ਗੁੰਮਟੀ ਨੰ. 5 ਪੁਲ ਤੋਂ ਹੁੰਦਾ ਹੋਇਆ ਸ਼ਮਸ਼ਾਨ ਘਾਟ ਰਾਤ 8 ਵਜੇ ਪਹੁੰਚਿਆ। ਸਾਰੇ ਸ਼ਹੀਦ ਸਿੰਘਾਂ ਦਾ ਇਕ ਥਾਂ ਅੰਗੀਠਾ ਤਿਆਰ ਕਰ ਕੇ ਪਾਠ ਅਤੇ ਅਰਦਾਸ ਉਪਰੰਤ ਅਗਨ ਭੇਟ ਕਰ ਦਿੱਤਾ ਗਿਆ। ਸ਼ਾਮ ਨੂੰ ਬਰਸਾਤ ਵੀ ਸ਼ੁਰੂ ਹੋ ਗਈ ਸੀ, ਜਿਸ ਕਰਕੇ ਸਾਰਾ ਇਲਾਕਾ ਥੋੜ੍ਹੇ ਥੋੜ੍ਹੇ ਪਾਣੀ ਵਿਚ ਡੁੱਬਾ ਹੋਇਆ ਸੀ। 28 ਸਤੰਬਰ, 7 ਵਜੇ ਸਵੇਰੇ ਸਿੱਖ ਸੰਗਤਾਂ ਟਰੱਕਾਂ, ਬੱਸਾਂ, ਮੋਟਰ ਸਾਈਕਲਾਂ, ਕਾਰਾਂ ਦੁਆਰਾ ਸ਼ਹਿਰ ਤੋਂ ਸ਼ਮਸ਼ਾਨ ਘਾਟ ਪਹੁੰਚੀਆਂ। ਪਹਿਲਾਂ ਜਪੁਜੀ ਸਾਹਿਬ ਦਾ ਪਾਠ ਕਰ ਕੇ ਫਿਰ ਅਰਦਾਸ ਕਰ ਕੇ ਸਾਰੇ ਅੰਗੀਠੇ ਨੂੰ ਬੋਰੀਆਂ ਵਿਚ ਇਕੱਠਾ ਕਰ ਲਿਆ ਗਿਆ। ਇਕ ਇਕ ਫੁੱਲ ਨਹੀਂ ਚੁਣਿਆ ਗਿਆ, ਜੋ ਕਿ ਮਨਮੱਤ ਹੁੰਦੀ ਹੈ। ਇਸ ਸਮੇਂ ਸ਼ਹੀਦ ਪਰਿਵਾਰਾਂ ਦੇ ਮੈਂਬਰ ਵੀ ਮੌਜੂਦ ਸਨ। ਜਲੂਸ ਦੀ ਸ਼ਕਲ ਵਿਚ ਪਹਿਲਾਂ ਗੋਬਿੰਦ ਨਗਰ ਗੁਰਦੁਆਰੇ, ਫਿਰ ਕੀਰਤਨ ਗੜ੍ਹ, ਗੁੰਮਟੀ ਨੰ. 5 ਅਤੇ ਇਥੋਂ ਭਗਵਤ ਘਾਟ ਜਿਥੇ ਗੰਗਾ ਵਹਿੰਦੀ ਹੈ, ਜਾ ਕੇ ਸਾਰੇ ਅੰਗੀਠੇ ਨੂੰ ਜਲ-ਪ੍ਰਵਾਹ ਕਰ ਦਿੱਤਾ ਗਿਆ। ਤਦ ਤਾਈਂ ਦੁਪਹਿਰ ਦੇ 11 ਵੱਜ ਚੁੱਕੇ ਸਨ। ਇਸ ਤੋਂ ਅਗਲੇ ਦਿਨ ਸਵੇਰੇ 9 ਵਜੇ ਗੁਰਦੁਆਰਾ ਕੀਰਤਨ ਗੜ੍ਹ ਗੁੰਮਟੀ ਨੰ. 5 ਕਾਨ੍ਹਪੁਰ ਭਾਰੀ ਸ਼ੋਕ ਦੀਵਾਨ ਸਜਿਆ, ਜਿਸ ਵਿਚ ਪੰਥਕ ਨੇਤਾਵਾਂ ਤੋਂ ਇਲਾਵਾ ਸ਼ਹਿਰ ਦੀਆਂ ਸਮੂਹ ਸੰਗਤਾਂ ਤੇ ਸਭਾ ਸੁਸਾਇਟੀਆਂ, ਜਥੇਬੰਦੀਆਂ ਸ਼ਾਮਲ ਹੋਈਆਂ। ਉਸ ਵਿਚ ਮਤਾ ਪਾਸ ਕਰ ਕੇ ਗੁਰਬਚਨੇ ’ਤੇ 302 ਦਾ ਮੁਕੱਦਮਾ ਦਰਜ ਕਰ ਕੇ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਸੁੱਟਣ, ਉਸ ਦੀਆਂ ਗਤੀਵਿਧੀਆਂ, ਕੁਸੰਗ ਘਰ ਬੰਦ ਕਰਨ ਤੇ ਕਿਤਾਬਾਂ ’ਤੇ ਪਾਬੰਦੀ ਲਾਉਣ ਤੇ ਇਸ ਸਾਕੇ ਦੀ ਅਦਾਲਤੀ ਜਾਂਚ ਕਰਾਉਣ ਦੀ ਮੰਗ ਕੀਤੀ। ਸ਼ਹੀਦ ਪਰਿਵਾਰਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਸਿੰਘ ਸਭਾ ਕਾਨ੍ਹਪੁਰ, ਇਕ ਉੱਘੇ ਸਨਅਤਕਾਰ ਗੁਰਦੀਪ ਸਿੰਘ ਵੱਲੋਂ ਮਾਇਕ ਸਹਾਇਤਾ ਦੇਣ ਦਾ ਐਲਾਨ ਵੀ ਕੀਤਾ ਗਿਆ। ਸਿੰਘਾਂ ਤੇ ਪੁਲਿਸ ਵੱਲੋਂ ਦਰਜ ਕੀਤੇ ਮੁਕੱਦਮੇ ਲਈ ਵਿਸ਼ੇਸ਼ ਫ਼ੰਡ ’ਤੇ ਡੀਫ਼ੈਂਸ ਕਮੇਟੀ ਵੀ ਬਣਾਈ ਗਈ।

www.AKJ.Org

ਇਨ੍ਹਾਂ ਸਾਰੇ ਸਿੰਘਾਂ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਸਾਹਿਬ, ਕੀਰਤਨ ਤੇ ਸ਼ਰਧਾਂਜਲੀ ਸਮਾਗਮ ਮੋਤੀ ਝੀਲ ਨੇੜੇ ਬਹੁਤ ਵੱਡੇ ਖੁੱਲ੍ਹੇ ਮੈਦਾਨ ਵਿਚ 8 ਅਕਤੂਬਰ ਨੂੰ ਹੋਇਆ। ਸ਼ਹੀਦਾਂ ਦੀਆਂ ਫ਼ੋਟੋਆਂ ਦੀ ਪ੍ਰਦਰਸ਼ਨੀ ਵੀ ਲਾਈ ਗਈ ਤੇ ਕਾਲੇ ਝੰਡੇ ਲਾ ਕੇ ਮਾਤਮ ਦਾ ਪ੍ਰਗਟਾਵਾ ਕੀਤਾ ਗਿਆ। ਦੇਸ-ਪ੍ਰਦੇਸ ਤੋਂ ਸਿੱਖ ਨੇਤਾ, ਸਿੰਘ ਸਭਾਵਾਂ, ਪੰਥਕ ਜਥੇਬੰਦੀਆਂ ਦੇ ਨੁਮਾਇੰਦੇ ਇਸ ਸਮਾਗਮ ਵਿਚ ਸ਼ਾਮਲ ਹੋਏ।

www.AKJ.Org

# ਕਾਨ੍ਹਪੁਰ ਦੇ ਸ਼ਹੀਦਾਂ ਦਾ ਜੀਵਨ

*—'ਸੂਰਾ' ਪਰਿਵਾਰ*

ਸ੍ਰੀ ਅੰਮ੍ਰਿਤਸਰ ਵੈਸਾਖੀ ਦੇ ਖ਼ੂਨੀ ਸਾਕੇ ਪਿੱਛੋਂ 26 ਸਤੰਬਰ ਨੂੰ ਕਾਨ੍ਹਪੁਰ ਵਿਖੇ ਨਕਲੀ ਨਿਰੰਕਾਰੀ ਆਗੂ ਗੁਰਬਚਨ ਸਿੰਘ ਦੇ ਪੁੱਜਣ 'ਤੇ ਸਿੱਖ ਸੰਗਤਾਂ ਉਨ੍ਹਾਂ ਦੇ ਕੁਸੰਗ ਭਵਨ ਤੇ ਪੁਰ-ਅਮਨ ਰੋਸ ਪ੍ਰਗਟ ਕਰਨ ਲਈ ਗਈਆਂ। ਉਥੇ ਜੋ ਗੁਰੂ ਕੇ ਸੇਵਕ ਸ਼ਹੀਦੀਆਂ ਪ੍ਰਾਪਤ ਕਰ ਗਏ, ਉਨ੍ਹਾਂ ਦੇ ਥੋੜ੍ਹੇ ਬਹੁਤੇ ਜੀਵਨ ਸ਼ਹੀਦ ਡੀਫ਼ੈਂਸ ਕਮੇਟੀ, ਸ੍ਰੀ ਗੁਰੂ ਸਿੰਘ ਸਭਾ, ਕਾਨ੍ਹਪੁਰ ਵੱਲੋਂ ਹਿੰਦੀ ਵਿਚ ਛਪੇ ਹਨ ਅਤੇ ***ਗਰਜ*** ਦਿੱਲੀ, ***ਅਜੀਤ*** ਤੇ ***ਅਕਾਲੀ ਪੱਤ੍ਰਿਕਾ***, ਜਲੰਧਰ ਨੇ ਵੀ ਛਾਪੇ ਹਨ। ਸ਼ਹੀਦ ਜਗਜੀਤ ਸਿੰਘ ਦੇ ਜੀਵਨ ਬਾਰੇ ਜਾਣਕਾਰੀ, ਜੋ ਉਨ੍ਹਾਂ ਦੇ ਵੱਡੇ ਭਰਾ ਭਾਈ ਸੁਰਿੰਦਰ ਸਿੰਘ ਜੀ ਲੁਧਿਆਣਾ ਅਤੇ ਭਾਈ ਗੁਰਚਰਨਜੀਤ ਸਿੰਘ ਸ਼ਹੀਦ (ਕਾਨ੍ਹਪੁਰ) ਵੱਲੋਂ ਵੀ ਮਿਲੀ ਹੈ। ਇਨ੍ਹਾਂ ਸਭਨਾਂ ਦੀ ਸਹਾਇਤਾ ਨਾਲ ਅਸੀਂ ਸ਼ਹੀਦਾਂ ਦੀਆਂ ਪ੍ਰਾਪਤ ਹੋਈਆਂ ਜੀਵਨੀਆਂ ਦੇ ਰਹੇ ਹਾਂ।

## (ੳ) ਇਸ ਸਾਕੇ ਵਿਚ ਸ਼ਹੀਦ ਹੋਏ ਸਿੰਘਾਂ ਦੇ ਨਾਂ-ਪਤੇ ਹੇਠ ਲਿਖੇ ਹਨ

1. ਭਾਈ ਜਗਜੀਤ ਸਿੰਘ ਜੀ ਸਪੁੱਤਰ ਸ. ਗੁਰਦਿਆਲ ਸਿੰਘ ਜੀ, 119/37, ਨਸੀਮਾਬਾਦ, ਡਾਕਖ਼ਾਨਾ ਰਾਮ ਕਿਸ਼ਨ ਨਗਰ, ਗੁਮਟੀ ਨੰ. 5, ਕਾਨ੍ਹਪੁਰ।
2. ਭਾਈ ਕਿਸ਼ਨ ਸਿੰਘ ਜੀ ਸਪੁੱਤਰ ਸ. ਟਿਕਨ ਸਿੰਘ ਜੀ, 16/1, ਚਰਨ ਸਿੰਘ ਕਾਲੋਨੀ, ਹਲਵਾ ਖਾੜਾ, ਡਾਕਖ਼ਾਨਾ ਜੂਹੀ, ਗੋਬਿੰਦ ਨਗਰ, ਕਾਨ੍ਹਪੁਰ।
3. ਭਾਈ ਕਸ਼ਮੀਰ ਸਿੰਘ ਜੀ ਸਪੁੱਤਰ ਸ. ਕੁੰਦਨ ਸਿੰਘ ਜੀ, 124/282, ਬਲਾਕ ਨੰਬਰ 12-ਬੀ, ਗੋਬਿੰਦ ਨਗਰ, ਕਾਨ੍ਹਪੁਰ।
4. ਸਰਦਾਰਨੀ ਦਰਸ਼ਨ ਕੌਰ ਜੀ ਸੁਪਤਨੀ ਸ. ਹਰਨਾਮ ਸਿੰਘ ਜੀ, 29/8, ਬਲਾਕ ਨੰਬਰ 3, ਗੋਬਿੰਦ ਨਗਰ, ਕਾਨ੍ਹਪੁਰ।
5. ਭਾਈ ਮਨਮੋਹਨ ਸਿੰਘ ਜੀ ਸਪੁੱਤਰ ਸ. ਚਰਨ ਸਿੰਘ ਜੀ ਚਾਵਲਾ, 35/4, ਬਲਾਕ ਨੰਬਰ 4, ਗੋਬਿੰਦ ਨਗਰ, ਕਾਨ੍ਹਪੁਰ।
6. ਭਾਈ ਹਰਚਰਨ ਸਿੰਘ ਜੀ ਸਪੁੱਤਰ ਸ. ਬਲਵੰਤ ਸਿੰਘ ਜੀ, ਮਕਾਨ ਨੰਬਰ 12/2, ਬੰਬਾ ਰੋਡ, ਗੁਮਟੀ ਨੰਬਰ 5, ਕਾਨ੍ਹਪੁਰ।
7. ਭਾਈ ਗੁਰਜੀਤ ਸਿੰਘ ਸਪੁੱਤਰ ਸ. ਜੋਗਿੰਦਰ ਸਿੰਘ ਜੀ ਵਾਸੂ, 193/8, ਸ਼ਾਸਤਰੀ ਨਗਰ, ਕਾਨ੍ਹਪੁਰ।
8. ਭਾਈ ਬਲਵੰਤ ਸਿੰਘ ਜੀ ਸਪੁੱਤਰ ਸ. ਮਹਾਂ ਸਿੰਘ ਜੀ, 12/2, ਸਬਜ਼ੀ ਮੰਡੀ, ਬੰਬਾ ਰੋਡ, ਕਾਨ੍ਹਪੁਰ।

www.AKJ.Org

## (ਅ) 26-9-78 ਨੂੰ ਵਰਤੇ ਸ਼ਹੀਦੀ ਸਾਕਾ ਕਾਨ੍ਹਪੁਰ ਦੇ ਫੱਟੜਾਂ ਦੀ ਸੂਚੀ

ਇਸ ਸਾਕੇ ਵਿਚ ਹੇਠਾਂ ਦਿੱਤੇ ਗਏ ਜ਼ਖ਼ਮੀਆਂ ਵਿੱਚੋਂ ਪਹਿਲੇ ਦੋ ਜਾਗੇਸ਼ਵਰ ਅਗਰਵਾਲ ਨਗਰ ਪਾਲਕਾ ਹਸਪਤਾਲ, ਗੋਬਿੰਦ ਨਗਰ ਕਾਨ੍ਹਪੁਰ ਅਤੇ ਬਾਕੀ ਐੱਲ.ਐੱਲ.ਆਰ. ਹਸਪਤਾਲ, ਕਾਨ੍ਹਪੁਰ ਵਿਚ ਦਾਖ਼ਲ ਰਹੇ :

1. ਭਾਈ ਦਲਜੀਤ ਸਿੰਘ ਜੀ ਸਪੁੱਤਰ ਸ. ਕਰਤਾਰ ਸਿੰਘ ਜੀ, ਉਮਰ 25 ਸਾਲ, 118/154, ਬੰਬਾ ਰੋਡ, ਕੌਸ਼ਲ ਪੁਰੀ, ਕਾਨ੍ਹਪੁਰ। ਸਿਰ ਵਿਚ, ਪੁੜਪੁੜੀ ਵਿਚ ਤੇ ਪਿੱਠ 'ਤੇ ਲਾਠੀਆਂ ਲੱਗੀਆਂ ਹਨ ਅਤੇ ਟਾਂਕੇ ਲੱਗੇ।
2. ਭਾਈ ਭਗਵਾਨ ਸਿੰਘ ਜੀ ਸਪੁੱਤਰ ਸ. ਤਾਰਾ ਸਿੰਘ ਜੀ, ਉਮਰ 60 ਸਾਲ, ਕੁਆਟਰ ਨੰਬਰ 15/15, ਬਲਾਕ ਨੰਬਰ 2, ਗੋਬਿੰਦ ਨਗਰ, ਕਾਨ੍ਹਪੁਰ। ਸੱਜੀ ਲੱਤ ਗੋਡੇ ਦੇ ਹੇਠ ਗੋਲੀ ਲੱਗੀ ਅਤੇ ਹੱਡੀ ਟੁੱਟ ਗਈ।
3. ਭਾਈ ਪ੍ਰਿਤਪਾਲ ਸਿੰਘ ਜੀ ਸਪੁੱਤਰ ਸ. ਰਵੇਲ ਸਿੰਘ ਜੀ, ਉਮਰ 30 ਸਾਲ, ਕੁਆਟਰ ਨੰਬਰ 35/14, ਬਲਾਕ ਨੰਬਰ 4, ਗੁ. ਗੋਬਿੰਦ ਸਿੰਘ, ਕਾਨ੍ਹਪੁਰ। ਦੋ ਗੋਲੀਆਂ ਪੱਟ ਵਿਚ, ਇਕ ਗੋਲੀ ਰੀੜ੍ਹ ਵਾਲੀ ਹੱਡੀ ਦੇ ਹੇਠ।
4. ਪ੍ਰੋਫ਼ੈਸਰ ਕਾਹਨ ਸਿੰਘ ਜੀ ਅਰੋੜਾ ਸਪੁੱਤਰ ਸ. ਨਾਨਕ ਸਿੰਘ ਜੀ, ਉਮਰ 32 ਸਾਲ, 124/107, ਡੀ. ਬਲਾਕ, ਗੋਬਿੰਦ ਨਗਰ, ਕਾਨ੍ਹਪੁਰ। ਪੇਟ ਵਿਚ ਗੋਲੀ ਲੱਗੀ।
5. ਭਾਈ ਹਰਭਜਨ ਸਿੰਘ ਜੀ ਆਜਿਜ਼, ਕਨਵੀਨਰ 'ਰਣਜੀਤ ਨਗਾਰਾ', ਸਪੁੱਤਰ ਸ. ਜੈਮਲ ਸਿੰਘ ਜੀ, ਉਮਰ 43 ਸਾਲ, 117/H-2, 104, ਪਾਂਡੂ ਨਗਰ, ਕਾਨ੍ਹਪੁਰ। ਸਿਰ ਵਿਚ ਅਤੇ ਬਾਹਾਂ 'ਤੇ ਲਾਠੀਆਂ ਲੱਗੀਆਂ ਅਤੇ ਪਿਸ਼ਾਬ ਵਾਲੀ ਥਾਂ ਲਾਗੇ ਇੱਟ ਲੱਗੀ।
6. ਭਾਈ ਸਰਦਾਰ ਸਿੰਘ ਜੀ ਸਪੁੱਤਰ ਸ. ਲੱਧਾ ਸਿੰਘ ਜੀ ਬੱਗਾ, ਉਮਰ 79 ਸਾਲ, 118/295, 118/345, ਕੌਸ਼ਲਪੁਰੀ, ਕਾਨ੍ਹਪੁਰ। ਖੱਬੀ ਵੱਖੀ ਲੱਕ ਦੇ ਉਪਰ ਗੋਲੀ ਲੱਗੀ। ਖੱਬੀ ਬਾਂਹ, ਖੱਬੀ ਲੱਤ ਅਤੇ ਮੋਢੇ 'ਤੇ ਲਾਠੀਆਂ ਲੱਗੀਆਂ। ਖੱਬੇ ਹੱਥ ਦੀ ਹੱਡੀ ਟੁੱਟ ਗਈ।
7. ਭਾਈ ਜੋਗਿੰਦਰ ਸਿੰਘ ਜੀ ਸਪੁੱਤਰ ਸ. ਪ੍ਰੀਤਮ ਸਿੰਘ ਜੀ, ਉਮਰ 40 ਸਾਲ, 41/4, ਲੇਬਰ ਕਾਲੋਨੀ, ਕਾਨ੍ਹਪੁਰ। ਸਿਰ ਵਿਚ ਸਾਹਮਣੇ ਮੱਥੇ ਦੇ ਨਾਲ ਗੋਲੀ ਲੱਗੀ। ਦੋਹਾਂ ਬਾਹਾਂ 'ਤੇ ਲਾਠੀਆਂ ਲੱਗੀਆਂ।
8. ਭਾਈ ਅਨੂਪ ਸਿੰਘ ਜੀ ਸਪੁੱਤਰ ਸ. ਕਿਸ਼ਨ ਸਿੰਘ ਜੀ, ਉਮਰ 20 ਸਾਲ, ਵਿਦਿਆਰਥੀ ਐਮ.ਏ. Eco. (P), 118/350-ਏ, ਕੌਸ਼ਲਪੁਰੀ, ਕਾਨ੍ਹਪੁਰ। ਸੱਜੀ ਬਾਂਹ ਵਿਚ ਗੋਲੀ ਲੱਗੀ, ਉਂਗਲੀਆਂ ਅਤੇ ਪਿੱਠ 'ਤੇ ਡਾਂਗਾਂ ਲੱਗਣ ਦੇ ਜ਼ਖ਼ਮ।
9. ਭਾਈ ਇਕਬਾਲ ਸਿੰਘ ਜੀ ਸਪੁੱਤਰ ਸ. ਕਿਸ਼ਨ ਸਿੰਘ ਜੀ, ਉਮਰ 17 ਸਾਲ, (ਬਾਕੀ ਵੇਰਵਾ ਉਪਰ 8 ਨੰਬਰ ਵਾਲਾ ਹੈ)। ਗਰਦਨ ਵਿਚ ਗੋਲੀ ਲੱਗੀ।
10. ਭਾਈ ਜਸਵੰਤ ਸਿੰਘ ਜੀ ਪੰਛੀ ਸਪੁੱਤਰ ਸ. ਕੇਹਰ ਸਿੰਘ ਜੀ, ਉਮਰ 40 ਸਾਲ, 353/2, ਸ਼ਾਸਤਰੀ ਨਗਰ, ਕਾਨ੍ਹਪੁਰ। ਸੱਜੇ ਪੱਟ ਵਿਚ ਗੋਲੀ ਲੱਗੀ।

www.AKJ.Org

11. ਸ੍ਰੀ ਅਸ਼ੋਕ ਸਪੁੱਤਰ ਸ੍ਰੀ ਰਾਮਦਾਸ, ਉਮਰ 20 ਸਾਲ, 124/A-192, ਬਲਾਕ ਨੰਬਰ 11, ਗੋਬਿੰਦ ਨਗਰ, ਕਾਨ੍ਹਪੁਰ। ਸੱਜੀ ਬਾਂਹ ਵਿਚ ਗੋਲੀ ਲੱਗੀ।
12. ਭਾਈ ਗੁਰਬਚਨ ਸਿੰਘ ਜੀ ਸਪੁੱਤਰ ਸ. ਭਗਤ ਸਿੰਘ ਜੀ, ਉਮਰ 72 ਸਾਲ, 118/439, ਕੌਸ਼ਲਪੁਰੀ। ਗੋਲੀ ਖੱਬੀ ਬਾਂਹ ਵਿਚ ਲੱਗੀ। ਹੱਡੀ ਟੁੱਟੀ।
13. ਭਾਈ ਗੁਰਚਰਨ ਸਿੰਘ ਜੀ ਸਪੁੱਤਰ ਸ. ਮਹਾਂ ਸਿੰਘ ਜੀ, ਉਮਰ 30 ਸਾਲ, ਸ਼ਹੀਦ ਕਾਕਾ ਬਲਵੰਤ ਸਿੰਘ ਦੇ ਭਾਈ, 12/2, ਸਬਜ਼ੀ ਮੰਡੀ, ਬੰਬਾ ਰੋਡ, ਕਾਨ੍ਹਪੁਰ। ਸੱਜੀ ਵੱਖੀ ਵਿਚ ਗੋਲੀ ਲੱਗੀ।
14. ਭਾਈ ਕਰਮ ਸਿੰਘ ਜੀ, ਅਲੀਗੜ੍ਹ। ਸੱਜੀ ਲੱਤ ਵਿਚ ਗੋਲੀ ਲੱਗੀ।

## 1. ਸ਼ਹੀਦ ਭਾਈ ਜਗਜੀਤ ਸਿੰਘ ਜੀ ਕਾਨ੍ਹਪੁਰ



26 ਸਤੰਬਰ 1978 ਨੂੰ ਕਾਨ੍ਹਪੁਰ ਵਿਚ ਨਕਲੀ ਨਿਰੰਕਾਰੀਆਂ ਹੱਥੋਂ ਸ਼ਹੀਦ ਹੋਏ ਭਾਈ ਜਗਜੀਤ ਸਿੰਘ ਜੀ ਦਾ ਜਨਮ 15 ਮਈ 1955 ਨੂੰ ਮਾਤਾ ਮਹਿੰਦਰ ਕੌਰ ਜੀ ਦੀ ਕੁੱਖੋਂ ਪਿਤਾ ਸ. ਗੁਰਦਿਆਲ ਸਿੰਘ ਜੀ ਦੇ ਘਰ ਕਾਨ੍ਹਪੁਰ ਵਿਚ ਹੋਇਆ। ਆਪ ਜੀ ਦੇ ਮਾਤਾ-ਪਿਤਾ ਦੇਸ਼ ਦੀ ਵੰਡ ਤੋਂ ਪਹਿਲਾਂ ਪਿੰਡ ਕਾਜ਼ੀ ਚੱਕ, ਡਾਕਖ਼ਾਨਾ ਦੀਨ, ਜ਼ਿਲ੍ਹਾ ਜੇਹਲਮ (ਪਾਕਿਸਤਾਨ) ਵਿਚ ਰਹਿੰਦੇ ਸਨ। ਵੰਡ ਤੋਂ ਬਾਅਦ ਇਹ ਪਰਿਵਾਰ ਕਾਨ੍ਹਪੁਰ ਵਿਚ ਆ ਕੇ ਵੱਸ ਗਿਆ। ਇਨ੍ਹਾਂ ਦੇ ਚਾਰ ਭਰਾ ਵੱਡੇ ਅਤੇ ਇਕ ਛੋਟਾ ਭਰਾ ਹੈ ਅਤੇ ਇਕ ਭੈਣ ਹੈ। ਆਪ ਜੀ ਦੇ ਪਿਤਾ ਜੀ ਮੋਟਰ ਪਾਰਟਸ ਦਾ ਕੰਮ ਕਰਦੇ ਰਹੇ ਅਤੇ ਮਾਇਕ ਹਾਲਤ ਪਰਿਵਾਰ ਦੇ ਚੰਗੇ ਗੁਜ਼ਾਰੇ ਜੋਗੀ ਸੀ। ਇਨ੍ਹਾਂ ਦੇ ਵੱਡੇ ਭਰਾ ਸ. ਕੁਲਵੰਤ ਸਿੰਘ ਅਤੇ ਗੁਰਚਰਨ ਸਿੰਘ, ਜੋ ਕਿ ਇਨ੍ਹਾਂ ਦੀ ਸ਼ਹੀਦੀ ਤਾਈਂ ਗੁਰੂ ਵਾਲੇ ਨਹੀਂ ਬਣੇ ਸਨ, ਪਰੰਤੂ ਇਨ੍ਹਾਂ ਦੀ ਕੀਤੀ ਕੁਰਬਾਨੀ ਰੰਗ ਲਿਆਈ ਤੇ ਉਹ ਵੀ ਅੰਮ੍ਰਿਤ ਛਕ ਕੇ ਗੁਰੂ ਦੇ ਲੜ ਲੱਗੇ। ਇਨ੍ਹਾਂ ਦੇ ਮਾਤਾ-ਪਿਤਾ ਇਨ੍ਹਾਂ ਦੀ ਸ਼ਹੀਦੀ ਤੋਂ ਤਕਰੀਬਨ ਇਕ ਸਾਲ ਪਹਿਲਾਂ ਅਕਤੂਬਰ 1977 ਵਿਚ ਦਿੱਲੀ ਦੁਸਹਿਰੇ ਸਮਾਗਮ 'ਤੇ ਪੰਚਾਂ ਦੇ ਪੇਸ਼ ਹੋ ਕੇ ਤਿਆਰ-ਬਰ-ਤਿਆਰ ਹੋ ਗਏ ਸਨ। ਇਨ੍ਹਾਂ ਦੀ ਭੈਣ ਇਕਬਾਲ ਕੌਰ ਜੀ ਬਚਪਨ ਤੋਂ ਹੀ ਕੇਸਕੀ ਸਜਾਉਂਦੀ ਹੈ। ਸਕੂਲ ਦੇ ਬੜੇ ਬਿਖੜੇ ਤੇ ਕਰੜੇ ਨੁਕਤਾਚੀਨੀ ਦੇ ਮਾਹੌਲ ਵਿਚ ਅਨੇਕਾਂ ਮੁਸ਼ਕਲਾਂ ਦੇ ਬਾਵਜੂਦ ਵੀ ਇਸ ਬੱਚੀ ਨੇ ਦ੍ਰਿੜ੍ਹਤਾ ਨਾਲ ਕੇਸਕੀ ਰਹਿਤ 'ਤੇ ਪਹਿਰਾ ਦਿੱਤਾ। ਬਾਕੀ ਸਾਰੇ ਭੈਣ-ਭਰਾ ਤਾਂ ਪਹਿਲਾਂ ਹੀ ਤਿਆਰ-ਬਰ-ਤਿਆਰ ਸਨ। ਆਪ ਜੀ ਦੇ

www.AKJ.Org



ਮਾਤਾ-ਪਿਤਾ ਭਾਗਾਂ ਵਾਲੇ ਹਨ, ਜਿਨ੍ਹਾਂ ਦੇ ਸਪੂਤ ਨੇ ਗੁਰੂ ਪਾਤਿਸ਼ਾਹ ਦੇ ਸਤਿਕਾਰ ਹਿੱਤ ਆਪਣੀ ਜਾਨ ਕੁਰਬਾਨ ਕਰ ਕੇ ਆਪਣਾ ਨਾਮ ਅਮਰ ਕਰਨ ਦੇ ਨਾਲ ਨਾਲ ਮਾਤਾ-ਪਿਤਾ ਦੀ ਕੁੱਖ ਵੀ ਸਫਲ ਕਰ ਦਿੱਤੀ ਹੈ। ਭਾਈ ਸਾਹਿਬ ਜੀ ਦੀ ਮਾਤਾ ਜੀ ਅਤੇ ਭੈਣ ਜੀ, ਦੋਨੋਂ ਨਕਲੀ ਨਿਰੰਕਾਰੀਆਂ ਵਿਰੁੱਧ ਕੱਢੇ ਰੋਸ ਮੁਜ਼ਾਹਰੇ ਵਿਚ ਸ਼ਾਮਲ ਹੋ ਕੇ ਕੁਸੰਗ ਘਰ ਵਿਚ ਪੁੱਜੀਆਂ ਹੋਈਆਂ ਸਨ। ਉਸ ਸਮੇਂ ਮਾਤਾ ਜੀ ਦੇ ਸੀਸ ਵਿਚ ਪੱਥਰ ਵੀ ਵੱਜਾ ਸੀ, ਪਰ ਰਤਾ ਵੀ ਘਬਰਾਹਟ ਨਹੀਂ ਆਈ ਅਤੇ ਸਿੱਖ ਸੰਗਤਾਂ ਨਾਲ ਚੜ੍ਹਦੀਆਂ ਕਲਾਂ ਵਿਚ ਵਿਚਰਦੇ ਰਹੇ। ਇਨ੍ਹਾਂ ਬੀਬੀਆਂ 'ਤੇ ਪੁਲਿਸ ਵੱਲੋਂ ਪਰਚਾ ਵੀ ਦਾਖ਼ਲ ਕੀਤਾ ਗਿਆ ਸੀ ਤੇ ਕਾਫ਼ੀ ਚਿਰ ਇਨ੍ਹਾਂ ਨੂੰ ਅਗਿਆਤਵਾਸ ਵਿਚ ਵੀ ਰਹਿਣਾ ਪਿਆ ਸੀ।

ਭਾਈ ਸਾਹਿਬ ਜੀ ਨੇ ਆਪਣੀ ਮੁੱਢਲੀ ਵਿੱਦਿਆ ਦਸਵੀਂ ਤਾਈਂ ਗੁਰੂ ਨਾਨਕ ਹਾਈ ਸਕੂਲ, ਕਾਨ੍ਹਪੁਰ ਤੋਂ ਪ੍ਰਾਪਤ ਕੀਤੀ ਤੇ ਸ਼ਹੀਦੀ ਵੇਲੇ ਬੀ.ਐੈਨ.ਐੈਸ.ਡੀ. ਕਾਲਜ ਵਿਚ ਬੀ.ਏ. ਫ਼ਾਈਨਲ ਵਿਚ ਪੜ੍ਹਦਾ ਸੀ। ਸੰਸਾਰਕ ਵਿੱਦਿਆ ਤਾਂ ਵਿੱਚੇ ਹੀ ਰਹਿ ਗਈ, ਪਰ ਜੀਵਨ ਦੀ ਅਸਲੀ ਪਰੀਖਿਆ ਵਿੱਚੋਂ ਪਾਸ ਹੋ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਕਾਨ੍ਹਪੁਰ ਵਿਚ ਉਸ ਸਮੇਂ ਅਖੰਡ ਕੀਰਤਨੀ ਜਥੇ ਦੇ ਖ਼ਾਸ ਰੁਕਨ ਰਹਿੰਦੇ ਸਨ, ਜਿਨ੍ਹਾਂ ਵਿਚ ਜਥੇਦਾਰ ਭਾਈ ਰਾਮ ਸਿੰਘ ਜੀ, ਭਾਈ ਮੋਹਨ ਸਿੰਘ ਜੀ ਗਾਰਡ, ਭਾਈ ਗੁਰਬਖ਼ਸ਼ ਸਿੰਘ ਜੀ ਬਿਬੇਕੀ, ਭਾਈ ਗੁਰਬਖ਼ਸ਼ ਸਿੰਘ ਜੀ ਕਪੂਰਥਲਾ (Air Force), ਭਾਈ ਗੁਰਚਰਨਜੀਤ ਸਿੰਘ ਜੀ ਸ਼ਹੀਦ (1984 ਦੇ ਦੰਗਿਆਂ ਸਮੇਂ), ਭਾਈ ਅਮਰਜੀਤ ਸਿੰਘ ਕੀਰਤਨੀਏ, ਭਾਈ ਦਲਵਿੰਦਰ ਸਿੰਘ ਜੀ ਅਤੇ ਭਾਈ ਹਰਦੀਸ਼ ਸਿੰਘ ਸੰਗਰ (Air Force) ਅਤੇ ਹੋਰ ਕਾਫ਼ੀ ਪਰਿਵਾਰ ਰਹਿੰਦੇ ਸਨ ਅਤੇ ਇਥੇ ਸ੍ਰੀ ਅਖੰਡ ਪਾਠ ਸਾਹਿਬ, ਰੈਣ-ਸਬਾਈ/ਹਫ਼ਤਾਵਾਰੀ ਕੀਰਤਨ ਸਮਾਗਮ ਅਤੇ ਅੰਮ੍ਰਿਤ ਸੰਚਾਰ ਦੇ ਪ੍ਰਵਾਹ ਚੱਲਦੇ ਰਹਿੰਦੇ ਸਨ। ਸਤਿਕਾਰ ਯੋਗ ਬਾਊ ਮੱਲ ਸਿੰਘ ਜੀ ਵੀ ਆ ਕੇ ਭਾਈ ਰਾਮ ਸਿੰਘ ਜੀ ਕੋਲ ਕਾਫ਼ੀ ਲੰਮਾ ਸਮਾਂ ਠਹਿਰ ਕੇ ਸੰਗਤਾਂ ਨੂੰ ਨਿਹਾਲ ਕਰਦੇ ਰਹਿੰਦੇ ਸਨ। ਕਾਨ੍ਹਪੁਰ ਦੇ ਸਿੰਘਾਂ ਦਾ ਉਸ ਵੇਲੇ ਆਪਸੀ ਪਿਆਰ ਆਪਣੇ ਆਪ ਵਿਚ ਇਕ ਬਹੁਤ ਵੱਡੀ ਮਿਸਾਲ ਸੀ। ਇਨ੍ਹਾਂ ਦੇ ਵੱਡੇ ਭਾਈ ਸਾਹਿਬ ਭਾਈ ਸੁਰਿੰਦਰ ਸਿੰਘ ਜੀ ਦਾ ਸਭ ਤੋਂ ਪਹਿਲਾਂ, ਭਾਈ ਗੁਰਮੀਤ ਸਿੰਘ ਜੀ ਅਤੇ ਡਾ. ਰਾਜਿੰਦਰ ਸਿੰਘ ਜੀ ਬਰੇਲੀ, ਜੋ ਮੈਡੀਕਲ ਕਾਲਜ ਵਿਚ ਪੜ੍ਹਦੇ ਸਨ, ਨਾਲ ਮੇਲ-ਜੋਲ ਹੋਇਆ। ਸਿੰਘਾਂ ਦੀ ਨਿੱਤ ਦੀ ਰਹਿਣੀ-ਬਹਿਣੀ ਦੇ ਪ੍ਰਭਾਵ ਨਾਲ ਸਾਰਾ ਪਰਿਵਾਰ

www.AKJ.Org

ਸਮੇਤ ਭਾਈ ਜਗਜੀਤ ਸਿੰਘ ਜੀ (ਸ਼ਹੀਦ), ਭਾਈ ਜਸਬੀਰ ਸਿੰਘ ਜੀ, ਭਾਈ ਚਰਨਜੀਤ ਸਿੰਘ ਤੇ ਭੈਣ ਇਕਬਾਲ ਕੌਰ ਅੰਮ੍ਰਿਤ ਛਕ ਕੇ ਗੁਰੂ ਦੇ ਹੋ ਗਏ।

ਇਨ੍ਹਾਂ ਸਾਰਿਆਂ ਨੇ ਨਵੰਬਰ 1973 ਵਿਚ ਭਾਈ ਗੁਰਬਖ਼ਸ਼ ਸਿੰਘ ਜੀ ਬਿਬੇਕੀ ਦੇ ਗ੍ਰਹਿ ਵਿਖੇ ਜਥੇ ਵੱਲੋਂ ਹੋਏ ਅੰਮ੍ਰਿਤ ਸੰਚਾਰ ਸਮਾਗਮ ਵਿਚ ਅੰਮ੍ਰਿਤ ਛਕਿਆ ਸੀ। ਭਾਈ ਜਗਜੀਤ ਸਿੰਘ ਵੀ ਹੋਰ ਗੁਰੂ ਦੁਲਾਰਿਆਂ ਨਾਲ ਅੰਮ੍ਰਿਤ ਅਭਿਲਾਖੀਆਂ ਵਿਚ ਸ਼ਾਮਲ ਸੀ। ਭਾਈ ਗੁਰਚਰਨਜੀਤ ਸਿੰਘ, ਜੋ ਕਿ ਆਪਣੇ ਛੋਟੇ ਬੱਚੇ ਨੂੰ ਵੀ ਅੰਮ੍ਰਿਤ ਦੀ ਦਾਤ ਦਿਵਾਉਣ ਲਈ ਪੁੱਜੇ ਹੋਏ ਸਨ, ਮੁਤਾਬਕ ਉਸ ਸਮੇਂ ਭਾਈ ਜਗਜੀਤ ਸਿੰਘ ਜੀ ਦੀ ਦਸ਼ਾ ਅਤਿ ਬਿਹਬਲ ਅਤੇ ਕਹਿਣ ਸੁਣਨ ਤੋਂ ਬਾਹਰੀ ਸੀ। ਅੰਮ੍ਰਿਤ ਛਕ ਕੇ ਨਾਮ ਦੇ ਐਸੇ ਗੂੜ੍ਹੇ ਰੰਗ ਚੜ੍ਹੇ ਕਿ ਉਹ ਅਸਚਰਜ ਹੀ ਸਨ। ਨਾਮ ਦਾ ਖੰਡਾ ਇਤਨਾ ਜ਼ੋਰ ਦੀ ਖੜਕ ਰਿਹਾ ਸੀ ਕਿ ਇਉਂ ਜਾਪਦਾ ਸੀ ਕਿ ਉਹ ਕਈ ਸਾਲਾਂ ਦਾ ਪੁਰਾਣਾ ਤਕੜਾ ਨਾਮ ਅਭਿਆਸੀ ਹੈ।

ਅੰਮ੍ਰਿਤ ਛਕਣ ਤੋਂ ਬਾਅਦ ਇਹ ਗੁਰੂ ਦੁਲਾਰਾ ਅਖੰਡ ਕੀਰਤਨੀ ਜਥੇ ਦੇ ਸਮਾਗਮਾਂ ਦੀਆਂ ਹਾਜ਼ਰੀਆਂ ਭਰਨ ਵਿਚ ਸਦਾ ਤਤਪਰ ਰਹਿੰਦਾ ਸੀ। ਕਿਸੇ ਵੀ ਸਮਾਗਮ, ਲੋਕਲ ਜਾਂ ਕੇਂਦਰੀ ਹੋਵੇ, ਉਥੇ ਜਾ ਕੇ ਨਾਮ ਬਾਣੀ ਦੇ ਲਾਹੇ ਲੈਂਦਾ ਅਤੇ ਕਦੇ ਵੀ ਨਾਗ਼ਾ ਨਹੀਂ ਪੈਣ ਦਿੱਤਾ। ਇਹ ਸਿੰਘ ਹਮੇਸ਼ਾਂ ਕੀਰਤਨੀਆਂ ਦੇ ਪਿੱਛੇ ਬੈਠ ਕੇ ਨਾਲ ਗੱਜ ਕੇ ਬੋਲਦਾ ਸੀ। ਇਕ ਅਜਿਹਾ ਰੈਣ-ਸਬਾਈ ਕੀਰਤਨ ਸਮਾਗਮ, ਜੋ ਕਾਨ੍ਹਪੁਰ ਹੋਇਆ, ਜਿਸ ਵਿਚ ਭਾਈ ਮਹਿੰਦਰ ਸਿੰਘ ਜੀ S.D.O. ਅਤੇ ਭਾਈ ਪ੍ਰੀਤਮ ਸਿੰਘ ਜੀ ਚਾਨੀ ਸ਼ਾਮਲ ਹੋਏ ਸਨ, ਵਿਚ ਗੁਰੂ ਪਿਆਰਾ S.D.O. ਸਾਹਿਬ ਦੇ ਨਾਲ ਬੈਠ ਕੇ ਕੀਰਤਨ ਦੀਆਂ ਗੁੰਜਾਰਾਂ ਸਾਰੀ ਰਾਤ ਪਾਉਂਦਾ ਰਿਹਾ। ਆਮ ਤੌਰ ’ਤੇ ਇਹ ਵੀਰ ਗੁਪਤ ਹੀ ਵਰਤਦਾ ਸੀ ਅਤੇ ਚੱਕਰਵਰਤੀ ਹੀ ਰਹਿੰਦਾ ਸੀ। ਇਸ ਨਿੱਕੀ ਜਿਹੀ ਉਮਰ ਵਿਚ ਹੀ ਪੰਥ ਦੀ ਵਿਗੜੀ ਨੂੰ ਸੰਵਾਰਨ ਲਈ ਐਸੀਆਂ ਸੁਲਝੀਆਂ ਹੋਈਆਂ ਗੱਲਾਂ ਕਰਦਾ ਹੁੰਦਾ ਸੀ, ਜੋ ਕਿਸੇ ਦੂਰ-ਅੰਦੇਸ਼ ਜਰਨੈਲ ਨੂੰ ਵੀ ਮਾਤ ਪਾਉਂਦੀਆਂ ਸਨ।

ਭਾਈ ਜਗਜੀਤ ਸਿੰਘ ਜੀ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸਰਗਰਮ ਮੈਂਬਰ ਸਨ। ਆਪ ਨੇ ਰਾਜਸਥਾਨ ਦੇ ਪਿੰਡਾਂ ਵਿਚ ਪੰਜਾਂ ਪਿਆਰਿਆਂ ਦੇ ਸੰਗ-ਸਾਥ ਗੁਰਮਤਿ ਅਤੇ ਅੰਮ੍ਰਿਤ ਪ੍ਰਚਾਰ ਦੀ ਲਹਿਰ ਚਲਾਈ ਅਤੇ ਕਈ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਵਾ ਕੇ ਗੁਰੂ ਦੇ ਲੜ ਲਾਇਆ। ਇਸ ਉੱਦਮ ਦਾ ਸਿੱਟਾ ਇਹ ਨਿਕਲਿਆ ਕਿ ਅੱਜ-ਕੱਲ੍ਹ ਭੀਲਵਾੜਾ ਦੇ ਇਲਾਕੇ ਵਿਚ ਕੋਈ ਵੀ ਸਿੱਖ ਸ਼ਰਾਬ ਪੀਂਦਾ ਨਜ਼ਰ ਨਹੀਂ ਆਉਂਦਾ।

1976 ਵਿਚ ਭਾਈ ਫ਼ੌਜਾ ਸਿੰਘ ਜੀ ਵੱਲੋਂ ਖ਼ਾਲਸਾ ਫ਼ਾਰਮ ਸਥਾਪਤ ਕਰਨ ਤੋਂ ਬਾਅਦ ਭਾਈ ਜਗਜੀਤ ਸਿੰਘ ਜੀ ਭਾਈ ਸਾਹਿਬ ਕੋਲ ਖ਼ਾਲਸਾ ਫ਼ਾਰਮ, ਜ਼ਿਲ੍ਹਾ ਗੁਰਦਾਸਪੁਰ ਜਾ ਟਿਕੇ। ਉਥੇ ਨਾਮ ਬਾਣੀ ਦੇ ਨਾਲ-ਨਾਲ ਸਰੀਰਕ ਕਸਰਤ ਤੇ ਬੜੀ ਲਗਨ ਨਾਲ ਗਤਕਾ ਸਿੱਖਿਆ ਅਤੇ ਸ਼ਸਤਰ ਚਲਾਉਣ ਵਿਚ ਨਿਪੁੰਨਤਾ ਹਾਸਲ ਕੀਤੀ। ਆਪ ਬਹੁਤਾ ਸਮਾਂ ਭਾਈ ਫ਼ੌਜਾ ਸਿੰਘ ਜੀ ਕੋਲ ਰਹਿ ਕੇ ਪ੍ਰਸੰਨ ਹੁੰਦੇ ਸਨ। ਸ੍ਰੀ ਅੰਮ੍ਰਿਤਸਰ ਵੈਸਾਖੀ ਕਾਂਡ ਸਮੇਂ ਭਾਈ ਜਗਜੀਤ ਸਿੰਘ ਜੀ ਹਜ਼ੂਰ ਸਾਹਿਬ ਗਏ

www.AKJ.Org

ਹੋਏ ਸਨ, ਜਿਸ ਦਾ ਇਨ੍ਹਾਂ ਨੂੰ ਬੜਾ ਅਫ਼ਸੋਸ ਸੀ ਕਿ ਉਹ ਭਾਈ ਸਾਹਿਬ ਜੀ ਨਾਲ ਮੌਤ ਲਾੜੀ ਨੂੰ ਵਿਆਹੁਣ ਲਈ ਜੰਞੇ ਕਿਉਂ ਨਾ ਚੜ੍ਹ ਸਕਿਆ। ਉਹ ਇਸ ਸਾਕੇ ਪਿੱਛੋਂ ਕਈ ਵਾਰ ਕਿਹਾ ਕਰਦੇ ਸਨ ਕਿ ਇੰਨੇ ਗੁਰੂ ਕੇ ਲਾਲ ਸ਼ਹੀਦੀਆਂ ਪਾ ਜਾਣ ਤੇ ਕੌਮ ਫਿਰ ਵੀ ਸੁੱਤੀ ਰਹੇ, ਜੋ ਕਿ ਬਹੁਤ ਮੰਦਭਾਗੀ ਗੱਲ ਹੈ। ਉਹ ਕੌਮ ਦੀ ਨਿਘਰਦੀ ਦਸ਼ਾ ਨੂੰ ਵੇਖ ਕੇ ਤੜਫਦੇ ਰਹਿੰਦੇ ਸਨ।

ਸ਼ਹੀਦੀ ਦਾ ਚਾਉ ਇਸ ਹੋਣਹਾਰ ਦੇ ਅੰਦਰ ਠਾਠਾਂ ਮਾਰ ਰਿਹਾ ਸੀ ਅਤੇ ਨਿੱਤ ਹੀ ਗੁਰੂ ਚਰਨਾਂ ਵਿਚ ਜੋਦੜੀਆਂ ਕਰਦੇ ਰਹਿਣਾ ਕਿ ਸੱਚੇ ਪਾਤਸ਼ਾਹ ਜੀ, ਮੇਰੇ ਇਸ ਨਕਾਰੇ ਸਰੀਰ ਨੂੰ ਵੀ ਆਪਣੇ ਲੇਖੇ ਲਾ ਲਵੋ ਜੀ। ਦੱਸਿਆ ਜਾਂਦਾ ਹੈ ਕਿ ਸ਼ਹੀਦੀ ਤੋਂ ਕੁਝ ਦਿਨ ਪਹਿਲਾਂ ਕਲਗ਼ੀਧਰ ਜੀ ਸੁਪਨੇ ਵਿਚ ਆਏ ਤੇ ਕਹਿਣ ਲੱਗੇ ਕਿ ਤੂੰ ਸ਼ਹੀਦ ਹੋ ਜਾਣਾ ਹੈ। ਸ਼ਹੀਦੀ ਤੋਂ ਦੋ ਦਿਨ ਪਹਿਲਾਂ ਆਪ ਜੀ ਨੇ ਆਪਣੀ ਦਾਦੀ ਨੂੰ ਦੱਸ ਦਿੱਤਾ ਸੀ ਕਿ ਮੇਰਾ ਅੰਤਮ ਸਮਾਂ ਨੇੜੇ ਹੈ। ਮੇਰੇ ਪਿੱਛੋਂ ਪਰਿਵਾਰ ਦਾ ਕੋਈ ਜੀਅ ਰੁਦਨ ਨਾ ਕਰੇ। ਸੱਚਮੁੱਚ ਹੀ ਆਪ ਜੀ ਦੇ ਗੁਰਮੁਖ ਪਰਿਵਾਰ ਨੇ ਸ਼ਹੀਦੀ ਪਿੱਛੋਂ ਚੜ੍ਹਦੀ ਕਲਾ ਵਿਚ ਰਹਿ ਕੇ ਗੁਰੂ ਦੇ ਭਾਣੇ ਨੂੰ ਖਿੜੇ ਮੱਥੇ ਮੰਨ ਕੇ ਸ਼ਹੀਦ ਦੀ ਅੰਤਮ ਇੱਛਾ ਪੂਰੀ ਕਰ ਦਿਖਾਈ। ਆਪਣੀ ਨਿੱਤ ਕਰਨੀ ਵਾਂਗ ਆਪਣੇ ਨੌਜਵਾਨ ਸਾਥੀਆਂ ਨਾਲ ਸ਼ਹੀਦੀ ਤੋਂ ਪਹਿਲਾਂ 25 ਤਰੀਕ ਸ਼ਾਮ ਨੂੰ ਉਨ੍ਹਾਂ ਦੇ ਗ੍ਰਹਿ ਕੀਰਤਨ ਸਮਾਗਮ ਹੋਇਆ, ਜਿਸ ਵਿਚ ਉਸ ਨੇ ਬੀਰ ਰਸ ਵਾਲੇ ਸ਼ਬਦਾਂ ਦਾ ਹੀ ਕੀਰਤਨ ਕੀਤਾ ਸੀ।

ਇਕ ਮਹੀਨਾ ਪਹਿਲਾਂ ਹੀ ਆਪ ਜੀ ਬੀ.ਏ. ਦੀ ਪਰੀਖਿਆ ਦੇਣ ਗਏ ਸਨ। ਉਥੇ ਸਾਰੇ ਪੰਨਿਆਂ 'ਤੇ 'ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ' ਲਿਖ ਕੇ ਆ ਗਏ। ਜਦੋਂ ਪੁੱਛਿਆ ਗਿਆ ਕਿ ਪਰਚੇ ਕਿਹੋ ਜਿਹੇ ਹੋਏ ਹਨ ਤਾਂ ਕਿਹਾ ਕਿ ਪਰੀਖਿਆ ਤਾਂ ਕੋਈ ਹੋਰ ਹੈ, ਜਿਸ ਦੀ ਤਿਆਰੀ ਵਿਚ ਮੈਂ ਲੱਗਾ ਹੋਇਆ ਹਾਂ।


ਭਾਈ ਜਗਜੀਤ ਸਿੰਘ ਜੀ ਨੇ ਅੰਮ੍ਰਿਤ ਛਕਣ ਤੋਂ ਬਾਅਦ ਜਥੇ ਦੇ ਅਸੂਲਾਂ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ ਅਤੇ ਖ਼ਾਸਕਰ ਨਿਰਬਾਣ-ਨਿਸ਼ਕਾਮ ਕੀਰਤਨ ਦੀ ਸੇਵਾ ਨਿਭਾਈ। ਕੀਰਤਨ ਦੀ ਦਾਤ ਨੂੰ ਪੇਸ਼ਾ ਨਹੀਂ ਬਣਾਇਆ, ਜਿਥੇ ਵੀ ਸਮਾਗਮ ਹੋਣਾ, ਉਥੇ ਕੀਰਤਨ ਭੇਟ ਤਾਂ ਕਿਸੇ ਕੋਲੋਂ ਕੀ ਲੈਣੀ ਸੀ, ਸਗੋਂ ਕਿਰਾਇਆ ਵੀ ਪੱਲਿਓਂ ਖ਼ਰਚ ਕੇ ਜਾਂਦੇ ਸਨ। ਗੁਰੂ ਦੇ ਚਰਨਾਂ ਵਿਚ ਲੱਗਣ ਤੋਂ ਬਾਅਦ ਇਨ੍ਹਾਂ ਨੇ ਗੁਰਮੁਖੀ ਬਾਣਾ ਧਾਰਨ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਦੇ ਬਾਵਜੂਦ ਵੀ ਆਪ ਜੀ ਨੇ ਆਮ ਨਿਹੰਗ ਸਿੰਘਾਂ ਵਾਂਗ ਕਦੇ ਵੀ ਗੱਡੀ ਵਿਚ ਬਿਨਾਂ ਟਿਕਟ ਸਫ਼ਰ ਨਹੀਂ ਕੀਤਾ। ਇਹ ਗੁਰੂ ਦਾ ਪਿਆਰਾ ਆਪਣੇ ਘਰ ਤਾਂ ਘੱਟ ਹੀ ਟਿਕ ਕੇ ਬੈਠਦਾ ਸੀ, ਪਰੰਤੂ ਜਿਸ ਘਰ ਵੀ ਜਾਣਾ, ਲੰਗਰ ਪਾਣੀ ਛਕਣ ਤੋਂ ਪਹਿਲਾਂ ਉਸ ਪਰਿਵਾਰ ਦੇ ਮੈਂਬਰਾਂ ਨੂੰ ਕੀਰਤਨ ਸਿੱਖਣ ਦੀ ਪ੍ਰੇਰਨਾ ਜ਼ਰੂਰ ਦੇਣੀ। ਲੋੜ ਪੈਣ 'ਤੇ ਹਾਰਮੋਨੀਅਮ ਦਾ ਵੀ ਪ੍ਰਬੰਧ ਕਰ ਦੇਣਾ। ਇਨ੍ਹਾਂ ਦਾ ਘਰ ਗੁਮਟੀ ਨੰ. 5, ਕਾਨ੍ਹਪੁਰ ਵਿਚ ਸੀ, ਜਿਥੇ ਚੋਖੀ ਸਿੱਖ ਵੱਸੋਂ ਹੈ ਅਤੇ ਜਥੇ ਦੇ ਸਿੰਘਾਂ ਦੇ ਕਾਫ਼ੀ ਘਰ ਉਥੇ ਸਨ। ਜਦੋਂ ਵੀ ਸ਼ਾਮ ਨੂੰ ਮੌਕਾ ਲੱਗੇ, ਆਪਣੇ ਘਰ ਹੋਰ ਨੌਜਵਾਨ ਸਿੰਘਾਂ ਨੂੰ ਲੈ ਕੇ ਕੀਰਤਨ ਅਖਾੜੇ ਸਜਾ ਲੈਂਦਾ ਸੀ। ਕਈ ਵਾਰ ਅੱਧੀ ਰਾਤ ਜਾਂ ਫਿਰ ਸਾਰੀ ਰਾਤ ਹੀ ਚੜ੍ਹਦੀਆਂ ਕਲਾਂ ਵਿਚ ਗੁਰਬਾਣੀ ਕੀਰਤਨ ਦੇ ਰੰਗ ਮਾਣਦੇ ਰਹਿਣਾ।

www.AKJ.Org

ਜਦੋਂ 26 ਸਤੰਬਰ ਨੂੰ ਕਾਨ੍ਹਪੁਰ ਦੇ ਸਿੰਘਾਂ ਨੇ ਨਕਲੀ ਬਾਬੇ ਦਾ ਵਿਰੋਧ ਕਰਨ ਲਈ ਬਲਾਕ ਨੰ. 4, ਗੋਬਿੰਦ ਨਗਰ, ਕਾਨ੍ਹਪੁਰ ਦੇ ਗੁਰਦੁਆਰੇ ਤੋਂ ਨਕਲੀ ਨਿਰੰਕਾਰੀਆਂ ਦੇ ਕੁਸੰਗ ਭਵਨ ਅੱਗੇ ਰੋਸ ਮੁਜ਼ਾਹਰਾ ਕਰਨ ਦਾ ਫ਼ੈਸਲਾ ਕੀਤਾ, ਜੋ ਕਿ ਗੋਬਿੰਦ ਨਗਰ ਵਿਚ ਹੀ ਸੀ, ਇਸ ਸਿੰਘ ਵਿਚ ਸ਼ਹੀਦੀ ਪਾਉਣ ਦਾ ਇੰਨਾ ਤੀਬਰ ਚਾਅ ਸੀ ਕਿ ਇਹ ਸ੍ਰੀ ਸਾਹਿਬ ਹੱਥ ਵਿਚ ਫੜ ਕੇ ਕੁਝ ਗਿਣਤੀ ਦੇ ਸਿੰਘਾਂ ਨਾਲ ਸਭ ਤੋਂ ਅੱਗੇ ਸਨ। ਉਦੋਂ ਤਾਈਂ ਅਜੇ ਪੁਲਿਸ ਦਾ ਉਥੇ ਕੋਈ ਪਹਿਰਾ ਨਹੀਂ ਸੀ। ਸੰਗਤਾਂ ਜਦੋਂ ਭਵਨ ਵਿਚ ਦਾਖ਼ਲ ਹੋਣ ਲੱਗੀਆਂ ਤਾਂ ਇਹ ਸਭ ਤੋਂ ਅੱਗੇ ਸੀ। ਬਿਜਲੀ ਦੀ ਤੇਜ਼ੀ ਨਾਲ ਚੁਬਾਰੇ ਵਿਚ ਬੈਠੇ ਨਕਲੀ ਬਾਬੇ ਨੂੰ ਸੋਧਣ ਲਈ ਪੌੜੀਆਂ ਚੜ੍ਹ ਗਿਆ। ਅੱਗੇ ਖੜ੍ਹੇ ਬਾਬੇ ਦੇ ਪਹਿਰੇਦਾਰਾਂ ਨੇ ਧੱਕਾ ਦੇ ਕੇ ਥੱਲੇ ਸੁੱਟ ਦਿੱਤਾ ਅਤੇ ਬਾਬਾ ਪਿਛਲੇ ਦਰਵਾਜ਼ੇ ਰਾਹੀਂ ਖਿਸਕ ਗਿਆ। ਇਸ ਸਿੰਘ ਨੇ ਡਿੱਗਣ ਨਾਲ ਲੱਗੀਆਂ ਸੱਟਾਂ ਦੀ ਪਰਵਾਹ ਨਾ ਕਰਦੇ ਹੋਏ ਇਕ ਹੋਰ ਸ੍ਰੀ ਸਾਹਿਬ ਕਿਸੇ ਕੋਲੋਂ ਖੋਹ ਕੇ ਦੋਹਾਂ ਹੱਥਾਂ ਵਿਚ ਸ੍ਰੀ ਸਾਹਿਬਾਂ ਫੜ ਕੇ ਗਤਕੇ ਦੇ ਐਸੇ ਜੌਹਰ ਦਿਖਾਏ ਕਿ ਸਭ ਨੂੰ ਭਾਜੜਾਂ ਪਾ ਦਿੱਤੀਆਂ। ਕਈਆਂ ਦੀਆਂ ਬਾਹਵਾਂ/ਹੱਥ ਅਤੇ ਸਰੀਰ ਦੇ ਹੋਰ ਅੰਗ ਕੱਟ ਦਿੱਤੇ। ਨਕਲੀ ਨਿਰੰਕਾਰੀਆਂ ਅਤੇ ਪੁਲਿਸ ਨੇ ਇਸ 'ਤੇ ਕਾਬੂ ਪਾਉਣ ਵਿਚ ਨਾਕਾਮ ਹੋਣ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਨਾਲ ਇਸ ਸਿੰਘ ਦਾ ਸਰੀਰ ਛਲਨੀ-ਛਲਨੀ ਹੋ ਗਿਆ ਤੇ ਉਥੇ ਹੀ ਸ਼ਹਾਦਤ ਦਾ ਜਾਮ ਪੀ ਗਿਆ।

## 2. ਸ਼ਹੀਦ ਭਾਈ ਕਿਸ਼ਨ ਸਿੰਘ ਜੀ

ਭਾਈ ਕਿਸ਼ਨ ਸਿੰਘ ਜੀ ਦਾ ਜਨਮ ਪਾਕਿਸਤਾਨ ਦੇ ਪਿੰਡ ਕੋਟਲਾਜਾਮ, ਤਹਿਸੀਲ ਭੱਖੜ, ਜ਼ਿਲ੍ਹਾ ਮੀਆਂਵਾਲੀ ਦਾ ਸੀ। ਆਪ ਦੇ ਪਿਤਾ ਦਾ ਨਾਂ ਸ. ਟਿਕਨ ਸਿੰਘ ਜੀ ਸੀ। ਬਚਪਨ ਤੋਂ ਹੀ ਆਪ ਦੇ ਦਿਲ ਵਿਚ ਗੁਰੂ ਘਰ ਲਈ ਅਪਾਰ ਸ਼ਰਧਾ ਸੀ। ਆਪ ਬੜੇ ਨਿਰਮਾਣ ਸੇਵਕ ਸਨ ਅਤੇ ਪੰਥਕ ਕਾਰਜਾਂ ਵਿਚ ਸਦਾ ਮੋਹਰਲੀ ਕਤਾਰ ਵਿਚ ਰਹਿੰਦੇ ਸਨ। ਆਪ ਡੇਰਾ ਇਸਮਾਈਲ ਖ਼ਾਂ (ਪਾਕਿਸਤਾਨ) ਤੋਂ ਉੱਜੜ ਕੇ ਕਾਨ੍ਹਪੁਰ ਆ ਕੇ ਵੱਸੇ ਸਨ। ਉਥੇ ਇਹ ਆਪਣੇ ਪਿੰਡ ਦੇ ਗੁਰਦੁਆਰੇ ਦੇ ਮੁਖੀ ਸਨ। ਕਾਨ੍ਹਪੁਰ ਵਿਚ ਆ ਕੇ ਉਹ ਐੱਸ.ਪੀ. ਇੰਜੀਨੀਅਰਿੰਗ ਕਾਰਪੋਰੇਸ਼ਨ ਵਿਚ ਕੰਮ ਕਰਦੇ ਰਹੇ। ਹੁਣ ਚਾਰ ਕੁ ਸਾਲਾਂ ਤੋਂ ਗੁਰਦੁਆਰਾ ਗੁਰੂ ਤੇਗ਼ ਬਹਾਦਰ ਸਾਹਿਬ ਗੋਬਿੰਦ ਨਗਰ ਵਿਖੇ ਸ੍ਰੀ ਗੁਰੂ ਗ੍ਰੰਥ



www.AKJ.Org



ਸਾਹਿਬ ਜੀ ਦੀ ਸੇਵਾ ਵਿਚ ਸਮਾਂ ਬਿਤਾਉਂਦੇ ਸਨ ਅਤੇ ਬੜੀ ਸਾਦਗੀ ਨਾਲ ਜੀਵਨ-ਨਿਰਬਾਹ ਕਰ ਰਹੇ ਸਨ।

ਆਪ ਜੀ ਦੇ ਅੰਦਰ ਪੰਥਕ ਜਜ਼ਬਾ ਤੇ ਦੇਸ਼-ਭਗਤੀ ਦਾ ਪਿਆਰ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। 1960 ਦੇ ਪੰਜਾਬੀ ਸੂਬੇ ਦੇ ਮੋਰਚੇ ਵਿਚ ਆਪ ਨੇ ਦਿੱਲੀ ਸੀਸ ਗੰਜ ਵਿਚ ਪੁੱਜ ਕੇ ਆਪਣੀ ਗ੍ਰਿਫ਼ਤਾਰੀ ਦਿੱਤੀ ਅਤੇ ਛੇ ਮਹੀਨੇ ਦੀ ਕੈਦ ਕੱਟੀ। ਜਨਵਰੀ 1961 ਵਿਚ ਮੋਰਚੇ ਦੀ ਸਮਾਪਤੀ 'ਤੇ ਹੀ ਰਿਹਾਅ ਹੋ ਕੇ ਆਏ।

ਆਪ ਆਪਣੇ ਪਿੱਛੇ ਪੰਜ ਲੜਕੇ—ਸ. ਗੁਰਮੁਖ ਸਿੰਘ, ਸ. ਹਰਨਾਮ ਸਿੰਘ, ਸ. ਅਵਤਾਰ ਸਿੰਘ, ਸ. ਦਲਜੀਤ ਸਿੰਘ ਤੇ ਸ. ਗੁਰਦੀਪ ਸਿੰਘ ਅਤੇ ਇਕ ਲੜਕੀ ਦਰਸ਼ਨ ਕੌਰ ਛੱਡ ਗਏ। ਓਦੋਂ ਇਨ੍ਹਾਂ ਲੜਕਿਆਂ ਵਿੱਚੋਂ ਤਿੰਨਾਂ ਦੀਆਂ ਸ਼ਾਦੀਆਂ ਅਜੇ ਹੋਣ ਵਾਲੀਆਂ ਸਨ।

ਜਲੂਸ ਵਿਚ ਜਾਣ ਤੋਂ ਪਹਿਲਾਂ ਉਨ੍ਹਾਂ ਪਰਿਵਾਰ ਦੇ ਮੈਂਬਰਾਂ ਨੂੰ ਕਹਿ ਦਿੱਤਾ ਸੀ ਕਿ ਹੁਣ ਤੁਹਾਡਾ ਮੇਰਾ ਸਾਥ ਖ਼ਤਮ ਹੋ ਗਿਆ ਹੈ। ਜਲੂਸ ਵਿਚ ਉਹ ਆਪਣੇ ਸਾਰੇ ਪਰਿਵਾਰ ਨੂੰ ਨਾਲ ਲੈ ਕੇ ਗਏ ਸਨ।

ਭਾਈ ਕਿਸ਼ਨ ਸਿੰਘ ਜੀ ਦੇ ਸਿਰ ਵਿਚ ਪਹਿਲਾਂ ਇੱਟਾਂ ਤੇ ਡਾਂਗਾਂ ਮਾਰੀਆਂ ਗਈਆਂ ਅਤੇ ਫਿਰ ਬਾਅਦ ਵਿਚ ਤਿੰਨ ਗੋਲੀਆਂ, ਇਕ ਬਾਂਹ ਵਿਚ, ਇਕ ਪੇਟ ਵਿਚ ਤੇ ਇਕ ਮੋਢੇ ਵਿਚ ਲੱਗੀਆਂ। ਉਨ੍ਹਾਂ ਨੂੰ ਹਸਪਤਾਲ ਵਿਚ ਲਿਜਾ ਕੇ ਖ਼ੂਨ ਦੀਆਂ ਪੰਜ ਬੋਤਲਾਂ ਚੜ੍ਹਾਈਆਂ ਗਈਆਂ ਅਤੇ ਰਾਤੀਂ ਸਵਾ ਅੱਠ ਵਜੇ ਦੇ ਕਰੀਬ ਆਪਰੇਸ਼ਨ ਕੀਤਾ ਗਿਆ, ਪਰ ਕੋਈ ਵੀ ਇਲਾਜ ਰਾਸ ਨਾ ਆਇਆ। ਉਹ 64 ਸਾਲ ਦੀ ਆਯੂ ਵਿਚ ਸ਼ਹੀਦੀ ਪ੍ਰਾਪਤ ਕਰ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

## 3. ਸ਼ਹੀਦ ਬਾਬਾ ਕਸ਼ਮੀਰ ਸਿੰਘ ਜੀ

ਭਾਈ ਕਸ਼ਮੀਰ ਸਿੰਘ ਜੀ ਦੀ ਉਮਰ ਤਾਂ ਅਜੇ 35 ਕੁ ਸਾਲਾਂ ਦੀ ਹੀ ਸੀ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਖੋਜ ਵਿਚ ਜੁਟੇ ਰਹਿਣ ਕਾਰਨ ਸਿੱਖ ਸੰਗਤਾਂ ਸਤਿਕਾਰ ਵਜੋਂ 'ਬਾਬਾ ਕਸ਼ਮੀਰਾ ਸਿੰਘ ਜੀ' ਕਹਿ ਕੇ ਪੁਕਾਰਦੀਆਂ ਸਨ।

ਆਪ ਦਾ ਜਨਮ 5 ਜੂਨ 1943 ਨੂੰ ਪਿੰਡ ਬਹਿਲੋ, ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸ. ਕੁੰਦਨ ਸਿੰਘ ਜੀ ਦੇ ਘਰ ਮਾਤਾ ਹਰਨਾਮ ਕੌਰ ਜੀ ਦੀ ਕੁੱਖੋਂ ਹੋਇਆ। ਆਪ ਨੇ ਮੁੱਢਲੀ ਵਿੱਦਿਆ ਤਰਨ ਤਾਰਨ ਸਾਹਿਬ ਦੇ ਮੁਨਾਰੇ

www.AKJ.Org



ਵਾਲੇ ਸਕੂਲ ਤੋਂ ਹਾਸਲ ਕੀਤੀ ਅਤੇ ਫਿਰ ਗੌਰਮਿੰਟ ਹਾਇਰ ਸੈਕੰਡਰੀ ਸਕੂਲ, ਤਰਨ ਤਾਰਨ ਸਾਹਿਬ ਵਿਚ ਦਾਖ਼ਲ ਹੋ ਗਏ। ਬਚਪਨ ਤੋਂ ਹੀ ਪਰਮਾਰਥ ਵੱਲ ਰੁਚੀ ਵਧੇਰੇ ਸੀ, ਜਿਸ ਕਰਕੇ ਸੱਤਵੀਂ ਜਮਾਤ ਤਕ ਮਸਾਂ ਪੜ੍ਹਾਈ ਕੀਤੀ। ਪੜ੍ਹਾਈ ਵਿਚੇ ਛੱਡ ਦਿੱਤੀ ਅਤੇ ਭਜਨ ਬੰਦਗੀ ਵੱਲ ਸਾਰੀ ਰੁਚੀ ਲਾ ਦਿੱਤੀ।

ਪੰਜਾਬੀ ਸੂਬੇ ਦੇ 1960 ਦੇ ਮੋਰਚੇ ਵਿਚ ਆਪ ਜੀ ਨੇ ਪੰਜ ਮਹੀਨੇ ਜੇਲ੍ਹ ਕੱਟੀ। ਰਿਹਾਈ ਪਿੱਛੋਂ ਆਪ ਜੀ ਕਾਨ੍ਹਪੁਰ ਵਿਚ ਆਪਣੀ ਵੱਡੀ ਭੈਣ ਪਾਸ ਚਲੇ ਗਏ ਅਤੇ ਉਥੇ ਆਪਣੇ ਭਣਵੱਈਏ ਪਾਸੋਂ ਮੋਟਰ ਡਰਾਇਵਰੀ ਸਿੱਖ ਕੇ ਉਥੇ ਹੀ ਸਰਵਿਸ ਕਰ ਲਈ। 1965 ਦੀ ਲੜਾਈ ਸਮੇਂ ਆਪ ਜੀ ਨੇ 'ਸਰਵੇ ਆਫ਼ ਇੰਡੀਆ' ਵਿਚ ਨੌਕਰੀ ਕਰ ਲਈ। ਇਸ ਸਮੇਂ ਵਿਚ ਹੀ ਆਪ ਜੀ ਦਾ ਅਨੰਦ ਕਾਰਜ ਹਰੀ ਕੇ ਪੱਤਣ ਲਾਗੇ ਮਰਹਾਣੇ ਪਿੰਡ ਦੀ ਬੀਬੀ ਮਹਿੰਦਰ ਕੌਰ ਨਾਲ ਹੋ ਗਿਆ।



ਪਰ ਧਾਰਮਿਕ ਰੁਚੀ ਹੋਣ ਕਰਕੇ ਬਿਡਾਣੀ ਚਾਕਰੀ ਵਿਚ ਆਪ ਜੀ ਦਾ ਦਿਲ ਨਾ ਲੱਗਾ ਅਤੇ ਨੌਕਰੀ ਛੱਡ ਕੇ ਮੁੜ ਕਾਨ੍ਹਪੁਰ ਵਿਚ ਆ ਗਏ। ਇਥੇ ਗੁਰੂ ਦੀ ਸੇਵਾ ਹੀ ਆਪਣਾ ਮੁੱਖ ਨਿਸ਼ਾਨਾ ਬਣਾ ਲਿਆ। ਗੁਰਬਾਣੀ ਤੇ ਗੁਰ ਇਤਿਹਾਸ ਦੀ ਖੋਜ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰ ਵਿਚ ਆਪਣੀ ਜ਼ਿੰਦਗੀ ਬਿਤਾਉਣ ਲੱਗ ਪਏ। ਇਸ ਧਾਰਮਿਕ ਜ਼ਿੰਦਗੀ ਦਾ ਪ੍ਰਭਾਵ ਆਲੇ-ਦੁਆਲੇ ਦੀਆਂ ਸੰਗਤਾਂ 'ਤੇ ਵੀ ਬੜਾ ਡੂੰਘਾ ਪੈਣ ਲੱਗ ਪਿਆ ਅਤੇ ਆਪ ਦੇ ਗ੍ਰਿਹ ਗੋਬਿੰਦ ਨਗਰ ਵਿਖੇ ਸਿੱਖ ਸੰਗਤਾਂ ਦੀ ਆਵਾਜਾਈ ਬਣੀ ਹੀ ਰਹਿੰਦੀ ਸੀ।

ਗੁਰਪੁਰਬਾਂ ਅਤੇ ਹੋਰ ਤਿਉਹਾਰਾਂ ਸਮੇਂ ਸਿੱਖ ਸੰਗਤਾਂ ਨਾਲ ਰਲ ਕੇ ਆਪ ਜੀ ਉਨ੍ਹਾਂ ਸਮਾਗਮਾਂ ਨੂੰ ਬੜੇ ਰੰਗਾਂ ਵਿਚ ਮਨਾਉਂਦੇ ਅਤੇ ਸਿੱਖ ਸੰਗਤਾਂ ਆਪ ਦੇ ਮੁੱਖੋਂ ਗੁਰਬਾਣੀ ਦੇ ਅੰਮ੍ਰਿਤ ਬਚਨ ਸੁਣ ਕੇ ਅਨੰਦਤ ਹੁੰਦੀਆਂ ਰਹਿੰਦੀਆਂ। ਆਪ ਜੀ

ਦੇ ਡੇਰੇ 'ਤੇ ਸ੍ਰੀ ਅਖੰਡ ਪਾਠਾਂ ਦੇ ਪ੍ਰਵਾਹ ਅਤੇ ਲੰਗਰ ਚੱਲਦਾ ਹੀ ਰਹਿੰਦਾ ਸੀ। ਜਿਥੇ ਆਪ ਜੀ ਗੁਰਬਾਣੀ ਦੀ ਬੜੀ ਮਿੱਠੀ ਵਿਆਖਿਆ ਕਰਦੇ ਸਨ, ਉਥੇ ਗੁਰਬਾਣੀ ਦੇ ਕੀਰਤਨ ਕਰਨ ਸੁਣਨ ਦੇ ਵੀ ਰਸਿਕ ਬੈਰਾਗੀ ਸਨ।

ਸ੍ਰੀ ਅੰਮ੍ਰਿਤਸਰ ਦੇ ਚਾਰ ਸੌ ਸਾਲਾ ਸਥਾਪਨਾ ਦਿਵਸ ਸਮੇਂ ਆਪ ਜੀ ਨੇ ਸਿੱਖ ਸੰਗਤਾਂ ਨੂੰ ਬੜਾ ਉਤਸ਼ਾਹ ਦਿਵਾਇਆ ਅਤੇ ਭਾਰੀ ਗਿਣਤੀ ਵਿਚ ਸਿੱਖ ਸੰਗਤਾਂ ਨੂੰ ਪ੍ਰੇਰ ਕੇ ਗੱਡੀਆਂ ਰਾਹੀਂ ਇਤਿਹਾਸਕ ਗੁਰਦੁਆਰਿਆਂ ਦੀ ਯਾਤਰਾ ਕਰਵਾਉਂਦੇ ਹੋਏ ਸ੍ਰੀ ਅੰਮ੍ਰਿਤਸਰ ਲਿਆਏ ਸਨ। ਇਸ ਸਮੇਂ ਰਸਤੇ ਵਿਚ ਸਿੱਖ ਸੰਗਤਾਂ ਨਾਲ ਕੀਰਤਨ ਦੀਆਂ ਗੂੰਜਾਂ ਪਾਉਂਦੇ ਹੋਏ ਗੁਰੂ ਚਰਨਾਂ ਵਿਚ ਆ ਕੇ ਮਸਤਕ ਨਿਵਾਏ ਸਨ।

ਨਕਲੀ ਨਿਰੰਕਾਰੀ ਭਵਨ ਵੱਲ ਰੋਸ ਜਲੂਸ ਵਿਚ ਆਪ ਜੀ ਨੇ ਬੜੇ ਉਤਸ਼ਾਹ ਨਾਲ ਹਿੱਸਾ ਪਾਇਆ। ਦੱਸਿਆ ਜਾਂਦਾ ਹੈ ਕਿ ਆਪ ਜੀ ਨੂੰ ਨਕਲੀ ਨਿਰੰਕਾਰੀ ਗੁਰਬਚਨ ਸਿੰਘ ਦੀ ਪਹਿਲੀ ਗੋਲੀ ਪੱਟ ਵਿਚ ਲੱਗੀ। ਆਪ ਜੀ ਨੂੰ ਕੁਲ ਛੇ ਗੋਲੀਆਂ ਲੱਗੀਆਂ, ਜਿਨ੍ਹਾਂ ਵਿੱਚੋਂ ਚਾਰ ਛਾਤੀ ਵਿਚ ਅਤੇ ਦੋ ਪੱਟਾਂ ਵਿਚ ਲੱਗੀਆਂ। ਇਸ ਤਰ੍ਹਾਂ ਉਹ ਸਨਮੁਖ ਗੋਲੀਆਂ ਖਾ ਕੇ ਗੁਰੂ ਪਾਤਸ਼ਾਹ ਦੇ ਸਤਿਕਾਰ ਨੂੰ ਕਾਇਮ ਰੱਖਣ ਖ਼ਾਤਰ ਆਪਣੇ ਸਰੀਰ ਦੀ ਆਹੂਤੀ ਦੇ ਗਏ ਅਤੇ ਕੌਮ ਨੂੰ ਸੁਰਜੀਤ ਕਰਨ ਲਈ ਆਪਣੀ ਸ਼ਹੀਦੀ ਦਾ ਟੀਕਾ ਲਾ ਗਏ।

ਆਪ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤਿ ਗੁਰਪੁਰਬ ਮਨਾਉਣ ਲਈ ਘਰੋਂ ਗੁਰਦੁਆਰਾ ਸਾਹਿਬ ਵੱਲ ਜਦ ਚੱਲੇ ਸਨ ਤਾਂ ਪਰਿਵਾਰ ਨੂੰ ਕਹਿ ਗਏ ਕਿ ਤੁਸਾਂ ਸਭ ਨੇ ਪ੍ਰਸ਼ਾਦ ਛਕ ਲੈਣਾ। ਪਰ ਆਪ ਜੀ ਸ਼ਹੀਦੀ ਦਾ ਪ੍ਰਸ਼ਾਦ ਛਕ ਕੇ 'ਇਹ ਲੋਕ ਸੁਖੀਏ ਪਰਲੋਕ ਸੁਹੇਲੇ' ਕਰ ਗਏ।

ਆਪ ਜੀ ਆਪਣੇ ਪਿੱਛੇ ਵਿਧਵਾ ਧਰਮ ਪਤਨੀ ਅਤੇ ਚਾਰ ਬੱਚੀਆਂ 9 ਸਾਲ, 7 ਸਾਲ, 5 ਸਾਲ ਤੇ 3 ਸਾਲ ਦੀਆਂ ਛੱਡ ਗਏ।

ਆਪ ਬੜੇ ਨੇਕ ਤੇ ਸ਼ੁਭ ਵਿਚਾਰਾਂ ਦੇ ਪਰਉਪਕਾਰੀ ਜੀਊੜੇ ਅਤੇ ਦੁਖੀਆਂ ਤੇ ਭਟਕਦੀਆਂ ਜਿੰਦੜੀਆਂ ਦੇ ਦੁੱਖ ਵੰਡਾਉਣ ਵਾਲੇ ਸਨ ਅਤੇ ਸਤਿਸੰਗ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਕੇ ਉਨ੍ਹਾਂ ਦੇ ਸਹਾਈ ਹੁੰਦੇ ਸਨ। ਆਪ ਬੜੇ ਨਿਡਰ ਤੇ ਦਲੇਰ ਸਨ ਅਤੇ ਮਾਲੀ ਹਾਲਤ ਪਤਲੀ ਹੋਣ ਦੇ ਬਾਵਜੂਦ ਵੀ ਸਦਾ ਚੜ੍ਹਦੀਆਂ ਕਲਾਂ ਵਿਚ ਵਿਚਰਦੇ ਸਨ।

## 4. ਸ਼ਹੀਦ ਸਰਦਾਰਨੀ ਦਰਸ਼ਨ ਕੌਰ ਜੀ

ਸਰਦਾਰਨੀ ਦਰਸ਼ਨ ਕੌਰ ਜੀ ਦੇ ਪਤੀ ਸ. ਹਰਨਾਮ ਸਿੰਘ ਜੀ ਬੜੇ ਹੀ ਜੋਸ਼ੀਲੇ ਤੇ ਹਿੰਮਤ ਵਾਲੇ ਸੱਜਣ ਹਨ। ਬੀਬੀ ਜੀ ਵੀ ਬੜੇ ਦਲੇਰ, ਬਹਾਦਰ ਅਤੇ ਪੰਥਕ ਕੰਮਾਂ ਵਿਚ ਭਾਰੀ ਉਤਸ਼ਾਹ ਰੱਖਦੇ ਸਨ। ਆਪ ਜੀ ਦੇ ਪਿਤਾ ਦਾ ਨਾਂ ਸ. ਪਰਤਾਪ ਸਿੰਘ ਜੀ ਅਤੇ ਬੀਬੀ ਜੀ ਦੇ ਸਹੁਰੇ ਪਾਕਿਸਤਾਨ ਦੇ ਪਿੰਡ ਰਾਜੜ, ਤਹਿਸੀਲ ਫ਼ਤਿਹਜੰਗ, ਜ਼ਿਲ੍ਹਾ ਕੈਂਬਲਪੁਰ ਤੋਂ ਸਨ। ਬੀਬੀ ਜੀ ਦਾ ਅਨੰਦ ਕਾਰਜ 1947 ਵਿਚ ਹੋਇਆ ਸੀ।

www.AKJ.Org



ਬੀਬੀ ਜੀ ਦਾ ਗੁਰੂ ਘਰ ਨਾਲ ਅਥਾਹ ਪ੍ਰੇਮ ਪਿਆਰ ਸੀ ਅਤੇ ਘਰ ਵਿਚ ਸਦਾ ਹੀ ਆਏ-ਗਏ ਗੁਰਸਿੱਖਾਂ ਦੀ ਸੇਵਾ ਦਾ ਪ੍ਰਵਾਹ ਚੱਲਦਾ ਹੀ ਰਹਿੰਦਾ ਸੀ। ਆਏ-ਗਏ ਸੱਜਣ ਬੀਬੀ ਜੀ ਦੀ ਨਿਰਮਾਣ ਸੇਵਾ ਤੋਂ ਬੜੇ ਹੀ ਪ੍ਰਭਾਵਤ ਹੋ ਕੇ ਜਾਂਦੇ ਸਨ। ਬੀਬੀ ਜੀ ਦੇ ਦਿਲ ਵਿਚ ਗੁਰਬਾਣੀ ਤੇ ਗੁਰ-ਚਰਨਾਂ ਦੀ ਇਤਨੀ ਪ੍ਰੀਤੀ ਸੀ ਕਿ ਆਪਣਾ ਨਿੱਤਨੇਮ ਪੂਰਾ ਕੀਤੇ ਬਿਨਾਂ ਅੰਨ ਜਲ ਮੂੰਹ ਨਹੀਂ ਸੀ ਪਾਉਂਦੇ।

1960 'ਚ ਪੰਜਾਬੀ ਸੂਬੇ ਦੇ ਮੋਰਚੇ ਵਿਚ ਆਪ ਨੇ ਤਿੰਨ ਸਾਲ ਦੀ ਬੱਚੀ ਗੋਦੀ ਵਿਚ ਲੈ ਕੇ ਗ੍ਰਿਫ਼ਤਾਰੀ ਦਿੱਤੀ ਅਤੇ ਛੇ ਮਹੀਨੇ ਦੀ ਜੇਲ੍ਹ ਯਾਤਰਾ ਕੀਤੀ।



ਕਾਨ੍ਹਪੁਰ ਦੇ ਇਸ ਖ਼ੂਨੀ ਕਾਂਡ ਵੇਲੇ ਵੀ ਬੀਬੀ ਜੀ ਰੋਸ-ਜਲੂਸ ਦਾ ਬੜੇ ਉਤਸ਼ਾਹ ਤੇ ਦਲੇਰੀ ਨਾਲ ਸਾਥ ਦੇ ਰਹੇ ਸਨ। ਆਪ ਜੀ ਨੂੰ ਜ਼ਾਲਮਾਂ ਦੀਆਂ ਤਿੰਨ ਗੋਲੀਆਂ ਲੱਗੀਆਂ—ਇਕ ਛਾਤੀ ਵਿਚ ਤੇ ਦੋ ਲੱਤਾਂ ਵਿਚ, ਪਰ ਉਨ੍ਹਾਂ ਦਾ ਕਦਮ ਰਤਾ ਵੀ ਪਿੱਛੇ ਨਾ ਹਟਿਆ। ਆਪ ਪੰਜਾਹ ਸਾਲ ਦੀ ਆਯੂ ਵਿਚ ਸ਼ਹੀਦੀ ਪਾ ਕੇ ਕੌਮ ਨੂੰ ਹਲੂਣ ਗਏ। ਆਪ ਜੀ ਦੇ ਦੋ ਲੜਕੇ ਤੇ ਦੋ ਲੜਕੀਆਂ ਵਿੱਚੋਂ ਇਕ ਲੜਕੀ ਤੇ ਇਕ ਲੜਕਾ ਓਦੋਂ ਅਜੇ ਵਿਆਹੁਣ-ਯੋਗ ਸਨ।

## 5. ਸ਼ਹੀਦ ਭਾਈ ਮਨਮੋਹਨ ਸਿੰਘ ਜੀ

ਸ਼ਹੀਦ ਭਾਈ ਮਨਮੋਹਨ ਸਿੰਘ ਜੀ 29 ਸਾਲ ਦੇ ਹੋਣਹਾਰ ਨੌਜੁਆਨ ਸਨ। ਆਪ ਦੇ ਪਿਤਾ ਸ. ਚਰਨ ਸਿੰਘ ਜੀ ਪਿੱਛੋਂ ਪਾਕਿਸਤਾਨ ਦੇ ਪਿੰਡ ਫ਼ਿਰੂਕਾ, ਜ਼ਿਲ੍ਹਾ ਸਰਗੋਧਾ ਦੇ ਰਹਿਣ ਵਾਲੇ ਸਨ ਅਤੇ ਕਾਨ੍ਹਪੁਰ ਵਿਚ ਕੱਪੜੇ ਦੇ ਬੜੇ ਉੱਘੇ ਵਪਾਰੀ ਸਨ। ਆਪ ਦਾ ਸਾਰਾ ਪਰਿਵਾਰ ਬੜਾ ਹੀ ਮਿਲਣਸਾਰ ਅਤੇ ਗੁਰੂ ਘਰ 'ਤੇ ਅਨਿੰਨ

www.AKJ.Org



ਸ਼ਰਧਾ ਰੱਖਣ ਵਾਲਾ ਸੀ। ਸ਼ਹੀਦ ਦੇ ਦਾਦਾ ਭਾਈ ਸੁੰਦਰ ਸਿੰਘ ਜੀ ਨੇ ਅੰਗਰੇਜ਼ੀ ਰਾਜ ਵੇਲੇ ਕਿਰਪਾਨ ਦੇ ਮੋਰਚੇ ਵਿਚ ਹਿੱਸਾ ਪਾਇਆ ਸੀ ਅਤੇ ਫਿਰ ਗੁਰੂ ਕੇ ਬਾਗ਼ ਦੇ ਮੋਰਚੇ ਵੇਲੇ ਵੀ ਆਪਣੇ ਸਰੀਰ 'ਤੇ ਪੁਲਿਸ ਦੀਆਂ ਡਾਂਗਾਂ ਦੇ ਵਾਰ ਸਹੇ ਸਨ।

ਸ਼ਹੀਦ ਦਾ ਵਿਆਹ ਪੰਜ ਸਾਲ ਪਹਿਲਾਂ ਸ. ਬਹਾਦਰ ਸਿੰਘ ਜੀ ਬਜਾਜ ਦੀ ਸਪੁੱਤਰੀ ਜਸਬੀਰ ਕੌਰ ਨਾਲ ਹੋਇਆ ਸੀ। ਸ਼ਹੀਦ ਦਾ ਇਕ ਬੱਚਾ ਓਦੋਂ ਸਾਢੇ ਤਿੰਨ ਕੁ ਸਾਲ ਦਾ ਸੀ। ਆਪ ਦੇ ਪਿਤਾ ਜੀ ਸਦਾ ਗੁਪਤ ਰਹਿ ਕੇ ਗੁਰੂ ਘਰ ਦੀ ਸੇਵਾ ਕਰਦੇ ਰਹੇ ਅਤੇ ਆਪਣੇ ਆਪ ਨੂੰ ਜਣਾਉਣ ਤੋਂ ਸਦਾ ਸੰਕੋਚ ਕਰਦੇ ਰਹੇ।



ਕਾਨ੍ਹਪੁਰ ਦੇ ਇਸ ਸ਼ਹੀਦੀ ਸਾਕੇ ਵਿਚ ਭਾਈ ਮਨਮੋਹਨ ਸਿੰਘ ਜੀ ਵੀ ਰੋਸ-ਜਲੂਸ ਵਿਚ ਸ਼ਾਮਲ ਸਨ। ਗੋਲੀ-ਕਾਂਡ ਵਰਤਣ ਸਮੇਂ 10 ਕੁ ਵਜੇ ਸਭ ਸਿੱਖ ਸੰਗਤਾਂ ਖਿੰਡ-ਪੁੰਡ ਗਈਆਂ ਸਨ ਅਤੇ ਆਪ ਵੀ ਅੱਗੇ-ਪਿੱਛੇ ਹੋ ਗਏ ਸਨ। ਭਾਈ ਮਨਮੋਹਨ ਸਿੰਘ ਜੀ ਬਾਰ੍ਹਾਂ ਕੁ ਵਜੇ ਆਪਣਾ ਸਕੂਟਰ ਲੈਣ ਲਈ ਉਸ ਅਸਥਾਨ 'ਤੇ ਗਏ ਤਾਂ ਪੁਲਿਸ ਨੇ ਇਕ ਗੋਲੀ ਪਿੱਠ ਵਿਚ, ਇਕ ਦਿਮਾਗ਼ ਵਿਚ ਅਤੇ ਇਕ ਛਾਤੀ ਵਿਚ ਮਾਰ ਕੇ ਸ਼ਹੀਦ ਕਰ ਦਿੱਤਾ।

## 6. ਸ਼ਹੀਦ ਭਾਈ ਹਰਚਰਨ ਸਿੰਘ ਜੀ

ਭਾਈ ਹਰਚਰਨ ਸਿੰਘ ਜੀ 28 ਸਾਲਾਂ ਦਾ ਗੱਭਰੂ ਸੀ, ਜੋ ਬੜਾ ਦਲੇਰ ਤੇ ਗ਼ਰੀਬ ਪਰਿਵਾਰ ਵਿੱਚੋਂ ਸੀ। ਸ਼ਹੀਦ ਦਾ ਜਨਮ ਡੇਹਰਾਦੂਨ ਵਿਖੇ ਹੋਇਆ, ਪਰ ਆਪ ਦੇ ਬਜ਼ੁਰਗ ਪਾਕਿਸਤਾਨ ਦੇ ਪਿੰਡ ਆਇਸਾਵਾਰੀ, ਡਾਕਖ਼ਾਨਾ ਮੈਰਾ, ਜ਼ਿਲ੍ਹਾ ਜੇਹਲਮ ਦੇ ਰਹਿਣ ਵਾਲੇ ਸਨ। ਆਪ ਦੇ ਪਿਤਾ ਸ. ਬਲਵੰਤ ਸਿੰਘ ਜੀ ਟਰਾਂਸਪੋਰਟ ਦਾ ਬਿਜ਼ਨਸ ਕਰਦੇ ਸਨ। ਆਪ ਦੇ ਦਾਦਾ ਸ. ਹਜ਼ੂਰਾ ਸਿੰਘ ਜੀ ਆਪਣੇ ਇਲਾਕੇ

www.AKJ.Org



ਦੇ ਉੱਘੇ ਜ਼ਿਮੀਂਦਾਰ ਸਨ, ਪਰ ਇਸ ਦੇ ਬਾਵਜੂਦ ਵੀ ਉਹ ਗੁਰਦੁਆਰਾ ਸੁਧਾਰ ਲਹਿਰ ਵਿਚ ਸ਼ਾਮਲ ਹੋ ਕੇ ਕੁਰਬਾਨੀਆਂ ਕਰਦੇ ਰਹੇ। ਆਪ ਦੇ ਘਰਾਣੇ ਨੂੰ ਗੁਰੂ ਘਰ ਵਿਚ ਅਪਾਰ ਸ਼ਰਧਾ ਸੀ ਅਤੇ ਉਹ ਸਾਰੇ ਹੀ ਸੰਤ-ਸੇਵੀ ਸਨ।

ਭਾਈ ਹਰਚਰਨ ਸਿੰਘ ਜੀ ਬੀ.ਏ. ਪਾਸ ਕਰਨ ਪਿੱਛੋਂ ਆਪਣੇ ਪਿਤਾ ਜੀ ਨਾਲ ਟਰਾਂਸਪੋਰਟ ਦੇ ਬਿਜ਼ਨਸ ਵਿਚ ਪੂਰੀ ਤਰ੍ਹਾਂ ਜੁਟ ਗਏ, ਪਰ ਆਪਣੇ ਨਾਂ ਦੀ ਪ੍ਰਸਿੱਧੀ ਕਦੇ ਨਹੀਂ ਚਾਹੁੰਦੇ ਸਨ ਅਤੇ ਸਦਾ ਨਿਰਮਾਣ ਹੋ ਕੇ ਗੁਰੂ ਘਰ ਦੀ ਤੇ ਦੀਨਾਂ ਦੁਖੀਆਂ ਦੀ ਸੇਵਾ ਕਰਦੇ ਸਨ। ਟਰਾਂਸਪੋਰਟ ਦਾ ਕਾਰੋਬਾਰ ਕਾਫ਼ੀ ਜ਼ਿਆਦਾ ਸੀ ਅਤੇ ਬਿਨਾਂ ਲਿਖਾ-ਪੜ੍ਹੀ ਦੇ ਹਜ਼ਾਰਾਂ ਰੁਪਏ ਦੇ ਦਿੰਦੇ ਸਨ। ਜੇ ਕੋਈ ਪੁੱਛੇ ਤਾਂ ਹੱਸ ਕੇ ਕਹਿ ਦਿੰਦੇ ਕਿ ਮੈਨੂੰ ਵੀ ਤਾਂ ਦੇਣ ਵਾਲਾ ਬੇਹਿਸਾਬਾ ਹੀ ਦੇਈ ਜਾਂਦਾ ਹੈ।



ਆਪ ਆਪਣੇ ਪਿੱਛੇ ਵਿਧਵਾ ਪਤਨੀ ਹਰਵਿੰਦਰ ਕੌਰ ਅਤੇ ਦੋ ਮਾਸੂਮ ਬੱਚੀਆਂ ਤਿੰਨ ਸਾਲ ਤੇ ਦੋ ਸਾਲ ਦੀਆਂ ਛੱਡ ਗਏ ਸਨ ਅਤੇ ਤੀਜਾ ਬੱਚਾ ਹੋਣ ਵਾਲਾ ਸੀ। ਆਪ ਦੇ ਦੋ ਵੱਡੇ ਭਰਾ ਤੇ ਚਾਰ ਭੈਣਾਂ ਹਨ।

ਉਹ ਕਹਿੰਦੇ ਹੁੰਦੇ ਸਨ ਕਿ ਮੈਂ ਕੁੱਤੇ ਦੀ ਮੌਤੇ ਨਹੀਂ ਮਰਾਂਗਾ ਸਗੋਂ ਸ਼ੇਰਾਂ ਵਾਂਗ ਜੂਝਾਂਗਾ। ਇਸ ਖ਼ੂਨੀ ਸਾਕੇ ਸਮੇਂ ਆਪਣੀ ਕਾਰ ਛੱਡ ਕੇ ਟਰੱਕ ਲੈ ਕੇ ਅਧਰਮੀਆਂ ਨੂੰ ਸੁਮੱਤ ਦੇਣ ਲਈ ਅਰਦਾਸਾ ਸੋਧ ਕੇ ਗਏ ਸਨ ਅਤੇ ਉਥੇ ਹੀ ਜ਼ਾਲਮਾਂ ਦੀਆਂ ਗੋਲੀਆਂ ਨਾਲ ਸ਼ਹੀਦੀ ਪਾ ਗਏ।

## 7. ਸ਼ਹੀਦ ਭਾਈ ਗੁਰਜੀਤ ਸਿੰਘ ਜੀ

ਇਸ ਵੀਹ ਸਾਲਾਂ ਦੇ ਹੋਣਹਾਰ ਨੌਜਵਾਨ ਦਾ ਜਨਮ ਕਾਨ੍ਹਪੁਰ ਦਾ ਸੀ। ਸਿੱਖੀ ਜਜ਼ਬੇ ਨਾਲ ਲਬਾ-ਲਬ ਭਰਿਆ ਪਿਆ ਸੀ। ਇਹ ਡੀ.ਏ.ਵੀ. ਕਾਲਜ ਕਾਨ੍ਹਪੁਰ ਵਿਚ

www.AKJ.Org



ਬੀ.ਏ. ਵਿਚ ਪੜ੍ਹਦਾ ਸੀ। ਕਾਲਜ ਦਾ ਹੋਣਹਾਰ ਵਿਦਿਆਰਥੀ ਸੀ ਅਤੇ ਐਨ.ਸੀ.ਸੀ. ਦਾ ਚੈਂਪੀਅਨ ਸੀ। ਉਸ ਨੇ ਝਾਂਸੀ ਅਤੇ ਹੋਰ ਕੈਂਪਾਂ ਵਿਚ ਉੱਚ ਅਸਥਾਨ ਪ੍ਰਾਪਤ ਕੀਤਾ ਸੀ।

ਸ਼ਹੀਦ ਦੇ ਪਿਤਾ ਸ. ਜੋਗਿੰਦਰ ਸਿੰਘ ਜੀ ਪਾਕਿਸਤਾਨ ਦੇ ਪਿੰਡ ਵਾਸੂ, ਤਹਿਸੀਲ ਫਾਲੀਆਂ, ਜ਼ਿਲ੍ਹਾ ਗੁਜਰਾਤ ਤੋਂ ਆ ਕੇ ਕਾਨ੍ਹਪੁਰ ਵੱਸੇ ਸਨ। ਇਸ ਵਾਸੂ ਪਿੰਡ ਦੇ ਵਾਸੀ ਪੰਥਕ ਜਜ਼ਬੇ ਕਰਕੇ ਬੜੇ ਉੱਘੇ ਹਨ। ਆਪ ਦੇ ਪਰਿਵਾਰ ਦੇ ਭਾਈ ਅਮਰ ਸਿੰਘ ਜੀ ਵਾਸੂ ਮਾਸਟਰ ਤਾਰਾ ਸਿੰਘ ਜੀ ਦੇ ਸਾਥੀ ਤੇ ਹਮ-ਜਮਾਤੀ ਸਨ ਅਤੇ ਉਨ੍ਹਾਂ ਨੇ ਗੁਰੂ ਕੇ ਬਾਗ਼ ਤੇ ਜੈਤੋ ਦੇ ਮੋਰਚਿਆਂ ਵਿਚ ਸਰਗਰਮ ਹਿੱਸਾ ਲਿਆ ਸੀ। ਸ. ਰਘਬੀਰ ਸਿੰਘ ਜੀ ਵਾਸੂ ਯੂ.ਪੀ. ਸਿੱਖ ਪ੍ਰਤਿਨਿਧ ਬੋਰਡ ਦੇ ਪ੍ਰਧਾਨ ਰਹੇ ਅਤੇ ਸ. ਜੋਗਿੰਦਰ ਸਿੰਘ ਜੀ ਵਾਸੂ ਨੇ ਵੀ ਸਰਕਾਰ ਦੇ ਉੱਚ ਸਥਾਨਾਂ 'ਤੇ ਸੇਵਾ ਕਰਦਿਆਂ ਪੰਥ ਪ੍ਰਤੀ ਆਪਣੇ ਫ਼ਰਜ਼ ਨਿਭਾਏ।




ਸ਼ਹੀਦ ਦੇ ਪਿਤਾ ਸ. ਜੋਗਿੰਦਰ ਸਿੰਘ ਵਾਸੂ ਕਾਨ੍ਹਪੁਰ ਦੇ ਉੱਘੇ ਵਿਅਕਤੀਆਂ ਵਿੱਚੋਂ ਸਨ। ਉਹ ਕਾਨ੍ਹਪੁਰ ਵਿਚ ਡੀਫ਼ੈਂਸ ਸਰਵਿਸ ਵਿਚ ਜੇ.ਸੀ.ਓ.ਡੀ. ਸਨ।

ਜਦੋਂ ਨਕਲੀ ਨਿਰੰਕਾਰੀਆਂ ਵਿਰੁੱਧ ਪ੍ਰੋਟੈਸਟ ਜਲੂਸ ਉਨ੍ਹਾਂ ਦੇ ਕੁਸੰਗ ਭਵਨ ਵੱਲ ਗਿਆ ਤਾਂ ਸ਼ਹੀਦ ਗੁਰਜੀਤ ਸਿੰਘ ਆਪਣੇ ਸਾਥੀਆਂ ਸਮੇਤ ਸਭ ਤੋਂ ਅੱਗੇ ਸੀ ਅਤੇ ਜਦੋਂ ਜਲੂਸ ਵਿਚ ਗੋਲੀ ਚੱਲੀ ਤਾਂ ਕਹਿਣ ਲੱਗੇ ਕਿ ਮੈਂ ਕੋਈ ਕਾਇਰ ਦਾ ਪੁੱਤਰ ਨਹੀਂ ਕਿ ਪਿੱਛੇ ਹੋਵਾਂ। ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਪੁੱਤਰ ਹਾਂ ਅਤੇ ਅੱਗੇ ਹੋ ਕੇ ਚੱਲਾਂਗਾ। ਇਸ ਤਰ੍ਹਾਂ ਉਹ ਗੋਲੀਆਂ ਦੀ ਵਾਛੜ ਦਾ ਸ਼ਿਕਾਰ ਹੋ ਗਿਆ। ਜਰਵਾਣਿਆਂ ਦੀਆਂ ਗੋਲੀਆਂ ਨਾਲ ਉਸ ਦਾ ਸਰੀਰ ਛਾਨਣੀ-ਛਾਨਣੀ ਹੋ ਗਿਆ। ਪੋਸਟ ਮਾਰਟਮ ਰਿਪੋਰਟ ਅਨੁਸਾਰ ਇਕ ਗੋਲੀ ਸਿਰ ਵਿਚ, ਇਕ ਪੁੜਪੁੜੀ ਵਿਚ, ਵੱਖੀ ਵਿਚ ਦੋਵੇਂ ਪਾਸੇ, ਲੱਤਾਂ ਵਿਚ ਦੋਵੇਂ ਪਾਸੇ, ਇਕ ਛਾਤੀ ਵਿਚ ਅਤੇ ਇਕ ਗੋਲੀ ਠੋਡੀ ਵਿਚ ਲੱਗੀ।

www.AKJ.Org

ਸ਼ਹੀਦ ਦਾ ਇਕ ਵੱਡਾ ਭਾਈ ਪੰਜਾਬ ਐਂਡ ਸਿੰਧ ਬੈਂਕ ਸੂਰਤ ਵਿਚ ਕੰਮ ਕਰਦਾ ਸੀ ਤੇ ਦੂਜਾ ਭਾਈ ਗਰੀਨ ਰੋਡਵੇਜ਼ ਕਾਨ੍ਹਪੁਰ ਵਿਚ। ਭੈਣ ਚਰਨਜੀਤ ਕੌਰ ਦੀ ਸ਼ਾਦੀ ਦੋ ਅਕਤੂਬਰ ਨੂੰ ਹੋਣ ਵਾਲੀ ਸੀ ਕਿ ਉਸ ਤੋਂ ਪਹਿਲਾਂ ਹੀ ਇਹ ਨਿੱਕੜਾ ਵੀਰ ਮੌਤ ਲਾੜੀ ਨੂੰ ਪਰਨਾ ਕੇ ਸ਼ਹੀਦੀ ਪ੍ਰਾਪਤ ਕਰ ਗਿਆ।

## ੮. ਸ਼ਹੀਦ ਕਾਕਾ ਬਲਵੰਤ ਸਿੰਘ ਜੀ



ਕਾਨ੍ਹਪੁਰ ਦੇ ਸ਼ਹੀਦਾਂ ਵਿੱਚੋਂ ਸਭ ਤੋਂ ਛੋਟੀ ਉਮਰ ਵਾਲਾ 15 ਸਾਲਾਂ ਦਾ ਇਹ ਬੱਚਾ ਹੈ। ਇਸ ਬੱਚੇ ਦਾ ਜਨਮ ਕਾਨ੍ਹਪੁਰ ਵਿਚ ਹੀ ਹੋਇਆ ਸੀ। ਆਪ ਦੇ ਪਿਤਾ ਸ. ਮਹਾਂ ਸਿੰਘ ਜੀ ਪਾਕਿਸਤਾਨ ਦੇ ਪਿੰਡ ਖੇੜੀਆਂ, ਜ਼ਿਲ੍ਹਾ ਗੁਜਰਾਤ ਦੇ ਰਹਿਣ ਵਾਲੇ ਸਨ। ਇਹ ਬੱਚਾ ਅਜੇ ਕੇਵਲ ਪੰਜ ਮਹੀਨਿਆਂ ਦਾ ਹੀ ਸੀ ਕਿ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਸ਼ਹੀਦ ਦੀ ਇਕ ਭੈਣ ਤੇ ਤਿੰਨ ਭਰਾ ਹਨ। ਆਪ ਦੀ ਮਾਤਾ ਸੁਮਿੱਤਰਾ ਕੌਰ ਨੇ ਲੋਕਾਂ ਦੇ ਘਰਾਂ ਵਿਚ ਕੰਮ ਕਰ ਕੇ ਸਾਰੇ ਪਰਿਵਾਰ ਨੂੰ ਬੜੀ ਮਿਹਨਤ ਨਾਲ ਪਾਲਿਆ। ਇਸ ਹੋਣਹਾਰ ਬੱਚੇ ਨੇ ਗੁਰੂ ਨਾਨਕ ਸਕੂਲ, ਕਾਨ੍ਹਪੁਰ ਵਿਚ ਮੁੱਢਲੀ ਵਿੱਦਿਆ ਪ੍ਰਾਪਤ ਕਰ ਕੇ ਅੱਠਵੀਂ ਦਾ ਇਮਤਿਹਾਨ ਪਾਸ ਕੀਤਾ। ਹੁਣ ਇਹ ਰੇਹੜੀ 'ਤੇ ਛੋਟਾ ਮੋਟਾ ਸਾਮਾਨ ਲਾ ਕੇ ਆਪਣਾ ਤੇ ਪਰਿਵਾਰ ਦਾ ਗੁਜ਼ਾਰਾ ਤੋਰਦੇ ਸਨ।



ਆਪ ਦੇ ਪਰਿਵਾਰ ਦਾ ਗੁਰੂ ਘਰ ਨਾਲ ਬੜਾ ਪਿਆਰ ਸੀ। ਆਪ ਦੇ ਦਾਦਾ ਸ. ਗਿਆਨ ਸਿੰਘ ਜੀ ਜਦ ਗੁਰਦੁਆਰਾ ਸੁਧਾਰ ਲਹਿਰ ਵਿਚ ਫੜੇ ਗਏ ਤੇ ਆਪ ਨੂੰ ਹੱਥਕੜੀ ਲਾਈ ਗਈ ਤਾਂ ਉਨ੍ਹਾਂ ਨੇ ਇੱਕੋ ਝਟਕੇ ਨਾਲ ਹੱਥਕੜੀ ਤੋੜ ਦਿੱਤੀ ਸੀ। ਸ਼ਹੀਦ ਦੇ ਪੜਦਾਦਾ ਸ. ਸੁੱਖਾ ਸਿੰਘ ਜੀ ਨੇ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਹਿੱਸਾ ਪਾਇਆ ਸੀ।

ਸ਼ਹੀਦ ਦੀ ਮਾਤਾ ਸੁਮਿੱਤਰਾ ਕੌਰ ਬੜੀ ਉਤਸ਼ਾਹ ਵਾਲੀ ਬੀਬੀ ਹੈ ਅਤੇ ਇਹ ਹੋਣਹਾਰ ਬਾਲਕ ਆਪਣੀ ਮਾਤਾ ਨੂੰ ਕਹਿੰਦਾ ਹੁੰਦਾ ਸੀ ਕਿ ਮਾਂ ਮੈਨੂੰ ਵੀ ਸੰਤ ਜੀ ਤੋਂ ਥਾਪੜਾ ਦਿਵਾ ਦਿਓ ਕਿ ਮੇਰਾ ਸਰੀਰ ਪੰਥ ਦੇ ਲੇਖੇ ਲੱਗੇ। ਸ਼ਹੀਦ ਦੇ ਸਰੀਰ ’ਤੇ ਚਾਰ ਗੋਲੀਆਂ ਲੱਗੀਆਂ ਅਤੇ ਜਬਾੜਾ ਤਲਵਾਰ ਨਾਲ ਕੱਟਿਆ ਹੋਇਆ ਸੀ। ਸ਼ਹੀਦ ਦਾ ਵੱਡਾ ਭਾਈ ਗੁਰਬਚਨ ਸਿੰਘ ਜੀ ਵੀ ਸੱਜੀ ਵੱਖੀ ਵਿਚ ਗੋਲੀ ਲੱਗਣ ਨਾਲ ਹਸਪਤਾਲ ਵਿਚ ਰਿਹਾ।

*(ਮਾਸਿਕ ਪੱਤਰ ‘ਸੂਰਾ’, ਨਵੰਬਰ 1978)*

www.AKJ.Org

# ਦਿੱਲੀ ਦਾ ਖ਼ੂਨੀ ਸਾਕਾ ਅਤੇ ਉਸ ਤੋਂ ਪਿੱਛੋਂ

ਆਖ਼ਰ ਹਿੰਦ ਦੀ ਰਾਜਧਾਨੀ ਦਿੱਲੀ ਵਿਚ ਵੀ ਸਿੱਖਾਂ ਦੇ ਸਿਰਾਂ ਦੀ ਹੋਲੀ ਖੇਡੀ ਗਈ। ਅੰਮ੍ਰਿਤਸਰ ਅਤੇ ਕਾਨ੍ਹਪੁਰ ਵਿਚ ਨਕਲੀ ਨਿਰੰਕਾਰੀਆਂ ਅਤੇ ਪੁਲਿਸ ਦੀ ਮਿਲਵੀਂ ਤਾਕਤ ਵੱਲੋਂ ਸਿੱਖਾਂ ਦੇ ਸਿਰਾਂ ਦੀ ਹੋਲੀ ਖੇਡੀ ਗਈ, ਪਰ ਦਿੱਲੀ ਵਿਖੇ ਹਿੰਦ ਸਰਕਾਰ ਤੇ ਦਿੱਲੀ ਪ੍ਰਸ਼ਾਸਨ ਨੇ ਮਿਲ ਕੇ ਪੁਲਿਸ ਰਾਹੀਂ ਸਿੱਖਾਂ ਨੂੰ ਕੁਚਲਣ ਲਈ ਕੋਈ ਕਸਰ ਬਾਕੀ ਨਾ ਛੱਡੀ, ਜਿਹੜੀ ਕਿ ਮੁਰਾਰਜੀ ਡਿਸਾਈ ਦੀ ਹੱਠ-ਧਰਮੀ ਤੇ 'ਮੈਂ ਨਾ ਮਾਨੂੰ' ਦੀ ਜ਼ਿਦ ਕਾਰਨ ਵਾਪਰੀ।

ਨਕਲੀ ਨਿਰੰਕਾਰੀਆਂ ਹੱਥੋਂ ਸ੍ਰੀ ਅੰਮ੍ਰਿਤਸਰ ਵਿਖੇ ਵਰਤੇ ਖ਼ੂਨੀ ਸਾਕੇ ਵਿਚ 13 ਸਿੰਘ ਸ਼ਹੀਦੀਆਂ ਪਾ ਗਏ ਅਤੇ ਅਣਗਿਣਤ ਜ਼ਖ਼ਮੀ ਹੋ ਗਏ। ਇਹ ਸ਼ਹੀਦੀ ਸਾਕਾ ਗਿਣੀ-ਮਿਥੀ ਸਾਜ਼ਿਸ਼ ਦਾ ਨਤੀਜਾ ਸੀ। ਇਸ ਸ਼ਹੀਦੀ ਸਾਕੇ ਕਾਰਨ ਸਿੱਖ ਹਿਰਦਿਆਂ ਦੇ ਜ਼ਖ਼ਮ ਅਜੇ ਅੱਲੇ ਹੀ ਸਨ ਕਿ 26 ਸਤੰਬਰ ਨੂੰ ਕਾਨ੍ਹਪੁਰ ਵਿਖੇ ਨਕਲੀ ਨਿਰੰਕਾਰੀ ਆਗੂ ਦੇ ਆਉਣ 'ਤੇ ਨਕਲੀ ਨਿਰੰਕਾਰੀਆਂ ਵੱਲੋਂ ਅਤੇ ਯੂ.ਪੀ. ਪੁਲਿਸ ਵੱਲੋਂ ਪੁਰ-ਅਮਨ ਰੋਸ ਪ੍ਰਗਟ ਕਰਨ ਗਈਆਂ ਸਿੱਖ ਸੰਗਤਾਂ 'ਤੇ ਜੋ ਅੰਧਾ-ਧੁੰਦ ਗੋਲੀ ਚਲਾਈ ਗਈ, ਉਸ ਨਾਲ ਅੱਠ ਸਿੰਘ (ਇਕ ਬੀਬੀ ਸਮੇਤ) ਸ਼ਹੀਦੀਆਂ ਪਾ ਗਏ ਅਤੇ 14 ਬੁਰੀ ਤਰ੍ਹਾਂ ਘਾਇਲ ਹੋਏ ਅਤੇ ਹੋਰ ਫੱਟੜਾਂ ਦੀ ਗਿਣਤੀ ਦਾ ਕੋਈ ਅੰਦਾਜ਼ਾ ਨਹੀਂ। ਇਸ ਖ਼ੂਨੀ ਕਾਂਡ ਨਾਲ ਸਮੂਹ ਸਿੱਖ ਸੰਸਾਰ ਵਿਚ ਹਾਹਾਕਾਰ ਮੱਚ ਗਈ। ਇਨ੍ਹਾਂ ਘਟਨਾਵਾਂ ਵਿਚ ਸਰਕਾਰੀ ਮਸ਼ੀਨਰੀ ਦੀ ਨਕਲੀ ਨਿਰੰਕਾਰੀਆਂ ਨੂੰ ਪੂਰੀ ਮਦਦ ਸੀ ਅਤੇ ਸਰਕਾਰੀ ਸ਼ਹਿ 'ਤੇ ਹੀ ਮਹੰਤ ਨਰੈਣੂ ਦੇ ਸ੍ਰੀ ਨਨਕਾਣਾ ਸਾਹਿਬ ਵਿਖੇ ਵਰਤਾਏ ਖ਼ੂਨੀ ਸਾਕੇ ਵਾਂਗ ਇਸ ਕੁਕਰਮੀ ਬਾਬੇ ਨੇ ਇਹ ਕਹਿਰ ਦਿਨ-ਦੀਵੀਂ ਵਰਤਾਏ। ਇਹ ਸਾਰਾ ਉਪੱਦ੍ਰਵ ਐਵੇਂ ਨਹੀਂ ਵਰਤਿਆ ਸੀ, ਸਗੋਂ ਸਿੱਖ ਕੌਮ ਨੂੰ ਕਮਜ਼ੋਰ ਕਰਨ ਲਈ ਗਿਣ-ਮਿਥ ਕੇ ਕਰਵਾਇਆ ਜਾ ਰਿਹਾ ਸੀ। ਸਿੱਖਾਂ ਦੇ ਸਿਰਾਂ ਦੀ ਹੋਲੀ ਖੇਡੀ ਗਈ ਅਤੇ ਉਸ ਤੋਂ ਬਾਅਦ ਮਹਾਸ਼ਾ ਪ੍ਰੈੱਸ ਇਨ੍ਹਾਂ ਖ਼ਬਰਾਂ ਨੂੰ ਉਲਟਾ-ਪੁਲਟਾ ਕੇ ਜੋ ਧਮੱਚੜ ਮਚਾਉਂਦਾ ਰਿਹਾ, ਉਸ ਤੋਂ ਤਾਂ ਸਾਰੀ ਗੱਲ ਨਿੱਖਰ ਕੇ ਬਾਹਰ ਆ ਗਈ ਕਿ ਉਹ ਸਿੱਖਾਂ ਨੂੰ ਕਿਸ ਰਸਾਤਲ ਤਕ ਪਹੁੰਚਾਉਣਾ ਚਾਹੁੰਦੇ ਸਨ।

ਪੰਜ ਨਵੰਬਰ 1978 ਨੂੰ ਜੋ ਕੁਝ ਦਿੱਲੀ ਵਿਚ ਹੋਇਆ, ਉਹ ਵੀ ਸਭ ਦੇ ਸਾਹਮਣੇ ਹੈ। ਜੇ ਸਰਕਾਰ ਸਿਆਣਪ ਤੋਂ ਕੰਮ ਲੈਂਦੀ ਤਾਂ ਦਿੱਲੀ ਦੀ ਇਹ ਦੁਰਘਟਨਾ ਰੁਕ ਸਕਦੀ ਸੀ। ਦਿੱਲੀ ਦੀ ਗੁਰਦੁਆਰਾ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਕਾਫ਼ੀ ਸਮਾਂ ਪਹਿਲਾਂ ਹੀ ਇਹ ਵਾਵੇਲਾ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਨਕਲੀ

www.AKJ.Org

ਨਿਰੰਕਾਰੀਆਂ ਨੂੰ ਦਿੱਲੀ ਵਿਚ ਆਪਣਾ ਸਮਾਗਮ ਜਨਤਕ ਥਾਂ ਉੱਤੇ ਕਰਨ ਦੀ ਆਗਿਆ ਨਾ ਦਿੱਤੀ ਜਾਵੇ, ਕਿਉਂਕਿ ਸਿੰਘਾਂ ਦੇ ਹਿਰਦੇ ਸ੍ਰੀ ਅੰਮ੍ਰਿਤਸਰ ਤੇ ਕਾਨ੍ਹਪੁਰ ਦੇ ਖ਼ੂਨੀ ਸਾਕਿਆਂ ਨਾਲ ਛਾਨਣੀ ਛਾਨਣੀ ਹੋਏ ਪਏ ਹਨ ਅਤੇ ਹੁਣ ਉਹ ਇਸ ਤਰ੍ਹਾਂ ਦਿੱਲੀ ਵਿਚ ਸ਼ਰ੍ਹੇ-ਆਮ ਉਸ ਨਿੰਦਕ ਨੂੰ ਨਿੰਦਾ ਕਰਦਿਆਂ ਬਰਦਾਸ਼ਤ ਨਹੀਂ ਕਰ ਸਕਣਗੇ ਅਤੇ ਜ਼ਰੂਰੀ ਤੌਰ ’ਤੇ ਰੋਸ ਪ੍ਰਗਟ ਕਰਨਗੇ, ਜਿਸ ਦੇ ਨਤੀਜੇ ਹਾਨੀਕਾਰਕ ਨਿਕਲ ਸਕਦੇ ਹਨ।

ਪਰ ਇਨ੍ਹਾਂ ਵਾਵੇਲਿਆਂ ਦਾ ਸਰਕਾਰ ਦੇ ਕੰਨਾਂ ’ਤੇ ਰਾਈ ਜਿੰਨਾ ਵੀ ਅਸਰ ਨਾ ਹੋਇਆ ਅਤੇ ਇਨ੍ਹਾਂ ਨਕਲੀ ਨਿਰੰਕਾਰੀਆਂ ਨੂੰ 4-5-6 ਨਵੰਬਰ ਨੂੰ ਰਾਮ ਲੀਲ੍ਹਾ ਗਰਾਊਂਡ ਦੀ ਥਾਂ ਇੰਡੀਆ ਗੇਟ ਦੀ ਖੁੱਲ੍ਹੀ ਗਰਾਊਂਡ ਵਿਚ ਕੁਸੰਗ ਕਰਨ ਦੀ ਖੁੱਲ੍ਹ ਦੇ ਕੇ ਜਾਣ-ਬੁੱਝ ਕੇ ਇਹ ਤੀਜਾ ਖ਼ੂਨੀ ਸਾਕਾ ਵਰਤਾਇਆ। 4 ਨਵੰਬਰ ਨੂੰ ਸੈਂਕੜਿਆਂ ਦੀ ਗਿਣਤੀ ਵਿਚ ਬੀਬੀਆਂ ਅਤੇ ਸਿੰਘਾਂ ਦੇ ਜਥੇ ਕੁਸੰਗ ਮੰਡਲ ਵੱਲ ਇਨ੍ਹਾਂ ਦਾ ਪੁਰ-ਅਮਨ ਵਿਰੋਧ ਕਰਨ ਗਏ, ਜੋ ਕਿ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਏ ਗਏ। ਨਾਲ ਹੀ ਸਰਕਾਰ ਨੇ ਗੁਰਦੁਆਰਾ ਬੰਗਲਾ ਸਾਹਿਬ ਨੂੰ ਸਾਰੇ ਪਾਸਿਆਂ ਤੋਂ ਪੁਲਿਸ ਰਾਹੀਂ ਘੇਰੇ ਵਿਚ ਲੈ ਲਿਆ ਅਤੇ ਸਿੱਖ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਵੱਲ ਜਾਣੋਂ ਰੋਕ ਦਿੱਤਾ। 5 ਨਵੰਬਰ ਸਵੇਰੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖ ਨੇਤਾ ਅਤੇ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਗੁਰਦੁਆਰਾ ਬੰਗਲਾ ਸਾਹਿਬ ਇਕੱਠੀਆਂ ਹੋ ਕੇ ਫਿਰ ਇਨ੍ਹਾਂ ਨਕਲੀਆਂ ਦਾ ਵਿਰੋਧ ਕਰਨ ਲਈ ਰੋਸ ਮੁਜ਼ਾਹਰਾ ਕਰਨਾ ਚਾਹੁੰਦੇ ਸਨ। ਇਥੇ ਇਕੱਠੀ ਹੋਈ ਸੰਗਤ ਨੂੰ ਖਦੇੜਨ ਲਈ ਹੰਝੂ ਗੈਸ ਦੇ ਬੇਇੰਤਹਾ ਗੋਲੇ ਗੁਰਦੁਆਰਾ ਸਾਹਿਬ ਦੇ ਅੰਦਰ ਸੁੱਟੇ ਗਏ ਅਤੇ ਗੋਲੀ ਚਲਾਈ ਗਈ। ਦੋ ਵਿਅਕਤੀ, ਜੋ ਗੰਭੀਰ ਜ਼ਖ਼ਮੀ ਹੋਏ ਸਨ, ਉਹ ਹਸਪਤਾਲ ਵਿਚ ਜਾ ਕੇ ਦਮ ਤੋੜ ਗਏ। ਤੀਸਰੇ ਜਥੇਦਾਰ ਅਵਤਾਰ ਸਿੰਘ ਕੋਹਲੀ ਹੋਰ ਅਕਾਲੀ ਨੇਤਾਵਾਂ ਸਮੇਤ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਲਿਜਾਂਦੇ ਸਮੇਂ ਰਸਤੇ ਵਿਚ ਹੀ ਸ਼ਹੀਦੀ ਪਾ ਗਏ ਅਤੇ ਕਈ ਦਰਜਨਾਂ ਸੱਜਣ ਫੱਟੜ ਹੋ ਗਏ। ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਦਾ ਜੋਸ਼ ਗੁਰਦੁਆਰਾ ਸਾਹਿਬ ਅੰਦਰ ਸਮੁੰਦਰ ਦੀਆਂ ਲਹਿਰਾਂ ਵਾਂਗ ਠਾਠਾਂ ਮਾਰ ਰਿਹਾ ਸੀ। ਅਜਿਹੇ ਸਮੇਂ ਬੱਚਿਆਂ ਤੇ ਮਾਈਆਂ ਦੀ ਸਾਹ-ਘੁੱਟਵੀਂ ਪੀੜਾ ਕਾਰਨ ਸਿੰਘਾਂ ਦੇ ਖ਼ੂਨ ਉੱਬਲ ਰਹੇ ਸਨ ਅਤੇ ਸਰਕਾਰ ਦੀ ਇਕ-ਪੱਖੀ ਸਖ਼ਤੀ ਤੇ ਪੁਲਿਸ ਦੇ ਨਾਜਾਇਜ਼ ਤਸ਼ੱਦਦ ਤੋਂ ਤੜਫ਼ ਰਹੇ ਸਨ। ਇਸ ਤੋਂ ਅਗਲਾ ਕਦਮ ਸਰਕਾਰ ਨੇ ਗੁਰਦੁਆਰਾ ਸਾਹਿਬ ਦੇ ਏਰੀਏ ਵਿਚ ਕਰਫ਼ਿਊ ਲਾਉਣ ਦਾ ਚੁੱਕਿਆ, ਜੋ ਸਿੱਖ ਧਰਮ ਨਾਲ ਸਰਾਸਰ ਧੱਕਾ ਤੇ ਅਨਿਆਂ ਸੀ।

ਇਸ ਸਖ਼ਤੀ ਦਾ ਜ਼ਿਕਰ ਗਿਆਨੀ ਗੁਰਦਿੱਤ ਸਿੰਘ ਜੀ ਨੇ ਅੱਖੀਂ ਡਿੱਠੀ ਘਟਨਾ ਦੇ ਆਧਾਰ ’ਤੇ *ਸਿੰਘ ਸਭਾ ਪੱਤ੍ਰਿਕਾ* ਵਿਚ ਕਰਦੇ ਹੋਏ ਲਿਖਿਆ ਕਿ ਇਹ ਗੱਲ ਅਸੀਂ ਸ. ਧੰਨਾ ਸਿੰਘ ਗੁਲਸ਼ਨ (ਸੈਂਟਰਲ ਵਜ਼ੀਰ) ਨੂੰ ਟੈਲੀਫੋਨ ’ਤੇ ਦੱਸੀ। ਉਨ੍ਹਾਂ ਨੇ ਪੂਰੀ ਹਮਦਰਦੀ ਨਾਲ ਗੱਲ ਸੁਣੀ ਤੇ ਦੱਸਿਆ ਕਿ “ਮੈਂ ਬੰਗਲਾ ਸਾਹਿਬ ਖ਼ੁਦ ਜਾ ਕੇ ਆਇਆ ਹਾਂ, ਪਰ ਪੁਲਿਸ ਨੇ ਅੰਦਰ ਨਹੀਂ ਜਾਣ ਦਿੱਤਾ।” ਅੱਗੇ ਲਿਖਦੇ ਹਨ ਕਿ ਦੂਜੇ ਦਿਨ ਸਵੇਰੇ ਸ. ਹੁਕਮ ਸਿੰਘ ਜੀ ਨੇ ਸ. ਧੰਨਾ ਸਿੰਘ ਗੁਲਸ਼ਨ ਨਾਲ

www.AKJ.Org

ਗੱਲ ਕੀਤੀ ਅਤੇ ਉਨ੍ਹਾਂ ਨੇ ਲੈਫ਼ਟੀਨੈਂਟ ਗਵਰਨਰ ਨੂੰ ਉਨ੍ਹਾਂ ਦੇ ਘਰ ਜਾ ਕੇ ਸਾਰੇ ਹਾਲਾਤ ਬਾਰੇ ਦੱਸਿਆ-ਪੁੱਛਿਆ। ਸ. ਹੁਕਮ ਸਿੰਘ ਜੀ ਨੇ ਗੁਰਦੁਆਰੇ ਉੱਤੇ ਕਰਫ਼ਿਊ ਲਗਾਉਣ ਦਾ ਸਖ਼ਤ ਵਿਰੋਧ ਕੀਤਾ। ਸ. ਧੰਨਾ ਸਿੰਘ ਜੀ ਨੇ ਵੀ ਜ਼ੋਰ ਨਾਲ ਕਿਹਾ ਕਿ ਸਿੱਖਾਂ ਅਤੇ ਸਰਕਾਰ ਦੇ ਤੁਅੱਲਕਾਤ ਵਿਗੜ ਰਹੇ ਹਨ, ਗੁਰਦੁਆਰਿਆਂ ਤੋਂ ਪੁਲਿਸ ਹਟਾ ਲਵੋ ਅਤੇ ਜਥੇਦਾਰ ਅਵਤਾਰ ਸਿੰਘ ਕੋਹਲੀ, ਜੋ ਬੜੇ ਪ੍ਰਤਿਸ਼ਠਿਤ ਅਕਾਲੀ ਲੀਡਰ ਸਨ, ਉਨ੍ਹਾਂ ਦੀ ਅਰਥੀ ਸਮੇਂ ਪੁਲਿਸ ਦਖ਼ਲ ਨਾ ਦੇਵੇ। ਲੈਫ਼ਟੀਨੈਂਟ ਗਵਰਨਰ ਸਾਹਿਬ ਨੇ ਜੋ ਕਿਹਾ ਅਤੇ ਅਸਾਂ ਸੁਣਿਆ, ਉਹ ਇਸ ਕਿਸਮ ਦਾ ਸੀ ਕਿ ਮੇਰੇ ਕੁਝ ਵੱਸ ਨਹੀਂ, ਤੁਹਾਡੀ ਹਰ ਖ਼ਬਰ ਮੈਂ ਉਪਰ ਪਹੁੰਚਾ ਰਿਹਾ ਹਾਂ (ਭਾਵ ਮੁਰਾਰਜੀ ਡਿਸਾਈ ਨੂੰ) ਜੋ ਹੁਕਮ ਆਉਂਦਾ ਹੈ, ਉਸ ਉੱਤੇ ਅਮਲ ਕਰਨਾ ਹੀ ਮੇਰਾ ਫ਼ਰਜ਼ ਹੈ।

ਦਿੱਲੀ ਕਾਰਪੋਰੇਸ਼ਨ ਦੇ ਜਨਸੰਘੀ ਮੇਅਰ ਰਾਜਿੰਦਰ ਕੁਮਾਰ ਗੁਪਤਾ ਦੀ ਸਿੱਖੀ ਵਿਰੋਧੀ ਦੁਸ਼ਮਣੀ, ਉਸ ਦੀਆਂ ਹਰਕਤਾਂ ਤੋਂ ਸਾਹਮਣੇ ਆਉਂਦੀ ਰਹੀ, ਉਸ ਨੇ ਨਕਲੀਆਂ ਦੇ ਸਮਾਗਮ ਵਿਚ ਪੁੱਜ ਕੇ ਉਨ੍ਹਾਂ ਦੇ ਹੱਕ ਵਿਚ ਭਾਸ਼ਣ ਦਿੰਦਿਆਂ ਕਿਹਾ ਕਿ ਨਕਲੀ ਬਾਬਾ ਸੁਆਮੀ ਵਿਵੇਕਾਨੰਦ ਵਾਂਗ ਵਿਸ਼ਵ ਭਾਈਚਾਰੇ ਨੂੰ ਉਭਾਰਨ ਤੇ ਉੱਨਤ ਕਰਨ ਦਾ ਪਵਿੱਤਰ ਕਾਰਜ ਕਰ ਰਿਹਾ ਹੈ। ਜਦ ਕਿ ਨਕਲੀ ਬਾਬੇ ਦੇ ਕਿਰਦਾਰ ਅਤੇ ਅਸਲੀਅਤ ਦਾ ਸਭ ਨੂੰ ਪਤਾ ਹੈ। ਦੂਸਰੀ ਵਾਰ ਸਿੱਖੀ ਦੁਸ਼ਮਣੀ ਸੰਬੰਧੀ ਉਸ ਦਾ ਪਾਜ ਉਦੋਂ ਉੱਘੜਿਆ ਜਦੋਂ ਦਿੱਲੀ ਕਾਰਪੋਰੇਸ਼ਨ ਦੀ ਮੀਟਿੰਗ ਵਿਚ 5 ਨਵੰਬਰ ਨੂੰ ਜਥੇਦਾਰ ਕੋਹਲੀ ਦੀ ਸ਼ਹੀਦੀ ਨਮਿਤ ਇਕ ਛਿਣ ਲਈ ਮੀਟਿੰਗ ਬੰਦ ਕਰਨ ਲਈ ਕਿਹਾ ਗਿਆ ਪਰ ਇਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਦਿੱਲੀ ਦੇ ਕਾਂਗਰਸ ਅਤੇ ਜਨਤਾ ਪਾਰਟੀ ਦੇ ਕੁਝ ਨੇਤਾ ਰੋਸ ਵਜੋਂ ਵਾਕ-ਆਊਟ ਕਰ ਗਏ। ਮੇਅਰ ਗੁਪਤਾ ਦੇ ਪੱਖਪਾਤੀ ਰਵੱਈਏ ਅਤੇ ਖੁੱਲ੍ਹੇਆਮ ਨਕਲੀਆਂ ਦੇ ਹਮਾਇਤੀ ਹੋਣ ਕਾਰਨ ਦਿੱਲੀ ਦੇ ਸਿੰਘ ਉਸ ਦੇ ਸਖ਼ਤ ਬਰਖ਼ਿਲਾਫ਼ ਹੋ ਗਏ ਅਤੇ ਜਿਸ ਸਮਾਗਮ ਵਿਚ ਉਹ ਜਾਂਦਾ, ਉਸ ਦਾ ਬਾਈਕਾਟ ਕਰ ਦਿੰਦੇ ਸਨ। ਸੋ ਇਨ੍ਹਾਂ ਜਨਸੰਘੀ ਨੇਤਾਵਾਂ ਤੋਂ ਕਦੇ ਵੀ ਸਿੱਖਾਂ ਦੀ ਭਲਿਆਈ ਜਾਂ ਇਨਸਾਫ਼ ਦੀ ਆਸ ਨਹੀਂ ਰੱਖਣੀ ਚਾਹੀਦੀ। ਜਿਥੇ ਵੀ ਇਨ੍ਹਾਂ ਦਾ ਵੱਸ ਚੱਲਦਾ ਹੈ, ਇਨ੍ਹਾਂ ਨੇ ਸਿੱਖ ਦੁਸ਼ਮਣੀ ਦਾ ਪ੍ਰਗਟਾਵਾ ਕਰਨਾ ਹੀ ਹੁੰਦਾ ਹੈ।

ਗਵਰਨਰ ਸਾਹਿਬ ਦੇ ਉਕਤ ਸ਼ਬਦਾਂ ਤੋਂ ਸਹਿਜੇ ਹੀ ਗੱਲ ਸਪੱਸ਼ਟ ਹੁੰਦੀ ਹੈ ਕਿ ਸਾਡੀ ਸਰਕਾਰ ਕਿਵੇਂ ਇਕ ਆਚਰਣਹੀਣ, ਦੁਰਾਚਾਰੀ ਤੇ ਕਾਤਲ ਨੂੰ ਪਨਾਹ ਦੇ ਕੇ, ਉਸ ਦੇ ਕੁਸੰਗ ਸ਼ਰ੍ਹੇ-ਆਮ ਕਰਵਾ ਰਹੀ ਹੈ ਅਤੇ ਸਿੱਖਾਂ ਪ੍ਰਤੀ ਈਰਖਾ ਵਾਲੀ ਭਾਵਨਾ ਦੇ ਅਧੀਨ ਇਕ ਕੁਸੰਗੀ ਤੇ ਦੁਰਾਚਾਰੀ ਟੋਲੇ ਨੂੰ ਘੱਟ-ਗਿਣਤੀ ਧਰਮ ਦੀ ਆੜ ਹੇਠ ਕਿਸ ਤਰ੍ਹਾਂ ਪਾਲ ਰਹੀ ਹੈ। ਸਰਕਾਰ ਦੇ ਇਸ ਪੱਖਪਾਤੀ ਰਵੱਈਏ ਤੋਂ ਉਸ ਦੀ ਕੂਟਨੀਤੀ ਸਾਫ਼ ਸਿੱਧ ਹੋ ਰਹੀ ਹੈ। ਅਸੀਂ ਸਰਕਾਰ ਨੂੰ ਇਹ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਇਹ (ਨਕਲੀ) 'ਨਿਰੰਕਾਰੀ ਮਿਸ਼ਨ' ਕੋਈ ਧਰਮ ਨਹੀਂ ਹੈ। ਇਨ੍ਹਾਂ ਦੇ ਧਰਮ ਵਾਲੇ ਕੋਈ ਲੱਛਣ ਨਹੀਂ, ਧਰਮ ਵਾਲੇ ਕੋਈ ਅਸੂਲ ਨਹੀਂ ਅਤੇ ਨਾ ਹੀ ਇਨ੍ਹਾਂ ਦੀਆਂ ਸਰਗਰਮੀਆਂ ਧਾਰਮਿਕ ਰੁਚੀ ਵਾਲੀਆਂ ਹਨ। ਸਭ ਧਰਮਾਂ

www.AKJ.Org

ਤੋਂ ਉਲਟ ਵਾਮ-ਮਾਰਗੀਆਂ ਵਾਂਗ ਇਹ ਇਕ ਵਿਭਚਾਰੀ ਟੋਲਾ ਹੈ, ਜਿਸ ਦਾ ਨਿਸ਼ਾਨਾ ਆਪ ਐਸ਼ੋ-ਇਸ਼ਰਤ ਕਰਨਾ ਅਤੇ ਆਚਰਨ-ਹੀਨ ਸਮਾਜ ਪੈਦਾ ਕਰਨਾ ਹੈ। ਇਨ੍ਹਾਂ ਨੂੰ ਖੁੱਲ੍ਹ ਦੇ ਕੇ ਭਾਰਤ ਦੀ ਧਾਰਮਿਕ ਸਭਿਅਤਾ ਦਾ ਦਿਵਾਲਾ ਕੱਢਿਆ ਜਾ ਰਿਹਾ ਹੈ, ਜਿਹੜਾ ਕਿ ਜਨਤਾ ਤੇ ਸਰਕਾਰ ਦੋਹਾਂ ਲਈ ਹਾਨੀਕਾਰਕ ਸਿੱਧ ਹੋਵੇਗਾ।

ਦਿੱਲੀ ਦੀ ਉਪਰੋਕਤ ਘਟਨਾ ਵਿਚ ਸਰਕਾਰ ਦੇ ਪੱਖਪਾਤੀ ਰਵੱਈਏ ਨੂੰ ਵੇਖ ਕੇ ਅਕਾਲੀ ਹਾਈ ਕਮਾਂਡ ਨੇ ਜਨਤਾ ਸਰਕਾਰ ਨਾਲੋਂ ਆਪਣੇ ਸੰਬੰਧ ਤੋੜ ਲੈਣ ਦਾ ਫ਼ੈਸਲਾ ਕੀਤਾ ਅਤੇ ਕੇਂਦਰ ਸਰਕਾਰ ਦੇ ਦੋਹਾਂ ਵਜ਼ੀਰਾਂ ਤੋਂ ਅਸਤੀਫ਼ੇ ਦੁਆ ਦਿੱਤੇ। ਇਨ੍ਹਾਂ ਅਸਤੀਫ਼ਿਆਂ ਤੋਂ ਸਰਕਾਰ ਹਿੱਲ ਗਈ ਅਤੇ ਤਾਂ ਜਾ ਕੇ ਅੱਖਾਂ ਖੁੱਲ੍ਹੀਆਂ। ਕੇਂਦਰ ਸਰਕਾਰ ਨੇ ਅਸਤੀਫ਼ੇ ਵਾਪਸ ਕਰਾਉਣ ਲਈ ਆਪਣੇ ਏਲਚੀਆਂ ਰਾਹੀਂ ਦੌੜ-ਭੱਜ ਸ਼ੁਰੂ ਕਰ ਦਿੱਤੀ। ਸਿੱਟੇ ਵਜੋਂ ਇਹ ਤਿੰਨ-ਨੁਕਾਤੀ ਸਮਝੌਤਾ ਹੋਇਆ ਕਿ :

1. ਦਿੱਲੀ ਤੋਂ ਗ੍ਰਿਫ਼ਤਾਰ ਕੀਤੇ 268 ਸਿੰਘ ਤੁਰਤ ਰਿਹਾਅ ਕੀਤੇ ਜਾਣਗੇ।
2. ਨਕਲੀ ਨਿਰੰਕਾਰੀ ਆਗੂ ਦੀ ਨਕਲੋ-ਹਰਕਤ (ਫੇਰੀ-ਟੋਰੀ) ਸੀਮਤ ਕੀਤੀ ਜਾਏਗੀ।
3. ***ਅਵਤਾਰ ਬਾਣੀ*** ਤੇ ***ਯੁਗ ਪੁਰਸ਼*** ਦੋਹਾਂ ਪੁਸਤਕਾਂ ਵਿੱਚੋਂ ਇਤਰਾਜ਼ ਯੋਗ ਹਿੱਸੇ ਛਾਣ-ਬੀਣ ਕਰ ਕੇ ਕੱਢ ਦਿੱਤੇ ਜਾਣਗੇ।

ਇਸ ਸਮਝੌਤੇ ਤੋਂ ਬਾਅਦ ਅਸਤੀਫ਼ੇ ਵਾਪਸ ਲੈ ਲਏ ਗਏ। ਸਰਕਾਰ ਨੇ 268 ਸਿੰਘਾਂ ਵਿੱਚੋਂ 222 ਛੱਡ ਦਿੱਤੇ ਅਤੇ ਬਾਕੀਆਂ ਦੇ ਵੀ ਛੱਡੇ ਜਾਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ।

ਪਰ ਹੋਇਆ ਉਹੀ, ਜੋ ਕੁਝ ਅੱਗੇ ਹੁੰਦਾ ਆਇਆ ਹੈ। ਅਕਾਲੀ ਨੇਤਾ ਸ. ਸੁਰਜੀਤ ਸਿੰਘ ਬਰਨਾਲਾ ਤੇ ਸ. ਧੰਨਾ ਸਿੰਘ ਗੁਲਸ਼ਨ ਵੱਲੋਂ ਦਿੱਤੇ ਵਜ਼ੀਰੀਆਂ ਤੋਂ ਅਸਤੀਫ਼ੇ ਕੁਝ ਦੇਰ ਬਾਅਦ ਬਿਨਾਂ ਕਿਸੇ ਮੰਗ ਮਨਵਾਏ ਵਾਪਸ ਲੈ ਗਏ ਅਤੇ ਬਾਕੀ ਮੰਗਾਂ ਵੀ ਠੰਢੇ ਬਸਤੇ ਵਿਚ ਪੈ ਗਈਆਂ, ਕਿਉਂਕਿ ਅਕਾਲੀ ਨੇਤਾਵਾਂ ਬਾਰੇ ਇਹ ਗੱਲ ਮਸ਼ਹੂਰ ਹੈ ਕਿ ਉਹ ਰਾਜ-ਭਾਗ ਅਤੇ ਵਜ਼ੀਰੀਆਂ ਮਾਨਣ ਲਈ ਪੰਜਾਬ ਅਤੇ ਸਿੱਖਾਂ ਦੀਆਂ ਜਾਇਜ਼ ਮੰਗਾਂ ਨੂੰ ਭੁੱਲ ਕੇ ਪੰਥਕ ਹਿਤਾਂ ਨਾਲੋਂ ਰਾਜਨੀਤਕ ਹਿਤਾਂ ਨੂੰ ਹੀ ਪਹਿਲ ਦਿੰਦੇ ਰਹੇ ਹਨ ਅਤੇ ਹੁਣ ਵੀ ਦੇ ਰਹੇ ਹਨ। ਜਦੋਂ ਇਹ ਰਾਜ-ਭਾਗ ਤੋਂ ਬਾਹਰ ਹੁੰਦੇ ਹਨ ਤਾਂ ਇਨ੍ਹਾਂ ਨੂੰ ਪੰਥ ਖ਼ਤਰੇ ਵਿਚ ਦਿਸਣ ਲੱਗ ਪੈਂਦਾ ਹੈ, ਜਦੋਂ ਰਾਜ-ਭਾਗ ਮਿਲ ਜਾਵੇ, ਫਿਰ ਸਭ ਕੁਝ ਭੁੱਲ ਕੇ ਨੈਸ਼ਨਲਿਸਟ, ਧਰਮ ਨਿਰਪੱਖ ਹੋਣ ਅਤੇ ਸਮਾਜਿਕ ਭਾਈਚਾਰਾ ਕਾਇਮ ਰੱਖਣ ਦੇ ਮੁੱਦਈ ਹੋ ਜਾਂਦੇ ਹਨ।

*('ਸਿੰਘ ਸਭਾ ਪੱਤ੍ਰਿਕਾ', ਦਸੰਬਰ 1978)*

www.AKJ.Org


# ਦਿੱਲੀ ਦੇ ਸਿੱਖ ਸ਼ਹੀਦ

*—ਗੁਰਪੁਰਵਾਸੀ ਗਿ. ਭਜਨ ਸਿੰਘ ਜੀ*

## 1. ਜਥੇਦਾਰ ਅਵਤਾਰ ਸਿੰਘ ਜੀ ਕੋਹਲੀ

ਜਥੇਦਾਰ ਅਵਤਾਰ ਸਿੰਘ ਜੀ ਕੋਹਲੀ ਦਿੱਲੀ ਦੇ ਅਕਾਲੀ ਲੀਡਰਾਂ ਵਿੱਚੋਂ ਪ੍ਰਮੁੱਖ ਨੇਤਾ ਸਨ। ਆਪ ਨੇ ਦਿੱਲੀ ਅਕਾਲੀ ਦਲ ਦੀ 20 ਸਾਲ ਦੇ ਕਰੀਬ ਪ੍ਰਧਾਨਗੀ ਦੀ ਸੇਵਾ ਨਿਭਾਈ। ਇਸ ਤੋਂ ਇਲਾਵਾ ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਮੈਂਬਰ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਰਹੇ।

ਆਪ ਦਾ ਜਨਮ ਪਿੰਡ ਨੀਲਾ, ਤਹਿਸੀਲ ਚਕਵਾਲ, ਜ਼ਿਲ੍ਹਾ ਜੇਹਲਮ (ਪਾਕਿਸਤਾਨ) ਵਿਚ 1913 ਵਿਚ ਹੋਇਆ। ਆਪ ਜੀ ਦੇ ਪਿਤਾ ਸ. ਪ੍ਰੇਮ ਸਿੰਘ ਜੀ ਇਕ ਮੰਨੇ-ਪ੍ਰਮੰਨੇ ਵਿਅਕਤੀ ਸਨ। ਜਥੇਦਾਰ ਅਵਤਾਰ ਸਿੰਘ ਜੀ ਆਪਣੀ ਜਵਾਨੀ ਦੀ ਉਮਰੇ 1938 ਵਿਚ ਈਰਾਨ ਵਿਚ ਜਾ ਵੱਸੇ ਅਤੇ 1947 ਤਕ ਉਥੇ ਆਪਣਾ ਵਪਾਰ ਜਾਰੀ ਰੱਖਿਆ। ਇਸ ਤੋਂ ਪਿੱਛੋਂ ਆਪ ਦਿੱਲੀ ਵਿਚ ਆ ਵੱਸੇ ਅਤੇ ਸਿੱਖ ਰਾਜਨੀਤੀ ਵਿਚ ਵਿਸ਼ੇਸ਼ ਹਿੱਸਾ ਲੈਣ ਲੱਗ ਪਏ। ਦਿਆਨਤਦਾਰੀ ਅਤੇ ਕਰੜੀ ਮਿਹਨਤ ਸਦਕਾ ਅਤੇ ਸਿੱਖ ਕੌਮ ਦੇ ਮਹਾਨ ਲੀਡਰ ਮਾਸਟਰ ਤਾਰਾ ਸਿੰਘ ਦੇ ਵਫ਼ਾਦਾਰ ਸਾਥੀ ਹੋਣ ਕਰਕੇ ਅਕਾਲੀ ਦਲ ਵਿਚ ਆਪ ਨੇ ਥੋੜ੍ਹੇ ਸਮੇਂ ਵਿਚ ਆਪਣੀ ਖ਼ਾਸ ਥਾਂ ਬਣਾ ਲਈ। ਆਪ ਪਹਿਲੀ ਵਾਰ 1954 ਵਿਚ ਦਿੱਲੀ ਅਕਾਲੀ ਦਲ ਦੇ ਪ੍ਰਧਾਨ ਚੁਣੇ ਗਏ ਅਤੇ ਅੰਤਿਮ ਸਮੇਂ ਤਕ ਇਸ ਸੇਵਾ ਨੂੰ ਸਿਦਕ-ਦਿਲੀ ਨਾਲ



ਜਥੇਦਾਰ ਅਵਤਾਰ ਸਿੰਘ ਜੀ ਕੋਹਲੀ

www.AKJ.Org



ਸ਼ਹੀਦ ਜਥੇਦਾਰ ਅਵਤਾਰ ਸਿੰਘ ਕੋਹਲੀ ਦੀ ਅਰਥੀ ਦਾ ਜਲੂਸ

ਨਿਭਾਉਂਦੇ ਰਹੇ। ਆਪ ਧਾਰਮਿਕ ਭਾਵਨਾ ਵਿਚ ਪਰਪੱਕ ਨਿੱਤਨੇਮੀ ਗੁਰਸਿੱਖ ਸਨ।

ਪੰਜ ਨਵੰਬਰ 1978 ਨੂੰ ਨਕਲੀ ਨਿਰੰਕਾਰੀਆਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਗੁਰਦੁਆਰਾ ਬੰਗਲਾ ਸਾਹਿਬ ਤੋਂ ਦਿੱਲੀ ਦੇ ਬਾਕੀ ਸਿੱਖ ਨੇਤਾਵਾਂ ਨਾਲ ਜਥੇ ਦੀ ਅਗਵਾਈ ਕਰਦੇ ਹੋਏ ਗ੍ਰਿਫ਼ਤਾਰ ਕਰ ਲਏ ਗਏ। ਇਨ੍ਹਾਂ ਸਾਰੇ ਨੇਤਾਵਾਂ ਨੂੰ ਬੱਸ ਰਾਹੀਂ ਪੁਲਿਸ ਜੇਲ੍ਹ ਨੂੰ ਲੈ ਕੇ ਜਾ ਰਹੀ ਸੀ ਕਿ ਰਸਤੇ ਵਿਚ ਕਿਸੇ ਕਾਰਨ ਹੰਝੂ ਗੈਸ ਦਾ ਇਕ ਗੋਲਾ ਬੱਸ ਵਿਚ ਸੁੱਟਿਆ ਗਿਆ। ਇਸ ਕਾਰਨ ਜਥੇਦਾਰ ਕੋਹਲੀ ਸਾਹਿਬ ਦਮ ਘੁੱਟਣ ਨਾਲ ਮੌਕੇ 'ਤੇ ਹੀ ਸ਼ਹਾਦਤ ਦਾ ਜਾਮ ਪੀ ਗਏ ਅਤੇ ਹੋਰ ਕਈ ਨੇਤਾ ਫੱਟੜ ਵੀ ਹੋਏ। 6 ਨਵੰਬਰ ਨੂੰ ਇਕ ਵੱਡੇ ਜਲੂਸ ਰਾਹੀਂ, ਜਿਸ ਵਿਚ ਹਜ਼ਾਰਾਂ ਸੰਗਤਾਂ ਸ਼ਾਮਲ ਸਨ, ਜਥੇਦਾਰ ਸਾਹਿਬ ਜੀ ਨੂੰ ਅੰਤਮ ਵਿਦਾਇਗੀ ਦਿੱਤੀ ਗਈ।

## 2. ਸ. ਮਹਿੰਦਰ ਸਿੰਘ ਜੀ

ਸ. ਮਹਿੰਦਰ ਸਿੰਘ ਜੀ ਧਾਰਮਿਕ ਭਾਵਨਾਵਾਂ ਵਾਲਾ ਇਕ ਸਿਦਕੀ ਨੌਜਵਾਨ ਸੀ। ਇਹ ਨੌਜਵਾਨ ਆਪਣਾ ਬਹੁਤਾ ਵਕਤ ਸੇਵਾ ਦੇ ਕੰਮਾਂ ਵਿਚ ਬਿਤਾਉਂਦਾ ਸੀ। ਆਪ ਦਾ ਜਨਮ 1947 ਵਿਚ ਰਾਜਾਸਾਂਸੀ (ਅੰਮ੍ਰਿਤਸਰ) ਵਿਖੇ ਹੋਇਆ। ਆਪ ਦੇ ਪਿਤਾ ਸ. ਕਰਤਾਰ ਸਿੰਘ ਜੀ ਵੱਲਾ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ ਦੇ ਵਾਸੀ ਸਨ। ਅਜੇ ਮਹਿੰਦਰ ਸਿੰਘ ਜੀ 11 ਸਾਲ ਦੇ ਹੀ ਸਨ ਕਿ ਆਪ ਦੇ ਸਿਰ ਤੋਂ 1958 ਵਿਚ ਪਿਤਾ ਦਾ ਸਾਇਆ ਉੱਠ ਗਿਆ। ਘਰ ਵਿਚ ਆਮਦਨ ਦਾ ਹੋਰ ਕੋਈ ਸਾਧਨ ਨਾ ਹੋਣ ਕਰਕੇ ਆਪ ਦੀ ਮਾਤਾ ਸਰਦਾਰਨੀ ਦਲਜੀਤ ਕੌਰ ਜੀ ਨੂੰ ਪੁਲਿਸ ਦੀ ਨੌਕਰੀ ਅਪਣਾਉਣੀ ਪਈ ਅਤੇ 1978 ਵਿਚ ਵੀ ਹੈੱਡ ਕਾਨਸਟੇਬਲ ਦੇ ਤੌਰ 'ਤੇ ਆਪਣੀ ਡਿਊਟੀ ਨਿਭਾ ਰਹੇ ਸਨ।

5 ਨਵੰਬਰ 1978 ਨੂੰ ਗੁਰਦੁਆਰਾ ਬੰਗਲਾ ਸਾਹਿਬ ਦੀ ਛਬੀਲ ਉੱਤੇ ਆਪ

www.AKJ.Org

ਜਲ ਛਕਾਉਣ ਦੀ ਸੇਵਾ ਕਰ ਰਹੇ ਸਨ ਤਾਂ ਪੁਲਿਸ ਵੱਲੋਂ ਹੰਝੂ ਗੈਸ ਦੇ ਗੋਲੇ ਲੱਗਣ ਨਾਲ ਸਖ਼ਤ ਜ਼ਖ਼ਮੀ ਹੋ ਗਏ ਅਤੇ ਰਾਮ ਮਨੋਹਰ ਲੋਹੀਆ ਹਸਪਤਾਲ ਵਿਚ ਜਾ ਕੇ ਪੰਜ ਭੂਤਕ ਸਰੀਰ ਨੂੰ ਤਿਆਗ ਗਏ। ਇਉਂ ਸ਼ਹੀਦਾਂ ਦੀ ਕਤਾਰ ਵਿਚ ਜਾ ਖੜੋਤੇ।

## 3. ਸ. ਗੋਬਿੰਦ ਸਿੰਘ ਜੀ

ਸ. ਗੋਬਿੰਦ ਸਿੰਘ ਜੀ 19 ਸਾਲਾਂ ਦਾ ਨੌਜਵਾਨ ਸੀ ਅਤੇ ਹਾਇਰ ਸੈਕੰਡਰੀ ਦਾ ਵਿਦਿਆਰਥੀ ਸੀ। ਆਪ ਸ. ਭਗਤ ਸਿੰਘ ਜੀ ਦੇ ਛੋਟੇ ਸਪੁੱਤਰ ਸਨ। ਆਪ ਦੇ ਪਿਤਾ ਹੁਸ਼ਿਆਰਪੁਰ ਦੇ ਮੂਲ-ਵਾਸੀ ਹਨ ਅਤੇ ਓਦੋਂ ਰਘਬੀਰ ਨਗਰ, ਰਾਜੌਰੀ ਗਾਰਡਨ, ਦਿੱਲੀ ਰਹਿੰਦੇ ਸਨ।

5 ਨਵੰਬਰ 1978 ਨੂੰ ਸ. ਗੋਬਿੰਦ ਸਿੰਘ ਜੀ ਗੁਰਦੁਆਰਾ ਬੰਗਲਾ ਸਾਹਿਬ ਮੱਥਾ ਟੇਕਣ ਜਾਂਦਾ ਹੋਇਆ ਜੋੜਾ ਉਤਾਰ ਰਿਹਾ ਸੀ ਕਿ ਪੁਲਿਸ ਦੀ ਗੋਲੀ ਨਾਲ ਸਖ਼ਤ ਜ਼ਖ਼ਮੀ ਹੋ ਗਿਆ। ਬਹੁਤ ਛੇਤੀ ਹੀ ਹਸਪਤਾਲ ਪਹੁੰਚਾਇਆ ਗਿਆ, ਪਰ ਉਹ ਮੌਤ ਤੋਂ ਬਚ ਨਾ ਸਕਿਆ ਅਤੇ ਸ਼ਹੀਦੀ ਜਾਮ ਪ੍ਰਾਪਤ ਕਰ ਗਿਆ।

www.AKJ.Org

# ਦਿਲਵਾਲੀ ਨਕਲੀ ਬਾਬੇ ਦਾ ਅੰਤ

*–ਗਿਆਨੀ ਪ੍ਰਤਾਪ ਸਿੰਘ ਜੀ,*
*ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ*

ਇਨ੍ਹਾਂ ਖ਼ੂਨੀ ਕਾਂਡਾਂ ਤੋਂ ਬਾਅਦ ਨਕਲੀ ਬਾਬਾ ਦਿਮਾਗ਼ੀ ਤੌਰ 'ਤੇ ਬਹੁਤ ਪਰੇਸ਼ਾਨ ਹੋ ਗਿਆ। ਦੂਜਿਆਂ ਦੇ ਦੁੱਖ ਦੂਰ ਕਰਨ ਦਾ ਝੂਠਾ ਦਾਅਵਾ ਕਰਨ ਵਾਲਾ ਖ਼ੁਦ ਕਈ ਰੋਗਾਂ ਦਾ ਸ਼ਿਕਾਰ ਹੋ ਗਿਆ ਅਤੇ ਹਰ ਵਕਤ ਇਕ ਡਾਕਟਰ ਆਪਣੇ ਨਾਲ ਰੱਖਦਾ ਸੀ ਤੇ ਹਮੇਸ਼ਾਂ ਦਵਾਈਆਂ ਖਾਂਦਾ ਰਹਿੰਦਾ ਸੀ। ਪੰਜਾਬ, ਦਿੱਲੀ, ਯੂ.ਪੀ. ਵਿਚ ਹੋਏ ਆਪਣੇ ਹਸ਼ਰ ਦਾ ਹਾਲ ਦੇਖ ਕੇ ਨਕਲੀ ਬਾਬੇ ਨੇ ਆਪਣੇ ਪ੍ਰਚਾਰ ਅਤੇ ਸਮਾਗਮਾਂ ਦਾ ਰੁਖ਼ ਬਾਹਰਲੇ ਸੂਬਿਆਂ ਵੱਲ ਕਰ ਲਿਆ। ਸਭ ਤੋਂ ਪਹਿਲਾਂ ਉਸ ਨੇ 20-21 ਜਨਵਰੀ 1980 ਨੂੰ ਬੰਬਈ ਸਮਾਗਮ ਰੱਖਿਆ। ਸਿੱਖ ਸੰਗਤਾਂ ਨੂੰ ਜਦ ਪਤਾ ਲੱਗਾ ਤਾਂ ਉਨ੍ਹਾਂ ਮੁੱਖ ਮੰਤਰੀ ਨਾਲ ਗੱਲਬਾਤ ਕਰ ਕੇ ਪਹਿਲੀਆਂ ਵਾਪਰੀਆਂ ਘਟਨਾਵਾਂ ਨੂੰ ਮੁੱਖ ਰੱਖ ਕੇ ਇਸ ਦੇ ਸਮਾਗਮ 'ਤੇ ਪਾਬੰਦੀ ਦੀ ਮੰਗ ਕੀਤੀ। ਬਾਬੇ ਨੇ ਇਸ ਸੰਬੰਧੀ ਪ੍ਰਧਾਨ ਮੰਤਰੀ ਦੇ ਮੁੱਖ ਸਕੱਤਰ ਸੀ.ਵੀ. ਸ਼ੰਕਰ ਨਾਲ ਮੁਲਾਕਾਤ ਕੀਤੀ ਤੇ ਬਿਆਨ ਦਿੱਤਾ ਕਿ ਉਹ ਧਾਰਮਿਕ ਸਮਾਗਮਾਂ 'ਤੇ ਪਾਬੰਦੀ ਬਰਦਾਸ਼ਤ ਨਹੀਂ ਕਰੇਗਾ। ਮਹਾਂਰਾਸ਼ਟਰ ਸਰਕਾਰ ਨੇ ਖੁੱਲ੍ਹੇਆਮ ਸਮਾਗਮ ਕਰਨ 'ਤੇ ਪਾਬੰਦੀ ਲਾ ਕੇ ਕਿਸੇ ਹਾਲ ਵਿਚ ਸਮਾਗਮ ਕਰਨ ਦੀ ਪ੍ਰਵਾਨਗੀ ਦੇ ਦਿੱਤੀ। ਸਿੱਖ ਸੰਗਤਾਂ ਨੇ ਉਥੇ ਵੀ ਰੋਸ ਮੁਜ਼ਾਹਰਾ ਕਰ ਕੇ ਇਸ ਦਾ ਵਿਰੋਧ ਕੀਤਾ, ਪਰੰਤੂ ਬੰਬਈ ਵਿਚ ਸ਼ਾਂਤੀ ਰਹੀ।

ਫ਼ਰਵਰੀ-ਮਾਰਚ 1980 ਵਿਚ ਨਕਲੀ ਬਾਬਾ ਫਿਰ ਲੰਮੇ ਪ੍ਰਚਾਰ ਦੌਰੇ 'ਤੇ ਨਿਕਲਿਆ। ਇਸ ਨੇ ਯੂ.ਪੀ. ਦੇ ਕਈ ਸ਼ਹਿਰਾਂ, ਆਂਧਰਾ ਪ੍ਰਦੇਸ਼, ਪੱਛਮੀ ਬੰਗਾਲ, ਮੱਧ ਪ੍ਰਦੇਸ਼, ਮਦਰਾਸ, ਕਰਨਾਟਕ ਦਾ ਦੌਰਾ ਰੱਖ ਲਿਆ। ਵਾਹ ਲੱਗਦੀ ਹਰ ਥਾਂ ਸਿੱਖਾਂ ਨੇ ਇਸ ਦਾ ਰੋਸ ਮੁਜ਼ਾਹਰੇ ਕਰ ਕੇ ਵਿਰੋਧ ਕੀਤਾ। 19 ਮਾਰਚ ਨੂੰ ਇਹ ਆਪਣੀ ਪਤਨੀ ਨਾਲ ਮੱਧ ਪ੍ਰਦੇਸ਼ ਵਿਚ ਨਿਰੰਕਾਰੀ ਮੰਡਲ ਦੀ ਇਕ ਪਾਰਟੀ 'ਤੇ ਪਹੁੰਚਾ। ਪੁਲਿਸ ਦੀ ਵੈਗਨ ਵੀ ਇਸ ਦੀ ਸੁਰੱਖਿਆ ਲਈ ਨਾਲ ਸੀ। ਦੁਰਗ ਤੋਂ ਭਿਲਾਈ ਸਟੀਲ ਪਲਾਂਟ ਨੂੰ ਜਾਂਦਿਆਂ ਇਸ ਦੀ ਕਾਰ ਦੀ ਇਕ ਟਰੱਕ ਨਾਲ ਟੱਕਰ ਹੋ ਗਈ। ਟਰੱਕ ਨੂੰ ਸਰਦਾਰ ਅਵਤਾਰ ਸਿੰਘ ਦੁਰਗ ਚਲਾ ਰਿਹਾ ਸੀ। ਉਸ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਇਕ ਹੋਰ ਉੱਘੇ ਟ੍ਰਾਂਸਪੋਰਟਰ ਸੁੱਚਾ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਕੇ ਉਸ ਉਪਰ ਮੁਕੱਦਮਾ ਚਲਾਇਆ ਗਿਆ ਪਰ ਇਸ ਕੇਸ ਦਾ ਮੌਕੇ ਦੇ ਗਵਾਹਾਂ ਦੀ ਅਣਹੋਂਦ ਕਾਰਨ ਕੁਝ ਨਹੀਂ ਬਣਿਆ। ਇਸ ਕਾਂਡ ਵਿਚ ਨਿਰੰਕਾਰੀ ਮੰਡਲ ਦੀ

www.AKJ.Org

ਕਵਿੱਤਰੀ ਸੁਦੇਸ਼ ਨੀਲਮ ਵੀ ਹਲਾਕ ਹੋ ਗਈ ਤੇ ਬਾਬਾ ਭੈਭੀਤ ਹੋ ਕੇ ਦਿੱਲੀ ਆਪਣੇ ਡੇਰੇ 'ਤੇ ਵਾਪਸ ਪਹੁੰਚ ਗਿਆ।

ਵਾਪਰ ਰਹੀਆਂ ਘਟਨਾਵਾਂ ਤੋਂ ਲੱਗਦਾ ਸੀ ਕਿ ਇਸ ਨਕਲੀ ਬਾਬੇ ਦੇ ਹੁਣ ਬਹੁਤੇ ਦਿਨ ਬਾਕੀ ਨਹੀਂ ਹਨ। ਇਹ ਆਪ ਵੀ ਮੌਤ ਤੋਂ ਡਰਿਆ ਪਿਆ ਸੀ। ਇਸ ਦੇ ਪਾਪ ਕੰਬਦੇ ਸਨ ਤੇ ਇਸ ਨੂੰ ਇਹ ਪਤਾ ਵੀ ਲੱਗ ਚੁੱਕਾ ਸੀ। ਕਹਿੰਦੇ ਹਨ ਕਿ ਬੰਦਾ ਚਾਹੇ ਸੱਤ ਪਾਤਾਲਾਂ ਵਿਚ ਲੁਕ ਜਾਵੇ, ਜਿੰਨੀਆਂ ਮਰਜ਼ੀ ਵਾੜਾਂ ਕਰ ਲਵੇ, ਨਿੱਜੀ ਸੁਰੱਖਿਆ ਗਾਰਡ ਰੱਖ ਲਵੇ, ਜਦੋਂ ਹੋਣੀ ਆਉਣੀ ਹੈ ਤਾਂ ਕੋਈ ਰੋਕ ਨਹੀਂ ਸਕਦਾ। ਇਸ ਦੀ ਹੋਣੀ ਵਰਤਣ ਦਾ ਪਹਿਲਾਂ ਹੀ ਸਰੰਜਾਮ ਬਣ ਚੁੱਕਾ ਸੀ। 24 ਅਪ੍ਰੈਲ 1980 ਦੀ ਰਾਤ ਨੂੰ ਦਸ ਵੱਜ ਕੇ ਪੈਂਤੀ ਮਿੰਟ 'ਤੇ ਇਹ ਮੁਲਤਾਨੀ ਢਾਂਡਾ, ਦਿੱਲੀ ਤੋਂ ਆਪਣੀ ਧਰਮ-ਪਤਨੀ ਸਮੇਤ ਇਕ ਇਕੱਠ ਕਰ ਕੇ ਆਇਆ। ਜਦੋਂ ਇਨ੍ਹਾਂ ਦੀ ਕਾਰ ਕਿਲ੍ਹਾ-ਨੁਮਾ ਭਵਨ ਦੇ ਗੇਟ 'ਤੇ ਪਹੁੰਚੀ ਤਾਂ ਅੰਦਰੋਂ ਕਿਸੇ ਅਣਪਛਾਤੇ ਵਿਅਕਤੀ ਨੇ ਗੋਲੀਆਂ ਚਲਾ ਦਿੱਤੀਆਂ, ਜਿਸ ਨਾਲ ਇਹ ਨਕਲੀ ਬਾਬਾ ਤੇ ਨਾਲ ਹੀ ਇਸ ਦੀ ਨਕਲੀ ਸੈਨਾ ਦਾ ਕਮਾਂਡਰ-ਇਨ-ਚੀਫ਼ ਪ੍ਰਤਾਪ ਸਿੰਘ ਸਿੰਧੀ ਥਾਂ 'ਤੇ ਹੀ ਦਮ ਤੋੜ ਗਏ। ਮਾਰਨ ਵਾਲੇ ਪਿਛਲੇ ਪਾਸੇ ਤੋਂ ਸੁਰੱਖਿਅਤ ਨਿਕਲ ਗਏ। 27 ਅਪ੍ਰੈਲ ਨੂੰ ਇਸ ਦਾ ਅੰਤਮ ਸੰਸਕਾਰ ਕਰ ਦਿੱਤਾ ਗਿਆ ਤੇ ਇਸ ਦੀ ਥਾਂ ਇਸ ਦੇ ਪੁੱਤਰ ਹਰਦੇਵ ਸਿੰਘ ਨੂੰ ਮੁਖੀ ਬਣਾਇਆ ਗਿਆ, ਪਰ ਉਹ ਕੋਈ ਵਿਦਵਾਨ, ਚੰਗਾ ਵਕਤਾ ਤੇ ਪਿਉ ਵਾਂਗ ਚਤੁਰ ਚਲਾਕ ਨਹੀਂ ਸੀ। ਇਸ ਕਤਲ ਕਾਂਡ ਵਿਚ ਜਥੇਦਾਰ ਸੰਤੋਖ ਸਿੰਘ, ਸ. ਅਵਤਾਰ ਸਿੰਘ ਹਿੱਤ ਅਤੇ ਦਿੱਲੀ ਦੇ ਹੋਰ ਕਈ ਅਕਾਲੀ ਲੀਡਰਾਂ ਅਤੇ ਸਿੰਘਾਂ ਨੂੰ ਤਫ਼ਤੀਸ਼ ਲਈ ਫੜਿਆ ਗਿਆ। ਬਾਬਾ ਜਰਨੈਲ ਸਿੰਘ ਦਾ ਨਾਂ ਵੀ ਸਾਜ਼ਿਸ਼ਕਾਰਾਂ ਵਿਚ ਆਉਂਦਾ ਰਿਹਾ, ਕਿਉਂਕਿ ਉਨ੍ਹਾਂ ਨੇ ਬਾਬੇ ਦਾ ਸਿਰ ਵੱਢ ਕੇ ਲਿਆਉਣ ਵਾਲੇ ਨੂੰ ਸੋਨੇ ਨਾਲ ਤੋਲਣ ਦਾ ਐਲਾਨ ਕੀਤਾ ਸੀ। ਉਨ੍ਹਾਂ ਦੇ ਜਥੇ ਵਿੱਚੋਂ ਰਣਜੀਤ ਸਿੰਘ ਤੇ ਗਿਆਨ ਸਿੰਘ ਵੀ ਫੜੇ ਗਏ, ਪਰ ਇਸ ਕਾਂਡ ਵਿਚ ਸ਼ਾਮਲ ਵਿਅਕਤੀ ਦਾ ਕੋਈ ਥਹੁ-ਪਤਾ ਨਹੀਂ ਲੱਗਾ।

ਆਉ ਆਪਾਂ ਹੁਣ ਉਸ ਮਹਾਨ ਸੂਰਬੀਰ ਯੋਧੇ, ਜਿਸ ਨੇ ਆਪਣਾ ਸੀਸ ਤਲੀ 'ਤੇ ਰੱਖ ਕੇ ਇਸ ਦੁਸ਼ਟ ਨੂੰ ਸੋਧਿਆ, ਦੇ ਬਾਰੇ ਜਾਣਕਾਰੀ ਲੈ ਲਈਏ। ਇਸ ਮਹਾਨ ਸੇਵਾ ਨੂੰ ਨਿਭਾਉਣ ਵਾਲੇ ਸਨ ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ, ਜਿਨ੍ਹਾਂ ਨੇ ਆਪਣੀ ਚੜ੍ਹਦੀ ਜਵਾਨੀ ਪੰਥ ਦੇ ਲੇਖੇ ਲਗਾ ਕੇ ਗੁਰੂ ਪੰਥ ਦੀ ਮਹਾਨ ਸੇਵਾ ਕਰ ਕੇ ਗੁਰੂ ਸਾਹਿਬ ਜੀ ਦੀਆਂ ਅਸੀਸਾਂ ਅਤੇ ਸਿੱਖ ਸੰਗਤਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

www.AKJ.Org

# ਜਥੇਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ

*—ਭਾਈ ਗੁਰਦੀਪ ਸਿੰਘ, ਸ੍ਰੀ ਅੰਮ੍ਰਿਤਸਰ*



ਸਿੰਘ ਸਾਹਿਬ ਜਥੇਦਾਰ ਭਾਈ ਰਣਜੀਤ ਸਿੰਘ ਜੀ ਦਾ ਜਨਮ 25 ਜੂਨ 1955 ਨੂੰ ਪਿਤਾ ਸਰਦਾਰ ਸੰਤਾ ਸਿੰਘ ਜੀ ਅਤੇ ਮਾਤਾ ਤੇਜ ਕੌਰ ਦੀ ਕੁੱਖੋਂ ਪਿੰਡ ਠੱਟਾ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ (ਹੁਣ ਤਰਨ ਤਾਰਨ) ਵਿਖੇ ਹੋਇਆ। ਆਪ ਜੀ ਦੇ ਮਾਤਾ-ਪਿਤਾ ਗੁਰਮੁਖ ਰੂਹਾਂ ਅਤੇ ਗੁਰਮਤਿ ਅਸੂਲਾਂ ਦੇ ਧਾਰਨੀ ਸਨ। ਹੱਥੀਂ ਕਿਰਤ ਕਰ ਕੇ ਆਪਣਾ ਗੁਜ਼ਾਰਾ ਚਲਾਉਂਦੇ ਸਨ। ਆਪ ਜੀ ਉਸ ਇਲਾਕੇ ਦੇ ਜੰਮਪਲ ਹਨ, ਜਿਸ ਇਲਾਕੇ ਵਿਚ ਬਾਬਾ ਦੀਪ ਸਿੰਘ ਜੀ ਸ਼ਹੀਦ, ਬਾਬਾ ਬਿਧੀ ਚੰਦ ਜੀ, ਭਾਈ ਸੁੱਖਾ ਸਿੰਘ, ਮਹਿਤਾਬ ਸਿੰਘ ਅਤੇ ਭਾਈ ਤਾਰੂ ਸਿੰਘ ਵਾਂ ਵਰਗੇ ਸੂਰਮਿਆਂ ਨੇ ਜਨਮ ਲਿਆ। ਆਪ ਜੀ ਨੇ ਆਪਣੀ ਮੁੱਢਲੀ ਸਕੂਲੀ ਵਿੱਦਿਆ ਪਿੰਡ ਅਤੇ ਪੱਟੀ ਦੇ ਸਕੂਲਾਂ ਤੋਂ ਲਈ ਅਤੇ ਗੁਰਮਤਿ ਦੇ ਗਿਆਨ ਦੀ ਗੁੜ੍ਹਤੀ ਬਚਪਨ ਵਿਚ ਮਾਤਾ-ਪਿਤਾ ਤੋਂ ਲਈ। ਘਰੇਲੂ ਹਾਲਤਾਂ ਕਾਰਨ ਆਪਣੀ ਸੰਸਾਰਕ ਵਿੱਦਿਆ ਪ੍ਰਾਇਮਰੀ ਤਕ ਹੀ ਲੈ ਸਕੇ। ਪਿਤਾ-ਪੁਰਖੀ ਲੱਕੜ ਦਾ ਕੰਮ ਸਿੱਖ ਕੇ ਮਾਹਿਰ ਕਾਰੀਗਰ ਬਣ ਗਏ ਅਤੇ ਪਿਤਾ ਜੀ ਨਾਲ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ। ਗੁਰਸਿੱਖੀ ਦੇ ਸੁਨਹਿਰੀ ਅਸੂਲਾਂ—ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਵੱਲ ਰੁਝ ਗਏ।

ਇਨ੍ਹਾਂ ਦੀ ਚੜ੍ਹਦੀ ਜੁਆਨੀ ਦੇ ਦਿਨਾਂ ਵਿਚ ਹੀ ਵੈਸਾਖੀ 1978 ਦਾ ਖ਼ੂਨੀ ਸਾਕਾ ਸ੍ਰੀ ਅੰਮ੍ਰਿਤਸਰ ਵਿਖੇ ਵਰਤਿਆ, ਜਿਸ ਵਿਚ 13 ਸਿੰਘ ਸ਼ਹੀਦ ਅਤੇ 70 ਤੋਂ ਵੱਧ ਜ਼ਖ਼ਮੀ ਹੋ ਗਏ ਸਨ। ਸਿੱਖ ਪਰਿਵਾਰਾਂ, ਖ਼ਾਸਕਰ ਨੌਜਵਾਨਾਂ ਵਿਚ ਇਸ ਸਾਕੇ ਦੀ ਚਰਚਾ ਹੁੰਦੀ ਰਹਿੰਦੀ ਸੀ। ਸਰਕਾਰ ਵੱਲੋਂ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਨਾ ਕਰਨ ਕਰਕੇ, ਸਿੱਖ ਸੰਗਤਾਂ ਦੇ ਹਿਰਦੇ ਵਲੂੰਧਰੇ ਹੋਏ ਸਨ ਅਤੇ ਅੰਤਾਂ ਦਾ ਰੋਹ ਸੀ ਤੇ ਜੋਸ਼ ਵੀ ਭਰਿਆ ਹੋਇਆ ਸੀ। ਹਰ ਗੁਰਸਿੱਖ ਉਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ

www.AKJ.Org

ਜੀ ਦੀ ਆਨ-ਸ਼ਾਨ ਵਾਸਤੇ ਅਤੇ ਨਿੰਦਕਾਂ ਨੂੰ ਸਬਕ ਸਿਖਾਉਣ ਲਈ ਆਪਾ ਵਾਰਨ 'ਤੇ ਤੁਲਿਆ ਹੋਇਆ ਸੀ। ਜੋਸ਼ੀਲੇ ਨੌਜਵਾਨ ਸਿੰਘ ਕੋਈ ਨਾ ਕੋਈ ਹੀਲਾ-ਵਸੀਲਾ ਵਰਤ ਕੇ ਇਸ ਦੁਸ਼ਟ ਨੂੰ ਸੋਧ ਕੇ ਸਿੰਘਾਂ ਦੀ ਸ਼ਹੀਦੀ ਦਾ ਬਦਲਾ ਲੈਣਾ ਚਾਹੁੰਦੇ ਸਨ। ਪਹਿਲਾਂ, ਜਿਹੜੀ ਥੋੜ੍ਹੀ-ਬਹੁਤੀ ਆਸ ਕਾਨੂੰਨੀ ਕਾਰਵਾਈ ਰਾਹੀਂ ਦੋਸ਼ੀਆਂ ਨੂੰ ਸਜ਼ਾ ਮਿਲਣ ਦੀ ਸੀ, ਉਹ ਵੀ ਇਸ ਕੇਸ ਦੀ ਸਰਕਾਰ ਵੱਲੋਂ ਠੀਕ ਪੈਰਵੀ ਨਾ ਕਰਨ ਕਰਕੇ, ਅਦਾਲਤ ਵੱਲੋਂ ਸਾਰੇ ਦੋਸ਼ੀ ਬਰੀ ਕਰ ਦਿੱਤੇ ਜਾਣ 'ਤੇ ਖ਼ਤਮ ਹੋ ਗਈ। ਉਸ ਵੇਲੇ ਦੀ ਪੰਜਾਬ ਸਰਕਾਰ ਵੱਲੋਂ ਇਸ ਫ਼ੈਸਲੇ ਦੇ ਵਿਰੁੱਧ ਅਪੀਲ ਤਕ ਵੀ ਨਹੀਂ ਕੀਤੀ ਗਈ, ਜਿਸ ਨੇ ਬਲਦੀ ਅੱਗ ਉੱਤੇ ਬਾਲਣ ਪਾਉਣ ਦਾ ਕੰਮ ਕੀਤਾ।

ਅਜਿਹੇ ਹਾਲਾਤ ਵਿਚ ਨੌਜਵਾਨ ਜੋਸ਼ੀਲੇ ਸੂਰਬੀਰ ਸਿੰਘ ਭਾਈ ਰਣਜੀਤ ਸਿੰਘ ਜੀ ਕਿਵੇਂ ਚੁੱਪ ਕਰ ਕੇ ਬਹਿ ਸਕਦੇ ਸਨ ? ਉਨ੍ਹਾਂ ਨੇ ਦੁਸ਼ਟ ਨਕਲੀ ਬਾਬੇ ਨੂੰ ਸੋਧਣ ਲਈ ਹੀਲਾ-ਵਸੀਲਾ ਬਣਾਉਣਾ ਸ਼ੁਰੂ ਕਰ ਦਿੱਤਾ। ਹੋਰ ਵੀ ਕਾਫ਼ੀ ਸਿੰਘ ਆਪਣੇ ਵਸੀਲਿਆਂ ਰਾਹੀਂ ਹਥਿਆਰ ਪ੍ਰਾਪਤ ਕਰ ਕੇ ਇਸ ਦੁਸ਼ਟ ਨੂੰ ਸੋਧਣ ਦੀ ਸਕੀਮ ਬਣਾ ਰਹੇ ਸਨ, ਪਰ ਇਸ ਦੀ ਸੁਰੱਖਿਆ ਬਹੁਤ ਤਕੜੀ ਹੋਣ ਕਰਕੇ ਕੋਈ ਕਾਮਯਾਬੀ ਪੱਲੇ ਨਹੀਂ ਪੈ ਰਹੀ ਸੀ। ਗੁਰੂ ਸਾਹਿਬ ਜੀ ਵੱਲੋਂ ਬਖ਼ਸ਼ੀ ਸੋਧ ਰਾਹੀਂ ਭਾਈ ਸਾਹਿਬ ਜੀ ਨੇ ਪਹਿਲਾਂ ਕਿਸੇ ਬਹਾਨੇ ਨਕਲੀ ਨਿਰੰਕਾਰੀਆਂ ਦੇ ਹੈੱਡ-ਕੁਆਰਟਰ ਨਵੀਂ ਦਿੱਲੀ ਵਿਚ ਦਾਖ਼ਲ ਹੋਣ ਦੀ ਸਕੀਮ ਬਣਾਈ। ਫਿਰ ਕਿਸੇ ਵਸੀਲੇ ਹਥਿਆਰ ਅੰਦਰ ਲਿਜਾ ਕੇ, ਇਸ ਕਾਰਜ ਨੂੰ ਸਿਰੇ ਚਾੜ੍ਹਨ ਦੀ ਵਿਉਂਤ ਬਣਾਈ। ਉਨ੍ਹਾਂ ਦਿੱਲੀ ਜਾ ਕੇ ਲੱਕੜੀ ਦੇ ਮਿਸਤਰੀ ਦਾ ਕੰਮ ਸ਼ੁਰੂ ਕਰ ਦਿੱਤਾ। ਫਿਰ ਕੁਝ ਨਕਲੀ ਨਿਰੰਕਾਰੀਆਂ ਨਾਲ ਸੰਬੰਧ ਬਣਾ ਕੇ ਉਪਰੋਂ ਉਪਰੋਂ ਇਨ੍ਹਾਂ ਦਾ ਸ਼ਰਧਾਲੂ ਬਣ ਕੇ ਇਨ੍ਹਾਂ ਦੇ ਕੁਸੰਗਾਂ ਵਿਚ ਜਾਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਸੰਨ 1979 ਦੇ ਸ਼ੁਰੂ ਵਿਚ ਨਿਰੰਕਾਰੀ ਭਵਨ ਵਿਚ ਆਉਣਾ-ਜਾਣਾ ਬਣਾ ਲਿਆ। ਹੌਲੀ ਹੌਲੀ ਇਨ੍ਹਾਂ ਨੇ ਨਿਰੰਕਾਰੀ ਭਵਨ ਵਿਚ ਹੀ ਲੱਕੜੀ ਦੇ ਮਿਸਤਰੀ ਦੀ ਨੌਕਰੀ ਪ੍ਰਾਪਤ ਕਰ ਲਈ। ਇਨ੍ਹਾਂ ਨੂੰ ਰਿਹਾਇਸ਼ ਵੀ ਭਵਨ ਦੇ ਅੰਦਰ ਹੀ ਮਿਲ ਗਈ। ਇਸ ਤਰ੍ਹਾਂ ਭਾਈ ਸਾਹਿਬ ਜੀ ਨੇ ਨਕਲੀ ਬਾਬੇ ਦੀਆਂ ਗਤੀਵਿਧੀਆਂ, ਆਉਣ-ਜਾਣ ਦਾ ਸਮਾਂ ਅਤੇ ਅੰਦਰਲੀ ਸਾਰੀ ਜਾਣਕਾਰੀ ਪ੍ਰਾਪਤ ਕਰਨੀ ਸ਼ੁਰੂ ਕਰ ਦਿੱਤੀ। ਫਿਰ ਅਗਲਾ ਕਦਮ ਸੀ ਹਥਿਆਰ ਪ੍ਰਾਪਤ ਕਰਨ ਦਾ। ਗੁਰੂ-ਨੇਤ ਅਨੁਸਾਰ ਇਨ੍ਹਾਂ ਦਾ ਮਿਲਾਪ ਭਾਈ ਕਾਬਲ ਸਿੰਘ ਜੀ ਨਾਲ ਹੋਇਆ, ਜੋ ਕਿ ਪਹਿਲਾਂ ਹੀ ਇਸ ਉਦੇਸ਼ ਨਾਲ ਦਿੱਲੀ ਆਇਆ ਹੋਇਆ ਸੀ। ਉਸ ਦੀ ਸਹਾਇਤਾ ਨਾਲ ਇਨ੍ਹਾਂ ਨੇ ਦੋ ਹਥਿਆਰ—ਇਕ ਆਟੋਮੈਟਿਕ ਕਾਰਬਾਈਨ ਅਤੇ ਇਕ ਰਿਵਾਲਵਰ ਦਾ ਪ੍ਰਬੰਧ ਕਰ ਲਿਆ। ਫਿਰ ਲੱਕੜੀ ਦੇ ਸ਼ਤੀਰ ਵਿਚ ਲੁਕੋ ਕੇ ਅੰਦਰ ਲਿਜਾਣ ਵਿਚ ਕਾਮਯਾਬ ਹੋ ਗਏ। ਭਾਈ ਸਾਹਿਬ ਜੀ ਨੇ ਆਪਣੇ ਮਿੱਠ-ਬੋਲੜੇ ਅਤੇ ਮਿਲਾਪੜੇ ਸੁਭਾਅ ਕਾਰਨ ਅੰਦਰ ਸੁਰੱਖਿਆ ਕਰਮਚਾਰੀਆਂ ਅਤੇ ਹੋਰ ਸੇਵਾਦਾਰਾਂ ਵਿਚ ਕਾਫ਼ੀ ਵਿਸ਼ਵਾਸ ਬਣਾ ਲਿਆ ਹੋਇਆ ਸੀ ਅਤੇ ਲੱਕੜੀ ਦਾ ਮਿਸਤਰੀ ਹੋਣ ਕਾਰਨ ਹਥਿਆਰ ਅੰਦਰ ਲਿਜਾਣ ਸਮੇਂ ਇਨ੍ਹਾਂ ਦੀ ਬਹੁਤੀ ਪੁੱਛ-ਗਿੱਛ ਵੀ ਨਹੀਂ ਕੀਤੀ ਗਈ।

ਭਾਈ ਸਾਹਿਬ ਜੀ ਨੂੰ ਪਤਾ ਸੀ ਕਿ ਇਹ ਨਕਲੀ ਬਾਬਾ ਦਿੱਲੀ ਦੀਆਂ

www.AKJ.Org

ਬਸਤੀਆਂ ਵਿਚ ਸ਼ਾਮ ਨੂੰ ਆਪਣੀ ਪਤਨੀ ਸਮੇਤ ਇਕੱਠ ਕਰਨ ਜਾਂਦਾ ਹੈ। ਭਾਈ ਸਾਹਿਬ ਜੀ ਦਾ ਰਿਹਾਇਸ਼ੀ ਕਮਰਾ ਵੀ ਭਵਨ ਦੇ ਗੇਟ ਦੇ ਬਿਲਕੁਲ ਨੇੜੇ ਸੀ। ਦੂਸਰੇ ਸਾਥੀ ਨੂੰ ਆਪਣੇ ਸਕੇ ਮਾਮੇ ਦਾ ਪੁੱਤਰ ਦੱਸ ਕੇ ਅੰਦਰ ਲਿਜਾਣ ਵਿਚ ਕਾਮਯਾਬ ਹੋ ਗਏ। ਮਿਤੀ 24 ਅਪ੍ਰੈਲ 1980 ਦੀ ਸ਼ਾਮ ਨੂੰ ਇਹ ਨਕਲੀ ਬਾਬਾ ਮੁਲਤਾਨੀ ਢਾਂਡਾ, ਦਿੱਲੀ ਵਿਚ ਇਕੱਠ ਕਰਨ ਗਿਆ। ਭਾਈ ਸਾਹਿਬ ਜੀ ਨੇ ਪਹਿਲਾਂ ਹੀ ਇਸ ਦੀ ਆਵਾਜਾਈ 'ਤੇ ਨਜ਼ਰ ਰੱਖੀ ਹੋਈ ਸੀ ਤੇ ਇਹ ਵੀ ਪਤਾ ਸੀ ਕਿ ਇਹ ਦਸ-ਗਿਆਰਾਂ ਵਜੇ ਤਕ ਵਾਪਸ ਆਉਂਦਾ ਹੈ। ਇਸ ਤੋਂ ਪਹਿਲਾਂ, ਇਨ੍ਹਾਂ ਉਥੋਂ ਸੁਰੱਖਿਅਤ ਨਿਕਲਣ ਵਾਸਤੇ ਵੀ ਸਕੀਮ ਬਣਾ ਰੱਖੀ ਸੀ। ਰਿਹਾਇਸ਼ੀ ਕਮਰੇ ਦੇ ਨਾਲ ਦੇ ਬਾਥਰੂਮ ਦਾ ਰੋਸ਼ਨਦਾਨ ਤੋੜ ਕੇ, ਕਮਰੇ ਦੇ ਪਿਛਲੇ ਪਾਸੇ ਤੋਂ ਗੰਦੇ ਪਾਣੀ ਦੇ ਨਿਕਾਸ ਲਈ ਲੱਗੀਆਂ ਪੀ.ਵੀ.ਸੀ. ਪਾਈਪਾਂ ਜਿਨ੍ਹਾਂ ਰਾਹੀਂ ਉਹ ਵਾਰਦਾਤ ਤੋਂ ਬਾਅਦ ਹੇਠਾਂ ਉਤਰ ਕੇ, ਸੁਰੱਖਿਅਤ ਨਿਕਲ ਸਕਦੇ ਸਨ। ਕਿਉਂਕਿ ਇਸ ਪਾਸੇ ਗੰਦਾ ਨਾਲਾ ਹੋਣ ਕਾਰਨ ਕੋਈ ਆਬਾਦੀ ਵੀ ਨਹੀਂ ਸੀ ਤੇ ਹਨੇਰਾ ਹੀ ਹੁੰਦਾ ਸੀ।

ਰਾਤ ਦੇ 10 ਵੱਜ ਕੇ 35 ਮਿੰਟ 'ਤੇ ਨਕਲੀ ਬਾਬਾ ਆਪਣੀ ਪਤਨੀ ਸਮੇਤ ਕਾਰ ਵਿਚ ਗੇਟ 'ਤੇ ਪਹੁੰਚਿਆ ਅਤੇ ਉਸ ਦੇ ਨਾਲ ਹੀ ਪ੍ਰਤਾਪ ਸਿੰਘ ਸਿੰਧੀ ਕਮਾਂਡਰ-ਇਨ-ਚੀਫ਼ ਨਕਲੀ ਸੈਨਾ ਵੀ ਸੀ। ਭਾਈ ਸਾਹਿਬ ਜੀ ਪਹਿਲਾਂ ਹੀ ਨਿਸ਼ਾਨਾ ਬੰਨ੍ਹ ਕੇ ਸ਼ਿਕਾਰ ਦੀ ਉਡੀਕ ਵਿਚ ਬੈਠੇ ਸਨ। ਗੇਟ 'ਤੇ ਕਾਰ ਪਹੁੰਚਦੇ ਹੀ ਭਾਈ ਸਾਹਿਬ ਜੀ ਨੇ ਆਪਣੀ ਆਟੋਮੈਟਿਕ ਕਾਰਬਾਈਨ ਰਾਹੀਂ ਉਨ੍ਹਾਂ ਉਪਰ ਇਕਦਮ ਗੋਲੀਆਂ ਦੀ ਐਸੀ ਵਰਖਾ ਕੀਤੀ ਕਿ ਨਕਲੀ ਬਾਬਾ ਅਤੇ ਉਸ ਦੀ ਨਕਲੀ ਸੈਨਾ ਦਾ ਕਮਾਂਡਰ-ਇਨ-ਚੀਫ਼ ਥਾਂ ਹੀ ਚਿੱਤ ਹੋ ਗਏ। ਉਸ ਦੇ ਸੁਰੱਖਿਆ ਗਾਰਡਾਂ ਨੂੰ ਪਤਾ ਹੀ ਨਹੀਂ ਲੱਗਾ ਕਿ ਗੋਲੀ ਕਿਧਰੋਂ ਆਈ ਹੈ ? ਇਸ ਤਰ੍ਹਾਂ ਦੀ ਕਾਰਵਾਈ ਦਾ ਕੋਈ ਵੀ ਅੰਦਾਜ਼ਾ ਹੀ ਨਹੀਂ ਲਗਾ ਸਕਦਾ ਸੀ ਕਿ ਇਤਨੀ ਤਕੜੀ ਸੁਰੱਖਿਆ ਹੁੰਦਿਆਂ, ਇਸ ਨਕਲੀ ਬਾਬੇ ਦਾ ਕੋਈ ਵਾਲ ਵੀ ਵਿੰਗਾ ਕਰ ਸਕੇਗਾ। ਪਹਿਲਾਂ ਹੀ ਬਣਾਈ ਸਕੀਮ ਅਧੀਨ ਭਾਈ ਸਾਹਿਬ ਜੀ ਤੇ ਉਨ੍ਹਾਂ ਦਾ ਸਾਥੀ ਰੋਸ਼ਨਦਾਨ ਰਾਹੀਂ ਨਿਕਲ ਕੇ ਕਮਰੇ ਦੇ ਪਿਛਲੇ ਪਾਸੇ ਗੰਦੇ ਪਾਣੀ ਦੀਆਂ ਪਾਈਪਾਂ ਰਾਹੀਂ ਲਮਕ ਕੇ ਹੇਠਾਂ ਗੰਦੇ ਨਾਲੇ ਦੇ ਕੰਢੇ ਉੱਪਰ ਉਤਰ ਗਏ। ਹੇਠਾਂ ਉਤਰਨ ਵੇਲੇ ਉਨ੍ਹਾਂ ਦੇ ਕੱਪੜੇ ਵੀ ਪਾਟ ਗਏ ਅਤੇ ਸਰੀਰ ਉਪਰ ਝਰੀਟਾਂ ਵੀ ਆਈਆਂ। ਉਥੇ ਹਨੇਰਾ ਹੋਣ ਕਾਰਨ ਦੋਹਾਂ ਨੂੰ ਭੱਜਣ ਵਿਚ ਕਾਫ਼ੀ ਸਹਾਇਤਾ ਮਿਲੀ। ਨਾਲੇ ਦੇ ਵਿੱਚੋ-ਵਿੱਚੀ ਹੁੰਦੇ ਹੋਏ ਕਾਫ਼ੀ ਪੈਂਡਾ ਤਹਿ ਕਰ ਕੇ ਅੱਗੋਂ ਜਮਨਾ ਦਰਿਆ ਵਾਲੇ ਪਾਸਿਉਂ ਹੋ ਕੇ, ਰਾਤੋ-ਰਾਤ ਪੈਦਲ ਚੱਲ ਕੇ ਤੜਕੇ ਸਵੇਰ ਤਕ, ਦਿੱਲੀ ਦਾ ਬਾਰਡਰ ਪਾਰ ਕਰ ਲਿਆ। ਫਿਰ ਖੁੱਲ੍ਹੇ ਖੇਤਾਂ ਵਿਚ ਕਿਸੇ ਚੱਲ ਰਹੇ ਟਿਊਬਵੈੱਲ 'ਤੇ ਇਸ਼ਨਾਨ ਕੀਤਾ ਅਤੇ ਕੱਪੜੇ ਬਦਲੇ। ਇਸ ਵਾਰਦਾਤ ਤੋਂ ਬਾਅਦ ਦਿੱਲੀ ਦੇ ਚੱਪੇ ਚੱਪੇ 'ਤੇ ਪੁਲਿਸ ਨਾਕੇ ਲਗਾ ਦਿੱਤੇ ਗਏ ਸਨ। ਹਰਿਆਣੇ ਵਿਚ ਦਾਖ਼ਲ ਹੋ ਕੇ ਇਹ ਜੋੜਾ ਰੇਲਵੇ ਲਾਈਨ ਪਾਸੇ ਵੱਲ ਨੂੰ ਤੁਰ ਪਿਆ ਅਤੇ ਅੱਗੋਂ ਕਿਸੇ ਪਿੰਡ ਦੇ ਛੋਟੇ ਸਟੇਸ਼ਨ ਤੋਂ ਗੱਡੀ 'ਚ ਸਵਾਰ ਹੋ ਗਿਆ ਤੇ ਸਵੇਰ ਤਾਈਂ ਪਾਣੀਪਤ ਪੁੱਜ ਗਿਆ। ਉਥੋਂ ਸ਼ਾਨੇ-ਪੰਜਾਬ ਗੱਡੀ ਰਾਹੀਂ ਪੰਜਾਬ ਪਹੁੰਚ ਕੇ ਅਗਿਆਤਵਾਸ ਹੋ ਗਿਆ। ਇਸ ਤਰ੍ਹਾਂ ਤਕਰੀਬਨ ਸਾਢੇ ਤਿੰਨ

www.AKJ.Org

ਸਾਲ ਉਹ ਵੱਖ-ਵੱਖ ਗੁਰਸਿੱਖਾਂ ਦੇ ਘਰਾਂ/ਡੇਰਿਆਂ ’ਤੇ ਰਹੇ ਅਤੇ ਸਮਾਂ ਬਤੀਤ ਕਰਦੇ ਰਹੇ।

ਇਸ ਸਮੇਂ ਤਕ ਆਪ ਜੀ ਅਜੇ ਗੁਰੂ ਵਾਲੇ ਨਹੀਂ ਬਣੇ ਸਨ ਤੇ ਹੁਣ ਗੁਪਤ ਤੌਰ ’ਤੇ ਵਿਚਰਦਿਆਂ ਕੁਝ ਗੁਰਸਿੱਖਾਂ ਵੱਲੋਂ ਪ੍ਰੇਰਨਾ ਦੇਣ ’ਤੇ 1981 ਵਿਚ ਬੰਬਈ ਇਕ ਅੰਮ੍ਰਿਤ ਸੰਚਾਰ ਸਮਾਗਮ ’ਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਗੁਰੂ ਕੇ ਸਚਿਆਰ ਸਿੱਖ ਬਣ ਗਏ। ਕੁਝ ਸਮੇਂ ਬਾਅਦ ਭਾਈ ਸਾਹਿਬ ਜੀ ਇਸ ਤਰ੍ਹਾਂ ਘਰੋਂ ਬੇਘਰ ਹੋ ਕੇ ਜ਼ਿੰਦਗੀ ਬਤੀਤ ਕਰਨ ਤੋਂ ਉਪਰਾਮ ਹੋ ਗਏ, ਕਿਉਂਕਿ ਉਨ੍ਹਾਂ ਦੀ ਉਮਰ ਅਜੇ ਸਤਾਈ-ਅਠਾਈ ਸਾਲ ਦੀ ਹੀ ਸੀ ਅਤੇ ਬਾਕੀ ਸਾਰੀ ਉਮਰ ਲੋਕਾਂ ’ਤੇ ਨਿਰਭਰ ਹੋ ਕੇ, ਲੁਕ-ਛਿਪ ਕੇ ਕਿਤਨਾ ਚਿਰ ਬਿਤਾਉਣਗੇ ? ਉਧਰੋਂ ਕੁਝ ਪੰਥਕ ਲੀਡਰਾਂ, ਖ਼ਾਸਕਰ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸੰਤ ਹਰਚੰਦ ਸਿੰਘ ਲੌਂਗੋਵਾਲ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਜੇਕਰ ਆਪ ਅਦਾਲਤ ਵਿਚ ਪੇਸ਼ ਹੋ ਜਾਓ ਤਾਂ ਅਸੀਂ ਕੇਂਦਰੀ ਸਰਕਾਰ ਨਾਲ ਗੱਲਬਾਤ ਕਰ ਕੇ ਇਕ ਸਾਲ ਵਿਚ ਹੀ ਕੇਸ ਦਾ ਫ਼ੈਸਲਾ ਕਰਵਾ ਕੇ ਆਪ ਜੀ ਨੂੰ ਬਰੀ ਕਰਵਾ ਦਿਆਂਗੇ। ਸੋ ਇਸ ਭਰੋਸੇ ’ਤੇ ਭਾਈ ਸਾਹਿਬ ਜੀ ਨੇ ਅਕਤੂਬਰ 1983 ਵਿਚ ਦਿੱਲੀ ਦੀ ਅਦਾਲਤ ਵਿਚ ਆਪਣੇ ਆਪ ਨੂੰ ਪੇਸ਼ ਕਰ ਦਿੱਤਾ। ਹਿੰਦੁਸਤਾਨ ਦਾ ਕਾਨੂੰਨ ਹੀ ਅਜਿਹਾ ਹੈ ਕਿ ਅਦਾਲਤੀ ਫ਼ੈਸਲੇ ਹੋਣ ਲਈ ਇਥੇ ਕਈ ਦਹਾਕੇ ਲੱਗ ਜਾਂਦੇ ਹਨ। ਇਸ ਤਰ੍ਹਾਂ ਭਾਈ ਸਾਹਿਬ ਜੀ ਤਕਰੀਬਨ ਤੇਰ੍ਹਾਂ ਸਾਲ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਰਹੇ। ਪਰ ਇਸ ਸਮੇਂ ਨੂੰ ਸਕਾਰਥ ਕਰਦੇ ਹੋਏ ਆਪ ਜੀ ਨੇ ਨਾਮ-ਬਾਣੀ ਦੇ ਅਭਿਆਸ ਦੀ ਅਤੁੱਟ ਕਮਾਈ ਕੀਤੀ, ਬੇਅੰਤ ਬਾਣੀਆਂ ਕੰਠ ਕਰ ਲਈਆਂ ਅਤੇ ਨਾਲ ਹੀ ਸਿੱਖ ਇਤਿਹਾਸ ਦਾ ਡੂੰਘਾ ਅਧਿਐਨ ਕੀਤਾ। ਇਸ ਸਮੇਂ ਦੌਰਾਨ ਉਨ੍ਹਾਂ ਨੂੰ ਜੇਲ੍ਹ ਅੰਦਰ ਬੰਦ ਕਈ ਗੁਰਸਿੱਖਾਂ ਦੀ ਸੰਗਤ ਵੀ ਪ੍ਰਾਪਤ ਹੋਈ, ਜਿਸ ਨੇ ਸੋਨੇ ਉਪਰ ਸੁਹਾਗੇ ਦਾ ਕੰਮ ਕੀਤਾ। ਸੰਸਾਰਕ ਵਿੱਦਿਆ ਘੱਟ ਹੋਣ ਦੇ ਬਾਵਜੂਦ ਉਹ ਇਕ ਚੰਗੇ, ਸੁਘੜ, ਸੁਲਝੇ ਵਿਦਵਾਨ ਤੇ ਬੁਲਾਰੇ ਬਣ ਗਏ। ਉਨ੍ਹਾਂ ਨੇ ਜੇਲ੍ਹ ਵਿਚ ਹੀ ਅੰਗਰੇਜ਼ੀ ਭਾਸ਼ਾ ਦੀ ਜਾਣਕਾਰੀ ਵੀ ਪ੍ਰਾਪਤ ਕੀਤੀ। ਇਸ ਤਰ੍ਹਾਂ ਉਨ੍ਹਾਂ ਨੇ ਇਕ ਯੋਗ, ਨਿਪੁੰਨ ਲੀਡਰ ਵਾਲੇ ਸਾਰੇ ਗੁਣ ਗ੍ਰਹਿਣ ਕਰ ਲਏ।

ਅਖ਼ੀਰ ਅਦਾਲਤ ਦੀ ਦਸ ਸਾਲ ਚੱਲੀ ਲੰਬੀ-ਚੌੜੀ ਕਾਰਵਾਈ ਤੋਂ ਬਾਅਦ ਭਾਈ ਸਾਹਿਬ ਜੀ ਨੂੰ ਵੱਖ-ਵੱਖ ਦੋਸ਼ਾਂ ਅਧੀਨ ਤਿੰਨ ਸਜ਼ਾਵਾਂ ਉਮਰ ਕੈਦ ਦੀਆਂ ਅਤੇ ਤਿੰਨ ਸਜ਼ਾਵਾਂ ਸੱਤ ਸਾਲ ਦੀਆਂ ਸੁਣਾਈਆਂ ਗਈਆਂ, ਜੋ ਕਿ ਕੁਲ ਮਿਲਾ ਕੇ 82 ਸਾਲ ਬਣਦੀਆਂ ਹਨ। ਇਨ੍ਹਾਂ ਸਜ਼ਾਵਾਂ ਵਿਚ, ਜੇਲ੍ਹ ਵਿਚ ਗੁਜ਼ਾਰੇ ਦਸ ਸਾਲ ਦਾ ਸਮਾਂ ਵੀ ਨਾ ਗਿਣੇ ਜਾਣ ਦਾ ਹੁਕਮ ਦਿੱਤਾ ਗਿਆ। ਇਸ ਫ਼ੈਸਲੇ ਦੇ ਖ਼ਿਲਾਫ਼ ਹਾਈ ਕੋਰਟ ਵਿਚ ਅਪੀਲ ਕੀਤੀ ਗਈ, ਜਿਹੜੀ ਕਿ ਇਕਹਿਰੇ ਜੱਜ ਦੇ ਬੈਂਚ ਨੇ ਰੱਦ ਕਰ ਦਿੱਤੀ। ਫਿਰ ਅਗਲੀ ਅਪੀਲ ਦੂਹਰੇ ਬੈਂਚ ਮੂਹਰੇ ਕੀਤੀ ਗਈ, ਜਿਸ ਨੇ ਸਾਰੀਆਂ ਸਜ਼ਾਵਾਂ ਰੱਦ ਕਰ ਕੇ ਕੱਟੀ ਹੋਈ ਦਸ ਸਾਲ ਦੀ ਕੈਦ ਦਾ ਸਮਾਂ ਵੀ ਇਸ ਵਿਚ ਸ਼ਾਮਲ ਕਰ ਦਿੱਤਾ। ਇਸ ਫ਼ੈਸਲੇ ਵਿਚ ਇਹ ਵੀ ਲਿਖਿਆ ਗਿਆ ਕਿ ਭਾਈ ਸਾਹਿਬ ਕੋਈ ਅਪਰਾਧੀ ਨਹੀਂ ਹੈ। ਇਸ ਨੇ ਜੋ ਵੀ ਕਾਰਵਾਈ ਕੀਤੀ (ਦੋ ਕਤਲ

www.AKJ.Org

ਕਰਨ ਦੀ ਕੀਤੀ ਹੈ), ਉਹ ਕੇਵਲ ਧਾਰਮਿਕ ਭਾਵਨਾ ਅਧੀਨ ਹੀ ਕੀਤੀ ਹੈ। ਹੁਣ ਇਨ੍ਹਾਂ ਨੂੰ ਹੋਰ ਜੇਲ੍ਹ ਵਿਚ ਰੱਖਣ ਦੀ ਲੋੜ ਨਹੀਂ ਹੈ। ਜੇ ਸਰਕਾਰ ਚਾਹੇ ਤਾਂ ਦੋ-ਤਿੰਨ ਵਾਰੀ ਪੈਰੋਲ 'ਤੇ ਰਿਹਾਅ ਕਰ ਕੇ ਬਾਕੀ ਸਜ਼ਾ ਮੁਆਫ਼ ਕਰ ਸਕਦੀ ਹੈ। ਅੱਗੋਂ ਇਸ ਅਦਾਲਤ ਤੋਂ ਮਨਜ਼ੂਰੀ ਲੈਣ ਦੀ ਵੀ ਲੋੜ ਨਹੀਂ ਜਿਹੜੀ ਕਿ ਕਾਨੂੰਨ ਮੁਤਾਬਕ ਕਿਸੇ ਵਿਅਕਤੀ ਨੂੰ ਰਿਹਾਅ ਕਰਨ ਤੋਂ ਪਹਿਲਾਂ ਲੈਣੀ ਪੈਂਦੀ ਹੈ। ਇਸ ਤੋਂ ਬਾਅਦ ਇਹ ਕੇਸ ਸਰਕਾਰ ਵੱਲੋਂ, ਰਾਸ਼ਟਰਪਤੀ ਕੋਲ ਸਜ਼ਾ ਮੁਆਫ਼ੀ ਲਈ ਭੇਜਿਆ ਗਿਆ, ਜਿਸ ਨੇ ਇਸ ਦੀ ਮਨਜ਼ੂਰੀ ਦੇ ਦਿੱਤੀ। ਇਸ ਤਰ੍ਹਾਂ ਭਾਈ ਸਾਹਿਬ 12 ਅਕਤੂਬਰ 1996 ਨੂੰ ਸੁਪਰੀਮ ਕੋਰਟ ਦੇ ਹੁਕਮਾਂ ਨਾਲ 13 ਸਾਲ ਬਾਅਦ ਜੇਲ੍ਹ ਵਿੱਚੋਂ ਰਿਹਾਅ ਕਰ ਦਿੱਤੇ ਗਏ, ਜਿਸ ਨਾਲ ਸੰਗਤਾਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ।

ਇਸ ਤੋਂ ਪਹਿਲਾਂ ਜਥੇਦਾਰ ਦਰਸ਼ਨ ਸਿੰਘ ਜੀ ਦੇ ਅਸਤੀਫ਼ੇ ਤੋਂ ਬਾਅਦ ਸਿੱਖਾਂ ਦੀ ਸਰਵ-ਉੱਚ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 9 ਜੂਨ 1990 ਨੂੰ ਮਤਾ ਨੰਬਰ 1942 ਰਾਹੀਂ ਸਮੂਹ ਸਿੱਖ ਜਥੇਬੰਦੀਆਂ, ਵਿਦਵਾਨਾਂ, ਬੁੱਧੀਜੀਵੀਆਂ ਦੀ ਰਾਏ ਨਾਲ ਭਾਈ ਸਾਹਿਬ ਜੀ ਦੀ ਪੰਥਕ ਕੁਰਬਾਨੀ ਨੂੰ ਮੁੱਖ ਰੱਖ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਦੀ ਸੇਵਾ ਸੌਂਪ ਦਿੱਤੀ ਸੀ। ਭਾਈ ਸਾਹਿਬ ਜੀ ਦੇ ਜੇਲ੍ਹ ਵਿਚ ਹੋਣ ਕਰਕੇ, ਭਾਈ ਮਨਜੀਤ ਸਿੰਘ ਨੂੰ ਕਾਰਜਕਾਰੀ ਜਥੇਦਾਰ ਬਣਾਇਆ ਗਿਆ ਸੀ।

ਭਾਈ ਸਾਹਿਬ ਜੀ ਨੂੰ ਸਭ ਤੋਂ ਪਹਿਲਾਂ ਦਿੱਲੀ ਦੀਆਂ ਸੰਗਤਾਂ ਨੇ ਜਲੂਸ ਦੀ ਸ਼ਕਲ ਵਿਚ ਵੱਖ-ਵੱਖ ਗੁਰਦੁਆਰਿਆਂ ਵਿਚ ਲਿਜਾ ਕੇ ਸਿਰੋਪਾਓ ਦੀ ਬਖ਼ਸ਼ਿਸ਼ ਕਰ ਕੇ ਸਨਮਾਨਿਤ ਕੀਤਾ। ਰਾਤ ਦਿੱਲੀ ਰੁਕਣ ਤੋਂ ਬਾਅਦ ਦੂਸਰੇ ਦਿਨ ਪੰਜਾਬ ਨੂੰ ਜਲੂਸ ਦੀ ਸ਼ਕਲ ਵਿਚ ਲਿਆਂਦਾ ਗਿਆ। ਹਰ ਸ਼ਹਿਰ ਅਤੇ ਕਸਬੇ ਵਿਚ ਭਾਈ ਸਾਹਿਬ ਦਾ ਭਰਵਾਂ ਸਵਾਗਤ ਕੀਤਾ ਗਿਆ। 13 ਅਕਤੂਬਰ ਸ਼ਾਮ ਨੂੰ ਭਾਈ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਪੁੱਜੇ, ਜਿਥੇ ਸਮੂਹ ਪੰਥਕ ਨੇਤਾਵਾਂ, ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਸਵਾਗਤ ਕਰ ਕੇ ਭਾਈ ਸਾਹਿਬ ਜੀ ਨੂੰ ਸ੍ਰੀ ਦਰਬਾਰ ਸਾਹਿਬ ਲਿਆਂਦਾ। ਆਪ ਜੀ ਨੇ ਇਸ ਤੋਂ ਬਾਅਦ ਪੰਜਾਂ ਤਖ਼ਤਾਂ ਅਤੇ ਦੇਸ਼ ਭਰ ਦੇ ਗੁਰਦੁਆਰਿਆਂ ਦੀ ਯਾਤਰਾ ਕਰ ਕੇ 31 ਦਸੰਬਰ, 1996 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਦੀ ਸੇਵਾ ਸੰਭਾਲੀ।

ਆਪ ਜੀ ਦਾ ਜੀਵਨ ਪੁਰਾਤਨ ਗੁਰਸਿੱਖਾਂ ਅਤੇ ਜਥੇਦਾਰ ਅਕਾਲੀ ਫੂਲਾ ਸਿੰਘ ਵਰਗੇ ਨਿਧੜਕ ਜਰਨੈਲਾਂ ਵਾਲਾ ਹੈ। ਉਹ ਕਿਸੇ ਦੀ, ਖ਼ਾਸਕਰ ਸਿਆਸਤਦਾਨਾਂ ਦੀ ਕਨੌਂਡ ਥੱਲੇ ਕੰਮ ਕਰਨ ਵਾਲੇ ਨਹੀਂ ਹਨ। ਅੰਦਰੋਂ ਬਾਹਰੋਂ ਇਕ ਹਨ ਅਤੇ ਹਰ ਗੱਲ ਸਿੱਧੀ ਮੂੰਹ ਉਪਰ ਕਰਨ ਵਾਲੇ ਹਨ। ਅਜਿਹੇ ਜਥੇਦਾਰ ਦਾ ਮੌਜੂਦਾ ਹਾਲਤਾਂ ਵਿਚ ਸਿੱਖਾਂ ਦੇ ਸਰਵ-ਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ, ਜ਼ਿਆਦਾ ਚਿਰ ਟਿਕ ਕੇ ਸੇਵਾ ਕਰਨਾ ਸੰਭਵ ਨਹੀਂ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਉੱਪਰ ਕਾਬਜ਼ ਸਿਆਸਤਦਾਨ ਤਖ਼ਤ ਸਾਹਿਬ ਦੇ ਜਥੇਦਾਰਾਂ ਨੂੰ ਆਪਣੀ ਮਰਜ਼ੀ ਮੁਤਾਬਕ ਹੀ ਚਲਾਉਂਦੇ ਹਨ । ਸੋ ਭਾਈ ਸਾਹਿਬ ਜੀ ਵੀ ਇਸ ਸਿਆਸਤ ਦਾ ਸ਼ਿਕਾਰ ਹੋ ਗਏ। ਜਥੇਦਾਰ ਟੌਹੜਾ ਤੇ ਮੁੱਖ ਮੰਤਰੀ ਬਾਦਲ ਦੀ ਆਪਸੀ ਸਿਆਸੀ ਲੜਾਈ ਦਾ

www.AKJ.Org

ਭਾਈ ਸਾਹਿਬ ਜੀ ਨੂੰ ਵੀ ਸੰਤਾਪ ਭੋਗਣਾ ਪਿਆ। ਜਦੋਂ ਸਾਰੀ ਕੌਮ ਵੈਸਾਖੀ 1999 ਨੂੰ ਖ਼ਾਲਸਾ ਸਾਜਨਾ ਦਿਵਸ ਦੀ ਤਿੰਨ ਸੌ ਸਾਲਾ ਸ਼ਤਾਬਦੀ ਮਨਾ ਰਹੀ ਸੀ ਤੇ ਸਿੱਖਾਂ ਨੂੰ ਅੰਮ੍ਰਿਤਧਾਰੀ ਬਣਾਉਣ ਦਾ ਦਾਅਵਾ ਕੀਤਾ ਜਾ ਰਿਹਾ ਸੀ, ਉਸੇ ਸਾਲ ਭਾਈ ਸਾਹਿਬ ਜੀ ਨੂੰ ਸੱਚ, ਇਨਸਾਫ਼ 'ਤੇ ਡਟੇ ਰਹਿਣ ਕਰਕੇ ਇਕ ਸਿਆਸੀ ਨੇਤਾ ਦੇ ਇਸ਼ਾਰੇ ਉੱਤੇ ਇਸ ਅਹੁਦੇ ਤੋਂ ਫ਼ਾਰਗ ਕਰ ਦਿੱਤਾ ਗਿਆ। ਉਨ੍ਹਾਂ ਦੀ ਕੀਤੀ ਪੰਥਕ ਕੁਰਬਾਨੀ ਨੂੰ ਵੀ ਮਿੱਟੀ ਘੱਟੇ ਵਿਚ ਰੋਲ ਦਿੱਤਾ ਗਿਆ ਅਤੇ ਇਕ ਅਜਿਹੀ ਪਿਰਤ ਪਾ ਦਿੱਤੀ ਗਈ ਜੋ ਕਿ ਕੌਮ ਲਈ ਬਹੁਤ ਵੱਡੀ ਨੁਕਸਾਨ-ਦੇਹ ਸਾਬਤ ਹੋ ਰਹੀ ਹੈ, ਜੋ ਅੱਜ ਤਾਈਂ ਵੀ ਜਾਰੀ ਹੈ। ਸਾਰੀ ਕੌਮ ਇਸ ਦਾ ਸੰਤਾਪ ਭੋਗ ਰਹੀ ਹੈ।

ਭਾਈ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਮੁੱਖ ਸੇਵਾਦਾਰ ਦੀ ਸੇਵਾ ਵੇਲੇ ਬਹੁਤ ਦ੍ਰਿੜ੍ਹ, ਮਜ਼ਬੂਤ ਇਰਾਦੇ ਨਾਲ, ਗੁਰਮਤਿ ਦੀ ਰੌਸ਼ਨੀ ਵਿਚ, ਪੰਜ ਸਿੰਘ ਸਾਹਿਬਾਨ ਦੀ ਸਰਬ-ਸੰਮਤੀ ਨਾਲ ਕੁਝ ਮਹੱਤਵਪੂਰਨ ਫ਼ੈਸਲੇ ਲਏ, ਜਿਨ੍ਹਾਂ ਵਿਚ ਹੋਟਲਾਂ ਅਤੇ ਮੈਰਿਜ ਪੈਲਸਾਂ ਵਿਚ ਵਿਆਹ ਸ਼ਾਦੀਆਂ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਲਿਜਾਣ 'ਤੇ ਪਾਬੰਦੀ, ਗੁਰੂ ਘਰਾਂ ਵਿਚ ਸੰਗਤ-ਪੰਗਤ ਦੇ ਸੁਨਹਿਰੀ ਅਸੂਲ 'ਤੇ ਪਹਿਰਾ ਦਿੰਦਿਆਂ ਕੁਰਸੀਆਂ ਮੇਜ਼ ਲਗਾ ਕੇ ਲੰਗਰ ਛਕਣ 'ਤੇ ਪਾਬੰਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ, ਗੁਟਕੇ, ਸੈਂਚੀਆਂ ਦੀ ਛਪਾਈ ਪ੍ਰਾਈਵੇਟ ਤੌਰ 'ਤੇ ਪਾਬੰਦੀ, ਰਾਗੀਆਂ ਵੱਲੋਂ ਕੱਚੀ ਬਾਣੀ ਅਤੇ ਫ਼ਿਲਮੀ ਤਰਜ਼ਾਂ 'ਤੇ ਕੀਰਤਨ ਕਰਨ ਕਰਕੇ ਤਨਖ਼ਾਹ ਲਾਉਣਾ ਆਦਿ ਸ਼ਾਮਲ ਹਨ। ਪਰੰਤੂ ਭਾਈ ਸਾਹਿਬ ਜੀ ਦੇ ਸੇਵਾ ਕਾਲ ਦੌਰਾਨ ਹੋਏ ਦੋ ਫ਼ੈਸਲਿਆਂ ਸੰਬੰਧੀ ਸਿੱਖ ਸੰਗਤਾਂ ਦੇ ਮਨਾਂ ਵਿਚ ਸੰਸੇ ਵੀ ਪੈਦਾ ਹੋਏ ਹਨ। ਇਕ ਤਾਂ ਗੁਰਬਾਣੀ ਦੀ ਛਪਾਈ ਸੰਬੰਧੀ ਜਾਰੀ ਹੁਕਮਨਾਮੇ ਨੂੰ ਲਾਗੂ ਕਰਵਾਉਣ ਦੀ ਥਾਂ ਉਨ੍ਹਾਂ ਨੇ ਪਤਾ ਨਹੀਂ ਕਿਸ ਦਬਾਅ ਹੇਠ ਕੁਝ ਸੰਪਰਦਾਵਾਂ ਨੂੰ ਛਪਾਈ ਦੀ ਆਗਿਆ ਦੇ ਦਿੱਤੀ ਅਤੇ ਸ਼੍ਰੋਮਣੀ ਕਮੇਟੀ ਤੋਂ ਪਾਜ਼ੇਟਿਵ ਫ਼ਿਲਮਾਂ ਲੈ ਕੇ ਛਾਪਣ ਦੀ ਮੱਦ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ। ਦੂਸਰਾ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਵ-ਉਸਾਰੀ ਤੋਂ ਬਾਅਦ 13 ਅਪ੍ਰੈਲ 1997 ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਮੇਂ ਰਾਗਮਾਲਾ ਪੜ੍ਹਨ ਦੀ ਆਗਿਆ ਦੇ ਕੇ ਉਨ੍ਹਾਂ ਨੇ ਅਕਤੂਬਰ 1945 ਤੋਂ ਚੱਲੇ ਆ ਰਹੇ ਸਟੇਟਸ-ਕੋ ਫ਼ੈਸਲੇ ਨੂੰ ਬਦਲ ਦਿੱਤਾ। ਪੰਥਕ ਪ੍ਰਬੰਧ ਹੇਠ ਆਉਣ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਨਨਕਾਣਾ ਸਾਹਿਬ, ਸ੍ਰੀ ਪੰਜਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ ਸਟੇਟਸ-ਕੋ ਫ਼ੈਸਲੇ ਅਧੀਨ ਮੁੰਦਾਵਣੀ ਉੱਪਰ ਹੀ ਪਾਏ ਜਾਂਦੇ ਰਹੇ ਹਨ, ਪਰ ਰਾਜਨੀਤਕਾਂ ਨੇ ਜਥੇਦਾਰ ਸਾਹਿਬ ਨੂੰ ਬਿਨਾਂ ਕੋਈ ਪੰਥਕ ਵਿਧੀ-ਵਿਧਾਨ ਅਪਣਾਇਆਂ ਇਹ ਅਹਿਮ ਫ਼ੈਸਲਾ ਕਰਨ ਲਈ ਪਤਾ ਨਹੀਂ ਕਿਵੇਂ ਮਨਾ ਲਿਆ।

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਜਥੇਦਾਰੀ ਦੀ ਸੇਵਾ-ਮੁਕਤੀ ਪਿੱਛੋਂ ਭਾਈ ਸਾਹਿਬ ਜੀ ਨੇ ਆਪਣਾ ਜੀਵਨ ਗੁਰਮਤਿ ਪ੍ਰਚਾਰ ਅਤੇ ਗੁਰਦੁਆਰਾ ਪ੍ਰਬੰਧ ਵਿਚ ਸਿਆਸਤਦਾਨਾਂ ਦੀ ਦਖ਼ਲ-ਅੰਦਾਜ਼ੀ ਕਾਰਨ ਆ ਚੁੱਕੀ ਗਿਰਾਵਟ ਦੇ ਸੁਧਾਰ ਲਈ ਲਗਾਉਣਾ ਸ਼ੁਰੂ ਕੀਤਾ ਹੈ। ਇਸ ਦੌਰਾਨ ਉਨ੍ਹਾਂ ਆਪਣਾ ਗ੍ਰਿਹਸਤੀ ਜੀਵਨ ਵੀ ਆਰੰਭ ਕੀਤਾ ਕਿਉਂਕਿ ਗੁਰਮਤਿ ਵਿਚ ਗ੍ਰਿਹਸਤ ਜੀਵਨ ਹੀ ਪ੍ਰਵਾਨ ਹੈ। ਪਰਿਵਾਰ

www.AKJ.Org

ਦੀ ਸੇਵਾ-ਸੰਭਾਲ ਦੇ ਨਾਲ-ਨਾਲ ਉਹ ਅੱਜ-ਕੱਲ੍ਹ ਪੰਥਕ ਦਰਦੀਆਂ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧ ਵਿਚ ਆ ਚੁੱਕੇ ਨਿਘਾਰ ਅਤੇ ਸਿਆਸੀ ਦਖ਼ਲ-ਅੰਦਾਜ਼ੀ, ਰਿਸ਼ਵਤਖ਼ੋਰੀ, ਸੰਗਤਾਂ ਦੇ ਦਸਵੰਧ ਦੀ ਦੁਰਵਰਤੋਂ ਰੋਕਣ ਵਾਸਤੇ ਪੰਥਕ ਅਕਾਲੀ ਲਹਿਰ ਨਾਮ ਦੀ ਜਥੇਬੰਦੀ ਬਣਾ ਕੇ ਸੁਧਾਰ ਲਈ ਸਿਰਤੋੜ ਯਤਨ ਕਰ ਰਹੇ ਹਨ ਤਾਂ ਕਿ ਗੁਰਦੁਆਰਾ ਪ੍ਰਬੰਧ ਸਾਫ਼-ਸੁਥਰਾ, ਰਹਿਤ-ਬਹਿਤ ਦੇ ਧਾਰਨੀ, ਧਰਮੀ, ਇਮਾਨਦਾਰ, ਸੱਚੇ-ਸੁੱਚੇ ਗੁਰਸਿੱਖਾਂ ਦੇ ਹੱਥ ਆ ਸਕੇ, ਜਿਸ ਵਿਚ ਕੋਈ ਵੀ ਸਿਆਸੀ ਦਖ਼ਲ-ਅੰਦਾਜ਼ੀ ਨਾ ਹੋਵੇ। ਗੁਰੂ ਪਾਤਸ਼ਾਹ ਮਿਹਰ ਭਰਿਆ ਹੱਥ ਉਨ੍ਹਾਂ ਉੱਪਰ ਰੱਖ ਕੇ ਇਸ ਕਾਰਜ ਦੀ ਸਫਲਤਾ ਵੀ ਬਖ਼ਸ਼ਣ, ਜਿਵੇਂ ਉਨ੍ਹਾਂ ਤੋਂ ਨਕਲੀ ਬਾਬੇ ਨੂੰ ਸੋਧਣ ਦੀ ਸੇਵਾ ਸਤਿਗੁਰੂ ਜੀ ਨੇ ਬਖ਼ਸ਼ਿਸ਼ ਕਰ ਕੇ ਆਪ ਹੀ ਲਈ ਸੀ।

•

www.AKJ.Org

# ਅੰਤਿਕਾ

ਵੈਸਾਖੀ 1978 ਦੇ ਸਾਕੇ ਤੋਂ ਬਾਅਦ ਵੱਖ-ਵੱਖ ਸੰਸਥਾਵਾਂ ਵੱਲੋਂ ਇਸ ਸਾਕੇ ਅਤੇ ਨਕਲੀ ਨਿਰੰਕਾਰੀ ਦੇ ਗੁਰੂ-ਡੰਮ ਬਾਰੇ ਛਪੀਆਂ ਪੁਸਤਕਾਂ ਦੀ ਸੂਚੀ :


1. *ਵੈਸਾਖੀ 1978 ਦਾ ਖ਼ੂਨੀ ਸਾਕਾ ਤੇ ਸ਼ਹੀਦੀ ਜੀਵਨ*, *ਸੂਰਾ* ਮਾਸਿਕ ਪੱਤਰ।
2. *ਨਕਲੀ ਨਿਰੰਕਾਰੀ,* ਗਿਆਨੀ ਪ੍ਰਤਾਪ ਸਿੰਘ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ।
3. *ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਵਿਸ਼ੇਸ਼ ਅੰਕ,* ਸਿੰਘ ਸਭਾ ਪੱਤ੍ਰਿਕਾ, ਜੂਨ 1978.
4. *ਸੱਚ ਕੀ ਹੈ, ਝੂਠ ਕੀ ਹੈ ?*
5. *ਸਿੱਖ ਸੰਪ੍ਰਦਾਵਲੀ*, 'ਨਿਰੰਕਾਰੀ', ਪ੍ਰੋ. ਪਿਆਰਾ ਸਿੰਘ ਪਦਮ
6. *ਝੂਠਾ ਸਪੱਸ਼ਟੀਕਰਣ*, ਧਰਮ ਪ੍ਰਚਾਰ ਕਮੇਟੀ, ਸ਼੍ਰੋ.ਗੁ.ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।
7. *ਅੰਮ੍ਰਿਤਸਰ ਕਾਂਡ,* ਧਰਮ ਪ੍ਰਚਾਰ ਕਮੇਟੀ, ਸ਼੍ਰੋ.ਗੁ.ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।
8. 'ਨਿਰੰਕਾਰੀਆਂ ਬਾਰੇ ਸੱਚੋ ਸੱਚ', *ਸੂਰਾ* ਮਾਸਿਕ ਪੱਤਰ।
9. *ਸਿੱਖਾਂ ਦੇ ਸ੍ਵੈਮਾਣ ਤੇ ਨਕਲੀ ਨਿਰੰਕਾਰੀ ਮੰਡਲ*, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ।
10. *The Sikhs and Nirankari Mandal*, All India Sikh Students Federation.
11. *ਸਪੱਸ਼ਟੀਕਰਣ ਦਾ ਸਪੱਸ਼ਟੀਕਰਣ*, ਡੀ.ਐੱਸ. ਸ਼ੌਕ।
12. *ਨਕਲੀ ਨਿਰੰਕਾਰੀ*, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ।
13. *ਨਕਲੀ ਨਿਰੰਕਾਰੀਆਂ ਵਿਚ ਮੇਰੇ 6 ਸਾਲ*, ਸ. ਉਜਾਗਰ ਸਿੰਘ ਜੋਸ਼, ਅਨੰਦਪੁਰੀ।
14. *ਮਾਯਾ ਅਤੇ ਆਕਾਸ਼ ਦੇ ਪੁਜਾਰੀ*, ਸ. ਉਜਾਗਰ ਸਿੰਘ ਜੋਸ਼, ਅਨੰਦਪੁਰੀ।
15. *ਨਕਲੀ ਨਿਰੰਕਾਰੀ - ਕਿੱਸਾ ਅਵਤਾਰ ਬਾਣੀ*, ਪੰਜਾਬ ਸਿੱਖ ਸਟੂਡੈਂਟਸ ਫ਼ੈਡਰੇਸ਼ਨ।
16. *ਅਵਤਾਰ ਬਾਣੀ 'ਤੇ ਇਕ ਝਾਤ*, ਮੁਖਤਾਰ ਸਿੰਘ ਗੁਰਾਇਆ।
17. *1978 ਦੇ ਸਿੱਖ ਸ਼ਹੀਦ*, ਸਿੱਖ ਫ਼ੋਰਮ।
18. *They Massacre Sikhs*, White Paper by SGPC.
19. *ਸਈਆਂ ਭਏ ਕੋਤਵਾਲ*, ਅੰਮ੍ਰਿਤਸਰ ਕਾਂਡ ਬਾਰੇ।
20. *Nirankari Mandal Challenge to Sikhs*, SGPC, Amritsar.
21. *ਕੁਰਬਾਨੀ* (Bilingual), ਅਖੰਡ ਕੀਰਤਨੀ ਜੱਥਾ, U.K.


www.AKJ.Org



**ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ**

(ਸਾਬਕਾ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ)

ਗੁਰੂ ਪਾਤਸ਼ਾਹ ਨੇ ਦਿੱਲੀ ਵਾਲੇ ਬਾਬੇ ਨੂੰ ਸੋਧਣ ਦੀ ਸੇਵਾ ਇਸ ਦੂਲੇ ਸ਼ੇਰ ਪਾਸੋਂ ਲਈ

www.AKJ.Org




ਗੁਰਦੁਆਰਾ ਅੰਗੀਠਾ ਸਾਹਿਬ